# ਐਨਵਰ ਹੋਜ਼ਾ

## ਪਾਰਟੀ ਆਫ ਲੇਬਰ ਆਫ ਅਲਬਾਨੀਆਂ ਦੀ ਸੱਤਵੀਂ ਕਾਂਗਰਸ ਨੂੰ ਪੇਸ਼ ਕੀਤੀ ਗਈ ਰਿਪੋਰਟ

ਨਾਰਮਨ ਬੇਥਿਊਨ ਇੰਸਟੀਚਿਊਟ
ਟਰਾਂਟੋ, 1977

$2.50

**The electronic version of the book is created by**
**http://www.enverhoxha.ru**

ਸਭਨਾਂ ਦੇਸ਼ਾਂ ਦੇ ਮਜਦੂਰੋ, ਇੱਕ ਹੋ ਜਾਓ!

# ਐਨਵਰ ਹੋਜ਼ਾ

## ਪਾਰਟੀ ਆਫ ਲੇਬਰ ਆਫ ਅਲਬਾਨੀਆਂ ਦੀ ਕੇਂਦਰੀ ਕਮੇਟੀ ਦੀ ਸਰਗਰਮੀ ਬਾਰੇ ਰਿਪੋਰਟ

ਜੋ

ਪਾਰਟੀ ਆਫ ਲੇਬਰ ਆਫ ਅਲਬਾਨੀਆਂ

ਦੀ ਸੱਤਵੀਂ ਕਾਂਗਰਸ ਨੂੰ ਪੇਸ਼ ਕੀਤੀ ਗਈ

1 ਨਵੰਬਰ, 1976

ਨਾਰਮਨ ਬਥਿਊਨ ਇੰਸਟੀਚਿਊਟ

ਟਰਾਂਟੋ, 1977

# ਪਬਲਿਸ਼ਰ ਵਲੋਂ ਨੋਟ

ਇਹ ਕਿਤਾਬ, "8 ਨਿਨਟੋਰੀ" ਪਬਲਿਸ਼ਿਗ ਹਾਊਸ, ਤਿਰਾਨਾ, 1976, ਵਲੋਂ ਛਾਪੇ ਗਏ ਅੰਗਰੇਜ਼ੀ ਐਡੀਸ਼ਨ ਦਾ ਅਨੁਵਾਦ ਹੈ।


**THE PUNJABI EDITION OF THE REPORT SUBMITTED TO THE 7th CONGRESS OF THE PARTY OF LABOUR OF ALBANIA**

**Translated and Published by:**
**NORMAN BETHUNE INSTITUTE**
**Printed by:**
**PEOPLE'S CANADA PUBLISHING HOUSE**
**Distributed by:**
**NATIONAL PUBLICATIONS CENTRE**
*Distributors of Progressive Books & Periodicals*
**Box 727, Adelaide Stn., Toronto, Ontario, Canada**
**ISBN 0 88803 047 9**



# ਤਤਕਰਾ


ਸਫ਼ਾ

ਜਾਣ-ਪਛਾਣ.......................... 13

I

ਨਵਾਂ ਸੰਵਿਧਾਨ— ਪਾਰਟੀ ਅਤੇ ਲੋਕਾਂ ਦੀ ਇੱਕ ਮਹਾਨ ਇਤਿਹਾਸਕ ਜਿੱਤ.......................... 21

II

ਦੇਸ਼ ਦਾ ਆਰਥਿਕ ਵਿਕਾਸ ਅਤੇ ਪਾਰਟੀ ਦੇ ਕੰਮ...... 39

1- ਉਦਯੋਗ ਦਾ ਹੋਰ ਵਿਕਾਸ— ਆਰਥਿਕਤਾ ਦੀ ਮਜਬੂਤੀ ਵਿਚ ਮੁੱਖ ਤੱਤ.............. 44

2- ਆਰਥਿਕਤਾ ਦੀ ਬੁਨਿਆਦੀ ਸ਼ਾਖਾ, ਜ਼ਰਾਇਤ ਨੂੰ ਉਨੱਤ ਕਰਨਾ ਲਾਜ਼ਮੀ ਹੈ........ 52

3- ਬੁਨਿਆਦੀ ਇਨਵੈਸਟਮੈਂਟਾਂ ਨੂੰ ਵੱਧ ਤੋਂ ਵੱਧ ਅਸਰਦਾਇਕ ਤਰੀਕੇ ਨਾਲ ਵਰਤਣਾ ਜਰੂਰੀ ਹੈ.......................... 63

4- ਲੋਕਾਂ ਦੀ ਖੁਸ਼ਹਾਲੀ ਅਤੇ ਸੁਧਾਰ ਵਿਚ ਵਾਧਾ ਕਰਨਾ ਜਰੂਰੀ ਹੈ.................. 67

5- ਆਰਥਿਕਤਾ ਦੀ ਵਿਗਿਆਨਕ ਮੈਨੇਜਮੈਂਟ ਨੂੰ ਹੋਰ ਉਚੇਰੇ ਪੱਧਰ ਤੇ ਲਿਜਾਣਾ ਜਰੂਰੀ ਹੈ... 72

6- ਸਵੈ-ਨਿਰਭਰਤਾ ਦੇ ਅਸੂਲ ਨੂੰ ਸਮਝਣਾ ਅਤੇ ਸਹੀ ਤੌਰ ਤੇ ਲਾਗੂ ਕਰਨਾ ਜਰੂਰੀ ਹੈ.......... 76

III

ਪਾਰਟੀ ਨੂੰ ਲਗਾਤਾਰ ਮਜਬੂਤ ਬਣਾਉਣਾ ਚਾਹੀਦਾ ਹੈ ਅਤੇ ਇਸਦੇ ਅਗਵਾਈ ਵਾਲੇ ਰੋਲ ਨੂੰ ਹੋਰ ਵੀ ਵਧਾਉਣਾ ਚਾਹੀਦਾ ਹੈ............................ 79

1- ਦੇਸ਼ ਦੇ ਸਮੁੱਚੇ ਜੀਵਨ ਵਿਚ ਪਾਰਟੀ ਦੀ ਲੀਡਰ-ਸ਼ਿਪ, ਸਮਾਜਵਾਦੀ ਸਮਾਜ ਦੀ ਮੁਕੰਮਲ ਉਸਾਰੀ ਦੀ ਇੱਕ ਗਰੰਟੀ ਹੈ.................. 80

2- ਪਾਰਟੀ ਦੀ ਪ੍ਰੋਲਤਾਰੀ ਬਣਤਰ ਨੂੰ ਲਗਾਤਾਰ ਮਜਬੂਤ ਕਰਦੇ ਰਹਿਣਾ ਲਾਜ਼ਮੀ ਹੈ......... 93

3- ਲੋਕਾਂ ਨਾਲ ਪਾਰਟੀ ਦੇ ਸਬੰਧਾਂ ਅਤੇ ਸਮਾਜਿਕ ਜਥੇਬੰਦੀਆਂ ਵਿਚ ਇਸ ਦੀ ਲੀਡਰਸ਼ਿਪ ਨੂੰ ਮਜਬੂਤ ਕਰਦੇ ਰਹਿਣਾ ਚਾਹੀਦਾ ਹੈ....... 100

IV

ਵਿਚਾਰਧਾਰਕ ਮੁਹਾਜ਼ ਉਤੇ ਪਾਰਟੀ ਦੀ ਜਦੋ-ਜਹਿਦ.... 113

1- ਸਾਨੂੰ ਲਾਜ਼ਮੀ ਹੀ ਜਮਾਤੀ ਘੋਲ ਸਹੀ ਤੌਰ ਤੇ ਅਤੇ ਦ੍ਰਿੜਤਾ ਨਾਲ ਚਲਾਉਣਾ ਚਾਹੀਦਾ ਹੈ.... 113

2- ਮਜਦੂਰ ਜਮਾਤ ਦਾ ਅਗਵਾਈ ਵਾਲਾ ਰੋਲ ਅਤੇ ਮਿਹਨਤਕਸ਼ ਲੋਕਾਂ ਦੀ ਸਿਖਲਾਈ.......... 130

3- ਮਾਰਕਸਵਾਦ-ਲੈਨਿਨਵਾਦ ਦੇ ਵਿਚਾਰਾਂ ਨੂੰ ਸਾਡੀ ਪਾਰਟੀ ਦੀਆਂ ਸਿੱਖਿਆਵਾਂ ਨਾਲ ਇੱਕ-ਮਿੱਕ ਕਰਦਿਆਂ ਉਨ੍ਹਾਂ ਵਿਚ ਮੁਹਾਰਤ ਹਾਸਲ ਕਰਨੀ ਚਾਹੀਦੀ ਹੈ.................. 145
4- ਵਿੱਦਿਆ, ਸੱਭਿਆਚਾਰ ਅਤੇ ਵਿਗਿਆਨ ਨੂੰ ਜ਼ਰੂਰੀ ਹੀ ਸਮੇਂ ਦੇ ਕੰਮਾਂ ਦੇ ਪੱਧਰ ਤਕ ਲਿਆਉਣਾ ਚਾਹੀਦਾ ਹੈ.................. 150

V

ਕੌਮਾਂਤਰੀ ਹਾਲਤ ਅਤੇ ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਦੀ ਬਿਦੇਸ਼ ਨੀਤੀ.................. 161

VI

ਮਾਰਕਸਵਾਦੀ-ਲੈਨਿਨਵਾਦੀ ਲਹਿਰ— ਅਤੇ ਨਵ-ਸੋਧਵਾਦ ਦੇ ਖ਼ਿਲਾਫ ਘੋਲ.............................. 215

ਪਿਆਰੇ ਸਾਥੀਓ,

ਸਾਡੀ ਪਾਰਟੀ ਦੀ 6ਵੀਂ ਕਾਂਗਰਸ ਤੋਂ ਬਾਅਦ ਪੰਜ ਸਾਲ ਬੀਤ ਗਏ ਹਨ। ਇਸ ਕਾਂਗਰਸ ਵਿਚ ਪਾਰਟੀ ਨੇ ਇਸ ਦੌਰ ਵਿਚ ਦੇਸ਼ ਦੇ ਆਰ-ਥਕ ਅਤੇ ਸਮਾਜੀ ਵਿਕਾਸ ਦੇ ਲਈ ਸਿਧਾਂਤਕ ਸੇਧ ਤੈਅ ਕੀਤੀ। ਜੋ ਮਹੱਤਵ ਪੂਰਨ ਕਾਰਜ ਇਸ ਨੇ ਸਹੇੜੇ ਸਨ, ਸਾਰੇ ਹੀ ਸਫਲਤਾ ਪੂਰਬਕ ਨੇਪਰੇ ਚਾੜ੍ਹ ਲਏ ਹਨ। ਅੱਜ ਸਾਡੀ ਪਾਰਟੀ ਆਪਣੀ 7ਵੀਂ ਕਾਂਗਰਸ ਕਰ ਰਹੀ ਹੈ ਅਤੇ ਇਹ ਨਵੇਂ ਅਤੇ ਹੋਰ ਵੀ ਕਠਨ ਕਾਰਜਾਂ ਦਾ ਬੀੜਾ ਚੁੱਕਣ ਲਈ, ਅਲਬਾਨੀਆ ਵਿਚ ਸਮਾਜਵਾਦ ਅਤੇ ਕਮਿਊਨਿਜ਼ਮ ਦੇ ਕਾਰਜ ਨੂੰ ਲਗਾਤਾਰ ਜਿੱਤ ਵੱਲ ਅੱਗੇ ਲੈ ਜਾਣ ਲਈ ਪੂਰੀ ਤਰ੍ਹਾਂ ਤਿਆਰ ਅਤੇ ਦ੍ਰਿੜ ਹੈ।

ਸਾਡੇ ਲੋਕ ਅਤੇ ਸਾਡੀ ਪਾਰਟੀ, ਦ੍ਰਿੜਤਾ ਅਤੇ ਸ਼ਕਤੀ ਭਰਪੂਰ ਇਸ ਕਾਂਗਰਸ ਵਿਚ ਆਏ ਹਨ, ਉਨ੍ਹਾਂ ਨੂੰ ਆਪਣੀਆਂ ਪ੍ਰਾਪਤ ਕੀਤੀਆਂ ਜਿੱਤਾਂ ਉਤੇ ਅਥਾਹ ਮਾਣ ਹੈ ਅਤੇ ਭਵਿੱਖ ਵਿਚ ਦ੍ਰਿੜ ਭਰੋਸਾ ਹੈ। ਵਕਤ ਨੇ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਪਾਰਟੀ ਦਾ ਮਾਰਕਸਵਾਦੀ-ਲੈਨਿਨਵਾਦੀ ਰਾਹ ਪੂਰੀ ਤਰਾਂ ਸਹੀ ਹੈ, ਜਾਣੀ ਕਿ ਜਿਸ ਰਾਹ ਉਤੇ ਇਹ ਸਾਡੇ ਲੋਕਾਂ ਦੀ ਅਗਵਾਈ ਕਰ ਰਹੀ ਹੈ ਉਹ ਸਮਾਜਵਾਦੀ ਉਸਾਰੀ, ਆਪਣੇ ਵਤਨ ਦੀ ਅਜ਼ਾਦੀ ਅਤੇ ਖੁਦਮੁਖਤਾਰੀ ਨੂੰ ਮਜ਼ਬੂਤ ਕਰਨ ਦਾ ਇਕ ਭਰੋਸੇਯੋਗ ਰਾਹ ਹੈ।

ਸਾਡੀ ਅੰਦਰੂਨੀ ਸਥਿਤੀ, ਸੱਭ ਖੇਤਰਾਂ ਵਿਚ ਅਤੇ ਸੱਭ ਮੁਹਾਜ਼ਾਂ ਤੇ ਤੰਦਰੁਸਤ ਅਤੇ ਮਜ਼ਬੂਤ ਹੈ। ਪਾਰਟੀ ਦੀ ਮਾਰਕਸਵਾਦੀ-ਲੈਨਿਨਵਾਦੀ ਸੇਧ, ਪ੍ਰਾਪਤ ਕੀਤੀਆਂ ਗਈਆਂ ਸ਼ਾਨਦਾਰ ਜਿੱਤਾਂ, ਜਮਾਤੀ ਘੋਲ ਦੇ ਸਹੀ ਵਿਕਾਸ ਨੇ ਲੋਕਾਂ ਦੀ ਸਦਾ-ਚਾਰਕ ਅਤੇ ਸਿਆਸੀ ਏਕਤਾ ਨੂੰ ਹੋਰ ਵੀ ਮਜ਼ਬੂਤ ਬਣਾਇਆ ਹੈ, ਪਾਰਟੀ ਨਾਲ ਉਨ੍ਹਾਂ ਦੇ ਅਟੁੱਟ ਸਬੰਧਾਂ ਨੂੰ ਮਜ਼ਬੂਤ ਕੀਤਾ ਹੈ, ਅਤੇ ਜਬਰਦਸਤ ਇਨਕਲਾਬੀ ਮਾ-ਹੌਲ ਪੈਦਾ ਕੀਤਾ ਹੈ।

ਪਾਰਟੀ ਦੀ ਅਗਵਾਈ ਥੱਲੇ, ਮਜਦੂਰ ਜਮਾਤ, ਸਹਿਕਾਰੀ ਕਿਸਾਨੀ, ਅਤੇ

ਲੋਕ ਬੁੱਧੀ-ਜੀਵੀ ਵਰਗ ਨੇ, ਸਮੁੱਚੇ ਤੌਰ ਤੇ ਆਰਥਕਤਾ ਅਤੇ ਸੱਭਿਆਚਾਰ ਦੇ ਵਿਕਾਸ ਲਈ ਪਾਰਟੀ ਦੀ 6ਵੀਂ ਕਾਂਗਰਸ ਵਲੋਂ ਤੈਅ ਕੀਤੇ ਗਏ ਬੁਨਿਆਦੀ ਕਾਰਜਾਂ ਨੂੰ ਸਫਲਤਾਪੂਰਬਕ ਨੇਪਰੇ ਚਾੜ੍ਹਿਆ ਹੈ। ਪਿਛਲੇ ਪੰਜ ਸਾਲਾਂ ਦੇ ਅਰਸੇ ਵਿਚ, ਆਰਥਕਤਾ ਦੀਆਂ ਸੱਭ ਸ਼ਾਖਾਵਾਂ ਵਿਚ ਪੈਦਾਵਾਰੀ ਤਾਕਤਾਂ ਵਿਕਸਿਤ ਹੋਈਆਂ ਹਨ, ਸਮਾਜਵਾਦ ਦੀ ਪਦਾਰਥਕ ਅਤੇ ਤਕਨੀਕੀ ਨੀਂਹ ਮਜ਼ਬੂਤ ਹੋਈ ਹੈ ਅਤੇ ਪੈਦਾਵਾਰ ਦੇ ਸਮਾਜਵਾਦੀ ਰਿਸ਼ਤੇ ਉਨਤ ਹੋਏ ਹਨ।

ਅਮਲ ਵਿਚ ਇਹ ਸਾਬਤ ਹੋ ਚੁੱਕਾ ਹੈ ਕਿ ਇਕ ਮਿਸ਼ਰਤ ਭਾਰਾ ਤੇ ਹਲਕਾ ਉਦਯੋਗ ਉਸਾਰਨ, ਆਧੁਨਿਕ ਉਤਪਾਦਨ ਦੇ ਨਵੇਂ ਖੇਤਰਾਂ ਨਾਲ ਇਸ ਦਾ ਪਸਾਰਾ ਕਰਨ ਦਾ ਪਾਰਟੀ ਦਾ ਪ੍ਰੋਗਰਾਮ ਪੂਰੀ ਤਰ੍ਹਾਂ ਸਾਕਾਰਤਾਯੋਗ ਹੈ। ਹੁਣ ਅਸੀਂ ਪੂਰੇ ਭਰੋਸੇ ਨਾਲ ਇਹ ਕਹਿੰਦੇ ਹਾਂ ਕਿ ਤੇਜ਼ ਉਦਯੋਗੀਕਰਣ ਨਾਲ, ਅਲਬਾਨੀਆ ਨੂੰ ਇਕ ਜ਼ਰਾਇਤੀ-ਸਨਅਤੀ ਦੇਸ਼ ਤੋਂ ਇਕ ਸਨਅਤੀ ਜ਼ਰਾਇਤੀ ਮੁੱਲਕ ਵਿਚ ਤਬਦੀਲ ਕਰਨ ਦਾ ਪਾਰਟੀ ਦਾ ਟੀਚਾ ਸਾਕਾਰਤਾ ਦੇ ਨੇੜੇ ਪਹੁੰਚ ਰਿਹਾ ਹੈ। ਮਜ਼ਦੂਰਾਂ ਦੇ ਮਾਹਰੀਨ ਹੱਥਾਂ, ਉਨ੍ਹਾਂ ਦੀ ਧੀਰਜ ਦੀ ਭਾਵਨਾ ਅਤੇ ਤੀਬਰ ਦਿਮਾਗਾਂ ਦਾ ਸਦਕਾ ਐਲਬਾਸਨ ਵਿਖੇ ਮਹਾਨ ਮੈਟਲੁਰਜੀਕਲ ਕੰਬਾਈਨ ਨੇ ਅਲਬਾਨੀਆ ਦੇ ਇਤਿਹਾਸ ਵਿਚ ਪਹਿਲੀ ਦਫਾ ਇਸਪਾਤ ਪੈਦਾ ਕਰਨਾ ਸ਼ੁਰੂ ਕਰ ਦਿਤਾ ਹੈ। ਬਾਲਸ਼ ਵਿਖੇ ਤੇਲ ਸਾਫ ਕਰਨ ਦਾ ਕਾਰਖਾਨਾ ਛੇਤੀ ਹੀ ਤਿਆਰ ਹੋ ਜਾਏਗਾ ਅਤੇ ਸਾਡੀ ਖੁਸ਼ਹਾਲ ਧਰਤੀ ਦੇ ਤੇਲ ਦੇ ਖਜ਼ਾਨਿਆਂ ਤੋਂ ਵਸਤਾਂ ਤਿਆਰ ਹੋਣੀਆਂ ਸ਼ੁਰੂ ਹੋ ਜਾਣਗੀਆਂ ਜਿਨ੍ਹਾਂ ਦੀ ਕਿ ਸਾਡੇ ਦੇਸ਼ ਦੀ ਆਰਥਕਤਾ ਨੂੰ ਬਹੁਤ ਜ਼ਰੂਰਤ ਹੈ। ਡਰਿਨ ਦਰਿਆ ਉਤੇ ਫੀਰਜ਼ਾ ਹਾਈਡਰੋ- ਪਾਵਰ ਪਲਾਂਟ, ਹੋਰ ਬਹੁਤ ਸਾਰੇ ਪ੍ਰਾਜੈਕਟਾਂ ਨਾਲ, ਜਲਦ ਹੀ ਤਿਆਰ ਹੋ ਜਾਵੇਗਾ। ਉਸਰ ਚੁੱਕੇ ਅਤੇ ਉਸਾਰੇ ਜਾ ਰਹੇ ਕਾਰਖਾਨਿਆਂ ਅਤੇ ਪਲਾਂਟਾਂ ਨਾਲ, ਪਾਰਟੀ ਦਾ ਇਹ ਹੋਰ ਵੱਡਾ ਟੀਚਾ, ਜਾਣੀ ਕਿ, ਆਪਣੇ ਕੱਚੇ ਪਦਾਰਥਾਂ ਦੀ ਸਮਝਦਾਰੀ ਨਾਲ ਵਰਤੋਂ, ਅਤੇ ਉਨ੍ਹਾਂ ਦੀ ਕਦਰ ਵਧਾਉਣ ਦਾ ਟੀਚਾ ਵੀ ਸਫਲਤਾਪੂਰਬਕ ਸਾਕਾਰ ਕੀਤਾ ਜਾ ਰਿਹਾ ਹੈ।

ਆਪਣੀ ਖੇਤੀਬਾੜੀ ਵਿਚ ਹੋ ਰਹੀ ਬੁਨਿਆਦੀ ਤਬਦੀਲੀ ਬਾਰੇ ਅਸੀਂ ਸਾਰੇ ਹੀ ਜਾਣਦੇ ਹਾਂ। ਪਾਰਟੀ ਦੇ ਹੋਕੇ ਤੇ ਚੱਲਦਿਆਂ ਸਹਿਕਾਰੀ ਕਿਸਾਨੀ ਅਤੇ ਸਟੇਟ ਫਾਰਮਾਂ ਦੇ ਮਜ਼ਦੂਰਾਂ ਨੇ ਆਪਣੀ ਸ਼ਾਨਦਾਰ ਦੇਸ਼ ਭਗਤੀ, ਅਣਥੱਕ ਕੰਮ ਅਤੇ ਆਪਣੀ ਤਾਕਤ ਵਿਚ ਦ੍ਰਿੜ ਭਰੋਸੇ ਰਾਹੀਂ ਇਸ ਸਾਲ ਪਹਿਲੀ ਦਫਾ ਦੇਸ਼

ਦੀਆਂ ਸੱਭ ਲੋੜਾਂ ਵਾਸਤੇ ਕਾਫੀ ਅਨਾਜ ਪੈਦਾ ਕੀਤਾ ਹੈ। ਪਾਰਟੀ ਦੀ ਖਾਸ ਤਵੱਜੋ ਦਾ ਸਦਕਾ, ਜ਼ਰਾਇਤ ਦਾ ਮਸ਼ੀਨੀਕਰਣ ਤੇਜ਼ ਕਰ ਦਿਤਾ ਗਿਆ ਹੈ ਅਤੇ ਜ਼ਰਾਇਤ ਅਤੇ ਸੱਭ ਅਨਾਜ ਵਸਤਾਂ ਦੀ ਪੈਦਾਵਾਰ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। 6ਵੀਂ ਕਾਂਗ੍ਰਸ ਦੀ ਹਦਾਇਤ ਮੁਤਾਬਿਕ, ਉਚੇਰੀ ਕਿਸਮ ਦੇ ਕੋਅਪ੍ਰੇਟਿਵ ਕਾਇਮ ਕੀਤੇ ਗਏ ਹਨ, ਅਤੇ ਜ਼ਰਾਇਤੀ ਆਰਥਕਤਾ ਦੀ ਜਥੇਬੰਦੀ ਅਤੇ ਮੈਨੇਜ-ਮੈਂਟ ਵਿਚ ਤਰੱਕੀ ਹੋਈ ਹੈ। ਸ਼ਹਿਰ ਅਤੇ ਦਿਹਾਤ ਵਿਚਕਾਰ ਫਰਕ ਨੂੰ ਘਟਾਉਣ ਲਈ ਚੁੱਕੇ ਗਏ ਕਦਮ ਸਫਲ ਸਾਬਤ ਹੋਏ ਹਨ। ਸਾਡੇ ਦੇਸ਼ ਦੇ ਮੈਦਾਨ ਅਤੇ ਪਹਾੜ, ਉਨ੍ਹਾਂ ਨੂੰ ਹੋਰ ਵੀ ਜ਼ਰਖੇਜ਼ ਬਣਾਉਣ ਲਈ, ਆਪਣੇ ਵਤਨ ਨੂੰ ਹੋਰ ਖੁਸ਼ਹਾਲ, ਹੋਰ ਸੁੰਦਰ ਅਤੇ ਹੋਰ ਤਾਕਤਵਰ ਬਣਾਉਣ ਲਈ ਕੀਤੇ ਜਾ ਰਹੇ ਮਹਾਨ ਕੰਮ ਨਾਲ ਲਹਿ-ਲਿਹਾ ਰਹੇ ਹਨ।

ਵਿਚਾਰਧਾਰਾ ਅਤੇ ਸੱਭਿਆਚਾਰ ਦੇ ਖੇਤਰ ਵਿਚ ਸਮਾਜਵਾਦੀ ਇਨਕਲਾਬ ਨੂੰ ਹੋਰ ਵੀ ਡੂੰਘਿਆਂ ਕਰਨ ਅਤੇ ਲੋਕਾਂ ਦੀ ਕ੍ਰਾਂਤੀਕਾਰੀ ਵਿਦਿਆ ਵਾਸਤੇ ਪਾਰਟੀ ਦੇ ਸਮੁੱਚੇ ਕੰਮ ਵਿਚ ਵੀ ਮਹਾਨ ਜਿੱਤਾਂ ਪ੍ਰਾਪਤ ਕੀਤੀਆਂ ਗਈਆਂ ਹਨ। ਪੜ੍ਹਾਈ ਨੂੰ ਜੀਵਨ ਨਾਲ ਜੋੜਨ ਦੇ ਅਧਾਰ ਤੇ, ਪ੍ਰੋਲਤਾਰੀ ਵਿਚਾਰਧਾਰਾ ਵਿਚ ਨਿਪੁੰਨ, ਸੂਝ ਅਤੇ ਸੱਭਿਆਚਾਰ ਨਾਲ ਲੈਸ, ਕੰਮ ਅਤੇ ਰੱਖਿਆ ਦੇ ਕਾਬਿਲ ਇਕ ਨੌਜਵਾਨ ਪੀੜ੍ਹੀ ਨੂੰ ਸਿਖਲਾਈ ਦੇਣ ਦੀ ਪਾਰਟੀ ਦੀ ਸੇਧ ਨਿਰੰਤਰ ਲਾਗੂ ਕੀਤੀ ਜਾ ਰਹੀ ਹੈ ਅਤੇ ਸਫਲਤਾ ਪ੍ਰਾਪਤ ਕਰ ਰਹੀ ਹੈ। ਪਾਰਟੀ ਦੀਆਂ ਸਿਖਿ-ਆਵਾਂ ਅਨੁਸਾਰ ਵਿਕਸਿਤ ਹੋ ਰਿਹਾ, ਸਾਡਾ ਸਮਾਜਵਾਦੀ ਸੱਭਿਆਚਾਰ ਇਕ ਉਚੀ ਪੱਧਰ ਤੱਕ ਪਹੁੰਚ ਗਿਆ ਹੈ, ਜੋ ਕਿ ਸ਼ਾਨਦਾਰ ਇਨਕਲਾਬੀ ਮਾਦੇ ਨਾਲ ਭਰਪੂਰ ਹੈ ਅਤੇ ਜਿਸ ਦੀ ਸ਼ੈਲੀ ਸਾਫ ਤੌਰ ਤੇ ਕੌਮੀ ਅਤੇ ਹਰਮਨ ਪਿਆਰੀ ਹੈ। ਇਸ ਸਚਾਈ ਦਾ ਇਕ ਖਾਸ ਸਬੂਤ ਸਾਡੇ ਲੋਕਾਂ ਦੀ ਸੱਭਿਆਚਾਰਕ ਤੇ ਕਲਾਤਮਿਕ ਰਚਨਾ ਸ਼ਕਤੀ ਹੈ ਜਿਸ ਵਿਚ ਕਿ ਤਾਜ਼ਾ ਸਾਲਾਂ ਵਿਚ ਬਹੁਤ ਉਭਾਰ ਆਇਆ ਹੈ ਅਤੇ ਜੋ ਖੁਸ਼ਹਾਲ ਸਮਾਜਵਾਦੀ ਜੀਵਨ, ਪਾਰਟੀ ਦੇ ਮਾਰਕਸਵਾਦੀ ਲੈਨਿਨਵਾਦੀ ਸਹੀਪਨ ਅਤੇ ਸਿਆਣਪ, ਅਤੇ ਸਾਡੇ ਲੋਕਾਂ ਦੀ ਬਹਾਦਰੀ ਦੇ ਜਜ਼ਬਿਆਂ ਨਾਲ ਭਰਪੂਰ ਹੈ।

ਪਾਰਟੀ ਵਲੋਂ ਵਿਸ਼ੇਸ਼ ਧਿਆਨ ਅਤੇ ਇਸਦੀ ਸਿੱਧੀ ਅਗਵਾਈ ਹੇਠ ਦੇਸ਼ ਦੀ ਰੱਖਿਆ ਸ਼ਕਤੀ ਹੋਰ ਵੀ ਵਧੀ ਅਤੇ ਮਜ਼ਬੂਤ ਹੋਈ ਹੈ। ਤਨ ਅਤੇ ਮਨ ਨਾਲ ਸਾਡੇ ਮਜ਼ਦੂਰ ਅਤੇ ਸੈਨਿਕ ਲੋਕ ਸਾਡੇ ਅਲਬਾਨੀਆ ਨੂੰ ਇਕ ਮਜ਼ਬੂਤ ਸਮਾਜ-

ਵਾਦੀ ਅਧਾਰ ਬਣਾਉਣ ਦੇ ਆਹਰ ਵਿਚ ਹਨ, ਅਤੇ ਦੁਸ਼ਮਣ ਵਲੋਂ ਕਿਸੇਵੀ ਧਮਕੀ ਦੇ ਖਿਲਾਫ ਇਨਕਲਾਬ ਅਤੇ ਇਸ ਦੀਆਂ ਜਿੱਤਾਂ ਦੀ ਰਾਖੀ ਕਰਨ ਲਈ ਦ੍ਰਿੜ ਹਨ।

6ਵੀਂ ਕਾਂਗ੍ਰਸ ਨੇ ਪਾਰਟੀ, ਮਜਦੂਰ ਜਮਾਤ ਅਤੇ ਸੱਭ ਮਿਹਨਤ ਕਸ਼ ਲੋਕਾਂ ਨੂੰ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਹੋਰ ਵੀ ਮਜਬੂਤ ਕਰਨ ਦੀ ਜ਼ੁੰਮੇਵਾਰੀ ਸੰਭਾਲੀ ਜੋਕਿ ਪਾਰਟੀ ਅਤੇ ਲੋਕਾਂ ਦੇ ਸਾਂਮਣੇ ਰੱਖੇ ਸ਼ਾਨਦਾਰ ਨਿਸ਼ਾਨਿਆਂ ਨੂੰ ਪੂਰਾ ਕਰਨ ਦੀ ਇਕ ਬੁਨਿਆਦੀ ਸ਼ਰਤ ਅਤੇ ਗਾਰੰਟੀ ਹੈ। ਹੁਣ ਅਸੀਂ ਕਹਿ ਸਕਦੇ ਹਾਂ ਕਿ ਪਾਰਟੀ ਵਲੋਂ ਚੁੱਕੇ ਗਏ ਕਦਮਾਂ ਨੇ ਸਾਡੀ ਸਟੇਟ ਨੂੰ ਹੋਰ ਮਜਬੂਤ ਕੀਤਾ ਹੈ, ਸਾਡੀ ਪ੍ਰੋਲਤਾਰੀ ਜਮਹੂਰੀਅਤ ਦਾ ਪਸਾਰਾ ਅਤੇ ਉਨਤੀ ਕੀਤੀ ਹੈ, ਅਤੇ ਦੇਸ਼ ਨੂੰ ਚਲਾਉਣ ਵਿਚ ਮਿਹਨਤਕਸ਼ ਲੋਕਾਂ ਦੀ ਸ਼ਮੂਲੀਅਤ ਦੇ ਪੱਧਰ ਨੂੰ ਉਚਾ ਚੁਕਿਆ ਹੈ।

ਮਜਦੂਰ ਜਮਾਤ ਦੀਆਂ ਯੋਗਤਾਵਾਂ ਅਤੇ ਸਮਾਜਵਾਦੀ ਸਮਾਜਵਿਚ ਆਪਣੇ ਆਗੂ ਰੋਲ ਬਾਰੇ ਇਸ ਦੀ ਚੇਤੰਨਤਾ ਵਿਚ ਵਾਧੇ, ਮਜਦੂਰਾਂ ਅਤੇ ਕਿਸਾਨਾਂ ਦੀ ਜ਼ਬਤ ਦੀ ਸਥਾਪਨਾ, ਨੌਕਰਸ਼ਾਹ ਅਤੇ ਉਦਾਰਵਾਦੀ ਤ੍ਰੋੜ-ਮਰੋੜਾਂ ਅਤੇ ਝੁਕਾਵਾਂ ਦੇ ਖਿਲਾਫ ਪਾਰਟੀ ਦੇ ਰੋਲ ਨੇ, ਸਾਡੇ ਸਮਾਜਵਾਦੀ ਢਾਂਚੇ ਦੀ ਰਾਖੀ ਵਾਸਤੇ ਘੋਲ ਵਿਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਅਤੇ ਤਜਰਬੇ ਨੂੰ ਹੋਰ ਵੀ ਅਮੀਰ ਬਣਾ-ਇਆ ਹੈ। ਬੁਰਜੁਆ ਅਤੇ ਸੋਧਵਾਦੀ ਗਿਰਾਵਟ ਅਤੇ ਸਰਮਾਏਦਾਰੀ ਦੀ ਮੁੜ-ਬਹਾਲੀ ਦੇ ਖਤਰੇ ਨੂੰ ਮਿਟਾਉਣ ਵਿਚ ਇਨ੍ਹਾਂ ਦੀ ਬਹੁਤ ਦੇਣ ਹੈ। ਪਾਰਟੀ, ਮਜ-ਦੂਰ ਜਮਾਤ, ਅਤੇ ਸਮੁੱਚੇ ਲੋਕਾਂ ਵਾਸਤੇ ਇਹ ਇਕ ਵੱਡੀ ਜਿੱਤ ਹੈ।

ਲੋਕਾਂ ਦੀ ਅਟੁੱਟ ਏਕਤਾ, ਪਾਰਟੀ ਦੀ ਸੇਧ ਨਾਲ ਉਨ੍ਹਾਂ ਦੀ ਏਕਤਾ, ਸਾਡੀ ਅੰਦਰੂਨੀ ਸਥਿਤੀ ਦਾ ਇਕ ਵਿਸ਼ੇਸ਼ ਅੰਗ ਹੈ। ਮਜਦੂਰ ਜਮਾਤ ਅਤੇ ਸਹਿਕਾਰੀ ਕਿ-ਸਾਨੀ ਦੇ ਡੂੰਘੇ ਮਿਲਵਰਤਨ ਤੇ ਅਧਾਰਤ ਇਸ ਏਕਤਾ ਦਾ ਇਕ ਸ਼ਾਨਦਾਰ ਸਬੂਤ, ਸਮਾਜਵਾਦੀ ਉਸਾਰੀ ਅਤੇ ਮੁਲਕ ਦੀ ਅਜਾਦੀ ਅਤੇ ਖੁਦਮੁਖਤਾਰੀ ਦੀ ਰਾਖੀ ਵਾਸਤੇ ਸਾਡੇ ਮਿਹਨਤਕਸ਼ ਲੋਕਾਂ ਦੀ ਦ੍ਰਿੜਤਾ ਅਤੇ ਲਾਮਬੰਦੀ, ਸੱਭ ਖੇਤਰਾਂ ਵਿਚ ਮਜਦੂਰ ਜਮਾਤ, ਸਹਿਕਾਰੀ ਕਿਸਾਨੀ ਅਤੇ ਲੋਕ ਬੁੱਧੀਜੀਵੀ ਵਰਗਾਂ ਦੀਆਂ ਉਸਾਰੂ ਸ਼ਕਤੀਆਂ ਦਾ ਤੂਫਾਨ ਹੈ। ਇਸ ਏਕਤਾ ਦਾ ਇਕ ਹੋਰ ਜ਼ਾਹਿਰਾ ਸਬੂਤ, ਸਾਡੇ ਮਿਹਨਤਕਸ਼ ਲੋਕਾਂ, ਮਜਦੂਰ ਜਮਾਤ ਅਤੇ ਕਿਸਾਨੀ, ਸਾਡੇ ਲੋਕਾਂ ਦੇ ਸੱਭ ਵਰਗਾਂ ਵਿਚਕਾਰ ਮੋਜੂਦ ਭਰਾਤਰੀ ਮਿਲਵਰਤਣ ਅਤੇ ਸੁਹਿਰਦ ਆਪਸੀ ਮਿਲਵਰਤਣ ਦੀ ਸ਼ਾਨਦਾਰ ਭਾਵਨਾ ਹੈ। ਸਾਡਾ ਪਾਰਟੀ ਦਾ ਨਾਹਰਾ "ਸਾਰੇ ਇਕ ਲਈ

ਅਤੇ ਇਕ ਸਾਰਿਆਂ ਲਈ", ਸਮਾਜਵਾਦੀ ਇਖਲਾਕ ਦਾ ਇਕ ਨਵਾਂ ਆਦਰਸ਼ ਬਣ ਗਿਆ ਹੈ।

ਇਨਕਲਾਬੀ ਮਾਹੌਲ ਅਤੇ ਜਜ਼ਬੇ ਜੋ ਸਾਡੇ ਦੇਸ਼ ਵਿਚ ਮੌਜੂਦ ਹਨ, ਉਹ ਸਾਡੇ ਆਲੇ ਦੁਆਲੇ ਦੇ ਦੇਸ਼ਾਂ ਵਿਚ ਜੋ ਕੁਝ ਵਾਪਰ ਰਿਹਾ ਹੈ ਉਸਦੇ ਬਿਲਕੁੱਲ ਉਲਟ ਹਨ। ਸਰਮਾਏਦਾਰਾ ਅਤੇ ਸੋਧਵਾਦੀ ਦੁਨੀਆ ਦੇ ਇਸ ਡੂੰਘੇ ਸੰਕਟ ਦੇ ਸਮੇਂ, ਸਮਾਜਵਾਦੀ ਅਲਬਾਨੀਆਂ ਦੀ ਮਜਬੂਤੀ ਅਤੇ ਸਥਿਰਤਾ, ਸਾਡੀ ਸਿਆਸੀ ਅਤੇ ਆਰਥਕ ਮਜਬੂਤੀ, ਸਮਾਜਵਾਦ ਦੀ ਉਚਤਮਤਾ, ਪਾਰਟੀ ਦੀ ਮਾਰਕਸਵਾਦੀ ਲੈਨਿਨਵਾਦੀ ਲਾਈਨ ਦੀ ਸਿਆਣਪ, ਅਤੇ ਸਵੈ-ਨਿਰਭਰਤਾ ਦੇ ਅਸੂਲ ਦੇ ਸਹੀਪਨ ਦਾ ਸਬੂਤ ਹਨ। ਇਹ ਸਚਾਈ ਕਿ ਛੋਟਾ ਜਿਹਾ ਸਮਾਜਵਾਦੀ ਅਲਬਾਨੀਆ ਸੱਭ ਵੱਡੇ ਸਿਆਸੀ, ਆਰਥਿਕ, ਵਿਤੀ ਅਤੇ ਹੋਰ ਤੂਫਾਨਾਂ ਦੇ ਸਾਹਮਣੇ ਸੱਭ ਮੁਸ਼ਕਲਾਂ ਤੇ ਕਾਬੂ ਪਾਉਣ ਅਤੇ ਲਗਾਤਾਰ ਅੱਗੇ ਵੱਧਣ ਦੇ ਕਾਬਿਲ ਹੈ, ਇਸ ਨਾਲ ਸਾਡੇ ਸੱਭਨਾਂ ਦੇ ਦਿਲ ਇਕ ਸੱਚੇ ਮਾਣ ਨਾਲ ਭਰ ਜਾਂਦੇ ਹਨ। ਪਰ, ਇਸਦੇ ਨਾਲ ਨਾਲ, ਜਿਨ੍ਹਾਂ ਹਾਲਤਾਂ ਵਿਚ ਅਸੀਂ ਰਹਿ ਰਹੇ ਹਾਂ ਅਤੇ ਕੰਮ ਕਰ ਰਹੇ ਹਾਂ ਇਹ ਹਾਲਾਤ ਮੰਗ ਕਰਦੇ ਹਨ ਕਿ ਸਾਨੂੰ ਆਪਣੀ ਸਾਰੀ ਤਾਕਤ, ਸਾਰੀ ਸੂਝ ਅਤੇ ਉਸਾਰੂ ਜਜ਼ਬੇ ਲਾਮਬੰਦ ਕਰਨੇ ਚਾਹੀਦੇ ਹਨ, ਜਿਵੇਂ ਕਿ ਅਸੀਂ ਹੁਣ ਤੱਕ ਕਰਦੇ ਰਹੇ ਹਾਂ, ਤਾਂ ਕਿ ਅਸੀਂ ਸਾਰੇ ਕੰਮਾਂ ਨੂੰ ਪੂਰੀ ਤਰ੍ਹਾਂ ਨੇਪਰੇ ਚਾੜ੍ਹ ਸਕੀਏ, ਅਤੇ ਆਪਣੀ ਸਮਾਜਵਾਦੀ ਬੇੜੀ ਨੂੰ ਲਗਾਤਾਰ ਸੁਰੱਖਿਅਤ ਕਿਨਾਰਿਆਂ ਵੱਲ ਲੈਜਾਂਦੇ ਰਹੀਏ।

ਸਾਡੇ ਦੇਸ਼ ਦੀ ਅੰਦਰੂਨੀ ਹਾਲਤ ਇਕ ਤਿੱਖੇ ਜਮਾਤੀ ਘੋਲ ਰਾਹੀਂ ਮਜਬੂਤ ਹੋਈ ਹੈ, ਜੋ ਘੋਲ ਸਾਡੀ ਪਾਰਟੀ ਅਤੇ ਲੋਕਾਂ ਨੇ ਸੱਭ ਮੁਹਾਜ਼ਾਂ ਉਤੇ ਦ੍ਰਿੜਤਾ ਨਾਲ ਸਾਮਰਾਜੀ ਅਤੇ ਸੋਧਵਾਦੀ ਘੇਰਾਓ ਦੇ ਦਬਦਬੇ ਖਿਲਾਫ ਸਾਡੇ ਦੇਸ਼ ਉਤੇ ਕੀਤੇ ਜਾ ਰਹੇ ਜਾਂਗਲੀ ਵਿਚਾਰਧਾਰਕ ਹਮਲੇ ਖਿਲਾਫ ਅਤੇ ਨਾਲੋ ਨਾਲ ਆਪਣੇ ਦੇਸ਼ ਵਿਚ ਅਤੇ ਪਾਰਟੀ ਦੀਆਂ ਸਫਾਂ ਅੰਦਰ ਦੁਸ਼ਮਣ ਦੀਆਂ ਖਤਰਨਾਕ ਸਰਗਰਮੀਆਂ ਦੇ ਖਿਲਾਫ ਲੜਿਆ ਹੈ। ਸਾਡੀ ਪਾਰਟੀ ਅਤੇ ਲੋਕਾਂ ਦੀ ਨਿੱਗਰ ਏਕਤਾ ਦਾ ਸਦਕਾ ਅੰਦਰੂਨੀ ਅਤੇ ਬਾਹਰੀ ਦੁਸ਼ਮਣ ਦੀਆਂ ਸਾਜ਼ਿਸ਼ਾਂ ਅਤੇ ਹਮਲਿਆਂ ਨੂੰ ਭਸਮ ਕਰ ਦਿਤਾ ਗਿਆ ਹੈ।

ਕਮਿਊਨਿਸਟ ਅਤੇ ਸਾਡੇ ਸਮੁੱਚੇ ਲੋਕ ਇਹ ਜਾਣਦੇ ਹਨ ਕਿ ਤਾਜ਼ਾ ਸਾਲਾਂ ਵਿਚ ਪਾਰਟੀ ਨੇ, ਫਾਦਿਲ, ਪਕਰਾਮੀ ਅਤੇ ਟੋਡੀ ਲੁਬੋਨਜਾ, ਬੇਕਿਰ ਬਾਲੂਕਾ ਪੈਟ੍ਰਿਟ ਡਿਊਮ ਅਤੇ ਹੀਟੋ ਕਾਕੋ, ਅਬਦਿਲ ਕੈਲੇਜੀ, ਕਾਕੋ ਥਿਉਡੋਸੀ ਅਤੇ ਕੀਕੋ

ਨਸ਼ੀਲਾ ਦੀਆਂ ਗਦਾਰਾਨਾਂ ਅਤੇ ਸਾਜ਼ਿਸ਼ੀ ਕਰਤੂਤਾਂ ਨੂੰ ਨੰਗਿਆਂ ਅਤੇ ਤਬਾਹ ਕੀਤਾ ਜਿਹੜੇ ਬਾਹਰੀ ਦੁਸ਼ਮਣਾਂ ਨਾਲ ਮਿਲਕੇ ਸੋਧਵਾਦ ਵਾਸਤੇ ਦਰਵਾਜ਼ੇ ਖੋਹਲਣੇ ਚਾਹੁੰਦੇ ਸਨ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਖਤਮ ਕਰਨਾ ਚਾਹੁੰਦੇ ਸਨ ਅਤੇ ਦੇਸ਼ ਦੀ ਖੁਦਮੁਖਤਾਰੀ ਅਤੇ ਅਜ਼ਾਦੀ ਨੂੰ ਤਬਾਹ ਕਰਨਾ ਚਾਹੁੰਦੇ ਸਨ।

ਪਰ ਇਨ੍ਹਾਂ ਖਤਰਨਾਕ ਦੁਸ਼ਮਣਾਂ ਦੀਆਂ ਕਰਤੂਤਾਂ ਅਤੇ ਸਾਜ਼ਿਸ਼ਾਂ ਨੂੰ ਲੱਕ ਤੋੜਵੀਂ ਹਾਰ ਹੋਈ। ਪਾਰਟੀ ਅਤੇ ਇਸਦੀ ਲੀਡਰਸ਼ਿਪ ਦੀ ਇਨਕਲਾਬੀ ਚੌਕਸੀ ਅਤੇ ਘੋਲ ਦਾ ਸਦਕਾ, ਸਾਡੀ ਪਾਰਟੀ ਦੀਆਂ ਸਫਾਂ ਵਿਚ ਮਾਰਕਸਵਾਦੀ ਲੈਨਿਨ-ਵਾਦੀ ਏਕਤਾ ਅਤੇ ਸਾਡੀ ਪ੍ਰੋਲਤਾਰੀ ਡਿਕਟੇਟਰਸ਼ਿਪ ਦੀ ਅਥਾਹ ਮਜਬੂਤੀ ਦਾ ਸਦਕਾ ਪਾਰਟੀ-ਵਿਰੋਧੀ ਗਦਾਰਾਂ ਦਾ ਪਰਦਾ ਫਾਸ਼ ਕੀਤਾ ਜਾ ਸਕਿਆ। ਪਾਰਟੀ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੇ ਉਨ੍ਹਾਂ ਨੂੰ ਇਕ ਫੌਲਾਦੀ ਘਸੁੰਨ ਨਾਲ ਰੱਦੀ ਦੀ ਟੋਕਰੀ ਵਿਚ ਧੱਕ ਦਿਤਾ ਜੋ ਇਨਕਲਾਬ ਦੇ ਸੱਭ ਗਦਾਰਾਂ ਵਾਸਤੇ ਢੁੱਕਵੀਂ ਜਗਾਹ ਹੈ।

ਕੰਡਿਆਂ ਅਤੇ ਜ਼ਹਿਰੀਲੀਆਂ ਬੂਟੀਆਂ ਤੋਂ ਰਹਿਤ, ਪਾਰਟੀ ਇਸ ਵਿਚੋਂ ਹੋਰ ਵੀ ਮਜ਼ਬੂਤ ਹੋਕੇ ਨਿਕਲੀ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਅਤੇ ਸਮਾਜਵਾਦ ਹੋਰ ਵੀ ਮਜ਼ਬੂਤ ਹੋਏ। ਸਮੁੱਚੇ ਲੋਕਾਂ ਨੇ ਪਾਰਟੀ ਅਤੇ ਇਸਦੀ ਮਾਰਕਸਵਾਦੀ ਲੈਨਿਨ-ਵਾਦੀ ਸੇਧ ਦੀ ਡੱਟ ਕੇ ਹਮਾਇਤ ਕੀਤੀ, ਪਾਰਟੀ ਅਤੇ ਲੋਕ ਸੱਤਾ ਦੇ ਗਿਰਦ ਆਪਣੀ ਏਕਤਾ ਨੂੰ ਹੋਰ ਵੀ ਪੱਕਿਆਂ ਕੀਤਾ। ਪਾਰਟੀ ਨੇ ਦੁਸ਼ਮਣ ਦੀਆਂ ਕਰ-ਤੂਤਾਂ ਦੇ ਨੁਕਸਾਨਦੇਹ ਸਿੱਟਿਆਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਅਤੇ ਉਨ੍ਹਾਂ ਕਮਜ਼ੋਰੀਆਂ ਨੂੰ ਖਤਮ ਕਰਨ ਲਈ ਸੱਭ ਕਦਮ ਚੁੱਕੇ ਜਿਨ੍ਹਾਂ ਕਮਜ਼ੋਰੀਆਂ ਦਾ ਦੁਸ਼ਮਣ ਨੇ ਫਾਇਦਾ ਉਠਾਇਆ ਸੀ। ਸਮੁੱਚੇ ਦੇਸ਼ ਵਿਚ ਹੋਰ ਵੀ ਵਧੇਰੇ ਇਨ-ਕਲਾਬੀ ਜ਼ਜ਼ਬਾ ਪੈਦਾ ਹੋਇਆ। ਮਜ਼ਦੂਰ ਜਮਾਤ, ਸਹਿਕਾਰੀ ਕਿਸਾਨੀ, ਲੋਕ-ਬੁੱਧੀਜੀਵੀ ਵਰਗ, ਨੌਜਵਾਨ ਅਤੇ ਔਰਤਾਂ ਸੱਭ ਹੀ ਸਮਾਜਵਾਦੀ ਉਸਾਰੀ ਅਤੇ ਵੱਤਨ ਦੀ ਰਾਖੀ ਤੇ ਕਾਰਜਾਂ ਵਿਚ ਹੋਰ ਵੀ ਉਤਸ਼ਾਹ ਅਤੇ ਦ੍ਰਿੜਤਾ ਨਾਲ ਜੁੱਟ ਗਏ ਤਾਂ ਕਿ ਪਾਰਟੀ ਦੀ ਸੱਤਵੀਂ ਕਾਂਗ੍ਰਸ ਵਿਚ ਹੋਰ ਵੀ ਨਵੀਆਂ ਅਤੇ ਵੱਡੀਆਂ ਜਿੱਤਾਂ ਪ੍ਰਾਪਤ ਕਰਕੇ ਆ ਸੱਕਣ। ਇਸ ਗੱਲ ਦਾ ਇਹ ਜ਼ਾਹਿਰਾ ਸਬੂਤ ਹੈ ਕਿ ਕੋਈ ਵੀ ਬਾਹਰੀ ਜਾਂ ਅੰਦਰੂਨੀ ਦੁਸ਼ਮਣ ਕਦੇ ਵੀ ਸਾਡੀ ਪਾਰਟੀ ਜਾਂ ਲੋਕਾਂ ਵਿਚ ਨਹੀਂ ਵੜ ਸਕਣਗੇ ਅਤੇ ਕਿਸੇ ਦੀ ਵੀ ਕੋਈ ਭੈੜੀ ਕਰਤੂਤ ਕਮਿਊਨਿਸਟਾਂ ਅਤੇ ਮਿਹਨਤਕਸ਼ ਲੋਕਾਂ ਦੀ ਚੌਕਸੀ ਤੋਂ ਨਹੀਂ ਬਚ ਸਕੇਗੀ ਅਤੇ ਅਲਬਾਨੀਆ ਵਿਚ

ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਮਜਬੂਤ ਹੈ ਅਤੇ ਕਿਸੇ ਵੀ ਦੁਸ਼ਮਣ ਨੂੰ ਤਬਾਹ ਕਰਨ ਲਈ ਤਿਆਰ ਹੈ।

ਪਾਰਟੀ ਵਲੋਂ ਕੀਤੇ ਗਏ ਕੰਮ ਅਤੇ ਪਾਰਟੀ ਦੀ ਅਗਵਾਈ ਹੇਠ ਸਮੁੱਚੇ ਲੋਕਾਂ ਦੀਆਂ ਆਪਾਵਾਰੂ ਕੋਸ਼ਿਸ਼ਾਂ ਸਦਕਾ ਸਾਡੇ ਦੇਸ਼ ਵਿਚ ਕਾਇਮ ਕੀਤੀ ਗਈ ਮੌਜੂਦਾ ਮਜਬੂਤ ਹਾਲਤ ਨੂੰ ਹੋਰ ਵੀ ਮਜਬੂਤ ਕਰਨਾ ਸਾਡਾ ਫਰਜ਼ ਹੈ, ਤਾਂ ਕਿ ਸਾਡਾ ਮੁਲਕ ਤਰੱਕੀ ਕਰੇ ਅਤੇ ਖੁਸ਼ਹਾਲ ਬਣੇ, ਤਾਂ ਕਿ ਸਮਾਜਵਾਦ ਹਮੇਸ਼ਾਂ ਜਿੱਤ ਵੱਲ ਵਧਦਾ ਰਹੇ ਅਤੇ ਹਰ ਬੀਤਦੇ ਦਿਨ ਨਾਲ ਸਾਡੇ ਲੋਕਾਂ ਦਾ ਜੀਵਨ ਹੋਰ ਵੀ ਚੰਗੇਰਾ ਅਤੇ ਸੁੰਦਰ ਬਣਦਾ ਰਹੇ।

7ਵੀਂ ਕਾਂਗ੍ਰਸ ਇਕ ਮਹੱਤਵ ਪੂਰਣ ਜੁੱਬਲੀ, ਸਾਡੀ ਸ਼ਾਨਦਾਰ ਪਾਰਟੀ ਆਫ ਲੇਬਰ ਦੀ ਸਥਾਪਨਾ ਦੀ 35ਵੀਂ ਵਰੇਗੰਢ ਦੇ ਦਿਨਾਂ ਵਿਚ ਹੋ ਰਹੀ ਹੈ। ਇਹ ਮਹਾਨ ਦਿਨ, ਜਿਸ ਦਿਨ ਸਾਡੇ ਲੋਕਾਂ ਦੀ ਮੁੱਕਤੀ ਦੀ ਆਸ ਅਤੇ ਜਿੱਤ ਦਾ ਵਿਸ਼ਵਾਸ਼ ਪੈਦਾ ਹੋਇਆ ਸੀ, ਸਾਡੇ ਸੱਭ ਲਈ ਇਕ ਬਹੁਤ ਖੁਸ਼ੀ ਭਰਿਆ ਦਿਨ ਹੈ, ਇਕ ਅਜਿਹਾ ਦਿਨ ਜੋ ਕਿ ਸਾਨੂੰ ਪਾਰ ਕੀਤੇ ਗਏ ਇਕ ਮਹਾਨ ਰਾਹ ਦੀ ਯਾਦ ਦਿਵਾਉਂਦਾ ਹੈ ਅਤੇ ਸਾਨੂੰ ਨਵੀਆਂ ਜਦੋਜਹਿਦਾਂ ਅਤੇ ਜਿੱਤਾਂ ਲਈ ਹੌਸਲਾ ਦਿੰਦਾ ਹੈ।

ਸਾਡੇ ਲੋਕਾਂ ਵਾਸਤੇ, ਅਲਬਾਨੀਅਨ ਕਮਿਊਨਿਸਟਾਂ ਦੀ ਪਾਰਟੀ ਦੀ ਸਥਾ-ਪਨਾ, ਉਨ੍ਹਾਂ ਦੇ ਸਦੀਆਂ ਲੰਬੇ ਇਤਿਹਾਸ ਵਿਚ ਇਕ ਫੈਸਲਾਕੁੰਨ ਮੋੜ ਸੀ ਅਤੇ ਇਸ ਨੇ ਫੌਲਾਦੀ ਨੀਹਾਂ ਤਿਆਰ ਕੀਤੀਆਂ ਜਿਨ੍ਹਾਂ ਉਤੇ ਨਵਾਂ ਸਮਾਜਵਾਦੀ ਅਲਬਾਨੀਆਂ ਉਸਾਰਿਆ ਜਾ ਰਿਹਾ ਹੈ।

ਪਾਰਟੀ ਦੀ ਇਨਕਲਾਬੀ ਸਰਗਰਮੀ ਦੇ 35ਸਾਲ ਅਲਬਾਨੀਅਨ ਮਜ਼ਦੂਰ ਜਮਾਤ ਅਤੇ ਲੋਕਾਂ ਦੀ ਆਗੂ ਦੇ ਤੋਰ ਤੇ, ਵਤਨ ਦੀ ਮੁੱਕਤੀ ਵਾਸਤੇ ਅਤੇ ਇਨ-ਕਲਾਬ ਦੀ ਜਿੱਤ ਵਾਸਤੇ, ਅਲਬਾਨੀਆ ਨੂੰ ਕੰਗਾਲੀ ਤੋਂ ਅਜਾਦ ਕਰਾਕੇ ਅਤੇ ਇਸ ਨੂੰ ਮੁੜ ਉਸਾਰਨ, ਅਤੇ ਇਹ ਨਵਾਂ ਖੁਸ਼ਹਾਲੀ ਭਰਪੂਰ ਜੀਵਨ ਉਸਾਰਨ ਵਾਸਤੇ ਬਹਾਦਰਾਨਾ ਕੋਸ਼ਿਸ਼ਾਂ ਅਤੇ ਜਦੋਜਹਿਦਾਂ ਦੇ 35ਸਾਲ ਹਨ।

ਇਹ ਬਹੁਤ ਸਾਰੇ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਦੇ ਖਿਲਾਫ, ਅਮਰੀਕੀ ਸਾਮਰਾਜੀਆਂ ਅਤੇ ਨਵਸੋਧਵਾਦੀਆਂ (ਜਿਨ੍ਹਾਂ ਦਾ ਮੁਖੀਆ ਰੂਸੀ ਸਮਾਜਿਕ ਸਾਮਰਾਜ ਹੈ) ਦੇ ਖਿਲਾਫ ਜੇਤੂ ਘੋਲਾਂ ਦਾ ਦੌਰ ਹੈ, ਸਦਾ ਵਾਸਤੇ ਅਜ਼ਾਦ ਅਤੇ ਖੁਦਮੁਖਤਾਰ ਰਹਿਣ ਦੇ ਆਪਣੇ ਹੱਕ ਦੀ ਰਾਖੀ ਕਰਨ, ਸਮਾਜਵਾਦ ਅਤੇ

ਕਮਿਊਨਿਜ਼ਮ ਦੀ ਰਾਖੀ ਕਰਨ ਵਾਸਤੇ ਘੋਲ ਦਾ ਦੌਰ ਹੈ। ਸਮਾਜਵਾਦੀ ਅਲ-ਬਾਨੀਆ ਦੀ ਮਜ਼ਬੂਤ ਕੌਮਾਂਤਰੀ ਪੁਜ਼ੀਸ਼ਨ, ਦੁਨੀਆ ਵਿਚ ਇਸਦਾ ਨਿੱਘਾ ਮਾਣ ਅਤੇ ਅਣਗਿਣਤ ਦੋਸਤਾਂ ਅਤੇ ਇਨਕਲਾਬੀ ਲੋਕਾਂ ਵਿਚ ਇਸ ਦੀ ਹਮਾਇਤ ਅਤੇ ਸਦਭਾਵਨਾ, ਵਿਦੇਸ਼ ਨੀਤੀ ਵਿਚ ਪਾਰਟੀ ਦੀ ਸਹੀ ਲਾਈਨ, ਸਾਮਰਾਜਵਾਦ ਅਤੇ ਸੋਧਵਾਦ ਦੇ ਖਿਲਾਫ ਸਾਡੀ ਪਾਰਟੀ ਅਤੇ ਲੋਕਾਂ ਦੇ ਲਗਾਤਾਰ ਘੋਲਾਂ ਦੇ ਸਿੱਟੇ ਵਜੋਂ ਹੈ। ਅਸੀਂ ਦ੍ਰਿੜ ਵਿਸ਼ਵਾਸ਼ ਨਾਲ ਇਹ ਕਹਿ ਸਕਦੇ ਹਾਂ ਕਿ ਅਲਬਾਨੀਅਨ ਕਮਿਊਨਿਸਟਾਂ ਨੇ ਆਪਣੀ ਮਜ਼ਦੂਰ ਜਮਾਤ ਅਤੇ ਲੋਕਾਂ ਵਾਸਤੇ ਆਪਣੇ ਫਰਜ਼ਾਂ ਨੂੰ ਹਮੇਸ਼ਾਂ ਹੀ ਬੜੇ ਮਾਣ ਨਾਲ ਨਿਭਾਇਆ ਹੈ, ਏਸੇ ਤਰ੍ਹਾਂ ਉਨ੍ਹਾਂ ਨੇ ਕੌਮਾਂਤਰੀ ਕਮਿਊਨਿਜ਼ਮ ਅਤੇ ਲੋਕਾਂ ਵੱਲ ਆਪਣੇ ਕੌਮਾਂਤਰੀਵਾਦੀ ਫਰਜ਼ ਨੂੰ ਪੂਰੀ ਤਰ੍ਹਾਂ ਨਿਭਾਇਆ ਹੈ।

ਸਾਡੀ ਪਾਰਟੀ ਇਹ ਸ਼ਾਨਦਾਰ ਜਿੱਤਾਂ ਜਿੱਤਣ ਵਿਚ ਸਫਲ ਹੋਈ ਕਿਉਂਕਿ ਇਹ ਹਮੇਸ਼ਾ ਹੀ ਮਜ਼ਦੂਰ ਜਮਾਤ ਅਤੇ ਆਪਣੇ ਲੋਕਾਂ ਦੇ ਹਿੱਤਾਂ ਲਈ ਵਫਾਦਾਰ ਰਹੀ ਹੈ, ਕਿਉਂਕਿ ਇਹ ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੀਆਂ ਅਮਰ ਸਿਖਿਆਵਾਂ ਦੀ ਵਫਾਦਾਰ ਰਹੀ ਹੈ, ਕਿਉਂਕਿ ਇਸਨੇ ਆਪਣੇ ਲਫਜ਼ਾਂ ਨੂੰ ਸਦਾ ਹੀ ਅਮਲ ਵਿਚ ਲਿਆਂਦਾ ਹੈ। ਹਰ ਪਲ ਅਤੇ ਹਰ ਪੜਾਅ ਤੇ ਇਸ ਨੇ ਲੋਕਾਂ ਨਾਲ ਗੂੜ੍ਹੇ ਰਿਸ਼ਤੇ ਬਰਕਰਾਰ ਰੱਖੇ, ਇਹ ਹਮੇਸ਼ਾ ਹੀ ਘੋਲ ਵਿਚ ਮੋਹਰਲੀਆਂ ਸਫਾਂ ਵਿਚ ਖੜੀ ਹੋਈ ਅਤੇ, ਆਪਣੀ ਸਹੀ ਲਾਈਨ ਰਾਹੀਂ ਇਸਨੇ ਸਾਡੇ ਸਾਰੇ ਲੋਕਾਂ ਨੂੰ ਆਪਣੇ ਗਿਰਦ ਇਕ ਮੁੱਠ ਕੀਤਾ ਅਤੇ ਉਨ੍ਹਾਂ ਨੂੰ ਦ੍ਰਿੜਤਾ ਨਾਲ ਅਗਵਾਈ ਦਿਤੀ।

ਇਨ੍ਹਾਂ ਸਾਲਾਂ, ਜਿਨ੍ਹਾਂ ਨੂੰ ਸਾਡੇ ਲੋਕ ਪਾਰਟੀ ਦੇ ਸਾਲ ਕਹਿੰਦੇ ਹਨ, ਦੌਰਾਨ ਪ੍ਰਾਪਤ ਕੀਤੀਆਂ ਗਈਆਂ ਜਿੱਤਾਂ ਸਾਨੂੰ ਭਵਿੱਖ ਬਾਰੇ ਆਸ਼ਾਜਨਕ ਬਣਾਉਂਦੀਆਂ ਹਨ। ਅਸੀਂ ਜਾਣਦੇ ਹਾਂ ਕਿ ਬਹੁਤ ਸਾਰੀਆਂ ਕਠਨਾਈਆਂ ਉਤੇ ਕਾਬੂ ਪਾ ਲਿਆ ਗਿਆ ਹੈ ਅਤੇ ਬਹੁਤ ਸਾਰੇ ਟੀਚੇ ਪੂਰੇ ਕਰ ਲਏ ਗਏ ਹਨ, ਪਰ ਸਾਡੇ ਸਾਹਮਣੇ ਹੋਰ ਵੀ ਵੱਡੇ ਕੰਮ ਹਨ, ਜਿਨ੍ਹਾਂ ਬਾਰੇ ਸਾਡੀ 7ਵੀਂ ਕਾਂਗ੍ਰਸ ਵਿਚਾਰ ਕਰੇਗੀ ਅਤੇ ਫੈਸਲੇ ਲਵੇਗੀ, ਬਹੁਤ ਸਾਰੀਆਂ ਜਦੋਜਹਿਦਾਂ ਜੋਕਿ ਅਸੀਂ ਲੜ ਕੇ ਜਿੱਤਣੀਆਂ ਹਨ, ਸਾਡੀ ਇੰਤਜ਼ਾਰ ਕਰ ਰਹੀਆਂ ਹਨ।

# I

# ਨਵਾਂ ਸੰਵਿਧਾਨ-ਪਾਰਟੀ ਅਤੇ ਲੋਕਾਂ ਦੀ ਇੱਕ ਮਹਾਨ ਇਤਿਹਾਸਕ ਜਿੱਤ

ਸਾਥੀਓ,

ਸੱਤਵੀਂ ਕਾਂਗਰਸ ਵਿਚ ਆਏ ਡੈਲੀਗੇਟਾਂ ਦਾ ਇਹ ਮਾਣ ਅਤੇ ਫਰਜ਼ ਹੈ ਕਿ ਉਹ ਸਮਾਜਵਾਦੀ ਅਲਬਾਨੀਆਂ ਦੇ ਨਵੇਂ ਬੁਨਿਆਦੀ ਕਾਨੂੰਨ, ਸਾਡੇ ਦੇਸ਼ ਦੇ ਨਵੇਂ ਸੰਵਿਧਾਨ ਬਾਰੇ ਸਮੁੱਚੀ ਪਾਰਟੀ ਦੇ ਵਿਚਾਰ ਪੇਸ਼ ਕਰਨ।

ਪਾਰਟੀ ਦੀ ਛੇਵੀਂ ਕਾਂਗਰਸ ਨੇ ਇੱਕ ਨਵੇਂ ਸੰਵਿਧਾਨ ਦਾ ਖਰੜਾ ਤਿਆਰ ਕਰਨ ਦਾ ਕੰਮ ਤੈਅ ਕੀਤਾ ਅਤੇ ਇਹ ਹਦਾਇਤ ਦਿੱਤੀ ਕਿ ਨਵਾਂ ਸੰਵਿਧਾਨ ਮੌਜੂਦਾ ਸੰਵਿਧਾਨ ਦਾ ਪੁਨਰ-ਆਰੰਭ ਹੋਣਾ ਚਾਹੀਦਾ ਹੈ, ਜੋ ਕਿ ਅਲਬਾਨੀਆਂ ਵਿਚ ਇਨਕਲਾਬ ਦੇ ਜਾਰੀ ਰਹਿਣ, ਮੁਲਕ ਦੀ ਆਜ਼ਾਦੀ ਅਤੇ ਖੁਦਮੁਖਤਾਰੀ ਵਾਸਤੇ ਅਤੇ ਸਮਾਜਵਾਦ ਦੀ ਉਸਾਰੀ ਵਾਸਤੇ ਲਗਾਤਾਰ ਘੋਲ ਨੂੰ ਦਰਸਾਵੇਗਾ। ਦੂਜੇ ਪਾਸੇ ਇਸ ਨੂੰ ਸਾਡੀ ਮੌਜੂਦਾ ਸਚਾਈ, ਵਿਕਾਸ ਦੀ ਜਿਸ ਪੱਧਰ ਤੇ ਇਨਕਲਾਬ ਪਹੁੰਚ ਚੁੱਕਾ ਹੈ, ਉਸ ਨੂੰ ਮੱਦੇ ਨਜ਼ਰ ਰੱਖਣਾ ਹੋਵੇਗਾ। ਨਵੇਂ ਸੰਵਿਧਾਨ ਨੂੰ ਮੁਖ ਇਨਕਲਾਬੀ ਤਬਦੀਲੀਆਂ ਅਤੇ ਪ੍ਰਾਪਤ ਕੀਤੀਆਂ ਜਾ ਚੁਕੀਆਂ ਜਿੱਤਾਂ ਦੀ ਤਸਦੀਕ ਕਰਨੀ ਹੋਵੇਗੀ, ਸਮਾਜਵਾਦ ਦੀ ਪੂਰਨ ਉਸਾਰੀ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਸਾਡੀ ਸਟੇਟ ਦੇ ਅਗੇਰੇ ਵਿਕਾਸ, ਪਾਰਟੀ ਦੀ ਆਮ ਸੇਧ ਪੇਸ਼ ਕਰਨੀ ਹੋਵੇਗੀ। ਪੁਰਾਣਾ ਸੰਵਿਧਾਨ ਸਮਾਜਵਾਦ ਦੀਆਂ ਨੀਹਾਂ ਉਸਾਰਨ ਦਾ ਸੰਵਿਧਾਨ ਸੀ, ਜਦਕਿ ਨਵਾਂ ਸੰਵਿਧਾਨ ਸਮਾਜਵਾਦੀ ਸਮਾਜ ਦੀ ਮੁਕੰਮਲ ਉਸਾਰੀ ਦਾ ਸੰਵਿਧਾਨ ਹੋਵੇਗਾ।

ਪੁਰਾਣੇ ਸੰਵਿਧਾਨ ਨੇ, ਅੱਜ ਤਕ ਪ੍ਰਾਪਤ ਕੀਤੀਆਂ ਗਈਆਂ ਸ਼ਾਨਦਾਰ ਜਿੱਤਾਂ ਜਿੱਤਣ ਵਿਚ ਸਾਡੀ ਪੂਰੀ ਸੇਵਾ ਕੀਤੀ ਹੈ। ਪਰ ਹੁਣ ਇਸ ਨੇ ਆਪਣਾ ਉਦੇਸ਼

ਪੂਰਾ ਕਰ ਲਿਆ ਹੈ। ਇਸ ਵਿਚ ਕਈ ਇੱਕ ਨਿਆਂਇਕ ਅਤੇ ਸਿਆਸੀ ਅਸੂਲ ਹਨ ਜਿਹੜੇ ਕਿ ਬਹੁਤ ਹੀ ਸੌੜੇ ਬਣ ਗਏ ਹਨ ਅਤੇ ਜੋ ਵਿਸ਼ਾਲ ਮੁਹਾਜ਼ ਉੱਤੇ ਇਨ-ਕਲਾਬ ਦੇ ਡੂੰਘੇ ਹੋਣ ਅਤੇ ਵਿਕਾਸ ਨਾਲ ਮੇਲ ਨਹੀਂ ਖਾਂਦੇ। ਇਸ ਦੀ ਵਜਾਹ ਉਹ ਇਤਿਹਾਸਕ ਪੜਾਅ ਅਤੇ ਹਾਲਾਤ ਹਨ ਜਿਨ੍ਹਾਂ ਵਿਚ ਪਰਾਣਾ ਸੰਵਿਧਾਨ ਅਪਣਾਇਆ ਗਿਆ ਸੀ।

ਉਸ ਵਕਤ ਪਾਰਟੀ ਅਤੇ ਦੇਸ਼ ਸਾਹਮਣੇ ਵਡੀਆਂ ਅਤੇ ਗੁੰਝਲਦਾਰ ਸਮੱਸਿਆ-ਵਾਂ ਸਨ ਜੋ ਕਿ ਦ੍ਰਿੜਤਾ ਅਤੇ ਸਮਝਦਾਰੀ ਨਾਲ ਹੱਲ ਹੋਣੀਆਂ ਸਨ, ਅਜੇਹੀਆਂ ਸਮੱਸਿਆਵਾਂ ਜਿਨ੍ਹਾਂ ਲਈ ਜਰੂਰੀ ਹੱਲ ਲੋੜੀਂਦਾ ਸੀ, ਪ੍ਰੰਤੂ ਪੜਾਅ ਮਿੱਥੇ ਨਹੀਂ ਜਾ ਸਕਦੇ ਸਨ।। ਲੋਕ-ਸੱਤਾ ਜੋ ਕਿ ਕੌਮੀ ਮੁਕਤੀ ਜੰਗ ਵਿਚੋਂ ਪੈਦਾ ਹੋਈ ਸੀ ਉਸਨੂੰ ਮਜ਼ਬੂਤ ਅਤੇ ਮੁਕੰਮਲ ਕਰਨਾ ਸੀ। ਹਰਾਈਆਂ ਜਾ ਚੱਕੀਆਂ ਲੋਟੂ ਜਮਾਤਾਂ ਦੀ ਬੇਹੂਦਾ ਅੜੀ ਅਤੇ ਕੀਤੇ ਨੂੰ ਮੁੜ-ਬਹਾਲ ਕਰਨ ਦੀਆਂ ਉਨ੍ਹਾਂ ਦੀਆਂ ਸਾਜ਼ਸ਼ਾਂ ਨੂੰ ਤਬਾਹ ਕਰਨਾ ਪੈਣਾ ਸੀ। ਪੁਰਾਣੇ ਆਰਥਕ ਰਿਸ਼ਤੇ ਤਬਾਹ ਕਰਕੇ ਉਨ੍ਹਾਂ ਦੀ ਜਗਾਹ ਨਵੇਂ ਸਮਾਜਵਾਦੀ ਰਿਸ਼ਤੇ ਪੈਦਾ ਕਰਨੇ ਸਨ। ਛੋਟੀ ਪੱਧਰ ਦੀ ਦਸਤਕਾਰੀ ਦੀ ਆਪ-ਮੁਹਾਰੀ ਲਹਿਰ ਨੂੰ ਰੋਕਣਾ, ਬੰਦਸ਼ ਲਾਉਣਾ ਅਤੇ ਦਿਹਾਤੀ ਤੇ ਸ਼ਹਿਰੀ ਨੀਮ-ਬੁਰਜੂਆਜ਼ੀ, ਅਤੇ ਮਿਹਨਤਕਸ਼ ਕਿਸਾਣੀ ਨੂੰ ਸਮਾਜਵਾਦ ਦੇ ਰਾਹ ਉਤੇ ਲਿਆਉਣਾ ਸੀ। ਸਦੀਆਂ ਪੁਰਾਣਾ ਪਛੜਿਆਪਣ, ਜੋ ਕਿ ਕੀਤੇ ਦੇ ਵਿਰਸੇ ਵਿਚ ਸੀ, ਉਸ ਉਤੇ ਕਾਬੂ ਪਾ ਕੇ ਸਮਾਜਵਾਦ ਦੇ ਰਾਹ ਉਤੇ ਦੇਸ਼ ਦੇ ਆਜ਼ਾਦ ਅਤੇ ਖੁਦਮੁਖਤਾਰ ਵਿਕਾਸ ਨੂੰ ਯਕੀਨੀ ਬਣਾਉਣਾ ਸੀ। ਕਿਸੇ ਵੀ ਬਦੇਸ਼ੀ ਹਮਲੇ ਦੀ ਹਾਲਤ ਵਿਚ ਆਪਣੇ ਵਤਨ ਦੀ ਹਿਫਾਜ਼ਤ ਨੂੰ ਮਜ਼ਬੂਤ ਕਰਨਾ ਪੈਣਾ ਸੀ। ਅਤੇ, ਇਸ ਸਭ ਕਾਸੇ ਦੇ ਨਾਲ ਨਾਲ ਪ੍ਰੋਲਤਾਰੀ ਦੁਨਿਆਵੀ ਨਜ਼ਰੀਏ ਅਤੇ ਇਖਲਾਕ ਦੇ ਅਧਾਰ ਤੇ ਲੋਕਾਂ ਦੀ ਰੁਹਾਨੀਅਤ ਵਿਚ ਇੱਕ ਬੇਮਿਸਾਲ ਤਬਦੀਲੀ ਲਿਆ-ਉਣੀ ਪੈਣੀ ਸੀ।

ਲੋਕ-ਤੰਤਰੀ ਅਲਬਾਨੀਆਂ ਦਾ ਪਹਿਲਾ ਸੰਵਿਧਾਨ ਜੋ ਕਿ ਪਾਰਟੀ ਨੇ ਲੋਕਾਂ ਅਤੇ ਦੇਸ਼ ਨੂੰ ਸੌਂਪਿਆ ਸੀ, ਉਸ ਨੇ ਇਨ੍ਹਾਂ ਸਭ ਇਤਿਹਾਸਕ ਸਮੱਸਿਆਵਾਂ ਦੇ ਹੱਲ ਅਤੇ ਕਾਰਜਾਂ ਵਿਚ ਪੂਰੀ ਸੇਵਾ ਕੀਤੀ। ਇਹ ਸੰਵਿਧਾਨ ਉਨ੍ਹਾਂ ਸਭ ਮੁੱਖ ਇਨਕਲਾਬੀ ਤਬਦੀਲੀਆਂ ਦਾ ਅਧਾਰ ਬਣ ਗਿਆ ਜੋਕਿ ਸਾਡੇ ਅਜ਼ਾਦ ਜੀਵਨ ਦੇ ਤਿੰਨ ਦਹਾਕਿਆਂ ਵਿਚ ਪ੍ਰਾਪਤ ਕੀਤੀਆਂ ਗਈਆਂ ਹਨ —ਦੇਸ਼ ਦਾ ਉਦਯੋਗੀ-

ਕਰਣ, ਦਿਹਾਤ ਵਿਚ ਸਮਾਜਵਾਦੀ ਤਬਦੀਲੀ, ਵਿਚਾਰਧਾਰਕ, ਸੱਭਿਆਚਾਰਕ ਤੇ ਸਿੱਖਿਆ ਦੇ ਖੇਤਰ ਵਿਚ ਇਨਕਲਾਬ ਲਿਆਉਣਾ, ਸਮੁੱਚੇ ਸਮਾਜ ਦੀ ਖਲਾਸੀ ਅਤੇ ਉਨੱਤੀ।

ਇਨ੍ਹਾਂ ਸਾਰੀਆਂ ਜਿੱਤਾਂ ਦੇ ਕਾਰਨ, ਇਨ੍ਹਾਂ ਸਾਰੀਆਂ ਤਬਦੀਲੀਆਂ ਅਤੇ ਪ੍ਰਾਪਤੀਆਂ ਦੇ ਕਾਰਨ, ਅਤੇ ਸਾਡੇ ਦੇਸ਼ ਦੀਆਂ ਭਵਿੱਖ ਦੀਆਂ ਉਮੀਦਾਂ ਦੇ ਕਾਰਨ ਸੰਵਿਧਾਨ ਵਿਚ ਤਰਮੀਮ ਕਰਨਾ, ਜਿਵੇਂ ਕਿ ਛੇਵੀਂ ਕਾਂਗਰਸ ਵਲੋਂ ਫੈਸਲਾ ਲਿਆ ਗਿਆ ਸੀ, ਲਾਜ਼ਮੀ ਬਣ ਗਿਆ।

ਇਨ੍ਹਾਂ ਸਾਲਾਂ ਦੇ ਦੁਰਾਨ ਪਾਰਟੀ ਦੀ ਕੇਂਦਰੀ ਕਮੇਟੀ ਨੇ ਨਵੇਂ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਾਸਤੇ ਅਤੇ ਜ਼ਰੂਰੀ ਅਧਿਅਨ ਨੂੰ ਸਿਰੇ ਚਾੜ੍ਹਨ ਲਈ ਹਰ ਪੱਖ ਤੋਂ ਕੰਮ ਕੀਤਾ। ਕੇਂਦਰੀ ਕਮੇਟੀ ਦੇ ਅੱਠਵੇ ਪਲੈਨਮ ਨੇ ਆਪਣਾ ਸਾਰਾ ਧਿਆਨ ਖਾਸ ਕਰਕੇ ਇਸ ਮਸਲੇ ਤੇ ਕੇਂਦ੍ਰਤ ਕੀਤਾ। ਇਸ ਨੇ ਉਸ ਖਰੜੇ ਦਾ ਨਿਰੀਖਣ ਕੀਤਾ ਜੋ ਪੀਪਲਜ਼ ਅਸੈਂਬਲੀ ਨੇ ਤਿਆਰ ਕਰਕੇ, ਵਿਚਾਰ-ਵਟਾਂਦਰੇ ਦੇ ਵਾਸਤੇ, ਇਸ ਸਾਲ ਜਨਵਰੀ ਵਿਚ ਲੋਕਾਂ ਵਿਚ ਪੇਸ਼ ਕੀਤਾ ਸੀ।

ਇਸ ਮਹਾਨ ਸਿਆਸੀ ਅਤੇ ਵਿਚਾਰਧਾਰਕ ਐਕਸ਼ਨ ਵਿਚ ਮੇਹਨਤਕਸ਼ ਲੋਕਾਂ ਦੇ ਵਿਸ਼ਾਲ ਸਮੂਹ ਨੇ ਖੁਲ੍ਹੇ ਤੌਰ ਤੇ ਸਾਡੀ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਸਟੇਟ ਦੇ ਇਸ ਨਵੇਂ ਬੁਨਿਆਦੀ ਕਾਨੂੰਨ ਬਾਰੇ ਆਪਣੇ ਵਿਚਾਰ ਦਿੱਤੇ। ਕਰੀਬ 1,500,000 ਲੋਕਾਂ, ਜਾਣੀ ਕਿ ਦੇਸ਼ ਦੀ ਸਾਰੀ ਬਾਲਗ ਵਸੋਂ ਨੇ ਮੀਟਿੰਗਾਂ ਵਿਚ ਹਿੱਸਾ ਲਿਆ, ਅਤੇ ਕਰੀਬ 300,000 ਲੋਕਾਂ ਨੇ ਵਿਚਾਰ-ਵਟਾਂਦਰੇ ਵਿਚ ਹਿੱਸਾ ਲਿਆ।

ਨਵੇਂ ਸੰਵਿਧਾਨ ਦੇ ਖਰੜੇ ਦੀ ਸਰਬ-ਸੰਮਤੀ ਨਾਲ ਮਨਜ਼ੂਰੀ, ਦਰਅਸਲ, ਪਾਰਟੀ ਮਾਰਕਸਵਾਦੀ-ਲੈਨਿਨਵਾਦੀ ਸੇਧ, ਅਤੇ ਇਸ ਵਲੋਂ ਅਪਣਾਏ ਗਏ ਇਨਕਲਾਬੀ ਰਾਹ ਦੀ ਮਨਜ਼ੂਰੀ ਸੀ। ਕੰਮ ਦੇ ਕੇਂਦਰਾਂ ਅਤੇ ਜ਼ਰਾਇਤੀ ਕੋਆਪ੍ਰੇਟਿਵਾਂ ਵਿਚ, ਸਕੂਲਾਂ ਅਤੇ ਸੈਨਕ ਇਕਾਈਆਂ ਵਿਚ, ਸੱਭਿਆਚਾਰਕ ਅਤੇ ਪ੍ਰਬੰਧਕੀ ਸੰਸਥਾਵਾਂ ਵਿਚ ਕੀਤੀਆਂ ਗਈਆਂ ਸੈਂਕੜੇ ਮੀਟਿੰਗਾਂ ਅਤੇ ਇਸ ਦੇ ਨਾਲ ਨਾਲ ਇਸ ਨਵੇਂ ਸੰਵਿਧਾਨ ਦੀ ਹਮਾਇਤ ਵਿਚ ਕੇਂਦਰੀ ਕਮੇਟੀ ਨੂੰ ਭੇਜੇ ਗਏ ਹਜ਼ਾਰਾਂ ਪੱਤਰ ਅਤੇ ਟੈਲੀਗ੍ਰਾਮਾਂ, ਪਾਰਟੀ ਅਤੇ ਇਸ ਦੀ ਲਾਈਨ ਦੇ ਗਿਰਦ ਸਾਡੇ ਸਮੁਚੇ ਲੋਕਾਂ ਦੀ ਫੌਲਾਦੀ ਏਕਤਾ, ਉਨ੍ਹਾਂ ਦੇ ਇਨਕਲਾਬੀ ਆਸ਼ਾਵਾਦ ਅਤੇ ਸਮਾਜਵਾਦੀ ਭਵਿੱਖ ਵਿਚ ਉਨ੍ਹਾਂ ਦੇ ਦ੍ਰਿੜ ਵਿਸ਼ਵਾਸ ਦੀ ਗਵਾਹੀ ਹਨ।

ਮਹਾਨ ਹਰਮਨ-ਪਿਆਰਾ ਵਿਚਾਰ-ਵਟਾਂਦਰਾ, ਆਜ਼ਾਦ ਤੌਰ ਤੇ ਵੱਖ ਵੱਖ ਲੋਕਾਂ ਦਾ ਵਿਚਾਰ ਪੇਸ਼ ਕਰਨਾ, ਜੀਵਨ-ਭਰਪੂਰ ਅਤੇ ਉਸਾਰੂ ਬਹਿਸਾਂ ਸਾਡੀ ਸਮਾਜਵਾਦੀ ਜਮਹੂਰੀਅਤ ਅਤੇ ਲੋਕਾਂ ਵਾਸਤੇ ਇੱਕ ਅਸਲੀ ਖੁਦਮੁਖਤਾਰੀ ਦਾ ਸਬੂਤ ਹਨ। ਇਸ ਨੇ ਅਮਲ ਵਿਚ ਦਿਖਾਇਆ ਹੈ ਕਿ ਸਮਾਜਵਾਦੀ ਅਲਬਾਨੀਆਂ ਵਿਚ ਲੋਕ ਖੁਦ ਆਪਣੀ ਕਿਸਮਤ ਦੇ ਮਾਲਕ ਹਨ, ਅਤੇ ਉਨ੍ਹਾਂ ਦੀ ਮਰਜ਼ੀ ਦੇ ਉਲਟ ਕੁੱਝ ਵੀ ਨਹੀਂ ਕੀਤਾ ਜਾ ਸਕਦਾ। ਸੰਵਿਧਾਨ ਦੇ ਖਰੜੇ ਉਤੇ ਵਿਚਾਰ-ਵਟਾਂਦਰੇ ਦੇ ਦੁਰਾਨ ਇੱਕ ਸਧਾਰਨ ਕਿਸਾਨ ਨੇ ਕਿਹਾ, "ਗਰੀਬ ਲੋਕਾਂ ਵਾਸਤੇ ਲਫਜ਼, 'ਕਾਨੂੰਨ', ਇੱਕ ਡਰਾਉਣਾ ਲਫਜ਼ ਸੀ। ਇਸ ਦਾ ਮਤਲਬ ਸੀ ਭੁੱਖ-ਮਰੀ ਦਾ ਡਰ ਕੈਦ ਦਾ ਡਰ, ਮੌਤ ਦਾ ਡਰ। ਅੱਜ ਲੋਕ ਖੁਦ ਕਾਨੂੰਨ ਬਣਾਉਂਦੇ ਹਨ ਅਤੇ ਉਹ ਇਹ ਕਾਨੂੰਨ ਆਪਣੇ ਭਲੇ ਵਾਸਤੇ ਬਣਾਉਂਦੇ ਹਨ।"

ਆਮ ਲੋਕਾਂ ਨੇ ਬਹੁਤ ਸਾਰੇ ਲਾਭਦਾਇਕ ਸੁਝਾਅ ਦਿੱਤੇ ਅਤੇ ਉਨ੍ਹਾਂ ਸਾਹਮਣੇ ਰੱਖੇ ਗਏ ਖਰੜੇ ਨੂੰ ਸੁਧਾਰਨ ਵਿਚ, ਇਸ ਨੂੰ ਸਾਡੀ ਸਮਾਜਵਾਦੀ ਸਟੇਟ ਦੇ ਬੁਨਿਆਦੀ ਕਾਨੂੰਨ ਵਿਚ ਨਿਰਧਾਰਤ ਕੀਤੀ ਗਈ ਪੱਧਰ ਤੇ ਲਿਆਉਣ ਵਿਚ ਇੱਕ ਤਕੜੀ ਦੇਣ ਦਿੱਤੀ।

ਨਵੇਂ ਸੰਵਿਧਾਨ ਦਾ ਖਰੜਾ, ਜੋ ਕਿ ਅੰਤਿਮ ਮਨਜ਼ੂਰੀ ਵਾਸਤੇ ਜਲਦ ਹੀ ਪੀਪਲਜ਼ ਅਸੰਬਲੀ ਨੂੰ ਪੇਸ਼ ਕੀਤਾ ਜਾਏਗਾ, ਵਿਸ਼ੇਸ਼ ਮਹੱਤਤਾ ਵਾਲਾ ਇੱਕ ਕਾਨੂੰਨੀ ਦਸਤਾਵੇਜ਼ ਹੈ। ਇਹ ਇੱਕ ਮਹਾਨ ਸਿਧਾਂਤਕ ਅਤੇ ਅਮਲੀ, ਸਿਆਸੀ ਤੇ ਵਿਚਾਰਧਾਰਕ ਕਦਰ ਵਾਲਾ ਦਸਤਾਵੇਜ਼ ਹੈ, ਜਿਸ ਉਤੇ ਸਮਾਜਵਾਦੀ ਸਮਾਜ ਦੀ ਪੂਰਨ ਉਸਾਰੀ ਦੇ ਪੜਾਅ ਵਿਚ, ਸਾਡਾ ਸਮਾਜੀ, ਆਰਥਕ ਅਤੇ ਸੱਭਿਆਚਾਰਕ ਵਿਕਾਸ ਅਧਾਰਤ ਹੋਵੇਗਾ।

ਨਵਾਂ ਸੰਵਿਧਾਨ ਮਾਰਕਸਵਾਦ-ਲੈਨਿਨਵਾਦ ਦੀ ਵਿਚਾਰਧਾਰਾ ਅਤੇ ਬੁਨਿਆਦੀ ਅਸੂਲਾਂ ਨਾਲ ਭਰਪੂਰ ਹੈ, ਸਾਡੀ ਪਾਰਟੀ ਆਫ ਲੇਬਰ ਦੀਆਂ ਸਿੱਖਿਆਵਾਂ ਅਤੇ ਇਨਕਲਾਬੀ ਤਜਰਬੇ ਦਾ ਪ੍ਰਤੱਖ ਰੂਪ ਹੈ, ਅਤੇ ਸਾਡੇ ਲੋਕਾਂ ਦੀ ਉਸਾਰੂ ਸੋਚਣੀ ਨੂੰ ਦਰਸਾਉਂਦਾ ਹੈ। ਇਹ ਵਿਗਿਆਨਕ ਸਮਾਜਵਾਦ ਦੇ ਬੁਨਿਆਦੀ ਅਸੂਲਾਂ ਨੂੰ ਐਲਾਨਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਬਣਾਉਂਦਾ ਹੈ, ਜੋ ਅਸੂਲ, ਇੱਕ ਸਹੀ ਸਮਾਜਵਾਦੀ ਸਮਾਜ ਲਈ ਜਰੂਰੀ ਹਨ, ਜਿਸ ਵਿਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਕਾਇਮ ਕੀਤੀ ਜਾ ਚੁੱਕੀ ਹੈ, ਜਿਸ ਵਿਚ ਮਜਦੂਰ ਜਮਾਤ ਆਪਣੀ ਪਾਰਟੀ ਦੀ ਅਗਵਾਈ ਹੇਠ, ਵਾਂਕਈ ਅਗਵਾਈ ਵਾਲਾ ਰੋਲ ਅਦਾ ਕਰਦੀ

ਹੈ।

ਸਾਡਾ ਨਵਾਂ ਬੁਨਿਆਦੀ ਕਾਨੂੰਨ ਉਨ੍ਹਾਂ ਮਾਰਕਸਵਾਦੀ-ਲੈਨਿਨਵਾਦੀ ਕਨੂੰਨਾਂ ਦੀ ਪ੍ਰੋੜ੍ਹਤਾ ਕਰਦਾ ਹੈ ਜਿਹੜੇ ਕਿ ਲੋਕ-ਤੰਤਰੀ ਅਲਬਾਨੀਆਂ ਦੇ ਪੁਰਾਣੇ ਸੰਵਿ-ਧਾਨ ਦੀ ਨੀਂਹ ਸਨ। ਪਰ ਨਵਾਂ ਸੰਵਿਧਾਨ ਮੌਜੂਦਾ ਸੰਵਿਧਾਨ ਵਿਚ ਇੱਕ ਗੁਣਾ-ਤਮਿਕ ਤਬਦੀਲੀ ਦਾ ਸੂਚਕ ਹੈ, ਜੋ ਕਿ ਇਨਕਲਾਬ ਦੇ ਮੌਜੂਦਾ ਪੜਾਅ, ਜਿਸ ਉਤੇ ਸਾਡਾ ਮੁਲਕ ਪਹੁੰਚ ਚੁੱਕਾ ਹੈ, ਨਾਲ ਮੇਲ ਖਾਂਦਾ ਹੈ।

ਪ੍ਰਾਪਤ ਕੀਤੀਆਂ ਜਾਂ ਚੁੱਕੀਆਂ ਜਿੱਤਾਂ, ਅਤੇ ਸਮਾਜਵਾਦ ਦੇ ਰਾਹ ਉਤੇ ਦੇਸ਼ ਦੇ ਵਿਕਾਸ ਦੇ ਝੁਕਾਵਾਂ ਦੀ ਤਸਦੀਕ ਕਰਨ ਦੇ ਨਾਲ ਨਾਲ, ਨਵਾਂ ਸੰਵਿਧਾਨ ਭਵਿੱਖ ਵਿਚ ਘੋਲ ਅਤੇ ਕੰਮ ਦਾ ਵੀ ਇੱਕ ਪ੍ਰੋਗਰਾਮ ਪੇਸ਼ ਕਰਦਾ ਹੈ। ਇਸ ਦਾ ਉਦੇਸ਼ ਹੈ ਇੱਕ ਸਹੀ ਸਮਾਜਵਾਦੀ ਸਮਾਜ ਦੀਆਂ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਸੰਬੰਧਾਂ ਦੇ ਵਿਕਾਸ ਨੂੰ ਵੱਧ ਤੋਂ ਵੱਧ ਮੌਕਾ ਦੇਣਾ, ਸਾਡੇ ਨਵੇਂ ਮਨੁੱਖ ਦੀ ਇਨਕਲਾਬੀ ਮੁਕਤੀ ਅਤੇ ਸਿਖਲਾਈ ਦਾ ਰਾਹ ਖੋਲ੍ਹਣਾ, ਸਮਾਜਵਾਦੀ ਢਾਂਚੇ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਰਾਖੀ ਕਰਨਾ ਅਤੇ ਇਸਨੂੰ ਹੋਰ ਮਜਬੂਤ ਬਣਾਉਣਾ, ਅਤੇ ਸਾਡੇ ਮੁਲਕ ਦੀ ਕਮਿਊਨਿਜ਼ਮ ਵਲ ਤਰੱਕੀ ਵਾਸਤੇ ਵੱਧ ਤੋਂ ਵੱਧ ਲਾਹੇਵੰਦ ਹਾਲਾਤ ਪੈਦਾ ਕਰਨਾ।

ਸਮਾਜਵਾਦੀ ਇਨਕਲਾਬ ਦੇ ਵਿਕਾਸ ਦੇ ਖੇਤਰ ਵਿਚ ਸਾਡੀ ਪਾਰਟੀ ਦੀ ਸੋਧ ਅਤੇ ਤਜਰਬੇ ਦਾ ਲੇਖਾ-ਜੋਖਾ ਕਰਦਾ ਹੋਇਆ ਇਹ ਮਹੱਤਵਪੂਰਨ ਦਸਤਾਵੇਜ਼, ਸੋਧਵਾਦ ਅਤੇ ਸਰਮਾਏਦਾਰੀ ਦੀ ਮੁੜ-ਬਹਾਲੀ ਦਾ ਰਾਹ ਰੋਕਣ ਲਈ ਨਿਆਂ-ਇਕ, ਸਿਆਸੀ, ਵਿਚਾਰਧਾਰਕ ਅਤੇ ਆਰਥਕ ਵਿਉਂਤਾਂ ਦੀ ਵੀ ਤਸਦੀਕ ਕਰਦਾ ਹੈ। ਇਸ ਪੱਖ ਤੋਂ, ਸਾਡਾ ਸੰਵਿਧਾਨ ਵਿਗਿਆਨਕ ਸਮਾਜਵਾਦ ਦੇ ਸਿਧਾਂਤ ਅਤੇ ਅਮਲ ਵਿਚ ਪਾਰਟੀ ਆਫ ਲੇਬਰ ਆਫ ਅਲਬਾਨੀਆਂ ਦੀ ਇੱਕ ਤਕੜੀ ਦੇਣ ਹੈ।

ਨਵਾਂ ਸੰਵਿਧਾਨ ਆਪਣਾ ਜਮਾਤੀ ਖਾਸਾ ਨਹੀਂ ਛੁਪਾਉਂਦਾ। ਇਹ ਸਾਡੀ ਸਟੇਟ ਦੇ ਖਾਸੇ ਨੂੰ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਤੌਰ ਤੇ ਐਲਾਨਦਾ ਅਤੇ ਤਸ-ਦੀਕ ਕਰਦਾ ਹੈ, ਸਟੇਟ ਅਤੇ ਸਮੁੱਚੇ ਸਮਾਜ ਵਿਚ ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਐਲਾਨਦਾ ਅਤੇ ਤਸਦੀਕ ਕਰਦਾ ਹੈ, ਇਹ ਜਮਾਤੀ ਘੋਲ ਨੂੰ ਸਾਡੇ ਸਮੁੱਚੇ ਸਮਾਜ ਨੂੰ ਅੱਗੇ ਲੈਜਾਣ ਵਾਲੀ ਮੁੱਖ ਚਾਲਕ ਸ਼ਕਤੀ ਦੇ ਤੌਰ ਤੇ ਐਲਾਨਦਾ ਅਤੇ ਤਸਦੀਕ ਕਰਦਾ ਹੈ।

ਮਾਰਕਸ ਨੇ ਕਿਹਾ, ਸਮਾਜਵਾਦ,

"... ਪ੍ਰੋਲਤਾਰੀ ਦੀ ਜਮਾਤੀ ਡਿਕਟੇਟਰਸ਼ਿਪ ਹੈ, ਜੋਕਿ ਮੋਟੇ ਤੌਰਤੇ ਜਮਾਤੀ ਵਖਰੇਵਿਆਂ ਦੇ ਖਾਤਮੇ, ਉਨ੍ਹਾਂ ਸਭ ਪੈਦਾਵਾਰੀ ਸਬੰਧਾਂ ਦੇ ਖਾਤਮੇ ਜਿਨ੍ਹਾਂ ਉਤੇ ਇਹ ਅਧਾਰਿਤ ਹਨ, ਉਨ੍ਹਾਂ ਸਭ ਸਮਾਜੀ ਰਿਸ਼ਤਿਆਂ ਦੇ ਖਾਤਮੇ ਜੋ ਇਨ੍ਹਾਂ ਪੈਦਾਵਾਰੀ ਸਬੰਧਾਂ ਨਾਲ ਮੇਲ ਖਾਂਦੇ ਹਨ, ਉਨ੍ਹਾਂ ਸਾਰੇ ਖਿਆਲਾਂ ਨੂੰ ਪਛਾੜਨ, ਜੋ ਇਨ੍ਹਾਂ ਸਮਾਜੀ ਰਿਸ਼ਤਿਆਂ ਤੋਂ ਪੈਦਾ ਹੁੰਦੇ ਹਨ, ਵਿਚ ਇੱਕ ਲਾਜ਼ਮੀ ਲਾਂਘਾ ਹੈ।"*

ਸਾਡੇ ਦੇਸ਼ ਦੇ ਇਨਕਲਾਬੀ ਤਜਰਬੇ ਵਿਚ ਮਾਰਕਸ ਦੀ ਨਿਪੁੰਨਤਾਂ ਦੀਆਂ ਇਹ ਸਿੱਖਿਆਵਾਂ ਪੂਰੀ ਤਰ੍ਹਾਂ ਸਹੀ ਸਿੱਧ ਹੋ ਚੁੱਕੀਆਂ ਹਨ। ਸਮਾਜਵਾਦੀ ਇਨਕਲਾਬ ਨੂੰ ਇਸ ਦੀ ਅੰਤਿਮ ਜਿੱਤ ਤਕ ਲਿਜਾਣ ਵਾਸਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਇੱਕ ਮਜਬੂਤ ਅਤੇ ਫੈਸਲਾਂਕੁਨ ਹਥਿਆਰ ਹੈ। ਇਨਕਲਾਬ ਦਾ ਮਹੱਤਵਪੂਰਨ ਕੰਮ, ਜਾਣੀ ਕਿ, ਸਮਾਂਜਵਾਦੀ ਆਰਥਕਤਾ ਅਤੇ ਸੱਭਿਆਚਾਰ ਦਾ ਸਰਬ-ਪੱਖੀ ਵਿਕਾਸ, ਸਮਾਜਵਾਦ ਅਤੇ ਜਮਾਤਾਂ ਤੋਂ ਰਹਿਤ ਕਮਿਊਨਿਸਟ ਸਮਾਜ ਦੀਉਸਾਰੀ ਦੀ ਜਥੇਬੰਦੀ ਅਤੇ ਮੈਨੇਜਮੈਂਟ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਰਾਹੀਂ ਹੀ ਸਫਲ ਬਣਾਈ ਜਾਂਦੀ ਹੈ। ਇਹ ਸਮਾਜਵਾਦੀ ਸਮਾਜਿਕ ਜੀਵਨ ਨੂੰ ਪੁਰਾਣੇ ਸਮਾਜ ਦੇ ਸਭ ਲੱਛਣਾਂ ਤੋਂ ਰਹਿਤ ਬਣਾਉਣਾ, ਮਿਹਨਤਕਸ਼ ਲੋਕਾਂ ਦੇ ਦਿਮਾਗਾਂ ਵਿਚੋਂ ਹਰ ਅਜੇਹਾ ਵਿਚਾਰ ਕੱਢਣ ਜੋ ਪਿਛਾਂਹ ਵਲ ਖਿਚਦਾ ਹੋਵੇ, ਕਮਿਊਨਿਸਟ ਸਿੱਖਿਆ ਨੂੰ ਅੱਗੇ ਵਧਾਉਣ, ਸਭ ਮਜਦੂਰ ਲੋਕਾਂ ਨੂੰ ਸਮਾਜਵਾਦ ਅਤੇ ਕਮਿਊਨਿਜ਼ਮ ਦੇ ਰਾਹ ਉਤੇ, ਹਰਾਵਲ ਦਸਤੇ, ਮਜਦੂਰ ਜਮਾਤ ਅਤੇ ਇਸਦੀ ਪਾਰਟੀ, ਦੇਗਿਰਦ ਇੱਕ-ਮੁੱਠ ਕਰਨ ਦੇ ਘੋਲ ਵਿਚ ਵੀ ਬਹੁਤ ਮਹੱਤਵਪੂਰਨ ਰੋਲ ਅਦਾ ਕਰਦੀ ਹੈ।

ਅਲਬਾਨੀਆਂ ਵਿਚ ਇਨਕਲਾਬ ਅਤੇ ਸਮਾਜਵਾਦ ਦੀ ਉਸਾਰੀ ਦਾ ਤਜਰਬਾ ਇਹ ਸਾਬਤ ਕਰਦਾ ਹੈ ਕਿ ਮਜਦੂਰ ਜਮਾਤ ਵਾਸਤੇ ਇਹ ਲਾਜ਼ਮੀ ਹੈ ਕਿ ਉਹ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਵਰਤਕੇ ਪੁਰਾਣੇ ਅਤੇ ਨਵੇਂ ਦੁਸ਼ਮਣਾਂ ਨੂੰ ਭਾਂਜ ਦੇਵੇ, ਪੁਰਾਣਾ ਢਾਂਚਾ ਮੁੜ-ਬਹਾਲ ਕਰਨ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਹਰਾਵੇ, ਬਾਹਰੀ ਖਤਰੇ ਦਾ ਮੁਕਾਬਲਾ ਕਰਨ ਲਈ ਵੀ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਜਰੂਰੀ ਹੈ, ਜੋ ਖਤਰਾ ਸਮਾਜਵਾਦੀ ਢਾਂਚੇ ਨੂੰ ਤਬਾਹ ਕਰਨ ਵਾਸਤੇ ਸਾਮਰਾਜ-

---

*ਕਾਰਲ ਮਾਰਕਸ, ਫ: ਏਂਗਲਜ਼, "ਚੋਣਵੀਂ ਰਚਨਾ", ਜਿਲਦ 1, ਸਫਾ 226, (ਅਲਬਾ-ਨੀਅਨ ਐਡੀਸ਼ਨ)

ਵਾਦ ਅਤੇ ਸਮਾਜਿਕ-ਸਾਮਰਾਜਵਾਦ ਦੀਆਂ ਹਮਲਾਵਰ ਸਕੀਮਾਂ ਤੋਂ ਪੈਦਾ ਹੁੰਦਾ ਹੈ।

ਸਮਾਜਵਾਦ ਤੋਂ ਕਮਿਊਨਿਜ਼ਮ ਵਲ ਤਬਦੀਲੀ ਦੇ ਸਮੁੱਚੇ ਦੌਰ ਵਿਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਬਰਕਰਾਰ ਰੱਖਣਾ ਅਤੇ ਇਸਨੂੰ ਲਗਾਤਾਰ ਮਜ਼ਬੂਤ ਬਣਾਉਣਾ ਲਾਜ਼ਮੀ ਹੈ ਜਿਵੇਂ ਕਿ ਸੋਵੀਅਤ ਯੂਨੀਅਨ ਅਤੇ ਕੁੱਝ ਹੋਰ ਮੁਲਕਾਂ ਦੇ ਉਲਟ-ਤਜਰਬੇ ਤੋਂ ਸਾਫ ਜ਼ਾਹਿਰ ਹੈ, ਜਿੱਥੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਸੂਲਾਂ ਤੋਂ ਗਿਰਾਵਟ ਨੇ ਸੋਧਵਾਦ ਨੂੰ ਜਨਮ ਦਿੱਤਾ ਜੋ ਉਲਟ-ਇਨਕਲਾਬ ਦਾ ਸਭ ਤੋਂ ਖਤਰਨਾਕ ਹਥਿਆਰ ਹੈ, ਅਤੇ ਜਿਸ ਕਰਕੇ ਸਮਾਜਵਾਦੀ ਢਾਂਚਾ ਤਬਾਹ ਹੋ ਗਿਆ ਅਤੇ ਸਰਮਾਏਦਾਰਾ ਗੁਲਾਮੀ ਅਤੇ ਸਮਾਜੀ ਫਾਸ਼ੀਵਾਦ ਦੀ ਮੁੜ-ਬਹਾਲੀ ਹੋਈ।

ਸਮਾਜਵਾਦ ਦੇ ਦੁਸ਼ਮਣਾਂ ਨੇ, ਜਾਣੀ ਕਿ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਨੇ ਹਮੇਸ਼ਾ ਹੀ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਆਪਣੇ ਹਮਲਿਆਂ ਦਾ ਮੁੱਖ ਨਿਸ਼ਾਨਾਂ ਬਣਾਇਆ ਹੈ। ਹੁਣ, ਸਾਰੇ ਹੀ ਸੋਧਵਾਦੀ ਗਦਾਰਾਂ ਅਤੇ ਸਰਮਾਏਦਾਰੀ ਦੇ ਪਿਠੂਆਂ ਵਾਸਤੇ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਉਤੇ ਹਮਲੇ ਕਰਨਾ ਅਤੇ ਖੁੱਸੀ ਹੋਈ ਜਮਹੂਰੀਅਤ ਦੀ ਕਥਿਤ ਮੁੜ-ਬਹਾਲੀ ਦੀਆਂ ਬੀਨਾਂ ਵਜਾਉਣੀਆਂ ਇੱਕ ਫੈਸ਼ਨ ਵਾਲੀ ਗੱਲ ਹੈ। ਉਨ੍ਹਾਂ ਦਾ ਮਕਸਦ ਹੈ, ਮਾਰਕਸਵਾਦ-ਲੈਨਿਨਵਾਦ ਅਤੇ ਇਨਕਲਾਬ ਦੇ ਮੂਲ-ਮੁੱਦੇ ਉਤੇ ਹਮਲਾ ਕਰਨਾ ਅਤੇ ਨਵਾਂ ਸਮਾਜਵਾਦੀ ਜੀਵਨ ਉਸਾਰਨ ਦੇ ਪ੍ਰੋਲਤਾਰੀ ਦੇ ਬੁਨਿਆਦੀ ਹਥਿਆਰ ਨੂੰ ਤਬਾਹ ਕਰਨਾ। ਇਸ ਕਰਕੇ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਵੱਲ ਰਵੱਈਆ ਇਸ ਗੱਲ ਦਾ ਸੂਚਕ ਰਿਹਾ ਹੈ ਅਤੇ ਅੱਜ ਵੀ ਹੈ ਕਿ ਕੌਣ ਅਸਲੀ ਮਾਰਕਸਵਾਦੀ-ਲੈਨਿਨਵਾਦੀ ਅਤੇ ਪ੍ਰੋਲਤਾਰੀ ਇਨਕਲਾਬੀ ਹਨ ਅਤੇ ਕੌਣ ਮੌਕਾਪ੍ਰਸਤ ਅਤੇ ਹੋਰ ਹਰ ਕਿਸਮ ਦੇ ਮਜ਼ਦੂਰ ਜਮਾਤ ਦੇ ਗਦਾਰ ਹਨ।

ਸਾਡੇ ਦੇਸ਼ ਵਿਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਹਮੇਸ਼ਾ ਹੀ ਮਜ਼ਬੂਤ ਤੇ ਅਜਿੱਤ ਰਹੀ ਹੈ ਕਿਉਂਕਿ ਪਾਰਟੀ ਨੇ ਮਾਰਕਸਵਾਦ ਦੀਆਂ ਸਿੱਖਿਆਵਾਂ ਨੂੰ ਵਫਾਦਾਰੀ ਨਾਲ ਲਾਗੂ ਕੀਤਾ ਹੈ, ਜਮਾਤੀ ਘੋਲ ਨੂੰ ਸਹੀ ਢੰਗ ਨਾਲ ਚਲਾਇਆ ਹੈ, ਅਤੇ ਆਪਣੀ ਇਨਕਲਾਬੀ ਚੌਕਸੀ ਨੂੰ ਸਦਾ ਹੀ ਉਚਾ ਰੱਖਿਆ ਹੈ। ਇਸਨੇ ਹਮੇਸ਼ਾ ਹੀ ਪ੍ਰੋਲਤਾਰੀ ਸਟੇਟ ਨੂੰ, ਸਟੇਟ ਅਤੇ ਦੇਸ਼ ਦੀ ਰੱਖਿਆ ਨੂੰ ਮਜ਼ਬੂਤ ਬਣਾਇਆ ਹੈ, ਅਤੇ ਲਗਾਤਾਰ ਸਭ ਅਜੇਹੇ ਲੱਛਣਾ ਦਾ ਡਟ ਕੇ ਮੁਕਾਬਲਾ ਕੀਤਾ ਹੈ ਜਿਨ੍ਹਾਂ ਨਾਲ ਸਮਾਜਵਾਦੀ ਸਮਾਜਿਕ ਅਤੇ ਰਾਜਸੀ ਢਾਂਚੇ ਵਿਚ ਗਿਰਾਵਟ ਆਂਦੀ ਹੋਵੇ।

ਸਾਡੇ ਮੁਲਕ ਦੇ ਭਰਪੂਰ ਇਨਕਲਾਬੀ ਤਜਰਬੇ, ਨਾਲੋ ਨਾਲ ਕੌਮਾਂਤਰੀ ਤਜਰਬੇ ਦਾ ਜ਼ਾਇਜ਼ਾ ਲਾਉਂਦਾ ਹੋਇਆ ਅਤੇ ਇਸਨੂੰ ਦਰਸਾਉਂਦਾ ਹੋਇਆ, ਮਾਰਕਸ-ਵਾਦ-ਵਿਰੋਧੀ ਸਿਧਾਂਤਾਂ ਜਿਵੇਂ ਕਿ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਪੜਾਅ ਪਿੱਛੇ ਰਹਿ ਚੁੱਕਾ ਹੈ, ਜਾਂ "ਸਮੁੱਚੇ ਲੋਕਾਂ ਦੀ ਸਟੇਟ" ਆਦਿ ਦਾ ਖੰਡਨ ਕਰਦਾ ਹੋਇਆ, ਨਵੇਂ ਸੰਵਿਧਾਨ ਦਾ ਖਰੜਾ ਸਾਫ ਤੌਰ ਤੇ ਕਹਿੰਦਾ ਹੈ "ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ ਅਲਬਾਨੀਆਂ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਸਟੇਟ ਹੈ ਜੋ ਕਿ ਸਭ ਮਿਹਨਤਕਸ਼ ਲੋਕਾਂ ਦੇ ਹਿੱਤਾਂ ਨੂੰ ਦਰਸਾਉਂਦੀ ਅਤੇ ਉਨ੍ਹਾਂ ਦੀ ਰਾਖੀ ਕਰਦੀ ਹੈ।"

ਨਵੇਂ ਸੰਵਿਧਾਨ ਦਾ ਖਰੜਾ, ਸਮਾਜਵਾਦੀ ਜਮਹੂਰੀਅਤ ਅਤੇ ਮਾਨਵਤਾਵਾਦ ਦਾ ਇੱਕ ਸਾਫ ਸਬੂਤ ਹੈ। ਇਹ ਮਾਰਕਸਵਾਦ-ਲੈਨਿਨਵਾਦ ਦੀਆਂ ਸਿੱਖਿਆਵਾਂ ਦੀ ਪ੍ਰੋੜਤਾ ਕਰਦਾ ਹੈ ਕਿ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਮਿਹਨਤਕਸ਼ ਲੋਕਾਂ ਵਾਸਤੇ ਇੱਕ ਵਿਸ਼ਾਲ ਅਤੇ ਪੂਰਨ ਜਮਹੂਰੀਅਤ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਵਿਸ਼ਾਲ ਸਮਾਜਵਾਦੀ ਜਮਹੂਰੀਅਤ ਨੂੰ ਯਕੀਨੀ ਬਣਾਉਣਾ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਰਾਖੀ ਅਤੇ ਮਜਬੂਤੀ ਵਾਸਤੇ ਇੱਕ ਬੁਨਿਆਦੀ ਸ਼ਰਤ ਹੈ ਜਿਵੇਂ ਕਿ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਮਿਹਨਤਕਸ਼ ਲੋਕਾਂ ਵਾਸਤੇ ਅਸਲੀ ਜਮਹੂਰੀਅਤ ਦੀ ਹੋਂਦ ਦੀ ਇੱਕ ਲਾਜ਼ਮੀ ਅਤੇ ਫੈਸਲਾਕੁੰਨ ਸ਼ਰਤ ਹੈ।

ਸਾਡੀ ਸਮਾਜਵਾਦੀ ਜਮਹੂਰੀਅਤ ਨੇ ਮਿਹਨਤਕਸ਼ ਲੋਕਾਂ ਨੂੰ ਸਭ ਸਮਾਜੀ ਅਤੇ ਰਾਜਸੀ ਸਮੱਸਿਆਵਾਂ ਦੇ ਹੱਲ ਵਿਚ ਹਿੱਸਾ ਪਾਉਣ, ਹਰਇੱਕ ਅਤੇ ਹਰ ਚੀਜ਼ ਉਤੇ ਜ਼ਬਤ ਰੱਖਣ, ਵੱਖ ਵੱਖ ਤਰੀਕਿਆਂ ਨਾਲ ਜਥੇਬੰਦ ਤੌਰ ਤੇ ਦੇਸ਼ ਦਾ ਪ੍ਰਬੰਧ ਚਲਾਉਣ ਵਿੱਚ ਹਿੱਸਾ ਪਾਉਣ ਦਾ ਮਹੱਤਵਪੂਰਨ ਮੌਕਾ ਦਿੱਤਾ ਹੈ। ਸਾਡੀ ਪਾਰਟੀ ਮਿਹਨਤਕਸ਼ ਲੋਕਾਂ ਦੇ ਇਸ ਹਿੱਸਾ ਲੈਣ ਨੂੰ ਅਤੇ ਇਸਦੇ ਹੋਰ ਪਸਾਰੇ ਨੂੰ ਸਮਾਜਵਾਦੀ ਜਮਹੂਰੀਅਤ ਦੇ ਵਿਕਾਸ ਦੀ ਇੱਕ ਬੁਨਿਆਦੀ ਦਿਸ਼ਾ ਮੰਨਦੀ ਹੈ, ਇਸਨੂੰ ਸਮਾਜਵਾਦੀ ਉਸਾਰੀ ਦੀ ਉਨਤੀ ਵਿੱਚ ਇੱਕ ਮਹਾਨ ਅੱਗੇ ਲਿਜਾਣ ਵਾਲੀ ਤਾਕਤ ਸਮਝਦੀ ਹੈ, ਅਤੇ ਸਾਡੀ ਸਟੇਟ ਅਤੇ ਸਾਡੇ ਸਮਾਜ ਨੂੰ ਬੁਰਜੂਆ-ਸੋਧਵਾਦੀ ਗਿਰਾਵਟ ਦੇ ਖਤਰੇ ਤੋਂ ਬਚਾਉਣ ਦੇ ਮਹੱਤਵਪੂਰਨ ਤੱਤਾਂ ਵਿਚੋਂ ਇੱਕ ਸਮਝਦੀ ਹੈ। ਪਾਰਟੀ ਦੀ ਇਸ ਲਾਈਨ ਦੀ ਨਵੇਂ ਸੰਵਿਧਾਨ ਵਿਚ ਪੂਰੀ ਤਰ੍ਹਾਂ ਤਸਦੀਕ ਕੀਤੀ ਗਈ ਹੈ।

ਸਮਾਜਵਾਦੀ ਜਮਹੂਰੀਅਤ ਦਾ ਜਜ਼ਬਾ, ਜੋ ਕਿ ਸਾਡੇ ਸਮੁੱਚੇ ਸਮਾਜਿਕ

ਜੀਵਨ ਦਾ ਆਦਰਸ਼ ਹੈ, ਸਾਡੀ ਸਮਾਜਵਾਦੀ ਸਟੇਟ ਦੇ ਸਮੁੱਚੇ ਢਾਂਚੇ ਵਿਚ, ਬੁਨਿਆਦੀ ਪੀਪਲਜ਼ ਕੌਂਸਲਾਂ ਤੋਂ ਲੈਕੇ ਪੀਪਲਜ਼ ਅਸੰਬਲੀ ਤਕ ਹਰ ਜਗ੍ਹਾ ਮਜਬੂਤ ਹੈ। ਨਵੇਂ ਸੰਵਿਧਾਨ ਦਾ ਖਰੜਾ ਸਾਫ ਤੌਰ ਤੇ ਕਹਿੰਦਾ ਹੈ ਕਿ ਰਾਜਸੱਤਾ ਇੱਕ ਨਾ ਵੰਡੀ ਜਾ ਸਕਣ ਵਾਲੀ ਇਕਾਈ ਹੈ ਜੋ ਕਿ ਸਿੱਧੇ ਤੌਰ ਤੇ ਲੋਕਾਂ ਵੱਲੋਂ ਚੁਣੀਆਂ ਗਈਆਂ ਸੰਸਥਾਵਾਂ ਅਤੇ ਪ੍ਰਤੀਨਿੱਧਾਂ ਰਾਹੀਂ ਲਾਗੂ ਕੀਤੀ ਜਾਂਦੀ ਹੈ। ਹੋਰ ਸਭ ਰਾਜਸੀ ਸੰਸਥਾਵਾਂ ਆਪਣੀ ਕਾਰਵਾਈ ਪ੍ਰਤੀਨਿੱਧ ਸੰਸਥਾਵਾਂ ਦੀ ਦੇਖ-ਭਾਲ ਅਤੇ ਕੰਟਰੋਲ ਅਧੀਨ ਚਲਾਉਂਦੀਆਂ ਹਨ ਅਤੇ ਉਨ੍ਹਾਂ ਵਲ ਪੂਰੀ ਤਰ੍ਹਾਂ ਜਵਾਬ-ਦੇਹ ਹਨ। ਇਸ ਨਾਲ ਇਹ ਯਕੀਨੀ ਬਣਦਾ ਹੈ ਕਿ ਨਾ ਸਿਰਫ ਚੁਣੇ ਗਏ ਸਰਕਾਰੀ ਕਾਰਜਕਰਤਾ ਹੀ ਬਲਕਿ ਨਿਯੁਕਤ ਕੀਤੇ ਹੋਏ ਸਰਕਾਰੀ ਕਾਰਜਕਰਤਾ ਵੀ ਲੋਕਾਂ ਵੱਲ ਜਵਾਬਦੇਹ ਹੋਣ ਅਤੇ ਉਨ੍ਹਾਂ ਦੀ ਪੂਰੀ ਜ਼ਬਤ ਵਿਚ ਹੋਣ। ਇਸਤਰ੍ਹਾਂ ਨਾਲ, ਪ੍ਰਤੀਨਿੱਧ ਸੰਸਥਾਵਾਂ ਦੇ ਲੋਕਾਂ ਤੋਂ ਬੇਮੁੱਖ ਹੋਣ ਦੇ ਖਿਲਾਫ ਘੋਲ, ਨੌਕਰਸ਼ਾਹੀ ਦੇ ਖਿਲਾਫ ਘੋਲ ਅਤੇ ਪ੍ਰਤੀਨਿੱਧ ਸੰਸਥਾਵਾਂ ਨਾਲੋਂ ਪ੍ਰਬੰਧਕੀ ਅਤੇ ਕਾਰਜਕਾਰਨੀ ਸੰਸਥਾਵਾਂ ਨੂੰ ਉਚੇਰੀ ਪਦਵੀ ਦੇਣ ਦੇ ਝੁਕਾਅ ਦੇ ਖਿਲਾਫ ਘੋਲ ਨੂੰ ਇੱਕ ਸੰਵਿ-ਧਾਨਕ ਬੁਨਿਆਦ ਦੇ ਦਿੱਤੀ ਗਈ ਹੈ।

ਸਾਡੇ ਵਾਸਤੇ ਸਮੁੱਚੀ ਸਮਾਜਵਾਦੀ ਸਟੇਟ ਅਤੇ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਅਤੇ ਸ਼ਾਸ਼ਨ, ਜਮਹੂਰੀ ਕੇਂਦਰਵਾਦ ਦੇ ਅਸੂਲ ਉਤੇ ਅਧਾਰਤ ਹੈ, ਜਿਸ ਦਾ ਮੂਲ ਅੰਸ਼ ਹੈ ਕਿ ਮਜਦੂਰ ਜਮਾਤ ਵਲੋਂ ਦੇਸ਼ ਦੇ ਸਮੁੱਚੇ ਜੀਵਨ ਉਤੇ ਆਪਣੀ ਪਾਰਟੀ ਅਤੇ ਪ੍ਰੋਲਤਾਰੀ ਸਟੇਟ ਰਾਹੀਂ ਕੇਂਦਰਵਾਦੀ ਲੀਡਰਸ਼ਿਪ, ਅਤੇ ਕੇਂਦਰਵਾਦੀ ਮੈਨੇਜਮੈਂਟ ਦਾ ਮੁਕਾਮੀ ਸੰਸਥਾਵਾਂ ਅਤੇ ਮਿਹਨਤਕਸ਼ ਲੋਕਾਂ ਦੀ ਉਸਾਰੂ ਪਹਿਲ-ਕਦਮੀ ਨਾਲ ਮੇਲ। ਇਸ ਮਹਾਨ ਮਾਰਕਸਵਾਦੀ-ਲੈਨਿਨਵਾਦੀ ਅਸੂਲ ਨੂੰ ਪੂਰੀ ਤਰ੍ਹਾਂ ਲਾਗੂ ਕਰਦਿਆਂ, ਨਵਾਂ ਸੰਵਿਧਾਨ ਸੋਧਵਾਦੀਆਂ ਦੀਆਂ ਸਭ ਮਾਰਕਸਵਾਦ - ਵਿਰੋਧੀ ਧਾਰਨਾਵਾਂ ਅਤੇ ਅਮਲਾਂ ਦੀ ਵਿਰੋਧਤਾ ਕਰਦਾ ਹੈ ਜਿਹੜੀਆਂ ਜਾਂ ਤਾਂ ਉਦਾਰ-ਵਾਦੀ-ਸ਼ਾਸ਼ਨਹੀਣ ਧਾਰਨਾਵਾਂ ਹਨ ਜੋ ਪ੍ਰੋਲਤਾਰੀ ਕੇਂਦਰਵਾਦ ਨੂੰ ਅੱਖੋਂ ਉਹਲੇ ਕਰਦੀਆਂ ਹਨ, ਅਤੇ ਜਾਂ ਨੌਕਰਸ਼ਾਹ ਕੇਂਦਰਵਾਦੀ ਧਾਰਨਾਵਾਂ ਹਨ ਜੋ ਦੇਸ਼ ਦੇ ਪ੍ਰਬੰਧ ਵਿਚ ਮਿਹਨਤਕਸ਼ ਲੋਕਾਂ ਨੂੰ ਹਿੱਸਾ ਲੈਣ ਤੋਂ ਵਰਜਦੀਆਂ ਹਨ।

ਸਮਾਜਵਾਦੀ ਅਲਬਾਨੀਆਂ ਵਿਚ ਮਿਹਨਤਕਸ਼ ਲੋਕਾਂ ਦੇ ਕੰਮ ਕਰਨ, ਮੁਫਤ ਵਿ-ਦਿੱਆ ਅਤੇ ਡਾਕਟਰੀ ਸੇਵਾਵਾਂ, ਬੁਢਾਪੇ ਵਿਚ ਰੁਜ਼ਗਾਰ ਦਾ ਸਾਧਨ, ਬੋਲਣ, ਲਿਖਣ ਅਤੇ ਜਥੇਬੰਦੀ ਬਣਾਉਣ ਦੀ ਆਜ਼ਾਦੀ ਦੇ ਹੱਕ ਕਾਨੂੰਨ ਹੇਠ ਦਿੱਤੇ ਗਏ

ਹਨ ਅਤੇ ਅਮਲ ਵਿਚ ਇਨ੍ਹਾਂ ਦੀ ਗਰੰਟੀ ਦਿੱਤੀ ਗਈ ਹੈ; ਬਿਨਾਂ ਕਿਸੇ ਬੰਦਸ਼ ਜਾਂ ਛੋਟ ਤੋਂ, ਅਤੇ ਲਿੰਗ, ਜਾਤ, ਪੜ੍ਹਾਈ, ਪਦਵੀ ਜਾਂ ਸਰੀਰਕ ਸਥਿਤੀ ਵਿਚ ਭੇਦ-ਭਾਵ ਤੋਂ ਬਿਨਾਂ ਕਾਨੂੰਨ ਸਾਹਮਣੇ ਬਰਾਬਰਤਾ ਦਾ ਹੱਕ ਹੈ। ਪਾਰਟੀ ਅਤੇ ਲੋਕਸੱਤਾ ਦੇ ਇਤਿਹਾਸਕ ਕੰਮ ਵਿਚ ਇੱਕ ਮੁੱਖ ਪ੍ਰਾਪਤੀ ਅਲਬਾਨੀਅਨ ਔਰਤਾਂ ਦੀ ਮੁਕਤੀ ਅਤੇ ਉਨ੍ਹਾਂ ਨੂੰ ਜੀਵਨ ਦੇ ਹਰ ਖੇਤਰ ਵਿਚ ਮਰਦਾਂ ਦੇ ਬਰਾਬਰ ਦਾ ਦਰਜ਼ਾ ਦੇਣਾ ਹੈ। ਸਾਡੀ ਪਾਰਟੀ ਅਤੇ ਲੋਕਾਂ ਵਲੋਂ ਪ੍ਰਾਪਤ ਗਈਆਂ ਇਨ੍ਹਾਂ ਸਭ ਮਹਾਨ ਸਿਆਸੀ ਅਤੇ ਸਮਾਜਿਕ ਜਿੱਤਾਂ ਨੂੰ ਨਵੇਂ ਸੰਵਿਧਾਨ ਵਿਚ ਇੱਕ ਮਹੱਤਵ-ਪੂਰਨ ਥਾਂ ਦਿੱਤੀ ਗਈ ਹੈ।

ਸਾਡੀ ਸਚਾਈ, ਸਾਡੀ ਸਮਾਜਵਾਦੀ ਜਮਹੂਰੀਅਤ, ਸਭ ਬੁਰਜੂਆ ਅਤੇ ਸੋਧ-ਵਾਦੀ ਵਿਚਾਰਵਾਨਾਂ ਦੇ ਝੂਠਾਂ ਦਾ ਖੰਡਨ ਕਰਦੀ ਹੈ ਜਿਹੜੇ ਕਹਿੰਦੇ ਹਨ ਕਿ ਸਮਾਜਵਾਦੀ ਢਾਂਚੇ ਵਿਚ ਜਮਹੂਰੀਅਤ ਦੀ ਘਾਟ ਹੈ। ਜਿੱਥੋਂ ਤਕ ਸਾਡਾ ਤੁਅੱਲਕ ਹੈ, ਆਜ਼ਾਦੀ ਅਤੇ ਜਮਹੂਰੀਅਤ ਸਿਰਫ ਵਿਸ਼ਾਲ ਮਿਹਨਤਕਸ਼ ਲੋਕਾਂ ਵਾਸਤੇ ਹੀ ਹਨ, ਅਤੇ ਲੋਕਾਂ ਦੇ ਦੁਸ਼ਮਣਾਂ, ਜਿਹੜੇ ਪ੍ਰੋਲਤਾਰੀ ਰਾਜਸੱਤਾ ਅਤੇ ਸਮਾਜ-ਵਾਦੀ ਸਮਾਜਿਕ ਢਾਂਚੇ ਨੂੰ ਉਲਟਾਉਣ ਦੇ ਚਾਹਵਾਨ ਹਨ, ਉਨ੍ਹਾਂ ਵਾਸਤੇ ਕੋਈ ਵੀ ਆਜ਼ਾਦੀ ਅਤੇ ਜਮਹੂਰੀਅਤ ਨਹੀਂ ਅਤੇ ਨਾ ਹੀ ਹੋ ਸਕਦੀ ਹੈ। ਸਾਡੀ ਪਾਰਟੀ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੇ ਮਾਰਕਸਵਾਦ-ਲੈਨਿਨਵਾਦ ਦੀਆਂ ਸਿੱਖਿਆਵਾਂ ਤੇ ਚਲਦਿਆਂ, ਇਸ ਕਿਸਮ ਦੀ ਜਮਹੂਰੀਅਤ ਜਾਂ ਅਜ਼ਾਦੀ ਕਦੀ ਨਹੀਂ ਦਿੱਤੀ ਅਤੇ ਨਾ ਹੀ ਦਿੱਤੀ ਜਾਵੇਗੀ। ਸਾਡੀ ਸਮਾਜਵਾਦੀ ਜਮਹੂਰੀ-ਅਤ ਲੋਕਾਂ ਵਾਸਤੇ, ਮਿਹਨਤਕਸ਼ ਲੋਕਾਂ ਵਾਸਤੇ ਅਤੇ ਸਿਰਫ ਉਨ੍ਹਾਂ ਵਾਸਤੇ ਹੀ ਇੱਕ ਅਸਲੀ ਜਮਹੂਰੀਅਤ ਹੈ।

ਨਵੇਂ ਸੰਵਿਧਾਨ ਦੇ ਖਰੜੇ ਉੱਤੇ ਹਰਮਨ-ਪਿਆਰੇ ਵਿਚਾਰ-ਵਟਾਂਦਰੇ ਦੇ ਦੁਰਾਨ ਸਮੁੱਚੇ ਲੋਕਾਂ ਨੇ ਬੜੇ ਜੋਸ਼ ਨਾਲ ਸੰਵਿਧਾਨ ਵਿਚ ਇਸ ਬੁਨਿਆਦੀ ਅਸੂਲ ਦੇ ਰੱਖੇ ਜਾਣ ਦੀ ਸਲਾਘਾ ਕੀਤੀ ਕਿ, "ਪਾਰਟੀ ਆਫ ਲੇਬਰ ਆਫ ਅਲਬਾਨੀਆਂ, ਮਜ਼-ਦੂਰ ਜਮਾਤ ਦਾ ਹਰਾਵਲ ਦਸਤਾ, ਰਾਜ ਅਤੇ ਸਮਾਜ ਦੀ ਇੱਕੋ-ਇੱਕ ਸਿਆਸੀ ਆਗੂ, ਤਾਕਤ ਹੈ।"

ਸਾਡੀ ਪਾਰਟੀ ਨੇ ਸ਼ਾਨਦਾਰ ਵਫਾਦਾਰੀ ਅਤੇ ਦ੍ਰਿੜਤਾ ਨਾਲ ਇਸ ਮਹਾਨ ਅਸੂਲ ਦੀ ਪੈਰਵੀ ਕੀਤੀ ਹੈ ਕਿ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦੇ ਅਗ-ਵਾਈ ਵਾਲੇ ਰੋਲ ਨੂੰ ਯਕੀਨੀ ਬਣਾਉਣਾ ਇਨਕਲਾਬ ਲਿਆਉਣ ਵਿਚ, ਪ੍ਰੋਲ-

ਤਾਰੀ ਦੀ ਡਿਕਟੇਟਰਸ਼ਿਪ ਸਥਾਪਿਤ ਕਰਨ ਵਿਚ ਅਤੇ ਸਮਾਜਵਾਦ ਉਸਾਰਨ ਵਿਚ ਇੱਕ ਫੈਸਲਾਕੁੰਨ ਸ਼ਰਤ ਹੈ। ਇਹ ਸਦਾ ਇਸ ਗੱਲ ਤੋਂ ਜਾਣੂੰ ਰਹੀ ਹੈ ਕਿ ਪਾਰਟੀ ਦੀ ਲੀਡਰਸ਼ਿਪ ਮਜ਼ਦੂਰ ਜਮਾਤ ਦੇ ਅਗਵਾਈ ਵਾਲੇ ਰੋਲ ਦੇ ਸਭ ਤੋਂ ਕੇਂਦਰਤ ਅਤੇ ਉਚੇਰੇ ਅਨੁਭਵ ਦੀ ਪ੍ਰਤੀਨਿੱਧਤਾ ਕਰਦੀ ਹੈ ਅਤੇ ਇਸਦੇ ਇਨਕਲਾਬੀ ਪ੍ਰੋਗਰਾਮ ਨੂੰ ਅਮਲ ਵਿਚ ਲਿਆਉਣ ਲਈ ਸਭ ਤੋਂ ਅੱਵਲ ਆਤਮਵਾਦੀ ਤੱਤ ਹੈ।

ਇਹ ਸਚਾਈ ਕਿ ਇਸ ਨੂੰ ਸੰਵਿਧਾਨ ਦਾ ਇੱਕ ਬੁਨਿਆਦੀ ਅਸੂਲ ਬਣਾ ਦਿੱਤਾ ਗਿਆ ਹੈ, ਇਸ ਗੱਲ ਦੀ ਗਵਾਹੀ ਹੈ ਕਿ ਸਾਡੀ ਪਾਰਟੀ, ਹਮੇਸ਼ਾ ਦੀ ਤਰ੍ਹਾਂ, ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੀਆਂ ਅਮਰ ਸਿੱਖਿਆਵਾਂ ਨੂੰ ਹਰ ਮਸਲੇ ਅਤੇ ਹਰ ਖੇਤਰ ਵਿਚ ਲਾਗੂ ਕਰਨ ਅਤੇ ਇਨ੍ਹਾਂ ਦੀ ਹਿਫਾਜ਼ਤ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ ਹੈ। ਸਾਡੇ ਸਮਾਜ ਅਤੇ ਸਟੇਟ ਵਿਚ ਪਾਰਟੀ ਦਾ ਅਗਵਾਈ ਵਾਲਾ ਰੋਲ ਨਾ ਸਿਰਫ ਮਾਰਕਸਵਾਦ-ਲੈਨਿਨਵਾਦ ਦੀ ਇੱਕ ਬੁਨਿਆਦੀ ਲੋੜ ਹੀ ਹੈ, ਬਲਕਿ ਇਹ ਇੱਕ ਇਤਿਹਾਸਕ ਸਚਾਈ ਦੀ ਪ੍ਰਤੀਨਿੱਧਤਾ ਵੀ ਕਰਦਾ ਹੈ।

ਪਾਰਟੀ ਦੀ ਅਗਵਾਈ ਹੇਠ, ਸਾਡੇ ਲੋਕਾਂ ਨੇ ਕੌਮੀ ਮੁਕਤੀ ਜੰਗ ਲੜੀ ਅਤੇ ਆਪਣੀ ਆਜ਼ਾਦੀ ਅਤੇ ਖੁਦਮੁਖਤਾਰੀ ਹਾਸਲ ਕੀਤੀ, ਪੁਰਾਣੀਆਂ ਹਕੂਮਤਾਂ ਦਾ ਤਖਤਾ ਉਲਟਾਇਆ ਅਤੇ ਲੋਕਸੱਤਾ ਕਾਇਮ ਕੀਤੀ। ਪਾਰਟੀ ਦੀ ਅਗਵਾਈ ਹੇਠ, ਮਹਾਨ ਇਨਕਲਾਬੀ ਤਬਦੀਲੀਆਂ ਲਿਆਂਦੀਆਂ ਗਈਆਂ। ਪਾਰਟੀ ਦੀ ਅਗਵਾਈ ਹੇਠ ਸਾਡੇ ਲੋਕਾਂ ਨੇ ਆਪਣੇ ਦੇਸ਼ ਨੂੰ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਦੇ ਵਹਿਸ਼ੀ ਹਮਲਿਆਂ ਤੋਂ ਬਚਾਇਆ, ਅਤੇ ਇਸਦੀ ਸਿਆਸੀ ਅਤੇ ਆਰਥਿਕ ਖੁਦਮੁਖਤਾਰੀ ਨੂੰ ਬਰਕਰਾਰ ਰੱਖਿਆ ਅਤੇ ਮਜ਼ਬੂਤ ਕੀਤਾ। ਪਾਰਟੀ ਦੀ ਅਗਵਾਈ ਹੇਠ ਹੀ, ਇਹ ਅਲਬਾਨੀਆ ਉਸਾਰਿਆ ਗਿਆ ਹੈ ਜਿਸ ਉਤੇ ਕਿ ਸਾਨੂੰ ਅੱਜ ਮਾਣ ਹੈ, ਅਤੇ ਜਿਸ ਨੂੰ ਹੋਰ ਮਜ਼ਬੂਤ ਅਤੇ ਖੁਸ਼ਹਾਲ ਬਣਾਉਣ ਵਾਸਤੇ ਸਾਨੂੰ ਲਗਾਤਾਰ ਜੁੱਟੇ ਰਹਿਣਾ ਚਾਹੀਦਾ ਹੈ।

ਪਰ, ਜਿਵੇਂ ਕਿ ਮਾਰਕਸਵਾਦ-ਲੈਨਿਨਵਾਦ ਸਿਖਾਉਂਦਾ ਹੈ, ਅਤੇ ਸਾਡੇ ਇਤਿਹਾਸਕ ਤਜਰਬੇ ਨੇ ਵੀ ਸਾਬਿਤ ਕੀਤਾ ਹੈ ਕਿ ਪਾਰਟੀ ਦਾ ਅਗਵਾਈ ਵਾਲਾ ਰੋਲ ਸਿਰਫ ਕੁਝ ਅਰਸੇ ਲਈ ਹੀ ਜ਼ਰੂਰੀ ਨਹੀਂ। ਬਲਕਿ ਇਹ ਸਮਾਜਵਾਦੀ ਸਮਾਜ ਦੀ ਕਮਿਊਨਿਜ਼ਮ ਤਕ ਪੂਰਨ ਉਸਾਰੀ ਦੇ ਸਮੁੱਚੇ ਦੌਰ ਵਿਚ ਲਾਜ਼ਮੀ ਹੈ। ਜਿਵੇਂ ਜਿਵੇਂ ਇਨਕਲਾਬ ਅੱਗੇ ਵਧਦਾ ਹੈ ਅਤੇ ਪਸਰਦਾ ਹੈ ਤਿਵੇਂ ਤਿਵੇਂ ਹੀ

ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਜੀਵਨ ਦੇ ਹਰ ਖੇਤਰ ਵਿਚ, ਅਤੇ ਹਰ ਰਾਜਸੀ ਅਤੇ ਸਮਾਜੀ ਸਰਗਰਮੀ ਵਿਚ ਹੋਰ ਵੀ ਮਜ਼ਬੂਤ ਕਰਨਾ ਜ਼ਰੂਰੀ ਹੈ। ਅਗਰ ਇਸ ਰੋਲ ਨੂੰ ਕਮਜ਼ੋਰ ਜਾਂ ਖਤਮ ਹੋ ਲੈਣ ਦਿੱਤਾ ਜਾਵੇ, ਇਨਕਲਾਬ ਅਤੇ ਸਮਾਜਵਾਦ ਨੂੰ ਭਾਰੀ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਗੰਭੀਰ ਹਾਰਾਂ ਉਨ੍ਹਾਂ ਦਾ ਇੰਤਜ਼ਾਰ ਕਰਦੀਆਂ ਹਨ।

ਸੋਧਵਾਦੀ ਸਿਧਾਂਤ, ਜਿਹੜੇ ਦਾਅਵਾ ਕਰਦੇ ਹਨ ਕਿ, ਤਬਦੀਲੀ ਦੇ ਦੌਰ ਵਿਚ ਪਾਰਟੀ ਦਾ ਅਗਵਾਈ ਵਾਲਾ ਰੋਲ ਖਤਮ ਹੋ ਜਾਂਦਾ ਹੈ, ਜਾਂ ਸਿਰਫ ਇੱਕ ਵਿਦਿਅਕ ਕਾਰਜ ਹੀ ਬਣ ਕੇ ਰਹਿ ਜਾਂਦਾ ਹੈ, ਉਨ੍ਹਾਂ ਦਾ ਮਕਸਦ ਮਜ਼ਦੂਰ ਜਮਾਤ ਅਤੇ ਲੋਕਾਂ ਨੂੰ ਲੀਡਰਸ਼ਿਪ ਤੋਂ ਵਾਂਝਿਆਂ ਕਰਨਾ ਹੈ ਤਾਂ ਕਿ ਸਮਾਜਵਾਦ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਹਰਾ ਕੇ ਉਲਟ-ਇਨਕਲਾਬ ਲਿਆਂਦਾ ਜਾ ਸਕੇ।

ਪਾਰਟੀ ਦੇ ਅਗਵਾਈ ਵਾਲੇ ਰੋਲ ਦੇ ਅਸੂਲ ਨੂੰ ਸੰਵਿਧਾਨ ਦੀ ਨੀਂਹ ਵਿਚ ਰੱਖਕੇ, ਅਸੀਂ ਇਨ੍ਹਾਂ ਵਹਿਸ਼ੀ ਹਮਲਿਆਂ ਤੋਂ ਮਾਰਕਸਵਾਦ-ਲੈਨਿਨਵਾਦ ਦੀ ਹਿਫਾਜ਼ਤ ਕਰ ਰਹੇ ਹਾਂ ਅਤੇ ਇਸ ਨੂੰ ਅੱਗੇ ਲਿਜਾ ਰਹੇ ਹਾਂ।

ਇਹ ਸਚਾਈ ਕਿ ਮਾਰਕਸਵਾਦ-ਲੈਨਿਨਵਾਦ ਹੁਣ ਸਾਡੇ ਮੁਲਕ ਵਿਚ ਇੱਕ ਭਾਰੂ ਵਿਚਾਰਧਾਰਾ ਬਣ ਗਿਆ ਹੈ, ਇੱਕ ਹੋਰ ਇਤਿਹਾਸਕ ਸਚਾਈ ਦੀ ਸੂਚਕ ਹੈ। ਸਾਡੇ ਸਮੁੱਚੇ ਸਿਆਸੀ, ਆਰਥਕ, ਸਮਾਜਿਕ, ਵਿੱਦਿਅਕ ਤੇ ਸੱਭਿਆ-ਚਾਰਕ ਜੀਵਨ ਦੀ ਰਾਹਨੁਮਾਈ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਦੇ ਅਸੂਲ ਕਰਦੇ ਹਨ, ਅਤੇ ਇਹ ਪ੍ਰੋਲਤਾਰੀ ਇਖਲਾਕ ਦੇ ਅਸੂਲਾਂ ਨਾਲ ਭਰਪੂਰ ਹੈ। ਪਾਰਟੀ ਦੇ ਮਹਾਨ ਕੰਮ, ਅਤੇ ਵਿਚਾਰਧਾਰਕ ਅਤੇ ਸੱਭਿਆਚਾਰਕ ਇਨਕਲਾਬ ਦਾ ਸਦਕਾ, ਪ੍ਰੋਲਤਾਰੀ ਦੇ ਇਨਕਲਾਬੀ ਸਿਧਾਂਤ ਨੂੰ ਲੋਕਾਂ ਦੇ ਵਿਸ਼ਾਲ ਜਨ-ਸਮੂਹ ਨੇ ਅਪਣਾ ਲਿਆ ਹੈ, ਅਤੇ ਇਹ ਸਾਡੇ ਸਮਾਜ ਦੇ ਸਮੁੱਚੇ ਰੂਹਾਨੀ ਜੀਵਨ ਦੇ ਵਿਕਾਸ ਦੀ ਰਾਹਨੁਮਾਈ ਕਰਦਾ ਹੈ। ਮਾਰਕਸਵਾਦ-ਲੈਨਿਨਵਾਦ, ਜੋ ਸਮਾਜਵਾਦ ਅਤੇ ਕਮਿਊਨਿਜ਼ਮ ਵਲ ਸਾਡੇ ਰਾਹ ਨੂੰ ਰੁਸ਼ਨਾਉਂਦਾ ਹੈ, ਉਸ ਨੂੰ ਇੱਕ ਮਹਾਨ ਅਗੇਰੇ ਲਿਜਾਣ ਵਾਲੀ ਤਾਕਤ ਵਿਚ ਬਦਲ ਦਿੱਤਾ ਗਿਆ ਹੈ।

ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਅਤੇ ਪਾਰਟੀ ਦੀ ਲਾਈਨ ਲੋਕਾਂ ਨੂੰ ਵਰਤਮਾਨ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਭਵਿੱਖ ਵਿਚ ਹੋਰ ਵੀ ਵਧੇਰੇ ਯਕੀਨ ਰੱਖਣ ਦੇ ਕਾਬਿਲ ਬਣਾਉਂਦੇ ਹਨ। ਪਿਛਲੇ 35 ਸਾਲਾਂ ਦੇ ਜੀਵਨ ਨੇ ਸਾਡੇ ਲੋਕਾਂ ਦੇ ਦਿਲਾਂ ਵਿਚ ਇਹ ਗੱਲ ਚੰਗੀ ਤਰ੍ਹਾਂ ਬਿਠਾ ਦਿੱਤੀ ਹੈ ਕਿ ਮਜ਼ਦੂਰ ਜਮਾਤ

ਦੇ ਇਨਕਲਾਬੀ ਆਦਰਸ਼ਾਂ ਦੇ ਅਧਾਰ ਤੇ ਹੀ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪਨੂੰ ਕਾਇਮ ਕੀਤਾ ਜਾ ਸਕਦਾ ਹੈ, ਬਰਕਰਾਰ ਰੱਖਿਆ ਜਾ ਸਕਦਾ ਹੈ ਤੇ ਮਜਬੂਤ ਕੀਤਾ ਜਾ ਸਕਦਾ ਹੈ, ਸਮਾਜਵਾਦ ਨੂੰ ਸਫਲਤਾਪੂਰਬਕ ਉਸਾਰਿਆ ਜਾ ਸਕਦਾ ਹੈ, ਅਤੇ ਜਮਾਤਾਂ ਤੋਂ ਰਹਿਤ ਕਮਿਊਨਿਸਟ ਸਮਾਜ ਵੱਲ ਵਿਸ਼ਵਾਸ ਨਾਲ ਅੱਗੇ ਵਧਿਆ ਜਾ ਸਕਦਾ ਹੈ।

ਇਸ ਤਜਰਬੇ ਅਤੇ ਇਨ੍ਹਾਂ ਜਿੱਤਾਂ ਦਾ ਨਤੀਜਾ ਇਹ ਹੋਇਆ ਕਿ ਮਾਰਕਸਵਾਦ-ਲੈਨਿਨਵਾਦ ਦੀ ਹਿਫਾਜ਼ਤ ਕਰਨਾ ਅਤੇ ਇਸਨੂੰ ਲਗਾਤਾਰ ਲਾਗੂ ਕਰਨਾ ਸਭ ਮਿਹਨਤਕਸ਼ ਲੋਕਾਂ ਦੀ ਸੋਚਣੀ ਦਾ ਹਿੱਸਾ ਬਣ ਗਿਆ ਹੈ ਅਤੇ ਹਰ ਕੋਈ ਇਸਨੂੰ ਸਮਾਜਵਾਦ ਦੀ ਕਿਸਮਤ ਵਾਸਤੇ ਇੱਕ ਮਹੱਤਵਪੂਰਨ ਸਵਾਲ ਸਮਝਦਾ ਹੈ। ਇਸ ਵਾਸਤੇ ਸੰਵਿਧਾਨ ਦਾ ਇਹ ਬਿਆਨ ਕਿ ਸਾਡੀ ਸਮਾਜਵਾਦੀ ਸਟੇਟ ਵਿਚ "ਮਾਰਕਸਵਾਦ-ਲੈਨਿਨਵਾਦ ਇੱਕ ਭਾਰੂ ਵਿਚਾਰਧਾਰਾ ਹੈ।", ਅਤੇ ਕਿ "ਸਮੁੱਚਾ ਸਮਾਜਵਾਦੀ ਢਾਂਚਾ ਹੀ ਇਸਦੇ ਅਸੂਲਾਂ ਦੇ ਅਧਾਰ ਉਤੇ ਵਿਕਸਿਤ ਕੀਤਾ ਜਾਂਦਾ ਹੈ", ਅਲਬਾਨੀਆਂ ਵਿਚ ਸਮਾਜਵਾਦ ਦੀ ਇੱਕ ਮਹਾਨ ਇਤਿਹਾਸਕ ਜਿੱਤ ਹੈ।

ਮਾਰਕਸਵਾਦ-ਲੈਨਿਨਵਾਦ ਦਾ ਇੱਕ ਮਹਾਨ ਅਸੂਲ ਅਤੇ ਸਾਡੀ ਪਾਰਟੀ ਦੇ ਇਨਕਲਾਬੀ ਤਜਰਬੇ ਤੋਂ ਸਿੱਖਿਆ ਗਿਆ ਇੱਕ ਮੁੱਖ ਸਬਕ ਇਹ ਹੈ ਕਿ ਕਮਿਊਨਿਜ਼ਮ ਤਕ ਸਮਾਜਵਾਦੀ ਸਮਾਜ ਦੀ ਪੂਰਨ ਉਸਾਰੀ ਦੇ ਸਮੁੱਚੇ ਦੌਰ ਵਿਚ ਜਮਾਤੀ ਘੋਲ ਚਲਾਉਂਦੇ ਰਹਿਣਾ ਨਿਹਾਇਤ ਜਰੂਰੀ ਹੈ।

ਨਵ-ਸੋਧਵਾਦੀਏ, ਜਿਨ੍ਹਾਂ ਦੇ ਮੁਖੀਏ ਰੂਸੀ ਸੋਧਵਾਦੀਏ ਹਨ, ਕਹਿੰਦੇ ਹਨ ਕਿ ਲੋਟੂ ਜਮਾਤਾਂ ਨੂੰ ਹਰਾਉਣ ਨਾਲ ਹੀ ਜਮਾਤੀ ਘੋਲ ਖਤਮ ਹੋ ਜਾਂਦਾ ਹੈ। ਇਹ ਇੱਕ ਢੌਂਗ ਹੈ ਅਤੇ ਇਸਦਾ ਮਕਸਦ ਹੈ ਮਜਦੂਰ ਜਮਾਤ ਨੂੰ ਨਿੱਹਥਿਆਂ ਕਰਕੇ ਸਰਮਾਏਦਾਰੀ ਦੀ ਮੁੜ-ਬਹਾਲੀ ਲਈ ਦਰਵਾਜ਼ੇ ਖੋਲ੍ਹਣਾ। ਇਹ ਬੜੇ ਸਾਫ ਤੌਰ ਤੇ ਸੋਵੀਅਤ ਯੂਨੀਅਨ ਅਤੇ ਹੋਰ ਸਾਬਕਾ ਸਮਾਜਵਾਦੀ ਮੁਲਕਾਂ ਵਿਚ ਸਿੱਧ ਹੋ ਚੁੱਕਾ ਹੈ, ਜਿੱਥੇ ਨਵੀਂ ਸਰਮਾਏਦਾਰਾ ਬੁਰਜ਼ੂਆਜ਼ੀ ਤਾਕਤ ਵਿਚ ਆ ਗਈ ਹੈ।

ਸਾਡੇ ਮੁਲਕ ਦਾ ਤਜਰਬਾ, ਸਮਾਜਵਾਦ ਦੇ ਦੌਰ ਵਿਚ ਜਮਾਤੀ ਘੋਲ ਦੇ ਖਤਮ ਹੋ ਜਾਣ ਬਾਰੇ ਸੋਧਵਾਦੀਆਂ ਦੇ ਇਨ੍ਹਾਂ ਸਭ ਪਾਜੀ ਅਤੇ ਗੋਡੇ-ਟੇਕੂ ਸਿਧਾਂਤਾਂ ਦਾ ਖੰਡਨ ਕਰਦਾ ਹੈ। ਅਲਬਾਨੀਆਂ ਵਿਚ ਸਮਾਜਵਾਦ ਦੀ ਉਸਾਰੀ ਦਾ ਸਮੁੱਚਾ ਇਤਿਹਾਸ ਇਨਕਲਾਬ ਅਤੇ ਉਲਟ-ਇਨਕਲਾਬ ਵਿਚਕਾਰ, ਵਿਕਾਸ ਦੇ ਰਾਹਾਂ

ਵਿਚਕਾਰ, ਅਤੇ ਨਾਲੋਂ ਨਾਲ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਖ਼ਿਲਾਫ ਇੱਕ ਨਾ-ਸਮਝੌਤੇ ਵਾਲੇ ਘੋਲ ਦਾ ਇਤਿਹਾਸ ਹੈ। ਇਹ ਘੋਲ ਨਿਰੰਤਰ ਚਲਾਇਆ ਗਿਆ ਹੈ ਅਤੇ ਹਮੇਸ਼ਾ ਹੀ ਤੀਖਣ ਰਿਹਾਂ ਹੈ, ਵਿਕਾਸ ਦੇ ਪੜਾਵਾਂ ਤੇ ਹਾਲਤਾਂ ਅਨੁਸਾਰ ਇਸਦੀਆਂ ਸਿਰਫ ਸ਼ਕਲਾਂ ਅਤੇ ਢੰਗ ਹੀ ਤਬਦੀਲ ਹੋਏ ਹਨ। ਲੋਟੂ ਜਮਾਤਾਂ ਨੂੰ ਤਬਾਹ ਕਰਨ ਤੋਂ ਬਾਅਦ ਵੀ, ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਨੇ ਕਦੇ ਇੱਕ ਪਲ ਲਈ ਵੀ ਆਪਣੇ ਹਥਿਆਰ ਨਹੀਂ ਸੁੱਟੇ ਅਤੇ ਸਮਾਜਵਾਦ ਵਿਰੁੱਧ ਲੜਾਈ ਬੰਦ ਨਹੀਂ ਕੀਤੀ। ਇਸ ਕਰਕੇ ਸਾਡੀ ਪਾਰਟੀ ਅਤੇ ਲੋਕਾਂ ਨੇ ਸਭ ਖੇਤਰਾਂ ਵਿਚ ਲਗਾਤਾਰ ਅਤੇ ਸਹੀ ਮਾਰਕਸਵਾਦੀ-ਲੈਨਿਨਵਾਦੀ ਢੰਗ ਨਾਲ ਜਮਾਤੀ ਘੋਲ ਚਲਾਇਆ ਹੈ ਜੋ ਕਿ ਸਰਮਾਏਦਾਰਾ ਰਾਹ ਉਤੇ ਸਮਾਜਵਾਦੀ ਰਾਹ ਦੀ ਅੰਤਿਮ ਜਿੱਤ ਨੂੰ ਯਕੀਨੀ ਬਣਾਉਣ ਲਈ ਇੱਕ ਫੈਸਲਾਕੁੰਨ ਸ਼ਰਤ ਹੈ।

ਮਾਰਕਸਵਾਦ-ਲੈਨਿਨਵਾਦ ਦੀਆਂ ਸਿੱਖਿਆਵਾਂ ਤੇ ਚਲਦਿਆਂ ਅਤੇ ਇਸ ਭਰਪੂਰ ਇਨਕਲਾਬੀ ਤਜਰਬੇ ਦੇ ਸਹਾਰੇ, ਨਵੇਂ ਸੰਵਿਧਾਨ ਦਾ ਖਰੜਾ ਸਪੱਸ਼ਟ ਤੌਰ ਤੇ ਕਹਿੰਦਾ ਹੈ ਕਿ ਆਪਣੀ ਸਾਰੀ ਸਰਗਰਮੀ ਵਿਚ, ਸਾਡੀ ਸਮਾਜਵਾਦੀ ਸਟੇਟ ਜਮਾਤੀ ਘੋਲ ਦੇ ਮਹਾਨ ਮਾਰਕਸਵਾਦੀ-ਲੈਨਿਨਵਾਦੀ ਅਸੂਲ ਨੂੰ ਅੱਗੇ ਰੱਖਦੀ ਹੈ ਜੋ ਕਿ ਸਮਾਜਵਾਦੀ ਇਨਕਲਾਬ ਨੂੰ ਅੱਗੇ ਲਿਜਾਣ ਵਿਚ ਇੱਕ ਮਹਾਨ ਤਾਕਤ ਹੈ।

ਨਵੇਂ ਸੰਵਿਧਾਨ ਦਾ ਖਰੜਾ ਤਿਆਰ ਕਰਦਿਆਂ ਕੇਂਦਰੀ ਕਮੇਟੀ ਨੇ ਇਸ ਗੱਲ ਨੂੰ ਧਿਆਨ-ਗੋਚਰੇ ਰੱਖਿਆ ਹੈ ਕਿ ਕੌਮੀ ਖੁਦਮੁਖਤਾਰੀ ਅਤੇ ਦੇਸ਼ ਦੀ ਆਜ਼ਾਦੀ ਦੀ ਹਿਫਾਜ਼ਤ ਦੇ ਮੁੱਖ ਮਸਲਿਆਂ ਉਤੇ ਪਾਰਟੀ ਦੀ ਸੇਧ ਨੂੰ ਇਸ ਵਿਚ ਪੂਰੀ ਤਰ੍ਹਾਂ ਪੇਸ਼ ਕੀਤਾ ਜਾਂਵੇ, ਅਤੇ ਸਾਫ ਸਾਫ ਤੌਰ ਲਿਖਿਆ ਜਾਵੇ। ਇਨ੍ਹਾਂ ਹਾਲਤਾਂ ਵਿਚ, ਜਦ ਕਿ ਸਾਡਾ ਦੇਸ਼ ਸਾਮਰਾਜੀਆਂ ਅਤੇ ਸੋਧਵਾਦੀਆਂ ਦੇ ਘੇਰੇ ਵਿਚ ਹੈ ਅਤੇ ਇਸ ਉਤੇ ਹਰ ਤਰ੍ਹਾਂ ਨਾਲ ਸਿਆਸੀ, ਸਿਧਾਂਤਕ, ਆਰਥਕ ਅਤੇ ਫੌਜੀ ਦਬਾ ਪਾਇਆ ਜਾ ਰਿਹਾ ਹੈ ਅਤੇ ਜਦ ਸੀਮਿਤ ਖੁਦਮੁਖਤਾਰੀ ਬਾਰੇ ਸ਼ਾਵਨਵਾਦੀ ਸਿਧਾਂਤ ਫੈਲਾਏ ਜਾ ਰਹੇ ਹਨ ਅਤੇ ਲੋਕਾਂ ਦੀ ਆਜ਼ਾਦੀ ਖੋਹਣ ਲਈ ਤਾਕਤ ਦੀ ਵਰਤੋਂ ਕੀਤੀ ਜਾ ਰਹੀ ਹੈ, ਇਹ ਮਸਲੇ ਸਿਰਫ ਸਿਧਾਂਤਕ ਅਤੇ ਨਿਆਂਇਕ ਤੌਰ ਤੇ ਹੀ ਨਹੀਂ; ਬਲਕਿ ਅਮਲੀ ਅਤੇ ਸਿਆਸੀ ਤੌਰ ਤੇ ਵੀ ਬਹੁਤ ਮਹੱਤਤਾ ਰੱਖਦੇ ਹਨ।

ਇਨਕਲਾਬ ਦੀਆਂ ਪ੍ਰਾਪਤੀਆਂ ਅਤੇ ਮੁਲਕ ਦੀ ਆਜ਼ਾਦੀ ਅਤੇ ਖੁਦਮੁਖਤਾਰੀ ਅਤੇ ਰੱਖਿਅਕ ਸ਼ਕਤੀ ਨੂੰ ਬਰਕਰਾਰ ਰੱਖਣ ਅਤੇ ਲਗਾਤਾਰ ਮਜ਼ਬੂਤ ਕਰਨ ਦੇ ਪਹਿ

ਤਰ ਉਦੇਸ਼ ਤੋਂ ਸ਼ੁਰੂ ਹੋਕੇ, ਨਵੇਂ ਸੰਵਿਧਾਨ ਦਾ ਖਰੜਾ ਕਹਿੰਦਾ ਹੈ ਕਿ ਰਾਜਸੱਤਾਂ ਦੀਆਂ ਪ੍ਰਤੀਨਿੱਧ ਸੰਸਥਾਵਾਂ ਤੋਂ ਇਲਾਵਾ ਹੋਰ ਕੋਈ ਵੀ ਸਾਡੀ ਰੀਪਬਲਕ ਦੇ ਨਾਂ ਹੇਠ ਲੋਕਾਂ ਦੀ ਸੱਤਾ ਨੂੰ ਲਾਗੂ ਨਹੀਂ ਕਰ ਸਕਦਾ, ਅਤੇ ਸਾਡੇ ਮੁਲਕ ਦੀਆਂ ਸਰਹੱਦਾਂ ਦੀ ਕੋਈ ਵੀ ਉਲੰਘਣਾ ਨਹੀਂ ਕਰ ਸਕਦਾ। ਸੰਵਿਧਾਨ ਦੇ ਅਧੀਨ ਸਮਾਜਵਾਦੀ ਅਲਬਾਨੀਆ ਦੀ ਧਰਤੀ ਉਤੇ ਕਿਸੇ ਵੀ ਕਿਸਮ ਦੇ ਬਦੇਸ਼ੀ ਫੌਜੀ ਅੱਡੇ ਬਣਾਉਣ ਜਾਂ ਬਦੇਸ਼ੀ ਫੌਜਾਂ ਰੱਖਣ ਦੀ ਮਨਾਹੀ ਕੀਤੀ ਗਈ ਹੈ।ਅਤੇ ਇਸ ਦੇ ਨਾਲ ਨਾਲ ਕਿਸੇ ਨੂੰ ਵੀ ਦੇਸ਼ ਉਤੇ ਕਿਸੇ ਬਦੇਸ਼ੀ ਕਬਜ਼ੇ ਨੂੰ ਕਬੂਲਣ ਦਾ ਕੋਈ ਹੱਕ ਨਹੀਂ।

ਇਹ ਵਿਸ਼ੇਸ਼ ਮਹੱਤਤਾ ਵਾਲੇ ਇਨਕਲਾਬੀ ਅਸੂਲ ਅਲਬਾਨੀਅਨ ਲੋਕਾਂ ਦੇ ਆਪਣੇ ਜੀਵਨ, ਆਪਣੀਆਂ ਪ੍ਰਾਪਤੀਆਂ, ਅਤੇ ਆਪਣੀ ਆਜ਼ਾਦ ਅਤੇ ਖੁਦਮੁਖਤਾਰ ਮਾਤਭੂਮੀ ਦੀ ਅੰਤਲੇ ਦਮ ਤਕ ਹਿਫਾਜ਼ਤ ਕਰਨ ਦੇ ਆਜ਼ਾਦ ਹੱਕ ਅਤੇ ਦ੍ਰਿੜਤਾ ਨੂੰ ਜ਼ਾਹਿਰ ਕਰਦੇ ਹਨ। ਇਸ ਦੇ ਨਾਲ ਨਾਲ, ਸੰਵਿਧਾਨ ਵਿਚ ਤਸਦੀਕ ਕੀਤੇ ਗਏ ਅਸੂਲ, ਖਾਸ ਤੌਰ ਤੇ ਬਦੇਸ਼ੀ ਫੌਜੀ ਅੱਡੇ ਬਣਾਉਣ ਅਤੇ ਫੌਜਾਂ ਰੱਖਣ ਦੀ ਮਨਾਹੀ ਦਾ ਅਸੂਲ, ਇੱਕ ਮਹਾਨ ਵਾਇਦਾ ਹਨ ਕਿ ਸਮਾਜਵਾਦੀ ਅਲਬਾਂਨੀਆਂ ਦੀ ਧਰਤੀ ਕਦੇ ਵੀ ਹੋਰ ਮੁਲਕਾਂ ਉਤੇ ਹਮਲੇ ਦੇ ਅਧਾਰ ਦੇ ਤੌਰ ਤੇ ਨਹੀਂ ਵਰਤੀ ਜਾਵੇਗੀ।

ਮੁਲਕ ਦੀ ਆਜ਼ਾਦੀ ਅਤੇ ਸਮਾਜਵਾਦੀ ਢਾਂਚੇ ਦੀ ਹਿਫਾਜ਼ਤ ਵਾਸਤੇ ਨਵੇਂ ਸੰਵਿਧਾਨ ਦੇ ਖਰੜੇ ਵਿਚ ਇੱਕ ਹੋਰ ਬਹੁਤ ਮਹੱਤਵਪੂਰਨ ਧਾਰਾ ਹੈਜਿਸ ਅਨੁਸਾਰ ਬਦੇਸ਼ੀ ਮੁਲਕਾਂ ਨੂੰ ਛੋਟਾਂ ਦੇਣ, ਬਦੇਸ਼ੀ ਆਰਥਕ ਅਤੇ ਵਿੱਤੀ ਕੰਪਣੀਆਂ ਅਤੇ ਹੋਰ ਸੰਸਥਾਵਾਂ ਦੀ ਸਥਾਪਨਾ ਜਾਂ ਬੁਰਜੂਆ ਅਤੇ ਸੋਧਵਾਦੀ ਸਰਮਾਏਦਾਰਾ ਅਜਾਰੇਦਾਰੀਆਂ ਅਤੇ ਮੁਲਕਾਂ ਨਾਲ ਮਿਲਕੇ ਸਾਂਝੇ ਕੰਮ ਖੋਲ੍ਹਣ ਜਾਂ ਉਨ੍ਹਾਂ ਤੋਂ ਕਰਜ਼ੇ ਲੈਣ ਦੀ ਮਨਾਹੀ ਹੈ। ਇਹ ਇੱਕ ਬਹੁਤ ਹੀ ਅਸੂਲੀ ਮਹੱਤਤਾ ਵਾਲਾ ਸਵਾਲ ਹੈ। ਕੋਈ ਵੀ ਮੁਲਕ, ਚਾਹੇ ਵੱਡਾ ਹੋਵੇ ਜਾਂ ਛੋਟਾ, ਕਦੀ ਵੀ ਬੁਰਜੂਆਜ਼ੀ ਜਾਂ ਸੋਧਵਾਦੀਆਂ ਤੋਂ ਮਦਦ ਅਤੇ ਕਰਜ਼ੇ ਲੈਕੇ ਜਾਂ ਆਪਣੀ ਆਰਥਕਤਾ ਨੂੰ ਸਰਮਾਏਦਾਰਾ ਆਰਥਕਤਾ ਦੇ ਦੁਨੀਆਵੀ ਢਾਂਚੇ ਨਾਲ ਇੱਕ-ਮਿੱਕ ਕਰਕੇ ਸਮਾਜਵਾਦ ਨਹੀਂ ਉਸਾਰ ਸਕਦਾ। ਇੱਕ ਸਮਾਜਵਾਦੀ ਮੁਲਕ ਦੀ ਆਰਥਕਤਾ ਨੂੰ ਕਿਸੇ ਵੀ ਤਰ੍ਹਾਂ ਨਾਲ ਬੁਰਜੂਆ ਜਾਂ ਸੋਧਵਾਦੀ ਮੁਲਕਾਂ ਦੀਆਂ ਆਰਥਕਤਾਵਾਂ ਨਾਲ ਜੋੜਨਾ ਸਰਮਾਏਦਾਰੀ ਦੇ ਆਰਥਕ ਨਿਯਮਾਂ ਦੀ ਸਰਗਰਮੀ ਅਤੇ ਸਮਾਜਵਾਦੀ ਢਾਂਚੇ ਦੀ

ਗਾਰਾ ਵਟ ਵਾਸਤੇ ਦਰਵਾਜ਼ੇ ਖੋਲ੍ਹ ਦਿੰਦਾ ਹੈ। ਇਹ ਗਦਾਰੀ ਅਤੇ ਸਰਮਾਏ- ਦਾਰੀ ਦੀ ਮੁੜ-ਬਹਾਲੀ ਦਾ ਰਾਹ ਹੈ, ਜਿਸ ਉਤੇ ਸੋਧਵਾਦੀ ਜੁੰਡਲੀਆਂ ਚਲਦੀਆਂ ਰਹੀਆਂ ਹਨ ਅਤੇ ਚਲ ਰਹੀਆਂ ਹਨ।

ਸਾਡੇ ਲੋਕ ਹਮੇਸ਼ਾ ਹੀ ਆਜ਼ਾਦੀ ਅਤੇ ਕੌਮੀ ਖੁਦਮੁਖਤਾਰੀ ਦੀ ਹਿਫ਼ਾਜ਼ਤ ਨੂੰ ਸਭ ਤੋਂ ਉਚਤਮ ਫਰਜ਼ ਸਮਝਦੇ ਹਨ। ਇਸ ਲਈ ਸਾਡੀ ਪਾਰਟੀ ਤੇ ਲੋਕਸੱਤਾ ਨੇ ਇੱਕ ਸਿਆਸੀ, ਸਿਧਾਂਤਕ, ਫੌਜੀ ਅਤੇ ਹੋਰ ਮਹੱਤਤਾ ਵਾਲੇ ਕਈ ਕਦਮ ਚੁੱਕੇ ਹਨ ਜਿਨ੍ਹਾਂ ਦੀ ਕਿ ਨਵੇਂ ਸੰਵਿਧਾਨ ਵਿਚ ਤਸਦੀਕ ਕੀਤੀ ਗਈ ਹੈ ਤਾਂ ਕਿ ਇੱਕ ਮਜਬੂਤ ਅਤੇ ਭਰੋਸੇਯੋਗ ਡੀਫੈਂਸ ਜਥੇਬੰਦ ਕੀਤੀ ਜਾ ਸਕੇ ਜੋ ਸਮਾਜਵਾਦੀ ਜਿੱਤਾਂ ਦੀ ਹਿਫ਼ਾਜ਼ਤ ਦੇ ਕਾਬਿਲ ਅਤੇ ਕਿਸੇ ਵੀ ਦੁਸ਼ਮਣ ਹਮਲੇ ਦਾ ਮੂੰਹ-ਭੰਨਣ ਦੇ ਕਾਬਿਲ ਹੋਵੇ। ਸੰਵਿਧਾਨ ਇਸ ਮਹਾਨ ਮਾਰਕਸਵਾਦੀ-ਲੈਨਿਨਵਾਦੀ ਅਸੂਲ ਦੀ ਵੀ ਤਸਦੀਕ ਕਰਦਾ ਹੈ ਕਿ ਮੁਲਕ ਅਤੇ ਸਮਾਜਵਾਦ ਦੀਆਂ ਪ੍ਰਾਪਤੀਆਂ ਦੀ ਹਿਫ਼ਾਜ਼ਤ ਦੀ ਗਰੰਟੀ ਹਥਿਆਰਬੰਦ ਫੌਜਾਂ ਵਿਚ ਜਥੇਬੰਦ ਹਥਿਆਰਬੰਦ ਲੋਕ ਹਨ। ਕੌਮੀ ਖੁਦਮੁਖਤਾਰੀ ਅਤੇ ਮੁਲਕ ਦੀ ਰੱਖਿਆ ਨੂੰ ਯਕੀਨੀ ਬਣਾਉਣਾ ਸੰਭਵ ਹੈ ਕਿਉਂਕਿ ਅਲਬਾਨੀਆਂ ਵਿਚ ਲੋਕਾਂ ਦਾ ਰਾਜ ਹੈ ਅਤੇ ਖੁਦਮੁਖਤਾਰੀ ਸਮੁੱਚੇ ਤੌਰਤੇ ਲੋਕਾਂ ਦੇ ਹੱਥਾਂ ਵਿਚ ਹੈ ਅਤੇ ਉਹ ਹੀ ਇਸ ਨੂੰ ਵਰਤਦੇ ਹਨ ਕਿਉਂ ਕਿ ਏਥੇ ਪਾਰਟੀ ਆਫ ਲੇਬਰ ਆਫ ਅਲਬਾਨੀਆਂ ਦੀ ਅਗਵਾਈ ਹੇਠ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਤਾਕਤ ਵਿਚ ਹੈ।

ਇਹ ਬੁਨਿਆਦੀ ਅਸੂਲ ਜੋ ਕਿ ਨਵੇਂ ਸੰਵਿਧਾਨ ਵਿਚ ਤਸਦੀਕ ਕੀਤੇ ਗਏ ਹਨ, ਪਾਰਟੀ ਦੀ ਇਨਕਲਾਬੀ ਮਾਰਕਸਵਾਦੀ-ਲੈਨਿਨਵਾਦੀ ਨੀਤੀ ਅਤੇ ਸੇਧ ਦਾ ਸਬੂਤ ਹਨ, ਅਤੇ ਨਾਲੋ ਨਾਲ ਇਹ ਅਲਬਾਨੀਅਨ ਲੋਕਾਂ ਦੀਆਂ ਦਿਲੀ-ਭਾ- ਵਨਾਵਾਂ ਨਾਲ ਮੇਲ ਖਾਂਦੇ ਹਨ ਜਿਨ੍ਹਾਂ ਲੋਕਾਂ ਨੇ ਆਪਣੇ ਆਜ਼ਾਦੀ ਅਤੇ ਖੁਦ- ਮੁਖਤਾਰੀ ਦੇ ਹੱਕਾਂ ਲਈ ਸੈਂਕੜੇ ਸਾਲਾਂ ਤਕ ਲੜਾਈ ਕੀਤੀ ਅਤੇ ਅਥਾਹ ਖੂਨ ਵਹਾਇਆ। ਇਹੀ ਵਜ੍ਹਾ ਹੈ ਕਿ ਸਮੁੱਚੇ ਲੋਕਾਂ ਨੇ ਸੰਵਿਧਾਨ ਦੇ ਇਨ੍ਹਾਂ ਮਹਾਨ ਅਸੂਲਾਂ ਨੂੰ ਸਰਬ-ਸੰਮਤੀ ਨਾਲ ਆਪਣੀ ਮਨਜ਼ੂਰੀ ਦਿੱਤੀ ਹੈ ਅਤੇ ਹਰ ਕੀਮਤ ਤੇ ਆਪਣੀ ਕੌਮੀ ਖੁਦਮੁਖਤਾਰੀ ਅਤੇ ਆਪਣੀ ਸਮਾਜਵਾਦੀ ਮਾਤਭੂਮੀ ਦੇ ਹਰ ਇੱਕ ਇੰਚ ਦੀ ਰਾਖੀ ਕਰਨ ਲਈ ਤਤਪਰਤਾ ਦਿਖਾਈ ਹੈ।

ਸਾਡੇ ਮੁਲਕ ਦਾ ਤਜਰਬਾ ਸਾਬਤ ਕਰਦਾ ਹੈ ਕਿ ਆਰਥਕ ਅਤੇ ਸਿਆਸੀ ਆਜ਼ਾਦੀ ਦੀ ਬਰਕਰਾਰੀ ਅਤੇ ਕੌਮੀ ਖੁਦਮੁਖਤਾਰੀ ਦੀ ਰਾਖੀ ਦਾ ਸਵਾਲ ਸਵੈ-

ਨਿਰਭਰਤਾ ਦੇ ਅਸੂਲ ਨੂੰ ਨਿਰੰਤਰ ਲਾਗੂ ਕਰਨ ਦੇ ਸਵਾਲ ਨਾਲ ਪੂਰੀ ਤਰ੍ਹਾਂ ਬੱਝਾ ਹੋਇਆ ਹੈ। ਇਸ ਮੁੱਖ ਸਵਾਲ ਦੇ ਮੁਤੱਲਕ, ਨਵਾਂ ਸੰਵਿਧਾਨ ਕਹਿੰਦਾ ਹੈ ਕਿ ਸਮਾਜਵਾਦ ਦੀ ਉਸਾਰੀ ਦੇ ਸਮੁੱਚੇ ਦੌਰ ਵਿਚ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ ਅਲਬਾਨੀਆ ਸਵੈ-ਨਿਰਭਰਤਾ ਦੇ ਅਸੂਲ ਉਤੇ ਚੱਲੇਗਾ।

ਜਿਵੇਂ ਕਿ ਮੁਲਕ ਦੀ ਆਜ਼ਾਦੀ ਅਤੇ ਖੁਦਮੁਖਤਾਰੀ ਦਾਨ ਨਹੀਂ ਕੀਤੀ ਜਾਂਦੀ, ਏਸੇ ਤਰ੍ਹਾਂ ਹੀ ਇਨਕਲਾਬ ਅਤੇ ਸਮਾਜਵਾਦ ਵੀ ਦਰਾਮਦ ਨਹੀਂ ਕੀਤੇ ਜਾਂਦੇ। ਇਹ ਹਰ ਮੁਲਕ ਦੇ ਮੇਹਨਤਕਸ਼ ਲੋਕਾਂ ਵਲੋਂ ਮਜ਼ਦੂਰ ਜਮਾਤ ਅਤੇ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦੀ ਅਗਵਾਈ ਹੇਠ ਦ੍ਰਿੜ ਘੋਲ ਲੜਕੇ ਲਿਆਂਦੇ ਜਾਂਦੇ ਹਨ। ਸਵੈ-ਨਿਰਭਰਤਾ ਦਾ ਅਸੂਲ ਪ੍ਰੋਲਤਾਰੀ, ਇਨਕਲਾਬੀਆਂ, ਅਤੇ ਸਮਾਜਵਾਦੀ ਦੇਸ਼ਾਂ ਦੀ ਕੌਮਾਂਤਰੀਵਾਦੀ ਮਦਦ ਨੂੰ ਨਜ਼ਰ-ਅੰਦਾਜ਼ ਨਹੀਂ ਕਰਦਾ। ਪਰ ਬਾਹਰੀ ਤੱਤ, ਕੌਮਾਂਤਰੀਵਾਦੀ ਮਿਲਵਰਤਣ ਅਤੇ ਮਦਦ, ਆਪਣੀ ਮਹਾਨ ਮਹੱਤਤਾ ਦੇ ਬਾਵਜੂਦ ਵੀ, ਇੱਕ ਸਹਾਇਕ ਤੱਤ ਹੀ ਹੈ, ਫੈਸਲਾਕੁੰਨ ਤੱਤ ਨਹੀਂ।

ਕੌਮੀ ਮੁਕਤੀ ਜੰਗ ਦੇ ਦੁਰਾਨ ਅਤੇ ਸਮਾਜਵਾਦ ਦੀ ਉਸਾਰੀ ਅਤੇ ਹਿਫਾਜ਼ਤ ਦੇ ਦੁਰਾਨ ਸਾਡੀ ਪਾਰਟੀ ਨੇ ਸਵੈ-ਨਿਰਭਰਤਾ ਦੇ ਮਾਰਕਸਵਾਦੀ-ਲੈਨਿਨਵਾਦੀ ਅਸੂਲ ਨੂੰ ਦ੍ਰਿੜਤਾ ਨਾਲ ਲਾਗੂ ਕੀਤਾ ਹੈ। ਇਹੀ ਵਜ੍ਹਾ ਹੈ ਕਿ ਅਸੀਂ ਨਾਜ਼ੀ ਫਾਸ਼ਿਸਟ ਧਾੜਵੀਆਂ ਨੂੰ ਸਫਲਤਾਪੂਰਬਕ ਭਾਂਜ ਦਿੱਤੀ ਅਤੇ ਨਾਲੋ ਨਾਲ ਸਾਮਰਾਜੀ ਅਤੇ ਸੋਧਵਾਦੀ ਦਬ-ਦਬੇ ਅਤੇ ਘੇਰਿਆਂ ਨੂੰ ਭਾਂਜ ਦਿੱਤੀ, ਇੱਕ ਮਜ਼ਬੂਤ ਅਤੇ ਆਜ਼ਾਦ ਆਰਥਕਤਾ ਉਸਾਰੀ ਹ ਅਤੇ ਇੱਕ ਮਜ਼ਬੂਤ ਅਤੇ ਭਰੋਸੇ-ਯੋਗ ਰੱਖਿਆ ਸ਼ਕਤੀ ਕਾਇਮ ਕੀਤੀ ਹੈ, ਅਤੇ ਇੱਕ ਨਿੱਗਰ ਸਮਾਜਵਾਦੀ ਸੱਭਿਆਚਾਰ ਅਤੇ ਕਲਾ ਨੂੰ ਵਿਕਸਤ ਕੀਤਾ ਹੈ। ਬਿਨਾਂ ਹਿਚਕਚਾਹਟ ਤੋਂ, ਸਵੈ-ਨਿਰਭਰਤਾ ਅਤੇ ਮਾਰਕਸਵਾਦੀ-ਲੈਨਿਨਵਾਦੀ ਰਾਹ ਤੇ ਚਲਦਿਆਂ ਅਲਬਾਨੀਆਂ ਨਿਸਚੇ ਹੀ ਸਮਾਜਵਾਦੀ ਸਮਾਜ ਦੀ ਪੂਰਨ ਉਸਾਰੀ ਵਿਚ ਨਵੀਆਂ ਅਤੇ ਹੋਰ ਵੱਡੀਆਂ ਜਿੱਤਾਂ ਪ੍ਰਾਪਤ ਕਰੇਗਾ।

ਨਵਾਂ ਸੰਵਿਧਾਨ ਹੋਰ ਵੀ ਕਈ ਮਹੱਤਵਪੂਰਨ ਅਸੂਲਾਂ ਅਤੇ ਨਿਯਮਾਂ ਦੀ ਤਸਦੀਕ ਕਰਦਾ ਹੈ, ਜੋ ਕਿ ਸਮੁੱਚੇ ਆਰਥਕ ਅਤੇ ਸਮਾਜੀ, ਸਿਆਸੀ ਤੇ ਅਤੇ ਰੂਹਾਨੀ ਜੀਵਨ ਦੀ ਉਸਾਰੀ ਅਤੇ ਬਰਕਰਾਰੀ ਦੀ ਨੀਂਹ ਹਨ, ਜਿਵੇਂ ਕਿ ਮਾਲਕੀਅਤ ਅਤੇ ਵੰਡ ਦੇ ਰਿਸ਼ਤਿਆਂ ਦੇ ਅਸੂਲ, ਆਰਥਕਤਾ ਦਾ ਨਿਯਮਬਧ ਵਿਕਾਸ, ਸਮਾਜਵਾਦੀ ਕਾਨੂੰਨ, ਕੇਡਰਾਂ ਅਤੇ ਲੋਕਾਂ ਵਿਚਕਾਰ ਸਬੰਧ, ਅਤੇ ਨਾਲੋ ਨਾਲ ਅਜੇਹੇ

ਅਸੂਲ ਅਤੇ ਨਿਯਮ ਜੋ ਨਾਗਰਿਕਾਂ ਦਿਆਂ ਹੱਕਾਂ ਅਤੇ ਫਰਜ਼ਾਂ ਦੀ ਪ੍ਰੀਭਾਸ਼ਾ ਕਰਦੇ ਹਨ, ਆਦਿ, ਆਦਿ। ਸਾਡੀ ਬਦੇਸ਼-ਨੀਤੀ ਦੇ ਬੁਨਿਆਦੀ ਅਸੂਲਾਂ ਦੀ ਵੀ ਸੰਵਿਧਾਨ ਵਿਚ ਤਸਦੀਕ ਕੀਤੀ ਗਈ ਹੈ।

ਨਵਾਂ ਸੰਵਿਧਾਨ ਇੱਕ ਅਸਲੀ ਸਮਾਜਵਾਦੀ ਸਮਾਜ ਦਾ ਅਕਸ ਪੇਸ਼ ਕਰਦਾ ਹੈ, ਜੋ ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੀਆਂ ਸਿੱਖਿਆਵਾਂ ਅਨੁਸਾਰ ਉਸਾਰਿਆ ਜਾਂਦਾ ਹੈ। ਇਸ ਲਈ, ਸਾਡੀ ਰੀਪਬਲਿਕ ਨੂੰ ਇੱਕ ਪੀਪਲਜ਼ ਸੋਸ਼ਲਿਸਟ ਰੀਪਬਲਿਕ ਕਹਿੰਦਿਆਂ, ਨਵਾਂ ਸੰਵਿਧਾਨ ਪੂਰਨ ਅਤੇ ਬਿਲਕੁੱਲ ਸਾਫ ਤੌਰ ਤੇ ਅੱਜ ਦੇ ਅਲਬਾਨੀਆਂ ਦੇ ਜਮਾਤੀ ਖਾਸੇ ਅਤੇ ਸਮਾਜਵਾਦੀ ਸਚਾਈ ਨੂੰ ਪੇਸ਼ ਕਰਦਾ ਹੈ।

ਸਾਡੀ ਸਮਾਜਵਾਦੀ ਸਟੇਟ ਦੇ ਨਵੇਂ ਬੁਨਿਆਦੀ ਕਾਨੂੰਨ ਨੂੰ ਪੀਪਲਜ਼ ਅਸੰਬਲੀ ਵਲੋਂ ਮਨਜ਼ੂਰੀ ਮਿਲਣ ਨਾਲ ਸਾਡੇ ਲੋਕਾਂ ਦੇ ਸਮਾਜਵਾਦ ਦੀ ਉਸਾਰੀ ਤੇ ਹਿਫਾਜ਼ਤ ਵਾਸਤੇ ਸਮੁੱਚੇ ਕੰਮ ਅਤੇ ਘੋਲ ਨੂੰ ਇੱਕ ਤਾਜ਼ਾ ਤਾਕਤ ਅਤੇ ਜੋਸ਼ ਮਿਲੇਗਾ। ਨਵਾਂ ਸੰਵਿਧਾਨ ਅਲਬਾਨੀਆਂ ਵਿਚ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਨੂੰ ਹੋਰ ਵੀ ਮਜ਼ਬੂਤ ਅਤੇ ਅਜਿੱਤ ਬਣਾਏਗਾ, ਇਹ ਸਾਡੀ ਮਾਤਭੂਮੀ ਦੀ ਹੋਰ ਵੀ ਜ਼ਿਆਦਾ ਉਨੱਤੀ ਅਤੇ ਖੁਸ਼ਹਾਲੀ ਦਾ ਰਾਹ ਖੋਲ੍ਹ ਦੇਵੇਗਾ।

## II

# ਦੇਸ਼ ਦਾ ਆਰਥਿਕ ਵਿਕਾਸ ਅਤੇ ਪਾਰਟੀ ਦੇ ਕੰਮ

ਪਾਰਟੀ ਦੀ ਅਗਵਾਈ ਹੇਠ ਅਤੇ ਇਸਦੀ ਸਹੀ ਮਾਰਕਸਵਾਦੀ ਲੈਨਿਨਵਾਦੀ ਸੇਧ ਤੋਂ ਜੋਸ਼ ਲੈਕੇ ਸਾਡੀ ਮਜ਼ਦੂਰ ਸਮਾਤ, ਸਹਿਕਾਰੀ ਕਿਸਾਨੀ ਅਤੇ ਲੋਕ-ਬੁਧੀ-ਜੀਵੀ ਵਰਗਾਂ ਨੇ, ਆਪਣਾ ਪੂਰਾ ਜ਼ੋਰ ਲਾ ਕੇ, ਮੋਟੇ ਤੌਰ ਤੇ, ਆਰਥਕਤਾ ਅਤੇ ਸਭਿਆਚਾਰ ਦੀ ਤਰੱਕੀ ਲਈ 6ਵੀਂ ਕਾਂਗਰਸ ਵਲੋਂ ਮਿੱਥੇ ਗਏ ਕਾਰਜਾਂ ਨੂੰ ਸਫਲਤਾ ਪੂਰਬਕ ਨੇਪਰੇ ਚਾੜਿਆ ਹੈ।

ਪਾਰਟੀ ਦੀ ਇਸ ਹਦਾਇਤ ਨੂੰ ਲਾਗੂ ਕਰਨ ਨਾਲ ਕਿ ਆਰਥਕਤਾ ਨੂੰ ਕਦਮ ਵਾਰ ਅਤੇ ਇਕਸਾਰ ਵਿਕਸਤ ਕਰਨਾ ਚਾਹੀਦਾ ਹੈ, 5ਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਆਰਥਕਤਾ ਦੀਆਂ ਸਭ ਸ਼ਾਖਾਵਾਂ ਦੀ ਤਰੱਕੀ ਅਤੇ ਮਜ਼ਬੂਤੀ ਯਕੀਨੀ ਬਣਾਈ ਜਾ ਸਕੀ। 1975 ਵਿਚ, 1970 ਦੇ ਮੁਕਾਬਲੇ ਸਮਾਜੀ ਪੈਦਾਵਾਰ 37 ਫੀਸਦੀ ਵਧੀਂ ਅਤੇ ਕੌਮੀ ਆਮਦਨ 38 ਫੀਸਦੀ ਵਧੀ, ਜੋ ਆਬਾਦੀ ਵਿਚ ਹੋਏ ਵਾਧੇ ਨਾਲੋਂ ਤਿੰਨ ਗੁਣਾਂ ਵੱਧ ਹੈ।

ਇਸ ਦੌਰ ਦੇ ਦੌਰਾਨ ਸਮਾਜਵਾਦੀ ਉਦਯੋਗੀਕਰਣ ਦੇ ਰਾਹ ਤੇ ਚਲਦਿਆਂ, ਸਮੁੱਚੇ ਆਰਥਕ ਵਿਕਾਸ ਵਿਚ ਉਦਯੋਗ ਦਾ ਇਕ ਆਗੂ ਸ਼ਾਖਾ ਦੇ ਤੌਰ ਤੇ ਰੋਲ ਹੋਰ ਵੀ ਤੇਜ਼ ਹੋਇਆ। ਹੁਣ ਸਨਅਤੀ ਪੈਦਾਵਾਰ, ਕੁਲ ਸਨਅਤੀ ਅਤੇ ਜ਼ਰਾਇਤੀ ਪੈਦਾਵਾਰ ਦੇ ਕਰੀਬ 65ਫੀਸਦੀ ਦੇ ਬਰਾਬਰ ਹੈ। 1975 ਵਿਚ, 1970ਦੇ ਮੁਕਾਬਲੇ ਸਨਅਤੀ ਪੈਦਾਵਾਰ 52 ਫੀਸਦੀ ਵਧੀ ਜਾਣੀ ਕਿ ਔਸਤਨ ਸਾਲਾਨਾ ਰੇਟ 8.7 ਫੀ ਸਦੀ ਹੈ।

ਇਨ੍ਹਾਂ ਸਾਲਾਂ ਦੇ ਦੌਰਾਨ, ਆਰਥਕਤਾ ਦੀ ਬੁਨਿਆਦੀ ਸ਼ਾਖਾ ਦੇ ਤੌਰ ਤੇ, ਸਮਾਜਵਾਦੀ ਜ਼ਰਾਇਤ ਦੇ ਤੇਜ਼ ਵਿਕਾਸ ਅਤੇ ਅਧੁਨੀਕਰਣ ਲਈ ਪਾਰਟੀ ਦੀ ਸਹੀ ਨੀਤੀ ਨੂੰ ਅਮਲ ਵਿਚ ਲਾਗੂ ਕਰਨ ਲਈ ਡਟਵਾਂ ਇਨਕਲਾਬੀ ਕੰਮ ਕੀਤਾ ਗਿਆ। ਜ਼ਰਾਇਤੀ ਪੈਦਾਵਾਰ 33 ਫੀਸਦੀ, ਜਾਣੀ ਕਿ ਔਸਤਨ ਸਾਲਾਨਾ

5.9 ਫੀਸਦੀ ਦੇ ਰੇਟ ਨਾਲ ਵਧੀ।

ਇਨ੍ਹਾਂ ਪੰਜ ਸਾਲਾਂ ਦੇ ਅਰਸੇ ਦੌਰਾਨ ਲਾਗਤ (ਇਨਵੈਸਟਮੈਂਟ) ਇਸਤੋਂ ਪਹਿਲੇ ਪੰਜ ਸਾਲਾਂ ਦੇ ਦੌਰਾਨ ਦੀ ਲਾਗਤ ਨਾਲੋਂ 50 ਫੀਸਦੀ ਵੱਧ ਸੀ। 310 ਮਹੱਤਵ ਪੂਰਣ ਆਰਥਕ ਅਤੇ ਸਮਾਜੀ ਪ੍ਰਾਜੈਕਟਾਂ ਉਤੇ ਕੰਮ ਕੀਤਾ ਗਿਆ ਜਿਨ੍ਹਾਂ ਵਿਚੋਂ ਅੱਧੇ ਚਾਲੂ ਹੋ ਚੁਕੇ ਹਨ।

ਪੈਦਾਵਾਰ ਵਿਚ ਸਮੁੱਚੀ ਤਰੱਕੀ ਦੇ ਅਧਾਰ ਤੇ, ਲੋਕਾਂ ਦੀ ਭਲਾਈ ਅਤੇ ਸਭਿਆਚਾਰਕ ਪੱਧਰ ਵਿਚ ਹੋਰ ਤਰੱਕੀ ਨੂੰ ਯਕੀਨੀ ਬਣਾਇਆ ਜਾ ਸਕਿਆ। ਅਸਲੀ ਜੀਅ-ਪ੍ਰਤੀ ਆਮਦਨ 14.5 ਫੀਸਦੀ ਵਧੀ ਜੋ ਕਿ 6ਵੀ ਕਾਂਗਰਸ ਵਲੋਂ ਟੀਚੇ ਦੇ ਤੌਰਤੇ ਮਿਥੀ ਗਈ ਸੀ। ਲੋਕਾਂ ਦੀ ਖ੍ਰੀਦ ਸ਼ਕਤੀ ਵਧੀ ਹੈ ਅਤੇ (ਵਸਤਾਂ) ਦੀ ਪੂਰਤੀ ਲਗਾਤਾਰ ਸੁਧਰੀ ਹੈ। ਲੋਕਾਂ ਦੀਆਂ ਰੋਜ਼ਾਨਾ ਸਨਅਤੀ ਅਤੇ ਜ਼ਰਾਇਤੀ ਵਸਤਾਂ ਦੀਆਂ ਲੋੜਾਂ ਦੀਆਂ 85 ਫੀਸਦੀ ਲੋੜਾਂ ਸਥਾਨਕ ਪੈਦਾ-ਵਾਰ ਰਾਹੀਂ ਪੂਰੀਆਂ ਕੀਤੀਆਂ ਗਈਆਂ। ਪਿਛਲੇ ਪੰਜ ਸਾਲਾਂ ਦੇ ਅਰਸੇ ਦੌਰਾਨ ਪਿੰਡਾਂ ਅਤੇ ਸ਼ਹਿਰਾਂ ਵਿਚ 62,000 ਮਕਾਨ ਉਸਾਰੇ ਗਏ। ਲੋਕਾਂ ਦਾ ਵਿਦਿਅਕ ਅਤੇ ਸਭਿਆਚਾਰਕ ਪੱਧਰ ਉੱਚਾ ਚੁੱਕਿਆ ਗਿਆ। ਪਿਛਲੇ 5 ਸਾਲਾਂ ਦੇ ਦੌਰਾਨ 12,500 ਲੋਕਾਂ ਨੇ ਹਾਈ ਸਕੂਲਾਂ ਵਿਚੋਂ ਡਿਗਰੀਆਂ ਪ੍ਰਾਪਤ ਕੀਤੀਆਂ, ਅਤੇ 72,000 ਲੋਕਾਂ ਨੇ ਸੈਕੰਡਰੀ ਸਕੂਲਾਂ ਤੋਂ ਡਿਗਰੀਆਂ ਪ੍ਰਾਪਤ ਕੀਤੀਆਂ। ਲੋਕ ਭਲਾਈ ਅਤੇ ਸਭਿਆਚਾਰਕ ਪੱਧਰ ਵਿਚ ਵਾਧੇ, ਡਾਕਟਰੀ ਸੇਵਾਵਾਂ ਦੇ ਪਸਾਰੇ ਅਤੇ ਉਨਤੀ ਕਾਰਨ ਔਸਤਨ ਉਮਰ ਵਿਚ ਵਾਧਾ ਹੋਇਆ ਅਤੇ ਆਬਾਦੀ ਦੇ ਵਾਧੇ ਦੀ ਦਰ ਵੀ ਉਚੀ ਹੋਈ।

ਇਸ ਸਰਬ ਪੱਖੀ ਪਦਾਰਥਕ ਅਤੇ ਸਭਿਆਚਾਰਕ ਵਿਕਾਸ ਦੇ ਨਾਲ ਨਾਲ ਸਮਾਜਵਾਦੀ ਜਾਇਦਾਦ ਦੀ ਮਜ਼ਬੂਤੀ, ਵੰਡ ਅਤੇ ਵਟਾਂਦਰੇ ਦੇ ਸਬੰਧਾਂ ਦੀ ਹੋਰ ਇਨਕਲਾਬੀ ਉਨਤੀ ਲਈ ਵੀ ਕਦਮ ਚੁੱਕੇ ਗਏ।

6ਵੀਂ ਕਾਂਗਰਸ ਵਲੋਂ ਆਰਥਿਕਤਾ ਅਤੇ ਸਭਿਆਚਾਰ ਦੇ ਵਿਕਾਸ ਲਈ ਮਿੱਥੇ ਗਏ ਕੰਮਾਂ ਨੂੰ ਲਾਗੂ ਕਰਕੇ ਹਾਸਲ ਕੀਤੇ ਗਏ ਸਿਟੇ ਸਾਫ ਤੌਰ ਤੇ ਸਾਡੀ ਪਾਰਟੀ ਦੀ ਸਹੀ ਮਾਰਕਸਵਾਦੀ ਲੈਨਿਨਵਾਦੀ ਸੇਧ, ਸਾਡੇ ਸਮਾਜਵਾਦੀ ਸਿਸਟਮ ਦੀ ਉਚਤਮਤਾ ਅਤੇ ਸਾਡੇ ਲੋਕਾਂ ਵਿਚ ਜਾਗ੍ਰਿਤੀ ਅਤੇ ਉਸਾਰੂਪਣ ਦੀ ਉਚੀ ਪੱਧਰ ਦੀ ਗਵਾਹੀ ਭਰਦੇ ਹਨ।

ਪ੍ਰਾਪਤ ਕੀਤੇ ਗਏ ਮੁੱਖ ਸਿਟਿਆਂ ਦਾ ਸਹੀ ਜ਼ਾਇਜ਼ਾ ਲਾਉਂਦਿਆਂ ਹੋਇਆਂ,

ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਇਸ ਪੰਜ ਸਾਲਾ ਯੋਜਨਾ ਨੂੰ ਨੇਪਰੇ ਚਾੜਨ ਦੇ ਘੋਲ ਵਿਚ ਕੁਝ ਵਾਸਤਵਿਕ ਕਠਨਾਈਆਂ ਤੋਂ ਬਿਨ੍ਹਾਂ, ਕੰਮਦੀ ਜਥੇਬੰਦੀ ਅਤੇ ਮੈਨੇਜ਼ਮੈਂਟ ਵਿਚ ਕਈ ਇਕ ਤਰੁੱਟੀਆਂ ਅਤੇ ਕਮਜ਼ੋਰੀਆਂ ਰਹੀਆਂ ਹਨ, ਨੌਕਰਸ਼ਾਹ ਅਤੇ ਉਦਾਰਵਾਦੀ ਐਕਸ਼ਨਾਂ, ਤਕਨੀਕੀ ਅਤੇ ਬੁੱਧੀਜੀਵੀ ਵਿਚਾਰਾਂ ਨੇ ਕੁਝ ਸ਼ਾਖਾਵਾਂ ਵਿਚ ਕਾਫੀ ਨੁਕਸਾਨ ਪਹੁੰਚਾਇਆ। ਤੇਲ, ਕਰੋਮੀਅਮ, ਤਾਬਾਂ ਅਤੇ ਕੋਲਾ ਕੱਢਣ, ਅਨਾਜੀ ਅਤੇ ਸਨਅਤੀ ਫਸਲਾਂ ਵਿਚ ਮਿੱਥੇ ਗਏ ਟੀਚੇ ਪੂਰਨ ਤੌਰ ਤੇ ਮੁਕੰਮਲ ਨਹੀਂ ਕੀਤੇ ਜਾ ਸਕੇ। ਕੁਝ ਸਨਅਤੀ ਪ੍ਰਾਜੈਕਟਾਂ ਦੀ ਉਸਾਰੀ ਮਿਥੇ ਹੋਏ ਸਮੇਂ ਦੌਰਾਨ ਪੂਰੀ ਨਾ ਕੀਤੀ ਜਾ ਸਕੀ। ਪਾਰਟੀ ਵਲੋਂ ਨੰਗੇ ਕੀਤੇ ਗਏ ਅਤੇ ਦੁਰਕਾਰੇ ਗਏ ਗਰੁੱਪਾਂ ਦੀਆਂ ਵੈਰਪੂਰਣ ਕਰਤੂਤਾਂ ਦਾ ਇਨ੍ਹਾਂ ਟੀਚਿਆਂ ਦੇ ਪੂਰੇ ਨਾ ਹੋ ਸਕਣ ਨਾਲ ਸਿੱਧਾ ਸਬੰਧ ਹੈ।

ਪਰ ਨਾ ਹੀ ਸਾਮਰਾਜੀ ਸੋਧਵਾਦੀ ਘੇਰਾਉ ਅਤੇ ਸਰਬ ਪੱਖੀ ਨਾਕਾਬੰਦੀ ਸਾਮਰਾਜੀ ਸੋਧਵਾਦੀ ਦੁਨੀਆਂ ਦੇ ਆਰਥਕ ਵਿਤੀ ਸੰਕਟ ਦਾ ਦਬਾਉ ਅਤੇ ਨਾ ਹੀ ਦੁਸ਼ਮਣਾਂ ਦੀਆਂ ਕਰਤੂਤਾਂ ਸਮਾਜਵਾਦੀ ਅਲਬਾਨੀਆਂ ਦੀ ਸੇਧੂ ਮਾਰਚ ਨੂੰ ਰੋਕ ਸਕੀਆਂ।

ਸਾਡੇ ਸਮਾਜ ਦੀ ਪਦਾਰਥਕ ਅਤੇ ਰੂਹਾਨੀ ਤਰੱਕੀ ਵਿਚ ਹਾਸਲ ਕੀਤੀਆਂ ਗਈਆਂ ਮੁੱਖ ਜਿੱਤਾਂ ਨੇ ਇਕ ਤਾਕਤਵਰ ਅਧਾਰ ਤਿਆਰ ਕਰ ਦਿਤਾ ਹੈ ਜੋ ਸਾਡੇ ਅਗੇਰੇ ਵੱਲ ਅਰੁੱਕ ਕੂਚ ਲਈ ਮਹਾਨ ਮੌਕੇ ਪੈਦਾ ਕਰਦਾ ਹੈ।

ਸਮਾਜਵਾਦ ਦੀ ਉਸਾਰੀ ਬਾਰੇ ਆਮ ਮਾਰਕਸਵਾਦੀ ਲੈਨਿਨਵਾਦੀ ਸੇਧ ਤੇ ਚਲਦਿਆਂ, ਪਾਰਟੀ ਦੀ ਕੇਂਦਰੀ ਕਮੇਟੀ ਨੇ 1976-80 ਦੇ ਅਰਸੇ ਦੌਰਾਨ ਆਰਥਕ ਅਤੇ ਸਭਿਆਚਾਰਕ ਤਰੱਕੀ ਦੀ 5 ਸਾਲਾ ਯੋਜਨਾ ਵਾਸਤੇ ਹਦਾਇਤਾਂ ਦਾ ਖਰੜਾ ਤਿਆਰ ਕੀਤਾ ਹੈ, ਜੋ ਇਹ ਹੁਣ ਵਿਚਾਰ ਵਟਾਂਦਰੇ ਦੇ ਵਾਸਤੇ ਕਾਂਗ੍ਰਸ ਸਾਹਮਣੇ ਪੇਸ਼ ਕਰਦੀ ਹੈ।

ਇਨ੍ਹਾਂ ਹਦਾਇਤਾਂ ਦੇ ਖਰੜੇ ਤੇ ਮੇਹਨਤਕਸ਼ ਲੋਕ ਵਿਚਾਰ ਵਟਾਂਦਰਾ ਕਰ ਚੁੱਕੇ ਹਨ ਜਿਨ੍ਹਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ, ਨਵੇ ਖਜ਼ਾਨੇ ਤੇ ਸੰਭਾਵਨਾਵਾਂ ਲੱਭੀਆਂ ਹਨ, ਅਤੇ ਇਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਨੂੰ ਯਕੀਨੀ ਬਣਾਉਣ ਲਈ ਬਹੁਤ ਸਾਰੀਆਂ ਬਹੁਮੁੱਲੀਆਂ ਤਜ਼ਵੀਜ਼ਾਂ ਪੇਸ਼ ਕੀਤੀਆਂ ਹਨ।

6ਵੀਂ ਪੰਜ ਸਾਲਾ ਯੋਜਨਾ ਇਕ ਸਾਰਥਕ ਯੋਜਨਾ ਹੈ। ਇਹ ਲੋਕਾਂ ਦੀਆਂ ਕੋਸ਼ਿਸ਼ਾਂ,

ਸ਼ਕਤੀਆਂ ਅਤੇ ਦਿਮਾਗੀ ਅਤੇ ਜਿਸਮਾਨੀ ਕਾਬਲੀਅਤਾਂ, ਆਰਥਕਤਾ ਦੀਆਂ ਸੰਭਾਵਨਾਵਾਂ ਅਤੇ ਸੋਮਿਆਂ, ਅੰਦਰੂਨੀ ਸਮਾਜਵਾਦੀ ਤਰੱਕੀ ਉਤੇ ਅਧਾਰਤ ਹੈ। ਅੱਜ ਤਕ ਦੀਆਂ ਪ੍ਰਾਪਤੀਆਂ, ਕਾਇਮ ਹੋਏ ਪਦਾਰਥਕ ਤੱਕਨੀਕੀ ਅਧਾਰ, ਹਾਸਲ ਕੀਤਾ ਗਿਆ ਮਹਾਨ ਤਜ਼ਰਬਾ ਅਤੇ ਸਾਡੇ ਲੋਕਾਂ ਦੇ ਜੋਸ਼, ਤਤਪਰਤਾ, ਅਤੇ ਅਥਾਹ ਦੇਸ਼ ਭਗਤੀ ਇਸ ਗੱਲ ਦੀ ਗਰੰਟੀ ਹਨ ਕਿ ਇਹ ਯੋਜਨਾ ਸਫਲਤਾ ਪੂਰਬਕ ਸਿਰੇ ਚੜ੍ਹਾਈ ਜਾਵੇਗੀ।

ਪਾਰਟੀ ਵਲੋਂ 1976-1980 ਦੇ ਸਮੇਂ ਦੌਰਾਨ ਆਰਥਕਤਾ ਅਤੇ ਸਭਿਆਚਾਰ ਦੀ ਤਰੱਕੀ ਲਈ ਤਿਆਰ ਕੀਤੀਆਂ ਗਈਆਂ ਹਦਾਇਤਾਂ ਦੇ ਖਰੜੇ ਦੇ ਅਧਾਰ ਤੇ ਹੇਠ ਲਿਖਿਆ ਪ੍ਰੋਗਰਾਮ ਤੈਅ ਕੀਤਾ ਗਿਆ ਹੈ:

"ਸਮਾਜਵਾਦੀ ਅਲਬਾਨੀਆ ਨੂੰ ਇਕ ਸਨਅਤੀ ਜ਼ਰਾਇਤੀ ਮੁਲਕ ਵਿਚ ਤਬਦੀਲ ਕਰਨ ਲਈ, ਜਿਸ ਦੀ ਨਵੀਨ ਸਨਅਤ ਅਤੇ ਜ਼ਰਾਇਤ ਹੋਵੇ, ਸਵੈ-ਨਿਰਭਰਤਾ ਦੇ ਕਾਨੂੰਨ ਅਨੁਸਾਰ ਦੇਸ਼ ਦੀ ਸਮਾਜਵਾਦੀ ਉਸਾਰੀ ਨੂੰ ਤੇਜ਼ ਕਰਨਾ, ਤੇਜ਼ੀ ਨਾਲ ਦੇਸ਼ ਦੀ ਆਰਥਕ ਆਜ਼ਾਦੀ ਦੀ ਸਰਬ ਪੱਖੀ ਮਜ਼ਬੂਤੀ ਕਰਨੀ; ਪੈਦਾਵਾਰ ਦੇ ਸਮਾਜਵਾਦੀ ਰਿਸ਼ਤਿਆਂ ਅਤੇ ਢਾਂਚੇ ਨੂੰ ਹੋਰ ਸੁਧਾਰਨਾ; ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਮਜ਼ਬੂਤ ਕਰਨਾ ਅਤੇ ਮੁਲਕ ਦੀ ਰੱਖਿਆ ਸ਼ਕਤੀ ਵਿਚ ਵਾਧਾ ਕਰਨਾ; ਦਿਹਾਤ ਅਤੇ ਸ਼ਹਿਰ ਵਿਚਕਾਰ ਫਰਕ ਨੂੰ ਹੋਰ ਵੀ ਘੱਟ ਕਰਕੇ ਮੇਹਨਤਕਸ਼ ਲੋਕਾਂ ਦੀ ਪਦਾਰਥਕ ਅਤੇ ਸਭਿਆਚਾਰਕ ਪੱਧਰ ਨੂੰ ਉਚਿਆਂ ਉਠਾਉਣਾ। ਇਹ ਕੁਝ ਪਾਰਟੀ ਦੀ ਅਗਵਾਈ ਹੇਠ ਨਿਰੰਤਰ ਜਮਾਤੀ ਘੋਲ ਚਲਾ ਕੇ ਅਤੇ ਲੋਕਾਂ ਦੀਆਂ ਸਮੁੱਚੀਆਂ ਤਾਕਤਾਂ ਅਤੇ ਯੋਗਤਾਵਾਂ ਨੂੰ ਲਾਮਬੰਦ ਕਰਕੇ ਕੀਤਾ ਜਾਵੇਗਾ।"

ਇਸ ਬੁਨਿਆਦੀ ਕੰਮ ਨੂੰ ਸਿਰੇ ਚੜ੍ਹਾਉਣ ਲਈ, 6ਵੀਂ ਪੰਜ ਸਾਲਾ ਯੋਜਨਾ ਸਮਾਜਵਾਦੀ ਉਦਯੋਗ ਦੇ ਸਰਬ ਪੱਖੀ ਵਿਕਾਸ ਨੂੰ ਰੂਬਰੂ ਕਰਦੀ ਹੈ, ਜੋ ਪਹਿਲਾਂ ਦੀ ਤਰ੍ਹਾਂ ਹੀ ਭਾਰੀ ਉਦਯੋਗ ਨੂੰ ਪਹਿਲ ਦੇ ਕੇ ਪ੍ਰਾਪਤ ਕੀਤਾ ਜਾਵੇਗਾ। ਪੈਦਾਵਾਰ ਅਤੇ ਤਕਨੀਕੀ ਸਾਜ਼ੋ ਸਮਾਨ ਦੀ ਹੋਰ ਵੀ ਵੱਡੀ ਪੱਧਰ ਤੇ ਇਕੱਤਰਤਾ ਵਾਲੇ ਨਵੇਂ ਪ੍ਰਾਜੈਕਟਾਂ ਦੇ ਚੱਲਣ ਨਾਲ ਉਦਯੋਗ ਵਿਚ ਇਕ ਨਵੀਂ ਗੁਣਾਤਮਿਕ ਤਬਦੀਲੀ ਆ ਵੇਗੀ।

ਸਮੁੱਚੇ ਤੌਰ ਤੇ ਸਨਅਤੀ ਪੈਦਾਵਾਰ 41-44 ਫੀਸਦੀ ਵਧੇਗੀ, ਜਿਨ੍ਹਾਂ ਵਿਚ ਪੈਦਾਵਾਰ ਦੇ ਸਾਧਨਾਂ ਦੀ ਪੈਦਾਵਾਰ ਕਰੀਬ 60 ਫੀ ਸਦੀ ਹੋਵੇਗੀ। 6 ਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਸਨਅਤੀ ਪੈਦਾਵਾਰ ਦੀ ਕਦਰ, 1951 ਤੋਂ 1970

ਤਕ ਦੀਆਂ ਚਾਰ ਪੰਜ ਸਾਲਾ ਯੋਜਨਾਵਾਂ ਦੇ ਦੌਰਾਨ ਦੀ ਪੈਦਾਵਾਰ ਨਾਲੋਂ ਵੱਧ ਹੋਵੇਗੀ ।

ਜ਼ਰਾਇਤ ਦੇ ਆਧੁਨੀਕਰਣ ਨੂੰ ਤੇਜ਼ ਕਰਨ, ਜ਼ਰਾਇਤੀ ਅਤੇ ਅਨਾਜ ਪੈਦਾਵਾਰ ਤੇਜ਼ੀ ਨਾਲ ਵਧਾਉਣ ਬਾਰੇ ਪਾਰਟੀ ਦੀਆਂ ਹਦਾਇਤਾਂ ਬਹੁਤ ਮਹੱਤਵ ਪੂਰਣ ਹਨ । 1980 ਵਿਚ ਸਮੁੱਚੀ ਜ਼ਰਾਇਤੀ ਪੈਦਾਵਾਰ, 1975 ਦੇ ਮੁਕਾਬਲੇ, ਉਮੀਦ ਹੈ ਕਿ 38-41 ਫੀਸਦੀ ਵੱਧ ਜਾਏਗੀ, ਅਤੇ ਪੰਜ ਸਾਲਾਂ ਦੌਰਾਨ ਹੋਈ ਪੈਦਾਵਾਰ ਪਹਿਲੀ, ਦੂਜੀ ਅਤੇ ਤੀਜੀ ਪੰਜ ਸਾਲਾ ਯੋਜਨਾਵਾਂ ਦੇ 15 ਸਾਲਾ ਦੀ ਸਮੁੱਚੀ ਪੈਦਾਵਾਰ ਦੇ ਬਰਾਬਰ ਹੋ ਜਾਵੇਗੀ ।

ਬੀਤੀ ਪੰਜ ਸਾਲਾ ਯੋਜਨਾ ਦੇ ਮੁਕਾਬਲੇ, ਇਸ ਪੰਜ ਸਾਲਾ ਯੋਜਨਾ ਵਿਚ ਲਾਗਤ ਦਾ ਅਕਾਰ 35-38 ਫੀ ਸਦੀ ਵੱਧਣ ਦੀ ਉਮੀਦ ਹੈ। ਇਹ 1951 ਤੋਂ 1970 ਤਕ ਦੇ 20 ਸਾਲ ਦੇ ਦੌਰਾਨ ਦੀ ਲਾਗਤ ਦੇ ਅਕਾਰ ਦੇ ਬਰਾਬਰ ਹੈ।

ਕੌਮੀ ਆਮਦਨ 38-40 ਫੀਸਦੀ ਵੱਧਣ ਦੀ ਉਮੀਦ ਹੈ। ਲੋਕਾਂ ਵਾਸਤੇ ਅਨਾਜ ਅਤੇ ਸਨਅਤੀ ਵਸਤਾਂ ਦੀ ਪੂਰਤੀ ਹੋਰ ਵਧੇਗੀ। ਪ੍ਰਚੂਨ ਵਸਤਾਂ ਦੀ ਕੁਲ ਵਿਕਰੀ 22-25 ਫੀਸਦੀ ਅਤੇ ਅਸਲੀ ਜੀਅ-ਪ੍ਰਤੀ ਆਮਦਨ 11-14 ਫੀਸਦੀ ਵਧੇਗੀ। ਪੜ੍ਹਾਈ, ਸਭਿਆਚਾਰ, ਸੇਹਤ ਅਤੇ ਵਿਗਿਆਨ ਵੀ ਮਹੱਤਵ ਪੂਰਣ ਤਰੱਕੀ ਕਰਨਗੇ। 1980 ਵਿਚ, ਕਰੀਬ 730,000 ਵਿਦਿਆਰਥੀ ਸਕੂਲਾਂ ਵਿਚ ਹੋਣਗੇ, 18,000 ਵਿਦਿਆਰਥੀ ਹਾਈ ਸਕੂਲਾਂ ਤੋਂ ਡਿਗਰੀਆਂ ਲੈਣਗੇ, ਅਤੇ 91,000 ਵਿਦਿਆਰ-ਥੀ ਸੈਕੰਡਰੀ ਸਕੂਲਾਂ ਤੋਂ ਡਿਗਰੀਆਂ ਲੈਣਗੇ।

ਨਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਮੁਲਕ ਵਾਸਤੇ ਖੁਲ੍ਹੇ ਇਹ ਨਵੀਆਂ ਆਸ਼ਾਵਾਂ ਦੇ ਰਾਹ ਸਭ ਮਜ਼ਦੂਰ ਲੋਕਾਂ ਨੂੰ ਹਲਾਸ਼ੇਰੀ ਦਿੰਦੇ ਹਨ, ਉਨ੍ਹਾਂ ਦੇ ਵਿਸ਼ਵਾਸ਼ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਨੂੰ ਲੋਕਾਂ ਅਤੇ ਦੇਸ਼ ਦੀ ਭਲਾਈ ਵਾਸਤੇ ਨਵੇਂ ਅਤੇ ਵੱਡੇ ਕੰਮ ਆਪਣੇ ਜ਼ਿੰਮੇ ਲੈਣ ਵਾਸਤੇ ਉਤਸ਼ਾਹ ਦਿੰਦੇ ਹਨ।

ਇਹ 6ਵੀਂ ਪੰਜ ਸਾਲਾ ਯੋਜਨਾ ਦੇ ਕੁਝ ਮੁੱਖ ਟੀਚੇ ਹਨ। ਕਾਮਰੇਡ ਮੇਹਮਿਤ ਸ਼ੇਹੂ, ਜੋ 1976-1980 ਦੇ ਸਮੇਂ ਦੌਰਾਨ ਆਰਥਕਤਾ ਅਤੇ ਸਭਿਆਚਾਰ ਦੀ ਤਰੱਕੀ ਵਾਸਤੇ ਹਦਾਇਤਾਂ ਦੇ ਖਰੜੇ ਬਾਰੇ ਕੇਂਦਰੀ ਕਮੇਟੀ ਦੀ ਰੀਪੋਟ ਪੇਸ਼ ਕਰੇਗਾ, ਉਹ ਇਨ੍ਹਾਂ ਬਾਰੇ ਹੋਰ ਵਿਸਥਾਰ ਨਾਲ ਬੋਲੇਗਾ। ਏਥੇ ਅਸੀਂ ਪਾਰਟੀ ਦੀ ਆਰ-ਥਿਕ ਨੀਤੀ ਬਾਰੇ ਕੁਝ ਤਾਜ਼ਾ ਬੁਨਿਆਦੀ ਮਸਲਿਆਂ ਤੇ ਵਿਚਾਰ ਕਰਾਂਗੇ।

1– ਉਦਯੋਗ ਦਾ ਹੋਰ ਵਿਕਾਸ— ਆਰਥਿਕਤਾ ਦੀ ਮਜਬੂਤ ਵਿਚ ਮੁੱਖ ਤੱਤ

ਸਮਾਜਵਾਦੀ ਆਰਥਕਤਾ ਦੇ ਵਿਕਾਸ ਅਤੇ ਮਜ਼ਬੂਤੀ ਵਾਸਤੇ ਆਪਣੇ ਪ੍ਰੋਗਰਾਮ ਵਿਚ, ਪਾਰਟੀ ਮੁੱਢ ਤੋਂ ਹੀ ਸਹੀ ਮਾਰਕਸਵਾਦੀ ਲੈਨਿਨਵਾਦੀ ਲਾਈਨ ਉਤੇ ਚਲਦੀ ਰਹੀ ਹੈ, ਉਦਯੋਗ ਦੇ ਪਸਾਰੇ, ਇਸਦੀ ਮਜ਼ਬੂਤੀ ਅਤੇ ਆਧੁਨੀਕਰਣ ਨੂੰ ਪਹਿਲ ਦਿੰਦੀ ਰਹੀ ਹੈ। ਸਭ ਖੇਤਰਾਂ ਵਿਚ, ਉਦਯੋਗ ਵਿਚ, ਖਾਣਾਂ ਵਿਚ, ਉਸਾਰੀ ਵਿਚ, ਅਤੇ ਸੰਚਾਰ ਆਦਿ ਵਿਚ ਪ੍ਰਾਪਤ ਕੀਤੀਆਂ ਗਈਆਂ ਸਭ ਜਿੱਤਾਂ ਪਾਰਟੀ ਦੀ ਇਸ ਸਹੀ ਨੀਤੀ ਨੂੰ ਲਾਗੂ ਕਰਨ ਦਾ ਸਿੱਟਾ ਹਨ। 1975 ਵਿਚ, 1960 ਦੇ ਮੁਕਾਬਲੇ (ਜਦੋਂ ਰੂਸੀ ਸੋਧਵਾਦੀਆਂ ਆਪਣੀ ਵਹਿਸ਼ੀ ਨਾਕਾਬੰਦੀ ਸ਼ੁਰੂ ਕੀਤੀ), ਕੁਲ ਸਨਅਤੀ ਉਤਪਾਦਨ 3.9 ਗੁਣਾਂ ਵੱਧ ਗਿਆ, ਜਿਸ ਵਿਚੋਂ ਤੇਲ ਅਤੇ ਕਰੋਮੀਅਮ ਸਨਅਤਾਂ ਵਿਚ 3.1 ਗੁਣਾਂ ਵਾਧਾ ਹੋਇਆ, ਤਾਂਬੇ ਦੀ ਸਨਅਤ ਵਿਚ 21 ਗੁਣਾਂ ਵਾਧਾ ਹੋਇਆ, ਸ਼ਕਤੀ ਸਨਅਤ ਵਿਚ 7.1 ਗੁਣਾਂ ਵਾਧਾ ਹੋਇਆ, ਰਸਾਇਣ ਸਨਅਤ ਵਿਚ 24.8 ਗੁਣਾਂ ਵਾਧਾ ਹੋਇਆ ਤੇ ਇੰਜਨੀਅਰੀ ਸਨਅਤ ਵਿਚ 14.4 ਗੁਣਾਂ ਵਾਧਾ ਹੋਇਆ।

ਹਾਸਲ ਕੀਤੇ ਜਾ ਚੁਕੇ ਨਤੀਜਿਆਂ ਅਤੇ ਸਾਡੇ ਮੁਲਕ ਦੀ ਹੋਰ ਤਰੱਕੀ ਦੀਆਂ ਉਮੀਦਾਂ ਵੱਲ ਦੇਖਦਿਆਂ, ਇਹ ਸਾਬਤ ਹੋ ਜਾਂਦਾ ਹੈ ਕਿ ਪਾਰਟੀ ਵਲੋਂ ਯੂਗੋਸਲਾਵ ਅਤੇ ਰੂਸੀ ਸੋਧਵਾਦੀਆਂ ਦੇ "ਸੁਝਾਵਾਂ" ਅਤੇ ਦਬਦਬੇ ਦੇ ਖਿਲਾਫ ਅਤੇ ਅੰਦਰੂਨੀ ਦੁਸ਼ਮਣਾਂ ਦੇ ਗੋਡੇ ਟੇਕੂ ਨਜ਼ਰੀਏ (ਜੋ ਦੇਸ਼ ਨੂੰ ਉਸ ਸਹੀ ਰਾਹ ਤੋਂ ਨਿਖੇੜਨਾ ਚਾਹੁੰਦੇ ਸਨ ਜੋ ਪਾਰਟੀ ਨੇ ਇਸਦੇ ਸਮਾਜਵਾਦੀ ਉਦਯੋਗੀਕਰਣ ਲਈ ਚੁਣਿਆ ਸੀ), ਦੇ ਖਿਲਾਫ ਪਾਰਟੀ ਦਾ ਘੋਲ ਕਿੰਨਾ ਸਹੀ ਅਤੇ ਦੂਰ ਦਰਸ਼ੀ ਸੀ। ਉਨ੍ਹਾਂ ਨੇ ਉਦਯੋਗ ਦੇ ਵਿਕਾਸ ਵਿਚ ਅੜਚਣਾਂ ਡਾਹੁਣ ਲਈ ਪੂਰੀ ਵਾਹ ਲਾਈ, ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਸਾਡੇ ਦੇਸ਼ ਕੋਲ ਕੱਚੇ ਪਦਾਰਥਾਂ ਦੀ ਕਥਿਤ ਘਾਟ ਹੈ, ਕਿ ਖਾਣਾਂ ਦੀ ਸਨਅਤ ਵਿਚ ਪੈਸਾ ਲਾਉਣਾ ਅਜਾਂਈ ਸੁੱਟਣ ਵਾਲੀ ਗਲ ਹੈ, ਕਿ ਇਹ ਪੈਸਾ ਸੂਰਜਮੁੱਖੀ ਅਤੇ ਸੰਤਰਿਆਂ ਉਤੇ ਖਰਚਣਾ ਕਿਤੇ ਸਿਆਣਪ ਵਾਲੀ ਗੱਲ ਹੋਵੇਗੀ। ਉਦਯੋਗ ਅਤੇ ਸਮੁੱਚੀ ਲੋਕ ਆਰਥਕਤਾ ਦੀਆਂ ਵੱਖ ਵੱਖ ਸ਼ਾਖਾਵਾਂ ਦੇ ਵਿਕਾਸ ਲਈ, ਪਾਰਟੀ ਨੇ ਸਭ ਤੋਂ ਵੱਧ ਆਪਣੇ ਮੁਲਕ ਦੇ ਖਣਿਜ ਪਦਾਰਥਾਂ ਦਾ ਸਹਾਰਾ ਲਿਆ ਹੈ। ਧਰਤੀ ਵਿਚੋ ਕੱਚੇ ਪਦਾਰਥ ਕੱਢਣਾ, ਜੋ

ਭਾਰੀ ਉਦਯੋਗ ਵਿਚ ਮੁਖ ਅਰਥ ਰੱਖਦਾ ਹੈ, ਆਰਥਕਤਾ ਲਈ ਬਹੁਤ ਹੀ ਬਹੁਮੁੱਲੇ ਕੱਚੇ ਪਦਾਰਥਾਂ ਦੀ ਪੂਰਤੀ ਨੂੰ ਯਕੀਨੀ ਬਣਾਉਂਦਾ ਹੈ ਜੋਕਿ ਉਦਯੋਗ ਦੀ ਸ਼ਾਹਰਗ ਹਨ ਅਤੇ ਬਰਾਮਦ ਦਾ ਮੁੱਖ ਸੋਮਾ ਹਨ।

ਸਾਡਾ ਦੇਸ਼ ਬੜੀ ਤੇਜ਼ੀ ਨਾਲ ਬਹੁਤ ਸਾਰੀਆਂ ਬਹੁਮੁੱਲੀਆਂ ਧਾਤਾਂ ਜਿਵੇਂ ਕਰੋਮੀ-ਅਮ ਅਤੇ ਕੱਚਾ ਲੋਹਾ-ਨਿਕਲ, ਤਾਂਬਾ ਪਾਇਰਾਈਟ ਅਤੇ ਤੇਲ ਗੈਸ ਕੋਲਾ ਪੈਦਾ ਕਰਦਾ ਹੈ। ਹੁਣ ਤਕ ਬਹੁਤ ਸਾਰੇ ਖਣਿਜ ਪਦਾਰਥ ਲੱਭੇ ਗਏ ਹਨ। ਤੱਥ ਸਾਬਤ ਕਰਦੇ ਹਨ ਕਿ ਅਲਬਾਨੀਆਂ ਦੀ ਧਰਤੀ ਹੇਠ ਬਾਕਸਾਈਟ, ਫਾਸਫੋਰਾਈਟ, ਪੋਲੀਮੈਟਲਜ਼ ਅਤੇ ਹੋਰ ਖਣਿਜ ਪਦਾਰਥਾਂ ਦੀ ਕੋਈ ਘਾਟ ਨਹੀਂ।

ਨਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਵੀ ਉਦਯੋਗ ਦੇ ਤੇਜ਼ ਅਤੇ ਲਗਾਤਾਰ ਵਿਕਾਸ ਨੂੰ ਸਿੱਧੇ ਤੌਰ ਤੇ ਕੱਚੇ ਪਦਾਰਥ ਕੱਢਣ ਅਤੇ ਉਨ੍ਹਾਂ ਨੂੰ ਸੋਧਣ ਦੇ ਪਸਾਰੇ ਨਾਲ ਜੋੜਿਆ ਜਾਵੇਗਾ।

6ਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਪਾਰਟੀ ਦਾ ਉਦੇਸ਼ ਇਹ ਯਕੀਨੀ ਬਣਾ-ਉਂਦਾ ਹੈ ਕਿ ਹੋਰ ਜ਼ਿਆਦਾ ਸਮਝਦਾਰੀ ਨਾਲ ਮੌਜੂਦਾ ਸੋਮਿਆਂ ਨੂੰ ਵਰਤਿਆ ਜਾਵੇ, ਨਵੇਂ ਸੋਮਿਆਂ ਨੂੰ ਆਰਥਕ ਦਾਇਰੇ ਵਿਚ ਲਿਆਂਦਾ ਜਾਵੇ ਅਤੇ ਖੁਦ ਆਪਣੇ ਦੇਸ਼ ਵਿਚ ਸੁਧਾਈ ਦਾ ਕੰਮ ਕਰਕੇ ਆਪਣੇ ਖਣਿਜ ਦੀ ਕਦਰ ਨੂੰ ਵਧਾਇਆ ਜਾਵੇ।

ਆਰਥਕਤਾ ਨੂੰ ਹੋਰ ਮਜ਼ਬੂਤ ਕਰਨ ਵਿਚ, ਸਨਅਤ ਵਾਸਤੇ ਕੱਚੇ ਪਦਾਰਥਾਂ ਅਤੇ ਸ਼ਕਤੀ ਦੇ ਅਧਾਰ ਨੂੰ ਵੱਧ ਤੋਂ ਵੱਧ ਮਜ਼ਬੂਤ ਕਰਨ ਵਿਚ, ਭੂਮੀ-ਵਿਦਿਆ ਇਕ ਵਿਸ਼ੇਸ਼ ਰੋਲ ਅਦਾ ਕਰਦੀ ਹੈ। ਕੱਚੇ ਪਦਾਰਥ ਕੱਢਣ ਦੇ ਉਦਯੋਗ ਅਤੇ ਇਸ ਵਾਸਤੇ ਨਵੇਂ ਰਾਹ ਖੋਹਲਣ ਵਿਚ ਭੂਮੀ-ਵਿਦਿਆ ਪਹਿਲੀ ਗੱਲ ਹੈ। ਇਸ ਕੰਮ ਨੂੰ ਪੂਰੀ ਤਵੱਜੋਂ ਨਾ ਦੇਣ ਨਾਲ ਆਰਥਕਤਾ ਨੂੰ ਗੰਭੀਰ ਨੁਕਸਾਨ ਹੁੰਦਾ ਹੈ।

ਭੂਮੀ-ਵਿਦਿਆ ਦੇ ਮਸਲੇ ਅਜਿਹੇ ਮਸਲੇ ਹਨ ਜਿਨ੍ਹਾਂ ਵੱਲ ਪਾਰਟੀ ਜਥੇਬੰਦੀਆਂ, ਸਟੇਟ ਅਤੇ ਆਰਥਕ ਸੰਸਥਾਵਾਂ ਨੂੰ ਵੱਡੇ ਪੈਮਾਨੇ ਤੇ ਤਵੱਜੋਂ ਦੇਣੀ ਚਾਹੀਦੀ ਹੈ, ਅਤੇ ਉਨ੍ਹਾਂ ਨੂੰ ਕਦੇ ਵੀ ਅਜਿਹੇ ਮਸਲੇ ਨਹੀਂ ਸਮਝਣਾ ਚਾਹੀਦਾ, ਜਿਨ੍ਹਾਂ ਨੂੰ ਸਿਰਫ ਮਾਹਰ ਹੀ ਹੱਲ ਕਰ ਸਕਦੇ ਹਨ। ਪਾਰਟੀ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਭੂਮੀ-ਵਿਦਿਆ ਦੇ ਮਜ਼ਦੂਰਾਂ ਦੀ ਵਿਚਾਰਧਾਰਕ-ਸਿਆਸੀ ਅਤੇ ਪਰੋਫੈਸ਼ਨਲ ਸਿਖਲਾਈ ਵੱਲ ਵਿਸ਼ੇਸ਼ ਤਵੱਜੋਂ ਦੇਣ ਅਤੇ ਉਨ੍ਹਾਂ ਵਿਚ ਇਹ ਚਾਹ ਅਤੇ ਭਾਵਨਾ ਭਰਨ ਕਿ ਉਹ ਵਿਗਿਆਨ ਤਕਨੀਕ ਦਾ ਹੋਰ ਵੀ ਵਧੀਆ ਅਧਿਅਨ ਕਰਨ ਅਤੇ

ਅਮਲ ਵਿਚ ਇਸਨੂੰ ਵਧੀਆ ਤਰੀਕੇ ਨਾਲ ਲਾਗੂ ਕਰਨ ਜਿਸ ਵਿਚਕਿ ਆਰਥਕਤਾ ਅਤੇ ਦੇਸ਼ ਦੀ ਭਲਾਈ ਹੋਵੇ।

ਭੂਮੀ-ਵਿਦਿਆ ਇਕ ਬਹੁਤ ਹੀ ਠੋਸ ਜ਼ਾਬਤੇ ਵਾਲਾ ਵਿਗਿਆਨ ਹੈ ਜਿਸ ਵਿਚ ਹਰ ਐਕਸ਼ਨ ਅਤੇ ਹਰ ਪੜਾਅ ਤੇ ਬਹੁਤ ਸਾਵਧਾਨੀ ਦੀ ਜ਼ਰੂਰਤ ਹੈ। ਸਾਡੇ ਭੂਮੀ ਵਿਦਿਆ ਖੇਤਰ ਵਿਚ ਠੋਸ ਵਿਗਿਆਨਕ ਜ਼ਾਬਤੇ ਅਤੇ ਤੱਥਾਂ ਦੇ ਅਧਾਰ ਉਤੇ ਡੂੰਘਾਈ ਵਿਚ ਅਧਿਅਨ ਦੀ ਘਾਟ ਕਾਰਨ ਹੀ ਨੁਕਸਾਨ ਹੋਇਆ ਹੈ। ਹਰ ਇਕ ਵਿਗਿਆਨ ਦੀ ਤਰ੍ਹਾਂ ਹੀ ਭੂਮੀ-ਵਿਦਿਆ ਵਿਚ ਵੀ ਅਟਸਟੇ ਜਾਂ ਨੀਮ ਹਕੀਮੀ ਢੰਗਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਇਸ ਲਈ ਭੂਮੀ ਵਿਗਿਆਨੀਆਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਕੰਮ ਹਮੇਸ਼ਾਂ ਹੀ ਗੁੰਝਲਦਾਰ ਅਧਿਅਨ ਉਤੇ ਅਧਾਰਤ ਹੋਵੇ ਤਾਂ ਕਿ ਘੱਟੋ ਘੱਟ ਖਰਚੇ ਰਾਹੀਂ ਲਾਭਦਾ ਇਕ ਕਾਢਾਂ ਕੱਢੀਆਂ ਜਾ ਸਕਣ।

ਭੂਮੀ ਵਿਗਿਆਨੀਆਂ, ਖੋਜ ਮਾਹਿਰਾਂ ਅਤੇ ਭੂਮੀ ਵਿਦਿਆ ਦੇ ਸਭ ਮਜ਼ਦੂਰਾਂ ਤੋਂ ਦੇਸ਼ ਅਤੇ ਲੋਕ ਇਹ ਮੰਗ ਕਰਦੇ ਹਨ ਕਿ ਉਹ ਵਿਗਿਆਨਕ ਤੌਰ ਤੇ ਸਾਡੀ ਧਰਤ ਹੇਠਲੇ ਖਜ਼ਾਨੇ ਦਾ ਅਧਿਅਨ ਕਰਨ, ਇਸਦੇ ਖਣਿਜਾਂ ਨੂੰ ਕੱਢਣ ਅਤੇ ਖਜ਼ਾਨੇ ਵਧਾਉਣ ਲਈ ਵੱਡੇ ਪੈਮਾਨੇ ਤੇ ਕੰਮ ਕਰਨ। ਇਸ ਪੱਖ ਤੇ, ਭੂਮੀ ਵਿਗਿਆਨੀਆਂ ਨੂੰ ਚਾਹੀਦਾ ਹੈ ਕਿ ਉਹ ਦ੍ਰਿੜਤਾ ਨਾਲ ਸਾਡੇ ਪਹਾੜਾਂ ਅਤੇ ਮੈਦਾਨਾਂ ਦਾ ਇਕ ਇਕ ਇੰਚ ਤਲਾਸ਼ ਕਰਨ, ਨਵੇ ਸਾਇੰਸੀ ਖੋਜੀਆਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਨ, ਅਤੇ ਹਰ ਖੋਜ ਅਤੇ ਹਰ ਕਾਢ ਦਾ ਬਹੁਤ ਹੀ ਸੰਜੀਦਗੀ ਨਾਲ ਜਾਇਜ਼ਾ ਲਾਉਣ।

ਦੇਸ਼ ਦੀਆਂ ਪੈਦਾਵਾਰੀ ਤਾਕਤਾਂ ਨੂੰ ਹੋਰ ਮਜ਼ਬੂਤ ਕਰਨ, ਸਨਅਤ ਅਤੇ ਆਰਥਕਤਾ ਦੀਆਂ ਹੋਰ ਸ਼ਾਖਾਵਾਂ ਦਾ ਪਹਿਲਾਂ ਨਾਲੋਂ ਵੀ ਵਧੀਆ ਢਾਂਚਾ ਕਾਇਮ ਕਰਨ, ਪਾਰਟੀ ਆਪਣੀ ਆਰਥਕ ਆਜ਼ਾਦੀ ਨੂੰ ਮਜ਼ਬੂਤ ਕਰਨ ਵਾਸਤੇ ਧਾਤਾਂ ਕੱਢਣ ਅਤੇ ਉਨ੍ਹਾਂ ਨੂੰ ਸੋਧਣ ਦੀ ਸਨਅਤ ਦੇ ਤੇਜ਼ ਵਿਕਾਸ ਨੂੰ ਬਹੁਤ ਮਹੱਤਵ ਪੂਰਣ ਸਮਝਦੀ ਹੈ।

ਪਰ ਮੌਜੂਦਾ ਅਤੇ ਭਵਿਖ ਵਿਚ ਲਗਾਈ ਜਾਣ ਵਾਲੀ ਖਣਿਜਾਂ ਨੂੰ ਸੋਧਣ ਦੀ ਸਨਅਤ ਨੂੰ ਵੱਡੀ ਤਾਦਾਦ ਵਿਚ ਕਰੋਮੀਅਮ, ਤਾਂਬੇ, ਨਿਕਲ, ਲੋਹੇ ਅਤੇ ਹੋਰਧਾਤਾਂ ਦੀ ਲੋੜ ਹੈ। ਇਹ ਖਣਿਜ ਪਦਾਰਥ, ਜੋ ਸਾਡੇ ਦੇਸ਼ ਵਿਚ ਏਨੇ ਬਹੁਮੁੱਲੇ ਹਨ ਅਤੇ ਜਿਨ੍ਹਾਂ ਦੀ ਬਦੇਸ਼ ਮੰਡੀ ਵਿਚ ਘਾਟ ਹੈ, ਸਾਡੀ ਸਟੇਟ ਦੀ ਬਦੇਸ਼ੀ ਸਿੱਕੇ ਦੀ ਆਮਦਨ ਦੇ ਮੁੱਖ ਸੋਮੇ ਨੂੰ ਵੀ ਯਕੀਨੀ ਬਣਾਉਂਦੇ ਹਨ। ਪੰਜ ਸਾਲਾ ਯੋਜਨਾ ਦੇ

ਦੌਰਾਨ ਕਰੋਮੀਅਮ ਦੇ ਉਤਪਾਦਨ ਵਿਚ 47ਫੀ ਸਦੀ, ਤਾਂਬੇ ਦੇ ਉਤਪਾਦਨ ਵਿਚ 55ਫੀ ਸਦੀ ਅਤੇ ਲੋਹੇ ਤੇ ਨਿਕਲ ਦੇ ਉਤਪਾਦਨ ਵਿਚ 3.3 ਗੁਣਾਂ ਵਾਧਾ ਹੋਵੇਗਾ। ਇਨ੍ਹਾਂ ਮੁੱਖ ਨਿਸ਼ਾਨਿਆਂ ਨੂੰ ਪੂਰਾ ਕਰਨ ਲਈ ਹੋਰ ਜ਼ਿਆਦਾ ਕਾਬਲੀਅਤ ਨਾਲ ਖਾਣਾਂ ਪੁੱਟਣ, ਜੋ ਪੂਰੀ ਤਰ੍ਹਾਂ ਵਿਗਿਆਨਕ ਜਾਣਕਾਰੀ ਤੇ ਅਧਾਰਤ ਹੋਵੇ, ਕਠੋਰ ਤਕਨੀਕੀ ਜ਼ਾਬਤੇ, ਅਤੇ ਉਚੀ ਪੱਧਰ ਤੇ ਸਮਾਜਵਾਦੀ ਜਾਗ੍ਰਿਤੀ ਦੀ ਜ਼ਰੂਰਤ ਹੈ। ਖਣਿਜ ਪਦਾਰਥਾਂ ਦੇ ਮੌਜੂਦਾ ਸੋਮੇ ਇਕ ਮਹਾਨ ਭੰਡਾਰ ਹਨ, ਇਸ ਲਈ ਖਣਿਜਾਂ ਨੂੰ ਕੱਢਣ ਵਿਚ ਨਾ ਹੀ ਫਜ਼ੂਲ ਅਤੇ ਗੈਰਵਿਗਿਆਨਕ ਢੰਗਾਂ ਦੀ ਇਜ਼ਾਜ਼ਤ ਦਿੱਤੀ ਜਾ ਸਕਦੀ ਹੈ ਅਤੇ ਨਾ ਹੀ ਦੁਨਿਆਵੀ ਔਕੜਿਆਂ ਵੱਲ ਤਵੱਜੋ ਦਿਤੀ ਜਾ ਸਕਦੀ ਹੈ ਜਿਨ੍ਹਾਂ ਨਾਲ ਬੀਤੇ ਵਿਚ ਚੋਖਾ ਨੁਕਸਾਨ ਹੋਇਆ ਹੈ। ਧਰਤੀ ਵਿਚੋਂ ਕੱਢੇ ਜਾਣ ਵਾਲੇ ਲੱਖਾਂ ਟਨ ਕੱਚੇ ਪਦਾਰਥਾਂ ਨੂੰ ਕੱਢਣ ਅਤੇ ਉਨ੍ਹਾਂ ਦੀ ਢੋਅਢੁਆਈ ਵਿਚ ਤਕਨੀਕ ਦੇ ਪੱਧਰ ਨੂੰ ਉੱਚਾ ਚੁੱਕਣਾ ਬਹੁਤ ਜ਼ਰੂਰੀ ਕੰਮ ਹੈ। ਭਵਿੱਖ ਵਿਚ ਵੀ, ਆਵਾਜਾਈ ਦੇ ਸਾਧਨਾਂ ਦੇ ਪਸਾਰੇ ਅਤੇ ਨਵੀਆਂ ਰੇਲ ਲਾਈਨਾਂ ਦੀ ਉਸਾਰੀ ਵਿਚ ਸਭ ਤੋਂ ਵੱਧ ਪਹਿਲ ਖਾਣਾਂ ਵਾਲੇ ਇਲਾਕਿਆਂ ਨੂੰ ਦਿਤੀ ਜਾਵੇਗੀ।

ਪਾਰਟੀ ਨੇ ਤੇਲ ਗੈਸ ਅਤੇ ਕੋਲੇ ਦੀ ਸਨੱਅਤ ਦੇ ਵਿਕਾਸ ਦੇ ਮਸਲਿਆਂ ਨੂੰ ਹਮੇਸ਼ਾਂ ਹੀ ਵਿਸ਼ੇਸ਼ ਸਿਆਸੀ ਅਤੇ ਆਰਥਕ ਮਹੱਤਵ ਵਾਲੇ ਮਸਲੇ ਸਮਝਿਆ ਹੈ, ਜੋ ਕਿ ਦੇਸ਼ ਦੇ ਸਰਬਪੱਖੀ ਵਿਕਾਸ ਅਤੇ ਇਸਦੀ ਖੁਦ ਮੁਖ਼ਤਾਰੀ ਅਤੇ ਰੱਖਿਆ ਸ਼ਕਤੀ ਨੂੰ ਮਜ਼ਬੂਤ ਕਰਨ ਦੇ ਸਵਾਲ ਨਾਲ ਜੁੜੇ ਹੋਏ ਹਨ। ਸਨਅਤ, ਜ਼ਰਾਇਤ, ਢੋਅ-ਢੁਆਈ ਅਤੇ ਆਰਥਕਤਾ ਦੀਆਂ ਹੋਰ ਸ਼ਾਖਾਵਾਂ ਦੀ ਬੇਰੋਕ ਉਨਤੀ, ਦੇਸ਼ ਦੀ ਰਖਿਆ ਸ਼ਕਤੀ ਦੇ ਅਧੁਨੀਕਰਣ ਅਤੇ ਮਜ਼ਬੂਤੀ ਵਾਸਤੇ ਲਗਾਤਾਰ ਵੱਧ ਤੋਂ ਵੱਧ, ਕੋਇਲੇ, ਪਟਰੋਲ, ਤੇਲਾਂ ਅਤੇ ਗੈਸ ਦੀ ਲੋੜ ਹੈ।

ਆਰਥਕਤਾ ਅਤੇ ਦੇਸ਼ ਦੀ ਰਾਖੀ ਵਿਚ ਤੇਲ ਗੈਸ ਅਤੇ ਕੋਲੇ ਦੀ ਸਨਅਤ ਦੀ ਏਨੀ ਮਹੱਤਤਾ ਹੋਣ ਦੀ ਵਜਾਹ ਕਰਕੇ ਹੀ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਨੇ ਹਮੇਸ਼ਾਂ ਹੀ ਇਨ੍ਹਾਂ ਸਨਅਤਾਂ ਦੇ ਵਿਕਾਸ ਨੂੰ ਭੰਗ ਕਰਨ ਅਤੇ ਰੋਕਣ ਪੂਰਾ ਵਾਹ ਲਾਇਆ ਹੈ। ਇਹੀ ਕੁਝ ਪਾਰਟੀ ਅਤੇ ਲੋਕਾਂ ਦੇ ਦੁਸ਼ਮਣਾਂ ਅਬਦਿਲ ਕੈਲੇਜ਼ੀ ਅਤੇ ਕੋਕੋ ਥਿਉਦੋਸੀ ਨੇ ਕੀਤਾ। ਬੜੇ ਸੋਚੇ ਸਮਝੇ ਢੰਗਾਂ ਨਾਲ ਉਨ੍ਹਾਂ ਨੇ ਗੈਸ ਅਤੇ ਤੇਲ ਦੀ ਖੋਜ ਵਿਚ ਅੜਿੱਕਾ ਡਾਹਿਆ ਅਤੇ ਇਸਨੂੰ ਆਰਥਕਤਾ ਵਿਰੋਧੀ ਅਤੇ ਵਿਗਿਆਨ ਵਿਰੋਧੀ ਰਾਹੇ ਪਾ ਦਿਤਾ। ਫਜ਼ੂਲ ਪੁਟਾਈ ਕਰਕੇ ਜਿਸਦਾ ਕੋਈ ਫਾਇਦਾ ਨਾ ਹੋਇਆ, ਉਨ੍ਹਾਂ ਨੇ ਨਵੇਂ ਸੋਮਿਆਂ ਦੀ ਖੋਜ ਠੱਪ ਕਰ ਦਿਤੀ। ਅਤੇ

ਤੇਲ ਕੱਢਣ ਵਿਚ ਆਪਣੀਆਂ ਇਨ੍ਹਾਂ ਕਾਲੀਆਂ ਕਰਤੂਤਾਂ ਦਾ ਖੁਰਾ ਖੋਜ਼ ਮਿਟਾਉਣ ਲਈ ਉਨ੍ਹਾਂ ਨੇ ਮੌਜੂਦਾ ਸੋਮਿਆਂ ਤੋਂ ਤੇਲ ਕੱਢਣ ਲਈ ਜਾਂਗਲੀ ਢੰਗਾਂ ਨੂੰ ਉਤਸ਼ਾਹ ਦਿਤਾ ਜਿਸਦਾ ਮਕਸਦ ਸੀ ਸਾਡੇ ਦੇਸ਼ ਦੇ ਲੋਕਾਂ ਨੂੰ ਤੇਲ ਤੋਂ ਵਾਂਝਿਆਂ ਕਰਨਾ।

ਦੁਸ਼ਮਣਾ ਵਲੋਂ ਪਹੁੰਚਾਏ ਗਏ ਨੁਕਸਾਨ ਦੇ ਕਾਰਨ ਕੁਝ ਵਕਤ ਔਕੜਾਂ ਆਈਆਂ, ਪਰ ਤੇਲ ਮਜ਼ਦੂਰ, ਪਾਰਟੀ ਦੀ ਅਗਵਾਈ ਹੇਠ ਇਨ੍ਹਾਂ ਔਕੜਾਂ ਦੇ ਖਿਲਾਫ ਲਗਾਤਾਰ ਜਦੋਜਹਿਦ ਕਰਦੇ ਰਹੇ ਹਨ। ਉਹ ਮੌਜੂਦਾ ਸੋਮਿਆਂ ਦੇ ਪਸਾਰੇ ਵਾਸਤੇ ਸਖਤ ਕੰਮ ਕਰ ਰਹੇ ਹਨ ਅਤੇ ਉਹ ਨਵੇਂ ਤੇਲ ਅਤੇ ਗੈਸ ਦੇ ਖਜ਼ਾਨੇ ਲਭਣ ਬਾਰੇ ਆਸ਼ਾਵਾਦੀ ਹਨ।

ਦੁਨੀਆਂ ਵਿਚ ਸ਼ਕਤੀ ਸੰਕਟ ਦੇ ਇਨ੍ਹਾਂ ਹਾਲਾਤਾਂ ਵਿਚ ਤੇਲ ਅਤੇ ਗੈਸ ਵਾਸਤੇ ਦੇਸ਼ ਦੀਆਂ ਲੋੜਾਂ ਦਿਨ ਬਦਿਨ ਵਧ ਰਹੀਆਂ ਹਨ, ਤੇਲ ਮਜ਼ਦੂਰਾਂ ਨੂੰ ਹੋਕਾ ਦਿਤਾ ਜਾਂਦਾ ਹੈ ਕਿ ਉਹ ਵੱਧ ਤੋਂ ਵੱਧ ਤੇਜ਼ੀ ਅਤੇ ਵਿਗਿਆਨਕ ਜ਼ਾਬਤੇ ਰਾਹੀਂ ਕੰਮ ਕਰਨ, ਤਾਂ ਕਿ ਤੇਲ ਅਤੇ ਗੈਸ ਦੇ ਖਜ਼ਾਨਿਆਂ ਦੀ ਪੁਟਾਈ ਅਤੇ ਦੇਖ ਭਾਲ ਸੋਚੀਆਂ ਸਮਝੀਆਂ ਸਕੀਮਾਂ ਅਨੁਸਾਰ ਕੀਤੀ ਜਾਵੇ ਅਤੇ ਉਨ੍ਹਾਂ ਤਰੀਕਿਆਂ ਦੀ ਵਰਤੋਂ ਕੀਤੀ ਜਾਵੇ ਜਿਨ੍ਹਾਂ ਨਾਲ ਤੇਲ ਤੇ ਗੈਸ ਦੇ ਖਜ਼ਾਨਿਆਂ ਤੋ ਵੱਧ ਤੋਂ ਵੱਧ ਫਾਇਦਾ ਹੋਵੇ ਅਤੇ ਉਹ ਲੰਬੇ ਸਮੇਂ ਤਕ ਬਰਕਰਾਰ ਰਹਿਣ। ਪਾਰਟੀ ਨੇ ਹਮੇਸ਼ਾਂ ਹੀ ਹਦਾਇਤ ਦਿਤੀ ਹੈ ਕਿ ਜਾਣੇ ਪਛਾਣੇ ਅਤੇ ਲਾਹੇਵੰਦ ਇਲਾਕਿਆਂ ਵਿਚ ਤੇਲ ਦੀ ਖੋਜ ਨੂੰ ਕੇਂਦਰਤ ਕਰਨਾ ਜਰੂਰੀ ਹੈ ਤਾਂ ਕਿ ਤੇਲ ਅਤੇ ਗੈਸ ਦੇ ਖਜ਼ਾਨਿਆਂ ਦੀ ਖੋਜ ਯਕੀਨੀ ਹੋਵੇ। ਤੇਲ ਅਤੇ ਗੈਸ ਸਾਡੇ ਦੇਸ਼ ਦੇ ਬਹੁਤ ਹੀ ਬਹੁਮੁੱਲੇ ਖਜ਼ਾ-ਨਿਆਂ ਵਿਚੋਂ ਹਨ। ਸਾਡੀ ਪੀੜ੍ਹੀ ਦਾ ਫਰਜ਼ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਬਾਰੇ ਵੀ ਸੋਚੇ।

ਜਿਥੋਂ ਤਕ ਕੋਲੇ ਤੁਅੱਲਕ ਹੈ, ਪਾਰਟੀ ਦੀ ਇਹ ਹਦਾਇਤ ਰਹੀ ਹੈ ਅਤੇ ਅੱਜ ਵੀ ਹੈ ਕਿ ਇਸਨੂੰ ਵੱਧ ਤੋਂ ਵੱਧ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ। ਸਾਡੇ ਕੋਲੇ ਦੀ ਤਾਪ ਸ਼ਕਤੀ ਆਰਥਕਤਾ ਦੀਆਂ ਕਾਫੀ ਸ਼ਾਖਾਵਾਂ ਦੀਆਂ ਲੋੜਾਂ ਪੂਰੀ-ਆਂ ਕਰਨ ਦੇ ਕਾਬਿਲ ਹੈ। ਇਸ ਲਈ ਇਸਨੂੰ ਕਦੇ ਵੀ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ ਜਿਵੇਂ ਕਿ ਦੁਸ਼ਮਣਾਂ ਨੇ ਕੀਤਾ ਜਦੋਂ ਉਨ੍ਹਾਂ ਨੇ ਜਾਣਬੁੱਝ ਕੇ ਕੋਲਾ ਕੱਢਣ ਦੇ ਕੰਮ ਤੇ ਬੰਦਸ਼ਾਂ ਲਾਈਆਂ ਅਤੇ ਇਸਦੀ ਜਗਾਹ ਤੇਲ ਨੂੰ ਦੇਣੀ ਚਾਹੀ। ਉਮੀਦ ਹੈ ਕਿ ਇਸ ਪੰਜ ਸਾਲਾ ਯੋਜਨਾ ਦੌਰਾਨ ਕੋਲੇ ਦਾ ਉਤਪਾਦਨ ਦੁੱਗਣਾ ਹੋਜਾਵੇਗਾ

ਇਸ ਉਚੇ ਟੀਚੇ ਤੇ ਪਹੁੰਚਣ ਲਈ ਨਵੀਆਂ ਖਾਣਾਂ ਨੂੰ ਜਲਦ ਤੋਂ ਜਲਦ ਚਾਲੂ ਕਰਨਾ ਮੌਜੂਦਾ ਖਾਣਾਂ ਨੂੰ ਬਰਕਰਾਰ ਰੱਖਣਾ ਤੇ ਉਨ੍ਹਾਂ ਦੀ ਪੈਦਾਵਾਰ ਨੂੰ ਵਧਾਉਣਾ, ਅਤੇ ਕੋਲੇ ਦੀ ਖਰਬਾਦੀ ਨੂੰ ਰੋਕਣਾ ਲਾਜ਼ਮੀ ਹੈ।

ਪਾਰਟੀ ਨੇ ਬਿਜਲੀ ਸ਼ਕਤੀ ਸਨਅਤ ਦੇ ਪਸਾਰੇ ਅਤੇ ਮਜ਼ਬੂਤੀ ਵਲ ਹਮੇਸ਼ਾਂ ਹੀ ਬਹੁਤ ਧਿਆਨ ਦਿਤਾ ਹੈ, ਕਿਉਂ ਕਿ ਇਹ ਦੇਸ਼ ਦੇ ਸਨਅਤੀਕਰਣ ਅਤੇ ਲੋਕ ਆਰਥਕਤਾ ਦੇ ਸਮੁੱਚੇ ਵਿਕਾਸ ਵਿਚ ਪਹਿਲ ਰੱਖਦੀ ਹੈ। ਦਿਉ ਕੱਦ ਫੀਰਜ਼ਾ ਹਾਈ-ਡਰੋ ਪਾਵਰ ਪਲਾਂਟ ਦੇ ਚਾਲੂ ਹੋਣ ਅਤੇ ਇਸ ਪੰਜ ਸਾਲਾ ਯੋਜਨਾ ਦੇ ਦੌਰਾਨ ਸਮਰਥਾ ਵਿਚ ਵਾਧਾ ਹੋਣ ਨਾਲ 1976-1980 ਦੇ ਸਾਲਾਂ ਦੌਰਾਨ ਬਿਜਲੀ ਸ਼ਕਤੀ ਦੇ ਵਾਧੇ ਦੀ ਸਾਲਾਨਾ ਦਰ ਸਮਾਜੀ ਪੈਦਾਵਾਰ ਦੇ ਵਾਧੇ ਦੀ ਸਾਲਾਨਾ ਦਰ ਨਾਲੋਂ 2.4 ਗੁਣਾਂ ਵੱਧ ਹੋਵੇਗੀ। ਇਸ ਸ਼ਾਖਾ ਵਿਚ ਪੈਦਾਵਾਰ ਦੇ ਵਾਧੇ ਦੀ ਦਰ ਦੇ ਨਾਲ ਨਾਲ ਬਿਜਲੀ ਸ਼ਕਤੀ ਅਤੇ ਇਸਨੂੰ ਬਣਾਉਣ ਵਿਚ ਵਰਤੇ ਜਾਂਦੇ ਸਾਧਨਾਂ ਨੂੰ ਸੰਜਮ ਨਾਲ ਵਰਤਣਾਂ ਜਰੂਰੀ ਹੈ। ਹਾਈਡਰੋ ਪਾਵਰ ਸਟੇਸ਼ਨ ਬਿਜਲੀ ਸ਼ਕਤੀ ਦੀ ਪੈਦਾਵਾਰ ਵਿਚ ਵਾਧੇ ਦਾ ਮੁਖ ਸੋਮਾ ਹਨ, ਨਾਲੋ ਨਾਲ ਮੁਖ ਤੌਰ ਤੇ ਕੋਲੇ ਅਤੇ ਗੈਸ ਨਾਲ ਚੱਲਣ ਵਾਲੇ ਥਰਮੋਪਾਵਰ ਸਟੇਸ਼ਨ ਵੀ ਲਾਉਣੇ ਚਾਹੀਦੇ ਹਨ।

ਸਾਡੇ ਕੁਦਰਤੀ ਸਾਧਨਾਂ ਦੀ ਕਦਰ ਦਾ ਜਾਇਜ਼ਾ ਲਾਉਣ ਅਤੇ ਸਮਾਜਵਾਦੀ ਸਨਅਤੀਕਰਣ ਵਾਸਤੇ ਠੋਸ ਅਤੇ ਭਰੋਸੇ ਯੋਗ ਅਧਾਰ ਨੂੰ ਮਜ਼ਬੂਤ ਕਰਨ ਵਿਚ ਸਾਡੀ ਪਾਰਟੀ ਦੀ ਸਹੀ ਨੀਤੀ ਨੂੰ (ਖਣਿਜ) ਸੋਧਕ ਸਨਅਤ ਵਿਚ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ ਹੈ। ਇਹ ਸਚਾਈ ਇਸ ਗਲ ਤੋਂ ਜ਼ਾਹਿਰ ਹੈ ਕਿ ਇਸ ਪੰਜ ਸਾਲਾ ਯੋਜਨਾ ਦੇ ਦੌਰਾਨ ਮੌਜੂਦਾ ਸੋਧਕ ਸਨਅਤ ਦਾ ਪਸਾਰਾ ਕਰਕੇ ਇਸ ਵਿਚ ਇਹ ਸ਼ਾਖਾਵਾਂ ਸ਼ਾਮਲ ਕੀਤੀਆਂ ਜਾਣਗੀਆਂ। ਜਿਵੇਂ ਕਿ ਫੁਲ ਸਾਈਕਲਫੈਰਸ ਮੈਟਾਲੁਜੀ, ਫੈਰੋ ਕਰੋਮੀਅਮ ਅਤੇ ਪਾਇਰੋ ਮੈਟਾਲੁਰਜੀਕਲ ਇੰਡਸਟਰੀਜ਼, ਤੇ ਕਾਪਰ ਰੋਲਿੰਗ ਇੰਡਸਟਰੀ। ਨਵੇਂ ਰਸਾਇਣ ਸਨਅਤ ਦੇ ਪਲਾਂਟ ਅਤੇ ਹੋਰ ਕਈ ਪਲਾਂਟ, ਅਤੇ ਕਾਰਖਾਨੇ ਲਾਏ ਜਾਣਗੇ। ਇਸ ਨਾਲ ਹੋਰ ਜ਼ਿਆਦਾ ਧਾਤੂ ਤੇ ਅਧਾਤੂ ਸੋਧਣ ਦੀ ਸੰਭਾਵਨਾ ਵੱਧਦੀ ਹੈ ਅਤੇ ਨਾਲ ਨਾਲ ਸਨਅਤ ਦੀਆਂ ਮੌਜੂਦਾ ਸ਼ਾਖਾਵਾਂ ਦੇ ਹੋਰ ਵਿਕਾਸ ਅਤੇ ਭਵਿੱਖ ਵਿਚ ਨਵੀਆਂ ਸ਼ਾਖਾਵਾਂ ਖੋਲਣ ਦੇ ਲਈ ਲੋੜੀਂਦਾ ਅਧਾਰ ਤਿਆਰ ਹੁੰਦਾ ਹੈ। ਇਸ ਤਰੀਕੇ ਨਾਲ ਆਰਥਕਤਾ ਦੀ ਸਵੈਨਿਰਭਰਤਾ ਦਾ ਪੱਧਰ ਉਚਾ ਹੁੰਦਾ ਹੈ, ਆਰਥਕਤਾ ਹੋਰ ਮਜ਼ਬੂਤ ਹੁੰਦੀ ਹੈ, ਬਰਾਮਦ ਦੀ ਸੰਭਾਵਨਾ ਵੱਧਦੀ ਹੈ ਅਤੇ ਤਿਆਰ ਪਦਾਰਥਾਂ ਦੀ ਕਦਰ ਵੱਧਦੀ ਹੈ। ਇਸਤਰ੍ਹਾਂ,

ਆਰਥਕਤਾ ਦੇਸ਼ ਦੀ ਰੱਖਿਆ ਸ਼ਕਤੀ ਵਿਚ ਵਾਧਾ ਕਰਦੀ ਹੈ।

ਸੋਧਕ ਸਨਅਤ ਵਿਚ ਇਸ ਉਨਤੀ ਨਾਲ 1980 ਵਿਚ ਕੁੱਲ ਬਰਾਮਦ ਵਿਚੋਂ65 ਫੀ ਸਦੀ ਸਥਾਨਕ ਤੌਰਤੇ ਤਿਆਰ ਕੀਤੀਆਂ ਵਸਤਾਂ ਹੋਣਗੀਆਂ ਜੋ ਕਿ 1960 ਵਿਚ ਸਿਰਫ 46% ਸਨ। ਇਹ ਪਾਰਟੀ ਦੀ ਸਹੀ ਨੀਤੀ ਦਾ ਇਕ ਮਹੱਤਵ ਸਬੂਤ ਹੈ। ਇਸ ਰਾਹ ਉਤੇ ਚਲਦਿਆਂ ਭਵਿੱਖ ਵਿਚ ਇਕ ਟੀਚਾ ਇਹ ਹੈ ਕਿ ਸਾਡੇ ਸਾਰੇ ਖਣਿਜ ਪਦਾਰਥ ਸਥਾਨਕ ਤੌਰ ਤੇ ਸੋਧੇ ਜਾਣੇ ਚਾਹੀਦੇ ਹਨ ਅਤੇ ਕਚੇ ਮਾਲ ਦੀ ਬਰਾਮਦ ਬੰਦ ਕਰਨੀ ਚਾਹੀਦੀ ਹੈ।

ਇਨ੍ਹਾਂ ਪੰਜ ਸਾਲਾਂ ਦੇ ਦੌਰਾਨ ਸਾਡੀ ਸਨਅਤ ਬਹੁਤ ਮਜ਼ਬੂਤ ਹੋ ਜਾਵੇਗੀ। ਐਲਬਾਸਨ ਮੈਟਾਲੁਰਜੀਕਲ ਕੰਬਾਈਨ ਵਿਚ ਵੱਡੇ ਪੈਮਾਨੇ ਤੇ ਪੈਦਾਵਾਰ ਸ਼ੁਰੂ ਹੋ ਜਾਵੇਗੀ ਜਿਸ ਤੋਂ ਸਾਡੇ ਦੇਸ਼ ਨੂੰ ਕੱਚੇ ਲੋਹੇਅਤੇ ਵਧੀਆ ਕਿਸਮ ਦੇ ਇਸਪਾਤ ਦੇ ਨਾਲ ਨਾਲ ਨਿਕਲ ਅਤੇ ਕੋਬਾਲਟ ਵੀ ਮਿਲੇਗਾ ਜਿਨ੍ਹਾਂ ਦੀ ਕਿ ਸੰਸਾਰ ਮੰਡੀ ਵਿਚ ਬਹੁਤ ਕਦਰ ਹੈ।

ਪਾਰਟੀ ਨੇ ਚੌਥੀ ਕਾਂਗਰਸ ਵਿਚ ਹੀ ਫੈਸਲਾ ਕੀਤਾ ਸੀ ਕਿਇਕ ਮੈਟਾਲਰ-ਜੀਕਲ ਕੰਬਾਈਨ ਉਸਾਰੀ ਜਾਵੇ। ਪਰ ਸੋਧਵਾਦੀ ਸੋਵੀਅਤ ਲੀਡਰਸ਼ਿਪ ਨੇ ਉਸ ਵਕਤ ਇਸ ਸਕੀਮ ਨੂੰ ਸਿਰੇ ਚੜਾਉਣ ਦੇ ਕੰਮ ਵਿਚ ਅੜਿਕਾ ਡਾਹਿਆ। ਉਨ੍ਹਾਂ ਨੇ ਇਸ ਪ੍ਰਾਜੈਕਟ ਵਾਸਤੇ ਸਾਡੇ ਦੇਸ਼ ਨੂੰ ਮਦਦ ਦੇਣ ਤੋਂ ਇਨਕਾਰ ਕਰ ਦਿਤਾ,ਕਿਉਂ ਕਿ ਉਹ ਇਕ ਨਵਬਸਤੀਵਾਦੀ ਨੀਤੀ ਉਤੇ ਚਲਦੇ ਸਨ; ਉਹ ਸਾਡੇ ਦੇਸ਼ ਨੂੰ ਆਰਥਕ ਤੌਰਤੇ ਆਪਣੇ ਉਤੇ ਨਿਰਭਰ ਕਰਨਾ ਚਾਹੁੰਦੇ ਸਨ ਅਤੇ ਸਾਡੇ ਦੇਸ਼ ਵਿਚ ਸਮਾਜਵਾਦ ਦੀ ਉਸਾਰੀ ਨੂੰ ਠੱਪ ਕਰਨਾ ਚਾਹੁੰਦੇ ਸਨ। ਪਰ ਚੀਨੀ ਸਾਥੀਆਂ, ਚੀਨ ਦੀ ਕਮਿਊਨਿਸਟ ਪਾਰਟੀ ਅਤੇ ਸਰਕਾਰ ਦੀ ਕੌਮਾਂਤਰੀਵਾਦੀ ਮਦਦ ਨਾਲ ਸਾਡੇ ਲੋਕ ਸਫਲਤਾ ਪੂਰਬਕ ਇਸ ਵੱਡੇ ਪ੍ਰਾਜੈਕਟ ਨੂੰ ਉਸਾਰ ਰਹੇ ਹਨ ਜਿਵੇਂ ਕਿ ਉਹ ਚੀਨ ਦੀ ਭਰਾਤਰੀ ਮਦਦ ਨਾਲ ਹੋਰ ਕਈ ਸਾਰੇ ਪ੍ਰਾਜੈਕਟ ਪੂਰੇ ਕਰ ਰਹੇ ਹਨ। ਸਾਡੀ ਪਾਰਟੀ ਅਤੇ ਲੋਕ ਚੀਨ ਦੀ ਪਾਰਟੀ ਅਤੇ ਲੋਕਾਂ ਵਲੋਂ ਮਿਲੀ ਇਸ ਬਹੁ-ਮੁੱਲੀ ਹਮਾਇਤ ਅਤੇ ਮਦਦ ਲਈ ਉਨ੍ਹਾਂ ਦੇ ਬਹੁਤ ਰਿਣੀ ਹਨ।

ਗੁੰਝਲਦਾਰ ਆਧੁਨਿਕ ਸਾਜ਼ ਸਮਾਨ ਅਤੇ ਤਕਨੀਕ ਵਾਲੀ ਫੈਰਸ ਮੈਟਾਲੁਰਜੀ ਸਾਡੇ ਲਈ ਇਕ ਨਵੀਂ ਸਨਅਤ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਪਾਰਟੀ ਦ੍ਰਿੜਤਾ ਨਾਲ ਨੌਜਵਾਨ ਮੈਟਾਲਰਜੀਕਲ ਮਜ਼ਦੂਰਾਂ ਦੀ ਵਿਚਾਰਧਾਰਕ ਸਿਆਸੀ ਅਤੇ ਪ੍ਰੋਫੈਸ਼ਨਲ ਸਿਖਲਾਈ ਵੱਲ ਧਿਆਨ ਦੇਵੇ, ਤਾਂ ਕਿ ਉਹ ਇਸ ਅਧੁਨਿਕ ਅਤੇ

ਕਠਨ ਅਤੇ ਬਰੀਕੀ ਵਾਲੇ ਕੰਮ ਵਿਚ ਮਾਹਿਰ ਬਣਕੇ ਆਪਣੇ ਦੇਸ਼ ਵਾਸਤੇ ਵੱਧ ਤੋਂ ਵੱਧ ਵਧੀਆ ਕਿਸਮ ਦਾ ਇਸਪਾਤ ਅਤੇ ਹੋਰ ਧਾਤਾਂ ਪੈਦਾ ਕਰ ਸਕਣ।

ਜਲਦ ਹੀ ਚਾਲੂ ਹੋਣ ਵਾਲਾ ਇਕ ਹੋਰ ਵੱਡਾ ਪ੍ਰਾਜੈਕਟ ਬਾਲਸ਼ ਦਾ ਤੇਲ ਸੋਧਣ ਵਾਲਾ ਕਾਰਖਾਨਾ ਹੈ ਜਿਥੇ ਕੱਚੇ ਤੇਲ ਦੀ ਅਧੁਨਿਕ ਸੁਧਾਈ ਕੀਤੀ ਜਾਵੇਗੀ। ਜਦੋਂ ਇਸ ਪਲਾਂਟ ਵਿਚ ਕੰਮ ਸ਼ੁਰੂ ਹੋ ਗਿਆ, ਇਹ ਵਧੀਆ ਕਿਸਮ ਦੇ ਪਟਰੋਲ ਅਤੇ ਤੇਲ ਪੈਦਾ ਕਰੇਗਾ ਜੋ ਸਾਡੀ ਸਨਅਤ ਖੇਤੀਬਾੜੀ ਅਤੇ ਢੋਆ ਢੁਆਈ ਦੀਆਂ ਲੋੜਾਂ ਪੂਰੀਆਂ ਕਰਨਗੇ, ਅਤੇ ਇਸ ਤਰ੍ਹਾਂ ਸਾਨੂੰ ਆਪਣਾ ਕੱਚਾ ਤੇਲ ਬਾਹਰ ਭੇਜ ਕੇ ਤੇਲ ਦੀਆਂ ਤਿਆਰ ਸ਼ੁਦਾ ਵਸਤਾਂ ਬਾਹਰੋਂ ਨਹੀਂ ਮੰਗਵਾਉਣੀਆਂ ਪੈਣਗੀਆਂ।

ਕੱਚੇ ਪਦਾਰਥਾਂ ਦੀ ਵਰਤੋਂ ਵਿਚ, ਖਾਸ ਕਰ ਤੇਲ, ਗੈਸ, ਕੋਲੇ ਅਤੇ ਬਿਜਲੀ ਸ਼ਕਤੀ ਦੀ ਵਰਤੋਂ ਵਿਚ ਫਜ਼ੂਲ ਖਰਚੀ ਨੂੰ ਰੋਕਣ ਅਤੇ ਸੰਜਮ ਨੂੰ ਮਜ਼ਦੂਰ ਲੋਕਾਂ ਦੀ ਜਾਗ੍ਰਿਤਾ ਵਿਚ ਡੂੰਘੀ ਤਰ੍ਹਾਂ ਬਠਾਣਾ ਚਾਹੀਦਾ ਹੈ। ਹਰ ਜਗਾਹ ਬਚਤ ਕਰਨੀ ਚਾਹੀਦੀ ਹੈ: ਖੋਜ ਵਿਚ, ਪੁਟਾਈ ਵਿਚ, ਸੁਧਾਈ ਵਿਚ ਅਤੇ ਇਨ੍ਹਾਂ ਪਦਾਰਥਾਂ ਦੀ ਵਰਤੋਂ ਵਿਚ, ਕਿਉਂ ਕਿ ਇਹ ਸਾਡੇ ਦੇਸ਼ ਅਤੇ ਲੋਕਾਂ ਲਈ ਇਕ ਅਜਿਹਾ ਭੰਡਾਰ ਹਨ ਜਿਸਦੀ ਜਗਾਹ ਹੋਰ ਕਿਸੇ ਚੀਜ਼ ਨੂੰ ਨਹੀਂ ਦਿਤੀ ਜਾ ਸਕਦੀ। ਵਧੇਰੇ ਅਤੇ ਫਜ਼ੂਲ ਖਰਚ ਸਮਾਜਵਾਦੀ ਉਸਾਰੀ ਨੂੰ ਨੁਕਸਾਨ ਪਹੁੰਚਾਉਦਾ ਹੈ।

ਤੇਲ ਗੈਸ ਅਤੇ ਫਾਸਫੋਰਾਈਟ ਵਰਗੇ ਕੱਚੇ ਪਦਾਰਥਾਂ ਦੀ ਖੁਦਾਈ ਅਤੇ ਦੇਸ਼ ਵਿਚ ਹੀ ਉਨ੍ਹਾਂ ਨੂੰ ਸੋਧਣ ਦੇ ਅਧਾਰ ਤੇ ਰਸਾਇਣ ਸਨਅਤ ਦਾ ਹੋਰ ਵਿਕਾਸ ਹੋਵੇਗਾ ਖਾਸ ਕਰਕੇ ਰਸਾਇਣਕ ਖਾਦਾਂ ਦੀ ਪੈਦਾਵਾਰ ਵਧੇਗੀ ਜੋ ਕਿ ਸਾਡੀ ਖੇਤੀਬਾੜੀ ਦੀ ਉਨਤੀ ਲਈ ਬਹੁਤ ਲੋੜੀਂਦੀਆਂ ਹਨ।

ਮਕਾਨਾਂ ਆਦਿ ਦੀ ਉਸਾਰੀ ਵਾਸਤੇ ਲੋੜੀਂਦੀਆਂ ਵਸਤਾਂ ਪੈਦਾ ਕਰਨ ਵਾਲੀ ਸਨਅਤ ਵਿਚ ਵੀ ਪੈਦਾਵਾਰ ਵਧੇਗੀ, ਖਾਸ ਕਰ ਅਸੀਂ ਆਪਣੇ ਦੇਸ਼ ਦੀਆਂ ਲੋੜਾਂ ਤੋਂ ਵਾਧੂ ਸੀਮੈਂਟ ਪੈਦਾ ਕਰਨ ਦੇ ਕਾਬਲ ਹੋਵਾਂਗੇ।

ਕੱਚੇ ਲੋਹੇ ਅਤੇ ਕਈ ਕਿਸਮ ਦੇ ਇਸਪਾਤਾਂ ਦੀ ਸਥਾਨਕ ਪੈਦਾਵਾਰ ਨਾਲ ਇੰਜਨੀਅਰਿੰਗ ਸਨਅਤ ਦੇ ਵਿਕਾਸ ਵਾਸਤੇ ਢੁਕਵੇਂ ਹਾਲਾਤ ਪੈਦਾ ਹੋਣਗੇ। ਤਾਕਤ ਵਰ ਅਤੇ ਅਧੁਨਿਕ ਮਸ਼ੀਨੀ ਅਧਾਰ ਹੋਣ ਕਰਕੇ ਅਸੀਂ ਹਰ ਤਰ੍ਹਾਂ ਦੀ ਧਰਤੀ ਵਿਚੋਂ ਖਣਿਜ ਕੱਢਣ ਵਾਲੀ ਮਸ਼ੀਨਰੀ ਖੇਤੀ ਬਾੜੀ ਅਤੇ ਆਰਥਕਤਾਂ ਦੀਆਂ ਹੋਰ ਸ਼ਾਖਾਵਾਂ ਵਿਚ ਕੰਮ ਆਉਣ ਵਾਲੀ ਮਸ਼ੀਨਰੀ, ਸਮੁੱਚੇ ਕਾਰਖਾਨੇ ਉਸਾਰਨ ਲਈ ਮਸ਼ੀਨਰੀ ਦੀ ਪੈਦਾਵਾਰ ਵਿਚ ਅਸੀਂ ਸਵੈਨਿਰਭਰ ਹੋ ਜਾਵਾਂਗੇ। 1980 ਵਿਚ

ਇੰਜੀਨੀਅਰਿੰਗ ਸਨਅਤ ਦੀ ਪੈਦਾਵਾਰ, 1975 ਦੇ ਮੁਕਾਬਲੇ 40-45ਫੀ ਸਦੀ ਵੱਧ ਜਾਵੇਗੀ। ਇਹ ਟੀਚੇ ਪੂਰੇ ਕਰਨ ਲਈ ਲਾਜ਼ਮੀ ਹੈ ਕਿ ਇਸ ਸ਼ਾਖਾ ਵਿਚ ਮਜ਼ਦੂਰਾਂ ਦੀ ਨਿਪੁੰਨਤਾ ਦੀ ਪੱਧਰ ਨੂੰ ਉਚਾ ਚੁੱਕਿਆ ਜਾਵੇ, ਇਕਾਗਰਤਾ, ਵਿਸ਼ਿਸ਼ਟਤਾ ਅਤੇ ਮਿਲਵਰਤਣ ਦੇ ਪੂਰਣ ਹੱਲ ਲੱਭੇ ਜਾਣ ਅਤੇ ਪੈਦਾਵਾਰੀ ਸਮਰੱਥਾ ਨੂੰ ਪੂਰੀ ਤਰ੍ਹਾਂ ਵਰਤੋਂ ਵਿਚ ਲਿਆਂਦਾ ਜਾਵੇ।

ਭਾਰੀ ਉਦਯੋਗ ਦੇ ਵਿਕਾਸ ਨੂੰ ਪਹਿਲ ਦੇਣ ਦੇ ਨਾਲ ਨਾਲ, ਪਾਰਟੀ ਨੇ ਲੋਕਾਂ ਦੀਆਂ ਰੋਜ਼ਾਨਾ ਲੋੜਾਂ ਦੀਆਂ ਚੀਜ਼ਾਂ ਪੈਦਾ ਕਰਨ ਵਾਲੀ ਸਨਅਤ ਦੇ ਵਿਕਾਸ ਵੱਲ ਵੀ ਖਾਸ ਧਿਆਨ ਦਿਤਾ ਹੈ। ਇਸ ਪੱਖ ਤੋਂ 6ਵੀਂ ਪੰਜ ਸਾਲਾ ਯੋਜਨਾ ਵਿਚ ਹਲਕੀ ਸਨਅਤ ਦਾ ਵੀ ਹੋਰ ਵਿਕਾਸ ਹੋਵੇਗਾ, ਖਾਧ ਵਸਤਾਂ, ਕਪੜੇ, ਜੁੱਤੀਆਂ ਤੇ ਘਰਾਂ ਵਿਚ ਕੰਮ ਆਉਣ ਵਾਲੀਆਂ ਹੋਰ ਵਸਤਾਂ ਦੀ ਪੈਦਾਵਾਰ ਵੀ ਵਧੇਗੀ।

ਇਸ ਸ਼ਾਖਾ ਵਿਚ ਪਾਰਟੀ ਦੀ ਹਦਾਇਤ ਹੈ ਕਿ ਮਾਤਰਾ ਅਤੇ ਕਿਸਮ ਦੇ ਪੱਖ ਤੋਂ ਅਤੇ ਸਸਤੇ ਭਾਅ ਤੇ ਲੋਕਾਂ ਨੂੰ ਰੋਜ਼ਾਨਾਂ ਲੋੜਾਂ ਦੀਆਂ ਵਸਤਾਂ ਮੁਹੱਈਆ ਕਰਨ ਦੇ ਕੰਮ ਨੂੰ ਹਮੇਸ਼ਾਂ ਧਿਆਨ ਗੋਚਰੇ ਰੱਖਣਾ ਚਾਹੀਦਾ ਹੈ।

ਸਨਅਤ ਦੇ ਵਿਕਾਸ ਨਾਲ, ਆਰਥਕਤਾ ਦੀਆਂ ਸਭ ਸ਼ਾਖਾਵਾਂ ਦੇ ਤੇਜ਼ ਵਿਕਾਸ ਲਈ ਹਾਲਾਤ ਤਿਆਰ ਹੁੰਦੇ ਹਨ। ਇਹ ਨਵੇਂ ਪਦਾਰਥਕ ਅਤੇ ਵਿਤੀ ਸੋਮੇ ਪੈਦਾ ਕਰਦੀ ਹੈ। ਸਮੁੱਚੀ ਆਰਥਕਤਾ ਦੇ ਇਕ ਆਗੂ ਤੱਤ ਦੇ ਤੌਰ ਤੇ ਇਹ ਖਾਸ ਤੌਰ ਤੇ ਰਸਾਇਣਕ ਖਾਦਾਂ, ਜ਼ਰਾਇਤੀ ਮਸ਼ੀਨਰੀ ਅਤੇ ਵਾਧੂ ਪੁਰਜ਼ਿਆਂ ਦੀ ਪੈਦਾਵਾਰ ਰਾਹੀਂ ਜ਼ਰਾਇਤ ਦੀ ਤੇਜ਼ ਉਨਤੀ ਵਿਚ ਬਹੁਤ ਹਿੱਸਾ ਪਾਉਂਦੀ ਹੈ।

ਸਾਡੀ ਪਾਰਟੀ ਨੂੰ ਦ੍ਰਿੜ ਭਰੋਸਾ ਹੈ ਕਿ ਬਹਾਦਰ ਮਜ਼ਦੂਰ ਜਮਾਤ ਅਤੇ ਸਨਅਤ ਵਿਚ ਕੰਮ ਕਰਨ ਵਾਲੇ ਸਾਰੇ ਮਜਦੂਰ ਲੋਕ 6ਵੀਂ ਕਾਂਗਰਸ ਦੇ ਮਹੱਤਵਪੂਰਣ ਕਾਰਜਾਂ ਨੂੰ ਨੇਪਰੇ ਚਾੜਨ ਲਈ ਆਪਣੀ ਪੂਰੀ ਤਾਕਤ ਅਤੇ ਸੂਝ ਵਰਤਣਗੇ, ਅਤੇ ਇਸਤਰ੍ਹਾਂ ਲੋਕ ਆਰਥਕਤਾ ਦੀ ਤਰੱਕੀ ਵਿਚ ਅਲਬਾਨੀਆਂ ਨੂੰ ਇਕ ਸਨਅਤੀ ਜ਼ਰਾਇਤੀ ਦੇਸ਼ ਵਿਚ ਤਬਦੀਲ ਕਰਨ ਵਿਚ ਇਕ ਹੋਰ ਬਹੁਮੁੱਲਾ ਹਿਸਾ ਪਾਉਣਗੇ।

## 2—ਆਰਥਿਕਤਾ ਦੀ ਬੁਨਿਆਦੀ ਸ਼ਾਖਾ, ਜ਼ਰਾਇਤ, ਨੂੰ ਉਨੱਤ ਕਰਨਾ ਲਾਜ਼ਮੀ ਹੈ

ਸਾਡੀ ਪਾਰਟੀ ਆਫ ਲੇਬਰ ਨੇ, ਮਾਰਕਸਵਾਦ-ਲੈਨਿਨਵਾਦ ਦੀ ਰੋਸ਼ਨੀ ਵਿਚ, ਹਮੇਸ਼ਾ ਹੀ ਇਹ ਗੱਲ ਦਿਮਾਗ ਵਿਚ ਰੱਖੀ ਹੈ ਕਿ, ਸਮਾਜਵਾਦ ਦੀ ਉਸਾਰੀ

ਵਾਸਤੇ ਉਨੱਤ ਉਦਯੋਗ ਦੇ ਨਾਲ ਨਾਲ ਉਨੱਤ ਅਤੇ ਆਧੁਨਿਕ ਜ਼ਰਾਇਤ ਦੀ ਵੀ ਜਰੂਰਤ ਹੈ। ਜ਼ਰਾਇਤ ਆਰਥਕਤਾ ਦਾ ਅਧਾਰ ਹੈ, ਜਿਸ ਉਤੇ ਆਰਥਕਤਾ ਦੀਆਂ ਹੋਰ ਸ਼ਾਖਾਵਾਂ ਦੇ ਕੰਮਾਂ ਦੀ ਪੂਰਤੀ, ਲੋਕਾਂ ਦੀ ਭਲਾਈ ਅਤੇ ਦੇਸ਼ ਦੀ ਰੱਖਿਆ ਸ਼ਕਤੀ ਦੀ ਮਜਬੂਤੀ ਕਾਫੀ ਹੱਦ ਤਕ ਨਿਰਭਰ ਹੈ।

ਸਾਡੀ ਜ਼ਰਾਇਤ ਵਿਚ ਸਭ ਪੱਖਾਂ ਵਿਚ ਇੱਕ ਅਸਲੀ ਇਨਕਲਾਬ ਲਿਆਂਦਾ ਗਿਆ ਹੈ। ਇੱਕ ਤਾਕਤਵਰ ਪਦਾਰਥਕ ਅਤੇ ਤਕਨੀਕੀ ਅਧਾਰ ਤਿਆਰ ਕੀਤਾ ਗਿਆ ਹੈ ਜੋ ਕਿ ਜ਼ਰਾਇਤ ਦੀ ਤੇਜ਼ ਤਰੱਕੀ ਵਿਚ ਹਿੱਸਾ ਪਾ ਰਿਹਾ ਹੈ। ਜ਼ਰਾ-ਇਤੀ ਅਤੇ ਖਾਧ ਪਦਾਰਥਾਂ ਦੀ ਪੈਦਾਵਾਰ ਲਗਾਤਾਰ ਵਧਦੀ ਰਹੀ ਹੈ ਅਤੇ ਲੋਕਾਂ ਅਤੇ ਆਰਥਕਤਾ ਦੀਆਂ ਲੋੜਾਂ ਨੂੰ ਪੂਰਾ ਕਰ ਰਹੀ ਹੈ। ਪਿਛਲੇ 5 ਸਾਲਾਂ ਦੇ ਦੁਰਾਨ ਹੀ ਖਾਧ-ਪਦਾਰਥਾਂ ਦੀ ਪੈਦਾਵਾਰ 35ਫੀਸਦੀ ਵਧੀ, ਜਿਸ ਵਿਚ ਕਣਕ ਦੀ ਪੈਦਾਵਾਰ ਕਰੀਬ ਦੁੱਗਣੀ ਹੋ ਗਈ। ਕਪਾਹ ਦੀ ਪੈਦਾਵਾਰਵਿਚ 48 ਫੀਸਦੀ, ਚਕੰਦਰ ਦੀ ਪੈਦਾਵਾਰ ਵਿਚ 76ਫੀਸਦੀ, ਅਤੇ ਦੁੱਧ ਦੀ ਪੈਦਾਵਾਰਵਿਚ 47ਫੀਸਦੀ ਵਾਧਾ ਹੋਇਆ। ਸਾਡੇ ਸਮਾਜਵਾਦੀ ਦਿਹਾਤ ਵਿਚ ਬੁਨਿਆਦੀ ਤਬਦੀਲੀਆਂ ਆਈਆਂ ਹਨ ਅਤੇ ਕਿਸਾਣੀ ਦੇ ਜੀਵਨ-ਪੱਧਰ ਅਤੇ ਭਲਾਈ ਵਿਚ ਬੇ-ਮਿਸਾਲ ਵਾਧਾ ਹੋਇਆ ਹੈ। ਇਹ ਸਾਰੀਆਂ ਜਿੱਤਾਂ ਪਾਰਟੀ ਦੀ ਲਾਈਨ ਦੇ ਸਹੀ ਹੋਣ, ਅਤੇ ਦਿਹਾਤ ਵਿਚ ਸਮਾਜਵਾਦੀ ਤਬਦੀਲੀ ਲਈ ਪਾ-ਰਟੀ ਵਲੋਂ ਤੈਅ ਕੀਤੇ ਗਏ ਰਾਹ ਦੇ ਸਹੀ ਹੋਣ ਦਾ ਸਬੂਤ ਹਨ। ਕਦਮ-ਬ- ਕਦਮ ਕੀਤੀ ਗਈ ਜ਼ਰਾਇਤ ਦੀ ਸਹਿਕਾਰਤਾ ਅਤੇ ਸਾਂਝੀ ਜਾਇਦਾਦ ਨੂੰ ਲਗਾ-ਤਾਰ ਮਜਬੂਤ ਕਰਨਾ ਇਸ ਵਕਤ ਤੇ ਸਮਾਜਵਾਦੀ ਸਹਿਕਾਰੀ ਢਾਂਚੇ ਦੀ ਉਚੱ-ਤਮਤਾ ਦੀ ਗਵਾਹੀ ਭਰ ਰਹੇ ਹਨ, ਜਦਕਿ ਦੂਜੇ ਪਾਸੇ, ਨਾ ਸਿਰਫ ਪਛੜੇ ਹੋਏ ਦੇਸ਼ਾਂ ਵਿਚ ਹੀ ਬਲਕਿ, ਅਖੌਤੀ ਉਨੱਤ ਦੇਸ਼ਾਂ ਵਿਚ ਵੀ ਜ਼ਰਾਇਤੀ ਪਦਾਰਥਾਂ ਦੀ ਥੁੜੋ ਹੈ। ਬਹੁਤ ਸਾਰੇ ਦੇਸ਼, ਜਿਨ੍ਹਾਂ ਵਿਚ ਸੋਧਵਾਦੀ ਰੂਸ ਵੀ ਸ਼ਾਮਲ ਹੈ, ਰੋਟੀ ਵਾਸਤੇ ਅਮਰੀਕੀ ਸਾਮਰਾਜਵਾਦ ਅੱਗੇ ਹੱਥ ਅੱਡ ਰਹੇ ਹਨ। ਸੋਧਵਾਦੀ ਦੇਸ਼ਾਂ ਦੀ ਖੇਤੀਬਾੜੀ ਘੋਰ ਸੰਕਟ ਵਿਚ ਹੈ, ਕਿਉਂਕਿ ਉਨ੍ਹਾਂ ਨੇ ਦਿਹਾਤ ਵੱਲ ਪਿੱਠ ਫੇਰ ਲਈ ਹੈ ਅਤੇ ਸਹਿਕਾਰਤਾ ਦੀ ਵਿਰੋਧਤਾ ਕੀਤੀ ਹੈ, ਅਤੇ ਦਿਹਾਤ ਨੂੰ ਪੈਦਾ-ਵਾਰ ਦੇ ਪੂੰਜੀਵਾਦੀ ਦਸਤੂਰ ਵਾਸਤੇ ਖੁਲ੍ਹਿਆਂ ਛੱਡ ਦਿੱਤਾ ਹੈ।

ਜ਼ਰਾਇਤ ਦੇ ਤੇਜ਼ ਵਿਕਾਸ ਦਾ ਮਸਲਾ, ਪਾਰਟੀ ਅਤੇ ਸਮੁੱਚੇ ਦੇਸ਼ ਵਾਸਤੇ ਇੱਕ ਬੁਨਿਆਦੀ ਮਸਲਾ ਹੈ। ਲੋਕਾਂ ਅਤੇ ਹਲਕੀ ਸਨੱਅਤ ਦੀਆਂ ਲੋੜਾਂ ਪੂਰੀਆਂ

ਕਰਨ ਵਾਸਤੇ ਜ਼ਰਾਇਤੀ ਅਤੇ ਖਾਧ-ਪਦਾਰਥ ਦੀ ਮੰਗ ਦਿਨ-ਬ-ਦਿਨ ਵਧ ਰਹੀ ਹੈ। ਬਰਾਮਦ ਨੂੰ ਹੋਰ ਵਧਾਉਣ ਅਤੇ ਸਭ ਛੋਟੇ-ਮੋਟੇ ਖਾਧ-ਪਦਾਰਥਾਂ ਦੀ ਦਰਾਮਦ ਨੂੰ ਖਤਮ ਕਰਨ ਵਾਸਤੇ ਜ਼ਰਾਇਤੀ ਵਸਤਾਂ ਦੀ ਲੋੜ ਹੈ। ਸਾਮਰਾਜੀ-ਸੋਧਵਾਦੀ ਘੇਰਾਓ ਅਤੇ ਨਾਕਾਬੰਦੀ ਅਤੇ ਦੁਨੀਆਂ ਦੇ ਆਰਥਕ ਸੰਕਟ ਦੀ ਮੌਜੂਦਾ ਹਾਲਤ ਵਿਚ ਆਪਣੇ ਦੇਸ਼ ਨੂੰ ਬਦੇਸ਼ੀ ਮੰਡੀਆਂ ਤੋਂ ਆਜ਼ਾਦ ਰੱਖਣਾ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ।

ਪਿੰਡਾਂ ਅਤੇ ਸ਼ਹਿਰਾਂ ਵਿਚ ਸਾਡੇ ਲੋਕਾਂ, ਸਾਡੇ ਕੇਡਰਾਂ ਦਾ ਜ਼ਰਾਇਤ ਦੀ ਇਸ ਮਹੱਤਤਾ ਬਾਰੇ ਜਾਣੂੰ ਹੋਣਾ ਬਹੁਤ ਲਾਜ਼ਮੀ ਹੈ। ਇਸਦੇ ਸਰਬ-ਪੱਖੀ ਅਤੇ ਤੇਜ਼ ਵਿਕਾਸ ਵਾਸਤੇ ਘੋਲ, ਸਮਾਜਵਾਦ ਅਤੇ ਖ਼ੁਦਮੁਖਤਾਰੀ ਵਾਸਤੇ ਇੱਕ ਘੋਲ ਹੈ, ਅਤੇ ਇਹ ਦੇਸ਼ ਨੂੰ ਗੁਲਾਮੀ ਅਤੇ ਕੰਗਾਲੀ ਤੋਂ ਬਚਾਉਣ ਵਾਸਤੇ ਘੋਲ ਹੈ। ਇਨ੍ਹਾਂ ਕਾਰਨਾਂ ਕਰਕੇ ਪਾਰਟੀ ਨੇ ਬਹੁਤ ਦੇਰ ਪਹਿਲਾਂ ਇਹ ਨਾਹਰਾ ਦਿੱਤਾ ਸੀ ਕਿ, "ਜ਼ਰਾਇਤ ਨਾਲ ਸਮੁੱਚੇ ਲੋਕਾਂ ਦਾ ਵਾਸਤਾ ਹੋ"। ਹਰ ਪਾਰਟੀ ਸੰਸਥਾ ਅਤੇ ਜਥੇਬੰਦੀ, ਅਤੇ ਸਟੇਟ ਅਤੇ ਆਰਥਕਤਾ ਦੀਆਂ ਸੰਸਥਾਵਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਲੋਕਾਂ ਨੂੰ ਇਸ ਹਦਾਇਤ ਦੀ ਮਹੱਤਤਾ ਸਮਝਾਉਣ ਵਾਸਤੇ, ਇਸ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਾਸਤੇ ਅਤੇ ਲੋਕਾਂ ਵਿਚ ਇਹ ਭਰੋਸਾ ਪੈਦਾ ਕਰਨ ਲਈ ਡਟਕੇ ਕੰਮ ਕਰਨ ਕਿ ਸਾਡੇ ਦੇਸ਼ ਵਿਚ ਜ਼ਰਾਇਤੀ ਵਸਤਾਂ ਦੀ ਪੈਦਾਵਾਰ ਵਿਚ ਚੋਖਾ ਵਾਧਾ ਕੀਤਾ ਜਾ ਸਕਦਾ ਹੈ।

ਇਸ ਪੰਜ-ਸਾਲਾ ਯੋਜਨਾ ਦੇ ਦੁਰਾਨ ਜ਼ਰਾਇਤ ਵਿਚ ਅਨਾਜ ਦੇ ਪੱਖ ਤੋਂ ਸਵੈ-ਨਿਰਭਰ ਹੋਣਾ, ਪਾਰਟੀ ਦਾ ਮੁੱਖ ਟੀਚਾ ਹੈ। ਇਹ ਸਕੀਮ ਬਣਾਈ ਗਈ ਹੈ ਕਿ ਇਸ ਸਾਲ ਤੋਂ ਸ਼ੁਰੂ ਹੋਕੇ, ਦੇਸ਼ ਦੀਆਂ ਸਭ ਲੋੜਾਂ ਪੂਰੀਆਂ ਕਰਨ ਲਈ ਲੋੜੀਂਦਾ ਅਨਾਜ ਪੈਦਾ ਕੀਤਾ ਜਾਏਗਾ, ਸਟੇਟ ਦੇ ਭੰਡਾਰਾਂ ਨੂੰ ਹੌਲੀ ਹੌਲੀ ਵਧਾਇਆ ਜਾਵੇਗਾ, ਅਤੇ ਅਨਾਜ ਦੀ ਬੇਹਤਰ ਪੂਰਤੀ ਨੂੰ ਯਕੀਨੀ ਬਣਾਇਆ ਜਾਵੇਗਾ। ਉਮੀਦ ਹੈ ਕਿ 1975 ਦੇ ਮੁਕਾਬਲੇ ਅਨਾਜ ਦੀ ਪੈਦਾਰ 56-60 ਫੀ ਸਦੀ ਵਧ ਜਾਵੇਗੀ ਅਤੇ ਆਲੂਆਂ ਦੀ ਪੈਦਾਵਾਰ 50 ਫੀਸਦੀ ਵਧ ਜਾਵੇਗੀ।

ਅਨਾਜ ਵਿਚ ਸਵੈ-ਨਿਰਭਰ ਹੋਣਾ ਇੱਕ ਮਹਾਨ ਆਰਥਕ, ਸਿਆਸੀ, ਅਤੇ ਦਾਅ-ਪੇਚ ਦੀ ਮਹੱਤਤਾ ਵਾਲਾ ਸਵਾਲ ਹੈ। ਅਨਾਜ ਦੀ ਘਰੇਲੂ ਪੈਦਾਵਾਰ ਲੋਕਾਂ ਦੀ ਰੋਟੀ ਵਾਸਤੇ ਅਨਾਜ ਦੀ ਪੂਰਤੀ ਨੂੰ ਯਕੀਨੀ ਬਣਾਉਂਦੀ ਹੈ ਅਤੇ ਸਮੁੱਚੀ ਆਰਥਕਤਾ ਦੀ ਤਰੱਕੀ ਨੂੰ ਉਚਿਆਂ ਚੁੱਕਦੀ ਹੈ, ਸਾਡੇ ਸਮਾਜਵਾਦੀ ਵਤਨ ਦੀ

ਆਜ਼ਾਦੀ ਦੀਆਂ ਨੀਹਾਂ ਨੂੰ ਹੋਰ ਮਜ਼ਬੂਤ ਬਣਾਉਂਦੀ ਹੈ, ਇਸ ਗੱਲ ਦੀ ਗਰੰਟੀ ਦਿੰਦੀ ਹੈ ਕਿ ਅਸੀਂ ਕਿਸੇ ਵੀ ਚੰਗੀ ਜਾਂ ਮਾੜੀ ਹਾਲਤ ਦਾ ਸਾਹਮਣਾ ਕਰ ਸਕਾਂਗੇ, ਦੇਸ਼ ਨੂੰ ਦਰਾਮਦ ਤੋਂ ਆਜ਼ਾਦ ਕਰਵਾ ਸਕਾਂਗੇ, ਅਤੇ ਇਸ ਨਾਲ ਬਦੇਸ਼ੀ ਸਿੱਕੇ ਦੀ ਕਾਫੀ ਮਿਕਦਾਰ ਵਿਚ ਬੱਚਤ ਹੁੰਦੀ ਹੈ ਜੋ ਕਿ ਹੋਰ ਕੰਮਾਂ ਤੇ ਖਰਚਿਆ ਜਾ ਸਕਦਾ ਹੈ।

ਪੰਜ-ਸਾਲਾ ਯੋਜਨਾ ਦੇ ਪਹਿਲੇ ਸਾਲ ਵਿਚ ਇੱਕ ਮਹਾਨ ਜਿੱਤ ਜਿੱਤੀ ਗਈ: ਸਹਿਕਾਰੀ ਕਿਸਾਣੀ ਅਤੇ ਹੋਰ ਖੇਤ-ਮਜ਼ਦੂਰਾਂ ਨੇ ਅਨਾਜ ਦੀ ਪੈਦਾਵਾਰ ਦੇ ਟੀਚੇ ਨੂੰ ਸਫਲਤਾਪੂਰਬਕ ਪੂਰਾ ਕੀਤਾ, ਅਤੇ ਇਹ ਪਹਿਲੀ ਦਫਾ ਸੀ ਕਿ ਦੇਸ਼ ਦੀਆਂ ਸਭ ਲੋੜਾਂ ਵਾਸਤੇ ਕਾਫੀ ਅਨਾਜ ਪੈਦਾ ਕੀਤਾ ਗਿਆ। ਇਸ ਸਾਲ ਦੀ ਅਨਾਜ ਦੀ ਪੈਦਾਵਾਰ, 1975 ਨਾਲੋਂ ਕੋਈ 30ਫੀਸਦੀ ਵੱਧ ਸੀ, ਜੋ ਕਿ ਅਨਾਜ ਦੀ ਪੈਦਾਵਾਰ ਦਾ ਇੱਕ ਰਿਕਾਰਡ ਹੈ। ਅਜੇਹੇ ਨਤੀਜੇ ਇੱਕ ਠੋਸ ਸਮਾਜਵਾਦੀ ਅਧਾਰ ਉਤੇ ਵਿਕਸਿਤ ਜ਼ਰਾਇਤ, ਦੇਸ਼-ਭਗਤ ਕਿਸਾਣੀ ਅਤੇ ਬਹਾਦਰ ਲੋਕ ਹੀ ਹਾਸਲ ਕਰ ਸਕਦੇ ਹਨ, ਜੋ ਵਫਾਦਾਰੀ ਨਾਲ ਆਪਣੀ ਮਾਰਕਸ-ਵਾਦੀ-ਲੈਨਿਨਵਾਦੀ ਪਾਰਟੀ ਦੀਆਂ ਸਿੱਖਿਆਵਾਂ ਤੇ ਚੱਲਦੇ ਹਨ ਅਤੇ ਉਸਦੀ ਲਾਈਨ ਨੂੰ ਲਾਗੂ ਕਰਦੇ ਹਨ।

ਅਨਾਜ ਦੀ ਪੈਦਾਵਾਰ ਵਿਚ ਇਹ ਬੇਮਿਸਾਲ ਵਾਧਾ ਜ਼ਰਾਇਤ ਵਿਚ ਕੰਮ ਕਰਨ ਵਾਲੇ ਲੋਕਾਂ ਦੀਆਂ ਸਰਬ-ਪੱਖੀ ਕੋਸ਼ਿਸ਼ਾਂ ਦਾ ਸਿੱਟਾ ਹੈ, ਇਹ ਵਧੀਆ ਬੀਜਾਂ ਦੀ ਵਰਤੋਂ ਅਤੇ ਫਸਲਾਂ ਦੀ ਚੌਕਸੀ ਨਾਲ ਸੰਭਾਲ ਦਾ ਸਿੱਟਾ ਹੈ। ਇਹ ਸਾਰੀਆਂ ਗੱਲਾਂ ਪਾਰਟੀ ਦੇ ਇਸ ਕਥਨ ਦੀ ਇੱਕ ਬਾਰ ਫਿਰ ਪ੍ਰੋੜਤਾ ਕਰ-ਦੀਆਂ ਹਨ ਕਿ ਜ਼ਰਾਇਤ ਵਿਚ ਵੱਡੀਆਂ ਸਫਲਤਾਵਾਂ ਵਿਚ ਨਾ ਤਾਂ ਮੌਸਮ ਅਤੇ ਨਾ ਹੀ ਮਾਹੌਲ, ਬਲਕਿ ਆਦਮੀ ਦੀ ਲਗਾਤਾਰ ਅਤੇ ਦ੍ਰਿੜ ਮਿਹਨਤ ਹੈ ਜੋ ਫੈਸਲਾਕੁੰਨ ਰੋਲ ਅਦਾ ਕਰਦੀ ਹੈ।

ਅਨਾਜ ਵਿਚ ਸਵੈ-ਨਿਰਭਰ ਹੋਣ ਦੇ ਟੀਚੇ ਨੂੰ ਪੂਰਾ ਕਰਨ ਵਿਚ ਇਸ ਵਧੀਆ ਸ਼ੁਰੂਆਤ ਨੂੰ ਹੋਰ ਮਜ਼ਬੂਤ ਬਣਾਉਣਾ ਚਾਹੀਦਾ ਹੈ। ਪਾਰਟੀ ਜਥੇਬੰਦੀਆਂ, ਰਾਜ-ਸੱਤਾ ਅਤੇ ਆਰਥਕਤਾ ਦੀਆਂ ਸੰਸਥਾਵਾਂ ਨੂੰ ਇਸ ਹਾਸਲ ਕੀਤੇ ਹੋਏ ਤਜਰਬੇ ਦਾ ਦਾ ਜ਼ਾਇਜ਼ਾ ਲਾਉਣਾ ਚਾਹੀਦਾ ਹੈ ਅਤੇ ਉਸਦਾ ਪ੍ਰਚਾਰ ਕਰਨਾ ਚਾਹੀਦਾ ਹੈ, ਉਸਾਰੂ ਪਹਿਲ-ਕਦਮੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਹਮਾਇਤ ਦੇਣੀ ਚਾਹੀਦੀ ਹੈ, ਪਦਾਰਥਕ-ਤਕਨੀਕੀ ਅਧਾਰ ਦੀ ਵੱਧ ਤੋਂ ਵੱਧ ਸਫਲ ਵਰਤੋਂ ਵਾਸਤੇ ਲੋੜੀਦੇ

ਜਥੇਬੰਦਕ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਨਾ ਸਿਰਫ ਟੀਚੇ ਹੀ ਪੂਰੇ ਕੀਤੇ ਜਾ ਸਕਣ, ਬਲਕਿ ਉਸਤੋਂ ਵੀ ਵੱਧ ਅਨਾਜ ਪੈਦਾ ਕੀਤਾ ਜਾ ਸਕੇ।

ਪਾਰਟੀ ਵਲੋਂ ਅਨਾਜ ਦੀ ਪੈਦਾਵਾਰ ਨੂੰ ਪਹਿਲ ਦੇਣ ਦਾ ਇਹ ਮਤਲਬ ਨਹੀਂ ਕਿ ਬਾਕੀ ਮੁਹਾਜ਼ਾਂ ਉਤੇ ਪੈਦਾਵਾਰ ਵੱਲ ਧਿਆਨ ਨਾ ਦਿੱਤਾ ਜਾਵੇ, ਬਲਕਿ ਇਸਦਾ ਮਤਲਬ ਹੈ ਕਿ ਸਭ ਮੁਹਾਜ਼ਾਂ ਉਤੇ ਜ਼ਰਾਇਤੀ ਪੈਦਾਵਾਰ ਨੂੰ ਵਧਾਉਣ ਵੱਲ ਵੱਧ ਤੋਂ ਵੱਧ ਤਵੱਜੋ ਦਿੱਤੀ ਜਾਵੇ। ਆਰਥਕਤਾ ਅਤੇ ਲੋਕਾਂ ਨੂੰ ਹਰ ਕਿਸਮ ਦੇ ਜ਼ਰਾਇਤੀ ਪਦਾਰਥਾਂ ਦੀ ਲੋੜ ਹੈ। ਇਹ ਪਦਾਰਥ ਸਿਰਫ ਲੋਕਾਂ ਦੀ ਵਰਤੋਂ ਵਾਸਤੇ ਹੀ ਨਹੀਂ ਬਲਕਿ ਸਨੱਅਤ ਅਤੇ ਬਰਾਮਦ ਵਾਸਤੇ ਵੀ ਲੋੜੀਦੇ ਹਨ। ਦੁਨੀਆਂ ਵਿਚ ਅੱਜ, ਕਾਟਨ ਟੈਕਸਟਾਈਲ ਇੱਕ ਲਗਜ਼ਰੀ ਬਣ ਗਈ ਹੈ ਤੇ ਸੰਸਾਰ-ਮੰਡੀ ਵਿਚ ਖੰਡ ਅਤੇ ਬਨਸਪਤੀ ਤੇਲ ਦੀਆਂ ਕਾਫੀ ਉਚੀਆਂ ਕੀਮਤਾਂ ਮਿਲਦੀਆਂ ਹਨ।

ਫਲਾਂ ਅਤੇ ਸਬਜ਼ੀਆਂ ਦੀ ਪੈਦਾਵਾਰ ਵੱਲ ਵੀ ਖਾਸ ਧਿਆਨ ਦੇਣਾ ਜਰੂਰੀ ਹੈ ਕਿਉਂਕਿ ਉਨ੍ਹਾਂ ਦੀ ਖਪਤ ਲੋਕਾਂ ਦੀ ਖੁਰਾਕ ਨੂੰ ਵਧੀਆ ਬਣਾਉਂਦੀ ਹੈ ਅਤੇ ਅਨਾਜ ਦੀ ਬੱਚਤ ਹੁੰਦੀ ਹੈ। ਸਬਜ਼ੀਆਂ ਅਤੇ ਫਲ ਸਿੱਕੇ ਦੀ ਆਮਦ ਦਾ ਵੀ ਇੱਕ ਮਹੱਤਵਪੂਰਨ ਸੋਮਾ ਹਨ। ਸਾਡੇ ਦੇਸ਼ ਵਿਚ ਸਾਰਾ ਸਾਲ ਫਲ ਅਤੇ ਸਬਜ਼ੀਆਂ ਪੈਦਾ ਕਰਨ ਵਾਸਤੇ ਢੁੱਕਵੇਂ ਹਾਲਾਤ ਹਨ। ਅਜੇ ਤਕ ਕਈ ਇੱਕ ਅਜੇਹੇ ਅਣ-ਉਪਜਾਊ ਪਹਾੜੀ ਇਲਾਕੇ ਹਨ ਜਿੱਥੇ ਬਹੁਤ ਸਾਰੇ ਫਲ ਆਦਿ ਪੈਦਾ ਹੋ ਸਕਦੇ ਹਨ।

ਜਿੱਥੋਂ ਤਕ ਸਨੱਅਤੀ ਫਸਲਾਂ, ਜ਼ੈਤੂਨ, ਫਲਾਂ ਅਤੇ ਸਬਜ਼ੀਆਂ ਦਾ ਤੁਅੱਲਕ ਹੈ, ਪੰਜ ਸਾਲਾ ਯੋਜਨਾ ਦੇ ਦੁਰਾਨ ਇਨ੍ਹਾਂ ਦੀ ਪੈਦਾਵਾਰ ਵਿਚ ਵੀ ਚੋਖਾ ਵਾਧਾ ਹੋਣ ਦੀ ਉਮੀਦ ਹੈ।

ਪਸ਼ੂ-ਪਾਲਣ ਜ਼ਰਾਇਤ ਦੀ ਇੱਕ ਬਹੁਤ ਮਹੱਤਵਪੂਰਨ ਸ਼ਾਖਾ ਹੈ। ਇਹ ਦੇਸ਼ ਵਾਸਤੇ ਬਹੁਮੁੱਲਾ ਖਜ਼ਾਨਾ, ਅਤੇ ਮੀਟ, ਦੁੱਧ, ਉਨੱ ਅਤੇ ਚਮੜੇ ਦੀ ਪੈਦਾਵਾਰ ਦਾ ਇੱਕ ਅਜੇਹਾ ਸੋਮਾ ਹੈ ਜਿਸਦੀ ਜਗ੍ਹਾ ਹੋਰ ਕੋਈ ਚੀਜ਼ ਨਹੀਂ ਲੈ ਸਕਦੀ, ਅਤੇ ਇਹ ਲੋਕਾਂ ਦੀ ਭਲਾਈ ਵਿਚ ਇੱਕ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਉਨੱਤ ਪਸ਼ੂ-ਪਾਲਣ ਤੋਂ ਬਿਨਾਂ ਕਦੇ ਵੀ ਮਜਬੂਤ ਖੇਤੀਬਾੜੀ ਨਹੀਂ ਹੋ ਸਕਦੀ। ਇਹੀ ਵਜ੍ਹਾ ਹੈ ਕਿ ਪਾਰਟੀ ਦੀਆਂ ਸੰਸਥਾਵਾਂ ਅਤੇ ਪਾਰਟੀ ਦੀਆਂ ਬੁਨਿਆਦੀ ਜਥੇਬੰਦੀਆਂ ਅਤੇ ਸਟੇਟ ਅਤੇ ਆਰਥਿਕ ਸੰਸਥਾਵਾਂ ਨੂੰ ਹਮੇਸ਼ਾ ਹੀ ਇਸਦੇ ਵਿਕਾਸ ਵੱਲ ਚੋਖਾ ਧਿਆਨ ਦੇਣਾ ਚਾਹੀਦਾ ਹੈ।

ਪਹਿਲਾਂ ਦੀ ਤਰ੍ਹਾਂ ਹੀ ਹੁਣ ਵੀ, ਗਊਆਂ ਦੇ ਵਿਕਾਸ, ਉਨ੍ਹਾਂ ਦੀ ਗਿਣਤੀ

ਵਧਾਉਣ ਅਤੇ ਉਨ੍ਹਾਂ ਦੀਆਂ ਨਸਲਾਂ ਸੁਧਾਰਨ ਵਲ ਚੋਖਾ ਧਿਆਨ ਦੇਣ ਦੀ ਜ਼ਰੂਰਤ ਹੈ। ਭੇਡਾਂ ਅਤੇ ਬੱਕਰੀਆਂ ਦੀ ਗਿਣਤੀ ਵਿਚ ਵਾਧਾ ਕਰਨ ਵਾਸਤੇ ਕਈ ਜਗ੍ਹਾ ਢੁੱਕਵੇਂ ਕੁਦਰਤੀ ਹਾਲਾਤ ਹਨ। ਪਹਾੜੀ ਇਲਾਕਿਆਂ ਵਿਚ ਜਿੱਥੇ ਵੱਡੀਆਂ-ਵੱਡੀਆਂ ਚਰਾਂਦਾਂ ਹਨ, ਜਿਹੜੀਆਂ ਕਿ ਹਮੇਸ਼ਾ ਹੀ ਸਹੀ ਤੌਰ ਤੇ ਵਰਤੋਂ ਵਿਚ ਨਹੀਂ ਲਿਆਂਦੀਆਂ ਜਾਂਦੀਆਂ, ਉਥੇ ਭੇਡਾਂ ਅਤੇ ਬੱਕਰੀਆਂ ਦੇ ਨਵੇਂ ਇੱਜੜ ਕਾਇਮ ਕਰਨੇ ਚਾਹੀਦੇ ਹਨ ਅਤੇ ਸਰਕਾਰੀ ਫਾਰਮਾਂ ਨੂੰ ਪਸ਼ੂ-ਪਾਲਣ ਵਲ ਵਿਸ਼ੇਸ਼ ਤਵੱਜੋ ਦੇਣੀ ਚਾਹੀਦੀ ਹੈ।

ਪਸ਼ੂ-ਪਾਲਣ ਦਾ ਇਹ ਮਹੱਤਵਪੂਰਨ ਕਾਰਜ, ਚਾਰੇ ਦੇ ਅਧਾਰ ਨੂੰ ਮਜ਼ਬੂਤ ਕਰਨ ਤੋਂ ਬਿਨਾਂ ਸਫਲ ਨਹੀਂ ਬਣਾਇਆ ਜਾ ਸਕਦਾ, ਕਿਉਂਕਿ ਇਹ ਚੀਜ਼ਾਂ ਇੱਕਦੂਜੇ ਨਾਲ ਬੱਝੀਆਂ ਹੋਈਆਂ ਹਨ। ਕਾਫੀ ਚਾਰਾ ਪੈਦਾ ਕਰਨ ਦਾ ਤਰੀਕਾ ਉਸਦੀ ਉਪਜ ਹੇਠਲੀ ਜ਼ਮੀਨ ਵਿਚ ਵਾਧਾ ਕਰਨਾ ਜਾਂ ਸਭ ਤੋਂ ਜ਼ਰਖੇਜ਼ ਜ਼ਮੀਨ ਵਰਤਣਾ ਨਹੀਂ, ਬਲਕਿ ਪੈਦਾਵਾਰ ਨੂੰ ਵਧਾਉਣਾ ਹੈ।

ਲੋਕਾਂ ਵਾਸਤੇ ਮੀਟ ਦੀ ਪੈਦਾਵਾਰ ਦੇ ਨਾਲ ਨਾਲ ਮੱਛੀਆਂ ਪਾਲਣ ਤੇ ਫੜਨ ਦੀ ਵੀ ਕਾਫੀ ਮਹੱਤਤਾ ਹੈ। ਇਹ ਲਾਜ਼ਮੀ ਹੈ ਕਿ ਇਸ ਖੇਤਰ ਵਿਚ ਪਾਰਟੀ ਅਤੇ ਸਟੇਟ ਵਲੋਂ ਮਿੱਥੇ ਗਏ ਟੀਚਿਆਂ ਨੂੰ ਪੂਰਾ ਕਰਨ ਲਈ ਇੱਕ ਤਕੜਾ ਹੰਭਲਾ ਮਾਰਿਆ ਜਾਵੇ।

ਜ਼ਰਾਇਤ ਨੂੰ ਪੇਸ਼ ਆ ਰਹੇ ਕੰਮ ਸੌਖੇ ਬਿਲਕੁੱਲ ਨਹੀਂ ਹਨ। ਪਰ ਜ਼ਰਾਇਤ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਵਲੋਂ ਹਦਾਇਤਾਂ ਦੇ ਖਰੜੇ ਉਤੇ ਵਿਚਾਰਵਟਾਂਦਰੇ ਅਤੇ ਇਸ ਸਾਲ ਦੇ ਨਤੀਜਿਆਂ ਨੇ ਦਿਖਾਇਆ ਹੈ ਕਿ ਇਨ੍ਹਾਂ ਟੀਚਿਆਂ ਨੂੰ ਪੂਰੇ ਕਰਨ ਲਈ, ਸਭ ਜ਼ਰਾਇਤੀ ਵਸਤਾਂ ਦੀ ਪੈਦਾਵਾਰ ਵਿਚ ਇੱਕ ਤਕੜਾ ਵਾਧਾ ਕਰਨ ਲਈ, ਲੋੜੀਂਦੇ ਹਾਲਾਤ ਅਤੇ ਅਸਲੀ ਸੰਭਾਵਨਾਵਾਂ ਪੈਦਾ ਕੀਤੀਆਂ ਗਈਆਂ ਹਨ। ਜ਼ਰਾਇਤੀ ਪੈਦਾਵਾਰ ਵਿਚ ਮਿਥੇ ਗਏ ਟੀਚਿਆਂ ਦੇ ਸਫਲਤਾ ਪੂਰਬਕ ਨੇਪਰੇ ਚਾੜ੍ਹੇ ਜਾ ਸਕਣ ਦਾ ਸਬੂਤ ਲੋਕਾਂ ਵਿਚ ਮੌਜੂਦ ਵਿਸ਼ਵਾਸ ਅਤੇ ਦ੍ਰਿੜਤਾ ਤੋਂ ਮਿਲਦਾ ਹੈ।

ਇਨਕਲਾਬੀ ਲਹਿਰ ਅਤੇ ਲੋਕਾਂ ਦੇ ਜੋਸ਼ ਨੂੰ ਤਾਕਤਵਰ ਜਥੇਬੰਦਕ ਤੇ ਤਕਨੀਕੀ ਹਮਾਇਤ ਦੀ ਲੋੜ ਹੈ। ਉਹ ਮੰਗ ਕਰਦੇ ਹਨ ਕਿ ਇਸ ਜੋਸ਼ ਨੂੰ ਬਰਕਰਾਰ ਰੱਖਣ ਲਈ ਲੋਕਾਂ ਦੀ ਚੇਤੰਨਤਾ ਨੂੰ ਹੋਰ ਮਜ਼ਬੂਤ ਕਰਨ ਲਈ ਅਤੇ ਸਟੇਟ ਅਤੇ ਆਰਥਕ ਸੰਸਥਾਵਾਂ ਵਿਚ ਜ਼ਿਮੇਵਾਰੀ ਦੀ ਭਾਵਨਾ ਭਰਨ ਲਈ, ਪਾਰਟੀ ਲਗਾਤਾਰ ਕੰਮ

ਕਰੇ। ਜ਼ਰਾਇਤੀ ਮਾਹਿਰਾਂ ਦੀ ਜ਼ਿਮੇਵਾਰੀ ਹੋਰ ਵੀ ਵਧ ਗਈ ਹੈ ਕਿ ਉਨ੍ਹਾਂ ਨੂੰ ਲਾਜ਼ਮੀ ਹੀ ਉਨੱਤ ਤਜਰਬਿਆਂ ਦਾ ਜ਼ਾਇਜ਼ਾ ਲੈਣਾ ਚਾਹੀਦਾ ਹੈ ਅਤੇ ਸਹਿਕਾਰੀ ਕਿਸਾਣੀ ਵਿਚ ਖੇਤੀ-ਤਕਨੀਕ ਦੀ ਨਿਪੁੰਨਤਾ ਨੂੰ ਫੈਲਾਉਣਾ ਚਾਹੀਦਾ ਹੈ ਅਤੇ ਜ਼ਰਾਇਤ ਵਿਚ ਸਾਇੰਸ ਦੀ ਵਰਤੋਂ ਹੋਰ ਵੀ ਚੰਗੇਰੀ ਤਰ੍ਹਾਂ ਕਰਨੀ ਚਾਹੀਦੀ ਹੈ।

ਜ਼ਰਾਇਤ ਮਹਿਕਮੇ(ਮਨਿਸਟਰੀ) ਅਤੇ ਇਸ ਅਧੀਨ ਸੰਸਥਾਵਾਂ ਸਾਹਮਣੇ ਜ਼ਰਾਇਤ ਦੀ ਉਨੱਤੀ ਦੇ ਕੰਮ ਨੂੰ ਅਗਵਾਈ ਦੇਣ ਦਾ ਮਹਾਨ ਕਾਰਜ ਹੈ। ਪਾਰਟੀ ਨੇ ਜ਼ਰਾਇਤ ਮਹਿਕਮੇ ਦੇ ਸਾਬਕਾ ਲੀਡਰਾਂ ਦੀ ਟੀਕਾ-ਟਿੱਪਣੀ ਅਤੇ ਨਿਖੇਧੀ ਕੀਤੀ ਹੈ, ਜਿਨ੍ਹਾਂ ਲੀਡਰਾਂ ਨੇ, ਪਾਰਟੀ ਦੀ ਲਾਈਨ ਵਿਚ ਭਰੋਸਾ ਨਾ ਰੱਖ ਕੇ 6ਵੀਂ ਕਾਂਗਰਸ ਵਲੋਂ ਮਿੱਥੇ ਗਏ ਟੀਚਿਆਂ ਨੂੰ ਪੂਰਾ ਕਰਨ ਵਿਚ ਦਿਲਚਸਪੀ ਨਾ ਦਿਖਾ ਕੇ, ਸਟੇਟ ਫਾਰਮਾਂ ਅਤੇ ਜ਼ਰਾਇਤੀ ਕੋਆਪ੍ਰੇਟਿਵਾਂ ਦੀ ਇੱਕ-ਮੁੱਠ ਤੇ ਕੇਂਦਰਤ ਮੈਨੇਜਮੈਂਟ ਦੇ ਅਸੂਲਾਂ ਦੀ ਉਲੰਘਣਾ ਕਰਕੇ, ਇੱਕ ਸਲਾਹਕਾਰੀ ਢਾਂਚੇ ਦਾ ਹੀ ਰੋਲ ਅਪਣਾ ਕੇ, ਜ਼ਰਾਇਤ ਵਿਚ ਬੀਤੀ ਪੰਜ-ਸਾਲਾ ਯੋਜਨਾ ਦੇ ਨਿਸ਼ਾਨਿਆਂ ਨੂੰ ਨੁਕਸਾਨ ਪਹੁੰਚਾਇਆ ਅਤੇ ਉਨ੍ਹਾਂ ਨੂੰ ਨੇਪਰੇ ਨਾ ਚੜ੍ਹਨ ਦਿੱਤਾ। ਜ਼ਰਾਇਤ ਮਹਿਕਮੇ ਵਿਚ ਹਾਲਤ ਨੂੰ ਸੁਧਾਰਿਆ ਅਤੇ ਮਜ਼ਬੂਤ ਬਣਾਇਆ ਗਿਆ ਹੈ।

ਪਾਰਟੀ ਨੇ ਹਮੇਸ਼ਾ ਹੀ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਜ਼ਰਾਇਤੀ ਅਤੇ ਪਸ਼ੂ-ਪਾਲਣ ਦੀ ਪੈਦਾਵਾਰ ਵਧਾਉਣ ਵਿਚ ਵਿਗਿਆਨਕ ਢੰਗਾਂ ਦੀ ਵਰਤੋਂ ਸਭ ਤੋਂ ਮਹੱਤਵਪੂਰਨ ਹੈ। ਜ਼ਮੀਨੀ ਸੁਧਾਰਾਂ, ਡਰੇਨਾਂ ਅਤੇ ਸਿੰਚਾਈ ਉਤੇ ਕਾਫੀ ਖਰਚ ਕੀਤਾ ਗਿਆ ਹੈ। ਜ਼ਮੀਨੀ ਮਸਲਿਆਂ, ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ, ਫਸਲਾਂ ਦੀ ਅਦਲਾ-ਬਦਲੀ, ਵਾਹੀ ਦੇ ਸਿਸਟਮ ਅਤੇ ਰਸਾਇਣਕ ਖਾਦਾਂ ਦੀ ਵਰਤੋਂ, ਜ਼ਮੀਨ ਨੂੰ ਖਾਰ ਤੋਂ ਬਚਾਉਣ ਅਤੇ ਪੱਧਰਾ ਕਰਨ ਆਦਿ ਦੇ ਮਸਲਿਆਂ ਦਾ ਵੀ ਅਧਿਐਨ ਕੀਤਾ ਗਿਆ ਹੈ। ਪਰ ਅਜੇ ਵੀ, ਬਹੁਤ ਸਾਰੇ ਮਸਲੇ ਹਨ, ਜੋ ਹੱਲ ਹੋਣ ਵਾਲੇ ਹਨ। ਬੁਨਿਆਦੀ ਗੱਲ ਇਹ ਹੈ ਕਿ ਜ਼ਮੀਨ ਬਾਰੇ, ਇਸਦੇ ਪਸਾਰੇ ਬਰਕਰਾਰੀ ਅਤੇ ਇਸਨੂੰ ਜ਼ਰਖੇਜ਼ ਬਣਾਉਣ ਵੱਲ ਹਰ ਇੱਕ ਨੂੰ ਧਿਆਨ ਦੇਣਾ ਚਾਹੀਦਾ ਹੈ। ਵਕਤੀ ਨਿਕਾਸ ਨਾਲੀਆਂ ਵਿਚ ਵਾਧਾ ਕਰਦਿਆਂ ਸਾਨੂੰ ਨਾਲ ਦੀ ਨਾਲ ਸਥਾਈ ਨਿਕਾਸ ਨਾਲੀਆਂ ਉਸਾਰਨ ਵਲ ਵੀ ਧਿਆਨ ਦੇਣਾ ਹੋਵੇਗਾ। ਭੂਮੀ ਨੂੰ ਤਬਦੀਲ ਕਰਨ ਲਈ ਅਤੇ ਵੱਧ ਤੋਂ ਵੱਧ ਉਪਜ ਹਾਸਲ ਕਰਨ ਲਈ ਜ਼ਰਾ-ਇਤੀ ਵਿਗਿਆਨ ਦਾ ਅਧਿਐਨ ਕਰਨ ਅਤੇ ਇਸ ਨੂੰ ਕਠੋਰ ਜ਼ਾਬਤੇ ਨਾਲ ਲਾਗੂ

ਕਰਨ ਦੀ ਲੋੜ ਹੈ। ਜ਼ਮੀਨ ਦੀ ਜ਼ਰਖੇਜ਼ਤਾ ਨੂੰ ਸੁਧਾਰਣ ਅਤੇ ਵਧਾਉਣ ਲਈ ਕੀਤੇ ਗਏ ਅਧਿਅਨ ਨੂੰ ਹੋਰ ਵੀ ਡੂੰਘਿਆਂ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਸਾਰੇ ਜ਼ਰਾਇਤੀ ਕੰਮ ਦੀ ਬੁਨਿਆਦ ਬਣਾਉਣਾ ਚਾਹੀਦਾ ਹੈ। ਅਗਰ ਪਾਰਟੀ ਜਥੇਬੰਦੀਆਂ ਅਤੇ ਸਟੇਟ ਸੰਸਥਾਵਾਂ ਇਨ੍ਹਾਂ ਮਸਲਿਆਂ, ਖਾਸ ਕਰਕੇ ਅਮਲ ਵਿਚ ਉਨ੍ਹਾਂ ਨੂੰ ਹੱਲ ਕਰਨ ਦੀ ਮਹੱਤਤਾ ਨੂੰ ਗ੍ਰਹਿਣ ਕਰ ਲੈਣ ਤਾਂ ਪਾਰਟੀ ਵਲੋਂ ਇਸ ਕਾਂਗਰਸ ਵਿੱਚ ਤੈਅ ਕੀਤੇ ਗਏ ਟੀਚਿਆਂ ਨੂੰ ਨੇਪਰੇ ਚਾੜ੍ਹਨ ਲਈ ਲੋੜੀਦੇ ਹਾਲਤ ਤਿਆਰ ਹੋ ਜਾਣਗੇ।

ਪੰਜ-ਸਾਲਾ ਯੋਜਨਾ ਵਿਚ ਪਾਰਟੀ ਦੀ ਸੇਧ ਦੇ ਅਧਾਰ ਤੇ, ਜ਼ਰਾਇਤ ਅਤੇ ਪਸ਼ੂ-ਪਾਲਣ ਦੀ ਪੈਦਾਵਾਰ ਵਿਚ ਵਾਧਾ, ਪੈਦਾਵਾਰ ਦੀਆਂ ਦਰਾਂ ਵਿਚ ਵਾਧਾ ਕਰਕੇ ਅਤੇ ਨਵੀਂ ਜ਼ਮੀਨ ਵਿਚ ਕੰਮ ਚਾਲੂ ਕਰਕੇ ਕੀਤਾ ਜਾਵੇਗਾ। ਇਹ ਸਕੀਮ ਬਣਾਈ ਗਈ ਹੈ ਕਿ ਕਰੀਬ 50,000 ਹੇਕਟੇਅਰ ਨਵੀਂ ਜ਼ਮੀਨ ਉਤੇ ਕੰਮ ਚਾਲੂ ਕੀਤਾ ਜਾਵੇਗਾ ਜੋਕਿ ਮੁੱਖ ਤੌਰ ਤੇ ਪਹਾੜੀ ਇਲਾਕਿਆਂ ਵਿਚ ਹੋਵੇਗੀ। ਪਰ ਪੈਦਾਵਾਰ ਵਿਚ ਵਾਧੇ ਦਾ ਵੱਡਾ ਹਿੱਸਾ, ਜਾਣੀ ਕਿ 80ਫੀਸਦੀ ਹਿੱਸਾ, ਵਧੀਆਂ ਹੋਈਆਂ ਉਪਜ ਦੀਆਂ ਦਰਾਂ ਦਾ ਨਤੀਜਾ ਹੋਵੇਗਾ। ਇਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਲਈ ਲਾਜ਼ਮੀ ਹੋ ਜਾਂਦਾ ਹੈ ਕਿ ਸਹਿਕਾਰੀ ਕਿਸਾਨ ਸਾਰਾ ਸਾਲ ਕੰਮ ਵਿਚ ਹਿੱਸਾ ਲੈਣ, ਹੋਰ ਵੀ ਵੱਡੀ ਪੱਧਰ ਤੇ ਵਿਗਿਆਨ ਦੀ ਵਰਤੋਂ ਕੀਤੀ ਜਾਵੇ, ਉਨੱਤ ਤਜਰਬਿਆਂ ਦਾ ਪ੍ਰਚਾਰ ਕੀਤਾ ਜਾਵੇ, ਅਤੇ ਲੋਕਾਂ ਦੀ ਵਿਗਿਆਨਕ ਸੂਝ ਨੂੰ ਇਨਕਲਾਬੀ ਅਮਲ ਨਾਲ ਜੋੜਿਆ ਜਾਵੇ।

ਅਲਬਾਨੀਆਂ ਇੱਕ ਛੋਟਾ ਜਿਹਾ ਮੁਲਕ ਹੈ, ਜਿਸ ਵਿਚ ਜ਼ਿਆਦਾਤਰ ਪਹਾੜ ਹਨ ਅਤੇ ਮੈਦਾਨੀ ਇਲਾਕਾ ਬਹੁਤ ਘੱਟ ਹੈ। ਇਸ ਲਈ ਪਾਰਟੀ ਦੀ ਇਹ ਲਾਈਨ ਰਹੀ ਹੈ, ਅਤੇ ਅੱਜ ਵੀ ਹੈ, ਕਿ ਪਹਾੜੀ ਇਲਾਕਿਆਂ ਵਿਚ ਵੀ ਜ਼ਰਾ-ਇਤ ਦੇ ਕੰਮ ਦਾ ਤੇਜ਼ ਵਿਕਾਸ ਕੀਤਾ ਜਾਵੇ।

ਇਹ ਠੀਕ ਹੈ, ਕਿ, ਪਹਾੜਾਂ ਦੀਆਂ ਆਪਣੀਆਂ ਖਾਸੀਅਤਾਂ ਹਨ, ਪਰ ਉਥੇ ਵੀ ਪੈਦਾਵਾਰ ਵਧਾਉਣ ਅਤੇ ਜੀਵਨ ਦੀਆਂ ਹਾਲਤਾਂ ਨੂੰ ਸੁਧਾਰਨ ਦੀਆਂ ਮਹਾਨ ਸੰਭਾਵਨਾਵਾਂ ਹਨ। ਪਹਾੜੀ ਇਲਾਕਿਆਂ ਦੇ ਵਿਕਾਸ ਵਿਚ ਮਦਦ ਕਰਨ ਲਈ ਪਾਰਟੀ ਦੀ ਕੇਂਦਰੀ ਕਮੇਟੀ ਅਤੇ ਸਰਕਾਰ ਨੇ ਕਈ ਇੱਕ ਮਹੱਤਵਪੂਰਨ ਕਦਮ ਚੁੱਕੇ ਹਨ, ਜਿਵੇਂ ਕਿ ਪੈਦਾਵਾਰੀ ਲਾਗਤਾਂ (ਇਨਵੈਸਟਮੈਂਟ) ਵਿਚ ਵਾਧਾ ਕਰਨਾ, ਉਥੇ ਪੈਦਾ ਹੋਏ ਪਦਾਰਥਾਂ ਦੀ ਵੱਧ ਕੀਮਤ ਦੇਣੀ, ਉਨ੍ਹਾਂ ਨੂੰ ਘੱਟ ਕੀਮਤ ਤੇ ਰਸਾਇ-

ਣਕ ਖਾਦਾਂ ਦੇਣੀਆਂ, ਨਵੀਂਆਂ ਜ਼ਮੀਨਾਂ ਖੋਲ੍ਹਣ ਵਾਸਤੇ ਸਰਕਾਰ ਵਲੋਂ ਖਰਚ, ਸਿੰਚਾਈ ਪ੍ਰਾਜੈਕਟ ਉਸਾਰਨਾ ਅਤੇ ਦ੍ਰਖਤ ਲਾਉਣਾ, ਆਦਿ, ਆਦਿ। ਪਾਰਟੀ ਨੇ ਇਸ ਪੱਖ ਤੋਂ ਚੁੱਕੇ ਕਦਮਾਂ ਨੂੰ ਕਦੇ ਵੀ ਮੁਨਾਫਿਆਂ ਦੇ ਨਜ਼ਰੀਏ ਤੋਂ ਨਹੀਂ ਦੇਖਿਆ ਜਿਵੇਂ ਕਿ ਸਰਮਾਏਦਾਰ ਅਤੇ ਸੋਧਵਾਦੀਏ ਕਰਦੇ ਹਨ। ਇਸ ਨੀਤੀ ਦਾ ਨਿਸ਼ਾਨਾਂ ਇਹ ਹੈ ਕਿ ਇਨ੍ਹਾਂ ਇਲਾਕਿਆਂ ਵਿਚ ਕਿਸਾਣੀ ਦੇ ਜੀਵਨ ਨੂੰ ਵੱਧ ਤੋਂ ਵੱਧ ਸੁਧਾਰਿਆ ਜਾਵੇ, ਅਤੇ ਪਹਾੜੀ ਇਲਾਕਿਆਂ ਨੂੰ ਵੀ ਮੈਦਾਨਾਂ ਦੀਂ ਤਰ੍ਹਾਂ ਹੀ ਆਬਾਦ ਰੱਖਿਆ ਜਾਵੇ। ਵਰਤਮਾਨ ਵਿਚ, ਦਿਹਾਤੀ ਵਸੋਂ ਵਿਚੋਂ ਤਕਰੀਬਨ ਅੱਧੀ ਵਸੋਂ ਇਨ੍ਹਾਂ ਇਲਾਕਿਆਂ ਵਿਚ ਰਹਿੰਦੀ ਹੈ ਅਤੇ ਕੁੱਲ ਉਪਜਾਊ ਭੂਮੀ ਦਾ ਕਰੀਬ 45 ਫੀਸਦੀ ਹਿੱਸਾ ਇਨ੍ਹਾਂ ਇਲਾਕਿਆਂ ਵਿਚ ਹੈ। ਇਹ ਸਮਾਜਵਾਦੀ ਉਸਾਰੀ ਅਤੇ ਦੇਸ਼ ਦੀ ਰੱਖਿਆ, ਦੋਨਾਂ ਵਾਸਤੇ ਹੀ, ਬਹੁਤ ਜਰੂਰੀ ਹੈ।

ਪਾਰਟੀ ਦੀ ਸਹੀ ਲਾਈਨ ਦੀ ਰਾਹਨੁਮਾਈ ਹੇਠ ਅਤੇ ਸਮਾਜਵਾਦੀ ਸਟੇਟ ਵਲੋਂ ਤਕੜੀ ਹਮਾਇਤ ਦਾ ਸਦਕਾ, ਪਹਾੜੀ ਇਲਾਕਿਆਂ ਵਿਚ ਕਿਸਾਣੀ ਨੇ ਖੁਦ ਆਪਣੇ ਮੇਹਨਤ ਅਤੇ ਪਸੀਨੇ ਨਾਲ ਕਾਫੀ ਤਰੱਕੀ ਕੀਤੀ ਹੈ। ਕਈ ਪਹਾੜੀ ਕੋਅਪ੍ਰੇਟਿਵਾਂ ਵਲੋਂ ਹਾਸਲ ਕੀਤੀਆਂ ਗਈਆਂ ਸਫਲਤਾਵਾਂ ਬਹੁਤ ਹੀ ਉਤਸ਼ਾਹ - ਜਨਕ ਹੈਨ। ਮਿਰਤੀਦਾ ਜਿਲ੍ਹੇ ਵਿਚ ਕੈਸੀਨਾਰ ਦੀ ਕੋਅਪ੍ਰੇਟਿਵ, ਮੈਟ ਜਿਲ੍ਹੇ ਵਿਚ ਸ਼ੋਸ਼ਾਜ਼ ਦੀ ਕੋਅਪ੍ਰੇਟਿਵ, ਸਕਰਾਪਰ ਜਿਲ੍ਹੇ ਵਿਚ ਫ੍ਰੈਨਡਰੇਸਾ ਦੀ ਕੋਅਪ੍ਰੇਟਿਵ ਅਤੇ ਹੋਰ ਕਈ ਕੋਅਪ੍ਰੇਟਿਵਾਂ ਵਿਚ 25-30 ਕਵਿੰਟਲ ਕਣਕ ਅਤੇ 40-50 ਕਵਿੰਟਲ ਮੱਕੀ ਫੀ ਹੈਕਟੇਅਰ ਪੈਦਾ ਹੋਣਾ ਇੱਕ ਆਮ ਗੱਲ ਬਣ ਗਈ ਹੈ। ਸਕਰਾਪਰ, ਤਪੇਲਨਾ, ਪਰਮਿਟ ਅਤੇ ਕੋਲੋਨਜਾ ਦੇ ਜਿਲ੍ਹੇ ਜਿਹੜੇ ਕਿ ਇੱਕ ਸਮੇਂ ਆਪਣੇ ਵਾਸਤੇ 6 ਮਹੀਨਿਆਂ ਜੋਗਾ ਅਨਾਜ ਨਹੀਂ ਪੈਦਾ ਕਰ ਸਕਦੇ ਸਨ, ਹੁਣ ਆਪਣੀਆਂ ਸਮੁੱਚੀਆਂ ਲੋੜਾਂ ਵਾਸਤੇ ਚੋਖਾ ਅਨਾਜ ਪੈਦਾ ਕਰਦੇ ਹਨ ਅਤੇ ਵਾਧੂ ਅਨਾਜ ਸਟੇਟ ਨੂੰ ਦਿੰਦੇ ਹਨ, ਭਾਵੇਂ ਕਿ ਉਨ੍ਹਾਂ ਦੀ ਆਂਬਾਦੀ ਵੀ ਵਧ ਗਈ ਹੈ। ਇਨ੍ਹਾਂ ਜਿਲ੍ਹਿਆਂ ਦੀਆਂ ਜ਼ਰਾਇਤੀ ਕੋਅਪ੍ਰੇਟਿਵਾਂ ਦੀ ਪੈਦਾਵਾਰ ਵੀ ਮੈਦਾਨੀ ਇਲਾਕਿਆਂ ਦੀਆਂ ਕੋ-ਅਪ੍ਰੇਟਿਵਾਂ ਦੀ ਪੈਦਾਵਾਰ ਦੇ ਬਰਾਬਰ ਹੀ ਹੈ। ਇਹ ਪਾਰਟੀ ਦੀ ਇਸ ਹਦਾ- ਇਤ, ਕਿ, "ਪਹਾੜੀ ਇਲਾਕਿਆਂ ਵੱਲ ਤਵੱਜੋ ਦਿਓ, ਅਤੇ ਉਨ੍ਹਾਂ ਨੂੰ ਵੀ ਮੈਦਾਨੀ ਇਲਾਕਿਆਂ ਵਾਂਗ ਹੀ ਜ਼ਰਖੇਜ਼ ਬਣਾ **ਦਿਓ**", ਦੇ ਸਹੀ ਹੋਣ ਦਾ ਇੱਕ ਵਧੀਆ ਸਬੂਤ ਹੈ।

ਜੰਗਲ, ਮਹਾਨ ਕੌਮੀ ਕਦਰ ਵਾਲਾ **ਇੱਕ** ਖਜ਼ਾਨਾ ਹਨ। ਹਰ ਜਗ੍ਹਾ, ਖਾਸ

ਕਰ ਪਹਾੜੀ ਇਲਾਕਿਆਂ ਵਿਚ, ਆਰਥਿਕਤਾ ਦੇ ਇਸ ਖੇਤਰ ਦੇ ਵਿਕਾਸ ਲਈ ਸੁਖਾਵੇਂ ਹਾਲਾਤ ਹਨ। ਲੱਕੜੀ ਦੀ ਪੈਦਾਵਾਰ, ਜ਼ਮੀਨ ਦੇ ਬਚਾਓ ਅਤੇ ਪੌਣਪਾਣੀ ਨੂੰ ਸੁਧਾਰਨ ਵਿਚ ਜੰਗਲਾਂ ਦੇ ਰੋਲ ਨੂੰ ਧਿਆਨ-ਗੋਚਰੇ ਰੱਖਦਿਆਂ, ਇਨ੍ਹਾਂ ਦੀ ਦੇਖ ਭਾਲ ਅਤੇ ਪਸਾਰੇ ਵਿਚ ਵਾਧਾ ਕਰਨਾ ਨਾ ਸਿਰਫ ਮੌਜੂਦਾ ਲੋੜਾਂ ਪੂਰੀਆਂ ਕਰਨ ਵਾਸਤੇ ਹੀ, ਬਲਕਿ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਵੀ, ਲਾਜ਼ਮੀ ਹੋ ਜਾਂਦਾ ਹੈ।

ਜ਼ਰਾਇਤ ਦੇ ਵਿਕਾਸ ਵਿਚ ਸਟੇਟ ਫਾਰਮਾਂ ਦੀ ਮਹੱਤਵਪੂਰਨ ਜਗ੍ਹਾ ਹੈ। ਉਹ ਜ਼ਰਾਇਤ ਦੇ ਸਮਾਜਵਾਦੀ ਸਿਸਟਮ ਦੇ ਸਭ ਤੋਂ ਉਚੇ ਰੂਪ ਦੀ ਪ੍ਰਤੀਨਿੱਧਤਾ ਕਰਦੇ ਹਨ। ਪਰ ਬਹੁਤ ਸਾਰੇ ਫਾਰਮਾਂ ਦੀ ਪੈਦਾਵਾਰ ਉਨ੍ਹਾਂ ਲਈ ਤਿਆਰ ਕੀਤੀਆਂ ਗਈਆਂ ਸੰਭਵਨਾਵਾਂ ਨਾਲੋਂ ਅਜੇ ਵੀ ਘੱਟ ਹੈ, ਅਤੇ ਉਨ੍ਹਾਂ ਵਿਚੋਂ ਕਈ, ਉਨ੍ਹਾਂ ਹੀ ਹਾਲਤਾਂ ਵਾਲੇ ਹੋਰ ਕੋਅਪ੍ਰੇਟਿਵਾਂ ਨਾਲੋਂ ਵੀ ਘੱਟ ਪੈਦਾਵਾਰ ਦਿੰਦੇ ਹਨ। ਇਸਦੀ ਵਜ੍ਹਾ ਇਹ ਹੈ ਕਿ ਜ਼ਿਲ੍ਹੇ ਦੀ ਪੱਧਰ ਤੇ ਜ਼ਰਾਇਤ ਦੀਆਂ ਆਗੂ ਸੰਸਥਾਵਾਂ ਅਤੇ ਕੇਂਦਰ ਨੇ ਉਨ੍ਹਾਂ ਦੀ ਮਦਦ ਨਹੀਂ ਕੀਤੀ ਜਾਂ ਉਨ੍ਹਾਂ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ; ਅਤੇ ਇਨ੍ਹਾਂ ਸੰਸਥਾਵਾਂ ਨੇ ਅੱਗੇ ਵਧਣ ਲਈ ਡਟਕੇ ਕੰਮ ਅਤੇ ਘੋਲ ਨਹੀਂ ਚਲਾਇਆ, ਹੋਰ ਜ਼ਰਾਇਤੀ ਆਰਥਿਕਤਾਵਾਂ ਤੋਂ ਨਹੀਂ ਸਿੱਖਿਆ।

ਪਾਰਟੀ ਮੰਗ ਕਰਦੀ ਹੈ ਕਿ ਇਸ ਹਾਲਤ ਤੋਂ ਛੁਟਕਾਰਾ ਪਾਇਆ ਜਾਵੇ। ਪਾਰਟੀ ਜਥੇਬੰਦੀਆਂ, ਸਟੇਟ ਸੰਸਥਾਵਾਂ ਅਤੇ ਸਟੇਟ ਫਾਰਮਾਂ ਦੇ ਸਭ ਕੰਮ ਕਰਨ ਵਾਲੇ ਲੋਕਾਂ ਦਾ ਸਭ ਤੋਂ ਲਾਜ਼ਮੀ ਫਰਜ਼ ਹੈ ਕਿ ਇਨ੍ਹਾਂ ਫਾਰਮਾਂ ਨੂੰ, ਘੱਟ ਤੋਂ ਘੱਟ ਸੰਭਵ ਸਮੇਂ ਅੰਦਰ ਵੱਡੀ ਮਿਕਦਾਰ ਵਿਚ ਪੈਦਾਵਾਰ ਦੇ ਮਾਡਲ ਬਣਾਉਣ, ਇਨ੍ਹਾਂ ਨੂੰ ਅਜੇਹੇ ਸੈਂਟਰ ਬਣਾਉਣ ਜਿੱਥੇ ਵਿਗਿਆਨ ਦੀਆਂ ਨਵੀਆਂ ਖੋਜਾਂ ਨੂੰ ਸਹੀ ਤੌਰ ਤੇ ਲਾਗੂ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਨੂੰ ਉਨੱਤ ਤਜਰਬੇ ਦੇ ਪ੍ਰਚਾਰ ਦਾ ਸਕੂਲ ਬਣਾ ਦੇਣ।

ਸਹਿਕਾਰੀ ਢਾਂਚੇ ਦੇ ਲਗਾਤਾਰ ਵਿਕਾਸ ਦੇ ਰਾਹ ਤੇ ਚੱਲਦਿਆਂ, ਪਾਰਟੀ ਦੀ ਕੇਂਦਰੀ ਕਮੇਟੀ ਨੇ ਛੇਵੀਂ ਕਾਂਗਰਸ ਦੀਆਂ ਹਦਾਇਤਾਂ ਨੂੰ ਲਾਗੂ ਕਰਨ ਲਈ ਕਈ ਕਦਮ ਚੁੱਕੇ। ਇਹ ਹਦਾਇਤਾਂ ਸਨ ਕਿ ਮੈਦਾਨੀ ਇਲਾਕਿਆਂ ਵਿਚ ਆਰਥਿਕ ਤੌਰ ਤੇ ਸਭ ਤੋਂ ਮਜ਼ਬੂਤ ਕੋਅਪ੍ਰੇਟਿਵਾਂ ਨੂੰ ਸਹਿਕਾਰਤਾਵਾਦੀਆਂ ਦੀ ਅਜ਼ਾਦ ਮਰਜ਼ੀ ਦੇ ਅਧਾਰ ਤੇ ਇੱਕ ਉਚੇਰੀ ਕ੍ਰਿਸਮ ਦੇ ਕੋਅਪ੍ਰੇਟਿਵਾਂ ਵਿਚ ਤਬਦੀਲ ਕੀਤਾ ਜਾਵੇ। ਅੱਜ ਉਨ੍ਹਾਂ ਕੋਲ ਸੰਪੂਰੀ ਉਪਜਾਊ ਜ਼ਮੀਨ ਦਾ 23ਫੀਸਦੀ ਹਿੱਸਾ ਹੈ ਅਤੇ ਉਹ

ਕੋਆਪ੍ਰੇਟਿਵ ਸੈਕਟਰ ਦੇ ਕੁੱਲ ਉਤਪਾਦਨ ਵਿਚੋਂ 25 ਫੀਸਦੀ ਅਨਾਜ, 40 ਫੀ ਸਦੀ ਸੂਰਜਮੁੱਖੀ ਅਤੇ ਅੱਧੇ ਤੋਂ ਵੀ ਜ਼ਿਆਦਾ ਚੋਲ ਅਤੇ ਕਪਾਹ ਪੈਦਾ ਕਰਦੇ ਹਨ।

ਉਨ੍ਹਾਂ ਨੇ ਆਪਣੀ ਹੋਂਦ ਦੇ ਥੋੜ੍ਹੇ-ਜਿਹੇ ਅਰਸੇ ਵਿਚ ਹੀ ਕਈ ਤਰੀਕਿਆਂ ਨਾਲ ਆਪਣੀ ਉਚੇਤਮਤਾ ਵਿਖਾਈ ਹੈ। ਉਨ੍ਹਾਂ ਨੇ ਜ਼ਰਾਇਤੀ ਅਤੇ ਪਸ਼ੂ-ਪਾਲਣ ਦੀ ਪੈਦਾਵਾਰ ਦੀ ਦਰ ਵਿਚ ਕਾਫੀ ਵਾਧਾ ਕੀਤਾ ਹੈ ਅਤੇ ਇਸ ਵਾਧੇ ਦੀ ਦਰ ਨੂੰ ਹੋਰ ਸਥਿਰ ਬਣਾਇਆ ਹੈ। ਉਨ੍ਹਾਂ ਨੇ ਮੈਦਾਨੀ ਇਲਾਕਿਆਂ ਦੇ ਹੋਰ ਕੋਆਪ੍ਰੇ-ਟਿਵਾਂ ਨਾਲੋਂ ਵਧੀਆ ਤਰੀਕੇ ਨਾਲ ਟੀਚਿਆਂ ਨੂੰ ਪੂਰਾ ਕੀਤਾ ਹੈ। ਸਟੇਟ ਇਨ੍ਹਾਂ ਕੋਆਪ੍ਰੇਟਿਵਾਂ ਨੂੰ ਇਨਵੈਸਟਮੈਂਟਾਂ ਵਿਚ ਮਦਦ ਕਰਦੀ ਹੈ ਅਤੇ ਪਦਾਰਥਕ ਤੇ ਤਕ-ਨੀਕੀ ਸਾਧਨਾਂ ਵਿਚੋਂ ਤਕੜੀ ਹਮਾਇਤ ਦਿੰਦੀ ਹੈ। ਉਨ੍ਹਾਂ ਦੀ ਮੈਨੇਜਮੈਂਟ ਨੂੰ ਮਜ਼ਬੂਤ ਕਰਨ, ਉਨ੍ਹਾਂ ਨੂੰ ਜ਼ਰਾਇਤੀ ਵਸਤਾਂ ਦੀ ਸੰਭਾਲ ਅਤੇ ਪੈਦਾਵਾਰ ਰਾਹੀ ਮਜ਼ਬੂਤ ਕਰਨ, ਉਨ੍ਹਾਂ ਦੀ ਆਮਦਨ ਦੀ ਵੰਡ ਅਤੇ ਵਰਤੋਂ ਨੂੰ ਸੁਧਾਰਣ ਅਤੇ ਉਨ੍ਹਾਂ ਦੇ ਮੈਂਬਰਾਂ ਦੀ ਤਨਖਾਹ ਦੇ ਸਿਸਟਮ ਨੂੰ ਉਤਪਾਦਨ ਦੇ ਅਨੁਸਾਰ ਸੁਧਾਰਣ ਲਈ ਬਹੁਤ ਸਾਰੇ ਨਵੇਂ ਕਦਮ ਚੁੱਕੇ ਗਏ ਹਨ।

ਉਨ੍ਹਾਂ ਦੀ ਆਰਥਿਕ ਅਤੇ ਜਥੇਬੰਦਕ ਸ਼ਕਤੀ ਨੂੰ ਵਧਾਉਣ, ਉਨ੍ਹਾਂ ਦੀ ਪਲੈਨਿੰਗ, ਵਿੱਤ ਅਤੇ ਲੇਖੇ-ਜੋਖੇ ਨੂੰ ਹੋਰ ਸੁਧਾਰਨ ਅਤੇ ਪਦਾਰਥਕ-ਤਕਨੀਕੀ ਅਧਾਰ ਅਤੇ ਕ੍ਰਿਤ ਸ਼ਕਤੀ ਨੂੰ ਵੱਧ ਤੋਂ ਵੱਧ ਚੰਗੇਰੇ ਢੰਗ ਨਾਲ ਵਰਤਣ ਦੇ ਮਸਲੇ ਸਭ ਜ਼ਰਾਇਤੀ ਕੋਆ-ਪ੍ਰੇਟਿਵਾਂ ਦੇ ਮਸਲੇ ਹਨ, ਜਿਨ੍ਹਾਂ ਵੱਲ ਪਾਰਟੀ, ਸਟੇਟ ਅਤੇ ਆਰਥਕ ਸੰਸਥਾਵਾਂ ਨੂੰ ਹੋਰ ਵੀ ਜ਼ਿਆਦਾ ਧਿਆਨ ਦੇਣਾਂ ਚਾਹੀਦਾ ਹੈ। ਸਟੇਟ ਫਾਰਮਾਂ ਅਤੇ ਉਚੇਰੀ ਕਿਸਮ ਦੇ ਕੋਆਪ੍ਰੇਟਿਵਾਂ ਵੱਲ ਜ਼ਿਆਦਾ ਤਵੱਜੋ ਦੇਣ ਦਾ ਮਤਲਬ ਇਹ ਨਹੀਂ ਹੋਣਾ ਚਾਹੀਦਾ ਕਿ ਮੈਦਾਨੀ ਅਤੇ ਪਹਾੜੀ ਇਲਾਕਿਆਂ ਦੀਆਂ ਹੋਰ ਕੋਆਪ੍ਰੇਟਿਵਾਂ ਦੀ ਮੱਦਦ ਕਰਨ ਦੇ ਯਤਨ ਘਟਾ ਦਿੱਤੇ ਜਾਣ।

ਆਰਥਿਕ ਅਤੇ ਜਥੇਬੰਦਕ ਮਸਲਿਆਂ ਦੇ ਹੱਲ ਲਈ ਚੁੱਕੇ ਜਾਣ ਵਾਲੇ ਕਦਮਾਂ ਵਿਚ, ਜ਼ਰਾਇਤੀ ਫਸਲਾਂ ਦੀ ਉਚਿਤ ਵੰਡ, ਪਸ਼ੂ-ਪਾਲਣ, ਫਲ ਉਗਾਉਣ ਆਦਿ, ਵਿਚ ਅਧਿਅਨ ਦੇ ਵਧੇਰੇ ਕੰਮ ਦੀ ਜ਼ਰੂਰਤ ਹੈ। ਦੇਸ਼ ਦੀਆਂ ਉਨੱਤ ਜ਼ਰਾਇਤੀ ਆਰਥਿਕਤਾਵਾਂ ਦੇ ਹਾਸਲ ਕੀਤੇ ਤਜਰਬੇ ਦਾ ਅਧਿਅਨ ਕਰਨਾ ਚਾਹੀਦਾ ਹੈ ਅਤੇ ਉਸ ਨੂੰ ਪ੍ਰਚਾਰਨਾ ਚਾਹੀਦਾ ਹੈ ਤਾਂ ਕਿ ਜ਼ਰਾਇਤੀ ਪੈਦਾਵਾਰ ਵਿਚ ਵਧੀਆ ਪ੍ਰਾਪਤੀਆਂ ਹਾਸਲ ਕੀਤੀਆਂ ਜਾ ਸਕਣ।

ਛੇਵੀਂ ਪੰਜ-ਸਾਲਾ ਯੋਜਨਾ ਦੇ ਸਫਲਤਾਪੂਰਬਕ ਸਿਰੇ ਚੜ੍ਹਨ ਨਾਲ ਸਾਡੀ ਜ਼ਰਾ-

ਇਤ ਅਤੇ ਦਿਹਾਤ ਇੱਕ ਉਚੀ ਪੱਧਰ ਤੇ ਪਹੁੰਚ ਜਾਣਗੇ, ਆਰਥਿਕਤਾ ਹੋਰ ਵੀ ਮਜ਼ਬੂਤ ਹੋਵੇਗੀ ਅਤੇ ਲੋਕਾਂ ਦੇ ਜੀਵਨ-ਪੱਧਰ ਵਿਚ ਤਰੱਕੀ ਹੋਵੇਗੀ। ਪਾਰਟੀ ਨੂੰ ਦ੍ਰਿੜ ਭਰੋਸਾ ਹੈ ਕਿ ਹਦਾਇਤਾਂ ਅਤੇ ਮਾਰਕਸਵਾਦੀ-ਲੈਨਿਨਵਾਦੀ ਲਾਈਨ ਨੂੰ ਲਾਗੂ ਕਰਨ ਵਿਚ ਸਹਿਕਾਰੀ ਕਿਸਾਣੀ, ਜ਼ਰਾਇਤ ਵਿਚ ਕੰਮ ਕਰਨ ਵਾਲੇ ਲੋਕ ਅਤੇ ਸਾਡੇ ਸਮੁੱਚੇ ਲੋਕ ਇਨਕਲਾਬੀ ਉਤਸ਼ਾਹ ਨਾਲ ਜ਼ਰਾਇਤੀ ਤੇ ਪਸ਼ੂਪਾਲਣ ਦੀ ਪੈਦਾਵਾਰ ਨੂੰ ਲਗਾਤਾਰ ਵਧਾਂਉਦੇ ਰਹਿਣ ਦੀ ਚਾਹ ਨਾਲ ਕੰਮ ਕਰਨਗੇ।

3– ਬੁਨਿਆਦੀ ਇਨਵੈਸਟਮੈਂਟਾਂ ਨੂੰ ਵੱਧ ਤੋਂ ਵੱਧ ਅਸਰਦਾਇਕ ਤਰੀਕੇ ਨਾਲ ਵਰਤਣਾ ਜ਼ਰੂਰੀ ਹੈ

ਪੈਦਾਵਾਰੀ ਤਾਕਤਾਂ ਦੇ ਜ਼ਬਰਦਸਤ ਵਿਕਾਸ, ਸਮਾਜਵਾਦ ਦੇ ਪਦਾਰਥਿਕ ਅਤੇ ਤਕਨੀਕੀ ਅਧਾਰ ਦੀ ਮਜ਼ਬੂਤੀ, ਅਤੇ ਦੇਸ਼ ਦੀ ਰੱਖਿਆ ਸ਼ਕਤੀ ਦੀ ਮਜ਼ਬੂਤੀ ਵਾਸਤੇ ਵੱਡੀ ਮਿਕਦਾਰ ਵਿਚ ਨਕਦ ਇਨਵੈਸਟਮੈਂਟਾਂ ਅਤੇ ਉਨ੍ਹਾਂ ਦੀ ਅਸਰਦਾਇਕ ਤਰੀਕੇ ਨਾਲ ਵਰਤੋਂ ਜ਼ਰੂਰੀ ਹੈ।

ਚੌਥੀ ਪੰਜ-ਸਾਲਾ ਯੋਜਨਾ ਦੇ ਮੁਕਾਬਲੇ ਪੰਜਵੀਂ ਪੰਜ-ਸਾਲਾ ਯੋਜਨਾ ਦੇ ਦੁਰਾਨ ਕੁੱਲ ਇਨਵੈਸਟਮੈਂਟਾਂ ਦੇ ਆਕਾਰ ਵਿਚ 50ਫੀਸਦੀ ਵਾਧਾ ਹੋਇਆ ਅਤੇ ਉਸਾਰੀ ਵਾਸਤੇ ਇਨਵੈਸਟਮੈਂਟਾਂ ਵਿਚ 49ਫੀਸਦੀ ਵਾਧਾ ਹੋਇਆ। ਇਸ ਅਰਸੇ ਦੇ ਦੁਰਾਨ, ਸਾਡੀ ਸਨੱਅਤ ਵਿਚ ਨਵੀਆਂ ਖਾਣਾਂ, ਨਵੇਂ ਪਲਾਂਟ ਅਤੇ ਕਾਰਖਾਨੇ ਵੀ ਸ਼ਾਮਲ ਕੀਤੇ ਗਏ, ਜ਼ਰਾਇਤ ਵਿਚ ਨਵੇਂ ਮੈਦਾਨ ਅਤੇ ਸਿੰਚਾਈ ਪ੍ਰਾਜੈਕਟ ਅਤੇ ਆਵਾਜਾਈ ਅਤੇ ਢੋਆ-ਢੁਆਈ ਵਿਚ ਨਵੀਆਂ ਸੜਕਾਂ ਅਤੇ ਰੇਲਾਂ ਸ਼ਾਮਲ ਕੀਤੀਆਂ ਗਈਆਂ। ਪਾਣੀ ਦੀ ਸਪਲਾਈ ਦੇ ਸਿਸਟਮ, ਸਕੂਲ ਅਤੇ ਹਸਪਤਾਲ ਅਤੇ ਮਕਾਨ ਅਤੇ ਬਹੁਤ ਸਾਰੇ ਸਮਾਜਿਕ-ਸੱਭਿਆਚਾਰਕ ਪ੍ਰਾਜੈਕਟ ਉਸਾਰੇ ਗਏ। ਇਨ੍ਹਾਂ ਇਨਵੈਸਟਮੈਂਟਾਂ ਨੇ ਸਾਡੀ ਲੋਕ-ਆਰਥਿਕਤਾ ਨੂੰ ਹੋਰ ਮਜ਼ਬੂਤ ਕੀਤਾ, ਸਾਡੇ ਸਮਾਜਵਾਦੀ ਵਤਨ ਨੂੰ ਹੋਰ ਪ੍ਰਫੁੱਲਤ ਕੀਤਾ ਅਤੇ ਲੋਕਾਂ ਦੇ ਜੀਵਨ ਵਿਚ ਸੁਧਾਰ ਲਿਆਂਦਾ।

ਪਰ, ਪੰਜਵੀਂ ਪੰਜ-ਸਾਲਾ ਯੋਜਨਾ ਦੇ ਦੁਰਾਨ ਮਿੱਥੀਆਂ ਗਈਆਂ ਇਨਵੈਸਟਮੈਂਟਾਂ ਦੇ ਆਕਾਰ ਨੂੰ ਪੂਰੀ ਤਰ੍ਹਾਂ ਵਰਤੋਂ ਵਿਚ ਨਹੀਂ ਲਿਆਂਦਾ ਗਿਆ। ਕੁੱਝ ਮਹੱਤਵ-ਪਰਨ ਸਨੱਅਤੀ ਅਤੇ ਜ਼ਰਾਇਤੀ ਪ੍ਰਾਜੈਕਟਾਂ ਵਿਚ, ਪਾਰਟੀ ਦੀ ਛੇਵੀਂ ਕਾਂਗਰਸ

ਵਲੋਂ ਮਿੱਥੇ ਗਏ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਨਾ ਚਾੜ੍ਹਿਆ ਜਾ ਸਕਿਆ। ਪਾਰਟੀ ਦੀ ਕੇਂਦਰੀ ਕਮੇਟੀ ਅਤੇ ਕੌਂਸਲ ਆਫ ਮਨਿਸਟਰਜ਼ ਨੇ ਉਸਾਰੀ ਮਹਿਕਮੇ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਉਸਾਰੀ ਦੇ ਮੁੱਖ ਸਾਧਨਾਂ ਨੂੰ ਫਜ਼ੂਲ ਤੌਰ ਤੇ ਨਾ ਫੈਲਾਇਆ ਜਾਵੇ, ਪ੍ਰਾਜੈਕਟਾਂ ਦੀ ਉਸਾਰੀ ਦੇ ਸਮੇਂ ਦੀਆਂ ਸੀਮਾਵਾਂ ਵਿਚ ਵਾਧੇ ਨੂੰ ਰੋਕਿਆ ਜਾਵੇ, ਅਤੇ ਨਿਯੁਕਤ ਕੀਤੇ ਗਏ ਸਮਾਨ ਅਤੇ ਫੰਡਾਂ ਵਿਚ ਵਾਧਾ ਨਾ ਕੀਤਾ ਜਾਵੇ। ਲੋੜੀਦੇ ਅਧਿਅਨ ਅਤੇ ਸਾਵਧਾਨੀ ਨਾਲ ਤਿਆਰ ਕੀਤੇ ਗਏ ਡੀਜ਼ਾਇਨਾਂ ਤੋਂ ਬਿਨਾਂ ਉਸਾਰੀ ਦਾ ਕੰਮ ਸ਼ੁਰੂ ਕਰਨਾ, ਜਿਵੇਂ ਕਿ ਪੰਜਵੀਂ ਪੰਜ-ਸਾਲਾ ਯੋਜਨਾ ਦੇ ਦੁਰਾਨ ਅਕਸਰ ਹੁੰਦਾ ਰਿਹਾ ਹੈ, ਲੋਕ-ਆਰਥਿਕਤਾ ਨੂੰ ਬਹੁਤ ਮਹਿੰਗਾ ਪੈਂਦਾ ਹੈ। ਇਸ ਨੇ ਜ਼ਾਬਤੇ ਦੀ ਉਲੰਘਣਾਂ ਅਤੇ ਫੰਡਾਂ ਦੀ ਫਜ਼ੂਲ-ਖਰਚੀ ਦਾ ਰਾਹ ਖੋਲ੍ਹਿਆ। ਲਾਗਤਕਾਰਾਂ ਅਤੇ ਉਸਾਰੀ ਕਰਨ ਵਾਲਿਆਂ ਨੇ ਇਨ੍ਹਾਂ ਤਰੁੱਟੀਆਂ ਅਤੇ ਗਲਤੀਆਂ ਤੋਂ ਬਹੁਮੁੱਲੇ ਸਬਕ ਸਿੱਖੇ ਹਨ।

ਪਾਰਟੀ ਦੀ ਨੀਤੀ ਹਮੇਸ਼ਾ ਹੀ, ਇਨਵੈਸਟਮੈਂਟ ਵਿਚ ਪਦਾਰਥਕ ਪੈਦਾਵਾਰ ਦੀਆਂ ਸ਼ਾਖਾਵਾਂ ਦੇ ਵਿਕਾਸ, ਸਨੱਅਤ ਜ਼ਰਾਇਤ ਨੂੰ ਪਹਿਲ ਦੇਣ ਉਤੇ ਕੇਂਦਰਿਤ ਰਹੀ ਹੈ। ਇਸ ਸੇਧ ਅਨੁਸਾਰ, ਨਵੀਂ ਪੰਜ-ਸਾਲਾ ਯੋਜਨਾ ਦੇ ਦੁਰਾਨ, ਨਕਦ ਇਨਵੈਸਟਮੈਂਟਾਂ ਦੇ ਆਕਾਰ ਵਿਚ ਕਾਫੀ ਵਾਧਾ ਹੋਣ ਦੀ ਉਮੀਦ ਹੈ। ਪੰਜਵੀਂ ਪੰਜ-ਸਾਲਾ ਯੋਜਨਾ ਦੇ ਮੁਕਾਬਲੇ ਛੇਵੀਂ ਯੋਜਨਾ ਦੇ ਦੁਰਾਨ ਸਟੇਟ ਇਨਵੈਸਟਮੈਂਟਾਂ ਦੇ ਆਕਾਰ ਵਿਚ 43ਫੀਸਦੀ ਵਾਧੇ ਅਤੇ ਉਸਾਰੀ ਦੇ ਕੰਮ ਵਿਚ ਇਨਵੈਸਟਮੈਂਟਾਂ ਦੇ ਆਕਾਰ ਵਿਚ 48ਫੀਸਦੀ ਵਾਧੇ ਦੀ ਉਮੀਦ ਹੈ। ਸਾਡਾ ਏਨੀਆਂ ਵੱਡੀਆਂ ਇਨਵੈਸਟਮੈਂਟਾਂ ਦੇ ਕਾਬਿਲ ਹੋਣਾ , ਸਾਡੀ ਆਰਥਕਤਾ ਅਤੇ ਵਿੱਤੀ ਸ਼ਕਤੀ ਵਿਚ ਲਗਾਤਾਰ ਹੋ ਰਹੇ ਵਾਧੇ ਦਾ ਸਬੂਤ ਹੈ।

ਇਸ ਪੰਜ-ਸਾਲਾ ਯੋਜਨਾ ਦੇ ਦੁਰਾਨ ਬਹੁਤ ਸਾਰੇ ਵੱਡੇ ਪ੍ਰਾਜੈਕਟਾਂ ਦੀ ਉਸਾਰੀ, ਜੋ ਪਿਛਲੇ ਪੰਜ-ਸਾਲਾ ਯੋਜਨਾ ਦੇ ਦੁਰਾਨ ਸ਼ੁਰੂ ਕੀਤੀ ਗਈ ਸੀ, ਉਹ ਮੁਕੰਮਲ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਡਰਿਨ ਦਰਿਆ ਉਤੇ ਕੋਮਾਨ ਹਾਈਡਰੋ ਪਾਵਰ ਪਲਾਂਟ, ਫੀਅਰ ਵਿਚ ਥਰਮੋ ਪਾਵਰ ਪਲਾਂਟ, ਨਵੇਂ ਯੂਰੀਆ ਅਤੇ ਸੋਡਾ ਪਲਾਂਟਾਂ, ਖਾਣਾਂ, ਕਾਰਖਾਨਿਆਂ, ਇੰਜਨੀਅਰੀ ਪਲਾਂਟਾਂ, ਹਲਕੀ ਸਨੱਅਤ ਦੇ ਕਾਰਖਾਨਿਆਂ, ਫੀਅਰ-ਬਲੋਰਾ ਰੇਲਵੇ, ਨਵੀਆਂ ਸੜਕਾਂ, ਅਤੇ ਸਿੰਚਾਈ ਆਦਿ ਦੇ ਕਈ ਇੱਕ ਨਵੇਂ ਪ੍ਰਾਜੈਕਟਾਂ ਤੇ ਕੰਮ ਸ਼ੁਰੂ ਕੀਤਾ ਜਾਵੇਗਾ।

ਇਨਵੈਸਟਮੈਂਟਾਂ ਦੇ ਇਸ ਵਿਸ਼ਾਲ ਪ੍ਰੋਗਰਾਮ ਨੂੰ ਲਾਗੂ ਕਰਨ ਵਿਚ ਪਾਰਟੀ

ਜਥੇਬੰਦੀਆਂ ਵਲੋਂ ਠੋਸ ਜ਼ਾਬਤੇ ਲਈ ਲੜਾਈ, ਸਟੇਟ ਅਤੇ ਆਰਥਕਤਾ ਦੀਆਂ ਸਭ ਸੰਸਥਾਵਾਂ ਵਲੋਂ ਜਥੇਬੰਦ ਮੈਨੇਜਮੈਂਟ ਅਤੇ ਕੰਮ ਦੀ ਜ਼ਰੂਰਤ ਹੈ। ਕਿਸੇ ਵੀ ਪ੍ਰਾਜੈਕਟ ਨੂੰ ਯੋਜਨਾ ਵਿਚ ਸਾਮਲ ਕਰਨ ਤੋਂ ਪਹਿਲਾਂ, ਉਨੱਤ ਤਕਨੀਕੀ-ਆਰਥਕ ਅਸੂਲਾਂ ਦੇ ਅਧਾਰ ਤੇ ਸਾਵਧਾਨੀ ਨਾਲ ਅਧਿਅਨ, ਡੀਜ਼ਾਇਨ ਅਤੇ ਖਰਚ ਦਾ ਅੰਦਾਜ਼ਾ ਲਗਾਉਣਾ ਜ਼ਰੂਰੀ ਹੈ। ਇਸ ਗੱਲ ਦੀ ਖਾਸ ਮਹੱਤਤਾ ਹੈ ਕਿ ਪ੍ਰਾਜੈਕਟ ਵਧੀਆ ਕਿਸਮ ਦੇ ਹੋਣ ਅਤੇ ਉਹ ਮਿੱਥੇ ਹੋਏ ਸਮੇਂ ਦੇ ਅੰਦਰ ਬਿਨਾਂ ਫਜ਼ੂਲ ਅੜਚਣਾਂ ਤੋਂ ਸਿਰੇ ਚਾੜ੍ਹੇ ਜਾਣ, ਅਤੇ ਜਿੱਥੇ ਵੀ ਹੋ ਸਕੇ ਬੱਚਤ ਕੀਤੀ ਜਾਵੇ। ਬੁਨਿਆਦੀ ਇਨਵੈਸਟਮੈਂਟਾਂ ਅਤੇ ਉਸਾਰੀ ਦੇ ਖੇਤਰ ਵਿਚ ਜੋ ਤਬਦੀਲੀ ਪਾਰਟੀ ਲਿਆਉਣੀ ਚਾਹੁੰਦੀ ਹੈ, ਉਸ ਨੂੰ ਨੇਪਰੇ ਚਾੜ੍ਹਨ ਵਾਸਤੇ ਸਭ ਲਾਗਤਕਾਰ ਮਹਿਕਮਿਆਂ ਤੇ ਨਾਲੋਂ ਨਾਲ ਮਨਿਸਟਰੀ ਆਫ ਕੰਸਟਰਕਸ਼ਨ, ਸਟੇਟ ਪਲੈਨਿੰਗ ਕਮਿਸ਼ਨ ਅਤੇ ਮਨਿਸਟਰੀ ਆਫ ਫਾਇਨਾਂਸ ਨੂੰ ਵੱਡੀਆਂ ਜਿਮੇਵਾਰੀਆਂ ਚੁੱਕਣੀਆਂ ਪੈਣਗੀਆਂ। ਉਨ੍ਹਾਂ ਨੂੰ ਸਮੁੱਚੇ ਕੰਮ ਉਤੇ ਆਪਣੇ ਕੰਟਰੋਲ ਅਤੇ ਦੇਖ-ਭਾਲ ਨੂੰ ਵਧਾਉਣਾ ਪਵੇਗਾ। ਇਨ੍ਹਾਂ ਕੰਮਾਂ ਵਿਚ ਕਿਸੇ ਵੀ ਕਿਸਮ ਦੀ ਲਾ-ਪ੍ਰਵਾਹੀ ਨਾਲ, ਨਾ ਸਿਰਫ ਗੰਭੀਰ ਆਰਥਕ ਨੁਕਸਾਨ ਹੀ ਹੋਵੇਗਾ, ਬਲਕਿ ਸਿਆਸੀ ਅਤੇ ਸਮਾਜੀ ਨੁਕਸਾਨ ਵੀ ਹੋਵੇਗਾ ਅਤੇ ਭਵਿੱਖ ਨੂੰ ਵੀ ਨੁਕਸਾਨ ਹੋਵੇਗਾ।

ਸਭ ਆਰਥਿਕ ਅਤੇ ਸਮਾਜੀ ਪ੍ਰਾਜੈਕਟ ਉਸਾਰਨ ਵਿਚ ਡੀਜ਼ਾਇਨ ਦੇ ਕੰਮ ਤੋਂ ਸ਼ੁਰੂ ਹੋ ਕੇ ਸਮਾਪਤੀ ਦੇ ਕੰਮ ਤਕ ਹਿੱਸਾ ਲੈਣ ਵਾਲੇ ਸਭਨਾਂ ਨੂੰ ਹੀ ਬਹੁਤ ਮਹੱਤਵਪੂਰਨ ਕੰਮ ਕਰਨ ਦੀ ਲੋੜ ਹੈ ਤਾਂ ਕਿ ਉਹ ਪ੍ਰਾਜੈਕਟਾਂ ਨੂੰ ਘੱਟ ਤੋਂ ਘੱਟ ਖਰਚ ਨਾਲ ਸਾਦਾ ਅਤੇ ਸੁੰਦਰ ਬਣਾਉਣ ਵਿਚ ਸਭ ਮਸਲਿਆਂ ਨੂੰ ਦ੍ਰਿੜਤਾ ਨਾਲ ਹੱਲ ਕਰਨ।

ਪਾਰਟੀ ਦਾ ਇਹ ਦ੍ਰਿੜ ਭਰੋਸਾ ਹੈ ਕਿ ਸਾਡੇ ਉਸਾਰੂਆਂ ਕੋਲ ਇਨ੍ਹਾਂ ਮਹੱਤਵਪੂਰਨ ਕੰਮਾਂ ਨੂੰ ਸਿਰੇ ਚੜ੍ਹਾਉਣ ਵਿਚ ਸਫਲਤਾ ਲਈ ਸਭ ਲੋੜੀਂਦੇ ਸਾਧਨ ਅਤੇ ਸੰਭਾਵਨਾਵਾਂ ਹਨ ਅਤੇ ਉਹ ਪਾਰਟੀ ਦੇ ਇਸ ਨਾਹਰੇ ਨੂੰ ਪੂਰੀ ਤਰ੍ਹਾਂ ਲਾਗੂ ਕਰਨਗੇ, ਕਿ, "ਹੋਰ ਤੇਜ਼ੀ ਨਾਲ, ਵਧੀਆ ਅਤੇ ਹੋਰ ਸਸਤੇ ਢੰਗਾਂ ਨਾਲ ਉਸਾਰੀ ਕਰਨਾ ਜ਼ਰੂਰੀ ਹੈ।"

ਆਰਥਿਕਤਾ ਦੀਆਂ ਸੱਭ ਸ਼ਾਖਾਵਾਂ ਅਤੇ ਦੇਸ਼ ਦੀ ਸਮਾਜਿਕ ਸਰਗਰਮੀ ਦੇ ਇਸ ਵਿਕਾਸ ਦੇ ਮੁਤਾਬਿਕ ਹੀ ਢੋਅ-ਢੁਆਈ ਦੇ ਪਸਾਰੇ ਅਤੇ ਇਸ ਦੇ ਢਾਂਚੇ ਵਿਚ ਹੋਏ ਸੁਧਾਰ ਨੂੰ ਵੀ ਸਾਫ ਤੌਰ ਤੇ ਦੇਖਿਆ ਜਾ ਸਕਦਾ ਹੈ। 1975 ਦੇ

ਮੁਕਾਬਲੇ 1980 ਵਿਚ ਵਸਤਾਂ ਦੀ ਢੋਆ-ਢੁਆਈ ਦਾ ਆਕਾਰ 32 ਫੀਸਦੀ ਵਧ ਜਾਵੇਗਾ।

ਪਾਰਟੀ ਅਤੇ ਸਟੇਟ ਨੇ ਰੇਲਵੇ ਦੇ ਪਸਾਰੇ ਲਈ ਵੀ ਕਾਫੀ ਕਦਮ ਚੁੱਕੇ ਹਨ ਜੋ ਕਿ ਆਵਾਜਾਈ ਅਤੇ ਢੋਆ-ਢੁਆਈ ਦੀਆਂ ਮੁੱਖ ਦਿਸ਼ਾਵਾਂ ਵਿਚ ਫੈਲਾਇਆ ਜਾ ਰਿਹਾ ਹੈ। ਉਮੀਦ ਹੈ ਕਿ ਰੇਲਵੇ ਟਰਾਂਸਪੋਰਟ ਢੋਆ-ਢੁਆਈ ਦੀਆਂ ਸਭ ਸ਼ਾਖਾਵਾਂ ਵਿਚੋਂ ਮੁੱਖ ਸ਼ਾਖਾ ਬਣ ਜਾਵੇਗੀ। ਛੇਵੀਂ ਪੰਜ-ਸਾਲਾ ਯੋਜਨਾ ਦੇ ਦੁਰਾਨ ਵਸਤਾਂ ਦੀ ਢੋਆ-ਢੁਆਈ ਦੇ ਆਕਾਰ ਵਿਚ ਹੋਣ ਵਾਲੇ ਵਾਧੇ ਨੂੰ ਰੇਲਾਂ ਰਾਹੀਂ ਪੂਰਾ ਕੀਤਾ ਜਾਣ ਦੀ ਸਕੀਮ ਨੂੰ ਧਿਆਨ-ਗੋਚਰੇ ਰੱਖਦਿਆਂ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਖੇਤਰ ਵਿਚ ਜਥੇਬੰਦੀ ਨੂੰ ਸੁਧਾਰਿਆ ਜਾਵੇ, ਰੇਲਵੇ ਦੀ ਵਰਤੋਂ ਨੂੰ ਤੇਜ਼ ਕੀਤਾ ਜਾਵੇ, ਲਦਾਈ ਅਤੇ ਲਹਾਈ ਦੇ ਮਸ਼ੀਨੀਕਰਣ ਵਿਚ ਵਾਧਾ ਕੀਤਾ ਜਾਵੇ ਅਤੇ ਜਿੱਥੇ ਵੀ ਸੰਭਵ ਹੋ ਸਕੇ ਮੌਜੂਦਾ ਲਾਈਨਾਂ ਦੀਆਂ ਹੋਰ ਸ਼ਾਖਾਵਾਂ ਕੱਢੀਆਂ ਜਾਣ।

ਬੰਦਰਗਾਹਾਂ ਅਤੇ ਬਾਹਰ ਭੇਜੇ ਜਾਣ ਵਾਲੇ ਮਾਲ ਦੀ ਲਦਾਈ ਵੱਲ ਵੀ ਵੱਧ ਤੋਂ ਵੱਧ ਧਿਆਨ ਦੇਣਾ ਜ਼ਰੂਰੀ ਹੈ ਤਾਂ ਕਿ ਵਸਤਾਂ ਦੇ ਵਧੇ ਹੋਏ ਆਕਾਰ ਨਾਲ ਨਜਿੱਠਿਆ ਜਾ ਸਕੇ, ਅਤੇ ਬਦੇਸ਼ੀ ਸਿੱਕੇ ਦੇ ਖਰਚ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ। ਬੰਦਰਗਾਹਾਂ ਦੀ ਸਮਰੱਥਾ ਨੂੰ ਵਧਾਉਣ ਲਈ, ਡੂਰੇਸ ਅਤੇ ਸ਼ੈਂਗਜਿਨ ਦੀਆਂ ਬੰਦਰਗਾਹਾਂ ਦੇ ਪਸਾਰੇ ਅਤੇ ਮਜ਼ਬੂਤੀ ਅਤੇ ਨਾਲੋ ਨਾਲ ਵਲੋਰਾ ਵਿਚ ਇੱਕ ਨਵੀਂ ਬੰਦਰਗਾਹ ਬਣਾਉਣ ਦੀ ਸਕੀਮ ਹੈ।

ਮੋਟਰ ਗੱਡੀਆਂ ਦੀ ਵਰਤੋਂ ਵਿਚ ਸਾਵਧਾਨੀ ਨੂੰ ਵਧਾਉਣ ਲਈ ਵੀ ਕਾਫੀ ਕੰਮ ਕਰਨਾ ਚਾਹੀਦਾ ਹੈ, ਜਿਹੜੇ ਇਲਾਕਿਆਂ ਵਿਚ ਰੇਲਵੇ ਜਾਂ ਸਮੁੰਦਰੀ ਟਰਾਂ-ਸਪੋਰਟ ਦੇ ਸਾਧਨ ਮਿਲ ਸਕਦੇ ਹਨ ਉਥੇ ਮੋਟਰ-ਗੱਡੀਆਂ ਵਰਤਣ ਦੇ ਖ਼ਰਚੀਲੇ ਅਮਲ ਨੂੰ ਬੰਦ ਕਰਨਾ ਚਾਹੀਦਾ ਹੈ।

ਪਾਰਟੀ ਸੰਸਥਾਵਾਂ ਅਤੇ ਪਾਰਟੀ ਜਥੇਬੰਦੀਆਂ ਨੂੰ ਉਸਾਰੀ ਅਤੇ ਢੋਅ-ਢੁਆਈ ਮਜ਼ਦੂਰਾਂ ਦੀ ਵਿਚਾਰਧਾਰਕ-ਸਿਆਸੀ ਸਿਖਲਾਈ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਇਨ੍ਹਾਂ ਦੇ ਕੰਮ ਦੇ ਖਾਸੇ ਨੂੰ ਦਿਮਾਗ ਵਿਚ ਰੱਖਦਿਆਂ, ਇਨ੍ਹਾਂ ਖੇਤਰਾਂ ਵਿਚ ਉਨੱਤ ਤਜਰਬੇ ਪ੍ਰਚਾਰਨੇ ਚਾਹੀਦੇ ਹਨ ਤੇ ਤਕਨੀਕ ਅਤੇ ਵਿਗਿਆਨ ਦੀ ਵੱਧ ਤੋਂ ਵੱਧ ਵਰਤੋਂ ਦੀ ਲੋੜ ਤੇ ਜ਼ੋਰ ਦੇਣਾ ਚਾਹੀਦਾ ਹੈ।

4—ਲੋਕਾਂ ਦੀ ਖੁਸ਼ਹਾਲੀ ਵਿਚ ਵਾਧਾ ਅਤੇ ਸੁਧਾਰ ਕਰਨਾ ਜ਼ਰੂਰੀ ਹੈ

ਸਮੁੱਚੇ ਲੋਕਾਂ ਦੀਆਂ ਜੀਵਨ-ਹਾਲਤਾਂ ਨੂੰ ਲਗਾਤਾਰ ਸੁਧਾਰਨ ਅਤੇ ਉਨ੍ਹਾਂ ਦੇ ਸੱਭਿਆਚਾਰਕ ਪੱਧਰ ਨੂੰ ਲਗਾਤਾਰ ਉਚਾ ਚੁੱਕਣ ਦਾ ਕੰਮ ਪਾਰਟੀ ਦੇ ਸਭ ਕੰਮਾਂ ਵਿਚੋਂ ਪ੍ਰਮੁੱਖ ਰਿਹਾ ਹੈ, ਅਤੇ ਅੱਜ ਵੀ ਹੈ। ਬੀਤੀ ਪੰਜ-ਸਾਲਾ ਯੋਜਨਾ ਵਿਚ ਛੇਵੀਂ ਕਾਂਗਰਸ ਦੀਆਂ ਹਦਾਇਤਾਂ ਨੂੰ ਨਿਰੰਤਰ ਲਾਗੂ ਕਰਨ ਦਾ ਸਦਕਾ, ਲੋਕਾਂ ਦੀ ਆਮ ਖੁਸ਼ਹਾਲੀ ਲਗਾਤਾਰ ਵਧੀ ਹੈ। ਅਸਲੀ ਜੀਅ-ਪ੍ਰਤੀ ਆਮਦਨ, ਸ਼ਹਿਰਾਂ ਵਿਚ 8.7ਫੀਸਦੀ ਅਤੇ ਪਿੰਡਾਂ ਵਿਚ 20.5 ਫੀਸਦੀ ਵੱਧ ਗਈ।ਸਾਡੀ ਮੰਡੀ ਸਥਿਰ ਰਹੀ ਹੈ। ਕੋਈ ਵੀ ਅਜੇਹੀ ਮਿਸਾਲ ਨਹੀਂ ਮਿਲਦੀ ਜਿੱਥੇ ਅਨਾਜ ਜਾਂ ਸਨੱਅਤੀ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੋਵੇ। ਇਸ ਦੇ ਉਲਟ, ਕਈ ਇੱਕ ਚੀਜਾਂ ਦੀਆਂ ਕੀਮਤਾਂ ਸਗੋਂ ਘਟ ਗਈਆਂ ਹਨ।

ਇਸ ਪੰਜ-ਸਾਲਾ ਯੋਜਨਾ ਦੇ ਦੁਰਾਨ ਵੀ, ਲੋਕਾਂ ਦੀ ਖੁਸ਼ਹਾਲੀ ਦੇ ਪੱਧਰ ਨੂੰ ਕਦਮ-ਬ-ਕਦਮ ਉਚਾ ਚੁੱਕਿਆ ਜਾਵੇਗਾ। ਪਿੰਡਾਂ ਅਤੇ ਸ਼ਹਿਰਾਂ ਵਿਚ ਲੋਕਾਂ ਦੇ ਜੀਵਨ ਨੂੰ ਖੁਸ਼ਹਾਲ ਬਣਾਉਣ ਵਾਸਤੇ ਪਾਰਟੀ ਆਪਣੀ ਪੂਰੀ ਵਾਹ ਲਾਉਂਦੀ ਰਹੀ ਹੈ, ਅਤੇ ਲਾ ਰਹੀ ਹੈ। ਸਾਡੇ ਸਮਾਜਵਾਦੀ ਸਮਾਜ ਦਾ ਠੋਸ ਵਿਕਾਸ, ਸਾਡੀ ਖੁਸ਼ਹਾਲੀ ਅਤੇ ਇੱਕ ਆਸ਼ਾਵਾਦੀ ਭਵਿੱਖ ਦੀ ਗਰੰਟੀ ਹੈ। ਇਹ ਸਾਡੇ ਲੋਕਾਂ ਦੇ ਅਜ਼ਾਦ ਕੰਮ ਤੇ ਅਧਾਰਿਤ ਹੈ, ਜਿੱਥੇ ਲੁੱਟ ਅਤੇ ਦਮਨ ਦਾ ਕੋਈ ਨਾਂ-ਨਿਸ਼ਾਨ ਵੀ ਨਹੀਂ ਹੈ। ਇਹ ਖੁਸ਼ਹਾਲੀ ਸਾਡੇ ਲੋਕਾਂ ਦੇ ਜੀਵਨ ਦੇ ਹਰ ਖੇਤਰ ਵਿਚ ਦੇਖੀ ਜਾ ਸਕਦੀ ਹੈ। ਇਹ ਹਰਇੱਕ ਦੀ ਜਿਸਮਾਨੀ ਅਤੇ ਰੂਹਾਨੀ ਖੁਸ਼-ਹਾਲੀ ਹੈ। ਸਮਾਜਵਾਦੀ ਅਲਬਾਨੀਆਂ ਟੈਕਸਾਂ ਤੋਂ ਛੁਟਕਾਰਾ ਪਾਉਣ ਵਾਲਾ ਦੁਨੀਆਂ ਵਿਚ ਪਹਿਲਾ ਮੁਲਕ ਹੈ। ਸਾਡੇ ਦੇਸ਼ ਵਿਚ ਸਮੁੱਚੀ ਸ਼ਹਿਰੀ ਅਤੇ ਪੇਂਡੂ ਵਸੋਂ ਵਾਸਤੇ ਪੜ੍ਹਾਈ ਅਤੇ ਸੇਹਤ-ਸੇਵਾਵਾਂ ਬਿਲਕੁੱਲ ਮੁਫਤ ਹਨ।

ਆਉਂਦੀ ਪੰਜ-ਸਾਲਾ ਯੋਜਨਾ ਦੇ ਦੁਰਾਨ, ਸਮੁੱਚੀ ਆਬਾਦੀ ਵਾਸਤੇ ਅਨਾਜ ਤੇ ਸਨੱਅਤੀ ਵਸਤਾਂ ਦੀ ਸਪਲਾਈ ਨੂੰ ਹੋਰ ਵੀ ਵਧੀਆ ਬਣਾਇਆ ਜਾਵੇਗਾ, ਅਤੇ ਸੱਭਿਆਚਾਰਕ ਅਤੇ ਸਮਾਜਿਕ ਸਰਗਰਮੀਆਂ ਦਾ ਪੱਧਰ ਉਚਾ ਉਠੇਗਾ, ਸਮਾਜੀ ਸੇਵਾਵਾਂ ਅਤੇ ਸੇਹਤ ਸੰਸਥਾਵਾਂ ਦਾ ਪਸਾਰਾ ਕੀਤਾ ਜਾਵੇਗਾ, ਅਤੇ ਉਹਨਾਂ ਨੂੰ ਲੋਕਾਂ ਦੇ ਹੋਰ ਨਜ਼ਦੀਕ ਲਿਆਂਦਾ ਜਾਵੇਗਾ।

ਲੋਕਾਂ ਦੇ ਰਹਿਣ-ਸਹਿਣ ਦੇ ਮਕਾਨਾਂ ਦੀ ਹਾਲਤ ਨੂੰ ਸੁਧਾਰਨਾ ਪਾਰਟੀ ਅਤੇ

ਸਟੇਟ ਵਾਸਤੇ ਇੱਕ ਬਹੁਤ ਜ਼ਿਆਦਾ ਅਹਿਮੀਅਤ ਵਾਲਾ ਸਵਾਲ ਹੈ। ਭਵਿੱਖ ਵਿਚ ਵੀ, ਇਸ ਖੇਤਰ ਵਿਚ ਵੱਡੀਆਂ ਕੋਸ਼ਿਸ਼ਾਂ ਲਾਜ਼ਮੀ ਹਨ, ਖਾਸ ਤੌਰ ਤੇ ਪਿੰਡਾਂ ਵਿਚ, ਕਿਉਂਕਿ ਸਹਿਕਾਰੀ ਕਿਸਾਨਾਂ ਦੇ ਮਕਾਨਾਂ ਦੀਆਂ ਹਾਲਤਾਂ ਨੂੰ ਸੁਧਾਰਨ ਦੀ ਜ਼ਰੂਰਤ ਦੇ ਨਾਲ ਨਾਲ, ਬਹੁਤ ਸਾਰੇ ਨੌਜਵਾਨ ਮਰਦ ਅਤੇ ਔਰਤਾਂ ਉਥੋਂ ਕੰਮ ਕਰਨ ਅਤੇ ਸਥਾਈ ਤੌਰ ਤੇ ਵੱਸਣ ਲਈ ਸ਼ਹਿਰਾਂ ਵਿਚੋਂ ਜਾਣਗੇ। ਇਸ ਲਈ, ਕਰੀਬ 65,000 ਨਵੇਂ ਮਕਾਨ ਉਸਾਰਨ ਦੀ ਸਕੀਮ ਹੈ, ਜਿਨ੍ਹਾਂ ਵਿਚੋਂ ਕਰੀਬ 42,000 ਮਕਾਨ ਜ਼ਰਾਇਤੀ ਕੋਅਪ੍ਰੇਟਿਵਾਂ ਅਤੇ ਸਟੇਟ ਫਾਰਮਾਂ ਵਿਚ ਉਸਾਰੇ ਜਾਣਗੇ।

ਮਿਹਨਤਕਸ਼ ਲੋਕਾਂ ਦੇ ਜੀਵਨ-ਪੱਧਰ ਨੂੰ ਉਚਾ ਚੁੱਕਣ ਵਿਚ ਪਾਰਟੀ ਦੀ ਸਹੀ ਨੀਤੀ ਨੂੰ ਲਾਗੂ ਕਰਦਿਆਂ, 1980 ਵਿਚ ਅਸਲੀ ਜੀਅ-ਪ੍ਰਤੀ ਆਮਦਨ, 1975 ਨਾਲੋਂ 11-14 ਫੀਸਦੀ ਵਧਾਈ ਜਾਵੇਗੀ, ਜਿਸ ਵਿਚ ਪਹਿਲ ਦਿਹਾਤੀ ਇਲਾ-ਕਿਆਂ ਨੂੰ ਦਿੱਤੀ ਜਾਵੇਗੀ।

ਵਪਾਰਕ ਸੰਸਥਾਵਾਂ ਅਤੇ ਉਨ੍ਹਾਂ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਇਹ ਜ਼ਿੰਮੇ-ਵਾਰੀ ਹੈ ਕਿ ਉਹ ਲੋਕਾਂ ਦੀ ਚੰਗੇਰੀ ਸੇਵਾ ਕਰਨ ਵਾਸਤੇ ਆਪਣੇ ਕੰਮ ਵਿਚ ਬੁਨਿਆਦੀ ਸੁਧਾਰ ਕਰਨ। ਮਨਿਸਟਰੀ ਆਫ ਟਰੇਡ ਵਿਚ ਕੀਕੋ ਨਗਜ਼ੇਲਾ ਦੀ ਦੁਸ਼ਮਣਾਨਾ ਅਤੇ ਨੁਕਸਾਨਦੇਹ ਸਰਗਰਮੀ ਨੂੰ ਖਤਮ ਕਰਨ ਲਈ ਕੇਂਦਰੀ ਕਮੇਟੀ ਅਤੇ ਸਰਕਾਰ ਨੇ ਕਈ ਕਦਮ ਚੁੱਕੇ। ਹੁਣ, ਪਾਰਟੀ ਦੀਆਂ ਸਿੱਖਿਆਵਾਂ ਅਤੇ ਹਦਾ-ਇਤਾਂ ਤੇ ਚਲਦਿਆਂ, ਵਪਾਰ ਦੀ ਮੈਨੇਜਮੈਂਟ ਦੇ ਕੰਮ ਨੂੰ ਮਜ਼ਬੂਤ ਕਰਨ ਲਈ ਜ਼ਬਰਦਸਤ ਕੰਮ ਹੋ ਰਿਹਾ ਹੈ।

ਪੈਦਾਵਾਰ ਅਤੇ ਵੰਡ ਦੀਆਂ ਆਗੂ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਪੈਦਾਵਾਰ ਅਤੇ ਖਪਤ ਵਿਚ ਇੱਕਸੁਰਤਾ ਲਿਆਉਣ ਲਈ, ਆਬਾਦੀ ਦੇ ਵਾਧੇ, ਮੰਗ ਅਤੇ ਖ੍ਰੀਦ-ਸ਼ਕਤੀ ਦੇ ਵਾਧੇ, ਅਤੇ ਪੈਦਾਵਾਰੀ ਫੰਡਾਂ ਦੀ ਵੰਡ ਤੋਂ ਪੈਦਾ ਹੋਣ ਵਾਲੇ ਮਸਲਿਆਂ ਨੂੰ ਸਾਫ ਕਰਨ ਲਈ ਪੂਰਨ ਅਤੇ ਗੁੰਝਲਦਾਰ ਅਧਿਐਨ ਕਰਨ। ਉਨ੍ਹਾਂ, ਅਤੇ ਖਾਸ ਤੌਰ ਤੇ ਵਪਾਰਕ ਸੰਸਥਾਵਾਂ ਨੂੰ ਲਾਜ਼ਮੀ ਹੀ, ਅਣ-ਵਿਕੀਆਂ ਵਸਤਾਂ ਦੇ ਫਜ਼ੂਲ ਜਮ੍ਹਾਂ ਕਰਨ ਦੇ ਖਿਲਾਫ ਡਟਕੇ ਕੰਮ ਕਰਨਾ ਚਾਹੀਦਾ ਹੈ, ਕਿਉਂਕਿ ਵਸਤਾਂ ਨੂੰ ਇਸ ਤਰ੍ਹਾਂ ਜਮ੍ਹਾਂ ਕਰਨਾ ਹਲਚਲ ਅਤੇ ਆਰਥਿਕ-ਵਿੱਤੀ ਨੁਕਸਾਨ ਨੂੰ ਜਨਮ ਦਿੰਦਾ ਹੈ।

ਲੋਕਾਂ ਦੀਆਂ ਪਦਾਰਥਕ ਜੀਵਨ ਹਾਲਤਾਂ ਵਿਚ ਲਗਾਤਾਰ ਸੁਧਾਰ ਕਰਨ

ਦਾ ਕੰਮ ਇਸ ਗੱਲ ਦੀ ਮੰਗ ਕਰਦਾ ਹੈ ਕਿ ਸੇਵਾਵਾਂ ਦੇ ਖੇਤਰ ਵਿਚ ਕੰਮ ਕਰਨ ਵਾਲੇ ਸਭ ਲੋਕਾਂ ਦੇ ਕੰਮ ਵਿਚ ਇੱਕ ਗੁਣਾਤਮਕ ਸੁਧਾਰ ਕੀਤਾ ਜਾਵੇ। ਇੱਕ ਸੱਭਿਅਕ ਤੌਰ ਤੇ ਅਤੇ ਫੁਰਤੀ ਨਾਲ ਲੋਕਾਂ ਦੀ ਸੇਵਾ ਹੋਣੀ ਚਾਹੀਦੀ ਹੈ, ਅਜਿਹੇ ਹਾਲਾਤ ਤਿਆਰ ਕਰਨੇ ਚਾਹੀਦੇ ਹਨ ਕਿ ਲੋਕਾਂ ਨੂੰ ਸੇਵਾਵਾਂ ਹਾਸਲ ਕਰਨ ਵਿਚ ਵਕਤ ਜ਼ਾਇਆ ਨਾ ਕਰਨਾ ਪਏ। ਸਨੱਅਤ ਅਤੇ ਵਪਾਰ ਦੀਆਂ ਸੰਸਥਾਵਾਂ ਨੂੰ ਇਸ ਕੰਮ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਔਰਤਾਂ ਉਤੇ ਘਰੇਲੂ ਕੰਮ ਦੇ ਬੋਝ ਨੂੰ ਘੱਟ ਕੀਤਾ ਜਾਵੇ। ਲੋਕਾਂ ਦੀ ਸਿਹਤ ਦੀ ਦੇਖ-ਭਾਲ ਕਰਨ ਵਾਸਤੇ, ਖਾਸ ਤੌਰ ਤੇ ਦਿਹਾਤੀ ਅਤੇ ਦੁਰਾਡੇ ਇਲਾਕਿਆਂ ਵਿਚ ਸੇਹਤ ਵਿਗਿਆਨ ਅਤੇ ਦਵਾਈਆਂ ਆਦਿ ਦੇ ਪੱਖ ਤੋਂ ਕੰਮ ਨੂੰ ਵਧਾਉਣਾ, ਅਤੇ ਮਾਂ ਅਤੇ ਬੱਚੇ ਦੀ ਸੇਹਤ ਦੀ ਸੁਰੱਖਿਆ ਅਤੇ ਦੇਖ-ਭਾਲ ਨੂੰ ਹੋਰ ਵਧਾਉਣਾ ਲਾਜ਼ਮੀ ਹੈ।

ਪਾਰਟੀ ਦਾ ਇਹ ਖਿਆਲ ਹੈ ਕਿ ਸਿਲਸਿਲੇਵਾਰ ਢੰਗ ਨਾਲ ਜੀਵਨ-ਪੱਧਰ ਨੂੰ ਉਚਾ ਚੁੱਕਣ ਦਾ ਇੱਕ ਰਾਹ ਇਹ ਹੈ ਕਿ ਸਭ ਸੇਹਤਮੰਦ ਨਾਗਰਿਕਾਂ ਨੂੰ ਸਮਾਜਿਕ ਤੌਰ ਤੇ ਲਾਹੇਵੰਦ ਕੰਮ ਦਿੱਤਾ ਜਾਵੇ। ਸਮਾਜਵਾਦੀ ਉਸਾਰੀ ਦੇ ਸਭ ਖੇਤਰਾਂ ਵਿਚ ਔਰਤਾਂ ਦਾ ਵੱਧ-ਚੜ੍ਹ ਕੇ ਹਿੱਸਾ ਲੈਣਾ ਇੱਕ ਮਹਾਨ ਜਿੱਤ ਹੈ। ਅੱਜ ਸਾਡੇ ਦੇਸ਼ ਵਿਚ ਕੁੱਲ ਮੇਹਨਤਕਸ਼ ਲੋਕਾਂ ਵਿਚੋਂ 46 ਫੀਸਦੀ ਔਰਤਾਂ ਹਨ।

ਨਵੀਂ ਪੰਜ-ਸਾਲਾ ਯੋਜਨਾ ਦੇ ਦੁਰਾਨ, ਸਟੇਟ 95,000 ਹੋਰ ਨਵੇਂ ਮਜਦੂਰਾਂ ਦੇ ਵਾਸਤੇ ਕੰਮ ਮੁਹੱਈਆ ਕਰੇਗੀ ਅਤੇ 130,000 ਲੋਕਾਂ ਵਾਸਤੇ ਜ਼ਰਾਇਤੀ ਕੋਅਪ੍ਰੇਟਿਵਾਂ ਵਿਚ ਕੰਮ ਹੋਵੇਗਾ। ਸਮਾਜਵਾਦ ਸਭ ਲੋਕਾਂ ਵਾਸਤੇ ਕੰਮ ਨੂੰ ਯਕੀਨੀ ਬਣਾਉਂਦਾ ਹੈ। ਖਾਣਾਂ ਪੁੱਟਣ, ਮੈਟਾਲੁਰਜ਼ੀ, ਹਾਈਡਰੋ-ਪਾਵਰ ਪਲਾਂਟਾਂ ਦੀ ਉਸਾਰੀ ਅਤੇ ਹੋਰ ਬਹੁਤ ਸਾਰੇ ਮਹੱਤਵਪੂਰਨ ਪ੍ਰਾਜੈਕਟਾਂ ਵਿਚ ਕਾਫੀ ਨਵੀਆਂ ਨੌਕਰੀਆਂ ਖੁੱਲ੍ਹ ਰਹੀਆਂ ਹਨ। ਖੇਤੀਬਾੜੀ ਵਿਚ ਵੀ ਕਾਫੀ ਮੇਹਨਤਕਸ਼ ਲੋਕਾਂ ਦੀ ਲੋੜ ਹੈ। ਇਸ ਲਈ, ਨਵੀਆਂ ਤਾਕਤਾਂ ਨੂੰ ਉਨ੍ਹਾਂ ਜਗ੍ਹਾਵਾਂ ਤੇ ਜਾਣ ਲਈ ਪ੍ਰੇਰਨਾ ਦੇਣੀ ਚਾਹੀਦੀ ਹੈ ਜਿੱਥੇ ਕੰਮ ਮਿਲ ਸਕਦਾ ਹੈ ਅਤੇ ਜਿੱਥੇ ਦੇਸ਼ ਨੂੰ ਉਨ੍ਹਾਂ ਦੀ ਜਰੂਰਤ ਹੈ। ਇਸ ਵਾਸਤੇ, ਪਾਰਟੀ ਨੂੰ ਸ਼ਹਿਰਾਂ ਵਿਚ ਲੋਕਾਂ ਦੀ ਸਿਖਲਾਈ ਤੇ ਪ੍ਰੇਰਣਾ ਦੇ ਕੰਮ ਵੱਲ ਵਿਸ਼ੇਸ਼ ਤਵੱਜੋ ਦੇਣੀ ਚਾਹੀਦੀ ਹੈ। ਸਭ ਅਜਿਹੀਆਂ ਸੋਚਣੀਆਂ ਦੀ ਵਿਰੋਧਤਾ ਕਰਨੀ ਚਾਹੀਦੀ ਹੈ ਜੋ ਜ਼ਰਾਇਤ, ਖਾਣਾਂ, ਜੰਗਲਾਂ ਅਤੇ ਉਸਾਰੀ ਵਿਚ ਕੰਮ ਦੀ ਮਹੱਤਤਾ ਨੂੰ ਘਟਾ ਕੇ ਦੇਖਦੀਆਂ ਹਨ।

ਕੰਮ ਦੇ ਯੋਗ ਸਾਰੀ ਵਸੋਂ ਨੂੰ ਕੰਮ ਮੁਹੱਈਆ ਕਰਨਾ ਇੱਕ ਅਜਿਹਾ ਸਬੂਤ ਹੈ

ਜੋ ਸਾਡੇ ਆਰਥਿਕ-ਸਮਾਜਿਕ ਢਾਂਚੇ ਦੀ ਮਹਾਨ ਤਾਕਤ ਨੂੰ ਸਾਫ ਤੌਰਤੇ ਜ਼ਾਹਰ ਕਰਦਾ ਹੈ, ਜਿਸਦੇ ਵਿਕਾਸ ਦੀ ਉਚੀ ਦਰ ਨੇ ਬੇ-ਰੁਜ਼ਗਾਰੀ ਅਤੇ ਇਮੀਗਰੇਸ਼ਨ ਨੂੰ ਹਮੇਸ਼ਾ ਲਈ ਖਤਮ ਕਰ ਦਿੱਤਾ ਹੈ- ਇਨ੍ਹਾਂ ਭੈੜੀਆਂ ਬੀਮਾਰੀਆਂ ਨੇ ਬੀਤੇ ਵਿਚ ਲੋਕਾਂ ਦੀ ਹਾਲਤ ਨੂੰ ਤਰਸਯੋਗ ਬਣਾਇਆ ਹੋਇਆ ਸੀ ਅਤੇ ਲੋਕਾਂ ਨੂੰ ਰੁਜ਼ਗਾਰ ਭਾਲਣ ਵਾਸਤੇ ਆਪਣੇ ਪ੍ਰਵਾਰਾਂ ਨੂੰ ਛੱਡਕੇ ਬਦੇਸ਼ਾਂ ਵਿਚ ਜਾਣਾ ਪੈਂਦਾ ਸੀ। ਅੱਜ, ਬੇ-ਰੁਜ਼ਗਾਰੀ ਅਤੇ ਇਮੀਗ੍ਰੇਸ਼ਨ ਪੂੰਜੀਵਾਦੀ ਅਤੇ ਸੋਧਵਾਦੀ ਦੁਨੀਆਂ ਵਿਚ ਘੋਰ ਬੀਮਾਰੀਆਂ ਬਣੀਆਂ ਹੋਈਆਂ ਹਨ। ਇਹ ਲੋਕਾਂ ਦੇ ਵਰਤਮਾਨ ਤੇ ਭਵਿੱਖ ਨੂੰ ਖਤਰੇ ਵਿਚ ਪਾਉਂਦੀਆਂ ਹਨ ਅਤੇ ਉਨ੍ਹਾਂ ਦੇ ਜੀਵਨ-ਪੱਧਰ ਨੂੰ ਨੀਵਾਂ ਕਰਦੀਆਂ ਹਨ।

ਤਨਖਾਹਾਂ ਦੀ ਦਰ ਵਿਚ ਵਾਧੇ ਨਾਲੋਂ ਵਧੇਰੇ ਤੇਜ਼ੀ ਨਾਲ ਸਮਾਜੀ ਖਪਤ ਵਿਚ ਵਾਧਾ ਕਰਕੇ ਲੋਕਾਂ ਦੀ ਖੁਸ਼ਹਾਲੀ ਨੂੰ ਵਧਾਉਣ ਦਾ ਸਾਡਾ ਇਨਕਲਾਬੀ ਅਮਲ ਸਾਡੀ ਪਾਰਟੀ ਦੀ ਲਾਈਨ ਦੇ ਸਹੀ ਹੋਣ ਦਾ ਸਬੂਤ ਹੈ। ਇਸ ਨੀਤੀ ਨੂੰ ਲਾਗੂ ਕਰਨ ਦੇ ਸਿੱਟੇ ਵਜੋਂ 1975 ਵਿਚ ਸਮਾਜੀ ਖਪਤ ਦਾ ਆਕਾਰ 1965 ਦੇ ਮੁਕਾਬਲੇ 2.1 ਗੁਣਾ ਜ਼ਿਆਦਾ ਸੀ। ਇਸਨੇ ਪੜ੍ਹਾਈ, ਸੱਭਿਆਚਾਰ, ਸਿਹਤ ਅਤੇ ਕਈ-ਇੱਕ ਹੋਰ ਸਮਾਜਿਕ-ਸੱਭਿਆਚਾਰਕ ਸੇਵਾਵਾਂ ਵਿਚ ਮਿਹਨਤਕਸ਼ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਨੂੰ ਯਕੀਨੀ ਬਣਾ ਦਿੱਤਾ ਹੈ।

ਪਾਰਟੀ ਦੀ ਛੇਵੀਂ ਕਾਂਗਰਸ ਦੀਆਂ ਹਦਾਇਤਾਂ ਦੇ ਅਧਾਰ ਤੇ, ਤਨਖਾਹ ਸਿਸ-ਟਮ ਨੂੰ ਸੁਧਾਰਨ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਗਏ। ਪਾਰਟੀ ਦੀ ਕੇਂਦਰੀ ਕਮੇਟੀ ਅਤੇ ਕੌਂਸਲ ਆਫ ਮਨਿਸਟਰਜ਼ ਦੇ ਅਪ੍ਰੈਲ 1976 ਦੇ ਫੈਸਲੇ ਨਾਲ, 900 ਤੋਂ ਵੱਧ ਲਿਕ (ਅਲਬਾਨੀਅਨ ਸਿੱਕਾ) ਦੀਆਂ ਤਨਖਾਹਾਂ ਘੱਟ ਕਰ ਦਿੱਤੀਆਂ ਗਈਆਂ ਸਟੇਟ ਫਾਰਮਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀਆਂ ਤਨਖਾਹਾਂ ਵਧਾ ਦਿੱਤੀਆਂ ਗਈਆਂ ਅਤੇ ਦਿਹਾਤ ਵਾਸਤੇ ਲਾਹੇਵੰਦ ਕਈ ਨਵੇਂ ਕਦਮ ਚੁੱਕੇ ਗਏ। ਇਨ੍ਹਾਂ ਨੂੰ ਲਾਗੂ ਕਰਨ ਨਾਲ ਮੰਡੀ ਵਿਚ ਵੱਡੀ ਮਿਕਦਾਰ ਵਿਚ ਖਪਤ ਵਸਤਾਂ ਦੀ ਪੂਰਤੀ, ਵਧੀਆ ਕਿਸਮ ਅਤੇ ਸਥਿਰ ਕੀਮਤਾਂ ਯਕੀਨੀ ਬਣ ਗਈਆਂ।

ਇਸ ਨਾਲ ਮਿਹਨਤਕਸ਼ ਲੋਕਾਂ ਦੇ ਵੱਖ ਵੱਖ ਵਰਗਾਂ ਦੀਆਂ ਤਨਖਾਹਾਂ ਦਾ ਫਰਕ ਹੋਰ ਘੱਟ ਹੋਇਆ, ਅਤੇ ਪਿੰਡਾਂ ਅਤੇ ਸ਼ਹਿਰਾਂ ਦੀ ਆਮਦਨ ਦਾ ਫਰਕ ਵੀ ਘੱਟ ਹੋਇਆ। ਹੁਣ ਔਸਤਨ ਮਜ਼ਦੂਰ ਅਤੇ ਵੱਧ ਤੋਂ ਵੱਧ ਤਨਖਾਹ ਲੈਣ ਵਾਲੇ ਅਧਿਕਾਰੀ ਦੀ ਆਮਦਨ ਵਿਚ ਅਨੁਪਾਤ 1:2 ਹੈ ਜੋ ਕਿ ਪਹਿਲਾਂ 1:2.5 ਸੀ। ਇਹ ਇੱਕ

ਇਨਕਲਾਬੀ ਰਾਹ ਹੈ ਜੋ ਸਾਡੀ ਪਾਰਟੀ ਲਗਾਤਾਰ ਲਾਗੂ ਕਰ ਰਹੀ ਹੈ।

ਇੱਕ ਮਸਲਾ ਜੋ ਲਗਾਤਾਰ ਪਾਰਟੀ ਦੇ ਸਾਹਮਣੇ ਰਿਹਾ ਹੈ, ਉਹ ਹੈ ਪਿੰਡਾਂ ਅਤੇ ਸ਼ਹਿਰਾਂ ਵਿਚਕਾਰ ਫਰਕ ਨੂੰ ਦੂਰ ਕਰਨਾ। ਇਸ ਸਵਾਲ 'ਤੇ ਪਾਰਟੀ ਇਸ ਅਸੂਲ ਤੇ ਚੱਲਦੀ ਰਹੀ ਹੈ ਕਿ ਸਮਾਜਵਾਦ ਸਿਰਫ ਸ਼ਹਿਰਾਂ ਵਿਚ ਇੱਕਲੀ ਮਜ਼ਦੂਰ ਜਮਾਤ ਵਾਸਤੇ ਹੀ ਨਹੀਂ; ਬਲਕਿ ਪਿੰਡਾਂ ਵਿਚ ਵੀ ਅਤੇ ਕਿਸਾਣੀ ਵਾਸਤੇ ਵੀ ਉਸਾਰਿਆ ਜਾਂਦਾ ਹੈ।

ਪਿੰਡਾਂ ਅਤੇ ਸ਼ਹਿਰਾਂ ਵਿਚ ਜੀਅ-ਪ੍ਰਤੀ ਆਮਦਨ ਵਿਚ ਫਰਕ, ਜੋ ਸਾਡੇ ਦੇਸ਼ ਦੇ ਆਰਥਕ ਅਤੇ ਸਮਾਜੀ ਪਛੜੇਪਣ ਦੇ ਵਿਰਸੇ ਵਿਚੋਂ ਮਿਲਿਆ ਸੀ, ਇੱਕ ਅਜੇਹੀ ਵਿਰੋਧਤਾਈ ਹੈ ਜਿਸ ਉਤੇ ਹੌਲੀ ਹੌਲੀ ਕਾਬੂ ਪਾਇਆ ਜਾ ਰਿਹਾ ਹੈ। ਦੂਰ ਦੂਰ ਦੇ ਇਲਾਕਿਆਂ ਵਿਚ ਵੀ ਪੜ੍ਹਾਈ, ਸੱਭਿਆਚਾਰਕ ਅਤੇ ਸੇਹਤ ਸੰਸਥਾਵਾਂ ਖੋਲ੍ਹ ਦਿੱਤੀਆਂ ਗਈਆਂ ਹਨ। ਸਮੁੱਚੇ ਦੇਸ਼ ਵਿਚ ਬਿਜਲੀ ਪਹੁੰਚਾਉਣ ਅਤੇ ਸਭ ਪਿੰਡਾਂ ਨੂੰ ਟੈਲੀਫੂਨ ਰਾਹੀਂ ਜੋੜਨ ਦਾ ਕੰਮ ਨੇਪਰੇ ਚਾੜ੍ਹਨ ਤੋਂ ਬਾਅਦ, ਹੁਣ ਉਨ੍ਹਾਂ ਨੂੰ ਸੜਕਾਂ ਰਾਹੀਂ ਜੋੜਨ ਦਾ ਕੰਮ ਹੋ ਰਿਹਾ ਹੈ। ਸਹਿਕਾਰੀ ਕਿਸਾਨਾਂ ਵਾਸਤੇ ਪੈਨਸ਼ਨਾਂ ਸਥਾਪਿਤ ਕੀਤੀਆਂ ਗਈਆਂ ਗਈਆਂ ਹਨ ਅਤੇ ਪਿੰਡਾਂ ਵਿਚ ਹੋਰ ਬਹੁਤ ਸਾਰੇ ਸਮਾਜੀ ਮਸਲਿਆਂ ਨੂੰ ਹੱਲ ਕੀਤਾ ਗਿਆ ਹੈ। ਅਪ੍ਰੈਲ 1976 ਦੇ ਫੈਸਲੇ ਨਾਲ ਸਟੇਟ ਨੇ ਪਿੰਡਾਂ ਵਿਚ ਵੀ ਸ਼ਹਿਰਾਂ ਦੀ ਤਰ੍ਹਾਂ ਹੀ ਸਮਾਜੀ-ਸਭਿੱਆਚਾਰਕ ਕੰਮਾਂ ਦਾ ਖਰਚ ਆਪਣੇ ਜ਼ਿਮੇ ਲਿਆ ਹੈ। ਸਹਿਕਾਰੀ ਕਿਸਾਨਾਂ ਦੀਆਂ ਪੈਨਸ਼ਨਾਂ ਦੇ ਪੱਧਰ ਨੂੰ ਵਧਾਕੇ ਸ਼ਹਿਰਾਂ ਦੇ ਮਜ਼ਦੂਰਾਂ ਦੀਆਂ ਪੈਨਸ਼ਨਾਂ ਦੇ ਪੱਧਰ ਦੇ ਬਰਾਬਰ ਕਰ ਦਿੱਤਾ ਗਿਆ ਹੈ। ਏਸੇ ਤਰ੍ਹਾਂ ਹੀ, ਉਨ੍ਹਾਂ ਦੀ ਘੱਟ ਤੋਂ ਘੱਟ ਪੈਨਸ਼ਨ ਦੇ ਪੱਧਰ ਨੂੰ ਵੀ ਉਚਾ ਚੁੱਕਿਆ ਗਿਆ ਹੈ। ਸਹਿਕਾਰੀ ਔਰਤਾਂ ਵਾਸਤੇ ਜਣੇਪੇ ਦੇ ਵੇਲੇ ਛੁੱਟੀਆਂ ਦੀ ਤਨਖਾਹ ਦਾ ਕੇਂਦਰੀਕਰਣ ਕੀਤਾ ਗਿਆ ਹੈ।

ਪਿੰਡਾਂ ਅਤੇ ਸ਼ਹਿਰਾਂ ਵਿਚਾਲੇ ਫਰਕ ਨੂੰ ਹੋਰ ਘੱਟ ਕਰਨ ਲਈ ਪਾਰਟੀ ਦੀ ਇਹ ਨੀਤੀ ਰਹੀ ਹੈ ਕਿ ਕਿਸਾਨ ਵਸੋਂ ਦੀ ਆਮਦਨ ਦੀ ਦਰ ਵਿਚ ਵਾਧੇ ਨੂੰ ਸ਼ਹਿਰਾਂ ਦੀ ਆਬਾਦੀ ਦੀ ਆਮਦਨ ਦੀ ਦਰ ਨਾਲੋਂ ਤੇਜ਼ੀ ਨਾਲ ਵਧਾਇਆ ਜਾਵੇ। ਆਉਂਦੀ ਪੰਜ-ਸਾਲਾ ਯੋਜਨਾ ਦੇ ਦੁਰਾਨ ਪੇਂਡੂ ਵਸੋਂ ਦੀ ਜੀਅ-ਪ੍ਰਤੀ ਆਮਦਨ ਵਿਚ ਵਾਧਾ ਸ਼ਹਿਰਾਂ ਦੀ ਵਸੋਂ ਦੀ ਆਮਦਨ ਵਿਚ ਵਾਧੇ ਨਾਲੋਂ ਤਿੰਨਗੁਣਾ ਤੋਂ ਵੀ ਜ਼ਿਆਦਾ ਹੋਵੇਗਾ।

ਕਿਸਾਣੀ ਵਾਸਤੇ ਲਾਹੇਵੰਦ ਇਨ੍ਹਾਂ ਕੰਮਾਂ ਨੂੰ, ਸ਼ਹਿਰੀ ਲੋਕਾਂ ਦੇ ਜੀਵਨ ਪੱਧਰ

ਉਤੇ ਅਸਰ ਪਾਉਣ ਤੋਂ ਬਿਨਾਂ, ਲਾਗੂ ਕਰਨ ਨਾਲ ਮਜ਼ਦੂਰ ਜਮਾਤ ਅਤੇ ਸਹਿਕਾਰੀ ਕਿਸਾਣੀ ਵਿਚਕਾਰ ਏਕਤਾ ਅਤੇ ਸਾਡੇ ਦੇਸ਼ ਵਿਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਮਜ਼ਬੂਤ ਹੋਈ ਹੈ ਅਤੇ ਹੁੰਦੀ ਰਹੇਗੀ।

ਪਾਰਟੀ ਦਾ ਉਦੇਸ਼ ਹੈ ਲੋਕਾਂ ਦੇ ਜੀਵਨ ਨੂੰ ਵੱਧ ਤੋਂ ਵੱਧ ਖੁਸ਼ਹਾਲ ਬਣਾਉਣਾ ਤੇ ਉਨ੍ਹਾਂ ਦੀ ਖੁਸ਼ਹਾਲੀ ਦੇ ਪੱਧਰ ਨੂੰ ਉਚਾ ਚੁੱਕਣਾ। ਪਰ ਹਰ-ਇੱਕ ਵਾਸਤੇ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਉਦੇਸ਼ ਪੂਰੇ ਕਰਨ ਵਿਚ ਮੁੱਖ ਤੱਤ, ਸਮਾਜ ਵਿਚ ਹੱਕ ਲੈਣ ਤੋਂ ਪਹਿਲਾਂ, ਇਸ ਵਿਚ ਵੱਧ ਤੋਂ ਵੱਧ ਹਿੱਸਾ ਪਾਉਣਾ ਜ਼ਰੂਰੀ ਹੈ, ਦੇ ਇੰਨ-ਕਲਾਬੀ ਅਸੂਲ ਤੇ ਚਲਦਿਆਂ ਪੇਂਡੂ ਅਤੇ ਸ਼ਹਿਰੀ ਵਸੋਂ ਨੂੰ ਸਮਾਜਵਾਦੀ ਪੈਦਾਵਾਰ ਵਧਾਉਣ ਲਈ ਲਾਮਬੰਦ ਕਰਨਾ ਅਤੇ ਕਿਰਤ ਦੀ ਪੈਦਾਵਾਰੀ ਸ਼ਕਤੀ ਨੂੰ ਵਧਾ-ਉਣਾ, ਰਿਹਾ ਹੈ।

5 —ਆਰਥਿਕਤਾ ਦੀ ਵਿਗਿਆਨਕ ਮੈਨੇਜਮੈਂਟ ਨੂੰ ਹੋਰ ਉਚੇ ਪੱਧਰ ਤੇ ਲਿਜਾਣਾ ਚਾਹੀਦਾ ਹੈ

ਆਰਥਕਤਾ ਦੀ ਮੈਨੇਜਮੈਂਟ ਅਤੇ ਪਲੈਨਿੰਗ ਦੇ ਪੱਧਰ ਨੂੰ, ਜਮਹੂਰੀ-ਕੇਂਦਰਵਾਦ, ਕੇਂਦ-ਰਿਤ ਲੀਡਰਸ਼ਿਪ ਅਤੇ ਜੰਨ-ਦਿਸ਼ਾ ਰਾਹੀਂ ਉਚੀ ਪੱਧਰ ਤੇ ਲਿਜਾਣ ਦੇ ਕੰਮ ਵੱਲ ਪਾਰਟੀ ਨੇ ਵਿਸ਼ੇਸ਼ ਧਿਆਨ ਦਿੱਤਾ ਹੈ।

ਆਰਥਿਕਤਾ ਦੀ ਮੈਨਿਜਮੈਂਟ ਨੂੰ ਲਗਾਤਾਰ ਸੁਧਾਰਿਆ ਗਿਆ ਹੈ, ਜ਼ਾਬਤੇ ਅਤੇ ਕੰਟਰੋਲ ਨੂੰ ਵਧਾਇਆ ਗਿਆ ਹੈ ਅਤੇ ਅਧਾਰ ਤੋਂ ਕੇਂਦਰ ਤਕ ਦੇ ਸਾਰੇ ਕੰਮ ਵਿਚ ਜ਼ਿਮੇਵਾਰੀ ਦੀ ਭਾਵਨਾ ਵਧੀ ਹੈ, ਅਤੇ ਲੋਕਾਂ ਦਾ ਰੋਲ ਵਧਿਆ ਹੈ। ਸਟੇਟ ਅਤੇ ਆਰਥਿਕਤਾ ਦੀਆਂ ਬੁਨਿਆਦੀ ਸੰਸਥਾਵਾਂ ਦੇ ਰੋਲ ਨੂੰ ਵਧਾਉਣ, ਢਾਂਚੇ ਨੂੰ ਸਾਦਾ ਬਣਾਉਣ ਅਤੇ ਆਰਥਿਕਤਾ ਨੂੰ ਚਲਾਉਣ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਲ ਕਰਨ ਵਾਸਤੇ ਪਾਰਟੀ ਵਲੋਂ ਚੁੱਕੇ ਗਏ ਕਦਮ ਕਾਫੀ ਲਾਹੇਵੰਦ ਸਾਬਿਤ ਹੋਏ ਹਨ।

ਪਾਰਟੀ ਨੇ ਇਸ ਗੱਲ ਵੱਲ ਬਹੁਤ ਧਿਆਨ ਦਿੱਤਾ ਹੈ ਕਿ ਹਰ ਕੋਈ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝੇ ਕਿ ਹੋਰ ਸਭ ਖੇਤਰਾਂ ਦੀ ਤਰ੍ਹਾਂ ਹੀ ਆਰਥਿਕਤਾ ਦੇ ਖੇਤਰ ਵਿਚ ਵੀ ਅਗਵਾਈ ਇੱਕ ਬਹੁਤ ਹੀ ਮਹੱਤਵਪੂਰਨ ਸਿਆਸੀ ਅਤੇ ਵਿਚਾਰ-ਧਾਰਕ ਮਹੱਤਤਾ ਰੱਖਦੀ ਹੈ। ਨਹੀਂ ਤਾਂ ਇਹ ਇੱਕਪਾਸੜ ਬਣ ਜਾਵੇਗੀ ਅਤੇ ਆਰਥਿਕਤਾਵਾਦ ਅਤੇ ਮਾਹਿਰਾਂ ਉਤੇ ਟੇਕ ਰੱਖਣ ਦੇ ਝੁਕਾਅ ਪੈਦਾ ਹੋਣ ਦਾ ਡਰ

ਹੋਵੇਗਾ। ਸਾਡੀ ਪਾਰਟੀ ਦੀ ਮਾਰਕਸਵਾਦੀ-ਲੈਨਿਨਵਾਦੀ ਨੀਤੀ, ਅਤੇ ਇਸ ਦੀਆਂ ਹਦਾਇਤਾਂ ਨੂੰ ਮੁਕੰਮਲ ਅਤੇ ਸਹੀ ਤੌਰ ਤੇ ਲਾਗੂ ਕਰਨਾ ਆਰਥਿਕਤਾ ਨੂੰ ਚਲਾਉਣ ਦੀ ਸਾਰੀ ਵਿਧੀ ਵਿਚ ਬੁਨਿਆਦੀ ਸਵਾਲ ਰਿਹਾ ਹੈ।

ਆਰਥਿਕਤਾ ਦੀ ਜਥੇਬੰਦੀ ਅਤੇ ਮੈਨੇਜਮੈਂਟ ਨੂੰ ਸੁਧਾਰਨ ਦੀ ਜਦੋ-ਜਹਿਦ ਵਿਚ ਮੁੱਖ ਤੱਤ, ਅਦਾਰਿਆਂ, ਜ਼ਰਾਇਤੀ ਕੋਅਪ੍ਰੇਟਿਵਾਂ ਅਤੇ ਸਟੇਟ ਅਤੇ ਆਰਥਿਕ ਸੰਸਥਾਵਾਂ ਦੀਆਂ ਸਭ ਸਰਗਰਮੀਆਂ ਵਿਚ ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਵਧਾਉਣਾ ਸੀ, ਅਤੇ ਹੈ। ਆਰਥਿਕਤਾ ਵਿਚ ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਵਧਾਉਂਦਿਆਂ, ਪਾਰਟੀ ਜਥੇਬੰਦੀਆਂ ਨੂੰ ਸਟੇਟ ਅਤੇ ਆਰਥਕ ਸੰਸਥਾਵਾਂ ਦੀ ਨਕਲ ਦਾ ਪ੍ਰਹੇਜ਼ ਕਰਨਾ ਚਾਹੀਦਾ ਹੈ।

ਪਾਰਟੀ ਨੇ ਹਮੇਸ਼ਾ ਹੀ ਆਰਥਿਕਤਾ ਨੂੰ ਚਲਾਉਣ ਵਿਚ ਮਿਹਨਤਕਸ਼ ਲੋਕਾਂ ਦੇ ਹਿੱਸਾ ਲੈਣ ਦੇ ਸਵਾਲ ਨੂੰ ਜਮਹੂਰੀ-ਕੇਂਦਰਵਾਦ ਦੇ ਅਸੂਲ ਦਾ ਇੱਕ ਬੁਨਿਆਦੀ ਸਵਾਲ ਸਮਝਿਆ ਹੈ। ਪਾਰਟੀ ਨੇ ਮਾਹਿਰਾਂ ਉਤੇ ਟੇਕ ਰੱਖਣ ਅਤੇ ਬੁੱਧੀਜੀਵੀਆਂ ਤੇ ਟੇਕ ਰੱਖਣ ਦੀਆਂ ਧਾਰਨਾਵਾਂ ਦੀ ਟੀਕਾ-ਟਿੱਪਣੀ ਅਤੇ ਨਿਖੇਧੀ ਕੀਤੀ ਹੈ, ਜਿਹੜੀਆਂ ਕਿ ਲੋਕਾਂ ਨੂੰ ਸਿਰਫ ਇੱਕ ਕੰਮ ਕਰਨ ਵਾਲੀ ਤਾਕਤ ਹੀ ਸਮਝਦੀਆਂ ਹਨ। ਸਾਡੀ ਮਜ਼ਦੂਰ ਜਮਾਤ, ਪਾਰਟੀ ਦੀਆਂ ਸਿੱਖਿਆਵਾਂ ਅਤੇ ਅਗਵਾਈ ਹੇਠ, ਪੈਦਾਵਾਰ ਦੀ ਜਥੇਬੰਦੀ ਅਤੇ ਮੈਨੇਜਮੈਂਟ ਵਿਚ, ਅਤੇ ਦੇਸ਼ ਦੇ ਸਮੁੱਚੇ ਸਿਆਸੀ, ਆਰਥਿਕ ਅਤੇ ਸੱਭਿਆਚਾਰਕ ਜੀਵਨ ਵਿਚ ਇੱਕ ਅਜੇਹਾ ਰੋਲ ਅਦਾ ਕਰਦੀ ਹੈ ਜੋ ਹੋਰ ਕਿਸੇ ਨੂੰ ਨਹੀਂ ਸੌਂਪਿਆ ਜਾ ਸਕਦਾ। ਪ੍ਰਬੰਧਕੀ ਅਤੇ ਆਰਥਕ ਢਾਂਚੇ ਮਜ਼ਦੂਰ ਜਮਾਤ ਅਤੇ ਹੋਰ ਮਿਹਨਤਕਸ਼ ਲੋਕਾਂ ਦੀ ਸੇਵਾ ਵਾਸਤੇ ਹਨ, ਅਤੇ ਇਸ ਵਾਸਤੇ ਉਨ੍ਹਾਂ ਦਾ ਮਿਹਨਤਕਸ਼ ਲੋਕਾਂ ਦੇ ਹਿੱਤਾਂ, ਇੱਛਾ, ਜ਼ਾਬਤੇ, ਅਤੇ ਕੰਟਰੋਲ ਹੇਠ ਹੋਣਾ ਲਾਜ਼ਮੀ ਹੈ।

ਅੱਜ, ਜਦ ਸਮਾਜੀ ਪੈਦਾਵਾਰ ਦਾ ਪਸਾਰਾ ਹੋ ਰਿਹਾ ਹੈ, ਜਦ ਸਮਾਜਿਕ-ਆਰਥਿਕ ਮਸਲੇ ਗੁੰਝਲਦਾਰ ਬਣ ਰਹੇ ਹਨ, ਇਹ ਜ਼ਰੂਰੀ ਹੋ ਜਾਂਦਾ ਹੈ ਕਿ ਖਾਸ ਤੌਰ ਤੇ ਕੇਂਦਰੀ ਵਿਭਾਗ ਆਰਥਿਕਤਾ ਦੀ ਵਿਗਿਆਨਕ ਮੈਨੇਜਮੈਂਟ ਅਤੇ ਜਥੇਬੰਦੀ ਵਿਚ ਸੁਧਾਰ ਕਰਨ, ਆਪਣੇ ਕੰਮ ਦੇ ਤੌਰ-ਤਰੀਕਿਆਂ ਨੂੰ ਹੋਰ ਵੀ ਇਨਕਲਾਬੀ ਬਣਾਉਣ, ਅਤੇ ਯੋਜਨਾਂ ਦੇ ਟੀਚਿਆਂ ਨੂੰ ਨੇਪਰੇ ਚਾੜ੍ਹਨ ਅਤੇ ਪਾਰਟੀ ਦੀਆਂ ਹਦਾਇਤਾਂ ਅਤੇ ਸੇਧ ਨੂੰ ਲਾਗੂ ਕਰਨ ਵਿਚ ਪੂਰੀ ਜ਼ਿਮੇਵਾਰੀ ਚੁੱਕਣ। ਉਹਨਾਂ ਨੂੰ ਚਾਹੀਦਾ ਹੈ ਕਿ ਬੁਨਿਆਦੀ ਸੰਸਥਾਵਾਂ ਦੀ ਦੇਖ-ਭਾਲ ਅਤੇ ਮਦਦ ਦੇ ਕੰਮ ਨੂੰ

ਤੇਜ਼ ਕਰਨ, ਹਾਲਾਤਾਂ ਨੂੰ ਚੰਗੀ ਤਰ੍ਹਾਂ ਸਮਝਣ, ਬੁਨਿਆਦੀ ਸੰਸਥਾਵਾਂ ਵਲੋਂ ਉਠਾ-ਈਆਂ ਮੰਗਾਂ ਦੇ ਵਕਤ-ਸਿਰ ਹੱਲ ਪੇਸ਼ ਕਰਨ, ਅਤੇ ਉਨ੍ਹਾਂ ਦੀਆਂ ਸ਼ਾਖਾਵਾਂ ਅਤੇ ਸੈਕਟਰਾਂ ਦੀ ਉਨੱਤੀ ਵਾਸਤੇ ਵਿਗਿਆਨਕ ਅਧਿਅਨ ਕਰਨ।

ਪਾਰਟੀ ਨੇ ਪਲੈਨਿੰਗ ਦੇ ਵਿਗਿਆਨਕ ਪੱਧਰ ਨੂੰ ਉਚਾ ਚੁੱਕਣ ਵੱਲ ਲਗਾਤਾਰ ਧਿਆਨ ਦਿੱਤਾ ਹੈ, ਤਾਂ ਕਿ ਇਸਦੀ ਆਰਥਿਕ ਨੀਤੀ, ਪੈਦਾਵਾਰੀ ਤਾਕਤਾਂ ਦੇ ਅਰੋਕ ਵਿਕਾਸ ਵਾਸਤੇ ਇਸਦੀਆਂ ਹਦਾਇਤਾਂ ਅਤੇ ਸੇਧ, ਅਤੇ ਪੈਦਾਵਾਰ ਦੇ ਸਮਾਜਵਾਦੀ ਰਿਸ਼ਤਿਆਂ ਦੀ ਇਨਕਲਾਬੀ ਪੂਰਨਤਾ, ਆਰਥਿਕ-ਸਮਾਜਿਕ ਪਲੈ-ਨਾਂ ਵਿਚ ਮੁਕੰਮਲ ਤੌਰ ਤੇ ਲਾਗੂ ਹੋ ਸਕਣ।

ਸਾਡਾ ਇਹ ਪਲੈਨਿੰਗ ਸਿਸਟਮ ਠੀਕ ਸੀ, ਅਤੇ ਹੈ। ਇਹ ਲਗਾਤਾਰ ਉਨੱਤ ਹੋਇਆ ਹੈ, ਇਸਦਾਂ ਠੋਸ ਇਨਕਲਾਬੀ ਅਧਾਰ ਅਤੇ ਜਜ਼ਬਾ, ਅਤੇ ਇਸਦਾ ਜਮਾਤੀ ਖਾਸਾ ਮਜ਼ਬੂਤ ਹੋਇਆ ਹੈ। ਗਦਾਰ, ਐਬਦਿਲ ਕੇਲਜ਼ੀ ਨੇ ਸਾਡੀ ਸਮਾਜਵਾਦੀ ਪਲੈਨਿੰਗ ਦੇ ਅਸੂਲਾਂ ਨੂੰ ਤਰੋੜਨ-ਮਰੋੜਨ ਲਈ ਆਪਣਾ ਪੂਰਾ ਜ਼ੋਰ ਲਾਇਆ ਤਾਂ ਕਿ ਇਸਨੂੰ ਇਸਦੇ ਸਮਾਜਵਾਦੀ ਖਾਸੇ ਤੋਂ ਵਾਂਝਿਆਂ ਕੀਤਾ ਜਾਸਕੇ ਤੇ ਸਾਡੀ ਆਰਥਿਕਤਾ ਨੂੰ ਸਵੈ-ਪ੍ਰਸ਼ਾਸ਼ਨ ਦੇ ਸੋਧਵਾਦੀ ਰਾਹ ਤੇ ਪਾਇਆ ਜਾਸਕੇ। ਇਸ ਦੁਸ਼ਮਣਾਨਾ ਅਤੇ ਮਾਰਕਸਵਾਦ-ਵਿਰੋਧੀ ਕਰਤੂਤ ਦਾ ਪਾਰਟੀ ਨੇ ਡਟ ਕੇ ਮੂੰਹ-ਭੰਨਿਆਂ ਅਤੇ ਇਸ ਨੂੰ ਸਫਲ ਨਾ ਹੋਣ ਦਿੱਤਾ।

ਠੋਸ ਵਿਗਿਆਨਕ ਅਧਾਰ ਉਤੈ ਅਧਿਅਨ ਕਰਕੇ ਖਰੜੇ ਤਿਆਰ ਕਰਨਾ ਸਮਾਜ-ਵਾਦ ਦੀ ਉਸਾਰੀ ਵਿਚ ਫੈਸਲਾਕੁੰਨ ਮਹੱਤਤਾ ਰੱਖਦਾ ਹੈ। ਇਸ ਦੇ ਵਿਗਿਆਨਕ ਖਾਸੇ ਦੀ ਪੂਰਨਤਾ ਲਈ ਇਹ ਲਾਜ਼ਮੀ ਹੈ ਕਿ ਪਲੈਨਿੰਗ ਵਿਧੀ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਲ ਕੀਤਾ ਜਾਵੇ, ਮਿਹਨਤਕਸ਼ ਲੋਕਾਂ ਦੇ ਸੁਝਵਾਨ ਅਤੇ ਬਹੁਮੁੱਲੇ ਸੁਝਾਵਾਂ ਨੂੰ ਸੁਣਿਆਂ ਜਾਵੇ। ਇਹ ਲਾਜ਼ਮੀ ਹੈ ਕਿ ਆਰਥਿਕਤਾ ਦੇ ਸਭ ਖੇਤਰਾਂ ਵਿਚ ਪੈਦਾਵਾਰ, ਕੰਮ, ਕੱਚੇ-ਪਦਾਰਥਾਂ ਅਤੇ ਖਰਚਾਂ ਦੀ ਸਕੀਮ ਬਣਾਉਣ ਵਿਚ ਉਨੱਤ ਤਜਰਬਿਆਂ ਨੂੰ ਧਿਆਨ-ਗੋਚਰੇ ਰੱਖਿਆ ਜਾਵੇ। ਇਸ ਨਾਲ ਪਲੈਨਿੰਗ ਵਿਚ ਕਲਪਨਾਵਾਂ ਅਤੇ ਊਲ-ਜਲੂਲ ਅਟ-ਸਟੇ ਆਦਿ ਦੇ ਅਮਲ ਨੂੰ ਵੀ ਰੋਕਿਆ ਜਾ ਸਕੇਗਾ। ਪਾਰਟੀ ਦੀ ਸੇਧ ਅਤੇ ਸਮਾਜਵਾਦ ਦੇ ਆਰਥਿਕ ਨਿਯਮਾਂ ਦੇ ਅਧਾਰ ਤੇ ਵਿਗਿ-ਆਨਕ ਪਲੈਨ ਤਿਆਰ ਕਰਨਾ, ਆਰਥਿਕ ਅਤੇ ਸਮਾਜਿਕ ਵਿਧੀਆਂ ਦੇ ਸਹੀ ਰਾਹ ਉਤੇ ਉਨੱਤ ਹੋਣ ਵਿਚ, ਅਤੇ ਆਰਥਿਕਤਾ ਦੀ ਲਗਾਤਾਰ ਮਜ਼ਬੂਤੀ ਵਿਚ ਮੱਦਦ ਕਰਦਾ ਹੈ।

ਪਲੈਨਿੰਗ ਦੀ ਪੂਰਨਤਾ ਅਤੇ ਇਸਦੇ ਵਿਗਿਆਨਕ ਪੱਧਰ ਨੂੰ ਉਚਾ ਚੁੱਕਣਾ ਸਟੇਟ ਪਲੈਨਿੰਗ ਕਮਿਸ਼ਨ, ਮਨਿਸਟਰੀ ਆਫ ਫਾਈਨਾਂਸ, ਅਤੇ ਆਰਥਕਤਾ ਦੀ ਮੈਨੇਜਮੈਂਟ ਦੀਆਂ ਹੋਰ ਸਭ ਸੰਸਥਾਵਾਂ ਸਾਹਮਣੇ ਇੱਕ ਬਹੁਤ ਮਹੱਤਵਪੂਰਨ ਕੰਮ ਹੈ। ਪਲੈਨਿੰਗ ਸੰਸਥਾਵਾਂ ਵਾਸਤੇ ਇਹ ਜ਼ਰੂਰੀ ਹੈ ਕਿ ਉਹ ਪਾਰਟੀ ਦੀ ਆਰਥਿਕ ਨੀਤੀ, ਸਮਾਜਵਾਦ ਦੇ ਆਰਥਿਕ ਨਿਯਮਾਂ ਦੀਆਂ ਮੰਗਾਂ, ਲੋਕਾਂ ਦੇ ਸਰਗਰਮ ਜੀਵਨ ਅਤੇ ਇਨਕਲਾਬੀ ਤਜਰਬੇ ਨੂੰ ਚੰਗੀ ਤਰ੍ਹਾਂ ਘੋਖਣ।

ਆਰਥਿਕਤਾ ਦੀ ਮੈਨੇਜਮੈਂਟ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਇਹ ਜ਼ਰੂਰੀ ਹੈ ਕਿ ਆਰਥਿਕਤਾ ਦੀਆਂ ਸਭ ਸੰਸਥਾਵਾਂ ਪੂਰੀ ਨਿਗਰਾਨੀ ਰੱਖਣ। ਇਹ ਨਿਗਰਾਨੀ, ਜਿਸਦੇ ਪੱਧਰ ਨੂੰ ਹੋਰ ਉਚਾ ਚੁੱਕਿਆ ਜਾਣਾ ਚਾਹੀਦਾ ਹੈ, ਪਾਰਟੀ ਦੀ ਆਰਥਿਕ ਨੀਤੀ ਅਤੇ ਫੈਸਲਿਆਂ ਅਤੇ ਸਟੇਟ ਦੇ ਨਿਯਮਾਂ ਦੇ ਲਾਗੂ ਹੋਣ ਨੂੰ ਯਕੀਨੀ ਬਣਾਉਂਦੀ ਹੈ।

ਪਾਰਟੀ ਦੀ ਕੇਂਦਰੀ ਕਮੇਟੀ ਅਤੇ ਕੌਂਸਲ ਆਫ ਮਨਿਸਟਰਜ਼ ਨੇ ਬਹੁਤ ਦਫਾ ਇਸ ਗੱਲ ਵਲ ਧਿਆਨ ਦੁਆਇਆ ਹੈ ਕਿ ਮਨਿਸਟਰੀ ਆਫ ਫਾਇਨੈਂਸ ਅਤੇ ਅਤੇ ਨੈਸ਼ਨਲ ਬੈਂਕ ਦੀ ਜਨਰਲ ਮੈਨੇਜਮੈਂਟ ਹਰ ਜਗ੍ਹਾ ਵਿੱਤੀ ਨਿਗਰਾਨੀ ਅਤੇ ਡਸਿਪਲਿਨ ਨੂੰ ਲਾਗੂ ਕਰਨ। ਪਰ ਉਨ੍ਹਾਂ ਨੇ ਇਸ ਮਹੱਤਵਪੂਰਨ ਕੰਮ ਵਲ ਉਤਨਾ ਧਿਆਨ ਨਹੀਂ ਦਿੱਤਾ ਜਿਤਨਾ ਦੇਣਾ ਚਾਹੀਦਾ ਸੀ। ਇਨ੍ਹਾਂ ਖੇਤਰਾਂ ਵਿਚ ਜੋ ਨੌਕਰਸ਼ਾਹੀ ਅਤੇ ਉਦਾਰਵਾਦੀ ਧਾਰਨਾਵਾਂ ਮੌਜੂਦ ਹਨ ਉਨ੍ਹਾਂ ਨੂੰ ਦੂਰ ਕਰਨ ਲਈ ਕਦਮ ਚੁੱਕੇ ਗਏ ਹਨ।

ਪਾਰਟੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਆਰਥਿਕਤਾ ਦੇ ਸਭ ਪੱਧਰਾਂ ਵਿਚ ਵਿੱਤ ਅਤੇ ਹਿਸਾਬ-ਕਿਤਾਬ ਸਿਰਫ ਵਿੱਤੀ ਫੰਡਾਂ ਨੂੰ ਰਜਿਸਟਰ ਕਰਨ ਅਤੇ ਵੰਡ ਦੇ ਸਾਧਨ ਹੀ ਨਾ ਬਣੇ ਰਹਿਣ, ਬਲਕਿ ਇਨ੍ਹਾਂ ਨੂੰ ਸਭ ਪਲੈਨਾਂ ਦੇ ਖਰੜੇ ਤਿਆਰ ਕਰਨ ਤੋਂ ਲੈਕੇ ਉਸਾਰੀ ਤਕ ਦੇ ਕੰਮਾਂ ਵਿਚ ਬਹੁਤ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ। ਧੰਨ ਅਤੇ ਵਿੱਤ ਸਾਧਨਾਂ ਰਾਹੀਂ ਆਪਣੀ ਠੋਸ ਨਿਗਰਾਨੀ ਨੂੰ ਮਜਬੂਤ ਕਰਕੇ ਵਿੱਤੀ ਅਤੇ ਬੈਂਕ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਅਜੇਹੀ ਕਾਰਵਾਈ ਨੂੰ ਰੋਕਣ ਜੋ ਪਲੈਨ ਦੇ ਜ਼ਾਬਤੇ ਅਤੇ ਵਿੱਤ ਦੇ ਜ਼ਾਬਤੇ ਦੇ ਖਿਲਾਫ ਹੋਵੇ।

## 6 ਸਵੈ-ਨਿਰਭਰਤਾ ਦੇ ਅਸੂਲ ਨੂੰ ਸਮਝਣਾ ਅਤੇ ਸਹੀ ਤੌਰ ਤੇ ਲਾਗੂ ਕਰਨਾ ਜ਼ਰੂਰੀ ਹੈ

ਸਮਾਜਵਾਦੀ ਸਮਾਜ ਦੀ ਪੂਰਨ ਉਸਾਰੀ ਇਸ ਗੱਲ ਨਾਲ ਬਹੁਤ ਨੇੜੇ ਦਾ ਸਬੰਧ ਰੱਖਦੀ ਹੈ ਕਿ ਸਵੈ-ਨਿਰਭਰਤਾ ਦੇ ਅਸੂਲ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ ਅਤੇ ਜੀਵਨ ਦੇ ਹਰ ਖੇਤਰ ਵਿਚ ਲਾਗੂ ਕੀਤਾ ਜਾਵੇ। ਬਹੁਮੁੱਲੇ ਇਨਕਲਾਬੀ ਖਾਸੇ ਵਾਲਾ ਇਹ ਮਹਾਨ ਮਾਰਕਸਵਾਦੀ-ਲੈਨਿਨਵਾਦੀ ਅਸੂਲ ਸਮਾਜਵਾਦ ਦੀ ਉਸਾਰੀ ਵਾਸਤੇ ਇਕ ਕਿਸਮ ਹੀ ਨਹੀਂ ਬਲਕਿ, ਮੌਜੂਦਾਂ ਹਾਲਤਾਂ ਅਧੀਨ, ਸਾਡੇ ਦੇਸ਼ ਵਾਸਤੇ ਦੁਸ਼ਮਣ ਦੇ ਘੇਰੇ ਅਤੇ ਨਾਕਾਬੰਦੀ ਦਾ ਸਾਹਮਣਾ ਕਰਨ ਲਈ ਇਸਦੀ ਬਹੁਤ ਜ਼ਿਆਦਾ ਜ਼ਰੂਰਤ ਵੀ ਹੈ।

ਸਵੈ-ਨਿਰਭਰਤਾ ਦਾ ਅਸੂਲ, ਮੁਕਤੀ ਜੰਗ ਦੇ ਵਕਤ ਤੋਂ ਲੈਕੇ ਹੀ ਸਾਡੀ ਪਾਰਟੀ ਅਤੇ ਲੋਕਾਂ ਦੀ ਰਾਹਨੁਮਾਈ ਕਰਨ ਵਾਲਾ ਇਕ ਅਸੂਲ ਰਿਹਾ ਹੈ। ਕੌਮੀ ਮੁਕਤੀ ਜੰਗ ਦੇ ਦੌਰਾਨ ਸਾਡਾ ਨਾਹਰਾ ਸੀ, "ਅਜ਼ਾਦੀ ਦਾਨ ਵਿਚ ਨਹੀਂ ਮਿਲਦੀ, ਬਲਕਿ ਲੋਕ ਇਸ ਨੂੰ ਖੁਦ ਜਿੱਤਦੇ ਹਨ"। ਏਸੇ ਹੀ ਤਰ੍ਹਾਂ ਸਮਾਜਵਾਦ ਦੀ ਉਸਾਰੀ ਅਤੇ ਆਪਣੀ ਮਾਤ-ਭੂਮੀ ਦੀ ਰੱਖਿਆ ਵਾਸਤੇ ਜਦੋ ਜਹਿਦ ਵਿਚ ਪਾਰਟੀ ਹਮੇਸ਼ਾਂ ਇਸ ਅਸੂਲ ਤੇ ਚਲਦੀ ਹੈ। ਹੁਣ ਤਕ ਜਿੱਤੀਆਂ ਗਈਆਂ ਸਭ ਜਿੱਤਾਂ, ਸਾਡਾ ਸਮਾਜਵਾਦੀ ਅਤੇ ਅਜ਼ਾਦ ਜੀਵਨ ਇਸ ਮਹਾਨ ਲੈਨਿਨਵਾਦੀ ਸਿੱਟੇ ਦੀ ਗਵਾਹੀ ਭਰਦੇ ਹਨ ਕਿ ਸਵੈ-ਨਿਰਭਰਤਾ, ਅੰਦਰੂਨੀ ਤਾਕਤ, ਇਨਕਲਾਬ ਦੀ ਜਿੱਤ ਅਤੇ ਰਾਜਸਤਾ ਉਤੇ ਕਬਜਾ ਕਰਨ ਵਿਚ, ਅਤੇ ਸਮਾਜਵਾਦੀ ਉਸਾਰੀ ਅਤੇ ਮਾਤਭੂਮੀ ਰੱਖਿਆ ਲਈ ਜਦੋਜਹਿਦ ਵਿਚ ਫੈਸਲਾਕੁਨ ਤੱਤ ਹੈ।

ਸਾਡੀ ਪਾਰਟੀ ਨੇ ਹਮੇਸ਼ਾਂ ਹੀ ਇਸ ਵਿਚਾਰ ਦੀ ਰਾਖੀ ਕੀਤੀ ਹੈ ਕਿ ਸਵੈ-ਨਿਰਭਰਤਾਂ ਹਾਲਾਤਾਂ ਰਾਹੀਂ ਠੋਸੀ ਗਈ ਵਕਤੀ ਨੀਤੀ ਹੀ ਨਹੀਂ ਹੈ, ਬਲਕਿ ਹਰ ਛੋਟੇ ਜਾਂ ਵੱਡੇ, ਉਨਤ ਜਾਂ ਪਛੜੇ ਹੋਏ ਦੇਸ਼ ਵਾਸਤੇ ਲਾਜ਼ਮੀ ਹੈ, ਇਹ ਇਕ ਅਜਿਹਾ ਅਸੂਲ ਹੈ ਜੋ ਮੁਕਤੀ ਜੰਗ ਅਤੇ ਪ੍ਰੋਲਤਾਰੀ ਇਨਕਲਾਬ, ਅਤੇ ਸਮਾਜਵਾਦੀ ਉਸਾਰੀ ਅਤੇ ਦੇਸ਼ ਦੀ ਰਾਖੀ ਵਿਚ ਹਰ ਜਗ੍ਹਾ ਲਾਗੂ ਹੁੰਦਾ ਹੈ। ਇਸ ਅਸੂਲ ਨੂੰ ਲਾਗੂ ਕਰਨਾ ਬੁਰਜੂਆ ਅਤੇ ਸੋਧਵਾਦੀ ਦੇਸ਼ਾਂ ਤੋਂ ਵਿਤੀ ਕਰਜ਼ਿਆਂ ਦੇ ਵਹਿਣ ਨੂੰ ਰੋਕਦਾ ਹੈ, ਜਿਨ੍ਹਾਂ ਕਰਜ਼ਿਆਂ ਰਾਹੀਂ ਸਾਮਰਾਜੀਏ ਅਤੇ ਸਮਾਜਿਕ ਸਾਮਰਾਜੀਏ

ਬਦੇਸ਼ਾਂ ਅਤੇ ਕੌਮਾਂ ਨੂੰ ਗੁਲਾਮ ਬਣਾਉਂਦੇ ਹਨ, ਅਤੇ ਉਨ੍ਹਾਂ ਦੇ ਖੂਨ ਪਸੀਨੇ ਦੀ ਕਮਾਈ ਨੂੰ ਹੜੱਪਦੇ ਹਨ। ਸਾਮਰਾਜੀਆਂ ਅਤੇ ਸਮਾਜਿਕ ਸਾਮਰਾਜੀਆਂ ਵਲੋਂ ਵਿਕਸਿਤ ਹੋ ਰਹੇ ਦੇਸ਼ਾਂ ਨੂੰ ਦਿੱਤੀ ਜਾਂਦੀ ਮਦਦ ਇੱਕ ਢੌਂਗ ਹੈ ਜਿਸਦਾ ਮਕਸਦ ਹੈ ਇਨ੍ਹਾਂ ਦੇਸ਼ਾਂ ਦੀਆਂ ਆਰਥਿਕਤਾਵਾਂ ਨੂੰ ਲੁੱਟਣਾ ਅਤੇ ਉਨ੍ਹਾਂ ਉਤੇ ਸਾਮਰਾਜੀ ਦਬਦਬਾ ਪਾਉਣਾ।

ਬੁਰਜੂਆ-ਸੋਧਵਾਦੀ ਪ੍ਰਾਪੇਗੰਡਾ ਲੋਕਾਂ ਵਿਚ, ਖਾਸ ਕਰਕੇ ਵਿਕਸਤ ਹੋ ਰਹੇ ਦੇਸ਼ਾਂ ਦੇ ਲੋਕਾਂ ਵਿਚ, ਇਹ ਜਜ਼ਬਾਤ ਭਰਨ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਵੱਡੀਆਂ ਸਾਮਰਾਜੀ ਤਾਕਤਾਂ ਸਾਹਮਣੇ ਗੋਡੇ ਟੇਕ ਦੇਣ। ਰੂਸੀ ਸੋਧਵਾਦੀਏ ਖਾਸ ਤੌਰ ਤੇ, ਸਵੈ-ਨਿਰਭਰਤਾ ਦੇ ਅਸੂਲ ਦੇ ਇਨਕਲਾਬੀ ਖਾਸੇ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਹਨ। ਉਹ ਇਸਨੂੰ "ਸੌੜੇ ਕੌਮੀਵਾਦ ਵਿਚ ਫਸਣਾ", "ਪ੍ਰੋਲਤਾਰੀ ਕੌਮਾਂਤਰੀਵਾਦ ਵੱਲ ਪਿੱਠ ਮੋੜਨਾ", "ਸਮਾਜਵਾਦੀ ਮੁਲਕਾਂ ਵਿਚਕਾਰ ਪ੍ਰਸਪਰ ਮੱਦਦ ਦਾ ਖੰਡਨ ਕਰਨਾ", ਆਦਿ, ਆਦਿ, ਦੱਸਦੇ ਹਨ। ਇਨ੍ਹਾਂ ਮਾਰਕਸਵਾਦ-ਵਿਰੋਧੀ ਸਿਧਾਂਤਾਂ ਰਾਹੀਂ ਉਹ ਆਪਣੀ ਸਾਮਰਾਜੀ ਪਸਾਰੇ ਅਤੇ ਦੂਜੇ ਮੁਲਕਾਂ ਦੀ ਲੁੱਟ ਕਰਨ ਦੀ ਨੀਤੀ ਨੂੰ ਸਹੀ ਸਾਬਤ ਕਰਨਾ ਚਾਹੁੰਦੇ ਹਨ। ਉਹ ਲੋਕਾਂ ਦੀ ਅਜ਼ਾਦ ਜੀਵਨ ਉਸਾਰਨ ਦੀ ਦ੍ਰਿੜਤਾ ਅਤੇ ਸੰਭਾਵਨਾਵਾਂ, ਅਤੇ ਮੋਟੇ ਤੌਰ ਤੇ, ਅਜ਼ਾਦ ਮੁਲਕਾਂ ਦੇ ਤੌਰ ਤੇ ਉਨ੍ਹਾਂ ਦੀ ਹੋਂਦ ਉਤੇ ਸੱਟ ਮਾਰਨੀ ਚਾਹੁੰਦੇ ਹਨ।

ਸਵੈ-ਨਿਰਭਰਤਾ ਦੇ ਅਸੂਲ ਅਨੁਸਾਰ ਸਮਾਜਵਾਦੀ ਉਸਾਰੀ ਲਈ ਕੰਮ ਕਰਦਿਆਂ ਸਾਡੀ ਪਾਰਟੀ ਨੇ ਕਦੇ ਵੀ ਇੱਕ ਆਪਣੇ-ਆਪ ਵਿਚ ਸਵੈ-ਮੁਕੰਮਲ ਆਰਥਿਕਤਾ ਦੇ ਸੁਪਨੇ ਨਹੀਂ ਲਏ। ਇਸਦੇ ਨਾਲ ਨਾਲ, ਬਦੇਸ਼ੀ ਵਸਤਾਂ ਦੀ ਪੂਜਾ ਦਾ ਵਿਰੋਧ ਕਰਦਿਆਂ, ਇਸਨੇ ਕਦੇ ਵੀ ਅਗਾਂਹਵਧੂ ਸੰਸਾਰਿਕ ਸੋਚਣੀ, ਹੋਰ ਦੇਸ਼ਾਂ ਵਿਚ ਹਾਸਲ ਕੀਤੀਆਂ ਗਈਆਂ ਵਿਗਿਆਨਕ ਅਤੇ ਤਕਨੀਕੀ ਪ੍ਰਾਪਤੀਆਂ ਨੂੰ ਅੱਖੋਂ-ਓਹਲੇ ਨਹੀਂ ਕੀਤਾ। ਇਸਨੇ ਹਮੇਸ਼ਾ ਹੀ ਸਭ ਮੁਲਕਾਂ ਦੇ ਲੋਕਾਂ ਦੇ ਇਨਕਲਾਬੀ ਤਜਰਬੇ ਅਤੇ ਹਰ ਉਸ ਚੀਜ਼ ਦੀ ਕਦਰ ਕੀਤੀ ਹੈ ਜੋ ਮਨੁੱਖਤਾ ਦੀ ਮੁਕਤੀ ਅਤੇ ਉਨੱਤੀ ਦੇ ਕਾਜ਼ ਦੀ ਸੇਵਾ ਕਰਦੀ ਹੋਵੇ।

ਸਵੈ-ਨਿਰਭਰਤਾ ਦਾ ਅਸੂਲ ਇਨਕਲਾਬੀ ਅਤੇ ਸਮਾਜਵਾਦੀ ਤਾਕਤਾਂ ਵਿਚਕਾਰ ਆਪਸੀ ਮਿਲਵਰਤਣ ਅਤੇ ਸਹਾਇਤਾ ਦੀ ਮਨਾਹੀ ਨਹੀਂ ਕਰਦਾ, ਬਲਕਿ ਇਸਦਾ ਇੱਕ ਅੰਗ ਹੈ। ਇੱਕ ਜੇਤੂ ਇਨਕਲਾਬ ਤੋਂ ਕੌਮੀ ਅਤੇ ਸਮਾਜਿਕ ਮੁਕਤੀ ਲਈ ਲੜ ਰਹੇ ਦੇਸ਼ਾਂ ਅਤੇ ਲੋਕਾਂ ਨੂੰ ਮਿਲਣ ਵਾਲੀ ਮੱਦਦ, ਸਮਾਜਵਾਦੀ ਮੁਲਕਾਂ

ਵਿਚਕਾਰ ਆਪਸੀ ਸਹਿਯੋਗ, ਇੱਕ ਕੌਮਾਂਤਰੀਵਾਦੀ ਫਰਜ਼ ਹੈ। ਇਹ ਕਿਸੇ ਵੀ ਕਿਸਮ ਦੇ ਸਵਾਰਥੀ ਹਿੱਤਾਂ ਤੋਂ ਰਹਿਤ ਹੈ ਅਤੇ ਮਾਰਕਸਵਾਦ ਲੈਨਿਨਵਾਦ ਦੇ ਉਚੇ ਅਸੂਲਾਂ ਤੇ ਅਧਾਰਿਤ ਹੈ। ਇਹ ਮੱਦਦ ਨਾ ਸਿਰਫ ਹਾਸਲ ਕਰਨ ਵਾਲੇ ਦੇਸ਼ ਦੀ ਭਲਾਈ ਲਈ ਹੀ ਹੈ, ਬਲਕਿ ਇਸ ਵਿਚ ਮੱਦਦ ਦੇਣ ਵਾਲੇ ਦੇਸ਼ ਦੀ ਵੀ ਭਲਾਈ ਹੈ, ਕਿਉਂਕਿ ਕਿਸੇ ਵੀ ਮੁਲਕ ਵਿਚ ਸਮਾਜਵਾਦ ਦੀ ਜਿੱਤ ਹੋਰ ਮੁਲਕਾਂ ਵਿਚ ਸਰਮਾਏਦਾਰੀ ਅਤੇ ਸੋਧਵਾਦ ਉਤੇ ਇਨਕਲਾਬ ਦੀ ਜਿੱਤ ਦੀ ਮੱਦਦ ਕਰਦੀ ਹੈ।

ਦਿਨ-ਬ-ਦਿਨ, ਸਾਡੇ ਦੇਸ਼ ਵਲੋਂ ਤੈਅ ਕੀਤੇ ਰਾਹ ਨੇ, ਸਾਡੀ ਪਾਰਟੀ ਦੀ ਲਾਈਨ ਦੇ ਸਹੀ ਹੋਣ ਵਿਚ ਲੋਕਾਂ ਦੇ ਭਰੋਸੇ ਨੂੰ ਹੋਰ ਵੀ ਮਜਬੂਤ ਕੀਤਾ ਹੈ, ਸਾਡੇ ਆਪਣੇ ਪਦਾਰਥਕ ਅਤੇ ਮਨੁੱਖੀ ਸੋਮਿਆਂ ਤੇ ਟੇਕ ਰੱਖਕੇ ਸਮਾਜਵਾਦੀ ਸਮਾਜ ਦੀ ਮੁਕੰਮਲ ਉਸਾਰੀ ਦੇ ਕੰਮ ਨੂੰ ਅੱਗੇ ਲਿਜਾਣ ਦੀਆਂ ਸੰਭਾਵਨਾਵਾਂ ਵਿਚ ਭਰੋਸੇ ਨੂੰ ਹੋਰ ਵੀ ਮਜਬੂਤ ਬਣਾਇਆ ਹੈ।

ਸਵੈ-ਨਿਰਭਰਤਾ ਦਾ ਅਸੂਲ ਮੰਗ ਕਰਦਾ ਹੈ ਕਿ ਸਭ ਤੋਂ ਪਹਿਲੀ ਗੱਲ ਪਾਰਟੀ ਦੀ ਅਗਵਾਈ ਹੇਠ ਲੋਕਾਂ ਦੀਆਂ ਉਸਾਰੂ ਦਿਮਾਗੀ ਅਤੇ ਜਿਸਮਾਨੀ ਸ਼ਕਤੀਆਂ ਉਤੇ ਟੇਕ ਰੱਖੀ ਜਾਵੇ। ਸਮਾਜਵਾਦ ਲੋਕਾਂ ਦਾ ਕੰਮ ਹੈ, ਇਸ ਲਈ ਹਰ ਇੱਕ ਪੈਦਾ ਕੀਤੀ ਗਈ ਚੀਜ਼, ਲੋਕਾਂ ਦੇ ਕੰਮ, ਪਸੀਨੇ, ਅਤੇ ਸੂਝ ਦਾ ਫਲ ਹੈ।

ਸਵੈਨਿਰਭਰਤਾ ਦਾ ਅਸੂਲ ਉਸ ਵਕਤ ਪੂਰੀ ਤਰ੍ਹਾਂ ਸਮਝਿਆ ਜਾਂਦਾ ਹੈ, ਜਦੋਂ ਹਰ ਕੁਲੈਕਟਿਵ ਅਤੇ ਹਰ ਵਿਅਕਤੀ, ਸਟੇਟ ਅਤੇ ਸਮਾਜ ਤੋਂ ਹੋਰ ਸਾਧਨਾਂ ਦੀ ਮੰਗ ਕੀਤੇ ਬਗੈਰ, ਆਪਣੇ ਜਿੰਮੇ ਲੱਗੇ ਕੰਮਾਂ ਨੂੰ ਨੇਪਰੇ ਚਾੜ੍ਹੇ। ਇਸ ਲਈ ਸਭਤੋਂ ਪਹਿਲੀ ਗੱਲ, ਹਰ ਜਗ੍ਹਾ ਤੇ ਦ੍ਰਿੜਤਾ ਨਾਲ ਕੰਮ ਦੀ ਪੈਦਾਵਾਰੀ ਸ਼ਕਤੀ ਨੂੰ ਵਧਾਉਣਾ, ਪੈਦਾਵਾਰ ਨੂੰ ਵਧਾਉਣਾ ਅਤੇ ਕੀਮਤਾਂ ਨੂੰ ਘਟਾਉਣਾ, ਮਸ਼ੀਨਾਂ ਅਤੇ ਸਾਜ਼ਸਮਾਨ ਨੂੰ ਲੋਕਾਂ ਦੀ ਤਕਨੀਕੀ ਸਮੱਰਥਾ ਵਧਾਉਣ ਵਾਸਤੇ ਵੱਧ ਤੋਂ ਵੱਧ ਚੰਗੇਰੇ ਢੰਗ ਨਾਲ ਵਰਤਣਾ ਅਤੇ ਤਕਨੀਕੀ-ਵਿਗਿਆਨਕ ਇਨਕਲਾਬ ਨੂੰ ਹੋਰ ਡੂੰਘਿਆਂ ਕਰਨਾ ਲਾ-ਜ਼ਮੀ ਹੋ ਜਾਂਦਾ ਹੈ।

ਸਵੈ-ਨਿਰਭਰਤਾ ਦੇ ਅਸੂਲ ਨੂੰ ਸਹੀ ਤੌਰ ਤੇ ਤਦ ਸਮਝਿਆ ਜਾਂਦਾ ਹੈ, ਜਦੋਂ ਇਸਨੂੰ ਕੌਮੀ-ਇਲਾਕਾਈ ਪੱਧਰ ਤੇ ਹਰ ਖੇਤਰ ਵਿਚ ਲਾਗੂ ਕੀਤਾ ਜਾਂਦਾ ਹੈ, ਜਦੋਂ ਇਹ ਸਾਡੇ ਜੀਵਨ ਦਾ ਅੰਗ ਬਣ ਜਾਂਦਾ ਹੈ। ਜਦੋਂ ਇਸਨੂੰ ਸਨੱਅਤੀ ਅਦਾਰੇ ਅਤੇ ਕੋਅਪ੍ਰੇਟਿਵਾਂ, ਹਰ ਸੰਸਥਾ ਅਤੇ ਫੌਜੀ ਇਕਾਈ ਵਿਚ ਲਾਗੂ ਕੀਤਾ ਜਾਂਦਾ ਹੈ।

III

# ਪਾਰਟੀ ਨੂੰ ਲਗਾਤਾਰ ਮਜਬੂਤ ਬਣਾਉਣਾ ਚਾਹੀਦਾ ਹੈ ਅਤੇ ਇਸ ਦੇ ਅਗਵਾਈ ਵਾਲੇ ਰੋਲ ਨੂੰ ਹੋਰ ਵੀ ਵਧਾਉਣਾ ਚਾਹੀਦਾ ਹੈ

ਅਲਬਾਨੀਅਨ ਲੋਕਾਂ ਵਲੋਂ ਆਪਣੀ ਕੌਮੀ ਮੁਕਤੀ ਦੇ ਘੋਲ ਵਿਚ, ਜਮਹੂਰੀ ਇਨਕਲਾਬ ਵਿਚ, ਅਤੇ ਦੇਸ਼ ਦੀ ਸਮਾਜਵਾਦੀ ਉਸਾਰੀ ਵਿਚ ਜਿੱਤੀਆਂ ਗਈਆਂ ਸਭ ਜਿੱਤਾਂ ਦੀ ਨਿਰਮਾਤਾ, ਪਾਰਟੀ ਆਫ ਲੇਬ ਆਫ ਅਲਬਾਨੀਆਂ ਹੈ।

ਪਿਛਲੇ 35 ਸਾਲਾਂ ਤੋਂ, ਸਾਡੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀ, ਇਨਕਲਾਬ ਅਤੇ ਸਮਾਜਵਾਦ ਦੇ ਰਾਹ ਉਤੇ ਦ੍ਰਿੜਤਾ ਅਤੇ ਸੂਝ ਨਾਲ ਅਲਬਾਨੀਅਨ ਲੋਕਾਂ ਨੂੰ ਅਗਵਾਈ ਦਿੰਦੀ ਰਹੀ ਹੈ। ਬੇਸ਼ੁਮਾਰ ਮੁਸ਼ਕਲਾਂ ਅਤੇ ਅੜਚਣਾਂ ਉਤੇ ਕਾਬੂ ਪਾਉਂਦਿਆਂ ਅਤੇ ਵਹਿਸ਼ੀ, ਅੰਦਰੂਨੀ ਅਤੇ ਬਾਹਰੀ, ਦੁਸ਼ਮਣਾਂ ਦਾ ਮੂੰਹ ਭੰਨਦਿਆਂ, ਅਨੇਕਾਂ ਜਿੱਤਾਂ ਜਿੱਤਣ ਵਿਚ ਇਸਨੇ ਸਾਡੇ ਦੇਸ਼ ਦੀ ਅਗਵਾਈ ਕੀਤੀ।

6ਵੀਂ ਕਾਂਗਰਸ ਵਲੋਂ ਮਿਥੇ ਕੰਮਾਂ ਨੂੰ ਲਾਗੂ ਕਰਨ ਵਿਚ ਕੀਤੇ ਗਏ ਜ਼ਬਰਦਸਤ ਕੰਮ ਅਤੇ ਸਰਬ-ਪੱਖੀ ਯਤਨਾਂ ਨੇ ਪਾਰਟੀ ਨੂੰ ਹੋਰ ਮਜਬੂਤ ਕੀਤਾ ਹੈ ਅਤੇ ਇਸਨੂੰ ਹੋਰ ਵੀ ਜ਼ਿਆਦਾ ਇਨਕਲਾਬੀ ਬਣਾਇਆ ਹੈ, ਇਸਦੀਆਂ ਸਫਾਂ ਵਿਚ ਵਿਚਾਰਧਾਰਕ ਅਤੇ ਜਥੇਬੰਦਕ ਏਕਤਾ ਮਜਬੂਤ ਕੀਤੀ ਹੈ, ਅਤੇ ਦੇਸ਼ ਦੇ ਸਮੁੱਚੇ ਜੀਵਨ ਵਿਚ ਇਸ ਦਾ ਅਗਵਾਈ ਵਾਲਾ ਰੋਲ ਹੋਰ ਵੀ ਵਧਾਇਆ ਹੈ। ਇਸਦੇ ਦੇ ਫੈਸਲਿਆਂ ਨੂੰ ਅਤੇ ਕੰਮਾਂ ਨੂੰ ਸਭ ਪੱਖਾਂ ਉਤੇ ਅਮਲ ਵਿਚ ਲਾਗੂ ਕਰਨ, ਅਤੇ ਇਸ ਦੇ ਅਸੂਲਾਂ ਅਤੇ ਨਿਯਮਾਂ ਉਤੇ ਇਨਕਲਾਬੀ ਅਮਲ ਵਾਸਤੇ ਘੋਲ, ਅਤੇ ਜਮਾਤੀ ਦੁਸ਼ਮਣਾਂ ਅਤੇ ਹਰ ਪਾਸੇ ਤੋਂ ਸਾਮਰਾਜੀ-ਸੋਧਵਾਦੀ ਦਬਦਬੇ ਦੇ ਖਿਲਾਫ ਘੋਲ ਨੇ ਸਾਡੀ ਪਾਰਟੀ ਨੂੰ ਹੋਰ ਜ਼ਿਆਦਾ ਖਾੜਕੂ, ਸੂਝਵਾਨ ਅਤੇ ਦੂਰਦਰਸ਼ੀ ਬਣਾਇਆ ਹੈ।

ਛੇਵੀਂ ਪੰਜ-ਸਾਲਾ ਯੋਜਨਾ ਦੇ ਟੀਚੇ, ਵਿਕਾਸ ਦੇ ਮੌਜੂਦਾ ਦੌਰ ਵਿਚ, ਦੇਸ਼ ਦੀ ਉਸਾਰੀ ਦੇ ਕੰਮ, ਪਾਰਟੀ ਨੂੰ ਮਜਬੂਤ ਕਰਨ ਅਤੇ ਇਸਦੇ ਅਗਵਾਈ ਵਾਲੇ ਰੋਲ ਨੂੰ ਹੋਰ ਉਚੀ ਪੱਧਰ ਤੇ ਲਿਜਾਣ ਨੂੰ ਲਾਜ਼ਮੀ ਬਣਾਉਂਦੇ ਹਨ। ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਅਤੇ ਖੁਦ ਆਪਣੇ ਤਜਰਬੇ ਨਾਲ ਲੈਸ, ਸੋਚਣੀ ਅਤੇ ਕੰਮਾਂ

ਵਿਚ ਏਕਤਾ ਨਾਲ ਲੈਸ, ਅਤੇ ਲੋਕਾਂ ਨਾਲ ਗੂੜ੍ਹੇ ਸਬੰਧਾਂ ਵਾਲੀ ਇੱਕ ਪਾਰਟੀ, ਲੋਕਾਂ ਨੂੰ ਇਸਦੀ ਸੇਧ ਦੇ ਗਿਰਦ ਲਾਮਬੰਦ ਕਰਨ ਅਤੇ ਇਨਕਲਾਬੀ ਕੰਮਾਂ ਨੂੰ ਨੇਪਰੇ ਚਾੜ੍ਹਨ ਦੀ ਇੱਕ ਬੁਨਿਆਦੀ ਸ਼ਰਤ ਹੈ। ਪਾਰਟੀ ਇੱਕ ਅਜੇਹੀ ਚੇਤੰਨ ਤਾਕਤ ਹੈ ਜੋ ਲੋਕਾਂ ਦੇ ਰੋਜ਼ਾਨਾ ਘੋਲ ਨੂੰ ਸਿਆਸੀ ਅਤੇ ਸਿਧਾਂਤਕ ਰੰਗ ਦਿੰਦੀ ਹੈ, ਇਸਦੇ ਉਦੇਸ਼ਾਂ ਦੀ ਵਿਆਖਿਆ ਕਰਦੀ ਹੈ, ਇਸਦੇ ਟੀਚਿਆਂ ਨੂੰ ਸਾਫ ਤੌਰ ਤੇ ਪੇਸ਼ ਕਰਦੀ ਹੈ ਅਤੇ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਦਾ ਰਾਹ ਦਿਖਾਉਂਦੀ ਹੈ।

1—ਦੇਸ਼ ਦੇ ਸਮੁੱਚੇ ਜੀਵਨ ਵਿਚ ਪਾਰਟੀ ਦੀ ਲੀਡਰਸ਼ਿਪ, ਸਮਾਜਵਾਦੀ ਸਮਾਜ ਦੀ ਮੁਕੰਮਲ ਉਸਾਰੀ ਦੀ ਇੱਕ ਗਰੰਟੀ ਹੈ

ਸਮਾਜਵਾਦ ਦੇ ਸਿਧਾਂਤ ਅਤੇ ਅਮਲ, ਸਾਡੀ ਪਾਰਟੀ ਦੀ ਇਨਕਲਾਬੀ ਜ਼ਿੰਦਗੀ ਅਤੇ ਸਰਗਰਮੀ ਨੇ ਹਮੇਸ਼ਾ ਹੀ ਸਾਫ ਤੌਰ ਤੇ ਇਹ ਸਾਬਤ ਕੀਤਾ ਹੈ ਕਿ ਲੋਕਾਂ ਅਤੇ ਇਨਕਲਾਬ ਦੀ ਕਿਸਮਤ ਵਾਸਤੇ, ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਬਰਕਰਾਰ ਰੱਖਣਾ ਅਤੇ ਮਜ਼ਬੂਤ ਕਰਨਾ ਇੱਕ ਫੈਸਲਾਕੁੰਨ ਗੱਲ ਹੈ। ਸਿਰਫ ਪਾਰਟੀ ਦੀ ਅਗਵਾਈ ਹੇਠ ਹੀ ਲੋਕਾਂ ਦੀ ਰਾਜਸੱਤਾ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ, ਦੇਸ਼ ਦੀ ਰਾਖੀ ਕੀਤੀ ਜਾ ਸਕਦੀ ਹੈ, ਸਮਾਜਵਾਦੀ ਆਰਥਿਕਤਾ ਉਸਾਰੀ ਜਾ ਸਕਦੀ ਹੈ, ਸੱਭਿਆਚਾਰ ਦਾ ਵਿਕਾਸ ਕੀਤਾ ਜਾ ਸਕਦਾ ਹੈ, ਨਵੇਂ ਮਨੁੱਖ ਦੀ ਸਿਖਲਾਈ ਹੋ ਸਕਦੀ ਹੈ, ਅਤੇ ਕਮਿਊਨਿਜ਼ਮ ਵੱਲ ਅਰੁੱਕ ਕੂਚ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਸੋ, ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਕਿ ਸਭ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਨੇ ਆਪਣੇ ਹਮਲਿਆਂ ਦਾ ਸਭ ਤੋਂ ਪਹਿਲਾ ਨਿਸ਼ਾਨਾ ਪਾਰਟੀ ਅਤੇ ਇਸਦੇ ਅਗਵਾਈ ਵਾਲੇ ਰੋਲ ਨੂੰ ਬਣਾਇਆ ਹੈ। ਇਹ, ਤਾਜ਼ਾ ਸਾਲਾਂ ਵਿਚ ਪਾਰਟੀ ਵਲੋਂ ਨੰਗੇ ਕੀਤੇ ਗਏ ਅਤੇ ਦੁਰਕਾਰੇ ਗਏ ਦੁਸ਼ਮਣ ਗਰੁੱਪਾਂ ਦੀਆਂ ਕਰਤੂਤਾਂ ਤੋਂ ਸਾਫ ਜ਼ਾਹਿਰ ਹੈ। ਇਨ੍ਹਾਂ ਦੁਸ਼ਮਣਾਂ ਨੇ, ਜਿੱਥੇ ਵੀ ਹੋ ਸਕਿਆ, ਪਾਰਟੀ ਦੀਆਂ ਜਥੇਬੰਦੀਆਂ ਨੂੰ ਕਮਜ਼ੋਰ ਕਰਨਾ ਚਾਹਿਆ ਅਤੇ ਉਨ੍ਹਾਂ ਦੇ ਅਗਵਾਈ ਵਾਲੇ ਰੋਲ ਨੂੰ ਖਤਮ ਕਰਨਾ ਚਾਹਿਆ ।

ਪਿਛਲੇ ਪੰਜ ਸਾਲਾਂ ਦੇ ਦੁਰਾਨ, ਪਾਰਟੀ ਦਾ ਅਗਵਾਈ ਵਾਲਾ ਰੋਲ, ਹਰ ਨਜ਼ਰੀਏ ਤੋਂ ਅਤੇ ਹਰ ਖੇਤਰ ਅਤੇ ਦਿਸ਼ਾ ਵਿਚ , ਹੋਰ ਵੀ ਮਜ਼ਬੂਤ ਹੋਇਆ ਹੈ।

ਇਹ ਸਚਾਈ, ਇਨ੍ਹਾਂ ਸਾਲਾਂ ਦੇ ਦੁਰਾਨ ਹੋਈ ਤਰੱਕੀ, ਪਾਰਟੀ ਦੀ ਲਾਈਨ

ਨੂੰ ਲਾਗੂ ਕਰਨ ਵਿਚ ਲੋਕਾਂ ਵਲੋਂ ਵੱਧ-ਚੜ੍ਹ ਕੇ ਹਿੱਸਾ ਲੈਣ, ਅਤੇ ਸਮਾਜਵਾਦੀ ਉਸਾਰੀ ਅਤੇ ਦੇਸ਼ ਦੀ ਰਾਖੀ ਵਿਚ ਹਾਸਲ ਕੀਤੀਆਂ ਗਈਆਂ ਜਿੱਤਾਂ ਤੋਂ ਸਾਫ ਜ਼ਾਹਿਰ ਹੈ।

ਰਾਜਸੱਤਾ ਵਿਚ ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਮਜ਼ਬੂਤ ਕਰਨ ਨੇ ਇਸ ਤਾਕਤ ਦੀ ਆਗੂ ਅਤੇ ਪ੍ਰਬੰਧਕੀ ਸਮੱਰਥਾ ਨੂੰ ਵਧਾਇਆ ਹੈ, ਇਸ ਉਤੋਂ ਉਦਾਰ-ਵਾਦ ਅਤੇ ਨੌਕਰਸ਼ਾਹੀ ਦਾ ਘੱਟਾ ਝਾੜਿਆ ਹੈ, ਇਸ ਨੂੰ ਲੋਕਾਂ ਦੇ ਹੋਰ ਨਜ਼ਦੀਕ ਲਿਆਂਦਾ ਹੈ ਅਤੇ ਇਸ ਨੂੰ ਲੋਕਾਂ ਦੇ ਹੋਰ ਵੀ ਜ਼ਿਆਦਾ ਕੰਟਰੋਲ ਥੱਲੇ ਲਿਆਂਦਾ ਹੈ।

ਆਰਥਿਕਤਾ ਵਿਚ ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਵਧਾਉਣ ਨਾਲ ਸਮਾਜਵਾਦੀ ਅਧਾਰ ਹੋਰ ਮਜ਼ਬੂਤ ਹੋਇਆ ਹੈ, ਇਸਦੀ ਤੇਜ਼ ਉਨੱਤੀ ਦੀਆਂ ਉਮੀਦਾਂ ਸਾਫ ਹੋਈਆਂ ਹਨ, ਯੋਜਨਾਵਾਂ ਨੂੰ ਨੇਪਰੇ ਚਾੜ੍ਹਨ ਵਿਚ ਲੋਕਾਂ ਦੀ ਦ੍ਰਿੜ੍ਹਤਾ ਅਤੇ ਭਰੋਸੇ ਅਤੇ ਉਨ੍ਹਾਂ ਦੀ ਲਾਮਬੰਦੀ ਨੂੰ ਵਧਾਇਆ ਹੈ, ਅਤੇ ਆਰਥਿਕਤਾ ਦੀ ਮੈਨੇਜਮੈਂਟ ਦੇ ਵਿਗਿਆਨਕ ਪੱਧਰ ਨੂੰ ਮਾਰਕਸਵਾਦੀ-ਲੈਨਿਨਵਾਦੀ ਅਧਾਰ ਤੇ ਉਚਾ ਚੁੱਕਿਆ ਹੈ, ਅਤੇ ਬੁਰਜੂਆ-ਸੋਧਵਾਦੀ ਤੋੜ-ਮਰੋੜਾਂ ਦਾ ਰਾਹ ਰੋਕਿਆ ਹੈ।

ਪਾਰਟੀ ਦੀ ਠੋਸ ਲੀਡਰਸ਼ਿਪ ਨੇ ਸੱਭਿਆਚਾਰ ਅਤੇ ਪੜ੍ਹਾਈ, ਸਾਹਿੱਤ ਅਤੇ ਕਲਾ ਨੂੰ ਉਨੱਤ ਕੀਤਾ ਹੈ, ਉਨ੍ਹਾਂ ਨੂੰ ਹੋਰ ਜ਼ਿਆਦਾ ਇਨਕਲਾਬੀ ਜਮਾਤੀ ਮਾਦੇ ਨਾਲ ਭਰਪੂਰ ਕੀਤਾ ਹੈ, ਉਨ੍ਹਾਂ ਨੂੰ ਵਧੇਰੇ ਵਿੱਦਿਅਕ ਅਤੇ ਲਾਮਬੰਦੀ ਸ਼ਕਤੀ ਦਿੱਤੀ ਹੈ, ਅਤੇ ਉਨ੍ਹਾਂ ਨੂੰ ਲੋਕਾਂ, ਮਜ਼ਦੂਰ ਜਮਾਤ ਅਤੇ ਸਹਿਕਾਰੀ ਕਿਸਾਣੀ, ਅਤੇ ਸਾਡੇ ਸਮਾਜਵਾਦੀ ਇਨਕਲਾਬ ਦੇ ਮੁੱਖ ਕੰਮਾਂ ਨਾਲ ਹੋਰ ਵੀ ਮਜ਼ਬੂਤ ਤੌਰ ਤੇ ਜੋੜਿਆ ਹੈ।

ਪਾਰਟੀ ਦੀ ਅਗਵਾਈ ਨੂੰ ਮਜ਼ਬੂਤ ਕਰਨ ਨਾਲ ਦੇਸ਼ ਦੀ ਰੱਖਿਆ ਸ਼ਕਤੀ ਦਾ ਪੱਧਰ ਉਚਾ ਹੋਇਆ ਹੈ, ਹਰ ਪੱਖ ਤੋਂ, ਰੱਖਿਆ ਵਾਸਤੇ ਸਮੁੱਚੇ ਲੋਕਾਂ ਨੂੰ ਹਥਿ-ਆਰਬੰਦ ਕਰਨ ਅਤੇ ਸਿਖਲਾਈ ਦੇਣ ਦੀ ਮਾਰਕਸਵਾਦੀ-ਲੈਨਿਨਵਾਦੀ ਸਿੱਖਿਆ ਨੂੰ ਲਾਗੂ ਕੀਤੇ ਜਾਣ ਨੂੰ ਬੇਹਤਰ ਬਣਾਇਆ ਹੈ, ਅਤੇ ਹਥਿਆਰਬੰਦ ਸ਼ਕਤੀਆਂ ਦੇ ਲੋਕ-ਖਾਸੇ ਨੂੰ ਮਜ਼ਬੂਤ ਕੀਤਾ ਹੈ।

ਪਾਰਟੀ ਦੇ ਅਗਵਾਈ ਵਾਲੇ ਰੋਲ ਦਾ ਮਜ਼ਬੂਤ ਹੋਣਾ, ਲੋਕਾਂ ਦੀ ਚੇਤੰਨਤਾ ਦੇ ਪੱਧਰ ਨੂੰ ਪਾਰਟੀ ਦੀ ਚੇਤੰਨਤਾ ਦੇ ਪੱਧਰ ਤਕ ਲਿਆਉਣ ਵਿਚ, ਅਤੇ ਨਾਲੋ ਨਾਲ ਇਸਦੇ ਉਦੇਸ਼ਾਂ ਨੂੰ ਲਾਗੂ ਕਰਨ ਦੇ ਘੋਲ ਵਿਚ ਲੋਕਾਂ ਦੀ ਲਾਮਬੰਦੀ ਅਤੇ ਜਥੇਬੰਦੀ

ਵਿਚ ਇਸ ਵਲੋਂ ਲੋਕਾਂ ਦੀ ਜਮਾਤੀ, ਵਿਚਾਰਧਾਰਕ-ਸਿਆਸੀ ਸਿੱਖਿਆ ਵਿਚ ਕੀਤੇ ਜਾ ਰਹੇ ਮਹਾਨ ਕੰਮ ਤੋਂ ਵੀ ਸਾਫ ਜ਼ਾਹਿਰ ਹੈ।

ਪਾਰਟੀ ਦਾ ਅਗਵਾਈ ਵਾਲਾ ਰੋਲ, ਸਿਰਫ ਇਸ ਕਰਕੇ ਆਪਣੇ-ਆਪ ਹੀ ਮਜਬੂਤ ਨਹੀਂ ਹੋ ਜਾਂਦਾ ਕਿ ਪਾਰਟੀ ਤਾਕਤ ਵਿਚ ਹੈ। ਪਾਰਟੀ ਦੇ ਅਗਵਾਈ ਵਾਲੇ ਰੋਲ ਦੀ ਮਜਬੂਤੀ ਇਸਦੀ ਆਮ ਸੇਧ, ਇਸਦੇ ਫੈਸਲਿਆਂ ਅਤੇ ਹਦਾਇਤਾਂ, ਇਸ ਦੇ ਅਸੂਲਾਂ ਅਤੇ ਨਿਯਮਾਂ ਨੂੰ ਲਾਗੂ ਕਰਨ ਵਿਚ ਲਗਾਤਾਰ,ਸਿਆਸੀ,ਵਿਚਾਰਧਾਰਕ ਅਤੇ ਜਥੇਬੰਦਕ ਘੋਲ ਰਾਹੀਂ ਯਕੀਨੀ ਬਣਾਈ ਜਾਂਦੀ ਹੈ। ਪਾਰਟੀ ਦਾ ਅਗਵਾਈ ਵਾਲਾ ਰੋਲ, ਇਨ੍ਹਾਂ ਦੀ ਕਿਸੇ ਵੀ ਕਿਸਮ ਦੀ ਉਲੰਘਣਾ, ਬੁਰਜੂਆ, ਅਤੇ ਸੋਧਵਾਦੀ ਸੋਚਣੀ, ਅਤੇ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਦੇ ਖਿਲਾਫ ਲਗਾਤਾਰ ਦ੍ਰਿੜ ਜਮਾਤੀ ਘੋਲ ਰਾਹੀਂ; ਮਜਬੂਤ ਕੀਤਾ ਜਾਂਦਾ ਹੈ। ਇਹ ਰੋਲ ਸਮਾਜਵਾਦ ਦੀ ਉਸਾਰੀ ਵਿਚ ਰੋਜ਼ਾਨਾ ਘੋਲ ਵਿਚ ਪਾਰਟੀ ਦੀ ਅਗਵਾਈ ਰਾਹੀਂ ਮਜਬੂਤ ਹੁੰਦਾ ਹੈ।

ਪਾਰਟੀ ਦੀ ਲੀਡਰਸ਼ਿਪ ਇੱਕ ਹੈ ਅਤੇ ਇਸ ਨੂੰ ਵੰਡਿਆ ਨਹੀਂ ਜਾ ਸਕਦਾ। ਇਹ ਉਸ ਸਮੇਂ ਪ੍ਰਾਪਤ ਹੁੰਦੀ ਹੈ ਜਦੋਂ ਇਸਦੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਅਤੇ ਨੀਤੀ, ਇਸਦੇ ਫੈਸਲਿਆਂ ਅਤੇ ਹਦਾਇਤਾਂਨੂੰ ਸਭ ਖੇਤਰਾਂ ਅਤੇ ਸਭ ਦਿਸ਼ਾਵਾਂ ਵਿਚ — ਰਾਜਸੱਤਾ ਅਤੇ ਆਰਥਿਕਤਾ ਵਿਚ, ਸੱਭਿਆਚਾਰ ਅਤੇ ਫੌਜ ਵਿਚ — ਸਫਲਤਾਪੂਰਬਕ ਲਾਗੂ ਕੀਤਾ ਜਾਂਦਾ ਹੈ, ਅਤੇ ਜਦੋਂ ਸਭ ਸਟੇਟ ਸੰਸਥਾਵਾਂ, ਸਮਾਜੀ ਜਥੇਬੰਦੀਆਂ, ਸਭ ਕੇਡਰ ਅਤੇ ਮੇਹਨਤਕਸ਼ ਲੋਕ ਇਸ ਵਿਚਾਰਧਾਰਾ ਅਤੇ ਇਸ ਨੀਤੀ ਤੋਂ, ਇਨ੍ਹਾਂ ਹਦਾਇਤਾਂ ਅਤੇ ਫੈਸਲਿਆਂ ਤੋਂ ਆਪਣੀਆਂ ਸਭ ਕਾਰਵਾਈਆਂ ਵਿਚ ਰਾਹਨੁਮਾਈ ਲੈਂਦੇ ਹਨ।

ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਮਜਬੂਤ ਕਰਨ ਅਤੇ ਮੁਕੰਮਲ ਬਣਾਉਣ ਦੇ ਘੋਲ ਦਾ ਨਿਸ਼ਾਨਾ ਦੋ ਮੁੱਖ ਖਤਰੇ ਹਨ, ਜਿਹੜੇ ਕਿ ਇਸ ਰੋਲ ਨੂੰ ਨਿਕਾਰਾ ਕਰ ਸਕਦੇ ਹਨ ਅਤੇ ਫਿਰ ਪੂਰੀ ਤਰ੍ਹਾਂ ਖਤਮ ਕਰ ਸਕਦੇ ਹਨ; ਇਹ ਖਤਰੇ ਹਨ ਉਦਾਰਵਾਦ ਅਤੇ ਨੌਕਰਸ਼ਾਹੀ।

ਪਾਰਟੀ ਨੇ ਇਨ੍ਹਾਂ ਬੀਮਾਰੀਆਂ ਦੇ ਕਿਸੇ ਵੀ ਆਸਾਰ ਨੂੰ ਇਨਕਲਾਬੀ ਜਮਾਤੀ ਢੰਗਾਂ ਰਾਹੀਂ ਖਤਮ ਕੀਤਾ ਹੈ, ਇਸ ਨੇ ਕਿਸੇ ਵੀ ਅਜੇਹੀ ਗਲਤੀ ਅਤੇ ਤੋੜ-ਮਰੋੜ, ਅਤੇ ਕਿਸੇ ਵੀ ਅਜਿਹੇ ਕੰਮ ਅਤੇ ਰਵੱਈਏ ਨੂੰ ਨੰਗਿਆਂ ਕੀਤਾ ਹੈ ਅਤੇ ਹਰਾਇਆ ਹੈ ਜੋ ਇਸ ਦੀ ਸਹੀ ਲਾਈਨ ਅਤੇ ਅਸੂਲਾਂ ਦੇ ਖਿਲਾਫ ਹੋਣ।

ਪਾਰਟੀ ਦੀਆਂ ਅਜੇਹੀਆਂ ਬੁਨਿਆਦੀ ਜਥੇਬੰਦੀਆਂ ਜੋ ਨਰਮੀ ਵਰਤਦੀਆਂ ਹਨ ਅਤੇ ਹਦਾਇਤਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਿਚ ਅਸਫਲ ਰਹਿੰਦੀਆਂ ਹਨ, ਉਨ੍ਹਾਂ ਦੇ ਅਜੇਹੇ ਰਵੱਈਏ ਨੂੰ ਉਦਾਰਵਾਦ ਸਮਝਕੇ ਰੋਕਿਆ ਗਿਆ ਹੈ। ਉਦਾਰਵਾਦ ਅਜੇਹੀਆਂ ਮਿਸਾਲਾਂ ਵਿਚ ਵੀ ਆਪਣੇ ਆਪ ਨੂੰ ਜ਼ਾਹਿਰ ਕਰਦਾ ਹੈ, ਜਦੋਂ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਵਿਚ ਦ੍ਰਿੜਤਾ ਨਹੀਂ ਦਿਖਾਈ ਜਾਂਦੀ, ਜਦੋਂ ਇਨ੍ਹਾਂ ਫੈਸਲਿਆਂ ਨੂੰ ਲਾਗੂ ਕਰਨ ਵਿਚ ਨਿਗਰਾਨੀ ਨੂੰ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ, ਜਦੋਂ ਇੱਕੋ ਸਮੱਸਿਆ ਨੂੰ ਅਨੇਕਾਂ ਵਾਰੀ ਘੋਖਿਆ ਜਾਂਦਾ ਹੈ, ਜਦੋਂ ਅਨੇਕਾਂ ਫੈਸਲੇ ਲੈਣ ਤੋਂ ਬਾਅਦ ਵੀ ਮਸਲਾ ਹੱਲ ਨਹੀਂ ਹੁੰਦਾ ਅਤੇ ਕੰਮ ਨੇਪਰੇ ਨਹੀਂ ਚੜ੍ਹਦੇ। ਅਜਿਹੇ ਵਾਕਿਆ, ਜਦੋਂ ਕੋਈ ਵੀ ਫੈਸਲਾ ਨਹੀਂ ਲਿਆ ਜਾਂਦਾ, ਕੰਮ ਨਿਯੁਕਤ ਨਹੀਂ ਕੀਤੇ ਜਾਂਦੇ ਜਾਂ ਬਹੁਤ ਹੀ ਓਪਰੇ ਤੌਰ ਤੇ ਤਰਤੀਬ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਲਾਗੂ ਕਰਨ ਉਤੇ ਨਿਗਰਾਨੀ ਨਹੀਂ ਰੱਖੀ ਜਾ ਸਕਦੀ, ਅਜਿਹੇ ਵਾਕਿਆਤਾਂ ਨਾਲ ਵੀ ਉਵੇਂ ਹੀ ਨਜਿੱਠਿਆ ਗਿਆ ਹੈ।

ਬੁਨਿਆਦੀ ਜਥੇਬੰਦੀਆਂ ਉਤੇ ਸਟੇਟ, ਆਰਥਕ ਅਤੇ ਮਿਲਟਰੀ ਸੰਸਥਾਵਾਂ ਦੇ ਕਿਸੇ ਵੀ ਕਿਸਮ ਦੇ ਨੌਕਰਸ਼ਾਹ ਅਸਰ ਦੇ ਖਿਲਾਫ ਲਗਾਤਾਰ ਘੋਲ ਵਿਚ ਪਾਰਟੀ ਦਾ ਅਗਵਾਈ ਵਾਲਾ ਰੋਲ ਇਸਦੀਆਂ ਸਭ ਕੜੀਆਂ ਵਿਚ ਮਜ਼ਬੂਤ ਹੋਇਆ ਹੈ। ਅਜੇਹਾ ਅਸਰ ਕੇਂਦਰੀ ਸੰਸਥਾਵਾਂ ਦੀਆਂ ਕੁੱਝ ਜਥੇਬੰਦੀਆਂ ਉਤੇ ਬਹੁਤ ਤੇਜ਼ ਸੀ, ਜਿਵੇਂ ਕਿ ਸਟੇਟ ਪਲੈਨਿੰਗ ਕਮਿਸ਼ਨ, ਮਨਿਸਟ੍ਰੀ ਆਫ ਇੰਡਸਟਰੀ ਐਂਡ ਮਾਈਨਜ਼, ਆਇਲ ਇੰਟਰਪ੍ਰਾਈਜ਼ਜ਼, ਫੌਜ ਅਤੇ ਕੁੱਝ ਵਿਦਿਅਕ ਅਤੇ ਸੱਭਿਆਚਾਰਕ ਸੰਸਥਾਵਾਂ। ਇਸ ਅਸਰ ਦੀ ਵਜ੍ਹਾ ਕਰਕੇ ਇਨ੍ਹਾਂ ਬੁਨਿਆਦੀ ਜਥੇਬੰਦੀਆਂ ਦਾ ਰੋਲ ਕਮਜ਼ੋਰ ਹੋਇਆ, ਤਕਨੀਕ ਨੂੰ ਸਿਆਸਤ ਨਾਲੋਂ ਪਹਿਲ ਦੇਣ ਅਤੇ ਮਾਹਿਰਾਂ ਦੇ ਰੋਲ ਨੂੰ ਪਾਰਟੀ ਦੇ ਰੋਲ ਤੋਂ ਉਚਾ ਸਮਝਣ ਦਾ ਝੁਕਾਅ ਪੈਦਾ ਹੋਇਆ। ਏਥੇ ਅਜਿਹੀ ਗੈਰ-ਮਾਰਕਸਵਾਦੀ ਸੋਚਣੀ ਦੀਆਂ ਮਿਸਾਲਾਂ ਵੀ ਮਿਲੀਆਂ, ਜਿਵੇਂ ਕਿ ਇਹ ਸੋਚਣਾ ਕਿ ਪਾਰਟੀ ਨਹੀਂ ਬਲਕਿ ਕੇਡਰ ਅਗਵਾਈ ਅਤੇ ਰਾਹਨੁਮਾਈ ਕਰਦੇ ਹਨ।

ਨਾ ਹੀ ਪਾਰਟੀ ਸੰਸਥਾਵਾਂ, ਨੌਕਰਸ਼ਾਹੀ ਅਸਰਾਂ ਤੋਂ ਸੁਰੱਖਿਅਤ ਹਨ, ਉਹ ਵੀ, ਸਟੇਟ ਅਤੇ ਆਰਥਿਕ ਸੰਸਥਾਵਾਂ ਦੀ ਤਰ੍ਹਾਂ ਹੀ, ਨੌਕਰਸ਼ਾਹੀ ਦੇ ਅਸਰ ਹੇਠ ਆ ਸਕਦੀਆਂ ਹਨ। ਇੱਥੋਂ ਤਕ ਕਿ ਇੱਕ ਪਾਰਟੀ ਵਰਕਰ ਵੀ ਨੌਕਰਸ਼ਾਹ ਬਣ ਸਕਦਾ ਹੈ, ਅਗਰ ਉਹ ਅਸੂਲਾਂ ਨੂੰ ਛੱਡ ਦੇਵੇ ਅਤੇ ਤਕਨੀਕ, ਕਾਗਜ਼ੀ ਕੰਮ, ਦਫਤਰੀ ਕੰਮ, ਆਦਿ, ਨੂੰ ਪਹਿਲ ਦੇਣ ਲੱਗ ਜਾਵੇ। ਇਹ ਕੋਈ ਅਣਜਾਣੀ ਗੱਲ ਨਹੀਂ ਹੈ।

ਬਾਲਸ਼ਵਿਕ ਪਾਰਟੀ ਨੂੰ ਬਦਨਾਮ "ਦਫਤਰਸ਼ਾਹਾਂ" ਨੇ ਹੀ ਤਬਾਹ ਕੀਤਾ ਸੀ। ਮਜ਼ਦੂਰ ਜਮਾਤ ਦੇ ਰਾਹ ਅਤੇ ਲੈਨਿਨ ਅਤੇ ਸਟਾਲਿਨ ਦੀਆਂ ਸਿੱਖਿਆਵਾਂ ਤੋਂ ਥਿੜਕ ਚੁੱਕੇ, ਸਟੇਟ ਮਸ਼ਿਨਰੀ ਦੇ ਹੋਰ ਕੇਡਰਾਂ ਦੇ ਨਾਲ ਨਾਲ ਉਹ ਖਰੁਸਚਵ, ਬਰਿਜਨੇਵ ਅਤੇ ਹੋਰ ਭਗੌੜਿਆਂ ਦੇ ਮੁੱਖ ਹਮਾਇਤੀ ਬਣ ਗਏ ਜਿਨ੍ਹਾਂ ਨੇ ਮਜ਼ਦੂਰ ਜਮਾਤ ਅਤੇ ਇਸਦੀ ਪਾਰਟੀ ਹੱਥੋਂ ਲੀਡਰਸ਼ਿਪ ਖੋਹਕੇ ਉਲਟ-ਇਨਕਲਾਬ ਲਿਆਂਦਾ।

ਉਦਾਰਵਾਦ ਅਤੇ ਨੌਕਰਸ਼ਾਹੀ ਉਤੇ ਮਾਰੀਆਂ ਗਈਆਂ ਮਾਰੂ ਸੱਟਾਂ ਦੇ ਬਾਵਜੂਦ ਵੀ ਇਹ ਕਿਸੇ ਵੀ ਵੇਲੇ ਮੁੜ ਪੈਦਾ ਹੋ ਸਕਦੇ ਹਨ, ਅਗਰ ਇਨ੍ਹਾਂ ਦੇ ਖਿਲਾਫ ਪਾਰਟੀ ਦੀਆਂ ਸਭ ਕੜੀਆਂ ਵਿਚ ਲਗਾਤਾਰ ਘੋਲ ਨਾ ਚਲਾਇਆ ਜਾਵੇ, ਅਗਰ ਪਾਰਟੀ ਦੀਆਂ ਸਭ ਬੁਨਿਆਦੀ ਜਥੇਬੰਦੀਆਂ ਅਤੇ ਪਾਰਟੀ ਦੀਆਂ ਆਗੂ ਸੰਸਥਾਵਾਂ ਵਿਚ ਹਰ ਸਮੇਂ ਅਤੇ ਸਭ ਹਾਲਤਾਂ ਵਿਚ ਇਸ ਅਸੂਲ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰਕੇ ਲਾਗੂ ਨਾ ਕੀਤਾ ਜਾਵੇ ਕਿ ਕਿਸੇ ਨੂੰ ਵੀ ਪਾਰਟੀ ਉਤੇ ਆਪਣੀ ਮਰਜ਼ੀ ਠੋਸਣ ਦਾ ਹੱਕ ਨਹੀਂ। ਪਾਰਟੀ ਵਿਚ ਹਰ ਚੀਜ਼, ਸਿਰਫ ਪ੍ਰੋਲਤਾਰੀ ਵਿਚਾਰਧਾਰਾ ਅਤੇ ਪਾਰਟੀ ਦੀ ਨੀਤੀ ਅਤੇ ਇਸਦੇ ਅਸੂਲਾਂ ਦੇ ਅਧਾਰ ਤੇ ਹੀ ਤੈਅ ਕੀਤੀ ਜਾਂਦੀ ਹੈ।

ਸਾਡੀ ਪਾਰਟੀ ਦੀ ਸਮੁੱਚੀ ਹੋਂਦ ਵਿਚ ਇਸਦੇ ਅਗਵਾਈ ਵਾਲੇ ਰੋਲ ਨੂੰ ਯਕੀਨੀ ਬਣਾਉਣ, ਅਤੇ ਏਨੇ ਮੁਕੰਮਲ, ਠੋਸ ਅਤੇ ਅਸਰਦਾਇਕ ਤੌਰ ਤੇ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਨੂੰ ਯਕੀਨੀ ਬਣਾਉਣ ਵਾਲਾ ਇੱਕ ਤੱਤ, ਇਸ ਦੀ ਮਜ਼ਬੂਤ ਵਿਚਾਰਧਾਰਕ ਅਤੇ ਜਥੇਬੰਦਕ ਏਕਤਾ ਹੈ। ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਦੇ ਹਮਲਿਆਂ ਨਾਲ ਨਜਿੱਠਣ ਵਿਚ, ਮੁਸ਼ਕਲਾਂ ਉਤੇ ਕਾਬੂ ਪਾਉਣ ਵਿਚ ਅਤੇ ਇਨਕਲਾਬ ਅਤੇ ਸਮਾਜਵਾਂਦੀ ਉਸਾਰੀ ਵਿਚ ਆਪਣੇ ਫਰਜ਼ਾਂ ਨੂੰ ਡਟ ਕੇ ਨਿਭਾਉਣ ਵਿਚ ਪਾਰਟੀ ਦੇ ਹੱਥਾਂ ਵਿਚ, ਇਹ ਏਕਤਾ, ਸਭ ਤੋਂ ਤਾਕਤਵਰ ਹਥਿਆਰ ਰਹੀ ਹੈ।

ਇਸ ਏਕਤਾ ਨੇ, ਛੇਵੀਂ ਕਾਂਗਰਸ ਅਤੇ ਸੱਤਵੀਂ ਕਾਂਗਰਸ ਦੇ ਵਿਚਕਾਰਲੇ ਸਮੇਂ ਵਿਚ ਉਠੇ ਦੁਸ਼ਮਣ ਗਰੁੱਪਾਂ ਨੂੰ ਤਬਾਹ ਕਰ ਦਿੱਤਾ। ਇਨ੍ਹਾਂ ਗਰੁੱਪਾਂ ਦੀ ਦੁਸ਼ਮਣਾਂ ਵਾਲੀ ਸਰਗਰਮੀ ਨੂੰ ਤਬਾਹ ਕਰਨ ਨਾਲ ਪਾਰਟੀ ਦੀ ਵਿਚਾਰਧਾਰਕ ਤੇ ਜਥੇਬੰਦਕ ਏਕਤਾ ਹੋਰ ਵੀ ਠੋਸ ਅਤੇ ਖਾੜਕੂ ਬਣੀ।

ਇਤਿਹਾਸ ਵਿਚ ਪਾਰਟੀ ਨੇ ਬਹੁਤ ਦਫਾ ਉਨ੍ਹਾਂ ਦੁਸ਼ਮਣਾਂ ਅਤੇ ਗਦਾਰਾਂ ਨਾਲ ਲੋਹਾ ਲਿਆ, ਜਿਹੜੇ ਇਸਦੀਆਂ ਸਫਾਂ ਵਿਚ ਆ ਘੁਸੇ ਸਨ। ਇਨ੍ਹਾਂ ਸਭ ਗਦਾਰਾਂ

ਨੇ ਬਾਹਰੀ ਦੁਸ਼ਮਣਾਂ ਨਾਲ ਮਿਲਕੇ, ਸਾਡੀ ਪਾਰਟੀ ਅਤੇ ਸਾਡੇ ਦੇਸ਼ ਦੇ ਖਿਲਾਫ ਗੋਂਦਾਂ ਅਤੇ ਸਾਜ਼ਿਸ਼ਾਂ ਘੜੀਆਂ, ਪਰ ਉਹ ਇਨ੍ਹਾਂ ਗੋਂਦਾਂ ਅਤੇ ਸਾਜ਼ਿਸ਼ਾਂ ਨੂੰ ਸਫਲ ਨਾ ਬਣਾ ਸਕੇ ਕਿਉਂਕਿ ਕੇਂਦਰੀ ਕਮੇਟੀ ਅਤੇ ਸਮੁੱਚੀ ਪਾਰਟੀ ਨੇ ਉਨ੍ਹਾਂ ਨੂੰ ਫੜ ਲਿਆ ਅਤੇ ਉਨ੍ਹਾਂ ਦਾ ਪਰਦਾ ਫਾਸ਼ ਕਰ ਦਿੱਤਾ, ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ, ਪਾਰਟੀ ਅਤੇ ਲੋਕਾਂ ਨੇ ਉਨ੍ਹਾਂ ਨੂੰ ਦੁਰਕਾਰਿਆ ਅਤੇ ਉਨ੍ਹਾਂ ਉਤੇ ਹਮਲਾ ਕੀਤਾ, ਅਤੇ ਜਦੋਂ ਕਿਤੇ ਲੋੜ ਪਈ ਉਨ੍ਹਾਂ ਖਿਲਾਫ ਪ੍ਰੋਲਤਾਰੀ ਦੀ ਡਿਕਟੇਟ੍ਰਸ਼ਿਪ ਦੇ ਕਾਨੂੰਨ ਨੂੰ ਵੀ ਵਰਤਿਆ ਗਿਆ। ਸਾਡੀ ਪਾਰਟੀ ਨੇ ਕਦੇ ਵੀ ਆਪਣੀਆਂ ਸਫਾਂ ਵਿਚ ਧੜੇਬਾਜ਼ੀ ਦੀ ਮਨਜ਼ੂਰੀ ਨਹੀਂ ਦਿੱਤੀ ਅਤੇ ਨਾ ਹੀ ਦੇਵੇਗੀ। ਇਸ ਦੀ ਸਿਰਫ ਇੱਕ ਲਾਈਨ ਰਹੀ ਹੈ, ਮਾਰਕਸਵਾਦੀ-ਲੈਨਿਨਵਾਦੀ ਲਾਈਨ, ਜਿਸਦੀ ਇਸਨੇ ਵਫਾਦਾਰੀ ਨਾਲ ਰਾਖੀ ਕੀਤੀ ਹੈ ਅਤੇ ਜਿਸਨੂੰ ਇਸਨੇ ਦ੍ਰਿੜਤਾ ਨਾਲ ਲਾਗੂ ਕੀਤਾ ਹੈ।

ਜਿਵੇਂ ਕਿ ਕਮਿਊਨਿਸਟ ਪਾਰਟੀ ਆਫ ਯੁਗੋਸਲਾਵੀਆ, ਕਮਿਊਨਿਸਟ ਪਾਰਟੀ ਆਫ ਸੋਵੀਅਤ ਯੂਨੀਅਨ ਅਤੇ ਮਾਰਕਸਵਾਦ-ਲੈਨਿਨਵਾਦ ਦੇ ਕਾਜ਼ ਨਾਲ ਗਦਾਰੀ ਕਰਨ ਵਾਲੀਆਂ ਕਈ ਹੋਰ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਦਾ ਕੌੜਾ ਤਜਰਬਾ ਸਾਬਿਤ ਕਰਦਾ ਹੈ, ਕਿ, ਮਜ਼ਦੂਰ ਜਮਾਤ ਦੀ ਪਾਰਟੀ ਦੀ ਬੁਰਜੂਆ ਗਿਰਾਵਟ ਦਾ, ਪ੍ਰੋਲਤਾਰੀ ਪਾਰਟੀ ਦੇ ਅਸੂਲਾਂ ਤੇ ਨਿਯਮਾਂ ਨੂੰ ਤਿਆਗਣ ਜਾਂ ਇਨ੍ਹਾਂ ਨੂੰ ਬੇਜਾਨ ਨਸਖਿਆਂ ਵਿਚ ਤਬਦੀਲ ਕਰਨ ਨਾਲ ਵੀ ਸਿੱਧਾ ਸਬੰਧ ਹੈ।

ਇਸ ਲਈ ਇਸਦੀ ਏਕਤਾ ਨੂੰ ਬਰਕਰਾਰ ਰੱਖਣ ਅਤੇ ਮਜ਼ਬੂਤ ਕਰਨ ਵਾਸਤੇ, ਮਜ਼ਦੂਰ ਜਮਾਤ ਦੀ ਨਿਸ਼ਚਤ ਲੀਡਰਸ਼ਿਪ ਹਾਸਲ ਕਰਨ ਵਾਸਤੇ ਪਾਰਟੀ ਦੀ ਲਾਈਨ, ਲੈਨਿਨਵਾਦੀ ਅਸੂਲਾਂ ਅਤੇ ਨਿਯਮਾਂ ਨੂੰ ਹਰ ਆਗੂ ਸੰਸਥਾ, ਹਰ ਬੁਨਿ-ਆਦੀ ਜਥੇਬੰਦੀ ਅਤੇ ਹਰ ਕਮਿਊਨਿਸਟ ਦੀ ਸਰਗਰਮੀ ਵਿਚ ਵਫਾਦਾਰੀ ਨਾਲ ਅਤੇ ਇੱਕ ਇਨਕਲਾਬੀ ਤਰੀਕੇ ਨਾਲ ਲਾਗੂ ਕਰਨ ਦੀ ਫੈਸਲਾਕੁੰਨ ਮਹੱਤਤਾ ਹੈ। ਸਿਰਫ ਇਸ ਤਰੀਕੇ ਨਾਲ ਹੀ ਤਰੁੱਟੀਆਂ ਅਤੇ ਕਮਜ਼ੋਰੀਆਂ ਨੂੰ ਲਾ-ਇਲਾਜ਼ ਬੀਮਾਰੀਆਂ ਬਣਨ ਤੋਂ ਰੋਕਿਆ ਜਾਂ ਸਕਦਾ ਹੈ।

ਕੁੱਝ ਬੁਨਿਆਦੀ ਜਥੇਬੰਦੀਆਂ ਵਿਚ ਮਾਮੂਲੀ ਗੱਲਾਂ ਉਤੇ ਝਗੜੇ ਅਤੇ ਚਮਚਾ-ਗਿਰੀ ਦੇਖਣ ਵਿਚ ਆਏ ਹਨ, ਅਤੇ ਇਨ੍ਹਾਂ ਦਾ ਸੋਮਾ ਸੌੜੇ ਨਿੱਜੀ ਹਿੱਤ, ਰਿਸ਼ਤੇ-ਦਾਰੀਆਂ ਅਤੇ ਬਰਾਦਰੀਆਂ ਦੇ ਅਧਾਰ ਉਤੇ ਕਮਜ਼ੋਰ ਸਬੰਧ, ਆਦਿ ਹਨ। ਇਨ੍ਹਾਂ ਨੁਕਸਾਨਦੇਹ ਗੱਲਾਂ ਨੂੰ ਖਤਮ ਕਰਨ ਵਾਸਤੇ ਇਹ ਲਾਜ਼ਮੀ ਹੈ ਕਿ ਹਰ ਥਾਂ ਏਕਤਾ

ਨੂੰ ਮਜ਼ਬੂਤ ਕਰਨ ਵਾਸਤੇ, ਅਤੇ ਹਰ ਥਾਂ ਇੱਕ ਅਸੂਲੀ ਸਟੈਂਡ ਨੂੰ ਬਰਕਰਾਰ ਰੱਖਣ ਵਾਸਤੇ ਵੱਡੇ ਪੈਮਾਨੇ ਤੇ ਸਿੱਖਿਆ ਦਾ ਕੰਮ ਚਲਾਇਆ ਜਾਵੇ ਅਤੇ ਨਾਲ ਨਾਲ ਜਥੇਬੰਦਕ ਕਦਮ ਚੁੱਕੇ ਜਾਣ।

ਪਾਰਟੀ ਦੀ ਏਕਤਾ ਇੱਕ ਖਾੜਕੂ ਏਕਤਾ ਹੈ — ਕੰਮ ਦੀ ਏਕਤਾ, ਇੱਕ ਇਨ-ਕਲਾਬੀ ਏਕਤਾ। ਸਾਡੀ ਪਾਰਟੀ ਦਾ ਸਰਗਰਮ ਜੀਵਨ ਅਜੇਹੀਆਂ ਬੁਨਿਆਦੀ ਜਥੇਬੰਦੀਆਂ ਦੀ ਹੋਂਦ ਨੂੰ ਨਹੀਂ ਸਹਾਰ ਸਕਦਾ ਜਿਨ੍ਹਾਂ ਵਿਚ ਸਿਰਫ ਰਸਮੀ ਏਕਤਾ ਹੋਵੇ, ਜਿਨ੍ਹਾਂ ਵਿਚ "ਅਮਨ ਅਤੇ ਚੁੱਪ" ਦਾ ਮਹੌਲ ਹੋਵੇ ਅਤੇ, ਜਿਨ੍ਹਾਂ ਵਿਚ ਸਾਰੇ ਹੀ ਮੀਟਿੰਗਾਂ ਵਿਚ ਰਜ਼ਾਮੰਦੀ ਜ਼ਾਹਰ ਕਰਨ ਪਰ ਕੰਮ ਕਰਨ ਵਿਚ ਆਪਣੇਆਪ ਨੂੰ ਲਾਮਬੰਦ ਨਾ ਕਰ ਸਕਣ ਅਤੇ ਇਸ ਬਾਰੇ ਬੇਫਿਕਰ ਰਹਿਣ। ਮਜ਼ਦੂਰ ਜਮਾਤ ਦੀ ਪਾਰਟੀ ਅਤੇ ਇਸਦੀਆਂ ਸਭ ਜਥੇਬੰਦੀਆਂ ਦੀ ਅਸਲੀ ਅਤੇ ਸਥਾਈ ਏਕਤਾ ਨੂੰ ਪਾਰਟੀ ਦੀਆਂ ਸਫਾਂ ਵਿਚ ਵਿਰੋਧੀਆਂ ਵਿਚਕਾਰ ਜਦੋ-ਜਹਿਦ, ਬਹਿਸ-ਮੁਬਾਸੇ, ਅਸੂਲੀ ਨੁਕਤਾਚੀਨੀ ਅਤੇ ਸਵੈ-ਨੁਕਤਾਚੀਨੀ, ਪਾਰਟੀ ਦੀ ਲਾਈਨ,ਇਸ ਦੇ ਫੈਸਲਿਆਂ ਅਤੇ ਹਦਾਇਤਾਂ, ਇਸਦੇ ਪ੍ਰੋਲਤਾਰੀ ਅਸੂਲਾਂ ਅਤੇ ਨਿਯਮਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਕੇ ਹੀ ਬਰਕਰਾਰ ਰੱਖੀ ਜਾਂਦੀ ਹੈ ਅਤੇ ਮਜ਼ਬੂਤ ਕੀਤੀ ਜਾਂਦੀ ਹੈ। ਅੱਜ ਤਕ ਦਾ ਇਨਕਲਾਬੀ ਅਮਲ ਸਾਨੂੰ ਸਿਖਾਉਂਦਾ ਹੈ ਕਿ ਪਾਰਟੀ ਦੀ ਅਗਵਾਈ ਉਸ ਵਕਤ ਮੁਕੰਮਲ ਤੌਰ ਤੇ ਹਾਸਲ ਹੁੰਦੀ ਹੈ ਅਤੇ ਲਗਾਤਾਰ ਵਿਕਸਿਤ ਹੁੰਦੀ ਹੈ, ਜਦ ਹਰ ਪੱਧਰ ਦੀਆਂ ਆਗੂ ਸੰਸਥਾਵਾਂ ਅਤੇ ਸਭ ਬੁਨਿਆਦੀ ਜਥੇ-ਬੰਦੀਆਂ ਆਪਣਾ ਅਗਵਾਈ ਵਾਲਾ ਰੋਲ ਅਦਾ ਕਰਦੀਆਂ ਹਨ, ਜਦੋਂ ਕਮਿਊਨਿ-ਸਟਾਂ ਦੀ ਸਮੁੱਚੀ ਸੰਸਥਾ ਅਗਵਾਈ ਕਰਦੀ ਹੈ।

ਪਾਰਟੀ ਦੇ ਅਗਵਾਈ ਵਾਲਾ ਰੋਲ ਹਾਸਲ ਕਰਨ ਵਿਚ, ਪਾਰਟੀ ਦੀ ਬੁਨਿ-ਆਦੀ ਜਥੇਬੰਦੀ ਫੈਸਲਾਕੁੰਨ ਮਹੱਤਤਾ ਰੱਖਦੀ ਹੈ। ਇਸ ਰਾਹੀਂ ਦੇਸ਼ ਦੇ ਜੀਵਨ ਦੇ ਹਰ ਸੈਕਟਰ ਵਿਚ ਪਾਰਟੀ ਦਾ ਅਗਵਾਈ ਵਾਲਾ ਰੋਲ ਯਕੀਨੀ ਬਣਦਾ ਹੈ। ਬੁਨਿਆਦੀ ਜਥੇਬੰਦੀ ਪਾਰਟੀ ਦੀ ਨੀਂਹ ਹੈ। ਜਿੰਨੀ ਇਹ ਨੀਂਹ ਮਜ਼ਬੂਤ ਹੋਵੇਗੀ ਸਮੁੱਚੀ ਪਾਰਟੀ ਉਨੀ ਹੀ ਜ਼ਿਆਦਾ ਤਾਕਤਵਰ ਅਤੇ ਮਜ਼ਬੂਤ ਹੋਵੇਗੀ।

ਬੁਨਿਆਦੀ ਜਥੇਬੰਦੀਆਂ ਦਾ ਰੋਲ, ਕੇਂਦਰੀ ਕਮੇਟੀ ਦੇ ਚੌਥੇ, ਪੰਜਵੇਂ, ਛੇਵੇਂ; ਅਤੇ ਸੱਤਵੇਂ ਪਲੈਨਮਾਂ ਦੇ ਫੈਸਲਿਆਂ ਨੂੰ ਲਾਗੂ ਕਰਨ ਦੇ ਜਮਾਤੀ ਘੋਲ ਦੇ ਦੁਰਾਨ ਖਾਸ ਤੌਰ ਤੇ ਵਧਿਆ ਹੈ। ਉਨ੍ਹਾਂ ਦਾ ਅੰਦਰੂਨੀ ਜੀਵਨ ਇਨਕਲਾਬੀ ਬਣਿਆਂ ਹੈ, ਉਨ੍ਹਾਂ ਨੇ ਕੰਮ ਅਤੇ ਪੈਦਾਵਾਰ ਦੇ ਕੇਂਦਰਾਂ ਦੇ ਮਹੱਤਵਪੂਰਨ ਮਸਲਿਆਂ ਨੂੰ ਹੋਰ ਵੀ ਚੰਗੀ

ਤਰ੍ਹਾਂ ਆਪਣੇ ਜ਼ਿਮੇ ਲਿਆ ਹੈ, ਅਤੇ ਉਨ੍ਹਾਂ ਨੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਵਿਚ ਆਪਣੀ ਪਹਿਲ-ਕਦਮੀ ਵਿਚ ਵਾਧਾ ਕੀਤਾ ਹੈ। ਬੁਨਿਆਦੀ ਜਥੇਬੰਦੀਆਂ ਦੀ ਇਹ ਮਜ਼ਬੂਤੀ, ਜੋ ਬੀਤੇ ਪੰਜ ਸਾਲਾਂ ਦੇ ਦੁਰਾਨ ਪਾਰਟੀ ਅਤੇ ਲੋਕਾਂ ਵਲੋਂ ਜਿੱਤੀਆਂ ਗਈਆਂ ਜਿੱਤਾਂ ਵਿਚ ਇੱਕ ਮੁੱਖ ਤੱਤ ਹੈ, ਇਸ ਗੱਲ ਦੀ ਇੱਕ ਠੋਸ ਗਰੰਟੀ ਹੈ ਕਿ ਇਸ ਕਾਂਗਰਸ ਵਲੋਂ ਮਿਥੇ ਜਾਣ ਵਾਲੇ ਕੰਮਾਂ ਨੂੰ ਸਫਲਤਾ-ਪੂਰਬਕ ਨੇਪਰੇ ਚਾੜ੍ਹਿਆ ਜਾਵੇਗਾ।

ਪ੍ਰਾਪਤ ਹੋਈਆਂ ਜਿੱਤਾਂ ਦੇ ਬਾਵਜੂਦ ਵੀ, ਬੀਤੇ ਵਿਚ ਸਾਹਮਣੇ ਆਈਆਂ ਕਮਜ਼ੋਰੀਆਂ ਨੂੰ ਵੀ ਦਿਮਾਗ ਵਿਚ ਰੱਖਣਾ ਜ਼ਰੂਰੀ ਹੈ, ਤਾਂ ਕਿ ਅਜਿਹੇ ਹਾਲਾਤਾਂ ਨੂੰ ਫਿਰ ਪੈਦਾ ਹੋਣ ਤੋਂ ਰੋਕਿਆ ਜਾ ਸਕੇ ਜਿੱਥੇ ਕੁੱਝ ਬੁਨਿਆਦੀ ਜਥੇਬੰਦੀਆਂ ਨੇ ਦੁਸ਼ਮਣਾਂ ਵਾਸਤੇ ਰਾਹ ਖੁੱਲ੍ਹਾ ਛੱਡ ਦਿੱਤਾ ਅਤੇ ਇਸ ਤਰ੍ਹਾਂ ਪਾਰਟੀ, ਰਾਜਸੱਤਾ, ਆਰਥਿਕਤਾ ਅਤੇ ਸਭਿੱਆਚਾਰ ਦੇ ਕੰਮ ਨੂੰ ਨੁਕਸਾਨ ਪਹੁੰਚਾਉਣ ਵਿਚ ਉਨ੍ਹਾਂ ਨੂੰ ਖੁੱਲ੍ਹ ਦਿੱਤੀ। ਕੁੱਝ ਹੋਰ ਬੁਨਿਆਦੀ ਜਥੇਬੰਦੀਆਂ ਵਿਚ ਵੀ ਤਰੁੱਟੀਆਂ ਤੇ ਕਮ-ਜ਼ੋਰੀਆਂ ਰਹੀਆਂ ਹਨ, ਜਿਨ੍ਹਾਂ ਨੇ ਪਾਰਟੀ ਦੀਆਂ ਹਦਾਇਤਾਂ ਅਤੇ ਅਸੂਲਾਂ ਦੀ ਉਲੰਘਣਾ ਅਤੇ ਤੋੜ-ਮਰੋੜ, ਕੰਮਾਂ ਅਤੇ ਯੋਜਨਾਵਾਂ ਨੂੰ ਨੇਪਰੇ ਚਾੜ੍ਹਨ ਵਿਚ ਅਸਫਲਤਾ, ਪ੍ਰੋਲਤਾਰੀ ਸੋਚਣੀ-ਵਿਰੋਧੀ ਝੁਕਾਵਾਂ ਨੂੰ ਇਜਾਜ਼ਤ ਦਿੱਤੀ, ਅਤੇ ਜਿਨ੍ਹਾਂ ਨੇ ਹਰ ਕਮਿਊਨਿਸਟ ਦੇ ਆਗੂ ਰੋਲ ਨੂੰ ਯਕੀਨੀ ਨਹੀਂ ਬਣਾਇਆ।

ਪਾਰਟੀ ਨੇ ਹਮੇਸ਼ਾ ਹੀ ਇਸ ਗੱਲ ਵਾਸਤੇ ਘੋਲ ਕੀਤਾ ਹੈ ਅਤੇ ਕਰਦੀ ਰਹੇਗੀ ਕਿ ਇਸਦੀਆਂ ਬੁਨਿਆਦੀ ਜਥੇਬੰਦੀਆਂ ਅਜੇਹੇ ਇਨਕਲਾਬੀ ਦਿੱਲ ਬਣਨ ਜਿੱਥੇ ਹਰ ਮਸਲੇ ਦੇ ਹੱਲ ਵਿਚ ਜਮਾਤੀ ਸੋਚਣੀ, ਪ੍ਰੋਲਤਾਰੀ ਵਿਚਾਰਧਾਰਾ ਅਤੇ ਮਾਰ-ਕਸਵਾਦੀ-ਲੈਨਿਨਵਾਦੀ ਹੌਸਲੇ ਦਾ ਬੋਲਬਾਲਾ ਹੋਵੇ। ਬੁਨਿਆਦੀ ਜਥੇਬੰਦੀਆਂ ਵਿਚ ਕਮਿਊਨਿਸਟਾਂ ਨੂੰ ਉਹ ਉਦੇਸ਼ ਪੂਰੇ ਕਰਨ ਵਾਸਤੇ ਲੜ੍ਹਨ ਲਈ ਲੈਸ ਕੀਤਾ ਜਾਂਦਾ ਹੈ ਜਿਹੜੇ ਪਾਰਟੀ, ਮਜ਼ਦੂਰ ਜਮਾਤ ਅਤੇ ਸਮੁੱਚੇ ਲੋਕਾਂ ਨੂੰ ਜਿੱਤ ਤੀਕ ਲੈ ਜਾਂਦੇ ਹਨ। ਉਥੇ ਉਨ੍ਹਾਂ ਨੂੰ ਕਮਿਊਨਿਸਟ ਗੁਣਾਂ ਨਾਲ ਭਰਿਆ ਜਾਂਦਾ ਹੈ, ਉਨ੍ਹਾਂ ਵਿਚ ਪ੍ਰੋਲਤਾਰੀ ਪਾਰਟੀ ਜਜ਼ਬਾ ਭਰਿਆ ਜਾਂਦਾ ਹੈ, ਅਤੇ ਕੰਮ ਅਤੇ ਜੀਵਨ ਵਿਚ ਨਿਧੱੜਕ ਅੱਗੇ ਆਉਣ ਦੀ ਇੱਛਾ ਭਰੀ ਜਾਂਦੀ ਹੈ।

ਬੁਨਿਆਦੀ ਜਥੇਬੰਦੀ ਆਪਣਾ ਅਗਵਾਈ ਵਾਲਾ ਰੋਲ ਉਦੋਂ ਅਦਾ ਕਰਦੀ ਹੈ ਜਦੋਂ ਇਹ ਸਭ ਤੋਂ ਅਹਿਮ ਮਸਲਿਆਂ ਨੂੰ ਆਪਣੇ ਜ਼ਿਮੇਂ ਲੈਂਦੀ ਹੈ, ਜਦੋਂ ਇਹ ਪਾ-ਰਟੀ ਦੀ ਸਹੀ ਲਾਈਨ ਦੀ ਰਾਖੀ ਕਰਦੀ ਹੈ ਅਤੇ ਇਸਨੂੰ ਲਾਗੂ ਕਰਨ ਲਈ

ਜਦੋ-ਜਹਿਦ ਕਰਦੀ ਹੈ, ਜਦੋਂ ਇਹ ਉਪਰ ਤੋਂ ਹੁਕਮਾਂ ਦੀ ਉਡੀਕ ਕਰਨ ਦੀ ਬਜਾਏ ਹਮੇਸ਼ਾ ਪਹਿਲ-ਕਦਮੀ ਨਾਲ ਕੰਮ ਕਰਦੀ ਹੈ, ਅਤੇ ਹਰ ਕਮਿਊਨਿਸਟ ਦੇ ਅਗਵਾਈ ਵਾਲੇ ਰੋਲ ਨੂੰ ਯਕੀਨੀ ਬਣਾਉਂਦੀ ਹੈ। ਜ਼ਿਲ੍ਹਿਆਂ ਅਤੇ ਫੌਜ ਵਿਚ ਪਾਰਟੀ ਕਮੇਟੀਆਂ ਦਾ ਇਹ ਸਭ ਤੋਂ ਵੱਡਾ ਰੁਝੇਵਾਂ ਹੋਣਾ ਚਾਹੀਦਾ ਹੈ।

ਬੁਨਿਆਦੀ ਜਥੇਬੰਦੀ ਸਹੀ ਮਾਹਨਿਆਂ ਵਿਚ ਆਗੂ ਸੰਸਥਾ ਦੇ ਤੌਰ ਤੇ ਕੰਮ ਉਸ ਵਕਤ ਕਰਦੀ ਹੈ ਜਦੋਂ ਵਿਚਾਰਾਂ ਦਾ ਟਾਕਰਾ ਅਤੇ ਬਹਿਸ-ਮਬਾਸਾ ਹੋਵੇ, ਜਦੋਂ ਕੰਮ ਦਾ ਹਿਸਾਬ-ਕਿਤਾਬ ਮੰਗਿਆ ਜਾਵੇ, ਅਤੇ ਜਦੋਂ ਹਰ ਕਮਿਊਨਿਸਟ ਕਿਸੇ ਵੀ ਗਲਤੀ ਕਰਨ ਵਾਲੇ ਦੀ ਨੁਕਤਾਚੀਨੀ ਕਰਨ ਦਾ ਹੌਸਲਾ ਰੱਖਦਾ ਹੋਵੇ,ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਗਲਤੀ ਕਰਨ ਵਾਲਾ ਪਾਰਟੀ, ਸਟੇਟ, ਫੌਜ, ਵਿਚ ਜਾਂ ਹੋਰ ਕਿਤੇ ਅਗਵਾਈ ਵਾਲਾ ਕੰਮ ਕਰਦਾ ਹੋਵੇ। ਹਰ ਅਧਿਕਾਰੀ, ਮਨਿਸਟਰ, ਡਾਇਰੈਕਟਰ, ਕਮਾਂਡਰ ਜਾਂ ਸੈਕਟਰੀ, ਚਾਹੇ ਉਹ ਕੁੱਝ ਵੀ ਹੋਵੇ, ਉਸਦਾ ਫਰਜ਼ ਹੈ ਕਿ ਉਹ ਇੱਕ ਕਮਿਊਨਿਸਟ ਅਤੇ ਇੱਕ ਕੇਡਰ ਦੇ ਤੌਰ ਤੇ ਆਪਣੇ ਕੰਮ ਦੀ ਪੂਰੀ ਪੂਰੀ ਰਿਪੋਰਟ ਦੇਵੇ।

ਕਿਸੇ ਨੂੰ ਵੀ ਇਸ ਗੱਲ ਦੀ ਇਜ਼ਾਜ਼ਤ ਨਹੀਂ ਕਿ ਉਹ ਬੁਨਿਆਦੀ ਜਥੇ-ਬੰਦੀ ਨੂੰ ਆਪਣੇ ਫਾਇਦੇ ਲਈ ਵਰਤੇ ਜਾਂ ਆਪਣੇ ਆਪਨੂੰ ਇਸ ਤੋਂ ਉਚਾ ਸਮਝੇ, ਇਸ ਉਤੇ ਆਪਣੇ ਵਿਚਾਰ ਠੋਸੇ, ਜਾਂ ਆਪਣੇ ਖਿਲਾਫ ਕਮਿਊਨਿਸਟਾਂ ਵਲੋਂ ਕੀਤੀ ਗਈ ਨੁਕਤਾਚੀਨੀ ਉਤੇ ਬੰਦਸ਼ ਲਾਵੇ। ਪਾਰਟੀ ਜਥੇਬੰਦੀ ਵਿਚ ਕੋਈ ਵੀ ਜਾਗੀਰੇ ਅਹੁੱਦੇ ਜਾਂ ਪੱਦਵੀਆਂ ਨਹੀਂ ਹਨ। ਪਾਰਟੀ ਦੇ ਅਸੂਲਾਂ ਅਤੇ ਨਿਯਮਾਂ ਦੀ ਪਾਲਣਾ ਕਰਨਾ ਹਰ ਇੱਕ ਕਮਿਊਨਿਸਟ ਦਾ ਫਰਜ਼ ਹੈ, ਇਸ ਤੋਂ ਬਿਨਾਂ ਪਾਰਟੀ ਨੂੰ ਮਜ਼ਬੂਤ ਨਹੀਂ ਕੀਤਾ ਜਾ ਸਕਦਾ।

ਹਰ ਇੱਕ ਪਾਰਟੀ ਜਥੇਬੰਦੀ ਅਤੇ ਹਰ ਕਮਿਊਨਿਸਟ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਨੁਕਤਾਚੀਨੀ ਅਤੇ ਸਵੈ-ਨੁਕਤਾਚੀਨੀ ਦੇ ਹਥਿਆਰ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਸਮਝੇ ਅਤੇ ਜਦੋਂ ਵੀ ਪਾਰਟੀ ਦੇ ਕਾਜ਼ ਦੀ ਰਾਖੀ ਦਾ ਸਵਾਲ ਪੈਦਾ ਹੁੰਦਾ ਹੈ, ਇਸ ਹਥਿਆਰ ਨੂੰ ਹੌਸਲੇ ਨਾਲ ਵਰਤੇ। ਸਵੈ-ਨੁਕਤਾਚੀਨੀ ਕਰਨ ਦਾ ਮਤਲਬ ਸਿਰਫ ਗਲਤੀ ਮੰਨਣਾ ਹੀ ਨਹੀਂ। ਗਲਤੀ ਦਾ ਨਿਰੀਖਣ ਕਰਨਾ ਅਤੇ ਇਮਾਨਦਾਰੀ ਨਾਲ ਇਸਦੀ ਵਜ੍ਹਾ ਨੂੰ ਸਾਹਮਣੇ ਲਿਆਉਣਾ ਵੀ ਬਹੁਤ ਮਹੱਤਤਾ ਰੱਖਦਾ ਹੈ। ਪਾਰਟੀ ਨੂੰ ਸਭ ਕਮਿਊਨਿਸਟਾਂ ਨੂੰ ਅਜੇਹੇ ਸਾਹਸੀ ਲੋਕ ਬਣਾਉਣਾ ਚਾਹੀਦਾ ਹੈ ਜੋ ਬੇਝਿਜਕ ਆਪਣੀਆਂ ਅਤੇ ਆਪਣੇ ਸਾਥੀਆਂ ਦੀਆਂ ਗਲਤੀਆਂ

ਨੂੰ ਸਾਹਮਣੇ ਲਿਆਉਣ ਅਤੇ ਨੁਕਤਾਚੀਨੀ ਕਰਨ ਦਾ ਹੌਸਲਾ ਰੱਖਦੇ ਹੋਣ। ਜਿੱਥੇ ਵੀ ਲਗਾਤਾਰ, ਸਹੀ ਅਤੇ ਤਿੱਖੀ ਨੁਕਤਾਚੀਨੀ ਅਤੇ ਸਵੈ-ਨੁਕਤਾਚੀਨੀ ਦੀ ਵਰਤੋਂ ਕੀਤੀ ਜਾਂਦੀ ਹੈ, ਉਥੇ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਬੀਮਾਰੀਆਂ ਆਪਣੇ ਪੈਰ ਨਹੀਂ ਜਮ੍ਹਾ ਸਕਦੀਆਂ, ਜਮਾਤੀ ਦੁਸ਼ਮਣ ਇਸਦੇ ਨੇੜੇ ਨਹੀਂ ਆ ਸਕਦੇ। ਉਥੇ ਫੈਸਲਿਆਂ ਅਤੇ ਹਦਾਇਤਾਂ ਨੂੰ ਲਾਗੂ ਕਰਨ ਲਈ ਜਿਆਦਾ ਲਾਮਬੰਦੀ ਹੋ ਸਕਦੀ ਹੈ, ਕਮਿਊਨਿਸਟਾਂ ਦਾ ਅਗਵਾਈ ਵਾਲਾ ਰੋਲ ਵੱਧਦਾ ਹੈ ਅਤੇ ਸਮੁੱਚੇ ਤੌਰ ਤੇ ਪਾਰਟੀ ਦੀ ਲੀਡਰਸ਼ਿਪ ਮਜਬੂਤ ਹੁੰਦੀ ਹੈ।

ਆਗੂਆਂ ਅਤੇ ਜਥੇਬੰਦਕਾਂ ਦੇ ਤੌਰ ਤੇ, ਪਾਰਟੀ ਜਥੇਬੰਦੀਆਂ ਨੂੰ ਮਜਬੂਤ ਕਰਨ ਵਾਲਾ ਬੁਨਿਆਦੀ ਤੱਤ ਹੈ ਤੰਮਾਂ ਦੀ ਨਿਰੰਤਰ ਦੇਖ-ਭਾਲ ਕਰਨੀ, ਅਤੇ ਇਸ ਗੱਲ ਦੀ ਨਿਗਰਾਨੀ ਰੱਖਣੀ ਕਿ ਪਾਰਟੀ ਦੀਆਂ ਹਦਾਇਤਾਂ ਅਤੇ ਫੈਸਲੇ ਕਿਵੇਂ ਲਾਗੂ ਹੋ ਰਹੇ ਹਨ। ਨਿਗਰਾਨੀ ਤੋਂ ਬਿਨਾਂ ਹਦਾਇਤਾਂ ਦੇ ਸਹੀਪਣ, ਅਤੇ ਕੀਤੇ ਗਏ ਕੰਮ ਦੇ ਨਤੀਜੇ ਦਾ ਨਤਾਰਾ ਨਹੀਂ ਕੀਤਾ ਜਾ ਸਕਦਾ, ਕਠਨਾਈਆਂ, ਅੜਚਣਾਂ, ਕਮਜ਼ੋਰੀਆਂ ਅਤੇ ਵਿਰੋਧਤਾਈਆਂ ਨੂੰ ਸਾਹਮਣੇ ਨਹੀਂ ਲਿਆਂਦਾ ਜਾ ਸਕਦਾ ਅਤੇ ਉਨ੍ਹਾਂ ਨੂੰ ਹੱਲ ਕਰਨ ਵਾਸਤੇ ਕਦਮ ਨਹੀਂ ਚੁੱਕੇ ਜਾ ਸਕਦੇ। ਨਿਗਰਾਨੀ ਤੋਂ ਬਿਨਾਂ ਕੋਈ ਹਿਸਾਬ-ਕਿਤਾਬ ਨਹੀਂ ਦਿੱਤਾ ਜਾਂ ਸਕਦਾ, ਕੋਈ ਨੁਕਤਾਚੀਨੀ ਜਾਂ ਸਵੈ-ਨੁਕਤਾਚੀਨੀ ਨਹੀਂ ਹੋ ਸਕਦੀ ਅਤੇ ਕੰਮ ਨੂੰ ਨੇਪਰੇ ਚਾੜ੍ਹਨ ਵਾਸਤੇ ਯਤਨ ਅਤੇ ਘੋਲ ਨਹੀਂ ਕੀਤੇ ਜਾ ਸਕਦੇ। ਨਿਗਰਾਨੀ ਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਹਰ ਇੱਕ ਚੀਜ਼ ਤੇ ਸ਼ੱਕ ਹੋਣੀ ਚਾਹੀਦੀ ਹੈ, ਜਾਂ ਤੁਹਾਨੂੰ ਆਪਣੇ ਸਾਥੀਆਂ ਵਿਚ ਭਰੋਸਾ ਨਹੀਂ ਹੋਣਾ ਚਾਹੀਦਾ। ਨਿਗਰਾਨੀ ਇੱਕ ਪਾਰਟੀ ਜਿੰਮੇਵਾਰੀ ਹੈ ਜੋ ਕਿ ਪਾਰਟੀ ਦੀ ਲਾਈਨ ਅਸੂਲਾਂ ਅਤੇ ਨਿਯਮਾਂ ਨੂੰ ਲਾਗੂ ਕਰਨ ਵਾਸਤੇ ਰੱਖੀ ਜਾਂਦੀ ਹੈ। ਕਮਿਊਨਿਸਟਾਂ ਦੇ ਅਗਵਾਈ ਵਾਲੇ ਰੋਲ ਨੂੰ ਵਿਕਸਿਤ ਕਰਕੇ ਅਤੇ ਮਜਬੂਤ ਬਣਾਕੇ ਹਰ ਇੱਕ ਪਾਰਟੀ ਮੈਂਬਰ ਨੂੰ ਲੋਕਾਂ ਦਾ ਇੱਕ ਅਸਲੀ ਲੀਡਰ ਬਣਾ ਕੇ ਬੁਨਿਆਦੀ ਜਥੇਬੰਦੀਆਂ ਅਤੇ ਸਮੁੱਚੀ ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਵਧਾਇਆ ਜਾ ਸਕਦਾ ਹੈ ਅਤੇ ਮਜ਼ਬੂਤ ਕੀਤਾ ਜਾ ਸਕਦਾ ਹੈ। ਹਰ ਕਮਿਊਨਿ-ਸਟ ਦੇ ਅਗਵਾਈ ਵਾਲੇ ਰੋਲ ਤੋਂ ਬਿਨਾਂ ਕੋਈ ਵੀ ਮਜ਼ਦੂਰ ਜਮਾਤ ਦੀ ਅਗਵਾਈ ਕਰਨ ਵਾਲੀ ਆਗੂ ਪਾਰਟੀ ਨਹੀਂ ਹੋ ਸਕਦੀ, ਲੋਕਾਂ ਦੀ ਅਗਵਾਈ ਕਰਨ ਵਾਲੀ ਕੋਈ ਪਾਰਟੀ ਨਹੀਂ ਹੋ ਸਕਦੀ।

ਇਸ ਅਹੁੱਦੇ ਦੇ ਮਾਣ ਨੂੰ ਉਚਾ ਰੱਖਣ ਵਾਸਤੇ ਘੋਲ ਕਰਨਾ ਹਰ ਕਮਿਊਨਿਸਟ

ਦੀ ਜਿਮੇਵਾਰੀ ਹੈ। ਇਹ, ਇਨਕਲਾਬੀ ਕੰਮ ਅਤੇ ਘੋਲ ਰਾਹੀਂ; ਅਜੇਹੇ ਜਮਾਤੀ ਸਟੈਂਡ ਅਤੇ ਵਰਤਾਓ ਰਾਹੀਂ ਜੋ ਕਿ ਇੱਕ ਮਿਸਾਲ ਹੋਵੇ, ਉਸਦੇ ਵਿਚਾਰਧਾਰਕ, ਸਿਆਸੀ, ਸਭਿੱਆਚਾਰਕ, ਵਿੱਦਿਅਕ ਅਤੇ ਪ੍ਰੋਫੈਸ਼ਨਲ ਪੱਧਰ ਨੂੰ ਉਚਿਆਂ ਚੁੱਕਣ ਦੀਆਂ ਨਿਰੰਤਰ ਕੋਸ਼ਿਸ਼ਾਂ ਰਾਹੀਂ ਹਾਸਲ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਉਹ ਹਮੇਸ਼ਾ ਹੀ ਆਪਣੇ ਆਪ ਨੂੰ, ਪਾਰਟੀ ਦਾ ਇੱਕ ਵਫ਼ਾਦਾਰ ਸਿਪਾਹੀ, ਆਪਣੀ ਸ਼ਾਨਦਾਰ ਪੱਦਵੀ ਦੇ ਕਾਬਿਲ ਮਹਿਸੂਸ ਕਰੇਗਾ।

ਕੇਂਦਰੀ ਕਮੇਟੀ ਨੇ ਜਿਲ੍ਹਿਆਂ ਵਿਚ ਪਾਰਟੀ ਕਮੇਟੀਆਂ, ਅਤੇ ਫੌਜ ਵਿਚ ਪਾਰਟੀ ਕਮੇਟੀਆਂ ਦੇ ਪਲੈਨਿਮਾਂ ਦੇ ਅਗਵਾਈ ਵਾਲੇ ਰੋਲ ਨੂੰ ਸੁਧਾਰਨ ਅਤੇ ਮਜਬੂਤ ਕਰਨ ਵੱਲ ਉਚੇਚਾ ਧਿਆਨ ਦਿੱਤਾ ਹੈ ਤਾਂ ਕਿ ਉਹ ਸੱਭ ਬੁਨਿਆਦੀ ਜਥੇਬੰਦੀਆਂ, ਰਾਜ-ਸੱਤਾ ਅਤੇ ਆਰਥਿਕਤਾ ਦੀਆਂ ਸੰਸਥਾਵਾਂ, ਫੌਜ, ਵਿਸ਼ਾਲ ਲੋਕ-ਜਥੇਬੰਦੀਆਂ, ਸੱਭਿ-ਆਚਾਰ ਅਤੇ ਵਿੱਦਿਆ ਦੀਆਂ ਸਭ ਸਰਗਰਮੀਆਂ ਵਿਚ ਬੇਹਤਰੀਨ ਰਾਹਨੁਮਾਈ ਦੇ ਸਕਣ।

ਪਾਰਟੀ ਦੀ ਇੱਕ ਮਹੱਤਵਪੂਰਨ ਮੰਗ ਇਹ ਰਹੀ ਹੈ ਕਿ ਬਿਊਰੋ ਅਤੇ ਪਲੈ-ਨਿਮ ਵਿਚਕਾਰ ਇੱਕ ਸਹੀ ਰਿਸ਼ਤੇ ਨੂੰ ਲਾਗੂ ਕੀਤਾ ਜਾਵੇ। ਪਾਰਟੀ ਨੂੰ ਇੱਕ ਗਲਤ ਝੁਕਾਅ ਬਾਰੇ ਤੌਖਲਾ ਹੈ ਜੋ ਕੁੱਝ ਥਾਵਾਂ ਤੇ ਦੇਖਣ ਵਿਚ ਆਇਆ ਹੈ, ਅੰਤੇ ਇਹ ਗਲਤ ਝੁਕਾਅ ਹੈ ਕਿ ਅਮਲ ਵਿਚ ਬਿਊਰੋ ਨੂੰ ਪਲੈਨਿਮ ਨਾਲੋਂ ਉਚਾ ਸਮਝਣਾ, ਬਿਊਰੋ ਦੇ ਰੋਲ ਨੂੰ ਵਧਾ-ਚੜ੍ਹਾਕੇ ਦੇਖਣਾ ਅਤੇ ਪਲੈਨਿਮ ਦੇ ਰੋਲ ਨੂੰ ਘਟਾਕੇ ਦੇਖਣਾ। ਪਾਰਟੀ ਨੇ ਬਿਊਰੋ ਅਤੇ ਸੈਕਟਰੀਆਂ ਦੀ ਪੂਜਾ ਦੇ ਝੁਕਾਅ ਦਾ ਡਟਕੇ ਮੁਕਾਬਲਾ ਕੀਤਾ ਹੈ।

ਸਿੱਟੇ ਵਜੋਂ ਪਲੈਨਿਮਾਂ ਦੇ ਅਧਿਕਾਰ ਵਿਚ ਵਾਧਾ ਹੋਇਆ ਹੈ, ਅਤੇ ਸਭ ਖੇਤਰਾਂ ਵਿਚ ਅਗਵਾਈ ਕਰਨ, ਜਥੇਬੰਦ ਕਰਨ ਅਤੇ ਨਿਗਰਾਨੀ ਰੱਖਣ ਦੀ ਉਨ੍ਹਾਂ ਦੀ ਸਮੱਰਥਾ ਇੱਕ ਉਚੀ ਪੱਧਰ ਤੇ ਪਹੁੰਚ ਗਈ ਹੈ। ਪਲੈਨਿਮ ਦੇ ਮੈਂਬਰ ਸਾਂਝੀ ਅਗਵਾਈ ਦੇਣ ਦੀ ਆਪਣੀ ਜਿਮੇਵਾਰੀ ਨੂੰ ਹੋਰ ਜ਼ਿਆਦਾ ਮਹਿਸੂਸ ਕਰਨ ਲੱਗ ਪਏ ਹਨ।

ਪਲੈਨਿਮ, ਦੋ ਕਾਨਫਰੰਸਾਂ ਦੇ ਵਿਚਕਾਰ ਦੇ ਸਮੇਂ ਦੁਰਾਨ ਜਿਲ੍ਹੇ ਵਿਚ ਪਾਰਟੀ ਦੇ ਸਾਰੇ ਕੰਮ ਦੀ ਅਗਵਾਈ ਕਰਨ ਵਾਲੀ ਸੱਭ ਤੋਂ ਉਚੀ ਸੰਸਥਾ ਹੈ। ਬਿਊਰੋ ਕਦੇ ਵੀ ਪਲੈਨਿਮ ਦੀ ਜਗ੍ਹਾ ਨਹੀਂ ਲੈ ਸਕਦਾ ਅਤੇ ਕਦੇ ਵੀ ਪਲੈਨਿਮ ਦੇ ਫੈਸਲਿਆਂ ਤੋਂ ਬਾਹਰ, ਪਲੈਨਿਮ ਦੇ ਮੈਂਬਰਾਂ ਦੇ ਕੰਟਰੋਲ ਤੋਂ ਬਾਹਰ ਆਪਣੀਆਂ ਕਾਰਵਾਈਆਂ

ਨਹੀਂ ਚਲਾ ਸਕਦਾ। ਇਸਦੀ ਜਿਮੇਵਾਰੀ ਹੈ ਕਿ ਇਹ ਆਪਣੀਆਂ ਕਾਰ-ਵਾਈਆਂ ਦਾ ਹਿਸਾਬ-ਕਿਤਾਬ ਪਲੈਨਿਮ ਨੂੰ ਦੇਵੇ। ਇਹ ਅਸੂਲ ਪਾਰਟੀ ਦੀ ਕੇਂਦਰੀ ਕਮੇਟੀ ਅਤੇ ਇਸਦੇ ਪੋਲਿਟੀਕਲ ਬਿਊਰੋ ਉਤੇ ਵੀ ਇਵੇਂ ਹੀ ਲਾਗੂ ਹੁੰਦਾ ਹੈ।

ਪਲੈਨਿਮ ਦੇ ਰੋਲ ਨੂੰ ਵਧਾਉਣ ਵਾਸਤੇ ਇਹ ਲਾਜ਼ਮੀ ਹੈ ਕਿ ਅਗਵਾਈ ਦੇ ਕੇਂਦਰ ਨੂੰ ਬਿਊਰੋ ਤੋਂ ਲੈਕੇ ਪਲੈਨਿਮ ਕੋਲ ਦੇਣ ਵਾਸਤੇ ਲਗਾਤਾਰ ਅਤੇ ਸਿਲਸਿਲੇ-ਵਾਰ ਘੋਲ ਚਲਾਇਆ ਜਾਵੇ। ਇਸ ਲਈ ਲਾਜ਼ਮੀ ਹੈ ਕਿ ਪਲੈਨਿਮਾਂ ਦੇ ਮੈਂਬਰ ਖਾਸ ਤੌਰ ਤੇ ਹੋਰ ਡੂੰਘਿਆਈ ਵਿਚ ਨੁਕਤਾਚੀਨੀ ਅਤੇ ਸਵੈ-ਨੁਕਤਾਚੀਨੀ ਅਮਲ ਵਿਚ ਲਿਆਉਣ, ਬਿਊਰੋ ਦੇ ਮੈਂਬਰਾਂ ਅਤੇ ਸੈਕਟਰੀਆਂ ਦਾ ਕੋਈ ਲਿਹਾਜ਼ ਨਾ ਕਰਨ, ਅਤੇ ਧੌਂਸ ਦੇ ਕਿਸੇ ਵੀ ਆਸਾਰ ਨਾਲ ਡਟਕੇ ਨਿਪਟਣ। ਇਸ ਗੱਲ ਦਾ ਵਿਸ਼ੇਸ਼ ਮਹੱਤਵ ਹੈ ਕਿ ਆਪਣੇ ਕੰਮ ਵਿਚ ਜਿਲ੍ਹੇ ਦੇ ਪਲੈਨਿਮ, ਬਿਊਰੋ ਲਈ ਕੰਮਾਂ ਦੀ ਸਾਫ ਤੌਰ ਤੇ ਵਿਆਖਿਆ ਕਰਨ, ਅਤੇ ਕੇਂਦਰੀ ਕਮੇਟੀ ਦੀਆਂ ਹਦਾਇਤਾਂ ਅਤੇ ਖੁਦ ਆਪਣੇ ਫੈਸਲਿਆਂ ਨੂੰ ਲਾਗੂ ਕਰਨ ਦੀ ਜਿਮੇਵਾਰੀ ਬਿਊਰੋ ਨੂੰ ਸੌਂਪਣ। ਅਮਲ ਵਿਚ ਕੁੱਝ ਅਜਿਹੇ ਕੇਸ ਦੇਖਣ ਵਿਚ ਆਏ ਹਨ ਜਿਥੇ ਪਾਰਟੀ ਕਮੇਟੀਆਂ ਜਾਂ ਸੰਸਥਾਵਾਂ ਅਜੇਹੇ ਕੰਮ ਆਪਣੇ ਜਿਮੇ ਲੈ ਲੈਂਦੀਆਂ ਹਨ ਜਿਹੜੇ ਦਰਅਸਲ ਚੁਣੀ-ਆਂ ਹੋਈਆਂ ਸੰਸਥਾਵਾਂ ਦੇ ਕੰਮ ਹੁੰਦੇ ਹਨ। ਇਸ ਅਦਲਾ-ਬਦਲੀ ਨਾਲ ਪਾਰਟੀ ਕਮੇਟੀਆਂ ਦੇ ਅਗਵਾਈ ਵਾਲੇ ਰੋਲ ਨੂੰ ਚੋਖਾ ਨੁਕਸਾਨ ਹੋ ਸਕਦਾ ਹੈ। ਪਾਰਟੀ ਕਮੇਟੀਆਂ ਦੀਆਂ ਸੰਸਥਾਵਾਂ, ਚੁਣੀਆਂ ਹੋਈਆਂ ਸੰਸਥਾਵਾਂ ਦੇ ਕੰਮ ਵਿਚ ਮੱਦਦ ਕਰਨ ਅਤੇ ਉਸ ਨੂੰ ਸੌਖਿਆਂ ਬਣਾਉਣ ਵਾਸਤੇ ਸਥਾਪਿਤ ਕੀਤੀਆਂ ਜਾਂਦੀਆਂ ਹਨ, ਨਾ ਕਿ ਉਨ੍ਹਾਂ ਦੀ ਜਗ੍ਹਾ ਲੈਣ ਵਾਸਤੇ।

ਸਾਡੀ ਪਾਰਟੀ ਨੇ ਆਗੂ ਸੰਸਥਾਵਾਂ ਦੇ ਕੰਮ ਵਿਚ ਸਹਿਕਾਰਤਾ ਦੇ ਅਸੂਲ ਨੂੰ ਹਮੇਸ਼ਾ ਉਚਾ ਚੁੱਕਿਆ ਹੈ। ਸਾਂਝੀ ਸੋਚਣੀ ਅਤੇ ਕੰਮ ਜ਼ਿਆਦਾ ਦ੍ਰਿੜ ਅਤੇ ਸਹੀ ਹੁੰਦੇ ਹਨ, ਅੰਤੇ ਪਾਰਟੀ ਦੀ ਲੀਡਰਸ਼ਿਪ ਨੂੰ ਚਲਾਉਣ ਵਿਚ ਫੈਸਲਾਕੁੰਨ ਰੋਲ ਅਦਾ ਕਰਦੇ ਹਨ। ਸਹਿਕਾਰਤਾ, ਨੌਕਰਸ਼ਾਹੀ ਅਤੇ ਮਨਮਾਨੀ ਨੂੰ ਖਤਮ ਕਰਦੀ ਹੈ, ਜਦ ਕਿ ਇਸਦੇ ਨਾਲ ਨਾਲ ਵਿਅਕਤੀਗਤ ਸੋਚਣੀ ਅਤੇ ਕੰਮ ਨੂੰ ਚੰਗੇਰਾ ਬਣਾ-ਉਂਦੀ ਹੈ, ਅਤੇ ਲਕੀਰ ਦੇ ਫਕੀਰ ਬਣਨ ਅਤੇ ਆਦੀ ਬਣਨ ਦੇ ਝੁਕਾਅ ਦੀ ਇਜ਼ਾਜ਼ਤ ਨਹੀਂ ਦਿੰਦੀ।

ਪਾਰਟੀ ਦੀ ਅਜਾਰੇਦਾਰੀ ਦੇ ਤੌਰ ਤੇ ਕੇਡਰ ਨੀਤੀ ਵਿਚ ਸਹਿਕਾਰਤਾ ਦੇ

ਅਸੂਲ ਨੂੰ ਲਾਗੂ ਕਰਨ ਦਾ ਵਿਸ਼ੇਸ਼ ਮਹੱਤਵ ਹੈ। ਹਰ ਇੱਕ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਪਾਰਟੀ ਦੀ ਸੇਧ, ਇਸ ਵਲੋਂ ਮਿਥੀ ਗਈ ਕਸੌਟੀ, ਅਤੇ ਵਿਧੀਆਂ ਦਾ ਪਾਲਣ ਕਰੇ। ਇਸ ਖੇਤਰ ਵਿਚ ਵਿਅਕਤੀਗਤ ਤੌਰ ਤੇ ਕੁੱਝ ਵੀ ਨਹੀਂ ਕਰਨਾ ਚਾਹੀਦਾ। ਸਹਿਕਾਰਤਾ ਦਾ ਅਸੂਲ ਨਾ ਸਿਰਫ ਇੱਕ ਵਿਚਾਰਧਾਰਕ ਅਤੇ ਸਿਆਸੀ ਅਸੂਲ ਹੀ ਹੈ, ਬਲਕਿ ਇਹ ਹਰ ਕਿਸੇ ਦੇ ਇਸ ਵਿਸ਼ਵਾਸ ਨੂੰ ਵੀ ਮਜਬੂਤ ਕਰਦਾ ਹੈ ਕਿ ਹਰ ਕਿਸੇ ਦੀ ਪੁਜ਼ੀਸ਼ਨ ਪਾਰਟੀ ਅਤੇ ਮਜਦੂਰ ਜਮਾਤ ਦੇ ਹੱਥਾਂ ਵਿਚ ਹੈ। ਨਹੀਂ ਤਾਂ, ਨਾ ਸਿਰਫ ਵਿਅੱਕਤੀਵਾਦਤਾ ਹੀ ਪੈਦਾ ਹੁੰਦੀ ਹੈ ਬਲਕਿ ਕਈ ਹੋਰ ਭੈੜੀਆਂ ਬਿਮਾਰੀਆਂ ਜਿਵੇਂ ਚਮਚਾਗਿਰੀ, ਡਰ, ਅਤੇ ਹੰਕਾਰ, ਆਦਿ ਵੀ ਪੈਦਾ ਹੁੰਦੀਆਂ ਹਨ।

ਪਾਰਟੀ ਦੀ ਸਮੂਹਕ ਲੀਡਰਸ਼ਿਪ ਉਸ ਵਕਤ ਯਕੀਨੀ ਅਤੇ ਮਜਬੂਤ ਬਣਦੀ ਹੈ ਜਦੋਂ ਇਸਦਾ ਹਰ ਮੈਂਬਰ ਉਸ ਨੂੰ ਮਿਲੀ ਜ਼ਿੰਮੇਵਾਰੀ ਤੋਂ ਚੰਗੀ ਤਰ੍ਹਾਂ ਜਾਣੂੰ ਹੋਵੇ, ਮਸਲਿਆਂ ਨੂੰ ਉਠਾਣ ਅਤੇ ਉਨ੍ਹਾਂ ਨੂੰ ਹੱਲ ਕਰਨ, ਫੈਸਲੇ ਲੈਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿਚ ਸਰਗਰਮ ਹਿੱਸਾ ਲਵੇ।

ਪਾਰਟੀ ਕਮੇਟੀਆਂ ਦੇ ਅਗਵਾਈ ਵਾਲੇ ਰੋਲ ਅਤੇ ਉਨ੍ਹਾਂ ਦੇ ਸਾਰੇ ਸਮੂਹਕ ਕੰਮ ਨੂੰ ਮਜਬੂਤ ਕਰਨ ਲਈ ਇਹ ਲਾਜ਼ਮੀ ਹੈ ਕਿ ਇਹ ਸੰਸਥਾਵਾਂ ਅਤੇ ਇਨ੍ਹਾਂ ਦਾ ਹਰ ਮੈਂਬਰ ਆਪਣੇ ਜ਼ਿਲ੍ਹੇ ਜਾਂ ਮਿਲਟ੍ਰੀ ਪੱਧਰ ਤੇ ਹੋ ਰਹੇ ਸਾਰੇ ਕੰਮ ਅਤੇ ਸਾਰੀਆਂ ਸਮੱਸਿਆਵਾਂ ਵੱਲ ਵੱਧ ਤੋਂ ਵੱਧ ਧਿਆਨ ਦੇਵੇ ਅਤੇ ਉਨ੍ਹਾਂ ਦੇ ਹੱਲ ਲਈ ਘੋਲ ਕਰੇ। ਜਦੋਂ ਉਹ ਇਸ ਤਰ੍ਹਾਂ ਕੰਮ ਕਰਦੇ ਹਨ, ਤਾਂ ਕਿਹਾ ਜਾ ਸਕਦਾ ਹੈ ਕਿ ਇਹ ਸੰਸਥਾਵਾਂ ਵਾਕਈ ਲਗਾਤਾਰ ਕੰਮ ਕਰ ਰਹੀਆਂ ਹਨ। ਗਲਤ ਅਮਲ ਜੋ ਪਾਰਟੀ ਕਮੇਟੀਆਂ ਦੇ ਕੰਮ ਨੂੰ ਸਿਰਫ ਮੀਟਿੰਗਾਂ ਤਕ ਹੀ ਸੀਮਤ ਕਰਦੇ ਹਨ, ਉਨ੍ਹਾਂ ਦਾ ਡਟਕੇ ਵਿਰੋਧ ਕਰਨਾ ਚਾਹੀਦਾ ਹੈ, ਕਿਉਂਕਿ ਇਹ ਨੌਕਰਸ਼ਾਹੀ ਹਨ, ਇਹ ਲੋਕਾਂ ਵਿਚ ਕੰਮ ਕਰਨ ਦੀ ਜਗ੍ਹਾ ਮੀਟਿੰਗਾਂ ਨੂੰ ਦਿੰਦੇ ਹਨ, ਅਤੇ ਨਾ ਹੀ ਇਹ ਇਨ੍ਹਾਂ ਸੰਸਥਾਵਾਂ ਦੇ ਸਾਮੂਹਕ ਕੰਮ ਨੂੰ ਮਜਬੂਤ ਕਰਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਮੈਂਬਰਾਂ ਦੀ ਵਿਅਕਤੀਗਤ ਜ਼ਿੰਮੇਵਾਰੀ ਨੂੰ ਮਜਬੂਤ ਕਰਦੇ ਹਨ।

ਕੁੱਝ ਫੋਰਮ ਮੈਂਬਰ ਅਜੇ ਤਕ ਵੀ ਚੰਗੀ ਤਰ੍ਹਾਂ ਇਸ ਗੱਲ ਨੂੰ ਨਹੀਂ ਸਮਝਦੇ ਕਿ ਇੱਕ ਮੀਟਿੰਗ ਵਾਸਤੇ ਤਿਆਰੀ, ਮੀਟਿੰਗ ਕਰਨਾ ਅਤੇ ਫੈਸਲੇ ਲੈਣਾ, ਆਪਣੀ ਸਾਰੀ ਮਹੱਤਤਾ ਦੇ ਬਾਵਜੂਦ ਵੀ ਕੰਮ ਦੀ ਸਿਰਫ ਸ਼ੁਰੂਆਤ ਹੀ ਹੁੰਦਾ ਹੈ, ਜਦ ਕਿ ਫੈਸਲਿਆਂ ਨੂੰ ਅਮਲ ਵਿਚ ਲਾਗੂ ਕਰਨ ਵਾਸਤੇ ਘੋਲ ਕਰਨਾ ਇੱਕ ਅਜਿਹਾ

ਵਿਸ਼ਾਲ ਮੁਹਾਜ਼ ਹੈ ਜਿੱਥੇ ਹਰ ਫੋਰਮ ਮੈਂਬਰ ਨੂੰ ਇੱਕ ਜਥੇਬੰਦਕ ਅਤੇ ਲੀਡਰ ਦੇ ਤੌਰ ਤੇ ਪਹਿਲ-ਕਦਮੀ ਅਤੇ ਕਾਬਲੀਅਤ ਦਿਖਾਉਣੀ ਚਾਹੀਦੀ ਹੈ। ਖੈਰ, ਕੁੱਝ ਅਜਿਹੇ ਫੋਰਮ ਮੈਂਬਰ ਹਨ ਜਿਹੜੇ ਫੈਸਲੇ ਲੈਣ ਅਤੇ ਮੀਟਿੰਗ ਖਤਮ ਹੁੰਦੇ ਸਾਰ ਹੀ ਆਰਾਮ ਨਾਲ ਬੈਠ ਜਾਂਦੇ ਹਨ ਅਤੇ ਸਮਝਦੇ ਹਨ ਕਿ ਉਨ੍ਹਾਂ ਦਾ ਕੰਮ ਹੋ ਗਿਆ ਹੈ ਅਤੇ ਬਾਕੀ ਦਾ ਕੰਮ ਕਿਸੇ ਹੋਰ ਨੇ ਕਰਨਾ ਹੈ। ਹਰ ਇੱਕ ਪਲੈਨਿਮ ਮੈਂਬਰ ਦੀ ਇਹ ਜਿਮੇਂਵਾਰੀ ਹੈ ਕਿ ਉਹ ਤੈਅ ਕੀਤੇ ਗਏ ਕੰਮਾਂ ਨੂੰ ਕਰਨ ਅਤੇ ਸਿਰੇ ਚੜ੍ਹਾਉਣ ਵਾਰੇ ਚਿੰਤਾਤੁਰ ਹੋਵੇ ਅਤੇ ਇਸ ਵਾਸਤੇ ਘੋਲ ਕਰੇ, ਅਤੇ ਉਸਨੂੰ ਕਦੇ ਵੀ ਇਹ ਸੋਚ ਬੈਠ ਨਹੀਂ ਜਾਣਾ ਚਾਹੀਦਾ ਕਿ ਉਸ ਨੂੰ ਕੋਈ ਹੋਰ ਆ ਕੇ ਦੱਸੇਗਾ ਕਿ ਉਸ ਨੇ ਕੀ ਕਰਨਾ ਹੈ; ਉਸਨੂੰ ਕਦੇ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਇੱਕ ਲੀਡਰ ਹੈ ਅਤੇ ਸਮੁੱਚੇ ਕੰਮ ਵਿਚ ਉਸਦੀ ਸਮੂਹਕ ਅਤੇ ਵਿਅਕਤੀਗਤ ਜਿਮੇਂਵਾਰੀ ਹੈ। ਪਾਰਟੀ ਕਮੇਟੀ ਦੇ ਅਗਵਾਈ ਵਾਲੇ ਰੋਲ ਨੂੰ ਨਿਭਾਉਣ ਵਾਸਤੇ ਇਹ ਇੱਕ ਜਰੂਰੀ ਸ਼ਰਤ ਹੈ।

## 2— ਪਾਰਟੀ ਦੀ ਪ੍ਰੋਲਤਾਰੀ ਬਣਤਰ ਨੂੰ ਲਗਾਤਾਰ ਮਜਬੂਤ ਕਰਦੇ ਰਹਿਣਾ ਲਾਜ਼ਮੀ ਹੈ

ਆਪਣੀ ਹੋਂਦ ਦੇ ਹਰ ਦੌਰ ਵਿਚ ਸਾਡੀ ਪਾਰਟੀ ਨੇ ਆਗੂ ਯੋਧਿਆਂ ਦੇ ਤੌਰ ਤੇ ਕਮਿਊਨਿਸਟਾਂ ਦੀਆਂ ਸ਼ਾਨਦਾਰ ਖੂਬੀਆਂ ਅਤੇ ਗੁਣਾਂ ਵਾਸਤੇ ਲੜਾਈ ਕੀਤੀ ਹੈ। ਇਹ ਹਰ ਬੀਤਦੇ ਸਾਲ ਨਾਲ ਸਮਾਜਵਾਦ ਦੀ ਉਸਾਰੀ ਦੇ ਕੰਮਾਂ ਨੂੰ ਪੂਰੇ ਕਰਨ ਦੇ ਘੋਲ ਦੁਰਾਨ, ਤੇਜ਼ ਜਮਾਤੀ ਘੋਲਾਂ ਦੁਰਾਨ ਅਤੇ ਇਸਦੀ ਬਣਤਰ ਨੂੰ ਮਜ-ਬੂਤ ਬਣਾਉਣ ਨਾਲ ਹੋਰ ਵੀ ਤਾਕਤਵਰ ਬਣੀਆਂ ਹਨ।

ਛੇਵੀਂ ਕਾਂਗਰਸ ਤੋਂ ਬਾਅਦ ਦੇ ਸਾਲਾਂ ਦੁਰਾਨ ਪਾਰਟੀ ਵਿਚ ਹਜ਼ਾਰਾਂ ਨਵੇਂ ਮੈਂਬਰ ਭਰਤੀ ਕੀਤੇ ਗਏ ਹਨ ਜੋ ਕਿ ਸਾਡੇ ਲੋਕਾਂ ਦੇ ਸਭ ਤੋਂ ਵਧੀਆ ਪੁੱਤਰ ਅਤੇ ਧੀਆਂ ਹਨ, ਜੋ ਸਭ ਤੋਂ ਵੱਧ ਚੇਤੰਨ ਅਤੇ ਹੰਢੇ ਹੋਏ ਇਨਕਲਾਬੀ ਹਨ, ਕਮਿਊ-ਨਿਜ਼ਮ ਦੇ ਕਾਜ਼ ਵਿਚ ਵਫਾਦਾਰ ਅਤੇ ਦ੍ਰਿੜ ਹਨ, ਇਨਕਲਾਬੀ ਐਕਸ਼ਨ ਵਿਚ ਪਰਖੇ ਹੋਏ ਹਨ, ਅਤੇ ਸਮਾਜਵਾਦ ਦੀ ਉਸਾਰੀ ਅਤੇ ਦੇਸ਼ ਦੀ ਰਾਖੀ ਦੇ ਘੋਲ ਵਿਚ ਸਿਰ-ਕੱਢਵੇ ਹਨ।

ਏਸ ਵਕਤ 101,500 ਕਮਿਊਨਿਸਟ, ਜਿਨ੍ਹਾਂ ਵਿਚੋਂ 13,500 ਉਮੀਦਵਾਰ

ਮੈਂਬਰ ਹਨ, ਜਾਂ ਇਸ ਤਰ੍ਹਾਂ ਕਹਿ ਲਉ ਕਿ ਪਿਛਲੀ ਕਾਂਗਰਸ ਨਾਲੋਂ 14,500 ਜ਼ਿਆਦਾ ਕਮਿਉਨਿਸਟ, ਪਾਰਟੀ ਦੀਆਂ ਸਫਾਂ ਵਿਚ ਚੰਡੇ ਜਾ ਰਹੇ ਹਨ।ਕਮਿ-ਉਨਿਸਟ ਸਮੁੱਚੀ ਆਬਾਦੀ ਦੇ 4ਫੀਸਦੀ ਨਾਲੋਂ ਜ਼ਿਆਦਾ ਹਨ। ਕੁੱਲ ਮੈਂਬਰਸ਼ਿਪ ਵਿਚੋਂ 37.5 ਫੀਸਦੀ ਮਜ਼ਦੂਰ, ਅਤੇ 29 ਫੀਸਦੀ ਸਹਿਕਾਰੀ ਕਿਸਾਨ ਹਨ।

ਜਿੱਥੋਂ ਤਕ ਸਮਾਜਿਕ ਦਰਜੇ ਦਾ ਤੁਅੱਲਕ ਹੈ, ਪਾਰਟੀ ਵਿਚ ਮਜ਼ਦੂਰਾਂ ਦੀ ਅਜੇ ਵੀ ਪਹਿਲੀ ਜਗ੍ਹਾ ਹੈ। ਪਾਰਟੀ ਜਥੇਬੰਦੀਆਂ ਅਤੇ ਸੰਸਥਾਵਾਂ, ਮੁੱਖ ਤੌਰਤੇ ਮਜ਼ਦੂਰ ਜਮਾਤ ਵਿਚੋਂ ਭਰਤੀ ਕਰਨ ਦੀ ਸੇਧ ਚਲਦੀਆਂ ਰਹੀਆਂ ਹਨ: ਪਾਰਟੀ ਵਿਚ ਭਰਤੀ ਕੀਤੇ ਗਏ ਮੈਂਬਰਾਂ ਵਿਚ 41 ਫੀਸਦੀ ਇਸ ਜਮਾਤ ਵਿਚੋਂ ਹਨ, ਜਦਕਿ 38ਫੀਸਦੀ ਸਹਿਕਾਰੀ ਕਿਸਾਣੀ ਵਿਚੋਂ ਹਨ, ਅਤੇ ਕਰੀਬ 21ਫੀਸਦੀ ਦਫਤਰੀ ਕਰਮਚਾਰੀਆਂ, ਬੁੱਧੀਜੀਵੀਆਂ ਅਤੇ ਸੈਨਿਕਾਂ ਵਿਚੋਂ ਹਨ।

ਭਵਿੱਖ ਵਿਚ ਵੀ ਪਾਰਟੀ, ਮਜ਼ਦੂਰ ਜਮਾਤ ਵਿਚੋਂ ਆਪਣੀਆਂ ਸਫਾਂ ਵਧਾਉਣ ਨੂੰ ਪਹਿਲ ਦੇਵੇਗੀ।

ਮੋਟੇ ਤੌਰ ਤੇ ਜ਼ਿਲ੍ਹਿਆਂ ਦੀਆਂ ਪਾਰਟੀ ਜਥੇਬੰਦੀਆਂ ਨੇ ਵੀ ਹੋਰ ਜ਼ਿਆਦਾ ਸਹਿਕਾਰੀ ਕਿਸਾਨਾਂ ਨੂੰ ਭਰਤੀ ਕਰਨ ਦੀਆਂ ਛੇਵੀਂ ਕਾਂਗਰਸ ਦੀਆਂ ਹਦਾ-ਇਤਾਂ ਪੂਰੀਆਂ ਕੀਤੀਆਂ ਹਨ। ਇਸ ਨਾਲ ਦਿਹਾਤ ਵਿਚ ਪਾਰਟੀ ਹੋਰ ਮਜ਼-ਬੂਤ ਹੋਵੇਗੀ ਅਤੇ ਜ਼ਰਾਇਤੀ ਕੋਅਪ੍ਰੇਟਿਵਾਂ ਵਿਚ ਇਸਦੀ ਲੀਡਰਸ਼ਿਪ ਹੋਰ ਉਨੱਤ ਹੋਵੇਗੀ। ਸਹਿਕਾਰੀ ਕਿਸਾਨਾਂ ਵਿਚੋਂ ਭਰਤੀ ਕੀਤੇ ਗਏ ਉਮੀਦਵਾਰ ਮੈਂਬਰਾਂ ਦਾ ਦਰਜਾ ਮਜ਼ਦੂਰਾਂ ਤੋਂ ਬਾਅਦ ਹੈ, ਅਤੇ ਉਨ੍ਹਾਂ ਦੀ ਗਿਣਤੀ ਦਫਤਰੀ ਕਰਮਚਾਰੀਆਂ ਵਿਚੋਂ ਭਰਤੀ ਕੀਤੇ ਗਏ ਉਮੀਦਵਾਰ ਮੈਂਬਰਾਂ ਨਾਲੋਂ ਕਰੀਬ ਦੁੱਗਣੀ ਹੈ।

ਪਰ, ਸਹਿਕਾਰੀ ਕਿਸਾਨਾਂ ਵਿਚੋਂ ਹੋਰ ਜ਼ਿਆਦਾ ਮੈਂਬਰ ਭਰਤੀ ਕੀਤੇ ਜਾਣੇ ਚਾਹੀਦੇ ਸਨ, ਖਾਸ ਕਰਕੇ ਉਨ੍ਹਾਂ ਜ਼ਿਲ੍ਹਿਆਂ ਵਿਚ ਜਿੱਥੇ ਸਹਿਕਾਰੀ ਕਿਸਾਨ ਕਮਿਉਨਿਸਟਾਂ ਦੀ ਅਨੁਪਾਤ ਵਿਚ ਅਣਉਚਿਤ ਘਾਟਾ ਸਾਫ ਜ਼ਾਹਿਰ ਹੈ।

ਸਹਿਕਾਰੀ ਕਿਸਾਨ ਕਮਿਉਨਿਸਟਾਂ ਨਾਲ, ਪਾਰਟੀ ਦਾ ਵਿਕਾਸ ਤੇ ਮਜ਼-ਬੂਤੀ ਹਮੇਸ਼ਾ ਹੀ ਇੱਕ ਮਹੱਤਵਪੂਰਨ ਕੰਮ ਹੈ। ਉਦੇਸ਼ ਇਹ ਹੈ ਕਿ ਭਵਿੱਖ ਵਿਚ ਇਸ ਸਮਾਜਿਕ ਦਰਜੇ ਵਾਲੇ ਕਮਿਉਨਿਸਟਾਂ ਦੀ ਗਿਣਤੀ ਮਜ਼ਦੂਰ ਜਮਾਤ ਤੋਂ ਬਿਨਾਂ ਹੋਰ ਸਭ ਤੋਂ ਵੱਧ ਹੋਣੀ ਚਾਹੀਦੀ ਹੈ।

ਔਰਤਾਂ ਨੂੰ ਪਾਰਟੀ ਵਿਚ ਭਰਤੀ ਕਰਨ ਵੱਲ ਨਿਰੰਤਰ ਧਿਆਨ ਦਿੱਤਾ ਗਿਆ ਹੈ। ਹੁਣ ਕਮਿਉਨਿਸਟਾਂ ਦੀ ਕੁੱਲ ਗਿਣਤੀ ਵਿਚੋਂ ਔਰਤਾਂ 27 ਫੀਸਦੀ ਹਨ, ਜੋ

ਕਿ 1971 ਵਿਚ 22 ਫੀਸਦੀ ਅਤੇ 1966 ਵਿਚ ਸਿਰਫ 12.5 ਫੀਸਦੀ ਸਨ।

ਸਾਡੇ ਦੇਸ਼ ਦੇ ਜ਼ਬਰਦਸਤ ਪਦਾਰਥਕ, ਸੱਭਿਆਚਾਰਕ, ਵਿੱਦਿਅਕ, ਵਿਚਾਰਧਾਰਕ ਅਤੇ ਸਮਾਜਿਕ ਵਿਕਾਸ ਨੇ ਸਭ ਖੇਤਰਾਂ ਵਿਚ ਸਮਾਜਵਾਦੀ ਇਨਕਲਾਬ ਦੇ ਲਗਾਤਾਰ ਡੂੰਘਿਆਂ ਹੋਣ ਨੇ, ਸਮਾਜਵਾਦੀ ਸਮਾਜ ਦੀ ਮੁਕੰਮਲ ਉਸਾਰੀ ਅਤੇ ਦੇਸ਼ ਨੂੰ ਚਲਾਉਣ ਵਿਚ, ਔਰਤਾਂ ਵਲੋਂ ਇਨਕਲਾਬੀ ਲੜਾਕੂਆਂ ਦੇ ਤੌਰ ਤੇ ਸਰਗਰਮ ਹਿੱਸਾ ਲੈਣ ਵਾਸਤੇ ਲਾਹੇਵੰਦ ਹਾਲਾਤ ਤਿਆਰ ਕੀਤੇ ਹਨ। ਇਸ ਲਈ ਇਹ ਲਾਜ਼ਮੀ ਹੈ ਕਿ ਪਾਰਟੀ ਦੀਆਂ ਸਫਾਂ ਵਿਚ ਇਸਤ੍ਰੀ ਕਮਿਊਨਿਸਟਾਂ ਨੂੰ ਭਰਤੀ ਕਰਨ ਦੇ ਕੰਮ ਨੂੰ ਹੋਰ ਵੀ ਤੇਜ਼ ਕੀਤਾ ਜਾਵੇ।

1971 ਤੋਂ 1976 ਦੇ ਸਾਲਾਂ ਦੁਰਾਨ, ਪਾਰਟੀ ਵਿਚ ਭਰਤੀ ਕੀਤੇ ਗਏ ਮੈਂਬਰਾਂ ਵਿਚੋਂ ਬਹੁ-ਗਿਣਤੀ 30 ਸਾਲ ਜਾਂ ਇਸ ਤੋਂ ਘੱਟ ਉਮਰ ਵਾਲਿਆਂ ਦੀ ਹੈ। ਇਹ ਤੱਤ, ਸਾਡੇ ਨੌਜਵਾਨਾਂ ਦੇ ਸਾਡੀ ਪਾਰਟੀ ਅਤੇ ਕਮਿਊਨਿਜ਼ਮ ਨਾਲ ਮਜ਼ਬੂਤ ਸਬੰਧਾਂ, ਅਤੇ ਵੱਖ ਵੱਖ ਉਮਰਾਂ ਦੇ ਕਮਿਊਨਿਸਟ ਭਰਤੀ ਕਰਕੇ, ਪਾਰਟੀ ਦੇ ਜਿਸਮਾਨੀ ਬੁਢਾਪੇ ਤੋਂ ਬਚਣ, ਹਮੇਸ਼ਾ ਹੀ ਇਨਕਲਾਬੀ ਸੋਚਣੀ ਅਤੇ ਕੰਮ ਵਿਚ ਸਿਆਣੇ ਅਤੇ ਨਾਲੋਂ ਨਾਲ ਨੌਜਵਾਨ ਰਹਿਣ, ਅਤੇ ਵਰਤਮਾਨ ਤੇ ਭਵਿੱਖ ਦੀ ਪਾਰਟੀ ਬਣਨ ਬਾਰੇ ਪਾਰਟੀ ਦੇ ਯਤਨਾਂ ਦੀ ਗਵਾਹੀ ਭਰਦਾ ਹੈ।

ਪਾਰਟੀ ਨੇ ਹਮੇਸ਼ਾ ਹੀ ਆਪਣੀ ਸਮਾਜਿਕ ਬਣਤਰ ਨੂੰ ਲਗਾਤਾਰ ਸੁਧਾਰਨ ਦੇ ਸਵਾਲ ਨੂੰ ਕਈ ਇੱਕ ਹੋਰ ਤੱਤਾਂ ਦੀ ਰੌਸ਼ਨੀ ਵਿਚ ਦੇਖਿਆ ਹੈ, ਅਤੇ ਸਭ ਤੋਂ ਪਹਿਲੀ ਗੱਲ ਕਮਿਊਨਿਸਟਾਂ ਦਾ ਆਗੂ ਪ੍ਰੋਲਤਾਰੀ ਯੋਧੇ ਹੋਣਾ ਹੈ। ਪਾਰਟੀ ਨੂੰ ਨਵੇਂ ਖੂਨ ਦੀ ਜ਼ਰੂਰਤ ਹੈ, ਪਰ ਇਹ ਖੂਨ ਲਾਜ਼ਮੀ ਹੀ ਨਿਰੋਲ ਹੋਣਾ ਚਾਹੀਦਾ ਹੈ। ਪਾਰਟੀ ਨੇ ਕਦੇ ਵੀ ਗਿਣਤੀ ਦਾ ਪਿੱਛਾ ਨਹੀਂ ਕੀਤਾ, ਅਤੇ ਨਾ ਹੀ ਕਰੇਗੀ। ਇੱਕ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਵਿਚ ਹਮੇਸ਼ਾ ਖੂਬੀਆਂ ਹੀ ਫੈਸਲਾਕੁੰਨ ਰੋਲ ਅਦਾ ਕਰਦੀਆਂ ਹਨ।

> ਕਾਮਰੇਡ ਲੈਨਿਨ ਸਿਖਾਉਂਦੇ ਹਨ, "ਸਾਨੂੰ ਬਨਾਉਟੀ ਪਾਰਟੀ ਮੈਂਬਰਾਂ ਦੀ ਇੱਕ ਤੋਹਫੇ ਦੇ ਤੌਰ ਤੇ ਵੀ ਜ਼ਰੂਰਤ ਨਹੀਂ।"*

ਇਸ ਸਿੱਖਿਆ ਨੂੰ ਛੇਵੀਂ ਕਾਂਗਰਸ ਤੋਂ ਬਾਅਦ ਦੇ ਸਮੇਂ ਦੁਰਾਨ ਵੀ ਲਗਾਤਾਰ ਅਤੇ ਦ੍ਰਿੜਤਾ ਨਾਲ ਲਾਗੂ ਕੀਤਾ ਗਿਆ ਹੈ। ਪਰ ਇਸਦਾ ਮਤਲਬ ਇਹ ਨਹੀਂ

*ਵੀ. ਆਈ. ਲੈਨਿਨ, "ਸਮੂਹਕ ਰਚਨਾਵਾਂ", ਜਿਲਦ 30, ਸਫਾ 54 (ਅਲਬਾਨੀਅਨ ਐਡੀਸ਼ਨ)

ਕਿ ਕੋਈ ਵੀ ਕਮਜ਼ੋਰੀਆਂ ਜਾਂ ਤਰੁੱਟੀਆਂ ਨਹੀਂ ਰਹੀਆਂ। ਪਾਰਟੀ ਦੀਆਂ ਕਈ ਬੁਨਿਆਦੀ ਜਥੇਬੰਦੀਆਂ ਅਤੇ ਕਮੇਟੀਆਂ ਨੇ ਪਾਰਟੀ ਵਲੋਂ ਮਿਥੀਆਂ ਗਈਆਂ ਸ਼ਰਤਾਂ ਵਿਚ ਨਜ਼ਾਇਜ਼ ਛੋਟਾਂ ਦਿੱਤੀਆਂ ਹਨ। ਕੁੱਝ ਹੋਰ ਕੇਸਾਂ ਵਿਚ, ਦਾਖਲੇ ਤੋਂ ਪਹਿਲਾਂ ਅਤੇ ਅਜ਼ਮਾਇਸ਼ ਦੇ ਵਕਤ ਦੁਰਾਨ ਵੀ ਉਮੀਦਵਾਰਾਂ ਦੀ ਵਿਚਾਰਧਾਰਕ ਅਤੇ ਜਥੇਬੰਦਕ ਪਰਖ ਅਤੇ ਸਿਖਲਾਈ ਵੱਲ ਉਚਿਤ ਧਿਆਨ ਨਹੀਂ ਦਿੱਤਾ ਗਿਆ।

ਮਜਦੂਰਾਂ, ਸਹਿਕਾਰੀ ਕਿਸਾਨਾਂ ਅਤੇ ਔਰਤਾਂ ਨਾਲ ਪਾਰਟੀ ਦੀ ਬਣਤਰ ਨੂੰ ਮਜ਼ਬੂਤ ਕਰਨ ਦੀ ਸੇਧ ਅਤੇ ਨਾਲੋ ਨਾਲ ਇਸਦੇ ਵਾਧੇ ਦੀਆਂ ਲੋੜਾਂ ਨੂੰ ਕਦੇ ਵੀ ਮਕਾਨਕੀ ਢੰਗ ਨਾਲ ਲਾਗੂ ਨਹੀਂ ਕਰਨਾ ਚਾਹੀਦਾ, ਬਲਕਿ ਸਦਾ ਹੀ ਸੰਵਿਧਾਨ ਦੇ ਅਸੂਲਾਂ ਅਤੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਤਾਂ ਕਿ ਕਦੇ ਵੀ ਦਾਖਲੇ ਦੇ ਗੁਣਾਂ ਨੂੰ ਨੁਕਸਾਨ ਨਾ ਪਹੁੰਚੇ। ਇਸ ਕਸੌਟੀ ਦੀ ਰੋਸ਼ਨੀ ਵਿਚ ਦੇਖਦਿਆਂ, ਠੋਸ ਦਾਖਲੇ ਉਹ ਹਨ ਜੋ ਪਾਰਟੀ ਵਿਚ ਸਿਰਕੱਢ, ਸਰਗਰਮ ਅਤੇ ਪਾਰਟੀ ਦੇ ਕਾਜ਼ ਵਾਸਤੇ ਵਫਾਦਾਰੀ ਅਤੇ ਦ੍ਰਿੜਤਾ ਨਾਲ ਭਰਪੂਰ ਆਦਮੀਆਂ ਅਤੇ ਔਰਤਾਂ ਨੂੰ ਲਿਆਉਂਦੇ ਹਨ, ਖਾਸ ਕਰਕੇ ਉਨ੍ਹਾਂ ਸੈਕਟਰਾਂ ਵਿਚੋਂ ਜਿੱਥੇ ਜਿਸਮਾਨੀ ਗੁਣ ਪੈਦਾ ਹੁੰਦੇ ਹਨ, ਪੈਦਾਵਾਰ ਦੀਆਂ ਉਨ੍ਹਾਂ ਸ਼ਾਖਾਵਾਂ ਅਤੇ ਸਭ ਤੋਂ ਕਠਨ ਮੁਹਾਜ਼ਾਂ ਵਿਚੋਂ ਜਿੱਥੇ ਇਨਕਲਾਬੀ ਗੁਣਾਂ ਅਤੇ ਸਰਗਰਮੀਆਂ ਦੇ ਨਜ਼ਰੀਏ ਤੋਂ ਜ਼ਿਆਦਾ ਕਰੜੀ ਪਰਖ ਲੋਕਾਂ ਦੀ ਵਿਚਾਰਧਾਰਕ ਅਤੇ ਸਿਆਸੀ ਸੋਚਣੀ ਨੂੰ ਸੁਧਾਰਦੀ ਹੈ।

ਛੇਵੀਂ ਕਾਂਗਰਸ ਤੋਂ ਬਾਅਦ, ਪਾਰਟੀ ਵਿਚ ਭਰਤੀ ਕੀਤੇ ਗਏ ਮਜਦੂਰ ਕਮਿਉਨਿਸਟਾਂ ਵਿਚ 82 ਫੀਸਦੀ ਪਦਾਰਥਕ ਪੈਦਾਵਾਰ ਦੇ ਖੇਤਰ ਵਿਚੋਂ ਹਨ। ਫਿਰ ਵੀ, ਪੈਦਾਵਾਰ ਦੀਆਂ ਮੁੱਖ ਸ਼ਾਖਾਵਾਂ, ਖਾਸ ਤੌਰ ਤੇ ਭਾਰੀ ਉਦਯੋਗ, ਅਤੇ ਵੱਡੇ ਪ੍ਰਾਸੈਕਟਾਂ ਵਿਚੋਂ ਵੱਧ ਤੋਂ ਵੱਧ ਉਚੀ ਜਮਾਤੀ ਸੂਝ ਵਾਲੇ ਮਜਦੂਰਾਂ ਨੂੰ ਪਾਰਟੀ ਵਿਚ ਲਿਆਉਣ ਵਾਸਤੇ ਹੋਰ ਵੀ ਜ਼ਿਆਦਾ ਯਤਨ ਕਰਨੇ ਚਾਹੀਦੇ ਹਨ। ਇਨ੍ਹਾਂ ਮੁਹਾਜ਼ਾਂ ਤੋਂ ਹੋਰ ਜ਼ਿਆਦਾ ਕਮਿਉਨਿਸਟ ਭਰਤੀ ਕਰਨੇ ਚਾਹੀਦੇ ਹਨ ਕਿਉਂ ਕਿ ਲੋੜ ਪੈਣ ਤੇ ਉਨ੍ਹਾਂ ਵਿਚੋਂ ਕੁੱਝ ਹੋਰ ਸੈਕਟਰਾਂ ਅਤੇ ਸ਼ਾਖਾਵਾਂ ਵਿਚ ਚਲੇ ਜਾਣਗੇ।

ਇੱਕ ਉਮੀਦਵਾਰ ਮੈਂਬਰ ਦੀ ਪਰਖ ਦਾ ਵਕਤ, ਜਿਸਦੀ ਲੋੜ ਅਤੇ ਸਹੀਪਣ ਅਮਲ ਵਿਚ ਪੂਰੀ ਤਰ੍ਹਾਂ ਸਾਬਤ ਹੋ ਚੁੱਕੇ ਹਨ, ਦਾਖਲਿਆਂ ਦੇ ਗੁਣ ਵਿਚ ਬਹੁਤ ਮਹੱਤਵਪੂਰਨ ਹੈ। ਇਸ ਲਈ ਸਾਨੂੰ ਇਸ ਇਨਕਲਾਬੀ ਸਿਖਲਾਈ ਦੇ ਪਰਖੇਹੋਏ

ਢੰਗ ਨੂੰ ਪਾਰਟੀ ਦੀਆਂ ਲੋੜਾਂ ਅਤੇ ਹਦਾਇਤਾਂ ਅਨੁਸਾਰ ਹੋਰ ਸੁਧਾਰਨਾ ਚਾਹੀਦਾ ਹੈ।

ਸਾਡੇ ਲੋਕ ਸਦਾ ਹੀ ਕਮਿਊਨਿਸਟ ਨੂੰ ਇੱਕ ਸਭ ਤੋਂ ਇਮਾਨਦਾਰ ਆਦਮੀ, ਇਨਕਲਾਬ ਅਤੇ ਸਮਾਜਵਾਦ ਦੇ ਕਾਜ਼ ਵਾਸਤੇ ਘੋਲ ਵਿਚ ਸਭ ਤੋਂ ਦ੍ਰਿੜ ਯੋਧੇ ਦੇ ਤੌਰ ਤੇ ਜਾਣਦੇ ਹਨ, ਅਤੇ ਉਨ੍ਹਾਂ ਨੇ ਕਮਿਊਨਿਸਟ ਨੂੰ ਹਮੇਸ਼ਾ ਹੀ ਮੋਹਰਲੀਆਂ ਸਫਾਂ ਵਿਚ, ਉਨ੍ਹਾਂ ਮੁਹਾਜ਼ਾਂ ਉਤੇ ਜਾਣ ਵਾਸਤੇ ਤਿਆਰ-ਬਰ-ਤਿਆਰ ਦੇਖਿਆ ਹੈ ਜਿੱਥੇ ਘੋਲ ਦੀਆਂ ਹਾਲਤਾਂ ਬਹੁਤ ਕਠਨ ਹਨ। ਪਾਰਟੀ ਉਨ੍ਹਾਂ ਲੋਕਾਂ ਨੂੰ ਆਪਣੀਆਂ ਸਫਾਂ ਵਿਚ ਨਹੀਂ ਰੱਖ ਸਕਦੀ ਜੋ ਇਸ ਸ਼ਾਨਦਾਰ ਪਦਵੀ ਦੇ ਕਾਬਿਲ ਨਾ ਹੋਣ। ਇਸ ਵਾਸਤੇ ਕਮਿਊਨਿਸਟਾਂ ਦੇ ਨਾਂ ਤੇ ਧੱਬਾ ਲਾਉਣ ਵਾਲਿਆਂ ਨੂੰ ਅਤੇ ਆਗੂ ਇਨਕਲਾਬੀ ਯੋਧੇ ਦੀਆਂ ਖੂਬੀਆਂ ਨੂੰ ਤਿਆਗ ਦੇਣ ਵਾਲਿਆਂ ਨੂੰ, ਜੋ ਪਾਰਟੀ ਵਿਚ ਘੁਸ ਆਏ ਹਨ, ਪਾਰਟੀ ਵਿਚੋਂ ਕੱਢਣਾ, ਪਾਰਟੀ ਨੂੰ ਮਜਬੂਤ ਕਰਨ ਦੇ ਢੰਗਾਂ ਵਿਚੋਂ ਇੱਕ ਹੈ। ਕਾਮਰੇਡ ਲੈਨਿਨ ਨੇ, ਪਾਰਟੀ ਦੀਆਂ ਸਫਾਂ ਵਿਚ ਛਾਂਟੀ ਨੂੰ ਮਜ਼ਦੂਰ ਜਮਾਤ ਦੀ ਨਵੀਂ ਕਿਸਮ ਦੀ ਪਾਰਟੀ ਦੇ ਵਿਕਾਸ ਦਾ ਨਿਯਮ ਕਿਹਾ। ਸਾਡੀ ਪਾਰਟੀ ਵਿਚ ਇਹ ਛਾਂਟੀ ਆਮ ਤਰੀਕੇ ਅਨੁਸਾਰ, ਸੰਵਿਧਾਨ ਦੇ ਅਸੂਲਾਂ ਅਤੇ ਨਿਯਮਾਂ ਅਨੁਸਾਰ, ਅੰਦਰੂਨੀ ਪਾਰਟੀ ਜਮਹੂਰੀਅਤ ਦੀ ਵਰਤੋਂ ਰਾਹੀਂ ਅਤੇ ਮੇਹਨਤਕਸ਼ ਲੋਕਾਂ ਦੇ ਵਿਚਾਰਾਂ ਦੇ ਅਧਾਰ ਤੇ ਕੀਤੀ ਜਾਂਦੀ ਹੈ।

ਪਾਰਟੀ ਵਿਚੋਂ ਕੱਢੇ ਗਏ ਮੈਂਬਰਾਂ ਵਿਚੋਂ ਸਿਰਫ ਚੰਦ-ਕੁ ਹੀ ਅਜੇਹੇ ਹਨ, ਜੋ ਦੁਸ਼ਮਣਾਂ ਵਾਲਾ ਰਵੱਈਆ ਰੱਖਦੇ ਹਨ ਅਤੇ ਪਾਰਟੀ-ਵਿਰੋਧੀ ਅੰਸ਼ਰ ਹਨ। ਬਾਕੀ ਦੇ ਸਭ, ਪਾਰਟੀ ਵਿਚੋਂ ਕੱਢੇ ਜਾਣ ਦੇ ਬਾਵਜੂਦ ਵੀ, ਅਜੇ ਤਕ ਵੀ ਪਾਰਟੀ ਅਤੇ ਸਮਾਜਵਾਦੀ ਮਾਤਭੂਮੀ ਨੂੰ ਪਿਆਰ ਕਰਦੇ ਹਨ, ਅਤੇ ਹੋਰ ਲੋਕਾਂ ਦੇ ਨਾਲ ਮਿਲ ਕੇ ਇਸ ਰਾਹ ਉਤੇ ਚੱਲਦੇ ਹਨ। ਪਾਰਟੀ ਨੇ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਉਨ੍ਹਾਂ ਨੂੰ ਹਮੇਸ਼ਾ ਹੀ ਨੇੜੇ ਅਤੇ ਸਰਗਰਮ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਮੱਦਦ ਅਤੇ ਸਿੱਖਿਆ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਵਲ ਕਦੇ ਵੀ ਸੰਕੀਰਣ(ਸੈਕਟੇਰੀਅਨ) ਰਵੱਈਏ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।

ਪਾਰਟੀ ਦਾ ਲਗਾਤਾਰ ਵਿਕਾਸ, ਸਮਾਜਵਾਦੀ ਉਸਾਰੀ ਅਤੇ ਮਾਤਭੂਮੀ ਦੀ ਰੱਖਿਆ ਦੇ ਮੁਹਾਜ਼ਾਂ ਅਤੇ ਕੰਮਾਂ ਦੇ ਪਸਾਰੇ ਅਤੇ ਵਾਧੇ ਦੇ ਨਾਲ ਨਾਲ ਚੱਲਦਾ ਹੈ। ਇਨ੍ਹਾਂ ਮੁਹਾਜ਼ਾਂ ਉਤੇ ਕਮਿਊਨਿਸਟਾਂ ਦੀ ਮੌਜੂਦਗੀ ਦੀਆਂ ਜਰੂਰਤਾਂ ਨੂੰ ਸਿਰਫ

ਨਵੀਂ ਭਰਤੀ ਰਾਹੀਂ ਹੀ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਉਦੇਸ਼ ਵਾਸਤੇ, ਪਾਰਟੀ ਦੀਆਂ ਤਾਕਤਾਂ ਦੇ ਪ੍ਰਸਾਰੇ ਅਤੇ ਵੰਡ ਦਾ ਵਿਸ਼ੇਸ਼ ਮਹੱਤਵ ਹੈ।

ਹੁਣ, ਕੋਈ ਵੀ ਅਜਿਹਾ ਸੈਕਟਰ, ਵਿਭਾਗ ਜਾਂ ਪ੍ਰੋਡਕਸ਼ਨ ਬ੍ਰਗੇਡ ਨਹੀਂ ਹੈ ਜਿੱਥੇ ਕਮਿਉਨਿਸਟ, ਕਮਿਉਨਿਸਟਾਂ ਦਾ ਇੱਕ ਗਰੁੱਪ, ਪਾਰਟੀ ਦਾ ਇੱਕ ਗਰੁੱਪ ਜਾਂ ਬੁਨਿਆਦੀ ਜਥੇਬੰਦੀ ਨਾ ਹੋਵੇ। ਪਾਰਟੀ ਮੈਂਬਰਾਂ ਦੇ ਪ੍ਰਸਾਰੇ ਅਤੇ ਵੰਡ ਵਿੱਚ, ਪੈਦਾ-ਵਾਰ ਦੇ ਖੇਤਰ ਅਤੇ ਇਸ ਖੇਤਰ ਵਿਚ ਖਾਸ ਤੌਰ ਤੇ ਕੰਮ ਦੇ ਮੁਖ ਮੁਹਾਜ਼ਾਂ ਜਿਵੇਂ ਕਿ ਖਾਣਾਂ, ਭਾਰੀ ਉਦਯੋਗ, ਵੱਡੇ ਉਸਾਰੀ ਪ੍ਰਾਜੈਕਟ, ਅਤੇ ਜ਼ਰਾਇਤ ਆਦਿ ਨੂੰ ਪਹਿਲ ਦਿੱਤੀ ਗਈ ਹੈ।

ਕਿਸੇ ਵੀ ਹੋਰ ਪੰਜ-ਸਾਲਾ ਯੋਜਨਾ ਦੇ ਦੁਰਾਨ ਨਾਲੋਂ ਪਿਛਲੀ ਪੰਜ-ਸਾਲਾ ਯੋਜਨਾ ਦੇ ਦੁਰਾਨ ਜ਼ਿਆਦਾ ਕਮਿਉਨਿਸਟਾਂ ਨੂੰ ਪ੍ਰਬੰਧਕੀ ਕੰਮਾਂ ਵਲੋਂ ਹਟਾ ਕੇ ਪੈਦਾਵਾਰ ਦੇ ਕੰਮ ਵਿਚ ਅਤੇ ਸ਼ਹਿਰਾਂ ਤੋਂ ਪਿੰਡਾਂ ਵਿਚ ਲਿਜਾਇਆ ਗਿਆ। ਅੱਜ, ਕਮਿਉਨਿਸਟਾਂ ਦੀ ਕੁੱਲ ਗਿਣਤੀ ਵਿਚੋਂ ਕਰੀਬ 62 ਫੀਸਦੀ ਪੈਦਾਵਾਰ ਦੇ ਖੇਤਰ ਵਿਚ ਕੰਮ ਕਰਦੇ ਹਨ, ਅਤੇ ਇਨ੍ਹਾਂ ਵਿਚੋਂ 82 ਫੀਸਦੀ ਸਿੱਧੇ ਤੌਰ ਤੇ ਪੈਦਾਵਾਰ ਵਿਚ ਹਿੱਸਾ ਲੈਂਦੇ ਹਨ। ਜ਼ਰਾਇਤੀ ਕੋਅਪ੍ਰੇਟਿਵਾਂ ਵਿਚ ਕਮਿਉਨਿਸਟਾਂ ਦੀ ਕੁੱਲ ਗਿਣਤੀ ਵਿਚੋਂ 87 ਫੀਸਦੀ ਸਿੱਧੇ ਤੌਰ ਤੇ ਪੈਦਾਵਾਰ ਦੇ ਕੰਮ ਵਿਚ ਹਿੱਸਾ ਲੈਂਦੇ ਹਨ।

ਭਵਿੱਖ ਵਿਚ, ਹੋਰ ਵੀ ਜ਼ਿਆਦਾ ਕਮਿਉਨਿਸਟਾਂ ਨੂੰ ਸ਼ਹਿਰਾਂ ਤੋਂ ਪਿੰਡਾਂ ਵਿਚ ਭੇਜਣਾ ਜ਼ਰੂਰੀ ਹੋਵੇਗਾ। ਏਸੇ ਤਰ੍ਹਾਂ, ਸਿੱਧੇ ਤੌਰ ਤੇ ਪੈਦਾਵਾਰ ਦੇ ਕੰਮ ਵਿਚ ਹਿੱਸਾ ਲੈਣ ਵਾਲਿਆਂ ਦਾ ਅਨੁਪਾਤ ਵੀ ਪ੍ਰਬੰਧਕੀ ਕੰਮ ਵਿਚ ਹਿੱਸਾ ਲੈਣ ਵਾ-ਲਿਆਂ ਨਾਲੋਂ ਹੋਰ ਜ਼ਿਆਦਾ ਵਧਣਾ ਚਾਹੀਦਾ ਹੈ, ਖਾਸ ਤੌਰ ਤੇ ਉਸਾਰੀ ਅਤੇ ਸਟੇਟ ਫਾਰਮਾਂ ਵਿਚ ਜਿੱਥੇ ਪੈਦਾਵਾਰ ਵਿਚ ਸਿੱਧੇ ਤੌਰ ਤੇ ਹਿੱਸਾ ਲੈਣ ਵਾਲੇ ਕਮਿਉਨਿਸਟਾਂ ਦੀ ਗਿਣਤੀ ਆਰਥਿਕਤਾ ਦੇ ਹੋਰ ਸੈਕਟਰਾਂ ਨਾਲੋਂ ਅਜੇ ਘੱਟ ਹੈ।

ਇਸਦਾ ਉਦੇਸ਼ ਇਸ ਮਾਰਕਸਵਾਦੀ-ਲੈਨਿਨਵਾਦੀ ਅਸੂਲ ਨੂੰ ਵੱਧ ਤੋਂ ਵੱਧ ਚੰਗੇ ਢੰਗ ਨਾਲ ਲਾਗੂ ਕਰਨਾ ਹੈ ਕਿ ਮਜ਼ਦੂਰ ਜਮਾਤ ਦੀ ਪਾਰਟੀ, ਮਜ਼ਦੂਰ ਜਮਾਤ ਦਾ ਹਰਾਵਲ ਦਸਤਾ, ਘੋਲ ਵਿੱਚ, ਕੰਮ ਵਿਚ, ਪੈਦਾਵਾਰ ਵਿਚ ਜਿੱਥੇ ਵੀ ਲੋੜ ਬਣੇ ਸਭ ਤੋਂ ਮੋਹਰਲੀਆਂ ਸਫਾਂ ਵਿਚ ਹੋਣਾ ਲਾਜ਼ਮੀ ਹੈ। ਇਸ ਤਰ੍ਹਾਂ ਨਾਲ ਪਾਰਟੀ ਹਮੇਸ਼ਾ ਹੀ ਆਪਣਾ ਅਗਵਾਈ ਵਾਲਾ ਰੋਲ ਅਦਾ ਕਰਦੀ ਰਹੇਗੀ, ਅਤੇ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਨੂੰ ਸਫਲਤਾਪੂਰਬਕ ਹਾਸਲ ਕੀਤਾ ਜਾ ਸਕੇਗਾ।

ਪਾਰਟੀ ਦੀ ਆਮ ਬਣਤਰ ਦੀ ਤਰ੍ਹਾਂ ਹੀ, ਕੇਂਦਰੀ ਕਮੇਟੀ ਨੇ ਪਾਰਟੀ, ਸਟੇਟ, ਆਰਥਿਕਤਾ ਅਤੇ ਲੋਕ-ਜਥੇਬੰਦੀਆਂ ਦੇ ਆਗੂ ਕੇਡਰਾਂ ਦੀ ਸਮਾਜੀ ਬਣਤਰ ਨੂੰ ਮਜ਼ਬੂਤ ਕਰਨ ਵੱਲ ਵੀ ਲਗਾਤਾਰ ਧਿਆਨ ਦਿੱਤਾ ਹੈ।

ਹੁਣ ਜ਼ਿਲ੍ਹਿਆਂ ਅਤੇ ਫੌਜੀ ਇਕਾਈਆਂ ਵਿਚ ਪਾਰਟੀ ਦੀਆਂ ਆਗੂ ਸਭਾਵਾਂ ਦੇ ਮੈਂਬਰਾਂ ਵਿਚੋਂ 42.2ਫੀਸਦੀ ਮਜ਼ਦੂਰ ਦਰਜੇ ਅਤੇ ਪਿਛੋਕੜ ਵਾਲੇ ਮੈਂਬਰ ਹਨ। ਇਹ, ਅਤੇ ਇਸਦੇ ਨਾਲ ਨਾਲ ਇੱਕ ਹੋਰ ਸਚਾਈ ਕਿ ਪਾਰਟੀ ਕਮੇਟੀਆਂ ਦੇ ਪਲੈਨਿਮਾਂ ਦੇ ਮੈਂਬਰਾਂ ਵਿਚੋਂ ਖਾਸੀ ਗਿਣਤੀ ਉਨ੍ਹਾਂ ਮੈਂਬਰਾਂ ਦੀ ਹੈ ਜੋ ਇਨ੍ਹਾਂ ਸਭਾਵਾਂ ਵਿਚ ਚੁਣੇ ਜਾਣ ਤੋਂ ਬਾਅਦ ਵੀ ਮਜ਼ਦੂਰਾਂ ਅਤੇ ਸਹਿਕਾਰੀ ਕਿਸਾਨਾਂ ਦੇ ਤੌਰ ਤੇ ਕੰਮ ਕਰਦੇ ਹਨ, ਪਾਰਟੀ ਵਲੋਂ ਆਪਣੀਆਂ ਆਗੂ ਸਭਾਵਾਂ ਦੇ ਇਨਕਲਾਬੀ ਖਾਸੇ ਨੂੰ ਬਰਕਰਾਰ ਰੱਖਣ ਅਤੇ ਮਜ਼ਬੂਤ ਕਰਨ ਵੱਲ ਲਗਾਤਾਰ ਦਿੱਤੀ ਜਾਂਦੀ ਤਵੱਜੋਂ ਦਾ ਸਬੂਤ ਹਨ। ਏਸੇ ਤਰ੍ਹਾਂ ਮਨਿਸਟਰੀਆਂ ਅਤੇ ਹੋਰ ਕੇਂਦਰੀ ਸਟੇਟ ਸੰਸਥਾਵਾਂ ਵਿਚ ਵੀ 40 ਫੀਸਦੀ ਅਮਲਾ ਮਜ਼ਦੂਰ ਪਿਛੋਕੜ ਵਾਲਾ ਹੈ। ਸਟੇਟ, ਲੋਕ-ਜਥੇਬੰਦੀਆਂ ਅਤੇ ਜ਼ਰਾਇਤੀ ਕੋਅਪ੍ਰੇਟਿਵਾਂ ਦੀਆਂ ਸੰਸਥਾਵਾਂ ਵਿਚ ਚੁਣੇ ਗਏ ਮੈਂਬਰਾਂ ਵਿਚੋਂ 70ਫੀਸਦੀ ਮਜ਼ਦੂਰ ਅਤੇ ਸਹਿਕਾਰੀ ਕਿਸਾਨ ਹਨ। ਦੂਸਰੇ ਪਾਸੇ, ਉਨ੍ਹਾਂ ਵਿਚੋਂ 72 ਫੀਸਦੀ ਗੈਰ-ਪਾਰਟੀ ਮੈਂਬਰ ਹਨ। ਇਹ ਸਭ ਕੁਝ ਪਾਰਟੀ ਦੀ ਨੀਤੀ ਦੀ ਇੱਕ ਮਹਾਨ ਜਿੱਤ ਹੈ ਅਤੇ ਲੈਨਿਨਵਾਦੀ ਸਿੱਖਿਆਵਾਂ ਨੂੰ ਲਗਾਤਾਰ ਲਾਗੂ ਕੀਤੇ ਜਾਣ ਦਾ ਸਬੂਤ ਹੈ।

ਰੂਸ ਦੀ ਸੋਧਵਾਦੀ ਪਾਰਟੀ ਅਤੇ ਹੋਰ ਸੋਧਵਾਦੀ ਪਾਰਟੀਆਂ ਵਿਚ ਇਸ ਦੇ ਉਲਟ ਗੱਲ ਹੁੰਦੀ ਹੈ, ਜਿੱਥੇ ਕੇਡਰ ਬੁਰਜੂਆ ਬੁੱਧੀਜੀਵੀ ਤਬਕੇ ਵਿਚੋਂ ਹੁੰਦੇ ਹਨ। ਉਥੇ, ਵੱਖ ਵੱਖ ਪੱਧਰਾਂ ਤੇ ਪਾਰਟੀ ਕਮੇਟੀਆਂ ਦੇ ਮੈਂਬਰਾਂ ਦੀ ਵੱਡੀ ਬਹੁਗਿਣਤੀ ਨੌਕਰਸ਼ਾਹ ਅਧਿਕਾਰੀ ਹਨ, ਜਦਕਿ ਇਨ੍ਹਾਂ ਕਮੇਟੀਆਂ ਦੇ ਸੈਕਟਰੀ ਤਕਰੀਬਨ 100 ਫੀਸਦੀ ਬੁੱਧੀਜੀਵੀ ਹਨ।

ਪਾਰਟੀ ਦੀਆਂ ਹਦਾਇਤਾਂ ਨੂੰ ਇਸ ਪੱਖ ਤੋਂ ਸਹੀ ਤੌਰ ਤੇ ਲਾਗੂ ਕਰਨ, ਕਿ ਮਜ਼ਦੂਰ ਪਿਛੋਕੜ ਵਾਲੇ ਅਤੇ, ਪੈਦਾਵਾਰ ਦੇ ਸਭ ਤੋਂ ਕਠਨ ਮੁਹਾਜ਼ਾਂ ਉਤੇ ਕੰਮ ਕਰਨ ਵਾਲੇ ਹੋਰ ਜ਼ਿਆਦਾ ਕੇਡਰਾਂ ਨੂੰ ਹਰ ਜਗ੍ਹਾ ਆਗੂ ਸੰਸਥਾਵਾਂ ਵਿਚ ਲੈਣਾ ਚਾਹੀਦਾ ਹੈ, ਨੇ ਉਨ੍ਹਾਂ ਦੇ ਰੋਲ ਅਤੇ ਸਰਗਰਮੀ ਨੂੰ ਵਧਾਉਣ ਵਿਚ ਕਾਫੀ ਮਦਦ ਕੀਤੀ ਹੈ। ਆਮ ਲੋਕਾਂ ਵਿਚੋਂ ਆਉਣ ਵਾਲੇ ਨਵੇਂ ਮੈਂਬਰ ਆਪਣੇ ਨਾਲ ਇਨਕਲਾਬੀ ਪਹਿਲ-ਕਦਮੀ, ਹੌਸਲਾ ਅਤੇ ਮਜ਼ਦੂਰ ਜਮਾਤ ਦੇ ਜਜ਼ਬਾਤ ਲੈਕੇ ਆਉਂਦੇ ਹਨ।

ਛੇਵੀਂ ਕਾਂਗਰਸ ਵਲੋਂ ਮਿੱਥੇ ਕਾਰਜਾਂ ਨੂੰ ਮੱਦੇ-ਨਜ਼ਰ ਰੱਖਦਿਆਂ, ਬਹੁਤ ਸਾਰੇ ਨੌਜਵਾਨ ਕੇਡਰਾਂ ਨੂੰ ਜਿਮੇਂਵਾਰੀ ਦੀਆਂ ਪਦਵੀਆਂ ਸੰਭਾਲੀਆਂ ਗਈਆਂ। ਸਭ ਸੰਸਥਾਵਾਂ ਵਿਚ ਕੁੱਲ ਕੇਡਰਾਂ ਵਿਚੋਂ 40 ਫੀਸਦੀ 30ਸਾਲ ਤੋਂ ਘੱਟ ਉਮਰ ਦੇ ਹਨ, 31 ਫੀਸਦੀ 40 ਸਾਲ ਤੋਂ ਘੱਟ ਉਮਰ ਦੇ ਹਨ; 21 ਫੀਸਦੀ 41 ਤੋਂ 50ਸਾਲ ਦੀ ਉਮਰ ਦੇ ਹਨ, ਅਤੇ 8 ਫੀਸਦੀ 51ਸਾਲ ਤੋਂ ਉਤੇ ਉਮਰ ਵਾਲੇ ਹਨ। ਇਹ ਅੰਕੜੇ ਦਿਖਾਉਂਦੇ ਹਨ ਕਿ ਪਾਰਟੀ ਕੇਡਰਾਂ ਦਾ ਵਾਧਾ ਅਤੇ ਨਵੀਨਕਰਣ ਉਚਿਤ ਢੰਗ ਨਾਲ ਹੋ ਰਿਹਾ ਹੈ ਅਤੇ ਨੌਜਵਾਨ ਅਤੇ ਸਿਆਣੀ ਉਮਰ ਦੇ ਕੇਡਰਾਂ ਵਿਚਕਾਰ ਇੱਕਸੁਰਤਾ ਹੋਰ ਵੀ ਵਧ ਰਹੀ ਹੈ।

ਇਹ ਲਾਜ਼ਮੀ ਹੈ ਕਿ ਨੌਜਵਾਨ ਕੇਡਰ ਜੋ ਪਾਰਟੀ ਸੰਸਥਾਵਾਂ ਅਤੇ ਹੋਰ ਆਗੂ ਸੰਸਥਾਵਾਂ ਵਿਚ ਆਉਂਦੇ ਹਨ ਉਨ੍ਹਾਂ ਨੂੰ ਸਰਬ-ਪੱਖੀ ਮੱਦਦ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਆਗੂਆਂ ਦੇ ਤੌਰ ਤੇ ਆਪਣੇ-ਆਪਨੂੰ ਮਜਬੂਤ ਕਰ ਸਕਣ ਅਤੇ ਝਿਜਕ ਅਤੇ ਨਰਮ-ਖਿਆਲੀ ਧਾਰਨਾਵਾਂ ਤੋਂ ਛੁਟਕਾਰਾ ਪਾ ਸਕਣ। ਉਨ੍ਹਾਂ ਨੂੰ ਠੋਸ ਕੰਮ ਦੇਣੇ ਚਾਹੀਦੇ ਹਨ, ਹਦਾਇਤਾਂ ਦੇਣੀਆਂ ਚਾਹੀਦੀਆਂ ਹਨ ਅਤੇ ਨਿਗਰਾਨੀ ਰੱਖਣੀ ਚਾਹੀਦੀ ਹੈ, ਹਮਾਇਤ ਅਤੇ ਸਹਾਇਤਾ ਦੇਣੀ ਚਾਹੀਦੀ ਹੈ ਤਾਂ ਕਿ ਉਹ ਸਿੱਧੇ ਇਨਕਲਾਬੀ ਅਮਲ ਵਿਚ ਸਹੀ ਆਗੂ ਬਣਨਾਂ ਸਿੱਖਣ।

ਅੜਚਣਾਂ ਦੇ ਖਿਲਾਫ, ਖਾਸ ਕਰ ਰੂੜੀਵਾਦੀ ਸੋਚਣੀਆਂ ਦੇ ਖਿਲਾਫ ਕੀਤੇ ਗਏ ਘੋਲ ਨਾਲ, ਔਰਤਾਂ ਨੂੰ ਅਗਵਾਈ ਵਾਲੀਆਂ ਸੰਸਥਾਵਾਂ ਵਿਚ ਲੈਣ ਬਾਰੇ ਪਾਰਟੀ ਦੀ ਹਦਾਇਤ ਨੂੰ ਲਾਗੂ ਕਰਨ ਵਿਚ ਹੋਇਆ ਸੁਧਾਰ ਸਾਫ ਜ਼ਾਹਰ ਹੈ।

ਜਿਲ੍ਹਿਆਂ ਵਿਚ ਪਾਰਟੀ ਕਮੇਟੀਆਂ ਦੇ ਪਲੈਨਿਮਾਂ ਦੇ ਮੈਂਬਰਾਂ ਵਿਚੋਂ ਅਤੇ ਚੁਣੇ ਗਏ ਅਤੇ ਨਿਯੁਕਤ ਕੀਤੇ ਗਏ ਕੇਡਰਾਂ ਦੀ ਕੁੱਲ ਗਿਣਤੀ ਵਿਚੋਂ ਕਰੀਬ40ਫੀਸਦੀ ਔਰਤਾਂ ਹਨ। ਜਿਮੇਂਵਾਰੀ ਦੀਆਂ ਪਦਵੀਆਂ ਉਤੇ ਔਰਤਾਂ ਦੀ ਗਿਣਤੀ ਵਿਚ ਵਾਧਾ ਇੱਕ ਉਸਾਰੂ ਝੁਕਾਅ ਹੈ ਜਿਸਨੂੰ ਲਗਾਤਾਰ ਅੱਗੇ ਲਿਜਾਣਾਂ ਚਾਹੀਦਾ ਹੈ।

### 3— ਲੋਕਾਂ ਨਾਲ ਪਾਰਟੀ ਦੇ ਸਬੰਧਾਂ ਅਤੇ ਸਮਾਜਿਕ ਜਥੇਬੰਦੀਆਂ ਵਿਚ ਇਸਦੀ ਲੀਡਰਸ਼ਿਪ ਨੂੰ ਲਗਾਤਾਰ ਮਜਬੂਤ ਕਰਦੇ ਰਹਿਣਾ ਚਾਹੀਦਾ ਹੈ

ਸਾਡੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦੀ ਮਜਬੂਤੀ ਲੋਕਾਂ ਨਾਲ ਇਸ ਦੇ ਨਿੱਗਰ ਸਬੰਧਾਂ ਵਿਚ ਹੈ। ਇਨ੍ਹਾਂ ਸਬੰਧਾਂ ਤੋਂ ਬਿਨਾਂ ਪਾਰਟੀ ਬੇਜਾਨ ਹੋਵੇਗੀ।

ਪਾਰਟੀ ਦੀ ਲੋਕਾਂ ਨਾਲ ਏਕਤਾ ਇਤਿਹਾਸਕ ਤੌਰ ਤੇ ਕੌਮੀ ਅਤੇ ਸਮਾਜਿਕ ਮੁਕਤੀ ਦੀ ਜੰਗ ਵਿਚ, ਅਤੇ ਸਮਾਜਵਾਦੀ ਉਸਾਰੀ ਵਿਚ ਕਾਇਮ ਹੋਈ।ਪਾਰਟੀ ਦੀ ਸਿਆਸੀ ਲਾਈਨ ਦੇ ਸਹੀ ਹੋਣ , ਇਸ ਵਲੋਂ ਵਫਾਦਾਰੀ ਨਾਲ ਲੋਕਾਂ ਦੇ ਹਿੱਤਾਂ ਦੀ ਸੇਵਾ, ਅਤੇ ਇੱਕ ਆਗੂ ਅਤੇ ਜਥੇਬੰਦਕ ਤਾਕਤ ਦੇ ਤੌਰ ਤੇ ਇਸ ਦੀ ਕਾਬਲੀਅਤ ਵਿਚ ਲੋਕਾਂ ਦਾ ਦ੍ਰਿੜ ਭਰੋਸਾ ਇਸ ਏਕਤਾ ਦੀ ਬੁਨਿਆਦ ਹੈ।

ਪਾਰਟੀ ਦੀ ਸੋਧ ਕਦੇ ਵੀ ਸਿਰਫ ਪਾਰਟੀ ਦੀ ਹੀ ਸੋਧ ਨਹੀਂ ਰਹੀ,ਇਹ ਹਮੇਸ਼ਾ ਹੀ ਲੋਕਾਂ ਦੀ ਸੋਧ ਬਣੀ ਹੈ। ਆਪਣੀ ਹੋਂਦ ਦੇ ਹਰ ਦੌਰ ਵਿਚ, ਹਰ ਮਸਲੇ ਦੇ ਹੱਲ ਵਾਸਤੇ, ਅਤੇ ਹਰ ਕਾਰਜ ਨੂੰ ਨੇਪਰੇ ਚਾੜ੍ਹਨ ਵਾਸਤੇ ਪਾਰਟੀ ਨੇ ਲੋਕਾਂ ਨਾਲ ਮਿਲਕੇ ਘੋਲ ਕੀਤਾ ਹੈ।

ਬੀਤੇ ਪੰਜ ਸਾਲਾਂ ਦੇ ਅਰਸੇ ਨੇ, ਪਾਰਟੀ ਅਤੇ ਲੋਕਾਂ ਵਿਚਕਾਰ ਅਟੁੱਟ ਸਬੰਧਾਂ, ਪਾਰਟੀ ਅਤੇ ਲੋਕਾਂ ਦੀ ਇਸਪਾਤੀ ਏਕਤਾ ਦਾ ਇੱਕ ਹੋਰ ਤਾਕਤਵਰ ਸਬੂਤ ਦਿੱਤਾ ਹੈ। ਇਸ ਏਕਤਾ ਨੂੰ ਹੋਰ ਮਜਬੂਤ ਕਰਨ ਲਈ, ਕੇਂਦਰੀ ਕਮੇਟੀ ਨੇ ਕਈ ਮਸਲੇ ਹੱਲ ਕੀਤੇ ਹਨ ਅਤੇ ਲੋਕਾਂ ਦੇ ਰੋਲ ਨੂੰ ਵਧਾਉਣ ਲਈ, ਪਾਰਟੀ ਅਤੇ ਲੋਕਾਂ ਵਿਚਕਾਰ ਸਹੀ ਰਿਸ਼ਤਿਆਂ ਨੂੰ ਹਮੇਸ਼ਾ ਯਕੀਨੀ ਬਣਾਉਣ ਲਈ ਅਤੇ ਪਾਰਟੀ ਅਤੇ ਲੋਕਾਂ ਵਿਚਕਾਰ ਸਬੰਧਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਨੌਕਰਸ਼ਾਹ, ਉਦਾਰ-ਵਾਦੀ ਅਤੇ ਸੈਕਟੇਰੀਅਨ ਝੁਕਾਵਾਂ ਖਿਲਾਫ ਘੋਲ ਨੂੰ ਤੇਜ਼ ਕਰਨ ਵਾਸਤੇ ਕਈ ਇੱਕ ਮਹੱਤਵਪੂਰਨ ਕੰਮ ਮਿੱਥੇ ਹਨ।

ਇਸ ਨਾਲ ਲੋਕਾਂ ਦਾ ਇਹ ਭਰੋਸਾ ਹੋਰ ਵੀ ਮਜਬੂਤ ਹੋਇਆ ਹੈ ਕਿ ਉਹ ਸਿਰਫ ਪਾਰਟੀ ਦੀ ਅਗਵਾਈ ਹੇਠ ਹੀ ਸਦਾ ਵਾਸਤੇ ਆਪਣੀ ਕਿਸਮਤ ਦੇ ਮਾਲਕ ਬਣੇ ਰਹਿ ਸਕਦੇ ਹਨ ਅਤੇ ਹੋਰ ਵੀ ਖੁਸ਼ਹਾਲ ਭਵਿੱਖ ਨੂੰ ਯਕੀਨੀ ਬਣਾ ਸਕਦੇ ਹਨ।

ਸਮਾਜਵਾਦੀ ਜਮਹੂਰੀਅਤ ਨੂੰ ਹੋਰ ਮਜਬੂਤ ਕਰਨ, ਦੇਸ਼ ਦੇ ਜੀਵਨ ਵਿਚ ਮਜ਼-ਦੂਰ ਜਮਾਤ ਅਤੇ ਸਭ ਮਿਹਨਤਕਸ਼ ਲੋਕਾਂ ਦੇ ਰੋਲ ਨੂੰ ਵਧਾਉਣ, ਪਾਰਟੀ, ਮਜਦੂਰ ਜਮਾਤ ਅਤੇ ਲੋਕਾਂ ਵਿਚਕਾਰ ਸਬੰਧਾਂ ਨੂੰ ਪ੍ਰਫੁੱਲਤ ਕਰਨ ਦਾ ਮਸਲਾ ਪਾਰਟੀ ਵਿਚ ਅਤੇ ਲੋਕਾਂ ਵਿਚ ਵਿਸ਼ਾਲ ਵਿਚਾਰ-ਵਟਾਂਦਰਿਆਂ ਦਾ ਮਸਲਾ ਬਣਿਆ ਰਿਹਾ ਹੈ।

ਬੀਤੇ ਸਮੇਂ ਦਾ ਸਾਰਾ ਇਨਕਲਾਬੀ ਅਮਲ ਇੱਕ ਵਾਰ ਫਿਰ ਇਹ ਸਾਬਤ ਕਰਦਾ ਹੈ ਕਿ ਪਾਰਟੀ ਅਤੇ ਲੋਕਾਂ ਵਿਚਕਾਰ ਸਬੰਧਾਂ ਨੂੰ ਬਰਕਰਾਰ ਰੱਖਣਾ ਅਤੇ ਮਜਬੂਤ ਕਰਨਾ ਹਮੇਸ਼ਾ ਹੀ ਇਸ ਗੱਲ ਤੇ ਅਧਾਰਿਤ ਹੈ ਕਿ ਪਾਰਟੀ ਦੀ ਸੋਧ,

ਜੋ ਕਿ ਖੁਦ ਲੋਕਾਂ ਦੇ ਤਜਰਬੇ ਨਾਲ ਸੰਥਾ ਪਿਤ ਕੀਤੀ ਜਾਂਦੀ ਹੈ ਅਤੇ ਲਗਾਤਾਰ ਪ੍ਰਫੁੱਲਤ ਕੀਤੀ ਜਾਂਦੀ ਹੈ, ਉਸ ਵਿਚ ਲੋਕਾਂ ਨੂੰ ਦ੍ਰਿੜ ਭਰੋਸਾ ਹੋਵੇ।

ਪਾਰਟੀ ਲੋਕਾਂ ਉਤੇ ਹੁਕਮ ਨਹੀਂ ਚਲਾਉਂਦੀ ਬਲਕਿ ਉਨ੍ਹਾਂ ਦੀ ਅਗਵਾਈ ਕਰਦੀ ਹੈ।

> ਕਾਮਰੇਡ ਸਟਾਲਿਨ ਸਿਖਾਉਂਦੇ ਹਨ ਕਿ, "ਲੀਡਰਸ਼ਿਪ ਦਾ ਮਤਲਬ ਹੈ ਲੋਕਾਂ ਨੂੰ ਪਾਰਟੀ ਦੀ ਨੀਤੀ ਦੇ ਸਹੀਪਣ ਦਾ ਭਰੋਸਾ ਦਿਵਾਉਣ ਦੀ ਯੋਗਤਾ; ਅਜਿਹੇ ਨਾਹਰੇ ਦੇਣ ਅਤੇ ਸਿਰੇ ਚੜ੍ਹਾਉਣ ਦੀ ਯੋਗਤਾ ਜਿਹੜੇ ਲੋਕਾਂ ਨੂੰ ਪਾਰਟੀ ਦੀ ਪੁਜ਼ੀਸ਼ਨ ਤਕ ਉਚਾ ਚੁੱਕਣ ਅਤੇ ਉਨ੍ਹਾਂ ਨੂੰ ਪਾਰਟੀ ਦੀ ਸੇਧ ਦੇ ਸਹੀਪਣ ਬਾਰੇ ਖੁਦ ਆਪਣੇ ਤਜਰਬੇ ਤੋਂ ਸਿੱਖਣ ਵਿਚ ਮੱਦਦ ਕਰਨ; ਲੋਕਾਂ ਨੂੰ ਪਾਰਟੀ ਦੀ ਸਿਆਸੀ ਚੇਤੰਨਤਾ ਦੇ ਪੱਧਰ ਤਕ ਉਚਾ ਚੁੱਕਕੇ, ਅਤੇ ਇਸ ਤਰ੍ਹਾਂ ਲੋਕਾਂ ਦੀ ਹਮਾਇਤ ਅਤੇ ਫੈਸਲਾਕੁੰਨ ਘੋਲਾਂ ਵਾਸਤੇ ਉਨ੍ਹਾਂ ਦੀ ਤੱਤ-ਪਰਤਾ ਨੂੰ ਯਕੀਨੀ ਬਣਾਉਣ ਦੀ ਯੋਗਤਾ।"*

ਜਿਹੜਾ ਵੀ ਹੁਕਮਾਂ ਦੇ ਜ਼ੋਰ ਨਾਲ, ਪਾਰਟੀ ਵਿਚ ਆਪਣੀ ਪੁਜ਼ੀਸ਼ਨ ਰਾਹੀਂ ਲੋਕਾਂ ਉਤੇ ਆਪਣੇ ਆਪ ਨੂੰ ਠੋਸਣਾ ਚਾਹੁੰਦਾ ਹੈ, ਉਹ ਪਾਰਟੀ ਦੀ ਸੇਧ ਦੀ ਉਲੰਘਣਾ ਕਰਦਾ ਹੈ, ਅਤੇ ਇਸਦੀ ਜੰਨ-ਦਿਸ਼ਾ ਨੂੰ ਤਿਆਗਦਾ ਹੈ। ਪਾਰਟੀ ਨੇ ਅਜੇਹੇ ਰਵੱਈਏ ਦੇ ਖਿਲਾਫ ਹਮੇਸ਼ਾ ਹੀ ਡਟਕੇ ਲੜਾਈ ਕੀਤੀ ਹੈ ਅਤੇ ਕਰਦੀ ਰਹੇਗੀ, ਕਿਉਂਕਿ ਅਜੇਹਾ ਰਵੱਈਆ ਨੌਕਰਸ਼ਾਹੀ ਅਤੇ ਇੱਕ ਵਿਅਕਤੀ ਦੀ ਪੂਜਾ ਦੇ ਖਤਰਨਾਕ ਝੁਕਾਅ ਦਾ ਸੋਮਾ ਹੈ, ਜਿਸਦੇ ਸਿੱਟੇ ਵਜੋ ਲੋਕਾਂ ਅਤੇ ਪਾਰਟੀ ਵਿਚਕਾਰ ਸਬੰਧ ਕਮਜ਼ੋਰ ਹੁੰਦੇ ਹਨ।

ਲੋਕਾਂ ਦਾ ਭਰੋਸਾ ਜਿੱਤਣ ਵਾਸਤੇ ਪਾਰਟੀ ਸਭ ਤੋਂ ਪਹਿਲੀ ਗੱਲ ਇਹ ਕਰਦੀ ਹੈ ਕਿ ਉਹ ਆਪਣੇ ਲਫਜ਼ਾਂ ਨੂੰ ਅਮਲ ਵਿਚ ਲਾਗੂ ਕਰਦੀ ਹੈ। ਪਾਰਟੀ ਲੋਕਾਂ ਦਾ ਭਰੋਸਾ, ਕਮਿਊਨਿਸਟਾਂ ਦੀਆਂ ਮਿਸਾਲਾਂ, ਕੰਮ ਅਤੇ ਘੋਲ ਦੀਆਂ ਮੋਹਰਲੀਆਂ ਸਫਾਂ ਵਿਚ ਉਨ੍ਹਾਂ ਦੇ ਸਟੈਂਡ ਰਾਹੀਂ ਜਿੱਤਦੀ ਹੈ। ਇਸ ਲਈ ਪਾਰਟੀ ਉਨ੍ਹਾਂ ਸਭ ਕਮਿਊਨਿਸਟਾਂ ਅਤੇ ਕੇਡਰਾਂ ਦੀ ਨੁਕਤਾਚੀਨੀ ਕਰਦੀ ਹੈ ਜਿਹੜੇ ਜ਼ਾਤੀ ਤੌਰ ਤੇ ਮਿਸਾਲ ਨਹੀਂ ਬਣਦੇ, ਅਤੇ ਇਹ ਉਨ੍ਹਾਂ ਸਭ ਸਟੈਂਡਾਂ ਦੀ ਨੁਕਤਾ-ਚੀਨੀ ਕਰਦੀ ਹੈ ਜੋ ਸਾਡੀ ਪਾਰਟੀ ਦੇ ਇਨਕਲਾਬੀ ਜਜ਼ਬਾਤਾਂ ਨਾਲ ਮੇਲ ਨਾ ਖਾਂਦੇ

*ਜੇ. ਵੀ. ਸਟਾਲਿਨ, ਦੀਆਂ "ਰਚਨਾਵਾਂ", ਜਿਲਦ 8, ਸਫਾ 52-53 (ਅਲਬਾਨੀਅਨ ਐਡੀਸ਼ਨ)

ਹੋਣ ਅਤੇ ਜਿਹੜੇ ਪਾਰਟੀ ਅਤੇ ਲੋਕਾਂ ਵਿਚਕਾਰ ਸਬੰਧਾਂ ਨੂੰ ਮਜਬੂਤ ਨਾ ਬਣਾਉਂਦੇ ਹੋਣ।

ਪਾਰਟੀ ਅਤੇ ਲੋਕਾਂ ਵਿਚਕਾਰ ਏਕਤਾ ਨੂੰ ਮਜਬੂਤ ਬਣਾਉਣ ਵਿਚ ਲੋਕਾਂ ਨੂੰ ਵਿਚਾਰਧਾਰਕ- ਸਿਆਸੀ ਤੌਰ ਤੇ ਮਜਬੂਤ ਕਰਨਾ ,ਉਨ੍ਹਾਂ ਵਿਚ ਪੜ੍ਹਾਈ ਦਾ ਕੰਮ ਕਰਨਾ ਬਹੁਤ ਹੀ ਮਹੱਤਤਾ ਰਖਾਉਂਦਾ ਹੈ। ਇਸ ਵਿਚ ਵੀ ਹੋਰ ਸਭ ਕੰਮਾਂ ਦੀ ਤਰ੍ਹਾਂ ਹੀ ਬੀਤੀ ਪੰਜ-ਸਾਲਾ ਯੋਜਨਾ ਦੇ ਦੁਰਾਨ ਕਾਫੀ ਤਰੱਕੀ ਹੋਈ ਹੈ, ਪਰ ਲੋਕਾਂ ਦਾ ਭਰੋਸਾ ਜਿੱਤਣ ਅਤੇ ਉਨ੍ਹਾਂ ਨੂੰ ਲਾਮਬੰਦ ਕਰਨ ਵਿੱਚ ਹੋਰ ਵੀ ਤਾਕਤਵਰ ਬਣਨ ਵਾਸਤੇ, ਇਸ ਵਿਚ ਕਈ ਪੱਖਾਂ ਤੋਂ ਤਰੱਕੀ ਕਰਨ ਦੀ ਜਰੂਰਤ ਹੈ। ਅਗਰ ਕਿਸੇ ਕੰਮ ਕੇਂਦਰ ਵਿਚ ਵਰਕਰਜ਼ ਕੁਲੈਕਟਿਵ ਕਿਸੇ ਫੈਸਲੇ ਜਾਂ ਹਦਾਇਤ ਨੂੰ ਸਿਰੇ ਚਾੜ੍ਹਨ ਵਿਚ ਆਪਣੇ ਆਪ ਨੂੰ ਲਾਮਬੰਦ ਕਰਨ ਵਿਚ ਅਸਫਲ ਰਹਿੰਦਾ ਹੈ ਤਾਂ ਇਸਦੀ ਇਹ ਵਜ੍ਹਾ ਵੀ ਹੋ ਸਕਦੀ ਹੈ ਕਿ ਸਬੰਧਿਤ ਜਥੇਬੰਦੀ ਜਾਂ ਕਮੇਟੀ ਨੇ ਇਹ ਗੱਲਾਂ ਮੇਹਨਤਕਸ਼ ਲੋਕਾਂ ਵਿਚ ਸਾਫ ਨਹੀਂ ਕੀਤੀਆਂ, ਜਾਂ ਉਹ ਪ੍ਰੇਰਣਾ ਦੇ ਢੰਗ ਨੂੰ ਨਹੀਂ ਵਰਤਦੀ ਅਤੇ ਆਪਣੇ ਕੰਮ ਨੂੰ ਨੌਕਰਸ਼ਾਹੀ ਢੰਗਾਂ ਨਾਲ ਚਲਾਉਂਦੀ ਹੈ।

ਲੋਕਾਂ ਦੇ ਰੋਲ ਨੂੰ ਵਧਾਉਣ ਵਾਸਤੇ ਇਹ ਨਹਾਇਤ ਜਰੂਰੀ ਹੈ ਕਿ ਪਾਰਟੀ ਦੇ ਫੈਸਲਿਆਂ ਅਤੇ ਹਦਾਇਤਾਂ ਬਾਰੇ ਉਨ੍ਹਾਂ ਨੂੰ ਲਗਾਤਾਰ ਜਾਣੂੰ ਕਰਾਉਂਦੇ ਰਹਿਣਾ ਚਾਹੀਦਾ ਹੈ। ਮੇਹਨਤਕਸ਼ ਲੋਕਾਂ ਨੂੰ ਪਾਰਟੀ ਦੀਆਂ ਬੁਨਿਆਦੀ ਜਥੇਬੰਦੀਆਂ, ਪਾਰਟੀ ਦੀਆਂ ਕਮੇਟੀਆਂ ਅਤੇ ਕਾਨਫਰੰਸਾਂ, ਕੇਂਦਰੀ ਕਮੇਟੀ ਅਤੇ ਪਾਰਟੀ ਦੀਆਂ ਕਾਂਗਰਸਾਂ ਦੇ ਫੈਸਲਿਆਂ ਬਾਰੇ ਨਿਰੰਤਰ ਜਾਣੂੰ ਕਰਾਇਆ ਜਾਂਦਾ ਰਿਹਾ ਹੈ ਅਤੇ ਇਨ੍ਹਾਂ ਫੈਸਲਿਆਂ ਨੂੰ ਲਾਗੂ ਕਰਨ ਵਾਸਤੇ ਲਾਮਬੰਦ ਕੀਤਾ ਜਾਂਦਾ ਰਿਹਾ ਹੈ। ਲੋਕਾਂ ਦਾ ਇਹ ਹੱਕ ਹੈ ਕਿ ਉਨ੍ਹਾਂ ਨੂੰ ਬੁਨਿਆਦੀ ਜਥੇਬੰਦੀਆਂ ਤੇ ਪਾਰਟੀ ਅਤੇ ਸਟੇਟ ਦੀਆਂ ਵੱਖ ਵੱਖ ਸੰਸਥਾਵਾਂ ਦੇ ਫੈਸਲਿਆਂ ਬਾਰੇ ਜਾਣੂੰ ਕਰਾਇਆ ਜਾਵੇ। ਇਸ ਤਰ੍ਹਾਂ ਇਹ ਸੰਭਵ ਹੁੰਦਾ ਹੈ ਕਿ ਉਹ ਫੈਸਲਿਆਂ ਦਾ ਨਿਤਾਰਾ ਕਰ ਸਕਣ ਅਤੇ ਇਨ੍ਹਾਂ ਨੂੰ ਅਮਲ ਵਿਚ ਲਾਗੂ ਕਰਨ ਵਾਸਤੇ ਆਪਣੇ ਆਪਨੂੰ ਲਾਮਬੰਦ ਕਰ ਸਕਣ।

ਵੱਖ ਵੱਖ ਮਸਲਿਆਂ ਬਾਰੇ ਸਿਲਸਿਲੇਵਾਰ ਢੰਗ ਨਾਲ ਲੋਕਾਂ ਦੇ ਵਿਚਾਰ ਲੈਣਾ, ਮੇਹਨਤਕਸ਼ ਲੋਕਾਂ ਦੀ ਸਿਆਸੀ ਚੇਤੰਨਤਾ ਦੇ ਪੱਧਰ ਨੂੰ ਉਚਾ ਚੁੱਕ ਅਤੇ ਦੇਸ਼ ਦੇ ਪ੍ਰਬੰਧ ਵਿਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਵਧਾਉਣ ਵਾਸਤੇ,ਪਾਰਟੀ ਨੇ ਹਮੇਸ਼ਾ ਹੀ

ਬਹੁਤ ਮਹੱਤਵਪੂਰਨ ਸਮਝਿਆ ਹੈ। ਭਵਿੱਖ ਵਿਚ ਵੀ, ਪਾਰਟੀ ਦਾ ਇਹ ਫਰਜ਼ ਹੈ ਕਿ ਵੱਧ ਤੋਂ ਵੱਧ ਵਿਸ਼ਾਲ ਪੱਧਰ ਤੇ ਲੋਕਾਂ ਦੇ ਵਿਚਾਰ ਜਾਨਣ ਵੱਲ ਵਿਸ਼ੇਸ਼ ਤਵੱਜੋ ਦੇਵੇ। ਇਸ ਤਰ੍ਹਾਂ ਸਾਡੀ ਸਮਾਜਵਾਦੀ ਜਮਹੂਰੀਅਤ ਹੋਰ ਮਜਬੂਤ ਹੋਵੇਗੀ ਅਤੇ ਮੇਹਨਤਕਸ਼ ਲੋਕਾਂ ਦੀਆਂ ਜਾਇਜ਼ ਮੰਗਾਂ ਪੂਰੀਆਂ ਕੀਤੀਆਂ ਜਾ ਸਕਣਗੀਆਂ।

ਪਾਰਟੀ ਸੰਸਥਾਵਾਂ ਅਤੇ ਜਥੇਬੰਦੀਆਂ, ਕਮਿਊਨਿਸਟਾਂ ਅਤੇ ਕੇਡਰਾਂ ਵਲੋਂ ਲੋਕਾਂ ਨੂੰ ਹਿਸਾਬ-ਕਿਤਾਬ ਪੇਸ਼ ਕਰਨ ਦਾ ਕੰਮ ਹਰ ਬੀਤਦੇ ਸਾਲ ਨਾਲ ਵਧੀਆ ਤੌਰ ਤੇ ਜਥੇਬੰਦ ਕੀਤਾ ਜਾਂਦਾ ਰਿਹਾ ਹੈ। ਇਸ ਅਮਲ ਰਾਹੀਂ ਆਪਣੀ ਸਰਗਰਮੀ ਨੂੰ ਸਿੱਧੇ ਤੌਰ ਤੇ ਲੋਕਾਂ ਦੇ ਕੰਟਰੋਲ ਹੇਠ ਲਿਆ ਕੇ ਉਹ ਆਪਣੀ ਸਰਗਰਮੀ, ਇਸਦੇ ਮਜਬੂਤ ਅਤੇ ਕਮਜ਼ੋਰ ਪੱਖਾਂ, ਦਾ ਵਧੀਆ ਤਰੀਕੇ ਨਾਲ ਜਾਇਜ਼ਾ ਲਾਉਣ ਦੇ ਕਾਬਿਲ ਹੋਏ ਹਨ। ਸਿੱਟੇ ਵਜੋਂ ਹਰ ਸੰਸਥਾ ਅਤੇ ਹਰ ਕਮਿਊਨਿਸਟ ਅਤੇ ਕੇਡਰ ਦੀ ਪਾਰਟੀ ਵੱਲ ਅਤੇ ਮੇਹਨਤਕਸ਼ ਲੋਕਾਂ ਵੱਲ ਜਿਮੇਵਾਰੀ ਹੋਰ ਵਧੀ ਹੈ।

ਆਪਣੇ ਹਾਸਲ ਕੀਤੇ ਤਜਰਬੇ ਦੇ ਅਧਾਰ ਤੇ, ਪਾਰਟੀ ਜਥੇਬੰਦੀਆਂ ਤੇ ਸੰਸਥਾਵਾਂ ਨੂੰ ਸਿਲਸਿਲੇਵਾਰ ਹਿਸਾਬ-ਕਿਤਾਬ ਲੋਕਾਂ ਨੂੰ ਪੇਸ਼ ਕਰਨ ਦੇ ਵਧੀਆ ਤੋਂ ਵਧੀਆ ਢੰਗ ਵਿਕਸਿਤ ਕਰਨੇ ਚਾਹੀਦੇ ਹਨ, ਅਤੇ ਕਿਸੇ ਵੀ ਬਹਾਨੇ ਥੱਲੇ ਇਸ ਅਮਲ ਤੋਂ ਕੰਨੀ ਨਹੀਂ ਕੁਤਰਾਉਣੀ ਚਾਹੀਦੀ। ਕਿਸੇ ਵੀ ਕੇਡਰ ਅਤੇ ਕਮਿਊਨਿਸਟ ਨੂੰ ਲੋਕਾਂ ਦੇ ਕੰਟਰੋਲ ਤੋਂ ਬਾਹਰ ਨਹੀਂ ਰਹਿਣਾ ਚਾਹੀਦਾ।

ਛੇਵੀਂ ਕਾਂਗਰਸ ਤੋਂ ਬਾਅਦ ਪਾਰਟੀ ਦੀਆਂ ਜਥੇਬੰਦੀਆਂ ਅਤੇ ਸੰਸਥਾਵਾਂ ਨੇ ਲੁਕਵੇਂ ਕੰਮ ਦੇ ਪੁਰਾਣੇ ਢੰਗ ਦੀ ਰਹਿੰਦ-ਖਹੂੰਦ ਨੂੰ ਖਤਮ ਕਰਨ, ਅਤੇ ਲੋਕਾਂ ਦੇ ਸਾਹਮਣੇ ਅਤੇ ਉਨ੍ਹਾਂ ਦੇ ਕੰਟਰੋਲ ਹੇਠ ਆਉਣ ਵਾਸਤੇ ਬਹੁਤ ਕੰਮ ਕੀਤਾ ਹੈ। ਲੁਕਵੇਂ ਕੰਮ ਦਾ ਕੋਈ ਵੀ ਢੰਗ, ਅਤੇ ਪਾਰਟੀ ਦੀਆਂ ਸਮੱਸਿਆਵਾਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਬਣਾਉਣ ਵਿਚ ਕੋਈ ਵੀ ਹਿਚਕਚਾਹਟ, ਪਾਰਟੀ ਅਤੇ ਲੋਕਾਂ ਵਿਚਕਾਰ ਸਬੰਧਾਂ ਨੂੰ ਕਮਜ਼ੋਰ ਕਰੇਗੀ।

ਲੋਕਾਂ ਨਾਲ ਵਿਚਾਰ-ਵਟਾਂਦਰਾ, ਉਨ੍ਹਾਂ ਨੂੰ ਜਾਣਕਾਰੀ ਅਤੇ ਹਿਸਾਬ ਕਿਤਾਬ ਦੇਣਾ ਅਤੇ ਮਜਦੂਰਾਂ ਕਿਸਾਨਾਂ ਦੇ ਕੰਟਰੋਲ ਹੇਠ ਰਹਿਣਾ ਪਾਰਟੀ ਦੀ ਬਹੁਤ ਮੱਦਦ ਕਰਦਾ ਹੈ। ਇਸ ਤਰ੍ਹਾਂ ਪਾਰਟੀ ਵਲੋਂ ਸਹੀ ਅਤੇ ਮੌਕੇ-ਸਿਰ ਫੈਸਲੇ ਲੈਣੇ, ਇਨਕਲਾਬੀ ਅਮਲ ਵਿਚ ਉਨ੍ਹਾਂ ਦੇ ਸਹੀਪਣ ਦੀ ਪਰਖ ਕਰਨੀ, ਸਬੱਕ ਸਿੱਖਣੇ ਅਤੇ ਲਗਾਤਾਰ ਆਪਣੀ ਲੀਡਰਸ਼ਿਪ ਨੂੰ ਉਨੱਤ ਕਰਨਾ ਯਕੀਨੀ ਬਣਦਾ ਹੈ।

ਕੇਡਰਾਂ ਦੇ ਲੋਕਾਂ ਨਾਲ ਸਬੰਧਾਂ ਦਾ ਪਾਰਟੀ ਦੇ ਗਿਰਦ ਲੋਕਾਂ ਦੀ ਏਕਤਾ ਨੂੰ

ਮਜ਼ਬੂਤ ਬਣਾਉਣ ਉਤੇ ਕਾਫੀ ਅਸਰ ਪੈਂਦਾ ਹੈ। ਕੇਡਰਾਂ ਨੂੰ ਆਤਮਵਾਦ, ਨੌਕਰਸ਼ਾਹੀ ਤੋਂ ਬਚਾਉਣ ਵਾਸਤੇ ਅਤੇ ਉਨ੍ਹਾਂ ਦੀ ਕਾਬਲੀਅਤ ਅਤੇ ਸਿਆਣਪ ਵਿਚ ਵਾਧਾ ਕਰਨ ਵਾਸਤੇ ਲੋਕਾਂ ਅਤੇ ਕੇਡਰਾਂ ਵਿਚਕਾਰ ਨੇੜੇ ਦੇ ਸਬੰਧ ਬਹੁਤ ਹੀ ਲਾਜ਼ਮੀ ਹਨ। ਇਹ ਸਬੰਧ ਹੋਰ ਵੀ ਮਜ਼ਬੂਤ ਬਣਦੇ ਹਨ ਜਦੋਂ ਕੇਡਰ, ਪਾਰਟੀ ਵਲੋਂ ਉਨ੍ਹਾਂ ਵਿਚ ਭਰੀਆਂ ਗਈਆਂ ਖ਼ੂਬੀਆਂ ਜਿਵੇਂ ਕਿ ਸੰਕੋਚ, ਈਮਾਨਦਾਰੀ, ਸਿਆਣਪ, ਕੁਰਬਾਨੀ ਅਤੇ ਆਪਾਵਾਰੂ ਜਜ਼ਬਾ, ਸਮਾਜਵਾਦ ਦੀ ਸੇਵਾ ਕਰਨ ਵਾਸਤੇ ਹਮੇਸ਼ਾ ਤੱਤਪਰਤਾ, ਆਦਿ ਨੂੰ ਬਰਕਰਾਰ ਰੱਖਦੇ ਹਨ ਅਤੇ ਵਿਕਸਿਤ ਕਰਦੇ ਹਨ।ਉਹ ਇਨ੍ਹਾਂ ਖ਼ੂਬੀਆਂ ਨੂੰ ਰੋਜ਼ਾਨਾਂ ਜੀਵਨ ਵਿਚ ਬਾਰ ਬਾਰ ਮਜ਼ਦੂਰ ਜਮਾਤ ਦੇ ਸਕੂਲ ਵਿਚ ਜਾਕੇ ਮਜ਼ਬੂਤ ਕਰਦੇ ਹਨ, ਜਿਸਦਾ ਮਤਲਬ ਹੈ ਕਿ ਉਹ ਲਾਜ਼ਮੀ ਹੀ ਮਜ਼ਦੂਰ ਜਮਾਤ ਦੀ ਆਵਾਜ਼ ਨੂੰ ਸੁਣਨ ਅਤੇ ਇਸਦੇ ਹਿੱਤਾਂ ਦੀ ਸੇਵਾ ਕਰਨ, ਅਤੇ ਮਜ਼ਦੂਰ ਜਮਾਤ ਦੀ ਤਰ੍ਹਾਂ ਹੀ ਜੋਸ਼ ਅਤੇ ਜ਼ਾਬਤੇ ਨਾਲ ਕੰਮ ਕਰਨ, ਅਤੇ ਹਮੇਸ਼ਾ ਹੀ ਪ੍ਰੋਲਤਾਰੀ ਵਿਚਾਰਧਾਰਾ ਅਤੇ ਪਾਰਟੀ ਦੀ ਨੀਤੀ ਤੋਂ ਰਾਹਨੁਮਾਈ ਲੈਣ।

ਕੇਡਰਾਂ ਦੇ ਇਨਕਲਾਬੀ ਕੰਮ ਵਾਸਤੇ ਪਾਰਟੀ ਵਲੋਂ ਅਪਣਾਏ ਗਏ ਢੰਗਾਂ, ਜਿਵੇਂ ਕਿ ਉਨ੍ਹਾਂ ਦਾ ਪੈਦਾਵਾਰ ਵਿਚ ਕੰਮ ਕਰਨਾ, ਕੰਮ ਦਾ ਹਿਸਾਬ-ਕਿਤਾਬ ਲੋਕਾਂ ਨੂੰ ਪੇਸ਼ ਕਰਨਾ, ਆਦਿ, ਆਦਿ, ਨੂੰ ਦ੍ਰਿੜਤਾ ਨਾਲ ਅਤੇ ਤੁਰੰਤ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਹ ਢੰਗ ਕੇਡਰਾਂ ਅਤੇ ਲੋਕਾਂ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਦੇ ਹਨ ,ਉਨ੍ਹਾਂ ਨੂੰ ਨੌਕਰਸ਼ਾਹੀ ਦੀ ਬਿਮਾਰੀ ਤੋਂ ਬਚਾਉਂਦੇ ਹਨ, ਉਨ੍ਹਾਂ ਦੀ ਕਾਬਲੀਅਤ ਅਤੇ ਸੂਝ ਨੂੰ ਵਧਾਉਂਦੇ ਹਨ, ਅਤੇ ਉਨ੍ਹਾਂ ਨੂੰ ਹਮੇਸ਼ਾ ਹੀ ਇਨਕਲਾਬੀ ਬਣਾਈ ਰੱਖਦੇ ਹਨ।

ਸਮਾਜਿਕ ਜਥੇਬੰਦੀਆਂ, ਜਿਵੇਂ ਕਿ ਅਲਬਾਨੀਆਂ ਦਾ ਜਮਹੂਰੀ ਮੋਰਚਾ, ਟਰੇਡ ਯੂਨੀਅਨਾਂ, ਕਿਰਤੀ ਨੌਜਵਾਨ ਸਭਾ, ਇਸਤ੍ਰੀਆਂ ਦੀ ਸਭਾ, ਜੋ ਕਿ ਪਾਰਟੀ ਦੀਆਂ ਤਾਕਤਵਰ ਤੁਲਾਂ (ਲੀਵਰ) ਹਨ, ਇਹ ਸਦਾ ਹੀ ਪਾਰਟੀ ਅਤੇ ਲੋਕਾਂ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਵਿਚ ਬਹੁਤ ਅਹਿਮ ਰੋਲ ਅਦਾ ਕਰਦੀਆਂ ਹਨ। ਸਮੁੱਚੇ ਲੋਕ ਇਨ੍ਹਾਂ ਦੀਆਂ ਸਫਾਂ ਵਿਚ ਹੋਣ ਦੀ ਵਜ੍ਹਾ ਕਰਕੇ, ਇਹ ਪਾਰਟੀ ਦੀ ਅਵਾਜ਼ ਨੂੰ ਇੱਕ ਜਥੇਬੰਦਕ ਅਤੇ ਸਹੀ ਢੰਗ ਨਾਲ ਹਰ ਇੱਕ ਤਕ ਪਹੁੰਚਾਉਂਦੀਆਂ ਹਨ, ਅਤੇ ਪਾਰਟੀ ਵਲੋਂ ਮਿਥੇ ਗਏ ਕੰਮਾਂ ਬਾਰੇ ਇੱਕ ਸਹੀ ਸਮਾਜਿਕ ਰਾਇ ਪੈਦਾ ਕਰਦੀਆਂ ਹਨ। ਦੂਜੇ ਪਾਸੇ ਇਹ, ਲੋਕਾਂ ਦੀ ਆਵਾਜ਼, ਉਨ੍ਹਾਂ ਦੇ ਵਿਚਾਰ ਅਤੇ ਸੁਝਾਅ, ਅਤੇ ਹਦਾਇਤਾਂ ਨੂੰ ਲਾਗੂ ਕਰਨ ਦੇ ਘੋਲ ਵਿਚ ਉਨ੍ਹਾਂ ਦੇ ਤਜ-

ਰਬੇ ਨੂੰ ਪਾਰਟੀ ਤਕ ਪਹੁੰਚਾਉਂਦੀਆਂ ਹਨ। ਇਨ੍ਹਾਂ ਰਾਹੀਂ ਪਾਰਟੀ ਲੋਕਾਂ ਨੂੰ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਨਾਲ ਲੈਸ ਕਰਦੀ ਹੈ ਅਤੇ ਸਮਾ-ਜਵਾਦ ਦੀ ਉਸਾਰੀ ਦੇ ਘੋਲ ਵਿਚ ਉਨ੍ਹਾਂ ਨੂੰ ਲਾਮਬੰਦ ਕਰਦੀ ਹੈ।

ਪਰ ਇਨ੍ਹਾਂ ਵਿਸ਼ਾਲ ਜਥੇਬੰਦੀਆਂ ਦੇ ਇਸ ਮਹੱਤਵਪੂਰਨ ਰੋਲ ਨੂੰ ਸਹੀ ਤੌਰ ਤੇ ਨਿਭਾਉਣ ਵਾਸਤੇ, ਉਨ੍ਹਾਂ ਦੀਆਂ ਸਭ ਸਰਗਰਮੀਆਂ ਵਿਚ ਪਾਰਟੀ ਦੀ ਲੀਡਰ-ਸ਼ਿਪ ਇੱਕ ਬੁਨਿਆਦੀ ਸ਼ਰਤ ਹੈ। ਇਸ ਵਾਸਤੇ ਸਭ ਤੋਂ ਪਹਿਲੀ ਜਿਸ ਗੱਲ ਦੀ ਲੋੜ ਹੈ, ਉਹ ਇਹ ਹੈ ਕਿ ਪਾਰਟੀ ਕਮੇਟੀਆਂ, ਅਤੇ ਖਾਸ ਕਰਕੇ ਪਾਰਟੀ ਜਥੇਬੰਦੀਆਂ, ਸਮਾਜਿਕ ਜਥੇਬੰਦੀਆਂ ਨੂੰ ਅਤੇ ਉਨ੍ਹਾਂ ਦੇ ਕੰਮ ਬਹੁਤ ਸੰਜੀਦਗੀ ਨਾਲ ਦੇਖਣ, ਉਨ੍ਹਾਂ ਨੂੰ ਪਾਰਟੀ ਦੇ ਫੈਸਲਿਆਂ ਅਤੇ ਹਦਾਇਤਾਂ ਤੋਂ ਚੰਗੀ ਤਰ੍ਹਾਂ ਜਾਣੂੰ ਕਰਾਉਣ , ਉਨ੍ਹਾਂ ਵਾਸਤੇ ਕੰਮ ਦੇ ਨਵੇਂ ਰਾਹ ਖੋਲ੍ਹਣ, ਅਤੇ ਉਨ੍ਹਾਂ ਨੂੰ ਐਕਸ਼ਨ ਵਿਚ ਲਿਆਉਣ ਵਾਸਤੇ ਉਨ੍ਹਾਂ ਦੀ ਪਹਿਲ-ਕਦਮੀ ਨੂੰ ਵਿਕਸਿਤ ਕਰਨ ਵਿਚ ਉਨ੍ਹਾਂ ਦੀ ਮੱਦਦ ਕਰਨ। ਹਰ ਕਮਿਊਨਿਸਟ ਦਾ ਕੰਮ, ਚਾਹੇ ਉਸ ਨੂੰ ਇਨ੍ਹਾਂ ਜਥੇਬੰਦੀਆਂ ਵਿਚ ਕੰਮ ਕਰਨ ਵਾਸਤੇ ਨਿਯੁਕਤ ਕੀਤਾ ਗਿਆ ਹੋਵੇ ਜਾਂ ਨਾ, ਇੱਕ ਸਿਰਕੱਢ ਸਮਾਜਿਕ ਵਰਕਰ ਹੋਣਾ ਚਾਹੀਦਾ ਹੈ, ਅਤੇ ਉਸ ਨੂੰ ਲੋਕਾਂ ਵਿਚ ਅਣਥੱਕ ਕੰਮ ਕਰਨਾ ਚਾਹੀਦਾ ਹੈ, ਤਾਂ ਕਿ ਪਾਰਟੀ ਦੀ ਲਾਈਨ ਹਰ ਜਗ੍ਹਾ ਪਹੁੰਚੇ, ਉਸ ਨੂੰ ਮਿਹਨਤਕਸ਼ ਲੋਕਾਂ ਦੀ ਪੜ੍ਹਾਈ ਅਤੇ ਲਾਮਬੰਦੀ ਵਾਸਤੇ ਕੰਮ ਕਰਨਾ ਚਾ-ਹੀਦਾ ਹੈ, ਉਸਨੂੰ ਲੋਕ-ਜਥੇਬੰਦੀਆਂ ਦੀ ਸਰਬ-ਪੱਖੀ ਮਜ਼ਬੂਤੀ ਲਈ ਕੰਮ ਕਰਨਾ ਚਾਹੀਦਾ ਹੈ।

ਪਾਰਟੀ ਨੇ ਰਾਜਸੱਤਾ ਦੀਆਂ ਸੰਸਥਾਵਾਂ ਅਤੇ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਦੀਆਂ ਹੋਰ ਸੰਸਥਾਵਾਂ ਦੀ ਮਜ਼ਬੂਤੀ ਵੱਲ ਉਚੇਚਾ ਧਿਆਨ ਦਿੱਤਾ ਹੈ, ਕਿਉਂਕਿ ਪਾਰਟੀ ਅਤੇ ਲੋਕਾਂ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਵਿਚ ਅਤੇ ਪਾਰਟੀ ਦੀ ਨੀਤੀ ਨੂੰ ਲਾਗੂ ਕਰਨ ਵਿਚ, ਇਹ, ਮੁੱਖ ਰੋਲ ਅਦਾ ਕਰਦੀਆਂ ਹਨ। ਪੀਪਲਜ਼ ਅਸੰਬਲੀ ਅਤੇ ਸਰਕਾਰ, ਪੀਪਲਜ਼ ਕੌਂਸਲਾਂ ਅਤੇ ਉਨ੍ਹਾਂ ਦੀਆਂ ਕਾਰਜਕਾਰੀ ਕਮੇ-ਟੀਆਂ, ਅਦਾਲਤਾਂ ਅਤੇ ਸਟੇਟ ਅਟਾਰਨੀ ਦੇ ਦਫਤਰ, ਲੋਕ-ਫੌਜ, ਅੰਦਰੂਨੀ ਮਾਮ-ਲਿਆਂ ਦੀਆਂ ਸੰਸਥਾਵਾਂ ਆਦਿ ਇਨਕਲਾਬ, ਸਮਾਜਵਾਦੀ ਉਸਾਰੀ ਅਤੇ ਦੇਸ਼ ਦੀ ਰਾਖੀ ਦੇ ਅਰੁੱਕ ਵਿਕਾਸ ਵਾਸਤੇ ਪਾਰਟੀ ਅਤੇ ਮਜ਼ਦੂਰ ਜਮਾਤ ਕੋਲ ਬਹੁਤ ਤਾਕਤਵਰ ਤੁੱਲਾਂ ਹਨ।

ਪਾਰਟੀ ਵਲੋਂ ਲੋਕਾਂ ਨਾਲ ਮਿਲਕੇ ਚਲਾਏ ਗਏ ਘੋਲ ਦੇ ਸਿੱਟੇ ਵਜੋਂ ਪ੍ਰੋਲੇਤਾਰੀ

ਦੀ ਡਿਕਟੇਟਰਸ਼ਿਪ ਦੀਆਂ ਵੱਖ ਵੱਖ ਸੰਸਥਾਵਾਂ ਦੀ ਸਰਗਰਮੀ ਇੱਕ ਉਚੀ ਪੱਧਰ ਤੇ ਪਹੁੰਚੀ ਹੈ, ਉਨ੍ਹਾਂ ਦਾ ਇਨਕਲਾਬੀ ਲੋਕ-ਖਾਸਾ ਮਜ਼ਬੂਤ ਹੋਇਆ ਹੈ, ਅਤੇ ਉਨ੍ਹਾਂ ਦੀ ਅਗਵਾਈ ਕਰਨ ਅਤੇ ਸਿਖਲਾਈ ਦੇਣ ਦੀ ਸਮਰੱਥਾ ਵਿਚ ਵਾਧਾ ਹੋਇਆ ਹੈ। ਖਾਸ ਤੌਰ ਤੇ, ਉਨ੍ਹਾਂ ਉਤੋਂ ਉਦਾਰਵਾਦ ਅਤੇ ਨੌਕਰਸ਼ਾਹੀ ਦੀ ਧੂੜ ਝੜ ਗਈ ਹੈ, ਉਨ੍ਹਾਂ ਦੀ ਪ੍ਰੋਲਤਾਰੀ ਬਣਤਰ ਵਿਚ ਉਨੱਤੀ ਹੋਈ ਹੈ, ਅਤੇ ਉਹ ਲੋਕਾਂ ਦੇ ਹੋਰ ਵੀ ਸਿੱਧੇ ਕੰਟਰੋਲ ਹੇਠ ਆਈਆਂ ਹਨ, ਉਨ੍ਹਾਂ ਦਾ ਅਖਤਿਆਰ ਵਧਿਆ ਹੈ ਅਤੇ ਲੋਕ ਉਨ੍ਹਾਂ ਦਾ ਬਹੁਤ ਮਾਣ ਕਰਦੇ ਹਨ।

ਇੱਕ ਮਹੱਤਵਪੂਰਨ ਪੱਖ, ਜਿਸ ਵੱਲ ਪਾਰਟੀ ਨੂੰ ਵੱਧ ਤੋਂ ਵੱਧ ਤਵੱਜੋਂ ਦੇਣੀ ਚਾਹੀਦੀ ਹੈ, ਉਹ ਹੈ ਰਾਜਸੱਤਾ ਦੀਆਂ ਪ੍ਰਤੀਨਿੱਧ ਸੰਸਥਾਵਾਂ ਦੇ ਰੋਲ ਨੂੰ ਲਗਾਤਾਰ ਵਧਾਉਣਾ, ਜਿਹੜੀਆਂ ਕਿ ਲੋਕਾਂ ਦੀ ਇੱਛਾ ਅਤੇ ਖੁਦਮੁਖਤਾਰੀ ਨੂੰ ਅਮਲ ਵਿਚ ਲਿਆਉਂਦੀਆਂ ਹਨ। ਸੰਵਿਧਾਨ ਦੇ ਅਧੀਨ ਇਹ ਸੰਸਥਾਵਾਂ ਜਿਸ ਵੀ ਖੇਤਰ ਵਿਚ ਇਨ੍ਹਾਂ ਨੂੰ ਕਾਇਮ ਕੀਤਾ ਗਿਆ ਹੈ ਉਸ ਖੇਤਰ ਵਿਚ ਰਾਜਸੱਤਾ ਦੀ ਸਮੁੱਚੀ ਸਰਗਰਮੀ ਵਾਸਤੇ ਜ਼ਿਮੇਵਾਰ ਹਨ, ਅਤੇ ਹੋਰ ਸਾਰੀਆਂ ਸਟੇਟ ਸੰਸਥਾਵਾਂ ਉਨ੍ਹਾਂ ਦੀ ਪੂਰੀ ਨਿਗਰਾਨੀ ਹੇਠ ਹਨ। ਕਾਰਜਕਾਰੀ ਸੰਸਥਾਵਾਂ ਅਤੇ ਉਨ੍ਹਾਂ ਦੇ ਢਾਂਚਿਆਂ, ਇਨ੍ਹਾਂ ਢਾਂਚਿਆਂ ਵਿਚ ਆਗੂਆਂ ਅਤੇ ਕੰਮ ਕਰਨ ਵਾਲੇ ਲੋਕਾਂ ਦੀ ਕੋਈ ਵੀ ਸਰਗਰਮੀ, ਚੁਣੀਆਂ ਗਈਆਂ ਸੰਸਥਾਵਾਂ ਦੀ ਨਿਗਰਾਨੀ ਤੋਂ ਬਾਹਰ ਨਹੀਂ ਰਹਿਣੀ ਚਾਹੀਦੀ।

ਰਾਜਸੱਤਾ ਦੀਆਂ ਸੰਸਥਾਵਾਂ ਦੇ ਤੌਰ ਤੇ ਪ੍ਰਤੀਨਿੱਧ ਸੰਸਥਾਵਾਂ ਸਰਕਾਰ ਦੇ ਵੀ ਸਕੂਲ ਹਨ। ਉਥੇ ਵੱਡੀ ਮਿਕਦਾਰ ਵਿਚ ਕੌਂਸਲਰ ਅਤੇ ਡਿਪਟੀ, ਸਟੇਟ ਦੇ ਮਸਲਿਆਂ ਨੂੰ ਹੱਲ ਕਰਨਾ ਸਿੱਖਦੇ ਹਨ। ਹੁਣ ਚੁਣੇ ਗਏ ਕੇਡਰਾਂ ਦੀ ਗਿਣਤੀ ਨਿਯੁਕਤ ਕੀਤੇ ਗਏ ਕੇਡਰਾਂ ਨਾਲੋਂ ਤਿੰਨ-ਗੁਣੀ ਹੈ, ਅਤੇ ਉਨ੍ਹਾਂ ਵਿਚ 70 ਫੀਸਦੀ ਤੋਂ ਜ਼ਿਆਦਾ ਮਜ਼ਦੂਰ ਅਤੇ ਸਹਿਕਾਰੀ ਕਿਸਾਨ ਹਨ। ਇਨ੍ਹਾਂ ਸੰਸਥਾਵਾਂ ਵਿਚ ਹਜ਼ਾਰਾਂ ਹੋਰ ਲੋਕ ਸਰਗਰਮ ਹਨ। ਕੇਂਦਰ ਅਤੇ ਜ਼ਿਲ੍ਹਿਆਂ ਵਿਚ ਸੱਤਾ ਦੀਆਂ ਸੰਸਥਾਵਾਂ ਜਿੰਨੀ ਜ਼ਿਆਦਾ, ਲੋਕਾਂ ਵਲੋਂ ਚੁਣੇ ਹੋਏ ਡਿਪਟੀਆਂ ਅਤੇ ਕੌਂਸਲਰਾਂ, ਅਤੇ ਸਰਗਰਮ ਲੋਕਾਂ ਦੀ ਵੱਡੀ ਫੌਜ ਉਤੇ ਟੇਕ ਰੱਖਣਗੀਆਂ, ਉਨੀ ਹੀ ਉਨ੍ਹਾਂ ਦੀ ਸਰਗਰਮੀ ਜ਼ਿਆਦਾ ਲਾਹੇਵੰਦ ਹੋਵੇਗੀ, ਅਤੇ ਨੌਕਰਸ਼ਾਹੀ ਅਤੇ ਉਦਾਰਵਾਦ ਦੇ ਖਤਰੇ ਤੋਂ ਦਰਵਾਜ਼ੇ ਬੰਦ ਰਹਿਣਗੇ।

ਇੱਕ ਹੋਰ ਸਵਾਲ ਜਿਸ ਉਤੇ ਜ਼ੋਰ ਦੇਣ ਦੀ ਲੋੜ ਹੈ, ਉਹ ਹੈ ਰਾਜਸੱਤਾ ਦੀਆਂ

ਪ੍ਰਤੀਨਿੱਧ ਅਤੇ ਕਾਰਜਕਾਰਨੀ ਸੰਸਥਾਵਾਂ ਦੇ ਲੋਕ-ਜਥੇਬੰਦੀਆਂ ਨਾਲ ਗੂੜ੍ਹੇ ਸਬੰਧ ਅਤੇ ਮਿਲਵਰਤਣ। ਇਹ ਸਬੰਧ ਅਤੇ ਮਿਲਵਰਤਣ ਹਰ ਪੱਧਰ ਉਤੇ ਸਦਾ ਹੀ ਮਜਬੂਤ ਅਤੇ ਸਥਿਰ ਨਹੀਂ ਰਹੇ। ਇਨ੍ਹਾਂ ਸਬੰਧਾਂ ਨੂੰ ਮਜਬੂਤ ਕਰਨਾ ਦੇਸ਼ ਨੂੰ ਚਲਾਉਣ ਦੇ ਕੰਮ ਨਾਲ ਸਬੰਧਤ ਮਸਲਿਆਂ ਅਤੇ ਕੰਮਾਂ ਦੇ ਜਲਦ ਅਤੇ ਸਹੀ ਹੱਲ ਵਿਚ ਮੱਦਦ ਕਰਦਾ ਹੈ, ਖਾਸ ਤੌਰ ਤੇ ਰਾਜਸੱਤਾ ਅਤੇ ਲੋਕਾਂ ਵਿਚਕਾਰ ਸਬੰਧਾਂ ਨੂੰ ਮਜਬੂਤ ਬਣਾਉਣ ਵਿਚ। ਇਸ ਤਰੀਕੇ ਨਾਲ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਸਾਡੇ ਸਿਸਟਮ ਦੇ ਅੰਗਾਂ ਅਤੇ ਅੰਸਰਾਂ ਵਿਚਕਾਰ ਵਧੀਆ ਸਬੰਧ ਕਾਇਮ ਹੁੰਦੇ ਹਨ। ਰਾਜਸੱਤਾ ਦੀਆਂ ਸੰਸਥਾਵਾਂ ਅਤੇ ਲੋਕ-ਜਥੇਬੰਦੀਆਂ ਵਿਚਕਾਰ ਮਜਬੂਤ ਮਿਲਵਰ-ਤਣ ਤੋਂ ਬਿਨਾਂ ਸੱਤਾ ਲਾਗੂ ਕਰਨ ਦੇ ਮਹਾਨ ਅਸੂਲ ਨੂੰ ਅਮਲ ਵਿਚ ਲਿਆਉਣਾ ਨਾ ਸਿਰਫ ਪ੍ਰਤੀਨਿੱਧ ਸੰਸਥਾਵਾਂ ਵਾਸਤੇ ਹੀ ਬਲਕਿ ਸਿੱਧੇ ਤੌਰ ਤੇ ਮਜਦੂਰ ਜਮਾਤ, ਸਹਿਕਾਰੀ ਕਿਸਾਣੀ ਅਤੇ ਹੋਰ ਮਿਹਨਤਕਸ਼ ਲੋਕਾਂ ਵਾਸਤੇ ਵੀ ਮੁਸ਼ਕਲ ਹੋ ਜਾਂਦਾ ਹੈ।

ਇਹ ਲਾਜ਼ਮੀ ਹੈ ਕਿ ਲੋਕ-ਕੌਂਸਲਾਂ, ਸਮਾਜਿਕ ਮਸਲਿਆਂ ਦੇ ਹੱਲ ਵੱਲ ਵੱਧ ਤੋਂ ਵੱਧ ਤਵੱਜੋ ਦੇਣ, ਅਤੇ ਕੌਮੀ ਮੁਕਤੀ ਕੌਂਸਲਾਂ ਦੀਆਂ ਵਧੀਆ ਰਵਾਇਤਾਂ ਅਤੇ ਨਾਲੋ ਨਾਲ ਇਸ ਖੇਤਰ ਵਿਚ ਆਪਣੇ ਤਜਰਬੇ ਨੂੰ ਲਾਗੂ ਕਰਨ। ਲੋਕ-ਜਥੇ-ਬੰਦੀਆਂ ਦੇ ਮਿਲਵਰਤਣ ਨਾਲ ਉਹ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਸਹੀ ਤੌਰ ਤੇ ਅਤੇ ਚੰਗੀ ਤਰ੍ਹਾਂ ਹੱਲ ਕਰ ਸਕਦੀਆਂ ਹਨ, ਜਿਵੇਂ ਕਿ ਸਾਡੇ ਸਮਾਜ ਦੇ ਅਸੂਲਾਂ ਦੀ ਉਲੰਘਣਾ ਨਾਲ ਸਬੰਧਿਤ ਸਮੱਸਿਆਵਾਂ, ਕੰਮ, ਸਮਾਜਿਕ ਜਾਇਦਾਦ ਆਦਿ ਵੱਲ ਗਲਤ ਰਵੱਈਆ, ਆਦਿ ਆਦਿ, ਅਤੇ ਉਨ੍ਹਾਂ ਨੂੰ ਇਹ ਮਸਲੇ ਹਰ ਵਾਰ ਨਿਆਂ ਦੀਆਂ ਸੰਸਥਾਵਾਂ ਦੇ ਹੱਥਾਂ ਵਿਚ ਨਹੀਂ ਜਾ ਲੈਣ ਦੇਣੇ ਚਾਹੀਦੇ। ਅਜਿਹੇ ਕੰਮ ਦਾ ਲੋਕਾਂ ਉਤੇ ਬਹੁਤ ਵਧੀਆ ਵਿੱਦਿਅਕ ਅਸਰ ਹੁੰਦਾ ਹੈ।

ਹਰ ਇੱਕ ਹੋਰ ਖੇਤਰ ਦੀ ਤਰ੍ਹਾਂ ਹੀਂ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀਆਂ ਵੱਖ ਵੱਖ ਸੰਸਥਾਵਾਂ ਦੇ ਕੰਮ ਵਿਚ ਵੀ ਪਾਰਟੀ ਦੀ ਲੀਡਰਸ਼ਿਪ ਇੱਕ ਬੁਨਿ-ਆਦੀ ਤੱਤ ਹੈ। ਪਾਰਟੀ ਨੇ ਸਦਾ ਹੀ ਇਨ੍ਹਾਂ ਸੰਸਥਾਵਾਂ ਵਿਚ ਆਪਣੀ ਮੁਕੰਮਲ ਲੀਡਰਸ਼ਿਪ ਦੀ ਕਿਸੇ ਕਿਸਮ ਦੀ ਵੀ ਉਲੰਘਣਾ ਦੇ ਖਿਲਾਫ ਲੜਾਈ ਕੀਤੀ ਹੈ ਅਤੇ ਕਰਦੀ ਰਹੇਗੀ। ਮਜਦੂਰ ਜਮਾਤ ਆਪਣੀ ਅਗਵਾਈ ਨੂੰ ਪ੍ਰੋਲਤਾਰੀ ਦੀ ਡਿਕ-ਟੇਟਰਸ਼ਿਪ ਰਾਹੀਂ ਵੀ ਅਮਲ ਵਿਚ ਲਿਆਉਂਦੀ ਹੈ, ਪਰ ਸਰਬ-ਉਚ ਲੀਡਰਸ਼ਿੱਪ ਜੋ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਵਿਚ ਅਤੇ ਸਾਡੇ ਸਮਾਜਵਾਦੀ ਸਮਾਜ ਵਿਚ

ਹਰ ਇੱਕ ਚੀਜ਼ ਦੀ ਰਾਹਨੁਮਾਈ ਕਰਦੀ ਹੈ ਉਹ ਹੈ ਮਾਰਕਸਵਾਦੀ- ਲੈਨਿਨ-ਵਾਦੀ ਪਾਰਟੀ, ਜੋ ਇਸ ਮਸਲੇ ਤੇ ਕਿਸੇ ਵੀ ਕਿਸਮ ਦੇ ਦੁਵੱਲੇਪਣ ਦੀ ਇਜਾਜ਼ਤ ਨਹੀਂ ਦਿੰਦੀ।

ਪਾਰਟੀ, ਮਜ਼ਦੂਰ ਜਮਾਤ ਅਤੇ ਲੋਕਾਂ ਨੇ ਇਸ ਤਰ੍ਹਾਂ ਦੇ ਆਗੂ ਕੇਡਰਾਂ ਨੂੰ ਸਦਾ ਹੀ ਬਾਹਰ ਕੱਢਿਆ ਹੈ ਜਿਹੜੇ ਇਹ ਭੁੱਲਕੇ ਕਿ ਉਨ੍ਹਾਂ ਨੂੰ ਕਿਸ ਨੇ ਸਿਖਲਾਈ ਦਿੱਤੀ ਹੈ ਅਤੇ ਕਿਸਨੇ ਉਨ੍ਹਾਂ ਨੂੰ ਅਗਵਾਈ ਦਾ ਕੰਮ ਸੌਂਪਿਆ ਹੈ ਅਤੇ ਸਾਡੀ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਨਿਜ਼ਾਮ ਵਿਚ ਕੌਣ ਅਗਵਾਈ ਕਰਦਾ ਹੈ, ਆਦਿ, ਨੂੰ ਭੁੱਲ ਕੇ ਫੁੰਕਾਰ ਬਣ ਬੈਠੇ, ਨੌਕਰਸ਼ਾਹ ਬਣ ਗਏ, ਪਾਰਟੀ ਜਥੇਬੰਦੀਆਂ ਵਿਚ ਮਨਮਾਨੀ ਕਰਨ ਲੱਗ ਪਏ, ਅਤੇ ਪਾਰਟੀ, ਮਜ਼ਦੂਰ ਜਮਾਤ ਅਤੇ ਸਮਾਜਵਾਦ ਦੀਆਂ ਪੁਜ਼ੀਸ਼ਨਾਂ ਤੋਂ ਕੰਮ ਕਰਨ ਦੀ ਬਜਾਏ ਅਧਿਕਾਰੀਆਂ ਅਤੇ ਨੌਕਰਸ਼ਾਹਾਂ ਦੀਆਂ ਪੁਜ਼ੀਸ਼ਨ ਤੋਂ ਕੰਮ ਕਰਨ ਲੱਗ ਪਏ।

ਖਾਸੀ ਗਿਣਤੀ ਵਿਚ ਕਮਿਊਨਿਸਟ, ਸਟੇਟ ਦੀਆਂ ਵੱਖ ਵੱਖ ਸੰਸਥਾਵਾਂ ਵਿਚ ਕੰਮ ਕਰਦੇ ਹਨ। ਉਨ੍ਹਾਂ ਦਾ ਚਾਹੇ ਕੋਈ ਵੀ ਅਗਵਾਈ ਵਾਲਾ ਕੰਮ ਹੋਵੇ, ਉਹ ਸਭ ਤੋਂ ਪਹਿਲਾਂ ਪਾਰਟੀ ਵੱਲ ਜਵਾਬਦੇਹ ਹਨ ਅਤੇ ਉਨ੍ਹਾਂ ਦੀ ਇਹ ਜਿਮੇਵਾਰੀ ਹੈ ਕਿ ਜਿਸ ਵੀ ਖੇਤਰ ਵਿੱਚ ਉਹ ਕੰਮ ਕਰਦੇ ਹਨ ਉਥੇ ਪਾਰਟੀ ਦੀ ਸੇਧ ਨੂੰ ਲਾਗੂ ਕਰਨ। ਉਨ੍ਹਾਂ 'ਚੋਂ ਕਿਸੇ ਨੂੰ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਸਭ ਤੋਂ ਪਹਿਲਾਂ ਕਮਿਊਨਿਸਟ ਹਨ, ਅਤੇ ਆਗੂ ਅਤੇ ਕੇਡਰ ਬਾਅਦ ਵਿਚ। ਪਰ ਇਸਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਨੂੰ ਸਟੇਟ ਸੰਸਥਾਵਾਂ, ਕੁਲੈਕਟਿਵਾਂ ਅਤੇ ਲੋਕਾਂ ਵੱਲ ਜਵਾਬਦੇਹ ਨਹੀਂ ਹੋਣਾ ਚਾਹੀਦਾ, ਜਾਂ ਉਨ੍ਹਾਂ ਨੂੰ ਹਿਸਾਬ ਕਿਤਾਬ ਨਹੀਂ ਦੇਣਾ ਚਾਹੀਦਾ।

ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਮਜ਼ਬੂਤ ਕਰਨ ਵਾਸਤੇ ਨਿਆਂ ਦੀਆਂ ਸੰਸ-ਥਾਵਾਂ ਸਾਹਮਣੇ ਬਹੁਤ ਹੀ ਵਿਸ਼ੇਸ਼ ਮਹੱਤਤਾ ਵਾਲੇ ਕੰਮ ਹਨ। ਇਨ੍ਹਾਂ ਸੰਸਥਾਵਾਂ ਨੇ ਪਾਰਟੀ ਦੀ ਸੇਧ ਨੂੰ ਲਾਗੂ ਕਰਨ, ਆਪਣੇ ਲੋਕ- ਪ੍ਰਿਯ ਖਾਸੇ ਨੂੰ ਹੋਰ ਡੂੰਘਿਆਂ ਕਰਨ ਅਤੇ ਇਨਕਲਾਬੀ ਕਾਨੂੰਨ ਨੂੰ ਲਾਗੂ ਕਰਨ ਵਾਸਤੇ ਲਗਾਤਾਰ ਘੋਲ ਕੀਤਾ ਹੈ।

ਭਵਿੱਖ ਵਿਚ ਵੀ, ਇਹ ਲਾਜ਼ਮੀ ਹੈ ਕਿ ਨਿਆਂ ਦੀਆਂ ਸੰਸਥਾਵਾਂ ਆਪਣੇ ਹੋਰ ਵਧੇਰੇ ਇਨਕਲਾਬੀਕਰਣ, ਅਤੇ ਲੋਕਾਂ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਘੋਲ ਜਾਰੀ ਰੱਖਣ। ਉਨ੍ਹਾਂ ਦਾ ਇਹ ਵਿਸ਼ੇਸ਼ ਕੰਮ ਹੈ ਕਿ ਉਹ ਮੇਹ-ਨਤਕਸ਼ ਲੋਕਾਂ ਵਿਚ ਕਾਨੂੰਨ ਦਾ ਲਗਾਤਾਰ ਪ੍ਰਚਾਰ ਕਰਨ ਤਾਂ ਕਿ ਲੋਕ ਇਨ੍ਹਾਂ

ਕਾਨੂੰਨਾਂ ਤੋਂ ਚੰਗੀ ਤਰ੍ਹਾਂ ਵਾਕਿਫ ਹੋਣ ਅਤੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਲਾਗੂ ਕਰਨ। ਇਸਦੇ ਨਾਲ ਨਾਲ ਇਹ ਸਟੇਟ ਸੰਸਥਾਵਾਂ ਅਤੇ ਲੋਕ-ਜਥੇਬੰਦੀਆਂ ਦਾ ਵੀ ਕੰਮ ਹੈ।

ਮਾਤਭੂਮੀ ਦੀ ਰੱਖਿਆ ਹਮੇਸ਼ਾ ਹੀ ਸਭ ਤੋਂ ਉਚਤਮ ਫਰਜ਼ ਰਿਹਾ ਹੈ ਅਤੇ ਅੱਜ ਵੀ ਹੈ। ਇਹ ਮਸੁੱਚੇ ਲੋਕਾਂ ਵਾਸਤੇ ਇੱਕ ਮੁੱਖ ਸਵਾਲ ਹੈ। ਸਮਾਜਵਾਦੀ ਅਲਬਾਨੀਆਂ ਹਮੇਸ਼ਾ ਹੀ ਦੁਸ਼ਮਣਾਂ ਦਾ ਨਿਸ਼ਾਨਾਂ ਰਿਹਾ ਹੈ ਅਤੇ ਰਹੇਗਾ। ਸਾਨੂੰ ਕਦੇ ਵੀ ਇਹ ਭੁੱਲਣਾ ਨਹੀਂ ਚਾਹੀਦਾ। ਸਾਨੂੰ ਸਾਰਿਆਂ ਨੂੰ ਅਜ਼ਾਦੀ ਅਤੇ ਇਨਕਲਾਬ ਦੀਆਂ ਜਿੱਤਾਂ ਦੀ ਰਾਖੀ ਕਰਨ ਲਈ ਤਿਆਰ-ਬਰ-ਤਿਆਰ ਹੋਣਾ ਚਾਹੀਦਾ ਹੈ।

ਪਾਰਟੀ ਨੇ ਸਦਾ ਹੀ ਮਾਤਭੂਮੀ ਦੀ ਰੱਖਿਆ ਦੇ ਸਵਾਲ ਨੂੰ ਸਿਰਫ ਸਥਾਈ ਫੌਜ ਉਤੇ ਹੀ ਨਹੀਂ ਬਲਕਿ ਹਥਿਆਰਾਂ ਨਾਲ ਲੈਸ ਅਤੇ ਫੌਜੀ ਤੌਰ ਤੇ ਜਥੇਬੰਦ, ਸਮੁੱਚੇ ਲੋਕਾਂ ਉਤੇ ਅਧਾਰਤ ਰੱਖਿਆ ਹੈ। ਪਾਰਟੀ ਨੇ ਹਥਿਆਰਬੰਦ ਫੌਜਾਂ ਵੱਲ ਲਗਾਤਾਰ ਤਵੱਜੋ ਦਿੱਤੀ ਹੈ ਤਾਂ ਕਿ ਉਹ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਵਫਾਦਾਰ ਰਖਵਾਲੇ ਅਤੇ ਇੱਕ ਤਾਕਤਵਰ ਹਥਿਆਰ ਬਣੀਆਂ ਰਹਿਣ।

ਇੱਕ ਲੋਕ-ਫੌਜ ਦੀ ਹੋਂਦ ਅਤੇ ਸਮਾਜਵਾਦੀ ਮਾਤਭੂਮੀ ਦੀ ਰੱਖਿਆ ਦੀ ਜਥੇਬੰਦੀ ਅਤੇ ਰਾਹਨੁਮਾਈ ਵਿਚ ਇੱਕ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਇੱਕ ਫੈਸਲਾਕੁੰਨ ਸ਼ਰਤ ਹੈ। ਸਿਰਫ ਅਜੇਹੀ ਪਾਰਟੀ ਦੀ ਲੀਡਰਸ਼ਿਪ ਹੀ ਫੌਜ ਨੂੰ ਚੇਤੰਨ ਅਤੇ ਇਨਕਲਾਬ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਭਰੋਸੇਯੋਗ ਹਥਿਆਰ ਬਣਾਉਂਦੀ ਹੈ। ਫੌਜ ਵਿਚ ਪਾਰਟੀ ਜਥੇਬੰਦੀਆਂ ਅਤੇ ਆਗੂ ਸੰਸਥਾਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰ ਇੱਕ ਚੀਜ਼ ਪਾਰਟੀ ਦੀ ਨੀਤੀ, ਇਸਦੇ ਜ਼ਜਬਾਤਾਂ, ਅਸੂਲਾਂ ਅਤੇ ਨਿਯਮਾਂ ਦੇ ਅਨੁਸਾਰ ਹੋਵੇ, ਅਤੇ ਹਰ ਇੱਕ ਚੀਜ਼ ਪਾਰਟੀ ਦੀ ਲੀਡਰਸ਼ਿਪ ਅਤੇ ਨਿਗਰਾਨੀ ਦੇ ਅਧੀਨ ਹੋਵੇ।

ਪਾਰਟੀ ਦੀਆਂ ਸੰਸਥਾਵਾਂ ਅਤੇ ਜਥੇਬੰਦੀਆਂ ਦਾ ਇੱਕ ਮੁੱਖ ਕੰਮ ਹੈ ਹਥਿ-ਆਰਬੰਦ ਫੌਜਾਂ ਦੀ ਇਨਕਲਾਬੀ ਪੜ੍ਹਾਈ ਅਤੇ ਉਨ੍ਹਾਂ ਨੂੰ ਮਾਰਕਸਵਾਦ-ਲੈਨਿਨ-ਵਾਦ ਦੇ ਵਿਚਾਰਾਂ, ਅਤੇ ਸਾਡੀ ਪਾਰਟੀ ਦੀਆਂ ਇਨਕਲਾਬੀ ਸਿੱਖਿਆਵਾਂ ਨਾਲ ਪ੍ਰਚੰਡ ਕਰਨਾ।

ਵਿਚਾਰਧਾਰਕ-ਸਿਆਸੀ ਵਿੱਦਿਆ ਦਾ ਮਕਸਦ ਫੌਜ ਵਿਚ ਹਰ ਜਗ੍ਹਾ ਅਤੇ ਲਗਾਤਾਰ ਪਾਰਟੀ ਦੀ ਲਾਈਨ ਨੂੰ ਲਾਗੂ ਕਰਨਾ ਅਤੇ ਸਫਲਤਾਪੂਰਬਕ ਸਾਰੇ ਕੰਮਾਂ ਨੂੰ ਨੇਪਰੇ ਚਾੜ੍ਹਨਾ ਹੈ। ਪਾਰਟੀ ਅਤੇ ਲੋਕਾਂ ਦੇ ਵਫਾਦਾਰ ਸਪੂਤਾਂ ਦੇ ਤੌਰ

ਤੇ, ਸਾਡੇ ਸੈਨਕ ਕੇਡਰਾਂ ਨੂੰ ਲਾਜ਼ਮੀ ਹੀ ਪਾਰਟੀ ਦੀ ਨੀਤੀ ਅਤੇ ਵਿਚਾਰਧਾਰਾ ਨੂੰ ਦ੍ਰਿੜਤਾ ਨਾਲ ਗ੍ਰਹਿਣ ਕਰਨਾ ਚਾਹੀਦਾ ਹੈ।

ਮਾਤਭੂਮੀ ਅਤੇ ਸਮਾਜਵਾਦੀ ਸਿਸਟਮ ਦੀ ਰਾਖੀ ਦੇ ਕੰਮ ਵਿਚ ਸਾਡੀ ਪਾਰਟੀ ਅਤੇ ਸਟੇਟ ਨੂੰ ਅੰਦਰੂਨੀਆਂ ਮਾਮਲਿਆਂ ਦੀਆਂ ਸੰਸਥਾਵਾਂ ਦੀ ਸਰਗਰਮੀ ਨੂੰ ਹੋਰ ਇਨਕਲਾਬੀ ਬਣਾਉਣ ਅਤੇ ਉਨੱਤ ਕਰਨ ਦੀ ਜਰੂਰਤ ਹੈ।

ਸਟੇਟ ਸਿਕਿਉਰਿਟੀ, ਪੀਪਲਜ਼ ਪੁਲੀਸ ਅਤੇ ਸਰਹੱਦੀ ਫੌਜਾਂ ਦੀਆਂ ਸੰਸਥਾਵਾਂ ਨੇ ਸਫਲਤਾਵਾਂ ਹਾਸਲ ਕੀਤੀਆਂ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਦੁਸ਼ਮਣਾਨਾ ਕਾਰਵਾਈ ਨੂੰ ਨੰਗੇ ਕਰਨ ਅਤੇ ਉਸਦਾ ਮੁਕਾਬਲਾ ਕਰਨ ਵਿਚ, ਅਮਨ-ਕਾਨੂੰਨ ਨੂੰ ਬਰਕਰਾਰ ਰੱਖਣ ਵਿਚ ਅਤੇ ਮਾਤਭੂਮੀ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਿਚ ਭਰਪੂਰ ਤਜਰਬਾ ਹਾਸਲ ਕੀਤਾ ਹੈ। ਪਰ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਵਲੋਂ ਸਾਡੇ ਖਿਲਾਫ ਕੀਤੇ ਗਏ ਤੇਜ਼ ਘੋਲ ਦੇ ਹਾਲਤਾਂ ਵਿਚ ਇਨ੍ਹਾਂ ਸੰਸਥਾਵਾਂ ਨੂੰ ਆਪਣੀ ਇਨਕਲਾਬੀ ਚੌਕਸੀ ਵਧਾਉਣ, ਅਤੇ ਆਪਣੀ ਸਰਗਰਮੀ ਦੀ ਕਾਬਲੀਅਤ ਦੇ ਪੱਧਰ ਨੂੰ ਉਚਿਆਂ ਚੁੱਕਣ, ਇਸ ਸਰਗਰਮੀ ਦੇ ਢੰਗਾਂ ਨੂੰ ਉਨੱਤ ਕਰਨ ਅਤੇ ਉਨ੍ਹਾਂ ਨੂੰ ਹੋਰ ਵੀ ਜ਼ਿਆਦਾ ਵਿਗਿਆਨਕ ਲੀਹਾਂ ਤੇ ਲਿਆਉਣ ਦੀ ਲੋੜ ਹੈ।

ਅੰਦਰੂਨੀ ਮਾਮਲਿਆਂ ਦੀਆਂ ਸੰਸਥਾਵਾਂ ਲੋਕਾਂ ਵਲੋਂ ਸਰਬ-ਪੱਖੀ ਅਤੇ ਲਗਾਤਾਰ ਹਮਾਇਤ ਨੂੰ ਯਕੀਨੀ ਬਣਾਉਣ ਤੋਂ ਬਿਨਾਂ ਕਦੇ ਵੀ ਆਪਣੇ ਫਰਜ਼ ਨਹੀਂ ਨਿਭਾ ਸਕਦੀਆਂ। ਉਨ੍ਹਾਂ ਦੀ ਤਾਕਤ ਦਾ ਮੁੱਖ ਸੋਮਾ ਲੋਕ ਹਨ। ਇਨ੍ਹਾਂ ਸੰਸਥਾਵਾਂ ਉਤੇ ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਲਗਾਤਾਰ ਮਜਬੂਤ ਕਰਨ, ਕੇਡਰਾਂ ਦੇ ਸਿਆਸੀ, ਵਿਚਾਰਧਾਰਕ ਅਤੇ ਪ੍ਰੋਫੈਸ਼ਨਲ ਪੱਧਰ ਨੂੰ ਨਿਰੰਤਰ ਉਚਾ ਚੁੱਕਣਾ ਲਾਜ਼ਮੀ ਹੈ। ਸਿਰਫ ਇਸ ਤਰ੍ਹਾਂ ਹੀ ਉਹ ਪਾਰਟੀ ਅਤੇ ਲੋਕਾਂ ਵਲੋਂ ਉਨ੍ਹਾਂ ਨੂੰ ਸੌਂਪੇ ਗਏ ਕੰਮਾਂ ਨੂੰ, ਭਵਿੱਖ ਵਿਚ ਸੁਚੱਜੇ ਢੰਗ ਨਾਲ ਅਤੇ ਇਮਾਨਦਾਰੀ ਨਾਲ ਅੱਗੇ ਵਧਾ ਸਕਦੀਆਂ ਹਨ।

## IV

# ਵਿਚਾਰਧਾਰਕ ਮੁਹਾਜ਼ ਉਤੇ ਪਾਰਟੀ ਦੀ ਜਦੋ-ਜਹਿਦ

ਬੀਤੇ ਸਾਲ ਦੇ ਦੌਰਾਨ ਦੇਸ਼ ਦੇ ਸਮੁੱਚੇ ਜੀਵਨ ਦੇ ਨਿਰੰਤਰ ਇਨਕਲਾਬੀਕਰਣ ਵਾਸਤੇ ਅਹਿਮ ਕੰਮ ਅਤੇ ਘੋਲ ਦੇ ਸਾਲ ਸਨ। ਤਬਦੀਲੀ ਦੀ ਇਸ ਮਹਾਨ ਵਿਧੀ ਨਾਲ ਪਾਰਟੀ ਅਤੇ ਰਾਜ ਸਤਾ ਮਜ਼ਬੂਤ ਹੋਈ ਹੈ, ਆਰਥਕ ਅਧਾਰ ਮਜ਼ਬੂਤ, ਹੋਇਆ ਹੈ, ਵਿਦਿਆ ਅਤੇ ਸਭਿਆਚਾਰ ਅਤੇ ਮਾਤਭੂਮੀ ਦੀ ਰਖਿਆ ਸ਼ਕਤੀ ਦੀ ਉਨਤੀ ਹੋਈ ਹੈ। ਇਸ ਨਾਲ ਮਿਹਨਤਕਸ਼ ਲੋਕਾਂ ਦੀ ਚੇਤੰਨਤਾ ਵਿਚ ਵਾਧਾ ਹੋਇਆ ਹੈ, ਉਨ੍ਹਾਂ ਵਿਚ ਮਾਰਕਸਵਾਦੀ ਲੈਨਿਨਵਾਦੀ ਜਜ਼ਬਾਤ ਹੋਰ ਵੀ ਡੂੰਘੇ ਹੋਏ ਹਨ, ਖਾੜਕੂ ਭਾਵਨਾ ਅਤੇ ਕੰਮ ਉਤੇ ਵਧੇਰੇ ਜਥੇਬੰਦੀ ਕਾਇਮ ਹੋਈ ਹੈ, ਲੋਕਾਂ ਦੀ ਪਹਿਲ ਕਦਮੀ ਨੂੰ ਉਤਸ਼ਾਹ ਮਿਲਿਆ ਹੈ, ਉਨ੍ਹਾਂ ਦੀ ਵਿਚਾਰਧਾਰਕ ਅਤੇ ਸਿਆਸੀ ਚੌਕਸੀ ਤੀਖਣ ਹੋਈ ਹੈ ਅਤੇ ਆਪਣੀਆਂ ਤਾਕਤਾਂ ਵਿਚ ਉਨ੍ਹਾਂ ਦਾ ਭਰੋਸਾ ਹੋਰ ਵੀ ਮਜ਼ਬੂਤ ਹੋਇਆ ਹੈ। ਇਸ ਸਰਬਪੱਖੀ ਘੋਲ ਵਿਚ, ਪਾਰਟੀ ਦੇ ਗਿਰਦ ਲੋਕਾਂ ਦੀ ਖਾੜਕੂ ਏਕਤਾ ਵਧੀ ਹੈ, ਅਤੇ ਪ੍ਰੋਲਤਾਰੀ ਦੀ ਤਾਨਾਸ਼ਾਹੀ ਸੁਰੱਖਿਅਤ ਅਤੇ ਮਜ਼ਬੂਤ ਹੋਈ ਹੈ।

1.- <u>ਸਾਨੂੰ ਲਾਜ਼ਮੀ ਹੀ ਜਮਾਤੀ ਘੋਲ ਸਹੀ ਤੌਰ ਤੇ ਅਤੇ ਦ੍ਰਿੜਤਾ ਨਾਲ ਚਲਾਉਣਾ ਚਾਹੀਦਾ ਹੈ।</u>

ਸਮਾਜਵਾਦ ਦੀ ਉਸਾਰੀ, ਦੋ ਰਾਹਾਂ, ਸਮਾਜਵਾਦੀ ਰਾਹ ਅਤੇ ਸਰਮਾਏਦਾਰਾ ਰਾਹ ਵਿਚਕਾਰ ਕਠੋਰ ਘੋਲ ਦੀ ਵਿਧੀ ਹੈ, ਇਕ ਅਜਿਹਾ ਘੋਲ ਜੋ ਸਭ ਸਿਆਸੀ ਅਤੇ ਆਰਥਕ, ਵਿਚਾਰਧਾਰਕ ਅਤੇ ਫੌਜੀ ਮਹਾਜ਼ਾਂ ਤੇ ਚਲਾਇਆ ਜਾਂਦਾ ਹੈ।

ਸਮਾਜਵਾਦ ਵਿਚ ਵੀ ਇਹ ਘੋਲ ਇਕ ਪ੍ਰਤੱਖ ਫਲਸਫਾ ਹੈ, ਇਹ ਮੁੱਖ ਚਾਲਕ ਸ਼ਕਤੀ ਹੈ ਜੋ ਇਨਕਲਾਬ ਅਤੇ ਸਮਾਜਵਾਦ ਦੀ ਉਸਾਰੀ ਨੂੰ ਅੱਗੇ ਵਧਾਉਂਦੀ ਹੈ, ਜੋ ਪਾਰਟੀ, ਸਟੇਟ ਅਤੇ ਸਮੁੱਚੇ ਦੇਸ਼ ਨੂੰ ਬੁਰਜ਼ੂਆ-ਸੋਧਵਾਦੀ ਗਿਰਾਵਟ ਅਤੇ ਸਰ-ਮਾਏਦਾਰੀਦੀ ਮੁੜ ਬਹਾਲੀ ਦੇ ਖਤਰੇ ਤੋਂਸੁਰੱਖਿਅਤ ਕਰਦੀ ਹੈ, ਜੋ ਮਿਹਨਤਕਸ਼ ਲੋਕਾਂ ਦੀ ਚੇਤੰਨਤਾ ਨੂੰ ਸਾਫ ਕਰਦੀ ਹੈ ਅਤੇ ਉਨ੍ਹਾਂ ਦੇ ਪ੍ਰੋਲਤਾਰੀ ਜ਼ਜ਼ਬਾਤਾਂ ਨੂੰ ਮਜ਼ਬੂਤ ਕਰਦੀ ਹੈ।

ਪਾਰਟੀ ਦੀ ਅਗਵਾਈ ਹੇਠ, ਇਨਕਲਾਬ ਨੂੰ ਵਿਕਸਤ ਕਰਨ ਅਤੇ ਸਮਾਜਵਾਦ ਉਸਾਰਨ ਦੇ ਆਪਣੇ ਘੋਲ ਵਿਚ ਸਾਡੇ ਲੋਕਾਂ ਵਲੋਂ ਜਿੱਤੀਆਂ ਗਈਆਂ ਮੁਖ ਜਿਤਾਂ ਅਤੇ ਸਫਲਤਾ ਦੀ ਵਜਾਹ ਇਹ ਹੈ ਕਿ ਪਾਰਟੀ ਨੇ ਹਮੇਸ਼ਾਂ ਹੀ ਜਮਾਤੀ ਘੋਲ ਨੂੰ ਉੱਚਾ ਰਖਿਆ ਹੈ ਅਤੇ ਹਮੇਸ਼ਾਂ ਹੀ ਅੰਦਰੂੰਨੀ ਅਤੇ ਬਾਹਰੀ ਦੁਸ਼ਮਣਾਂ ਦੇ ਖਿਲਾਫ ਅਤੇ ਨਾਲੋ ਨਾਲ ਲੋਕਾਂ ਵਿਚ ਅਤੇ ਖੁਦ ਆਪਣੀਆਂ ਸਫਾਂ ਵਿਚ ਜਮਾਤੀ ਘੋਲ ਚਲਾਇਆ ਹੈ।

ਇਸ ਘੋਲ ਦੇ ਦੌਰਾਨ ਇਕ ਬਹੁੱਮੁੱਲਾ ਸਿਧਾਂਤਕ ਅਤੇ ਅਮਲੀ ਤਜਰਬਾ ਹਾਸਲ ਕੀਤਾ ਗਿਆ ਹੈ ਜਿਸ ਤੋਂ ਸਾਡੀਂ ਪਾਰਟੀ ਨੇ ਬਹੁੱਮੁਲੇ ਸਬਕ ਸਿਖੇ ਹਨ ਅਤੇ ਸਿੱਟੇ ਕੱਢੇ ਹਨ ਕਿ ਕਿਵੇਂ ਸਮਾਜਵਾਦ ਨੂੰ ਉਸਾਰਨਾ ਹੈ ਅਤੇ ਇਸਦੀਰਾਖੀ ਕਰਨੀ ਹੈ, ਅਤੇ ਕਿਵੇਂ ਪਾਰਟੀ ਅਤੇ ਪ੍ਰੋਲਤਾਰੀ ਦੀ ਤਾਨਾਸ਼ਾਹੀ ਨੂੰ ਮਜ਼ਬੂਤ ਬਣਾਉਣਾ ਹੈ।

ਪਾਰਟੀ ਦੀ ਸਮੁਚੀ ਹੋਂਦ ਦੇ ਦੌਰਾਨ, ਅਤੇ ਨਾਲੋ ਨਾਲ ਤਾਜ਼ਾ ਸਾਲਾਂ ਦੌਰਾਨ ਚਲਾਏ ਗਏ ਜਮਾਤੀ ਘੋਲ ਨੇ ਇਹ ਸਾਬਤ ਕੀਤਾ ਹੈ ਕਿ ਸਾਡੀ ਪਾਰਟੀ ਨੂੰ ਅਤੇ ਸਮੁੱਚੇ ਕੌਮਾਂਤਰੀ ਇਨਕਲਾਬੀ ਕਮਿਊਨਿਸਟ ਅਤੇ ਮਜ਼ਦੂਰ ਲਹਿਰ ਨੂੰ ਮੁੱਖ ਖਤਰਾ ਸੱਜੀ ਮੌਕਾਪ੍ਰਸਤੀ, ਅਤੇ ਸੋਧਵਾਦ ਤੋਂ ਸੀ ਅਤੇ ਅੱਜ ਵੀ ਹੈ। ਇਹ ਖਤਰਾ ਸਰਮਾਏਦਾਰਾ ਘੇਰਾਉ ਦੀਆਂ ਹਾਲਤਾਂ ਵਿਚ ਸਮਾਜਵਾਦ ਉਸਾਰ ਰਹੇ ਕਿਸੇ ਵੀ ਦੇਸ਼ ਲਈ ਧਮਕੀ ਹੈ, ਪਰ ਹੁਣ ਇਹ ਹੋਰ ਵੀ ਜ਼ਿਆਦਾ ਹੋ ਗਿਆ ਹੈ, ਖਾਸ ਕਰਕੇ ਸੋਵੀਅਤ ਯੂਨੀਅਨ ਵਿਚ ਸਮਾਜਵਾਦੀ ਢਾਂਚੇ ਦੇ ਖਾਤਮੇਂ ਅਤੇ ਦੁੱਨੀਆਂ ਦੀਆਂ ਕਈ ਇਕ ਕਮਿਊਨਿਸਟ ਪਾਰਟੀਆਂ ਦੇ ਸੋਧਵਾਦੀ ਬਣ ਜਾਣ ਦੇ ਸਮੇਂ ਤੋਂ। ਇਕ ਅਜਿਹੇ ਦੇਸ਼ ਵਿਚ ਜਿਥੇ ਸਮਾਜਵਾਦ ਨੂੰ ਸਫਲਤਾ ਪੂਰਬਕ ਉਸਾਰਿਆ ਜਾ ਰਿਹਾ ਹੋਵੇ, ਦੁਸ਼ਮਣਾਂ ਵਾਸਤੇ ਸਿਧੇ ਤੌਰਤੇ ਕਮਿਊਨਿਜ਼ਮ ਦੀ ਵਿਰੋਧਤਾ ਦਾ ਝੰਡਾ ਚੁੱਕ ਕੇ ਸਾਹਮਣੇ ਆਉਣਾ ਬਹੁਤ ਮੁਸ਼ਕਲ ਹੁੰਦਾ ਹੈ। ਸਮਾਜਵਾਦ ਨੂੰ ਖਤਮ ਕਰਨਵਾਸਤੇ

ਜਾਅਲੀ ਮਾਰਕਸਵਾਦ, ਸੋਧਵਾਦੀ ਉਲਟ-ਇਨਕਲਾਬ ਉਨ੍ਹਾਂ ਦਾ ਸਭ ਤੋਂ ਮਨ ਪਸੰਦ ਹਥਿਆਰ ਹੈ।

ਕੌਮਾਂਤਰੀ ਤਜ਼ਰਬਾ ਅਤੇ ਸਾਡੇ ਆਪਣੇ ਦੇਸ਼ ਦਾ ਤਜ਼ਰਬਾ ਸਾਬਿਤ ਕਰਦਾ ਹੈ ਕਿ ਸਰਮਾਏਦਾਰੀ ਦੀ ਮੁੜ-ਬਹਾਲੀ ਵਾਸਤੇ ਬੁਰਜੂਆਜ਼ੀ ਅਤੇ ਪਿਛਾਖੜ ਦੀਆਂ ਆਸਾਂ ਸਿਰਫ ਲੋਟੂ ਜਮਾਤਾਂ ਦੀ ਰਹਿੰਦ-ਖੂੰਹਦ ਜਾਂ ਏਜੰਟਾਂ ਉਤੇ ਹੀ ਅਧਾਰਿਤ ਨਹੀਂ ਹੁੰਦੀਆਂ। ਉਨ੍ਹਾਂ ਦੀਆਂ ਉਚੇਚੇ ਤੌਰ ਤੇ ਸਮਾਜਵਾਦ ਦੇ ਹੋਰ ਦੁਸ਼ਮਣਾਂ ਉਤੇ ਅਧਾਰਿਤ ਹੁੰਦੀਆਂ ਹਨ ਜਿਹੜੇ ਖੁਦ ਸਮਾਜਵਾਦੀ ਸਮਾਜ ਵਿਚੋਂ ਪੈਦਾ ਹੁੰਦੇ ਹਨ, ਅਜਿਹੇ ਲੋਕ ਜਿਨ੍ਹਾਂ ਵਿਚ ਪੁਰਾਣੀਆਂ ਸੋਚਣੀਆਂ ਦੀ ਰਹਿੰਦ-ਖੂੰਹਦ ਭਾਰੂ ਹੁੰਦੀ ਹੈ, ਜਿਹੜੇ ਨਿੱਜੀ ਅਤੇ ਖੁਦਗਰਜ਼ ਝੁਕਾਵਾਂ ਨਾਲ ਭਰਪੂਰ ਹੁੰਦੇ ਹਨ, ਜਿਹੜੇ ਆਧੁਨਿਕ ਬੁਰਜੂਆ ਅਤੇ ਸੋਧਵਾਦੀ ਵਿਚਾਰਧਰਾਵਾਂ ਦੇ ਅਸਰ ਨਾਲ ਕੁਰਾਹੇ ਪੈ ਜਾਂਦੇ ਹਨ, ਜਿਹੜੇ ਅੰਦਰੂੰਨੀ ਅਤੇ ਬਾਹਰੀ ਦੁਸ਼ਮਣਾਂ ਦੇ ਦਬਾਅ ਅੱਗੇ ਗੋਡੇ ਟੇਕ ਦਿੰਦੇ ਹਨ, ਜਿਹੜੇ ਆਖਿਰਕਾਰ ਇਨਕਲਾਬ ਦਾ ਸਾਥ ਛੱਡ ਦਿੰਦੇ ਹਨ ਅਤੇ ਉਲਟ-ਇਨਕਲਾਬੀ ਬਣ ਜਾਂਦੇ ਹਨ।

ਸਮਾਜਵਾਦੀ ਸਮਾਜ ਵਿਚ ਅੱਡੋ-ਅੱਡ ਵਿਅਕਤੀਆਂ ਵਿਚ ਗਿਰਾਵਟ ਆਉਣ ਨਵ-ਬੁਰਜੂਆ ਅੰਸਰਾਂ ਦੇ ਪੈਦਾ ਹੋਣ, ਉਨ੍ਹਾਂ ਦੇ ਉਲਟ-ਇਨਕਲਾਬੀ ਬਣਨ ਦਾ ਖਤਰਾ ਹੁੰਦਾ ਹੈ। ਜਿਵੇਂ ਮਾਰਕਸਵਾਦ-ਲੈਨਿਨਵਾਦ ਸਿਖਾਂਉਂਦਾ ਹੈ, ਇਹ ਸਿਰਫ ਇਸ ਕਰਕੇ ਹੀ ਨਹੀਂ ਹੁੰਦਾ ਕਿ ਨਵੇਂ ਸਮਾਜਵਾਦੀ ਸਮਾਜ ਵਿਚ, ਬੁਰਜੂਆ ਸਮਾਜ ਜਿਸ ਵਿਚੋਂ ਇਹ ਪੈਦਾ ਹੋਇਆ ਹੈ ਉਸ ਦੀਆਂ ਰਵਾਇਤਾਂ, ਰਵਾਜ਼ਾਂ, ਵਰਤਾਵੇ ਦੇ ਢੰਗਾਂ ਅਤੇ ਜੀਵਨ ਦੀਆਂ ਧਾਰਨਾਵਾਂ ਅਜੇ ਕਾਇਮ ਹੁੰਦੀਆਂ ਹਨ, ਬਲਕਿ ਇਹ ਕਈ ਆਰਥਕ ਅਤੇ ਸਮਾਜਕ ਹਾਲਤਾਂ ਕਾਰਨ ਵੀ ਹੁੰਦਾ ਹੈ, ਜੋ ਇਸ ਸਮਾਜ ਵਿਚ ਤਬਦੀਲੀ ਦੇ ਦੌਰ ਵਿਚ ਮੌਜੂਦ ਰਹਿੰਦੀਆਂ ਹਨ। ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਰਿਸ਼ਤੇ, ਉਨ੍ਹਾਂ ਉਤੇ ਅਧਾਰਿਤ ਢੰਗ ਖਾਸ, ਅਜੇ ਵੀ ਪੂਰਨ ਤੌਰ ਤੇ ਕਮਿਊਨਿਸਟ ਨਹੀਂ। ਵੱਖ ਵੱਖ ਖੇਤਰਾਂ ਵਿਚ ਮੌਜੂਦ ਵਖਰੇਵੇਂ, ਜਿਵੇਂ ਸ਼ਹਿਰ ਅਤੇ ਦਿਹਾਤ ਵਿਚ ਫਰਕ, ਦਿਮਾਗੀ ਅਤੇ ਜਿਸਮਾਨੀ ਕੰਮ ਵਿਚਕਾਰ ਫਰਕ, ਆਦਿ ਜੋ ਇਕ ਦਮ ਖਤਮ ਨਹੀਂ ਕੀਤੇ ਜਾ ਸਕਦੇ, ਵੀ ਇਸ ਦਿਸ਼ਾ ਵਿਚ ਆਪਣਾ ਅਸਰ ਪਾਉਂਦੇ ਹਨ। ਅਤੇ ਇਨ੍ਹਾਂ ਦੇ ਨਾਲ ਨਾਲ ਬਾਹਰੋਂ ਸਰਮਾਏਦਾਰਾਂ ਅਤੇ ਸੋਧਵਾਦੀ ਦੁੱਨੀਆਂ ਵਲੋਂ ਪਾਇਆ ਜਾਣ ਵਾਲਾ ਜ਼ਬਰਦਸਤ ਅਤੇ ਸਰਬਪੱਖੀ ਦਬਦਬਾ ਵੀ ਹੁੰਦਾ ਹੈ। ਸਮਾਜਵਾਦ ਆਪਣੇ ਸੁਭਾ ਦੇ ਦੁਸ਼ਮਣ ਇਸ

ਢਾਹੂ ਫਲਸਫੇ ਦੀ ਪਦਾਇਸ਼ ਉਤੇ ਬੰਦਸ਼ਾਂ ਲਾ ਸਕਦਾ ਹੈ, ਪਰ ਇਹ ਪੂਰਨ ਤੌਰ ਤੇ ਉਨ੍ਹਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ।

ਇਸ ਲਈ, ਕਿਸੇ ਵੀ ਵਕਤ ਕਿਸੇ ਦੁਸ਼ਮਣ ਵਿਅਕਤੀ ਜਾਂ ਦੁਸ਼ਮਣ ਗਰੁੱਪ ਨੂੰ ਟੋਲਣ ਅਤੇ ਹਰਾਉਣ ਤੋਂ ਬਾਅਦ ਇਹ ਸੋਚਕੇ ਬੇਫਿਕਰ ਹੋਕੇ ਸੌਂ ਨਹੀਂ ਜਾਣਾ ਚਾਹੀਦਾ ਕਿ ਇਸ ਨਾਲ ਦੁਸ਼ਮਣ ਖਤਮ ਹੋ ਗਏ ਹਨ। ਜਿੰਨਾ ਚਿਰ ਜਮਾਤੀ ਘੋਲ ਜਾਰੀ ਰਹਿੰਦਾ ਹੈ, ਜਿੰਨਾ ਚਿਰ ਅੰਦਰੋਂ ਅਤੇ ਬਾਹਰੋਂ ਦੁਸ਼ਮਣਾਨਾ ਬੁਰਜੂਆ ਦਬ-ਦਬਾ ਜਾਰੀ ਰਹਿੰਦਾ ਹੈ, ਨਵੇਂ ਦੁਸ਼ਮਣਾਂ ਦੇ ਪੈਦਾ ਹੋਣ ਅਤੇ ਸਮਾਜਵਾਦ ਦੇ ਖਿਲਾਫ ਉਨ੍ਹਾਂ ਦੀ ਸਰਗਰਮੀ ਦਾ ਖਤਰਾ ਕਾਇਮ ਰਹਿੰਦਾ ਹੈ। ਪਾਰਟੀ ਅਤੇ ਲੋਕਾਂ ਨੂੰ ਹਮੇਸ਼ਾਂ ਹੀ ਦੁਸ਼ਮਣਾਂ ਦੇ ਖਿਲਾਫ ਤਿਆਰ-ਬਰਤਿਆਰ, ਚੌਕਸ ਅਤੇ ਇਨਕਲਾਬੀ ਰਹਿਣਾ ਚਾਹੀਦਾ ਹੈ, ਦ੍ਰਿੜ ਅਤੇ ਬੇਕਿਰਕ ਜਮਾਤੀ ਘੋਲ ਚਲਾਉਣਾ ਚਾਹੀਦਾ ਹੈ ਅਤੇ ਉਹ ਸਾਰੇ ਰਾਹ ਬੰਦ ਕਰਨੇ ਚਾਹੀਦੇ ਹਨ ਜਿਥੋਂ ਦੁਸ਼ਮਣ ਪੈਦਾ ਹੋ ਸਕਦੇ ਹੋਣ ਅਤੇ ਸਾਨੂੰ ਨੁਕਸਾਨ ਪਹੁੰਚਾ ਸਕਦੇ ਹੋਣ।

ਸਮਾਜਵਾਦੀ ਅਲਬਾਨੀਆਂ ਇਕ ਅਹਿਮ ਮਿਸਾਲ ਹੈ ਜੋ ਸਾਬਤ ਕਰਦੀ ਹੈ ਕਿ ਸੋਧਵਾਦ ਦੇ ਪੈਦਾ ਹੋਣ ਅਤੇ ਸਰਮਾਏਦਾਰੀ ਦੀ ਮੁੜ-ਬਹਾਲੀ ਦਾ ਖਤਰਾ ਅਟਲ ਕਿਸਮਤ ਨਾਲ ਘਟਦਾ ਨਹੀਂ, ਜਿਵੇਂ ਕਿ ਬੁਰਜੂਆ ਵਿਚਾਰਵਾਨ ਇਸਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਸਮਾਜਵਾਦ ਦੇ ਜਾਨਦਾਰ ਹੋਣ ਅਤੇ ਮਾਰਕਸਵਾਦ-ਲੈਨਿਨਵਾਦ ਦੇ ਵਿਚਾਰਾਂ ਦੀ ਅਜਿੱਤ ਤਾਕਤ ਦਾ ਸਬੂਤ ਹੈ, ਜਿਨ੍ਹਾਂ ਨੂੰ ਲਗਾਤਾਰ ਲਾਗੂ ਕਰਨ ਨਾਲ ਇਨਕਲਾਬ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਜਿੱਤ ਯਕੀਨੀ ਬਣਦੀ ਹੈ। ਇਸ ਮਸਲੇ ਦੀ ਸਹੀ ਸੂਝ ਅਤੇ ਇਸਦੇ ਦੰਵਦਾਤਮਕ ਨਿਰਣੈ ਦੀ ਬਹੁਤ ਵੱਡੀ ਅਸੂਲੀ ਮਹੱਤਤਾ ਹੈ ਅਤੇ ਇਸਦਾ ਸਮਾਜਵਾਦ ਦੀ ਕਿਸਮਤ ਨਾਲ ਸਿੱਧਾ ਸੰਬੰਧ ਹੈ।

ਜਮਾਤੀ ਦੁਸ਼ਮਣਾਂ ਵਲੋਂ ਚਲਾਈ ਜਾਂਦੀ ਜਦੋ-ਜਹਿਦ ਦੇ ਅੰਦਰੂਨੀ ਅਤੇ ਬਾਹਰੀ ਮੁਹਾਜ਼ਾਂ ਵਿਚ ਬਹੁਤ ਹੀ ਨੇੜੇ ਦਾ ਤੁਅੱਲਕ ਅਤੇ ਤਾਲ-ਮੇਲ ਹੈ। ਉਨ੍ਹਾਂ ਦੀ ਕਮਿਊਨਿਸਟ-ਵਿਰੋਧੀ ਵਿਚਾਰਧਾਰਾ ਅਤੇ ਪਾਰਟੀ ਅਤੇ ਸਮਾਜਵਾਦ ਦੇ ਖਿਲਾਫ ਘੋਲ ਵਿਚ ਆਪਸੀ ਮਦਦ ਦੀ ਲੋੜ ਉਨ੍ਹਾਂ ਨੂੰ ਇਕ ਮੁੱਠ ਕਰਦੀਆਂ ਹਨ। ਇਸ ਸਚਾਈ ਨੂੰ ਸਮਝਣਾ ਬਹੁਤ ਹੀ ਮਹੱਤਵਪੂਰਣ ਹੈ, ਜੋ ਕਿ ਨਾ ਸਿਰਫ ਉਨੀ ਦੇਰ ਕਾਇਮ ਹੀ ਰਹੇਗੀ ਜਦੋਂ ਤਕ ਸਾਮਰਾਜੀ-ਸੋਧਵਾਦੀ ਘੇਰਾਉ ਅਤੇ ਦੇਸ਼ ਵਿਚ ਸਰਮਾਏ-ਦਾਰੀ ਦੀ ਹੋਂਦ ਕਾਇਮ ਰਹਿੰਦੇ ਹਨ, ਬਲਕਿ ਇਹ ਤਾਲ-ਮੇਲ ਹੋਰ ਵੀ ਮਜ਼ਬੂਤ

ਅਤੇ ਖਤਰਨਾਕ ਹੋ ਜਾਏਗਾ ਅਗਰ ਅਸੀਂ ਇਸ ਵੱਲ ਧਿਆਨ ਨਹੀਂ ਦਿੰਦੇ, ਚੌਕਸ ਨਹੀਂ ਰਹਿੰਦੇ, ਅਤੇ ਇਸ ਖਿਲਾਫ ਜ਼ਬਰਦਸਤ ਘੋਲ ਨਹੀਂ ਚਲਾਂਉਂਦੇ।

ਪਾਰਟੀ ਨੇ ਲੋਕਾਂ ਨੂੰ ਸਾਮਰਾਜੀ-ਸੋਧਵਾਦੀ ਘੇਰਾਉ ਅਤੇ ਇਸਦੇ ਖਿਲਾਫਘੋਲ ਦੀ ਲੋੜ ਦੀ ਸੂਝ ਦੇਣ ਵਾਸਤੇ ਲਗਾਤਾਰ ਵੱਡੇ ਪੈਮਾਨੇ ਤੇ ਕੰਮ ਕੀਤਾ ਹੈ। ਇਸ ਘੋਲ ਦੇ ਸਿੱਟੇ ਸਭ ਖੇਤਰਾਂ ਵਿਚ ਸਾਫ ਜ਼ਾਹਿਰ ਹਨ। ਪਾਰਟੀ ਦੀ ਅਗਵਾਈ ਹੇਠ, ਸਾਡੇ ਲੋਕਾਂ ਨੇ ਦੁਸ਼ਮਣਾਂ ਦੇ ਸਿਆਸੀ ਦਬ-ਦਬਿਆਂ, ਆਰਥਕ ਨਾਕਾਬੰਦੀਆਂ ਫੌਜੀ ਧਮਕੀਆਂ ਅਤੇ ਸਭਿਆਚਾਰਕ ਹਮਲਿਆਂ ਦਾ ਡੱਟਕੇ ਮੁਕਾਬਲਾ ਕੀਤਾ ਹੈ। ਉਨ੍ਹਾਂ ਨੂੰ ਦੁਸ਼ਮਣਾਂ ਦੀਆਂ ਧੜਕਾਂ ਜਾਂ ਚਾਲਾਂ ਕਦੇ ਵੀ ਵਰਗਲਾਅ ਨਹੀਂਸਕੀਆਂ।

ਫਿਰ ਵੀ, ਭਵਿੱਖ ਵਿਚ ਵੀ ਬਜ਼ੁਰਗਾਂ ਅਤੇ ਨੌਜਵਾਨਾਂ ਨੂੰ ਸਾਮਰਾਜੀ-ਸੋਧਵਾਦੀ ਘੇਰਾਉ ਦੇ ਵੈਰ-ਭਰੇ ਖਾਸੇ, ਇਸ ਤੋਂ ਪੈਦਾ ਹੋਣ ਵਾਲੇ ਖਤਰਿਆਂ, ਅਤੇ ਇਸ ਵਲੋਂ ਸਾਡੇ ਦੇਸ਼ ਉਤੇ ਪਾਏ ਜਾਂਦੇ ਸਰਬਪੱਖੀ ਦਬਦਬੇ ਦੇ ਖਿਲਾਫ ਘੋਲ ਦੀ ਲੋੜ ਬਾਰੇ ਹੋਰ ਵੀ ਵਧੇਰੇ ਚੇਤੰਨ ਕਰਨਾ ਪਾਰਟੀ ਦਾ ਇਕ ਮੁੱਖ ਅਤੇ ਸਥਾਈ ਕੰਮ ਹੈ। ਸਮਾਜਵਾਦੀ ਅਲਬਾਨੀਆਂ ਉਨ੍ਹਾਂ ਸਭ ਦੁਸ਼ਮਣਾਂ ਦੇ ਪੈਰ ਵਿਚਇਕ ਕੰਢਾ ਹੈ ਜਿਹੜੇ ਇਸਨੂੰ ਖਤਮ ਕਰਨ ਦੀ ਪੂਰੀ ਵਾਹ ਲਾ ਰਹੇ ਹਨ। ਚਾਹੇ ਉਹ ਕੋਈ ਵੀ ਚਾਲਾਂ ਚੱਲਣ, ਉਹ ਫਿਰ ਵੀ ਦੁਸ਼ਮਣ ਹੀ ਹਨ, ਇਸ ਕਰਕੇ ਸਾਨੂੰ ਉਨ੍ਹਾਂ ਬਾਰੇ ਕੋਈ ਭੁਲੇਖੇ ਨਹੀਂ ਹੋਣੇ ਚਾਹੀਦੇ।

ਸਾਮਰਾਜੀ ਸੋਧਵਾਦੀ ਘੇਰਾਉ ਸੁਸਤ ਜਾਂ ਸਿਰਫ ਭੂਗੋਲਿਕ ਹੀ ਬਿਲਕੁਲ ਨਹੀਂ ਹੈ, ਬਲਕਿ ਇਕ ਖਤਰਨਾਕ ਘੇਰਾਉ ਹੈ ਜੋ ਸਭ ਖੇਤਰਾਂ ਵਿਚ ਅਤੇ ਹਰ ਪਾਸੇ ਤੋਂ ਸਾਡੇ ਖਿਲਾਫ ਟੱਕਰ ਲੈਂਦਾ ਹੈ। ਪਰ ਕਈ ਲੋਕ ਹਨ ਜਿਨ੍ਹਾਂ ਨੂੰ ਇਸ ਘੇਰਾਉ ਦੀ ਬਹੁਤ ਹੀ ਉਪਰੀ ਅਤੇ ਸਾਦੀ ਸੂਝ ਹੈ, ਉਹ ਫੌਜੀ ਹਮਲੇ ਦੇ ਖਤਰੇ ਨੂੰ, ਆਰਥਕ ਨਾਕਾ-ਬੰਦੀ ਤੋਂ ਪੈਦਾ ਹੋਣ ਵਾਲੀਆਂ ਕਠਨਾਈਆਂ ਨੂੰ, ਜਾਂ ਬਦੇਸ਼ੀ ਸਭਿਆਚਾਰਕ ਹਮਲਿਆਂ ਨੂੰ ਘਟਾ ਕੇ ਦੇਖਦੇ ਹਨ। ਅਜਿਹੇ ਰਵੱਈਏ ਬਹੁਤ ਹੀ ਨੁਕਸਾਨਦੇਹ ਹਨ।

ਸਾਡੀ ਸਮਾਜਵਾਦੀ ਮਾਤਭੂਮੀ ਨੂੰ ਸਾਮਰਾਜਵਾਦ ਅਤੇ ਸਮਾਜਿਕ-ਸਾਮਰਾਜਵਾਦ ਵਲੋਂ ਫੌਜੀ ਹਮਲੇ ਦਾ ਖਤਰਾ ਰਿਹਾ ਹੈ ਅਤੇ ਅਜੇ ਵੀ ਹੈ। ਮਹਾਂ-ਸ਼ਕਤੀਆਂ ਦੀ ਧਾੜਵੀ ਨੀਤੀ ਦਾ ਸਭਤੋਂ ਪਹਿਲਾ ਨਿਸ਼ਾਨਾ ਸਮਾਜਵਾਦ, ਇਨਕਲਾਬ ਤੇ ਲੋਕਾਂ ਦੀ ਆਜ਼ਾਦੀ ਹੈ, ਇਸਦਾ ਨਿਸ਼ਾਨਾਂ ਉਹ ਲੋਕ ਹਨ ਜੋ ਇਸਦੀ ਚੌਧਰ-ਸ਼ਿਪ ਅਤੇ ਪਸਾਰਵਾਦੀ ਨੀਤੀ ਦੇ ਪਾਜ਼ ਖੋਲ੍ਹਦੇ ਹਨ ਅਤੇ ਇਸਦੀ ਵਿਰੋਧਤਾ ਕਰਦੇ

ਹਨ। ਇਸ ਲਈ ਸਮਾਜਵਾਦੀ ਅਲਬਾਨੀਆਂ ਖ਼ਿਲਾਫ ਬਦੇਸ਼ੀ ਫੌਜੀ ਹਮਲੇ ਦਾ ਖ਼ਤਰਾ ਇਕ ਅਸਲੀ ਖ਼ਤਰਾ ਹੈ ਅਤੇ ਇਸਨੂੰ ਨਾ ਹੀ ਘਟਾ ਕੇ ਦੇਖਣਾ ਚਾਹੀਦਾ ਹੈ ਅਤੇ ਨਾ ਹੀ ਵਧਾ ਕੇ ਦੇਖਣਾ ਚਾਹੀਦਾ ਹੈ।

ਤਾਕਤ ਤੋਂ ਸਿਵਾਏ, ਸਾਮਰਾਜੀ ਅਤੇ ਸੋਧਵਾਦੀ ਦੁਸ਼ਮਣ, ਸਮਾਜਵਾਦੀ ਢਾਂਚੇ ਦੀ ਅਮਨਪੂਰਨ ਗਿਰਾਵਟ ਦੇ ਢੰਗ ਵੀ ਵਰਤਦੇ ਹਨ। ਉਹ ਵਿਚਾਰਧਾਰਕ ਹਮਲੇ ਨੂੰ ਖਾਸ ਮਹੱਤਵ ਦਿੰਦੇ ਹਨ ਜੋ ਸੋਵੀਅਤ ਯੂਨੀਅਨ ਅਤੇ ਹੋਰ ਸਾਬਕਾ ਸਮਾਜਵਾਦੀ ਦੇਸ਼ਾਂ ਵਿਚ ਉਨ੍ਹਾਂ ਵਾਸਤੇ ਬੜਾ ਲਾਹੇਵੰਦ ਸਾਬਤ ਹੋਇਆ

ਸਾਮਰਾਜੀ-ਸੋਧਵਾਦੀ ਘੇਰਾਓ ਆਰਥਿਕਤਾ ਦੇ ਖੇਤਰ ਵਿਚ ਵੀ ਪੂਰੀ ਵਾਹ ਲਾ ਰਿਹਾ ਹੈ। ਵਹਿਸ਼ੀ ਆਰਥਿਕ ਨਾਕਾਬੰਦੀ, ਵਪਾਰਿਕ ਰਿਸ਼ਤਿਆਂ ਵਿਚ ਵਿਤਕਰਾ, ਅਤੇ ਪੈਦਾਵਾਰ ਦੇ ਵਿਕਾਸ ਨੂੰ ਰੋਕਣ ਦੀਆਂ ਕੋਸ਼ਿਸ਼ਾਂ, ਦੁਸ਼ਮਣਾਂ ਦੇ ਅਜੇਹੇ ਹਥਿਆਰ ਹਨ ਜਿਨ੍ਹਾਂ ਰਾਹੀਂ ਉਹ ਸਮਾਜਵਾਦ ਦੀ ਉਸਾਰੀ ਨੂੰ ਭੰਗ ਕਰਨ ਅਤੇ ਦੇਸ਼ ਦੀ ਆਰਥਿਕ ਅਤੇ ਰਾਜਸੀ ਆਜ਼ਾਦੀ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਹਨ।

ਬਾਹਰੀ ਦੁਸ਼ਮਣਾਂ ਦਾ ਨਿਸ਼ਾਨਾ ਹੈ ਸਾਡੇ ਅੰਦਰੂਨੀ ਮੁਹਾਜ਼ ਵਿਚ ਗੜਬੜ ਪੈਦਾ ਕਰਨਾ, ਅਤੇ ਸਾਡੇ ਦੇਸ਼ ਦੇ ਅੰਦਰ ਸਮਾਜਵਾਦ-ਵਿਰੋਧੀ ਤੇ ਉਲਟ-ਇਨਕਲਾਬੀ ਅੰਸ਼ਰਾਂ ਨੂੰ ਸ਼ਹਿ ਅਤੇ ਮੱਦਦ ਦੇਣਾ। ਇਸ ਕਰਕੇ, ਸਾਨੂੰ ਲਾਜ਼ਮੀ ਹੀ ਆਪਣੇ ਅੰਦਰੂਨੀ ਮੁਹਾਜ਼ ਨੂੰ ਸਭ ਪੱਖਾਂ ਤੋਂ, ਰੱਖਿਅਕ ਅਤੇ ਆਰਥਿਕ, ਸਿਆਸੀ ਅਤੇ ਵਿਚਾਰਧਾਰਕ ਦੇ ਖੇਤਰਾਂ ਵਿਚ ਮਜ਼ਬੂਤ ਬਣਾ ਕੇ, ਸਦਾ ਹੀ ਨਿਰੰਤਰ ਜਮਾਤੀ ਘੋਲ ਚਲਾ ਕੇ ਦੁਸ਼ਮਣਾਂ ਦੇ ਸਾਂਝੇ ਫਰੰਟ ਦਾ ਟਾਕਰਾ ਕਰਨਾ ਚਾਹੀਦਾ ਹੈ। ਸਾਨੂੰ ਕਿਸੇ ਵੀ ਕਿਸਮ ਦੀ ਲਾਪ੍ਰਵਾਹੀ ਦੀ ਭਾਵਨਾ ਅਤੇ ਆਪਣੀ ਤਾਕਤ ਨੂੰ ਵਧਾ ਕੇ ਦੇਖਣ ਦੇ ਝੁਕਾਅ, ਸੰਜੀਦਗੀ ਦੀ ਘਾਟ ਜਾਂ ਸਾਮਰਾਜੀ-ਸੋਧਵਾਦੀ ਘੇਰਾਓ ਦੇ ਖ਼ਿਲਾਫ ਘੋਲ ਵਿਚ ਪੂਰੀ ਲਾਮਬੰਦੀ ਦੀ ਘਾਟ ਨੂੰ ਡਟਕੇ ਹਰਾਉਣਾ ਚਾਹੀਦਾ ਹੈ।

ਸਾਡੇ ਲੋਕਾਂ ਨੂੰ ਹਰ ਰੋਜ਼ ਆਪਣੇ ਦੇਸ਼ ਦੀਆਂ ਅੰਦਰੂਨੀ ਅਤੇ ਬਾਹਰੀ ਸਿਆਸੀ ਹਾਲਤਾਂ ਤੋਂ ਵਾਕਿਫ ਹੋਣਾ ਚਾਹੀਦਾ ਹੈ, ਹਮੇਸ਼ਾ ਹੀ ਆਪਣੇ ਕੰਮਾਂ ਨੂੰ ਇਨ੍ਹਾਂ ਹਾਲਤਾਂ ਦੇ ਨਜ਼ਰੀਏ ਤੋਂ ਦੇਖਣਾ ਚਾਹੀਦਾ ਹੈ, ਆਪਾ-ਵਾਰੂ ਅਤੇ ਕੁਰਬਾਨੀ ਦੀ ਭਾਵਨਾ ਨਾਲ ਕੰਮ ਕਰਨਾ ਚਾਹੀਦਾ ਹੈ, ਦੁਸ਼ਮਣਾਂ ਦੀਆਂ ਸਭ ਕੋਸ਼ਿਸ਼ਾਂ ਅਤੇ ਦਬ-ਦਬਿਆਂ ਦੇ ਖ਼ਿਲਾਫ ਸਦਾ ਤਿਆਰ-ਬਰ-ਤਿਆਰ, ਚੌਕਸ ਅਤੇ ਦ੍ਰਿੜ ਰਹਿਣਾ

ਚਾਹੀਦਾ ਹੈ। ਸਾਮਰਾਜੀ-ਸੋਧਵਾਦੀ ਘੇਰਾਓ ਦੇ ਖਿਲਾਫ ਘੋਲ ਕੋਈ ਇੱਕਾ-ਦੁੱਕਾ ਲੜਾਈ ਨਹੀਂ; ਬਲਕਿ ਇੱਕ ਨਿਰੰਤਰ ਲੜਾਈ ਹੈ ਜੋ ਹਰ ਰੋਜ਼ ਚਲਾਉਣੀ ਲਾਜ਼ਮੀ ਹੈ।

ਸਾਡੀ ਪਾਰਟੀ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਹੈ ਕਿ ਵਿਚਾਰਧਾਰਾ ਦੇ ਮੋਰਚੇ ਉਤੇ ਘੋਲ, ਜਮਾਤੀ ਘੋਲ ਦੇ ਮੁੱਖ ਪਹਿਲੂਆਂ ਵਿਚੋਂ ਇੱਕ ਹੈ। ਇਹ ਇੱਕ ਤਿੱਖਾ ਘੋਲ ਹੈ ਜੋ ਕਿ ਇੱਕ ਵਿਸ਼ਾਲ ਮੁਹਾਜ਼ ਉਤੇ ਸਭ ਦੁਸ਼ਮਣ ਵਿਚਾਰਧਾਰਾਵਾਂ ਪੁਰਾਣੀਆਂ ਅਤੇ ਨਵੀਆਂ, ਜੋ ਅਜੇ ਤਕ ਜੀਊਂਦੀਆਂ ਹਨ, ਜਿਨ੍ਹਾਂ ਨੂੰ ਅੰਦਰੂਨੀ ਅਤੇ ਬਾਹਰੀ ਬੁਰਜੂਆ ਦਬ-ਦਖਾ ਸ਼ਹਿ ਅਤੇ ਹੱਲਾਸ਼ੇਰੀ ਦਿੰਦਾ ਹੈ, ਦੇ ਖਿਲਾਫ ਚਲਾਇਆ ਜਾਂਦਾ ਹੈ। ਇਹ ਘੋਲ ਦਾ ਇੱਕ ਮੁੱਖ ਮੋਰਚਾ ਹੈ, ਅਤੇ ਬਹੁਤ ਹੀ ਮਹੱਤਵਪੂਰਨ ਅਤੇ ਗੁੰਝਲਦਾਰ ਹੈ, ਜਿਸ ਵੱਲ ਪਾਰਟੀ ਨੂੰ ਲਗਾਤਾਰ ਤਵੱਜੋ ਦੇਣੀ ਚਾਹੀਦੀ ਹੈ।

ਇਸ ਖੇਤਰ ਵਿਚ ਹਾਸਲ ਕੀਤੀਆਂ ਗਈਆਂ ਸਫਲਤਾਵਾਂ ਪਾਰਟੀ ਤੇ ਲੋਕਾਂ ਦੀਆਂ ਮੁੱਖ ਜਿੱਤਾਂ ਵਿਚੋਂ ਇੱਕ ਹਨ। ਨੀਮ-ਬੁਰਜੂਆ ਰੁਹਾਨੀਅਤ ਅਤੇ ਰਵੱਈਏ, ਪਛੜੇ ਹੋਏ ਰੀਤ-ਰਿਵਾਜ਼ਾਂ ਅਤੇ ਧਾਰਮਿਕ ਕਰੁੱਚੀਆਂ, ਬੁਰਜੂਆ-ਸੋਧਵਾਦੀ ਸੋਚ-ਣੀਆਂ ਦੇ ਅਸਰ ਉਤੇ ਕਰਾਰੀਆਂ ਅਤੇ ਤਬਾਹਕੁੰਨ ਸੱਟਾਂ ਮਾਰੀਆਂ ਗਈਆਂ ਹਨ। ਇਸ ਕੰਮ ਦਾ ਮਕਸਦ ਹੈ ਇਹ ਯਕੀਨੀ ਬਣਾਉਣਾ ਕਿ ਸਾਡੇ ਲੋਕ ਸਦਾ ਇਨ-ਕਲਾਬ ਵਿਚ ਜੁੱਟੇ ਰਹਿਣ, ਇੱਕ ਪਲ ਵਾਸਤੇ ਵੀ ਇਸਤੋਂ ਮੂੰਹ ਨਾ ਮੋੜਨ, ਅਤੇ ਉਨ੍ਹਾਂ ਨੂੰ ਜਿੰਦਗੀ-ਭਰ ਪਾਰਟੀ ਦੇ ਸਮਾਜਵਾਦ ਅਤੇ ਕਮਿਊਨਿਜ਼ਮ ਦੇ ਮਹਾਨ ਕਾਰਜ਼ ਵਾਸਤੇ ਘੋਲ ਅਤੇ ਕੰਮ ਕਰਨ ਲਈ ਉਤਸ਼ਾਹ ਦੇਣਾ। ਸਿਆਸੀ ਚੇਤੰਨਤਾ ਦਾ ਉਚਾ ਪੱਧਰ, ਕੰਮ ਵਿਚ ਬਹਾਦਰੀ, ਜਿੰਮੇਵਾਰੀ ਦਾ ਅਹਿਸਾਸ ਅਤੇ ਕੁਰ-ਬਾਨੀ ਦੀ ਭਾਵਨਾ, ਸਾਡੇ ਮਿਹਨਤਕਸ਼ ਲੋਕਾਂ ਦੀਆਂ ਖਾਸੀਅਤਾਂ ਹਨ। ਇਹ ਮਾਰਕਸਵਾਦ-ਲੈਨਿਨਵਾਦ ਅਤੇ ਸਮਾਜਵਾਦ ਦੀ ਅਜਿੱਤ ਤਾਕਤ ਅਤੇ ਪਾਰਟੀ ਦੀ ਲਾਈਨ ਦੇ ਸਹੀਪਣ ਦੀ ਗਵਾਹੀ ਹੈ।

ਪਰ ਇਸ ਇਨਕਲਾਬੀ ਸਚਾਈ ਨੂੰ ਦੇਖਕੇ, ਸਾਨੂੰ ਵਿਚਾਰਧਾਰਾ ਦੇ ਮੋਰਚੇ ਉਤੇ ਆਪਣੇ ਘੋਲ ਨੂੰ ਢਿੱਲਾ ਨਹੀਂ ਪਾਉਣਾ ਚਾਹੀਦਾ, ਕਿਉਂਕਿ ਅੱਜਵੀ, ਮਸਲਾ ਉਵੇਂ ਹੀ ਹੈ ਜਿਵੇਂ ਲੈਨਿਨ ਨੇ ਕਈ ਦਹਾਕੇ ਪਹਿਲਾਂ ਪੇਸ਼ ਕੀਤਾ ਸੀ:

> "...ਜਾਂ ਬੁਰਜੂਆ ਵਿਚਾਰਧਾਰਾ, ਜਾਂ ਸਮਾਜਵਾਦੀ ਵਿਚਾਰਧਾਰਾ। ਵਿਚ-ਵਚਾਲੇ ਦਾ ਰਾਹ ਕੋਈ ਨਹੀਂ ਹੈ...। ਇਸ ਲਈ, ਸਮਾਜਵਾਦੀ

ਵਿਚਾਰਧਾਰਾ ਨੂੰ ਕਿਸੇ ਵੀ ਤਰ੍ਹਾਂ ਤੁੱਛ ਸਮਝਣ, ਜਾਂ ਇਸ ਤੋਂ ਥੋੜ੍ਹਾ ਜਿਹਾ ਵੀ ਮੂੰਹ ਮੋੜਨ ਦਾ ਮਤਲਬ ਹੈ ਬੁਰਜੂਆ ਵਿਚਾਰਧਾਰਾ ਨੂੰ ਮਜਬੂਤ ਕਰਨਾ।"*

ਲੋਕਾਂ ਅਤੇ ਪਾਰਟੀ ਦੀਆਂ ਸਫਾਂ ਵਿਚ ਵਿਚਾਰਧਾਰਾ ਦੇ ਮੋਰਚੇ ਉਤੇ ਜਮਾਤੀ ਘੋਲ ਚਲਾਉਣ ਦਾ ਮਤਲਬ ਹੈ ਕਿ ਕੁੱਝ ਲੋਕ, ਮਾਰੂ ਕਰੁੱਚੀਆਂ ਦੇ ਦੁਸ਼ਮਣਾਨਾ ਖਾਸੇ ਨੂੰ ਸਮਝਣ ਵਿਚ ਅਸਫਲ ਰਹਿੰਦੇ ਹਨ। ਕੁੱਝ ਲੋਕ ਇਸ ਘੋਲ ਦੀ ਮਹੱਤਤਾ ਨੂੰ ਘਟਾਕੇ ਦੇਖਦੇ ਹਨ, ਉਹ ਇਹ ਸੋਚਦੇ ਹਨ ਕਿ ਪੁਰਾਣੀਆਂ ਵਿਚਾਰਧਾਰਾਵਾਂ ਦੀ ਰਹਿੰਦ-ਖਹੂੰਦ ਤੋਂ ਸੰਭਾਵੀ ਖਤਰਾ ਹੈ ਨਾ ਕਿ ਅਸਲੀ ਖਤਰਾ। ਉਹ ਇਹ ਭੁੱਲ ਜਾਂਦੇ ਹਨ ਕਿ ਇਹ ਰਹਿੰਦ-ਖਹੂੰਦ ਸਿਰਫ ਇੱਕ ਭੈੜੀ ਸ਼ੈ ਹੀ ਨਹੀਂ ਹੈ, ਭਾਵੇਂ ਕਿ ਇਸਦਾ ਅਸਰ ਲੋਕਾਂ ਦੀ ਸੋਚਣੀ ਵਿਚ ਬਹੁਤ ਹੀ ਕਮਜ਼ੋਰ ਹੈ, ਬਲਕਿ ਇਹ ਸਮਾਜਵਾਦੀ-ਵਿਰੋਧੀ ਰਵੱਈਏ ਅਤੇ ਕੰਮਾਂ ਦਾ ਸੋਮਾ ਵੀ ਹੈ, ਜਿਵੇਂ ਕਿ ਸਮਾਜਵਾਦੀ ਜਾਇਦਾਦ ਦੀ ਚੋਰੀ ਅਤੇ ਉਸਨੂੰ ਨੁਕਸਾਨ ਪਹੁੰਚਾਉਣਾ, ਕੰਮ ਵਿਚ ਪ੍ਰੋਲਤਾਰੀ ਡਸਿਪਲਿਨ ਦੀ ਅਵੱਗਿਆ, ਅਹਿਸਾਨ ਅਤੇ ਲਿਹਾਜ਼ਦਾਰੀ, ਨੌਕਰਸ਼ਾਹ ਅਤੇ ਉਦਾਰਵਾਦੀ ਅਤੇ ਟੱਬਰਦਾਰੀ ਅਤੇ ਪੁਰਾਤਨ ਰਵੱਈਏ ਆਦਿ। ਇਹ ਸੱਭ ਗੱਲਾਂ, ਭਾਵੇਂ ਇਹ ਦੁਸ਼ਮਣਾਂ ਵਲੋਂ ਜਾਂ ਉਨ੍ਹਾਂ ਦੇ ਅਸਰ ਹੇਠ ਨਾ ਵੀ ਕੀਤੀਆਂ ਗਈਆਂ ਹੋਣ, ਫਿਰ ਵੀ ਉਤਨੀਆਂ ਹੀ ਖਤਰਨਾਕ ਹਨ ਅਤੇ ਸਮਾਜਵਾਦ ਦੀ ਉਸਾਰੀ ਦੇ ਰਾਹ ਵਿਚ ਗੰਭੀਰ ਅੜਚਣ ਬਣਦੀਆਂ ਹਨ। ਦੁਸ਼ਮਣ ਵਿਚਾਰਧਾਰਾਵਾਂ ਦੀ ਰਹਿੰਦ-ਖਹੂੰਦ, ਨੀਮ-ਬੁਰਜੂਆ ਸੋਚਣੀ, ਨਿੱਜੀ ਜਾਇਦਾਦ ਦੇ ਨਾਲ ਲਗਾਓ ਅਤੇ ਸਵੈ-ਹਿੱਤਾਂ ਨੂੰ ਲੋਕਾਂ ਦੇ ਹਿੱਤਾਂ ਤੋਂ ਉਪਰ ਰੱਖਣਾ, ਅਜੇਹੀਆਂ ਜਗ੍ਹਾਵਾਂ ਹਨ ਜਿੱਥੇ ਬੁਰਜੂਆ ਗਿਰਾਵਟ, ਸੋਧਵਾਦੀ ਅਤੇ ਗੋਡੇ-ਟੇਕੂ ਧਾਰਨਾਵਾਂ ਉਪਜਦੀਆਂ ਅਤੇ ਪ੍ਰਫੁੱਲਤ ਹੁੰਦੀਆਂ ਹਨ। ਇਸ ਲਈ ਵਿਚਾਰਧਾਰਾ ਦੇ ਮੋਰਚੇ ਉਤੇ ਘੋਲ ਕੋਈ ਵਕਤੀ ਮੁਹਿੰਮ ਨਹੀਂ ਹੈ, ਬਲਕਿ ਇਹ ਪ੍ਰੋਲਤਾਰੀ ਵਿਚਾਰਧਾਰਾ ਅਤੇ ਆਚਰਣ ਦੀ ਜਿੱਤ ਵਾਸਤੇ, ਸਮਾਜਵਾਦ ਅਤੇ ਕਮਿਊਨਿਜ਼ਮ ਦੀ ਜਿੱਤ ਵਾਸਤੇ ਇੱਕ ਲਗਾਤਾਰ ਘੋਲ ਹੈ।

ਇਨਕਲਾਬ ਅਤੇ ਸਮਾਜਵਾਦੀ ਉਸਾਰੀ ਦਾ ਸਾਡਾ ਤਜਰਬਾ ਸਾਨੂੰ ਸਿਖਾਂਉਂਦਾ ਹੈ ਕਿ ਕੋਈ ਵੀ ਜਮਾਤੀ ਘੋਲ ਨੇਪਰੇ ਨਹੀਂ ਚੜ੍ਹ ਸਕਦਾ ਜਿੰਨਾ ਚਿਰ ਇਹ ਸੱਭ ਮੁੱਖ ਦਿਸ਼ਾਵਾਂ, ਸਿਆਸੀ, ਆਰਥਿਕ ਅਤੇ ਵਿਚਾਰਧਾਰਾ, ਵਿਚ ਨਹੀਂ ਚਲਾ-

---

*ਵੀ. ਆਈ. ਲੈਨਿਨ, "ਸਮੂਹਕ ਰਚਨਾਵਾਂ", ਜਿਲਦ 5, ਸਫਾ 452-453, (ਅਲਬਾਨੀਅਨ ਐਡੀਸ਼ਨ)

ਇਆ ਜਾਂਦਾ। ਜਮਾਤੀ ਘੋਲ ਦੀਆਂ ਇਹ ਤਿੰਨ ਸ਼ਕਲਾਂ ਇੱਕ-ਦੂਜੀ ਨਾਲ ਪੂਰੀ ਤਰ੍ਹਾਂ ਬੱਝੀਆਂ ਹੋਈਆਂ ਹਨ। ਕਿਸੇ ਖਾਸ ਮੌਕੇ ਤੇ ਜਮਾਤੀ ਘੋਲ ਦੀ ਇੱਕ ਜਾਂ ਦੂਸਰੀ ਸ਼ਕਲ ਮਹੱਤਵਪੂਰਣ ਹੋ ਸਕਦੀ ਹੈ, ਪਰ ਹਰ ਕੇਸ ਵਿਚ ਇਹ ਸਾਰੇ ਮੁਹਾਜ਼ਾਂ ਤੇ ਚਲਾਉਣਾ ਚਾਹੀਦਾ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਦੁਸ਼ਮਣ ਵੀ ਆਪਣਾ ਘੋਲ ਸਭ ਦਿਸ਼ਾਵਾਂ, ਸਿਆਸੀ, ਆਰਥਿਕ ਅਤੇ ਵਿਚਾਰ-ਧਾਰਕ, ਮੁਹਾਜ਼ਾਂ ਤੇ ਚਲਾਉਂਦਾ ਹੈ। ਬੀਤੇ ਸਾਲਾਂ ਦੇ ਤਜਰਬੇ ਨੇ ਇਹ ਪੂਰੀ ਤਰ੍ਹਾਂ ਸਾਬਿਤ ਕਰ ਦਿੱਤਾ ਹੈ।

ਇੱਕ ਜਾਂ ਦੂਜੇ ਪੱਖ ਦੀ ਅਹਿਮੀਅਤ ਨੂੰ ਘਟਾ ਕੇ ਦੇਖਣ ਦੇ ਖਤਰਨਾਕ ਨਤੀਜੇ ਨਿਕਲਦੇ ਹਨ। ਇਸ ਨਾਲ ਵੱਖ ਵੱਖ ਤੋੜ-ਮਰੋੜਾਂ ਉਪਜਦੀਆਂ ਹਨ, ਅਤੇ ਸਮੁੱਚੇ ਤੌਰ ਤੇ ਜਮਾਤੀ ਘੋਲ ਕਮਜ਼ੋਰ ਹੁੰਦਾ ਹੈ। ਅਮਲ ਵਿਚ ਪ੍ਰੋਲਤਾਰੀ ਦੀ ਡਿਕਟੇਟ-ਰਸ਼ਿਪ ਨੂੰ ਮਜਬੂਤ ਕਰਨ, ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਯਕੀਨੀ ਬਣਾਉਣ ਅਤੇ ਮਾਤਭੂਮੀ ਦੀ ਰਾਖੀ ਵਾਸਤੇ ਘੋਲ ਤੋਂ ਬਾਹਰ ਕਿਸੇ ਵੀ ਮੁਹਾਜ਼ ਤੇ ਕੋਈ ਜਮਾਤੀ ਘੋਲ ਨਹੀਂ ਹੈ ਅਤੇ ਨਾ ਹੀ ਹੋ ਸਕਦਾ ਹੈ। ਆਰਥਿਕ ਸਕੀਮਾਂ ਨੂੰ ਅਤੇ ਸਮਾਜਿਕ ਸਰਗਰਮੀ ਦੇ ਸਭ ਖੇਤਰਾਂ ਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਦੇ ਯਤਨਾਂ ਜਾਂ ਪ੍ਰੋਲਤਾਰੀ ਵਿਚਾਰਧਾਰਾ ਦੇ ਪਸਾਰੇ ਵਾਸਤੇ ਘੋਲ ਤੋਂ ਪਰ੍ਹੇ ਜਮਾਤੀ ਘੋਲ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਜਮਾਤੀ ਦੁਸ਼ਮਣ, ਲੋਕਾਂ ਦੀ ਚੌਕਸੀ ਨੂੰ ਨਿਕਾਰਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਇਹ ਜਮਾਤੀ ਘੋਲ ਦੇ ਵਿਕਾਸ ਵਿਚ ਚੁੱਪ ਅਤੇ ਢਿੱਲ ਦੇ ਦੌਰ ਦੀ ਉਡੀਕ ਕਰਦਾ ਹੈ ਤਾਂ ਕਿ ਇਹ ਆਪਣੀਆਂ ਤਾਕਤਾਂ ਇੱਕਠੀਆਂ ਕਰਕੇ ਅਚਾਨਕ ਸੱਟ ਮਾਰ ਸਕੇ। ਪਾਰਟੀ ਜਥੇਬੰਦੀਆਂ, ਮਜਦੂਰ ਜਮਾਤ ਦੀ ਅਗਵਾਈ ਹੇਠ ਸਭ ਮਿਹ-ਨਤਕਸ਼ ਲੋਕਾਂ ਦਾ ਇਹ ਫਰਜ਼ ਹੈ ਕਿ ਉਹ ਦੁਸ਼ਮਣ ਲਈ ਲਾਹੇਵੰਦ ਅਜਿਹੀਆਂ ਸਥਿੱਤੀਆਂ ਪੈਦਾ ਹੋਣ ਤੋਂ ਰੋਕਣ, ਹਮੇਸ਼ਾ ਚੌਕਸ ਰਹਿਣ, ਜਮਾਤੀ ਘੋਲ ਦੀ ਧਾਰ ਨੂੰ ਹਮੇਸ਼ਾ ਤਿੱਖੀ ਰੱਖਣ, ਅਤੇ ਦੁਸ਼ਮਣਾਂ ਅਤੇ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਦੇ ਨਾਲ ਕੋਈ ਵੀ ਸਮਝੌਤਾ ਨਾ ਕਰਨ।

ਸਾਡੀ ਪਾਰਟੀ ਨੇ ਹਮੇਸ਼ਾ ਹੀ ਜਮਾਤੀ ਘੋਲ ਸਹੀ ਤੌਰ ਤੇ, ਮਾਰਕਸਵਾਦ-ਲੈਨਿਨਵਾਦ ਦੀਆਂ ਸਿੱਖਿਆਵਾਂ ਦੇ ਅਨੁਸਾਰ ਚਲਾਇਆ ਹੈ। ਇਸ ਸਵਾਲ ਦੀ ਵਿਸ਼ੇਸ਼ ਮਹੱਤਤਾ ਰਹੀ ਹੈ ਅਤੇ ਅੱਜ ਵੀ ਹੈ, ਕਿਉਂਕਿ ਜਮਾਤੀ ਘੋਲ ਚਲਾਉਣ ਵਿਚ ਜ਼ਰਾ ਜਿੰਨਾ ਵੀ ਥਿੜਕਣ ਨਾਲ ਪਾਰਟੀ ਅਤੇ ਲੋਕਾਂ ਦੀ ਸਰਗਰਮੀ ਨੂੰ

ਗੰਭੀਰ ਸਿੱਟਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ, ਬਿਨਾਂ ਮੌਕਾ-ਪ੍ਰਸਤੀ ਜਾਂ ਇੱਕ-ਪਾਸੜਪੁਣੇ ਵਿਚ ਫਸਣ ਤੋਂ, ਹਰ ਵਕਤ ਇੱਕ ਅਸੂਲੀ ਸਟੈਂਡ ਤੇ ਡਟੇ ਰਹਿਣ ਦੀ ਲੋੜ ਹੈ। ਜੀਵਨ ਵਿਚ, ਇਨ੍ਹਾਂ ਦੋਨਾਂ ਚੀਜ਼ਾਂ ਦਾ ਮੁਕਾਬਲਾ ਕਰਨਾ ਪੈਂਦਾ ਹੈ।

ਜਿਨ੍ਹਾਂ ਖੇਤਰਾਂ ਵਿਚ ਵੱਖ ਵੱਖ ਦੁਸ਼ਮਣ ਗਰੁੱਪਾਂ ਨੇ ਆਪਣੀਆਂ ਸਰਗਰਮੀਆਂ ਚਲਾਈਆਂ ਉਨ੍ਹਾਂ ਖੇਤਰਾਂ ਵਿਚ ਪਾਰਟੀ ਜਥੇਬੰਦੀਆਂ ਅਤੇ ਕੇਡਰਾਂ ਦੇ ਸੁਸਤ ਅਤੇ ਗੈਰ-ਖਾੜਕੂ ਸਟੈਂਡ ਮੌਕਾਪ੍ਰਸਤ ਸਨ। ਦੁਸ਼ਮਣਾਂ ਨੇ ਪਾਰਟੀ ਦੀ ਲਾਈਨ, ਹਦਾਇਤਾਂ ਅਤੇ ਉਦੇਸ਼ਾਂ ਦੀ ਉਲੰਘਣਾ ਕੀਤੀ, ਕਮੀਨੀਆਂ ਹਰਕਤਾਂ ਕੀਤੀਆਂ, ਪਰ ਇਨ੍ਹਾਂ ਜਥੇਬੰਦੀਆਂ ਅਤੇ ਕੇਡਰਾਂ ਨੇ ਉਨ੍ਹਾਂ ਦੀਆਂ ਭੈੜੀਆਂ ਹਰਕਤਾਂ ਦੇ ਖਿਲਾਫ ਡਟਕੇ ਸਟੈਂਡ ਨਹੀਂ ਲਿਆ। ਜਮਾਤੀ ਦੁਸ਼ਮਣਾਂ ਵੱਲ "ਨਰਮ-ਦਿਲੀ", ਬੁਰਜੂਆ ਰੁਹਾਨੀਅਤ, ਮੌਕਾਪ੍ਰਸਤੀ ਹੈ ਜੋ ਕੁੱਝ ਕੇਸਾਂ ਵਿਚ ਦੇਖਣ ਵਿਚ ਆਈ ਹੈ।

ਕਠੋਰ ਅਤੇ ਇੱਕ-ਪਾਸੜ ਰਵੱਈਏ ਵੀ ਪਾਰਟੀ ਦੀ ਲਾਈਨ ਨੂੰ ਨੁਕਸਾਨ ਪਹੁੰਚਾਉਂਦੇ ਹਨ। ਤਾਜ਼ਾ ਸਮੇਂ ਵਿਚ ਅਜੇਹੇ ਰਵੱਈਏ ਕੁੱਝ ਕਮਿਊਨਿਸਟਾਂ ਤੇ ਕੇਡਰਾਂ ਵਿਚ ਦੇਖਣ ਵਿਚ ਆਏ ਹਨ ਜਿਨ੍ਹਾਂ ਨੇ ਅਜੇਹੇ ਅੰਸਰਾਂ ਉਤੇ ਛੋਟੀਆਂ ਛੋਟੀਆਂ ਗੱਲਾਂ ਤੇ ਵੀ ਸ਼ੱਕ ਕਰਨਾ ਸ਼ੁਰੂ ਕਰ ਦਿੱਤਾ, ਜਿਨ੍ਹਾਂ ਅੰਸਰਾਂ ਨੂੰ ਉਦਾਰਵਾਦੀ, ਮੌਕਾਪ੍ਰਸਤ ਅਤੇ ਦੁਸ਼ਮਣਾਨਾ ਭਾਵਨਾ ਰੱਖਣ ਕਰਕੇ ਪਾਰਟੀ ਨੇ ਨੰਗਿਆਂ ਅਤੇ ਨਖਿਧ ਕੀਤਾ ਸੀ। ਕੁੱਝ ਲੋਕਾਂ ਵਿਚ ਅਜੇਹੇ ਝੁਕਾਅ ਵੀ ਦੇਖਣ ਵਿਚ ਆਏ ਹਨ ਕਿ ਉਹ ਅਜੇਹੇ ਮਸਲਿਆਂ ਵਿਚ ਪ੍ਰਸ਼ਾਸ਼ਕੀ ਢੰਗ ਵਰਤਣ ਲੱਗ ਜਾਂਦੇ ਹਨ ਜਿੱਥੇ ਕਿ ਪ੍ਰੇਰਣਾ ਅਤੇ ਸਿਖਲਾਈ ਦੀ ਵਰਤੋਂ ਕਰਨੀ ਚਾਹੀਦੀ ਹੈ, ਇਹ ਵੀ ਇੱਕ-ਪਾਸੜਪਣ ਹੈ। ਇੱਕ-ਪਾਸੜ ਝੁਕਾਵਾਂ ਵਾਲੇ ਅੰਸਰ ਆਪਣੇ ਆਪਨੂੰ "ਦ੍ਰਿੜ ਅਤੇ ਅਸੂਲੀ ਇਨਕਲਾਬੀਆਂ" ਦੇ ਤੌਰ ਤੇ ਪੇਸ਼ ਕਰਦੇ ਹਨ। ਪਰ ਦਰਅਸਲ ਉਹ ਮੌਕਾਪ੍ਰਸਤ ਹਨ ਅਤੇ ਅਜੇਹੀ ਗੱਲਬਾਤ ਸਿਰਫ "ਆਪਣੇ ਬਚਾਓ" ਲਈ ਹੀ ਕਰਦੇ ਹਨ।

ਇਹ ਮੌਕਾਪ੍ਰਸਤ ਦੁਚਿੱਤੀਆਂ, ਸਾਡੇ ਸਮਾਜ ਵਿਚ ਦੋ ਕਿਸਮ ਦੀਆਂ ਵਿਰੋਧਤਾਈਆਂ ਦੀ ਸਹੀ ਸੂਝ ਦੀ ਘਾਟ, ਦੁਸ਼ਮਣਾਨਾ ਵਿਰੋਧਤਾਈਆਂ ਨੂੰ ਗੈਰ-ਦੁਸ਼ਮਣਾਨਾ ਵਿਰੋਧਤਾਈਆਂ ਨਾਲ ਜੋੜਨ ਤੋਂ, ਪੈਦਾ ਹੁੰਦੀਆਂ ਹਨ। ਪਾਰਟੀ ਨੂੰ ਇਹ ਮਸਲੇ ਪੂਰੀ ਤਰ੍ਹਾਂ ਸਾਫ ਕਰਨੇ ਚਾਹੀਦੇ ਹਨ ਅਤੇ ਇਹ ਸਮਝਾਣਾ ਚਾਹੀਦਾ ਹੈ ਕਿ ਮੌਕਾਪ੍ਰਸਤੀ ਦਾ ਮੁਕਾਬਲਾ ਉਤਨਾ ਚਿਰ ਸਫਲਤਾਪੂਰਬਕ ਨਹੀਂ ਕੀਤਾ ਜਾ ਸਕਦਾ ਜਿੰਨਾ ਚਿਰ ਇੱਕ-ਪਾਸੜਪੁਣੇ ਦੇ ਖਿਲਾਫ ਵੀ ਨਾਲੋ ਨਾਲ ਘੋਲ

ਨਹੀਂ ਕੀਤਾ ਜਾਂਦਾ। ਦੂਜੇ ਪਾਸੇ, ਜਮਾਤੀ ਘੋਲ ਨਾਂ ਹੀ ਤਾਂ ਲੁਕਵੇਂ ਤੌਰ ਤੇ ਚਲਾਉਣਾ ਚਾਹੀਦਾ ਹੈ ਅਤੇ ਨਾ ਹੀ ਸਿਰਫ ਉਤਾਂਹ ਤੋਂ ਹੀ ਚਲਾਉਣਾ ਚਾਹੀਦਾ ਹੈ, ਬਲਕਿ ਲੋਕਾਂ ਨਾਲ ਮਿਲਕੇ, ਉਨ੍ਹਾਂ ਦੀ ਵੱਧ ਤੋਂ ਵੱਧ ਅਤੇ ਸਰਗਰਮ ਸ਼ਮੂਲੀਅਤ ਨਾਲ ਚਲਾਉਣਾ ਚਾਹੀਦਾ ਹੈ। ਇਸ ਤਰ੍ਹਾਂ ਮਿਹਨਤਕਸ਼ ਲੋਕਾਂ ਨੂੰ ਇਨਕਲਾਬੀ ਸਿਖਲਾਈ ਮਿਲਦੀ ਹੈ, ਪਾਰਟੀ ਅਤੇ ਲੋਕਾਂ ਵਿਚਕਾਰ ਏਕਤਾ ਮਜ਼ਬੂਤ ਅਤੇ ਨਿੱਗਰ ਬਣਦੀ ਹੈ।

ਪਾਰਟੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਨੌਕਰਸ਼ਾਹੀ ਅਤੇ ਉਦਾਰਵਾਦ ਦੇ ਖਿਲਾਫ ਘੋਲ, ਜਮਾਤੀ ਘੋਲ ਦਾ ਇੱਕ ਬਹੁਤ ਹੀ ਅਹਿਮ ਪੱਖ ਹੈ। ਨੌਕਰਸ਼ਾਹੀ ਅਤੇ ਉਦਾਰਵਾਦ, ਦੋਨੋਂ ਹੀ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਅਤੇ ਸਮਾਜਵਾਦ ਦੇ ਖਤਰਨਾਕ ਦੁਸ਼ਮਣ ਹਨ। ਪਾਰਟੀ ਨੇ ਇਨ੍ਹਾਂ ਦੋਨਾਂ ਢਾਹੂ ਰੁੱਚੀਆਂ ਦੇ ਖਿਲਾਫ ਨਿਰੰਤਰ ਕੰਮ ਕੀਤਾ ਹੈ ਅਤੇ ਕਈ ਇੱਕ ਠੋਸ ਕਦਮ ਚੁੱਕੇ ਹਨ, ਜਿਵੇਂ ਕਿ ਰਾਜਸੱਤਾ ਨੂੰ ਲੋਕਾਂ ਦੇ ਨਜ਼ਦੀਕ ਲਿਆਉਣਾ ਅਤੇ ਪ੍ਰਸ਼ਾਸ਼ਕੀ ਢਾਂਚੇ ਨੂੰ ਘਟਾਉਣਾ, ਸਰਕਾਰ ਦੇ ਕੰਮ ਵਿਚ ਲੋਕਾਂ ਦੀ ਵਧੇਰੇ ਸਰਗਰਮ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ, ਸਿੱਧੇ ਮਜ਼ਦੂਰ ਅਤੇ ਕਿਸਾਨ ਕੰਟਰੋਲ ਨੂੰ ਮਜ਼ਬੂਤ ਕਰਨਾ, ਫੌਜ ਵਿਚੋਂ ਨੌਕਰਸ਼ਾਹੀ ਦੀਆਂ ਜੜ੍ਹਾਂ ਪੁੱਟਣੀਆਂ ਅਤੇ ਜੀਵਨ ਨੂੰ ਜਮਹੂਰੀ ਬਣਾਉਣਾ, ਦੁਸ਼ਮਣ ਵਿਚਾਰਧਾਰਾ ਦੀ ਘੁਸਪੈਠ ਦੇ ਸਾਰੇ ਰਾਹ ਬੰਦ ਕਰਨਾ, ਅਤੇ ਸਕੂਲ, ਸਾਹਿੱਤ, ਅਤੇ ਕਲਾ ਦਾ ਇਨਕਲਾਬੀਕਰਣ ਕਰਨਾ।

ਪਰ ਇਨ੍ਹਾਂ ਸਭ ਜਿੱਤਾਂ ਅਤੇ ਨੌਕਰਸ਼ਾਹੀ ਅਤੇ ਉਦਾਰਵਾਦ ਉਤੇ ਮਾਰੀਆਂ ਕਰਾਰੀਆਂ ਸੱਟਾਂ ਦੇ ਬਾਵਜੂਦ ਵੀ, ਪਾਰਟੀ, ਇਨ੍ਹਾਂ ਦੇ ਖਿਲਾਫ ਘੋਲ ਨੂੰ ਇਸ ਤਰ੍ਹਾਂ ਨਹੀਂ ਸਮਝਦੀ ਕਿ ਇਹ ਮੁੱਕ ਗਿਆ ਹੈ ਅਤੇ ਇਸ ਨੂੰ ਹੋਰ ਚਲਾਉਣ ਦੀ ਲੋੜ ਨਹੀਂ। ਇਨ੍ਹਾਂ ਤੋਂ ਹਮੇਸ਼ਾ ਹੀ ਗੰਭੀਰ ਖਤਰਾ ਰਹਿੰਦਾ ਹੈ, ਅਤੇ ਇਨ੍ਹਾਂ ਦੇ ਖਿਲਾਫ ਲਗਾਤਾਰ ਘੋਲ ਜਾਰੀ ਰੱਖਣਾ ਲਾਜ਼ਮੀ ਹੈ। ਕਿਉਂ ਕਿ ਇਹ ਅਜੇਹੇ ਹਥਿਆਰ ਹਨ ਜਿਨ੍ਹਾਂ ਰਾਹੀਂ ਜਮਾਤੀ ਦੁਸ਼ਮਣ ਸਾਡੀ ਪਾਰਟੀ, ਪ੍ਰੋਲਤਾਰੀ ਸਟੇਟ ਅਤੇ ਸਮਾਜਵਾਦੀ ਜੀਵਨ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਪਾਰਟੀ ਵਲੋਂ ਸੱਭਿਆਚਾਰ, ਆਰਥਿਕਤਾ ਅਤੇ ਫੌਜ ਆਦਿ ਦੇ ਖੇਤਰਾਂ ਵਿਚ ਕੀਤੇ ਨਰੀਖਣ ਨੇ ਦਿਖਾਇਆ ਹੈ ਕਿ ਦੁਸ਼ਮਣ ਅੰਸਰਾਂ ਨੇ ਇੱਕ ਪਾਸੇ ਤਾਂ, ਉਦਾਰਵਾਦ ਅਤੇ ਨੌਕਰਸ਼ਾਹੀ ਦੀ ਓਟ ਲਈ, ਅਤੇ ਦੂਜੇ ਪਾਸੇ ਆਪਣੇ ਉਲਟ-ਇਨਕਲਾਬੀ ਨਿਸ਼ਾਨੇ ਪੂਰੇ ਕਰਨ ਵਾਸਤੇ ਇਨ੍ਹਾਂ ਝੁਕਾਵਾਂ ਨੂੰ ਹਰ ਤਰ੍ਹਾਂ ਨਾਲ

ਸ਼ਹਿ ਅਤੇ ਹਵਾ ਦਿੱਤੀ। ਸਮਾਜਵਾਦ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਭੰਗ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਵਿਚ ਉਨ੍ਹਾਂ ਨੇ ਹਰ ਜਗ੍ਹਾ ਪਾਰਟੀ ਦੀ ਲਾਈਨ ਅਤੇ ਲੀਡਰਸ਼ਿਪ ਨੂੰ ਨਹੀਂ, ਬਲਕਿ ਦਫਤਰਸ਼ਾਹੀ ਨੂੰ ਅੱਗੇ ਰੱਖਿਆ, ਉਨ੍ਹਾਂ ਨੇ ਪਾਰਟੀ, ਸਟੇਟ ਅਤੇ ਲੋਕਾਂ ਦੇ ਕੰਟਰੋਲ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਉਹ ਆਪਣੀ ਮਨਮਾਨੀ ਕਰ ਸਕਣ, ਸ਼ਾਸਨਹੀਣ ਖੱਕੇਦਰੀ ਕਰਣ ਅਤੇ ਵੱਖਰੀਆਂ ਅਤੇ ਆਜ਼ਾਦ ਸੰਸਥਾਵਾਂ ਬਣਾਕੇ ਸਟੇਟ ਢਾਂਚੇ ਅਤੇ ਸੰਸਥਾਵਾਂ ਵਿਚ ਘੁਮੰਡ ਨੂੰ ਉਤਸ਼ਾਹ ਦੇ ਸਕਣ, ਪ੍ਰੋਲਤਾਰੀ ਬਣਤਰ ਨੂੰ ਕਮਜ਼ੋਰ ਕਰ ਸਕਣ ਅਤੇ ਅਧਿ - ਕਾਰੀਪੁਣੇ ਨੂੰ ਉਤਸ਼ਾਹਿਤ ਕਰ ਸਕਣ, ਦੁਸ਼ਮਣਾਂ ਵਾਸਤੇ ਦਰਵਾਜ਼ੇ ਖੋਲ੍ਹ ਸਕਣ, ਅਤੇ ਸਾਡੀਆਂ ਤਾਕਤਾਂ ਦੇ ਭਰੋਸੇ ਉਤੇ ਸੱਟ ਮਾਰ ਸਕਣ, ਆਦਿ।

ਪਰ ਉਦਾਰਵਾਦੀ ਅਤੇ ਨੌਕਰਸ਼ਾਹ ਧਾਰਨਾਵਾਂ ਅਤੇ ਅਮਲ ਸਿਰਫ ਦੁਸ਼ਮਣਾਂ ਦੀ ਸਰਗਰਮੀ ਨਾਲ ਹੀ ਜੁੜੀਆਂ ਹੋਈਆਂ ਨਹੀਂ। ਇਹ ਸਾਡੇ ਆਪਣੇ ਲੋਕਾਂ ਵਿਚ, ਸਾਡੀਆਂ ਸੰਸਥਾਵਾਂ ਦੇ ਕੰਮਾਂ ਵਿਚ ਵੀ ਮਿਲਦੀਆਂ ਹਨ। ਨੌਕਰਸ਼ਾਹੀ ਅਤੇ ਉਦਾਰਵਾਦ ਦੇ ਖਿਲਾਫ ਘੋਲ ਇੱਕ ਲੰਬਾ ਘੋਲ ਹੈ ਕਿਉਂਕਿ ਇਨ੍ਹਾਂ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ, ਇਹ ਆਰਥਿਕ, ਸਮਾਜਿਕ ਅਤੇ ਵਿਚਾਰਧਾਰਾ ਦੇ ਤੱਤਾਂ ਨਾਲ ਜੁੜੇ ਹੋਏ ਹਨ ਅਤੇ ਇਨ੍ਹਾਂ ਨੂੰ ਅੰਦਰੂਨੀ ਅਤੇ ਬਾਹਰੀ ਦੁਸ਼ਮਣ ਉਤ- ਸ਼ਾਹਤ ਕਰਦੇ ਹਨ। ਇਨ੍ਹਾਂ ਦੇ ਫੈਲਣ ਦੀ ਸੀਮਾ ਲੋਕਾਂ ਦੇ ਸਿਆਸੀ ਅਤੇ ਸੱਭਿ- ਆਚਾਰਕ ਪੱਧਰ, ਮਿਹਨਤਕਸ਼ ਲੋਕਾਂ ਦੀ ਇਨਕਲਾਬੀ ਸਿਖਲਾਈ ਵਿਚ ਪਾਰਟੀ ਵਲੋਂ ਕੀਤੇ ਗਏ ਕੰਮ, ਇਨ੍ਹਾਂ ਦੇ ਨੁਕਸਾਨਾਂ ਅਤੇ ਇਨ੍ਹਾਂ ਨੂੰ ਰੋਕਣ ਦੇ ਢੰਗਾਂ ਦੀ ਸੂਝ ਉਤੇ ਨਿਰਭਰ ਹੈ।

ਨੌਕਰਸ਼ਾਹੀ ਅਤੇ ਉਦਾਰਵਾਦ, ਸੋਚਣੀ ਅਤੇ ਕੰਮਾਂ ਦੇ ਪਿਛਾਂਹ- ਖਿਚੂ, ਕਲਪਣਾ- ਵਾਦੀ, ਲੋਕ- ਵਿਰੋਧੀ ਅਤੇ ਸਮਾਜਵਾਦ- ਵਿਰੋਧੀ ਢੰਗ ਹਨ। ਪਾਰਟੀ ਦੇ ਪਰਚਾਰ ਦਾ ਫਰਜ਼ ਹੈ ਉਦਾਰਵਾਦ ਅਤੇ ਨੌਕਰਸ਼ਾਹੀ ਦੇ ਵਿਚਾਰਧਾਰਕ ਖਾਸੇ ਨੂੰ ਸਿਧਾਂ- ਤਕ ਅਤੇ ਅਮਲੀ ਦਲੀਲਾਂ ਰਾਹੀਂ ਨੰਗਿਆਂ ਕਰਨਾ। ਉਦਾਰਵਾਦ ਅਤੇ ਨੌਕਰਸ਼ਾਹੀ ਦੇ ਖਿਲਾਫ ਅਤੇ ਹਰ ਖੇਤਰ ਵਿਚ ਇਨ੍ਹਾਂ ਦੇ ਅਸਰ ਖਿਲਾਫ ਜਦੋ-ਜਹਿਦ ਕਰਨ ਵਾਸਤੇ ਕਮਿਊਨਿਸਟਾਂ, ਮਜਦੂਰਾਂ, ਅਤੇ ਵਿਸ਼ਾਲ ਮਿਹਨਤਕਸ਼ ਲੋਕਾਂ ਵਿਚ ਡੂੰਘੀ ਦ੍ਰਿੜਤਾ ਨੂੰ ਉਭਾਰਨਾ ਚਾਹੀਦਾ ਹੈ।

ਨਿਪੁੰਨਤਾਵਾਦ ਅਤੇ ਬੁੱਧੀਜੀਵੀਵਾਦ ਦੇ ਖਿਲਾਫ ਘੋਲ ਨੂੰ ਮਜਬੂਤ ਅਤੇ ਡੂੰਘਾ ਕਰਨਾ ਬਹੁਤ ਜਰੂਰੀ ਹੈ ਕਿਉਂਕਿ ਇਹ ਨੌਕਰਸ਼ਾਹੀ ਦੇ ਲੱਛਣ ਹਨ ਅਤੇ ਇਹ

ਪ੍ਰੋਲਤਾਰੀ ਵਿਚਾਰਧਾਰਾ ਅਤੇ ਪਾਰਟੀ ਦੀ ਨੀਤੀ ਤੋਂ ਕੁਰਾਹੇ ਲੈ ਜਾਂਦੇ ਹਨ, ਸਾਡੇ ਸਮਾਜ ਵਿਚ ਮਜ਼ਦੂਰ ਜਮਾਤ ਦੇ ਅਗਵਾਈ ਵਾਲੇ ਰੋਲ ਨੂੰ ਕਮਜ਼ੋਰ ਕਰਦੇ ਹਨ, ਅਤੇ ਲੋਕਾਂ ਦੀ ਸੋਚਣੀ ਦੇ ਉਸਾਰੂ ਰੋਲ ਨੂੰ ਨਿੰਦਦੇ ਹਨ। ਤਾਜ਼ਾ ਸਾਲਾਂ ਦੇ ਦੁਰਾਨ ਖਾਸ ਤੌਰ ਤੇ, ਹੋਰ ਗੱਲਾਂ ਦੇ ਨਾਲ ਨਾਲ, ਤਕਨੀਕ ਅਤੇ ਖਾਸ ਨਿਪੁੰਨਤਾ ਨੂੰ ਵਧਾ-ਚੜ੍ਹਾ ਕੇ ਦੇਖਣ, ਮਸਲਿਆਂ ਨੂੰ ਸਿਆਸੀ ਅਤੇ ਵਿਚਾਰਧਾਰਕ ਨਜ਼ਰੀਏ ਤੋਂ ਸਮਝਣ ਵਿਚ ਅਸਫਲਤਾ, ਲੋਕਾਂ ਦੀ ਤਾਕਤ ਅਤੇ ਉਤਸ਼ਾਹ ਵਿਚ ਵਿਸ਼ਵਾਸ਼ ਨਾ ਰੱਖਣ, ਆਦਿ ਵਿਚ ਨਿਪੁੰਨਤਾਵਾਦ ਅਤੇ ਬੁੱਧੀਜੀਵੀਵਾਦ ਦੇ ਅਸਰ ਦੇਖਣ ਵਿਚ ਆਏ ਹਨ।

ਉਦਾਰਵਾਦ ਦੇ ਖਿਲਾਫ ਘੋਲ ਹੋਰ ਵੀ ਤੇਜ਼ ਕਰਨਾ ਚਾਹੀਦਾ ਹੈ ਕਿਉਂ ਕਿ ਉਦਾਰਵਾਦ ਸਿਆਸੀ ਅਤੇ ਵਿਚਾਰਧਾਰਕ ਮੌਕਾਪ੍ਰਸਤੀ, ਜਮਾਤੀ ਦੁਸ਼ਮਣਾਂ ਨੂੰ ਰਿਆਇਤਾਂ ਦੇਣ, ਅਤੇ ਦੁਸ਼ਮਣ ਵਿਚਾਰਧਾਰਾਵਾਂ ਦੇ ਅਸਰ, ਤਰੁੱਟੀਆਂ ਅਤੇ ਕਮਜ਼ੋਰੀਆਂ ਨਾਲ ਸਮਝੌਤੇ ਦਾ ਲੱਛਣ ਹੈ। ਇਸ ਘੋਲ ਨੂੰ ਤੇਜ਼ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਤਾਜ਼ਾ ਸਾਲਾਂ ਵਿਚ ਉਦਾਰਵਾਦੀ ਰਵੱਈਏ ਬਹੁਤ ਤੇਜ਼ ਹੋਕੇ ਸਾਮ੍ਹਣੇ ਆਏ ਹਨ ਅਤੇ ਕਈ ਖੇਤਰਾਂ ਵਿਚ ਜਿਵੇਂ ਸੱਭਿਆਚਾਰ, ਫੌਜ, ਆਰਥਿਕਤਾ ਅਤੇ ਹੋਰ ਜਗ੍ਹਾਵਾਂ ਤੇ ਕੰਮ ਨੂੰ ਨੁਕਸਾਨ ਪਹੁੰਚਾਇਆ ਹੈ।

ਸਾਨੂੰ ਕਦੇ ਵੀ, ਕਿਸੇ ਵੀ ਹਾਲਤ ਵਿਚ ਇਨ੍ਹਾਂ ਖਤਰਿਆਂ ਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ, ਬਲਕਿ ਸਾਨੂੰ ਸਿਆਸੀ ਅਤੇ ਵਿਚਾਰਧਾਰਕ ਚੌਕਸੀ ਵਧਾਉਣੀ ਚਾਹੀਦੀ ਹੈ, ਉਤਾਂਹ ਅਤੇ ਨੀਚੇ ਤੋਂ ਨਿਗਰਾਨੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਹਰ ਇੱਕ ਵਿਚ ਡਸਿਪਲਿਨ ਅਤੇ ਪ੍ਰੋਲਤਾਰੀ ਚੇਤੰਨਤਾ ਨੂੰ ਵਧਾਉਣਾ ਚਾਹੀਦਾ ਹੈ।

ਸਮਾਜਵਾਦੀ ਸਮਾਜ ਵਿਚ ਜਮਹੂਰੀਅਤ ਅਤੇ ਆਜ਼ਾਦੀ ਦੀਆਂ ਉਦਾਰਵਾਦੀ ਅਤੇ ਪ੍ਰਸ਼ਾਸ਼ਨਹੀਣ ਧਾਰਨਾਵਾਂ ਦੀਆਂ ਜੜ੍ਹਾਂ ਪੁੱਟਣ ਵੱਲ ਪਾਰਟੀ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਕੁੱਝ ਲੋਕ ਸਮਝਦੇ ਹਨ ਕਿ ਜਮਹੂਰੀਅਤ ਹੋਣ ਦੀ ਵਜ੍ਹਾ ਕਰਕੇ, ਉਨ੍ਹਾਂ ਕੋਲ ਸਿਰਫ ਹੱਕ ਹੀ ਹਨ ਅਤੇ ਉਨ੍ਹਾਂ ਦੇ ਕੋਈ ਵੀ ਫਰਜ਼ ਨਹੀਂ ਹਨ। ਉਹ ਸੋਚਦੇ ਹਨ ਕਿ ਸਟੇਟ ਅਤੇ ਸਮਾਜ ਦੀਆਂ ਉਹਨਾਂ ਵੱਲ ਜ਼ਿਮੇਵਾਰੀਆਂ ਹਨ, ਜਦ ਕਿ ਉਹ ਖੁਦ ਜੋ ਜੀ ਚਾਹੇ ਕਰਨ ਵਾਸਤੇ, ਕੰਮ ਵਿਚ ਅਤੇ ਸਮਾਜਿਕ ਡਸਿਪਲਿਨ ਵਿਚ, ਸਟੇਟ ਦੇ ਕਨੂੰਨਾਂ ਅਤੇ ਸਾਡੇ ਸਮਾਜ ਦੇ ਅਸੂਲਾਂ ਦੀ ਉਲੰਘਣਾਂ ਕਰਨ ਵਾਸਤੇ ਬਿਲਕੁੱਲ ਆਜ਼ਾਦ ਹਨ। ਇਨ੍ਹਾਂ ਖਤਰਨਾਕ

ਧਾਰਨਾਵਾਂ ਨੂੰ ਦ੍ਰਿੜ੍ਹਤਾ ਨਾਲ ਪਛਾੜਨਾ ਚਾਹੀਦਾ ਹੈ ਕਿਉਂਕਿ ਇਹ ਸਮਾਜਵਾਦੀ ਅਸੂਲਾਂ ਦੀਆਂ ਦੁਸ਼ਮਣ ਹਨ।

ਸਾਡੀ ਪਾਰਟੀ ਦੀਆਂ ਸਫਾਂ ਵਿਚ ਅਤੇ ਲੋਕਾਂ ਵਿਚ ਦ੍ਰਿੜ ਸਿਆਸੀ ਖਾੜਕੂਪਣ ਦੀ ਭਾਵਨਾ ਮੌਜੂਦ ਹੈ, ਅਤੇ ਇਹ ਸਾਡੀ ਪਾਰਟੀ ਦੀ ਇੱਕ ਮਹਾਨ ਜਿੱਤ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਸਾਨੂੰ ਬੇਫਿਕਰ ਹੋ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਅਗਰਹਿਲੀਆਂ ਵੱਲੋਂ ਅੱਖਾਂ ਬੰਦ ਕਰ ਲੈਣੀਆਂ ਚਾਹੀਦੀਆਂ ਹਨ ਜਿਹੜੀਆਂ ਕਈ ਮਿਹਨਤਕਸ਼ ਲੋਕਾਂ ਅਤੇ ਕਮਿਊਨਿਸਟਾਂ ਅਤੇ ਕੇਡਰਾਂ ਵਿਚ ਮੌਜੂਦ ਹਨ। ਅਗਰਹਿਲੀ ਦੇ ਝੁਕਾਅ ਖਿਲਾਫ ਘੋਲ ਪਾਰਟੀ ਦੀ ਇੱਕ ਮਹੱਤਵਪੂਰਨ ਜ਼ਿੰਮੇਵਾਰੀ ਹੈ।

ਪਾਰਟੀ ਨੇ ਹਮੇਸ਼ਾ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਵਿਚਾਰਧਾਰਾ ਦੇ ਖੇਤਰ ਵਿਚ ਜਮਾਤੀ ਘੋਲ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਇਹ ਉਦਾਰਵਾਦ ਅਤੇ ਨੌਕਰਸ਼ਾਹੀ ਦੇ ਖਿਲਾਫ, ਅਤੇ ਪੁਰਾਣੀਆਂ ਲੋਟੂ ਜਮਾਤਾਂ ਦੀ ਵਿਚਾਰਧਾਰਾ ਦੀ ਰਹਿੰਦ-ਖਹੂੰਦ ਦੇ ਖਿਲਾਫ ਅਤੇ ਨਾਲੋ ਨਾਲ ਅਜੋਕੀਆਂ ਬੁਰਜੂਆ ਅਤੇ ਸੋਧਵਾਦੀ ਵਿਚਾਰਧਾਰਾਵਾਂ ਦੇ ਖਿਲਾਫ ਚਲਾਉਣਾ ਚਾਹੀਦਾ ਹੈ। ਵਹਿ-ਵੇਰੀ ਹੋ ਰਹੇ ਬੁਰਜੂਆ-ਸੋਧਵਾਦੀ ਉਦਾਰਵਾਦ ਦੇ ਖਿਲਾਫ ਲੜਦਿਆਂ, ਸਾਨੂੰ, ਵੱਖ ਵੱਖ ਤਰ੍ਹਾਂ ਦੇ ਨਰਮ-ਖਿਆਲੀਏਪਣ ਖਿਲਾਫ ਘੋਲ ਦੀ ਅਹਿਮੀਅਤ ਨੂੰ ਵੀ ਘਟਾ ਕੇ ਨਹੀਂ ਦੇਖਣਾ ਚਾਹੀਦਾ, ਜੋ ਸਾਡੀਆਂ ਇਤਿਹਾਸਕ ਹਾਲਤਾਂ ਕਾਰਨ, ਅਜੇ ਵੀ ਮੌਜੂਦ ਹੈ।

ਦੋ ਕਾਂਗਰਸਾਂ ਦੇ ਦਰਮਿਆਨ ਦੇ ਸਮੇਂ ਵਿਚ ਪਾਰਟੀ ਦੀ ਕੇਂਦਰੀ ਕਮੇਟੀ ਦੇ ਚੌਥੇ, ਪੰਜਵੇਂ, ਛੇਵੇਂ ਅਤੇ ਸੱਤਵੇਂ ਪਲੈਨਿਮ ਜਮਾਤੀ ਘੋਲ ਦੇ ਮਹਾਨ ਸਕੂਲ ਰਹੇ ਹਨ। ਇਨ੍ਹਾਂ ਪਲੈਨਿਮਾਂ ਨੇ ਫਾਦਿਲ ਪਕਰਾਮੀ ਅਤੇ ਟੋਡੀ ਲੁਬੋਨਜ਼ਾ, ਬੇਕਿਰ ਬਾਲੂਕਾ, ਪੈਟ੍ਰਿਟ ਡਿਊਮ ਅਤੇ ਹੀਟੋ ਕਾਕੋ, ਅਬਦਿਲ ਕੈਲੇਜ਼ੀ, ਕਾਕੋ ਥਿਉਫੋਸੀ ਅਤੇ ਕੀਕੋ ਨਜ਼ੀਲਾ ਅਤੇ ਹੋਰ ਦੁਸ਼ਮਣ ਗਰੁੱਪਾਂ ਨੂੰ ਸਾਹਮਣੇ ਲਿਆਂਦਾ ਅਤੇ ਉਨ੍ਹਾਂ ਦਾ ਸਫਾਇਆ ਕੀਤਾ। ਇਨ੍ਹਾਂ ਗਰੁੱਪਾਂ ਨੇ ਵਿਚਾਰਧਾਰਾ ਅਤੇ ਸੱਭਿਆਚਾਰ, ਫੌਜ, ਸਨੱਅਤ, ਪਲੈਨਿੰਗ ਅਤੇ ਵਪਾਰ ਦੇ ਖੇਤਰਾਂ ਵਿਚ ਬਹੁਤ ਹੀ ਖਤਰਨਾਕ ਹਰਕਤਾਂ ਕੀਤੀਆਂ।

ਇਹ ਇੱਕ ਮੁੱਖ ਅਤੇ ਬਹੁਤ ਹੀ ਖਤਰਨਾਕ ਸਾਜ਼ਿਸ਼ ਸੀ। ਇਨ੍ਹਾਂ ਦੁਸ਼ਮਣਾਂ ਨੇ ਆਪਸੀ ਸਹਿਯੋਗ ਅਤੇ ਬਦੇਸ਼ੀ ਸੋਧਵਾਦੀ ਦੇਸ਼ਾਂ ਨਾਲ ਤਾਲਮੇਲ ਕਰਕੇ ਪਾਰਟੀ ਨੂੰ ਖਤਮ ਕਰਨਾ ਚਾਹਿਆ, ਲੋਕਸੱਤਾ ਨੂੰ ਉਲਟਾਉਣਾ ਚਾਹਿਆ, ਅਲਬਾਨੀਆ ਵਿਚ

ਸੋਧਵਾਦ ਅਤੇ ਸਰਮਾਏਦਾਰੀ ਦੀ ਮੁੜ-ਬਹਾਲੀ ਵਾਸਤੇ ਰਾਹ ਖੋਲ੍ਹਣਾ ਚਾਹਿਆ।

ਫਾਦਿਲ ਪਕਰਾਮੀ, ਟੋਡੀ ਲੁਬੋਨਜ਼ਾ ਅਤੇ ਕੰਪਣੀ ਦੀ ਗਦਾਰਾਨਾ ਜੁੰਡੀ ਨੇ ਬੁਰਜ਼ੁਆ-ਸੋਧਵਾਦੀ ਵਿਚਾਰਧਾਰਾ, ਸਭਿੱਆਚਾਰ, ਅਤੇ ਰਹਿਣੀ-ਬਹਿਣੀ ਨੂੰ ਫੈਲਾਉਣਾ ਚਾਹਿਆ ਤਾਂ ਕਿ ਵਿਚਾਰਧਾਰਾ ਅਤੇ ਸੱਭਿਆਚਾਰ ਦੇ ਖੇਤਰ ਵਿਚ ਸਿਆਸੀ ਉਲਟ-ਇਨਕਲਾਬ ਵਾਸਤੇ ਹਾਲਾਤ ਤਿਆਰ ਕੀਤੇ ਜਾ ਸਕਣ। ਸਭ ਤੋਂ ਪਹਿਲੀ ਗੱਲ, ਉਨ੍ਹਾਂ ਦਾ ਨਿਸ਼ਾਨਾਂ ਸੀ ਨੌਜਵਾਨਾਂ ਅਤੇ ਬੁੱਧੀਜੀਵੀਆਂ ਦੇ ਵਿਚ ਭੁਲੇਖੇ ਫੈਲਾਉਣਾ, ਉਨ੍ਹਾਂ ਨੂੰ ਪਾਰਟੀ ਅਤੇ ਸਮਾਜਵਾਦ ਦੇ ਖਿਲਾਫ ਕਰਨਾ, ਜਿਵੇਂ ਕਿ ਸੋਧਵਾਦੀ ਦੇਸ਼ਾਂ ਵਿਚ ਮਾਰਕਸਵਾਦ-ਲੈਨਿਨਵਾਦ ਦੇ ਦੁਸ਼ਮਣਾ ਨੇ ਕੀਤਾ।

ਬੇਕਿਰ ਬਾਲੁਕਾ, ਪੈਟ੍ਰਿਟ ਡਿਊਮ ਅਤੇ ਹੀਟੋ ਕਾਕੋ ਦਾ ਗਦਾਰਾਨਾ ਗਰੁੱਪ, ਫੌਜ ਦੀ ਅਗਵਾਈ ਵਿਚ ਇੱਕ ਧੜਾ ਸੀ, ਜੋ ਇੱਕ ਅਚਾਨਕ ਹਥਿਆਰਬੰਦ ਪਲਟੇ ਰਾਹੀਂ ਪਾਰਟੀ ਦੀ ਕੇਂਦਰੀ ਕਮੇਟੀ ਨੂੰ ਉਲਟਾਉਣਾ ਚਾਹੁੰਦਾ ਸੀ, ਅਤੇ ਪਾਰਟੀ ਆਫ ਲੇਬਰ ਆਫ ਅਲਬਾਨੀਆਂ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਖਤਮ ਕਰਨਾ ਚਾਹੁੰਦਾ ਸੀ। ਬਦੇਸ਼ ਤੋਂ ਹਥਿਆਰਬੰਦ ਦਖਲ-ਅੰਦਾਜ਼ੀ ਉਤੇ ਵੀ ਇਨ੍ਹਾਂ ਦੀ ਟੇਕ ਸੀ। ਆਪਣੇ ਨਿਸ਼ਾਨੇ ਪੂਰੇ ਕਰਨ ਲਈ, ਇਨ੍ਹਾਂ ਨੇ ਫੌਜ ਵਿਚ ਪਾਰਟੀ ਦੀ ਜਥੇਬੰਦੀ ਅਤੇ ਇਸਦੇ ਅਗਵਾਈ ਵਾਲੇ ਰੋਲ ਨੂੰ ਕਮਜ਼ੋਰ ਕਰਨ, ਸਾਡੀ ਪਾਰਟੀ ਦੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦੀ ਜਗ੍ਹਾ ਸੋਧਵਾਦੀ ਵਿਚਾਰ-ਧਾਰਾ ਨੂੰ ਦੇਣ, ਪਾਰਟੀ ਦੀ ਫੌਜੀ ਸੇਧ ਨੂੰ ਨੁਕਸਾਨ ਪਹੁੰਚਾਉਣ ਅਤੇ ਆਪਣੇ ਗੰਡੇ-ਟੋਕੂ ਅਤੇ ਗਦਾਰਾਨਾ ਸਿਧਾਂਤ ਠੋਸਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਸਾਡੇ ਦੇਸ਼ ਦੀ ਰੱਖਿਆ ਸ਼ਕਤੀ ਨੂੰ ਕਮਜ਼ੋਰ ਕਰਨਾ ਚਾਹਿਆ ਅਤੇ ਫੌਜ ਵਿਚ ਬੁਰ-ਜ਼ੁਆ ਅਤੇ ਸੋਧਵਾਦੀ ਫੌਜਾਂ ਵਾਲੇ ਘ੍ਰਿਣਤ ਤਰੀਕੇ ਫੈਲਾਉਣੇ ਚਾਹੇ।

ਅਬਦਿਲ ਕੈਲੇਜ਼ੀ, ਕਾਕੋ ਥਿਊਡੋਸੀ ਅਤੇ ਕੀਕੋ ਨਜ਼ੀਲਾ ਦੀ ਗਦਾਰਾਨਾ ਜੁੰਡੀ ਨੇ ਆਰਥਿਕਤਾ ਦੇ ਖੇਤਰ ਵਿਚ ਬਹੁਤ ਹੀ ਖਤਰਨਾਕ ਹਰਕਤਾਂ ਕੀਤੀਆਂ। ਇਸ ਜੁੰਡੀ ਨੇ ਆਰਥਿਕਤਾ ਦੇ ਵਿਕਾਸ ਬਾਰੇ ਪਾਰਟੀ ਦੀ ਲਾਈਨ, ਇਸਦੀ ਜਥੇ-ਬੰਦੀ ਅਤੇ ਮੈਨੇਜਮੈਂਟ ਵਿਚ ਤੋੜ-ਮਰੋੜ ਕਰਨੀ ਚਾਹੀ ਅਤੇ, ਸਵੈ-ਪ੍ਰਸ਼ਾਸਨ ਆਦਿ ਦੇ ਸੋਧਵਾਦੀ ਢੰਗ ਫੈਲਾਉਣੇ ਚਾਹੇ। ਉਨ੍ਹਾਂ ਨੇ ਮੁੱਖ ਖੇਤਰਾਂ, ਪਲੈਨਿੰਗ, ਤੇਲ, ਬਦੇਸ਼ੀ ਵਪਾਰ, ਆਦਿ ਵਿਚ ਬਹੁਤ ਹੀ ਖਤਰਨਾਕ ਕਾਰਵਾਈਆਂ ਕੀਤੀਆਂ। ਇਸਤਰ੍ਹਾਂ ਨਾਲ, ਉਨ੍ਹਾਂ ਨੇ ਸਾਡੇ ਸਮਾਜਵਾਦੀ ਢਾਂਚੇ ਦੀ ਬੁਨਿਆਦ ਨੂੰ ਖਤਮ ਕਰਕੇ

ਬਦੇਸ਼ੀਆਂ ਵਲੋਂ ਸਾਡੇ ਦੇਸ਼ ਦੀ ਆਰਥਿਕ ਅਤੇ ਸਿਆਸੀ ਗੁਲਾਮੀ ਦਾ ਰਾਹ ਖੋਲ੍ਹਣਾ ਚਾਹਿਆ।

ਇਹ ਗਰੁੱਪ ਸਾਡੀ ਪਾਰਟੀ ਅਤੇ ਸਟੇਟ ਦੀਆਂ ਸਫਾਂ ਵਿਚ ਸਾਮਰਾਜਵਾਦੀ ਸੋਧਵਾਦੀ ਏਜੰਸੀਆਂ ਸਨ। ਇਨ੍ਹਾਂ ਵਿਚ ਉਹ ਬੰਦੇ ਸ਼ਾਮਲ ਸਨ ਜੋ ਸਿਆਸਤ ਅਤੇ ਆਚਰਣ ਦੇ ਤੌਰ ਤੇ ਬਦ-ਇਖਲਾਕ ਸਨ, ਜਿਹੜੇ ਬੁਰਜੂਆ ਬਣ ਗਏ ਸਨ ਅਤੇ ਜਿਨ੍ਹਾਂ ਨੇ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਦੇ ਦਬਦਬੇ, ਅੰਤਰਰਾਸ਼ਟਰੀ ਸਾਮਰਾਜਵਾਦ ਅਤੇ ਸੋਧਵਾਦ ਦੇ ਵਿਚਾਰਧਾਰਕ ਘੇਰਾਓ ਅਤੇ ਹਮਲੇ ਮੋਹਰੇ ਗੋਡੇ ਟੇਕ ਦਿੱਤੇ ਸਨ।

ਇਨ੍ਹਾਂ ਦੁਸ਼ਮਣ ਗਰੁੱਪਾਂ ਤੋਂ ਪੈਦਾ ਹੋਇਆ ਖਤਰਾ ਬਹੁਤ ਹੀ ਗੰਭੀਰ ਸੀ, ਕਿਉਂਕਿ ਇਹ ਪਾਰਟੀ ਅਤੇ ਰਾਜਸੱਤਾ ਵਿਚ ਮਹੱਤਵਪੂਰਨ ਪੁਜ਼ੀਸ਼ਨਾਂ ਉਤੇ ਸਨ ਅਤੇ ਆਪਣੀਆਂ ਦੁਸ਼ਮਣਾਨਾ ਕਰਤੂਤਾਂ ਨੂੰ ਛੁਪਾਉਣ ਵਾਸਤੇ ਪਾਰਟੀ ਦੇ ਇਖਤਿਆਰ ਦੀ ਵਰਤੋਂ ਕਰਦੇ ਸਨ। ਉਨ੍ਹਾਂ ਨੇ ਆਪਣੀਆਂ ਉਲਟ-ਇਨਕਲਾਬੀ ਕਾਰਵਾਈਆਂ ਨੂੰ ਇਸ ਬੁਰਕੇ ਵਿਚ ਛੁਪਾਇਆ ਕਿ ਹਰ ਗੱਲ ਪਾਰਟੀ ਦੇ ਨਾਂ ਤੇ ਹੁੰਦੀ ਹੈ, ਅਤੇ ਕਥਿਤ ਤੌਰ ਤੇ ਪਾਰਟੀ ਅਤੇ ਲੋਕਾਂ ਦੀ ਭਲਾਈ, ਅਤੇ ਹਦਾਇਤਾਂ ਅਤੇ ਫੈਸਲਿਆਂ ਨੂੰ ਉਸਾਰੂ ਤੌਰ ਤੇ ਲਾਗੂ ਕਰਨ ਵਾਸਤੇ ਹੈ। ਉਹ ਗੁੱਝੇ ਤਰੀਕੇ ਕੰਮ ਕਰਦੇ ਸਨ, ਕਦੇ ਵੀ ਸਿੱਧੇ ਤੌਰ ਤੇ ਪਾਰਟੀ ਦੀ ਲਾਈਨ ਨਾਲ ਟੱਕਰ ਲੈਣ ਦਾ ਉਨ੍ਹਾਂ ਵਿਚ ਹੌਸਲਾ ਨਹੀਂ ਸੀ, ਕਿਉਂਕਿ ਸਭ ਹੋਰ ਦੁਸ਼ਮਣਾਂ ਦੀ ਤਰ੍ਹਾਂ ਨਾ ਪਾਰਟੀ ਵਿਚ ਅਤੇ ਨਾ ਹੀ ਲੋਕਾਂ ਵਿਚ ਉਨ੍ਹਾਂ ਦਾ ਕੋਈ ਅਧਾਰ ਸੀ। ਪਾਰਟੀ ਦੀ ਤਾਕਤ ਅਤੇ ਨਿੱਗਰ ਏਕਤਾ ਉਨ੍ਹਾਂ ਨੂੰ ਦਬਾਉਂਦੀ ਸੀ। ਲੋਕਾਂ ਨਾਲ ਪਾਰਟੀ ਦੇ ਗੂੜ੍ਹੇ ਸਬੰਧਾਂ ਤੋਂ ਉਹ ਭੈ-ਭੀਤ ਹੁੰਦੇ ਸਨ।

ਵਕਤੀ ਤੌਰ ਤੇ ਇਹ ਦੁਸ਼ਮਣ ਛੁਪਕੇ ਕੰਮ ਕਰਦੇ ਰਹੇ ਅਤੇ ਨੁਕਸਾਨ ਪਹੁੰਚਾਉਂਦੇ ਰਹੇ, ਕਿਉਂਕਿ ਉਨ੍ਹਾਂ ਨੇ ਪਾਰਟੀ ਅਤੇ ਰਾਜਸੱਤਾ ਦੇ ਕੰਮ ਵਿਚ ਕਮਜ਼ੋਰੀਆਂ ਦੀ ਉਟ ਲਈ। ਉਨ੍ਹਾਂ ਨੇ ਗਲਤੀਆਂ ਅਤੇ ਤਰੁੱਟੀਆਂ ਤੋਂ ਅਤੇ ਨੌਕਰਸ਼ਾਹੀ ਅਤੇ ਉਦਾਰਵਾਦ ਤੋਂ ਫਾਇਦਾ ਉਠਾਇਆ ਅਤੇ ਇਨ੍ਹਾਂ ਨੂੰ ਵੱਧ ਤੋਂ ਵੱਧ ਫੈਲਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਚੌਕਸੀ ਅਤੇ ਕੰਟਰੋਲ ਵਿਚ ਨਰਮੀ, ਪਾਰਟੀ ਅਤੇ ਸਟੇਟ ਦੇ ਅਸੂਲਾਂ ਅਤੇ ਨਿਯਮਾਂ ਨੂੰ ਨਿਰੰਤਰ ਲਾਗੂ ਕਰਨ ਦੀ ਘਾਟ, ਸਿਖਲਾਈ ਦੇ ਕੰਮ ਵਿਚ ਤਰੁੱਟੀਆਂ, ਜਮਾਤੀ ਘੋਲ ਅਤੇ ਸਾਮਰਾਜੀ-ਸੋਧਵਾਦੀ ਘੇਰਾਓ ਦੇ ਮੁਤੱਲਕ ਪਾਰਟੀ ਦੀਆਂ ਸਿੱਖਿਆਵਾਂ ਨੂੰ ਹਰ ਵੇਲੇ ਦਿਮਾਗ਼ ਵਿਚ ਰੱਖਣ ਦੀ ਘਾਟ ਤੋਂ

ਫਾਇਦਾ ਉਠਾਇਆ।

ਲੀਡਰਸ਼ਿਪ ਦੀਆਂ ਸਭ ਸੰਸਥਾਵਾਂ, ਕੇਂਦਰੀ ਕਮੇਟੀ ਅਤੇ ਸਰਕਾਰ ਸਮੇਤ, ਇਨ੍ਹਾਂ ਗੱਲਾਂ ਵਾਸਤੇ ਕਸੂਰਵਾਰ ਹਨ। ਖਾਸ ਕਸੂਰ, ਉਨ੍ਹਾਂ ਖੇਤਰਾਂ ਦੀਆਂ ਪਾਰਟੀ ਜਥੇਬੰਦੀਆਂ, ਕਮਿਊਨਿਸਟਾਂ ਅਤੇ ਕੇਡਰਾਂ ਦਾ ਹੈ ਜਿਨ੍ਹਾਂ ਖੇਤਰਾਂ ਵਿਚ ਦੁਸ਼ਮਣ ਸਭ ਤੋਂ ਵੱਧ ਸਰਗਰਮ ਸਨ। ਉਨ੍ਹਾਂ ਦਾ ਕਸੂਰ ਇਸ ਲਈ ਹੈ ਕਿ ਉਨ੍ਹਾਂ ਨੇ ਪਾਰਟੀ ਜਥੇਬੰਦੀਆਂ ਦੇ ਰੋਲ ਨੂੰ ਕਮਜ਼ੋਰ ਕਰਨ ਦੀ ਮਨਜ਼ੂਰੀ ਦਿੱਤੀ, ਕਿਉਂ ਕਿ ਉਨ੍ਹਾਂ ਨੇ ਪਾਰਟੀ ਦੇ ਫੈਸਲਿਆਂ ਅਤੇ ਹਦਾਇਤਾਂ ਅਤੇ ਸਟੇਟ ਦੇ ਕਾਨੂੰਨਾਂ ਨੂੰ ਲਗਾਤਾਰ ਲਾਗੂ ਨਹੀਂ ਕੀਤਾ, ਕਿਉਂਕਿ ਉਨ੍ਹਾਂ ਵਿਚੋਂ ਕਈਆਂ ਨੇ ਆਪਣੇ ਆਪ ਨੂੰ ਸਿਆਸੀ ਤੌਰ ਤੇ ਸੌੜ-ਖਿਆਲੀਏ ਅਤੇ ਉਦਾਰਵਾਦੀ ਸਾਬਿਤ ਕੀਤਾ, ਜਦ ਕਿ ਕਈ ਹੋਰਾਂ ਨੇ ਦੁਸ਼ਮਣਾਂ ਦੀ ਨਿਖੇਧੀ ਕਰਨ ਅਤੇ ਉਨ੍ਹਾਂ ਨੂੰ ਟਿਕਾਣੇ ਲਾਉਣ ਵਾਸਤੇ ਆਵਾਜ਼ ਉਠਾਉਣ ਵਿਚ ਇਨਕਲਾਬੀ ਹੌਸਲੇ ਦੀ ਘਾਟ ਦਿਖਾਈ।

ਪਾਰਟੀ ਅਤੇ ਇਸਦੀ ਲੀਡਰਸ਼ਿਪ ਦੀ ਨਿੱਗਰ ਏਕਤਾ, ਤੀਬਰ ਸਿਆਸੀ ਸੂਝ, ਵਿਚਾਰਧਾਰਾ ਦੀ ਸਪੱਸ਼ਟਤਾ ਅਤੇ ਇਨਕਲਾਬੀ ਦ੍ਰਿੜਤਾ ਦਾ ਸਦਕਾ ਇਨ੍ਹਾਂ ਦੁਸ਼ਮਣਾਂ ਦੀਆਂ ਕਰਤੂਤਾਂ ਫੜੀਆਂ ਗਈਆਂ ਅਤੇ ਤਬਾਹ ਕੀਤੀਆਂ ਗਈਆਂ। ਸਮਾਜਵਾਦੀ ਅਲਬਾਨੀਆਂ ਇੱਕ ਵੱਡੀ ਖਤਰਨਾਕ ਸਾਜ਼ਿਸ਼ ਤੋਂ ਬਚ ਗਿਆ। ਇਸ ਤਿੱਖੀ ਜਮਾਤੀ ਲੜਾਈ ਵਿੱਚ ਪਾਰਟੀ ਹੋਰ ਵੀ ਮਜ਼ਬੂਤ ਹੋਈ, ਪਾਰਟੀ ਦੀ ਕੇਂਦਰੀ ਕਮੇਟੀ ਦੇ ਗਿਰਦ ਪਾਰਟੀ ਦੀਆਂ ਸਫਾਂ ਦੀ ਏਕਤਾ ਅਤੇ ਪਾਰਟੀ ਦੇ ਗਿਰਦ ਲੋਕਾਂ ਦੀ ਏਕਤਾ ਹੋਰ ਵੀ ਮਜ਼ਬੂਤ ਹੋਈ। ਪਾਰਟੀ ਅਤੇ ਲੋਕਾਂ ਦੀ ਇਨਕਲਾਬੀ ਚੌਕਸੀ ਪ੍ਰਫੁੱਲਤ ਅਤੇ ਮਜ਼ਬੂਤ ਹੋਈ। ਸਾਡੀ ਆਰਥਕਤਾ ਹੋਰ ਵੀ ਮਜ਼ਬੂਤ ਹੋਈ ਅਤੇ ਸਮਾਜਵਾਦੀ ਵਿਕਾਸ ਵਿਚ ਨਵੀਆਂ ਸਫਲਤਾਵਾਂ ਹਾਸਲ ਕੀਤੀਆਂ ਗਈਆਂ, ਸਾਡੀ ਕਲਾ ਅਤੇ ਸਾਹਿੱਤ ਵਿਚ ਪਾਰਟੀ ਦੀ ਭਾਵਨਾ ਅਤੇ ਖਾੜਕੂਪਣ ਵਧਿਆ। ਫੌਜ, ਸਭ ਹਥਿਆਰਬੰਦ ਤਾਕਤਾਂ ਪਾਰਟੀ ਦੇ ਗਿਰਦ ਹੋਰ ਵੀ ਨਿੱਗਰ ਤੌਰ ਤੇ ਇੱਕ-ਮੁੱਠ ਹੋਈਆਂ ਹਨ, ਉਨ੍ਹਾਂ ਦੀ ਵਿਚਾਰਧਾਰਕ-ਸਿਆਸੀ ਸਿਖਲਾਈ, ਇਨਕਲਾਬੀ ਭਾਵਨਾ ਅਤੇ ਸਾਡੀ ਸਮਾਜਵਾਦੀ ਮਾਤਭੂਮੀ ਉਤੇ ਹਮਲਾ ਕਰਨ ਵਾਲੇ ਕਿਸੇ ਵੀ ਦੁਸ਼ਮਣ ਨੂੰ ਖਤਮ ਕਰ ਦੇਣ ਦੀ ਤੱਤਪਰਤਾ ਵਿਚ ਵਾਧਾ ਹੋਇਆ ਹੈ। ਇਸ ਘੋਲ ਵਿਚ, ਸਾਡੀ ਮਜ਼ਦੂਰ ਜਮਾਤ, ਸਹਿਕਾਰੀ ਕਿਸਾਣੀ, ਨੌਜੁਆਨਾਂ, ਔਰਤਾਂ, ਬੁੱਧੀਜੀਵੀਆਂ ਅਤੇ ਕੇਡਰਾਂ ਨੇ ਆਪਣੀ ਸ਼ਾਨਦਾਰ ਦੇਸ਼-ਭਗਤੀ, ਪਾਰਟੀ ਅਤੇ ਇਸਦੀ ਲੀਡਰਸ਼ਿਪ ਵਿਚ

ਆਪਣੇ ਦ੍ਰਿੜ ਭਰੋਸੇ, ਅਤੇ ਇਸਦੀ ਸਹੀ ਲਾਈਨ ਵੱਲ ਆਪਣੀ ਵਫ਼ਾਦਾਰੀ ਦਾ ਸਬੂਤ ਦਿੱਤਾ।

ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਦੀ ਸਾਜ਼ਿਸ਼ ਨੂੰ ਨੰਗਿਆਂ ਕਰਨਾ ਅਤੇ ਤਬਾਹ ਕਰਨਾ ਸਾਡੀ ਪਾਰਟੀ ਅਤੇ ਲੋਕਾਂ ਦੀ ਇੱਕ ਮਹਾਨ ਜਿੱਤ ਹੈ, ਇਹ ਸੋਧਵਾਦ ਉਤੇ ਮਾਰਕਸਵਾਦ-ਲੈਨਿਨਵਾਦ ਦੀ ਇੱਕ ਜਿੱਤ ਹੈ।

## 2—ਮਜ਼ਦੂਰ ਜਮਾਤ ਦਾ ਅਗਵਾਈ ਵਾਲਾ ਰੋਲ ਅਤੇ ਮਿਹਨਤਕਸ਼ ਲੋਕਾਂ ਦੀ ਸਿਖਲਾਈ

ਪਾਰਟੀ ਦੀ ਰਾਹਨੁਮਾਈ ਹੇਠ, ਮਜ਼ਦੂਰ ਜਮਾਤ, ਅਲਬਾਨੀਆਂ ਦੀ ਮੁਕਤੀ ਅਤੇ ਜਮਹੂਰੀ ਇਨਕਲਾਬ ਦੀ ਜਿੱਤ ਅਤੇ ਸਮਾਜਵਾਦੀ ਅਧਾਰ ਤੇ ਦੇਸ਼ ਦੀ ਸਰਬ-ਪੱਖੀ ਇਨਕਲਾਬੀ ਤਬਦੀਲੀ ਵਾਸਤੇ ਘੋਲ ਅਤੇ ਕੰਮ ਦੇ ਪਿਛਲੇ 35 ਸਾਲਾਂ ਵਿਚ ਮਹਾਨ ਇਤਿਹਾਸਕ ਘਟਨਾਵਾਂ ਵਿਚ ਮੋਹਰਲੀਆਂ ਸਫਾਂ ਵਿਚ ਰਹੀ ਹੈ। ਸਹੀ ਮਾਰਕਸਵਾਦੀ-ਲੈਨਿਨਵਾਦੀ ਰਾਹ ਉਤੇ ਸਾਡੇ ਇਨਕਲਾਬ ਦੇ ਲਗਾਤਾਰ ਵਿਕਾਸ ਵਿਚ ਇਹ ਇੱਕ ਮੁੱਖ ਤੱਤ ਹੈ।

ਮਜ਼ਦੂਰ ਜਮਾਤ, ਸਮਾਜ ਦੀ ਆਗੂ ਜਮਾਤ ਹੈ। ਇਸਦੀ ਆਪਣੀ ਸਿਆਸੀ ਪਾਰਟੀ ਹੈ ਜੋ ਇਸਦੀ ਅਗਵਾਈ ਕਰਦੀ ਹੈ, ਅਤੇ ਮਾਰਕਸਵਾਦੀ-ਲੈਨਿਨ-ਵਾਦੀ ਵਿਚਾਰਧਾਰਾ ਇਸਦੇ ਰਾਹ ਨੂੰ ਰੁਸ਼ਨਾਉਂਦੀ ਹੈ। ਇਹ ਸਮਾਜਵਾਦ ਅਤੇ ਕਮਿਉਨਿਜ਼ਮ ਦੇ ਆਦਰਸ਼ਾਂ ਦੀ ਕਹਾਰ ਹੈ। ਇਹ ਸਮਾਜਵਾਦੀ ਜਾਇਦਾਦ ਦੀ ਸਭ ਤੋਂ ਉਚਤਮ ਸ਼ਕਲ ਅਤੇ ਆਰਥਿਕਤਾ ਦੇ ਮੋਹਰੀ ਖੇਤਰਾਂ ਨਾਲ ਜੁੜੀ ਹੋਈ ਹੈ। ਇਹ ਸਭ ਤੋਂ ਵੱਧ ਜਾਗਰਤ, ਜਥੇਬੰਦ ਅਤੇ ਜ਼ਾਬਤੇ ਵਾਲੀ ਜਮਾਤ ਹੈ। ਪੈਦਾਵਾਰ ਵਿਚ ਅਤੇ ਅਬਾਦੀ ਦੀ ਬਣਤਰ ਵਿਚ ਇਸਦਾ ਭਾਰੂਪਣ ਲਗਾਤਾਰ ਵਧ ਰਿਹਾ ਹੈ।

ਜਿਵੇਂ ਕਿ ਮਾਰਕਸਵਾਦ-ਲੈਨਿਨਵਾਦ ਸਾਨੂੰ ਸਿਖਾਉਂਦਾ ਹੈ, ਮਜ਼ਦੂਰ ਜਮਾਤ ਤੋਂ ਬਿਨਾਂ ਕੋਈ ਵੀ ਹੋਰ ਜਮਾਤ ਜਾਂ ਜਮਾਤੀ ਵਰਗ, ਪ੍ਰੋਲਤਾਰੀ ਦੀ ਡਿਕਟੇਟ-ਰਸ਼ਿਪ ਨੂੰ ਕਾਇਮ ਕਰਨ ਅਤੇ ਨਵੇਂ ਸਮਾਜਵਾਦੀ ਸਮਾਜ ਦੀ ਉਸਾਰੀ ਦੇ ਘੋਲ ਵਿਚ ਅਗਵਾਈ ਵਾਲਾ ਰੋਲ ਅਦਾ ਨਹੀਂ ਕਰ ਸਕਦੇ। ਇਹ ਰੋਲ ਭਵਿੱਖ ਵਿਚ ਵੀ ਬਰਕਰਾਰ ਰੱਖਿਆ ਜਾਵੇਗਾ ਅਤੇ ਮਜ਼ਬੂਤ ਕੀਤਾ ਜਾਵੇਗਾ, ਜਿੰਨਾਂ ਚਿਰ ਜਮਾਤਾਂ ਅਤੇ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਦੀ ਸਟੇਟ ਮੌਜੂਦ ਹੈ।

ਦੋ ਕਾਂਗਰਸਾਂ ਦੇ ਦਰਮਿਆਨ ਦੇ ਸਮੇਂ ਵਿਚ ਪਾਰਟੀ ਨੇ ਪੂਰੀ ਵਾਹ ਲਾਈ ਹੈ ਕਿ ਮਜ਼ਦੂਰ ਜਮਾਤ ਦੇ ਰੋਲ ਨੂੰ ਹਰ ਜਗ੍ਹਾ ਮਹਿਸੂਸ ਕੀਤਾ ਜਾ ਸਕੇ, ਤਾਂ ਕਿ ਮਜ਼ਦੂਰ ਜਮਾਤ ਆਪਣੀ ਵਿਚਾਰਧਾਰਾ, ਇਨਕਲਾਬੀ ਜੋਸ਼ ਅਤੇ ਮਿਸਾਲ ਰਾਹੀਂ ਸਮੁੱਚੇ ਦੇਸ਼ ਦੀ ਜ਼ਿੰਦਗੀ ਦੀ ਅਗਵਾਈ ਕਰੇ। ਸਿੱਟੇ ਵਜੋਂ, ਮਜ਼ਦੂਰ ਜਮਾਤ ਦੀ ਸਿਆਸੀ ਸਰਗਰਮੀ ਵਧੀ ਹੈ, ਪਾਰਟੀ ਅਤੇ ਸਟੇਟ ਦੇ ਮੁੱਖ ਮਸਲਿਆਂ ਨੂੰ ਹੱਲ ਕਰਨ ਵਿਚ ਇਸਦੀ ਸ਼ਮੂਲੀਅਤ ਵਧੀ ਹੈ ਅਤੇ ਸਭ ਖੇਤਰਾਂ ਵਿਚ ਪਾਰਟੀ ਦੀ ਨੀਤੀ ਨੂੰ ਲਾਗੂ ਕਰਨ ਉਤੇ ਇਸਦਾ ਸਿੱਧਾ ਕੰਟਰੋਲ ਵਧਿਆ ਅਤੇ ਮਜ਼ਬੂਤ ਹੋਇਆ ਹੈ। ਮਜ਼ਦੂਰ ਜਮਾਤ ਦੇ ਰੋਲ ਵਿਚ ਵਾਧੇ ਦਾ ਅਹਿਮ ਸਬੂਤ ਇਹ ਹੈ ਕਿ ਵੱਡੀ ਗਿਣਤੀ ਵਿਚ ਕੇਡਰ, ਜਿਹੜੇ ਮਜ਼ਦੂਰ ਜਮਾਤ ਦੀਆਂ ਸਫਾਂ ਵਿਚੋਂ ਉਠੇ ਹਨ, ਉਨ੍ਹਾਂ ਨੂੰ ਪਾਰਟੀ, ਰਾਜਸੱਤਾ, ਆਰਥਿਕਤਾ ਅਤੇ ਸੱਭਿਆਚਾਰ ਦੀਆਂ ਸੰਸਥਾਵਾਂ ਅਤੇ ਜਥੇਬੰਦੀਆਂ ਵਿਚ ਲਿਆਂਦਾ ਗਿਆ ਹੈ, ਅਤੇ ਉਨ੍ਹਾਂ ਨੇ ਕੰਮ ਨੂੰ ਵਧੇਰੇ ਜੋਸ਼ੀਲਾ ਅਤੇ ਇਨਕਲਾਬੀ ਬਣਾਇਆ ਹੈ।

ਇਹ ਸਿੱਟੇ ਨੌਕਰਸ਼ਾਹੀ ਅਤੇ ਉਦਾਰਵਾਦੀ, ਨਿਪੁੰਨਤਾਵਾਦੀ ਅਤੇ ਨਿੱਜਵਾਦੀ ਧਾਰਨਾਂਵਾਂ ਅਤੇ ਰਵੱਈਆਂ ਦੇ ਖਿਲਾਫ ਇੱਕ ਤੇਜ਼ ਘੋਲ ਰਾਹੀਂ ਪ੍ਰਾਪਤ ਕੀਤੇ ਗਏ ਹਨ। ਇਹ ਧਾਰਨਾਵਾਂ ਅਤੇ ਰਵੱਈਏ ਮਜ਼ਦੂਰ ਜਮਾਤ ਦੀ ਯੋਗਤਾ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ, ਉਹ ਇਸਦੇ ਕੰਟਰੋਲ ਨੂੰ ਮੰਨਣ ਤੋਂ ਇਨਕਾਰੀ ਸਨ, ਜਾਂ ਸਿਰਫ ਦਿਖਾਵੇ ਲਈ ਹੀ ਮੰਨਦੇ ਸਨ, ਅਤੇ ਜਿਹੜੇ ਵੱਖ ਵੱਖ ਸ਼ਕਲਾਂ ਅਤੇ ਢੰਗਾਂ ਵਿਚ ਸੰਸਥਾਵਾਂ, ਦਫਤਰੀ ਕਰਮਚਾਰੀਆਂ ਅਤੇ ਮਾਹਿਰਾਂ ਦੇ ਰੋਲ ਨੂੰ ਵਧਾ ਚੜ੍ਹਾ ਕੇ ਦੇਖਦੇ ਸਨ।

ਭਵਿੱਖ ਵਿਚ ਵੀ, ਦੇਸ਼ ਦੇ ਸਮੁੱਚੇ ਜੀਵਨ ਵਿਚ ਮਜ਼ਦੂਰ ਜਮਾਤ ਦੇ ਵਧੇਰੇ ਅਗਵਾਈ ਵਾਲੇ ਰੋਲ ਨੂੰ ਯਕੀਨੀ ਬਣਾਉਣ ਅਤੇ ਮਜ਼ਬੂਤ ਕਰਨ ਵਾਸਤੇ ਪਾਰਟੀ ਅਣਥੱਕ ਕੰਮ ਕਰੇਗੀ। ਮਜ਼ਦੂਰ ਜਮਾਤ ਇਹ ਰੋਲ ਆਪਣੀ ਪਾਰਟੀ ਅਤੇ ਪ੍ਰੋਲਤਾਰੀ ਸਟੇਟ ਰਾਹੀਂ ਅਦਾ ਕਰਦੀ ਹੈ। ਪਾਰਟੀ ਤੋਂ ਬਿਨਾਂ, ਮਜ਼ਦੂਰ ਜਮਾਤ ਦਾ ਅਗਵਾਈ ਵਾਲਾ ਰੋਲ ਇੱਕ ਫਰਾਡ ਹੀ ਹੋਵੇਗਾ। ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਨਾਲ ਲੈਸ, ਮਜ਼ਦੂਰ ਜਮਾਤ ਦੀ ਇਨਕਲਾਬੀ ਪਾਰਟੀ ਹੀ ਮਜ਼ਦੂਰ ਜਮਾਤ ਨੂੰ ਇਸਦੇ ਇਤਿਹਾਸਕ ਮਿਸ਼ਨ ਬਾਰੇ ਜਾਗਰਤ ਕਰਾ ਸਕਦੀ ਹੈ ਅਤੇ ਇਸ ਦੇ ਘੋਲ ਦੇ ਉਦੇਸ਼ਾਂ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਦੇ ਢੰਗਾਂ ਨੂੰ ਸ਼ਪੱਸ਼ਟ ਤੌਰ ਤੇ ਸਾਹਮਣੇ ਰੱਖ ਸਕਦੀ ਹੈ। ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਕਾਇਮ ਕਰਨ

ਅਤੇ ਸਮਾਜਵਾਦ ਉਸਾਰਨ ਦੇ ਗੁੰਝਲਦਾਰ ਘੋਲ ਵਿਚ ਪਾਰਟੀ ਹੀ ਮਜ਼ਦੂਰ ਜਮਾਤ ਅਤੇ ਇਸਦੇ ਸਭ ਦੋਸਤਾਂ ਨੂੰ ਜਥੇਬੰਦ ਕਰਦੀ ਹੈ, ਉਨ੍ਹਾਂ ਨੂੰ ਸਿਖਲਾਈ ਦਿੰਦੀ ਹੈ ਅਤੇ ਲਾਮਬੰਦ ਕਰਦੀ ਹੈ।

ਹਰ ਕਿਸਮ ਦੇ ਸੋਧਵਾਦੀਏ, ਪੁਰਾਣੇ ਅਤੇ ਨਵੇਂ, ਮਜ਼ਦੂਰ ਜਮਾਤ ਦੇ ਇਤਿਹਾਸਕ ਮਿਸ਼ਨ ਨੂੰ ਰੱਦ ਕਰਨ ਵਾਸਤੇ, ਖਾਸ ਤੌਰ ਤੇ ਇਨਕਲਾਬ ਅਤੇ ਸਮਾਜਵਾਦੀ ਉਸਾਰੀ ਵਿਚ, ਇਸਦੇ ਮੋਹਰੀ ਦਸਤੇ, ਮਾਰਕਸਵਾਦੀ ਲੈਨਿਨਵਾਦੀ ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਖਤਮ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਵਿਚਾਰ ਫੈਲਾਉਂਦੇ ਰਹੇ ਹਨ, ਅਤੇ ਅੱਜ ਵੀ ਫੈਲਾ ਰਹੇ ਹਨ।

ਸਮੁੱਚੇ ਲੋਕਾਂ ਦੀ ਪਾਰਟੀ ਅਤੇ ਸਟੇਟ, ਪਾਰਟੀ ਇੱਕ ਵਿਚਾਰਧਾਰਕ ਤੱਤ ਜਾਂ ਤਾਲਮੇਲ ਦਾ ਇੱਕ ਸਾਧਨ, ਆਦਿ ਦੇ ਆਪਣੇ "ਸਿਧਾਂਤਾਂ "ਰਾਹੀਂ; ਮਜ਼ਦੂਰ ਲਹਿਰ ਦੇ ਆਪ-ਮੁਹਾਰੇਪਣ, ਅਤੇ ਹੋਰ ਸਿਆਸੀ ਜਮਾਤਾਂ ਅਤੇ ਤਾਕਤਾਂ ਦੀ ਅਗਵਾਈ ਹੇਠ ਸਮਾਜਵਾਦ ਵੱਲ ਤਬਦੀਲੀ ਦੀਆਂ ਆਪਣੀਆਂ ਨਸੀਹਤਾਂ ਰਾਹੀਂ; ਉਹ ਮਜ਼ਦੂਰ ਜਮਾਤ ਨੂੰ ਲੀਡਰਸ਼ਿਪ ਤੋਂ ਵਾਂਝਿਆਂ ਕਰਨਾ ਚਾਹੁੰਦੇ ਹਨ ਅਤੇ ਇਸਨੂੰ ਇੱਕ ਅਜੇਹੇ ਦੁਸ਼ਮਣ ਅੱਗੇ ਨਿਹੱਥਾ ਕਰਨਾ ਚਾਹੁੰਦੇ ਹਨ, ਜੇਹੜਾ ਦੁਸ਼ਮਣ ਜਥੇਬੰਦ ਅਤੇ ਹਥਿਆਰਬੰਦ ਹੈ, ਉਹ ਇਨਕਲਾਬ ਨੂੰ ਸੱਟ ਮਾਰਨੀ ਚਾਹੁੰਦੇ ਹਨ, ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਸਿਧਾਂਤ ਅਤੇ ਅਮੱਲ ਨੂੰ ਖਤਮ ਕਰਨਾ ਚਾਹੁੰਦੇ ਹਨ।

ਸਾਡੀ ਪਾਰਟੀ ਨੇ ਇਨ੍ਹਾਂ ਪਿਛਾਂਹ-ਖਿਚੂ ਸਿਧਾਂਤਾਂ ਅਤੇ ਨਾਲੋ ਨਾਲ "ਸਵੈ ਪ੍ਰਸ਼ਾਸ਼ਨ", ਅਤੇ ਮਜ਼ਦੂਰ ਜਮਾਤ ਦੀ "ਸਿੱਧੀ ਅਗਵਾਈ" ਦੇ ਮਾਰਕਸਵਾਦ-ਵਿਰੋਧੀ ਵਿਚਾਰਾਂ ਦਾ ਡਟਕੇ ਖੰਡਨ ਕੀਤਾ ਹੈ। ਇਸਨੇ ਆਪਣੀ ਮਜ਼ਦੂਰ ਜਮਾਤ ਨੂੰ ਉਹ ਇਤਿਹਾਸਕ ਰੋਲ ਦਿੱਤਾ ਹੈ ਜੋ ਸਮਾਜਵਾਦੀ ਸਮਾਜ ਵਿਚ ਇਸ ਦੇ ਜਿੰਮੇਂ ਆਉਂਦਾ ਹੈ। ਇਹ ਖਰੁਸਚਵੀ ਸੋਧਵਾਦੀਆਂ ਦੇ ਸਿਧਾਂਤਾਂ ਅਤੇ ਅਮਲਾਂ ਦੇ ਬਿਲਕੁੱਲ ਉਲਟ ਹੈ ਜਿਹੜੇ ਆਪਣੇ ਦੇਸ਼ਾਂ ਦੀ ਮਜ਼ਦੂਰ ਜਮਾਤ ਨੂੰ ਸਿਰਫ ਇੱਕ ਪੈਦਾਵਾਰੀ ਤਾਕਤ ਹੀ ਮੰਨਦੇ ਹਨ, ਅਤੇ ਉਨ੍ਹਾਂ ਨੇ ਇਸਨੂੰ ਇੱਕ ਦੱਬੀ-ਕੁਚਲੀ ਤੇ ਲੁਟੀਦੀ ਜਮਾਤ ਵਿਚ ਤਬਦੀਲ ਕਰ ਦਿੱਤਾ ਹੈ, ਜਿਸਦੀ ਕੀਮਤ ਉਤੇ ਨਵੀਂ ਬੁਰਜ਼ੁਆਜ਼ੀ ਅਮੀਰ ਬਣ ਰਹੀ ਹੈ।

ਸਾਡੇ ਦੇਸ਼ ਵਿਚ, ਪਾਰਟੀ ਅਤੇ ਸਟੇਟ ਦੀ ਨੀਤੀ ਦਾ ਕੋਈ ਅਜੇਹਾ ਮਸਲਾ ਨਹੀਂ ਹੈ ਜਿਸ ਵਿਚ ਮਜ਼ਦੂਰ ਜਮਾਤ ਅਤੇ ਮੇਹਨਤਕਸ਼ ਲੋਕ ਆਪਣੇ ਵਿਚਾਰ ਪੇਸ਼

ਨਾ ਕਰ ਸਕਦੇ ਹੋਣ, ਅਤੇ ਜਿਸ ਦੇ ਹੱਲ ਵਿਚ ਉਹ ਸਰਗਰਮ ਹਿੱਸਾ ਨਾ ਲੈਂਦੇ ਹੋਣ। ਸਾਡੀ ਪਾਰਟੀ ਨੇ ਮਜ਼ਦੂਰ ਜਮਾਤ ਅਤੇ ਹੋਰ ਮੇਹਨਤਕਸ਼ ਲੋਕਾਂ ਨਾਲ ਮਸ਼ਵਰੇ, ਲੋਕਾਂ ਵਲੋਂ ਤਰੁੱਟੀਆਂ ਅਤੇ ਕਮਜ਼ੋਰੀਆਂ ਦੀ ਵੱਧ ਤੋਂ ਵੱਧ ਨੁਕਤਾਚੀਨੀ, ਅਤੇ ਦੇਸ਼ ਨੂੰ ਚਲਾਉਣ ਵਿੱਚ ਮਜ਼ਦੂਰ ਜਮਾਤ ਦੀ ਸ਼ਮੂਲੀਅਤ ਨੂੰ ਉਤਸ਼ਾਹ ਦੇਣ ਨੂੰ ਬਹੁਤ ਮਹੱਤਵਪੂਰਨ ਸਮਝਿਆ ਹੈ, ਅਤੇ ਅੱਜ ਵੀ ਸਮਝਦੀ ਹੈ।

ਪਾਰਟੀ ਨੇ ਮਜ਼ਦੂਰ ਜਮਾਤ ਅਤੇ ਹੋਰ ਮੇਹਨਤਕਸ਼ ਲੋਕਾਂ ਵਲੋਂ ਸਿੱਧੇ ਕੰਟਰੋਲ, ਦੇ ਮਹਾਨ ਲੈਨਿਨਵਾਦੀ ਅਸੂਲ ਨੂੰ ਅਮਲ ਵਿਚ ਲਾਗੂ ਕਰਨ ਵੱਲ ਉਚੇਚੀ ਤਵੱਜੋਂ ਦਿੱਤੀ ਹੈ। ਇਹ ਇਸ ਕੰਟਰੋਲ ਨੂੰ, ਜੋ ਇਸਦੀ ਅਗਵਾਈ ਹੇਠ ਸਭ ਸਟੇਟ ਅਤੇ ਸਮਾਜਿਕ ਸਰਗਰਮੀਆਂ ਵਿਚ ਲਾਗੂ ਕੀਤਾ ਜਾਂਦਾ ਹੈ, ਸਾਡੇ ਸਮਾਜਵਾਦੀ ਸਮਾਜ ਦਾ ਇੱਕ ਸਰਬ-ਵਿਆਪਕ ਅਤੇ ਸਥਾਈ ਅਸੂਲ, ਜੋ ਸਮਾਜ ਦੇ ਸਾਰੇ ਖੇਤਰਾਂ ਵਿਚ ਲਾਗੂ ਹੁੰਦਾ ਹੈ, ਮਜ਼ਦੂਰ ਜਮਾਤ ਵਲੋਂ ਕਿਸਾਣੀ ਨਾਲ ਮਿਲਕੇ ਪ੍ਰੋਲ਼ਤਾਰੀ ਦੀ ਡਿਕਟੇਟਰਸ਼ਿਪ ਲਾਗੂ ਕਰਨ ਦਾ ਸਬੂਤ ਮੰਨਦੀ ਹੈ। ਸਮਾਜਵਾਦ ਦੀ ਜਿੱਤ ਨੂੰ ਯਕੀਨੀ ਬਣਾਉਣ ਵਾਸਤੇ, ਸਮਾਜਵਾਦੀ ਢਾਂਚੇ ਦੀ ਗਿਰਾਵਟ ਨੂੰ ਰੋਕਣ ਵਾਸਤੇ ਜਮਾਤੀ ਘੋਲ ਵਿਚ ਮਜ਼ਦੂਰ ਕੰਟਰੋਲ ਇੱਕ ਬਹੁਤ ਹੀ ਅਹਿਮ ਪੱਖ ਹੈ, ਅਤੇ ਇਹ ਮਜ਼ਦੂਰ ਜਮਾਤ ਅਤੇ ਹੋਰ ਮੇਹਨਤਕਸ਼ ਲੋਕਾਂ ਦੀ ਇਨਕਲਾਬੀ ਪੜ੍ਹਾਈ ਦਾ ਇੱਕ ਮਹਾਨ ਸਕੂਲ ਹੈ।

ਤਰੁੱਟੀਆਂ ਅਤੇ ਕਮਜ਼ੋਰੀਆਂ, ਉਦਾਰਵਾਦ, ਸਟੇਟ ਦੇ ਕਾਨੂੰਨਾਂ ਦੀ ਉਲੰਘਣਾ ਅਤੇ ਸਾਡੇ ਸਮਾਜ ਦੇ ਅਸੂਲਾਂ ਦੀ ਉਲੰਘਣਾਂ ਨੂੰ ਫੜਨ ਅਤੇ ਰੋਕਣ ਵਿਚ ਸਿੱਧਾ ਮਜ਼ਦੂਰ ਅਤੇ ਕਿਸਾਨ ਕੰਟਰੋਲ ਬਹੁਤ ਹੀ ਲਾਹੇਵੰਦ ਸਾਬਤ ਹੋਇਆ ਹੈ। ਕਈ ਪ੍ਰਬੰਧਕੀ ਅਦਾਰਿਆਂ, ਆਰਥਿਕ ਅਦਾਰਿਆਂ ਅਤੇ ਸਭਿਆਚਾਰਕ ਸੰਸਥਾਵਾਂ, ਅਤੇ ਪਾਰਟੀ ਕੇਡਰਾਂ ਅਤੇ ਪਾਰਟੀ ਜਥੇਬੰਦੀਆਂ ਵਿਚ ਨੌਕਰਸ਼ਾਹੀ ਦੀ ਧੂੜ ਨੂੰ ਝਾੜਨ ਅਤੇ ਸਮੁੱਚੇ ਦੇਸ਼ ਵਿਚ ਇੱਕ ਇਨਕਲਾਬੀ ਮਹੌਲ ਪੈਦਾ ਕਰਨ, ਪਾਰਟੀ ਦੀ ਲਾਈਨ ਨੂੰ ਸਹੀ ਤੋਰ ਤੇ ਲਾਗੂ ਕਰਨ ਅਤੇ ਸਮਾਜਵਾਦੀ ਉਸਾਰੀ ਦੇ ਕੰਮਾਂ ਨੂੰ ਸਫਲਤਾਪੂਰਬਕ ਨੇਪਰੇ ਚਾੜ੍ਹਨ ਵਿਚ ਇਸਨੇ ਬਹੁਤ ਹੀ ਤਾਕਤਵਰ ਹਥਿਆਰ ਦਾ ਕੰਮ ਦਿੱਤਾ ਹੈ।

ਹੁਣੇ ਜਿਹੇ, ਪਾਰਟੀ ਨੇ ਮਜ਼ਦੂਰ ਅਤੇ ਕਿਸਾਨ ਕੰਟਰੋਲ ਨੂੰ ਇੱਕ ਮਜ਼ਬੂਤ ਜਥੇਬੰਦਕ ਬੁਨਿਆਦ ਦੇਣ ਅਤੇ ਇਸਨੂੰ ਇੱਕ ਉਚੀ ਪੱਧਰ ਤਕ ਲਿਜਾਣ ਲਈ ਮਹੱਤਵਪੂਰਨ ਕਦਮ ਚੁੱਕੇ। ਮਜ਼ਦੂਰ ਅਤੇ ਕਿਸਾਨ ਕੰਟਰੋਲ ਗਰੁੱਪਾਂ ਦੀ ਮਜ਼ਬੂਤੀ ਅਤੇ ਜਥੇ-

ਬੰਦੀ, ਪਾਰਟੀ ਜਥੇਬੰਦੀਆਂ ਅਤੇ ਕਮੇਟੀਆਂ ਵਲੋਂ ਇਸ ਕੰਟਰੋਲ ਦੀ ਰਾਹਨੁਮਾਈ, ਪਾਰਟੀ ਦੀ ਲਾਈਨ ਅਤੇ ਫੈਸਲਿਆਂ ਨੂੰ ਲਾਗੂ ਕਰਨ ਨਾਲ ਸਬੰਧਤ ਮਹੱਤਵਪੂਰਨ ਸਵਾਲਾਂ ਤੇ ਇਸਦੀ ਰਾਹਨੁਮਾਈ, ਹੇਠ ਤੋਂ ਮਜ਼ਦੂਰ ਅਤੇ ਕਿਸਾਨ ਕੰਟਰੋਲ ਦਾ ਉਤਾਂਹ ਤੋਂ ਸਟੇਟ ਕੰਟਰੋਲ ਨਾਲ ਵਧੀਆ ਤਾਲਮੇਲ ਅਤੇ ਇਸ ਕੰਟਰੋਲ ਨੂੰ ਹੋਰ ਵਧੀਆ ਬਣਾਉਣ ਵਾਸਤੇ ਨਵੇਂ ਲਾਹੇਵੰਦ ਢੰਗ ਲੱਭਣ ਵਾਸਤੇ ਇਸਦੇ ਇਨਕਲਾਬੀ ਤਜਰਬੇ ਦਾ ਨਿਰੀਖਣ, ਹੁਣ ਬਹੁਤ ਮਹੱਤਵਪੂਰਨ ਹੋ ਗਏ ਹਨ।

ਮਜ਼ਦੂਰ ਜਮਾਤ ਦੇ ਅਗਵਾਈ ਵਾਲੇ ਰੋਲ ਨੂੰ ਹੋਰ ਵਧਾਉਣਾ ਤੇ ਮਜ਼ਬੂਤ ਕਰਨਾ, ਇਸਦੇ ਵਿਚਾਰਧਾਰਕ-ਸਿਆਸੀ ਅਸਰ-ਰਸੂਖ ਦਾ ਪਸਾਰਾ ਅਤੇ ਇਸਦੇ ਕੰਮ ਦੀ ਕਾਬਲੀਅਤ, ਕਾਫੀ ਹੱਦ ਤਕ ਇਸਦੀ ਇਨਕਲਾਬੀ ਪੜ੍ਹਾਈ ਅਤੇ ਸਿਖਲਾਈ ਉਤੇ, ਅਤੇ ਸਮਾਜਵਾਦੀ ਸਮਾਜ ਵਿਚ ਇਸਨੂੰ ਆਪਣਾ ਮਿਸ਼ਨ ਨੇਪਰੇ ਚਾੜ੍ਹਨ ਦੇ ਯੋਗ ਬਣਾਉਣ ਵਾਸਤੇ ਇਸਦੀ ਚੇਤੰਨਤਾ ਦੇ ਪੱਧਰ ਨੂੰ ਉਚਿਆਂ ਚੁੱਕਣ ਉਤੇ ਨਿਰ-ਭਰ ਹਨ।

ਇਸ ਮਸਲੇ ਬਾਰੇ, ਪਾਰਟੀ ਇਸ ਸਚਾਈ ਨੂੰ ਧਿਆਨ-ਗੋਚਰੇ ਰੱਖਦੀ ਹੈ ਕਿ ਸਾਡੀ ਮਜ਼ਦੂਰ ਜਮਾਤ ਅਜੇ ਕੁੱਝ ਹੱਦ ਤਕ ਅੱਲੜ੍ਹ ਹੈ, ਵੱਡੀ ਗਿਣਤੀ ਵਿਚ ਮਜ਼ਦੂਰ ਗੈਰ-ਪ੍ਰੋਲਤਾਰੀ ਵਰਗ ਵਿਚੋਂ ਹਨ, ਇਸਦੀਆਂ ਸਫਾਂ ਵਿਚ ਵੱਡੀ ਗਿਣਤੀ ਵਿਚ ਨੌਜੁਆਨ ਮਜ਼ਦੂਰ ਸਿੱਧੇ ਸਕੂਲਾਂ ਤੋਂ ਆਕੇ ਦਾਖਲ ਹੋ ਰਹੇ ਹਨ, ਜਿਨ੍ਹਾਂ ਵਿਚ ਕੰਮ ਅਤੇ ਜੀਵਨ ਵਿਚ ਤਜਰਬੇ ਦੀ ਘਾਟ ਹੈ। ਇਹ ਸਾਰੀਆਂ ਗੱਲਾਂ, ਅਤੇ ਨਾਲੋ-ਨਾਲ ਸਿਖਲਾਈ ਦੇ ਕੰਮ ਵਿਚ ਕਮਜ਼ੋਰੀਆਂ, ਕੁੱਝ ਅਜੇਹੇ ਕਾਰਨ ਹਨ ਜਿਨ੍ਹਾਂ ਕਰਕੇ ਬਹੁਤ ਸਾਰੇ ਮਜ਼ਦੂਰ ਆਪਣੀ ਜਮਾਤ ਵਾਲਾ ਉਹ ਰੋਲ ਅਦਾ ਨਹੀਂ ਕਰ ਸਕਦੇ ਜੋ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ, ਉਹ ਹੌਸਲੇ ਅਤੇ ਸਿਆਣਪ ਨਾਲ ਡਟਕੇ ਆਪਣੇ ਵਿਚਾਰ ਦੇਣ ਵਿਚ ਅਸਫਲ ਰਹਿੰਦੇ ਹਨ, ਪਾਰਟੀ ਦੀ ਲਾਈਨ ਅਤੇ ਫੈਸਲਿਆਂ ਨੂੰ ਹਰਇੱਕ ਵਲੋਂ ਸਹੀ ਤੌਰ ਤੇ ਲਾਗੂ ਕੀਤੇ ਜਾਣ ਨੂੰ ਯਕੀਨੀ ਬਣਾਉਣ ਵਿਚ ਅਪਣੀ ਮਹਾਨ ਜਿੰਮੇਵਾਰੀ ਨੂੰ ਮਹਿਸੂਸ ਨਹੀਂ ਕਰਦੇ, ਹਮੇਸ਼ਾ ਇੱਕ ਉਚੇ ਇਨਕਲਾਬੀ ਜਜ਼ਬੇ, ਪ੍ਰੋਲਤਾਰੀ ਜਥੇਬੰਦੀ ਅਤੇ ਡਸਿਪਲਿਨ ਨਾਲ ਕੰਮ ਨਹੀਂ ਕਰਦੇ।

ਇਸ ਵਾਸਤੇ ਭਵਿੱਖ ਵਿਚ ਵੀ, ਮਜ਼ਦੂਰ ਜਮਾਤ ਨੂੰ ਮਾਰਕਸਵਾਦੀ-ਲੈਨਿਨ-ਵਾਦੀ ਵਿਚਾਰਧਾਰਾਂ ਨਾਲ ਲੈਸ ਕਰਨ, ਇਸਨੂੰ ਇਸਦੇ ਰੋਲ ਅਤੇ ਕੰਮਾਂ ਦੇ ਬਾਰੇ ਚੇਤੰਨ ਕਰਨ ਵਾਸਤੇ ਪਾਰਟੀ ਨੂੰ ਡਟਕੇ ਕੰਮ ਕਰਨਾ ਹੋਵੇਗਾ, ਤਾਂ ਕਿ ਇਹ (ਮਜ਼ਦੂਰ ਜਮਾਤ) ਸਮਾਜਵਾਦ ਦੀ ਉਸਾਰੀ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਅਤੇ ਮਾਤ-

ਭੂਮੀ ਦੀ ਰਾਖੀ ਨੂੰ ਮਜਬੂਤ ਕਰਨ ਵਿਚ ਖਾੜਕੂ ਯੋਧੇ ਬਣ ਸਕੇ। ਮਜਦੂਰ ਜਮਾਤ ਨੂੰ ਖੁਦ ਸਟੇਟ ਯੋਜਨਾਵਾਂ ਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਦੇ ਘੋਲ ਵਿਚ ਮੋਹਰਲੀਆਂ ਸਫਾਂ ਵਿਚ ਹੋਣਾ ਚਾਹੀਦਾ ਹੈ, ਸਾਂਝੇ ਹਿੱਤਾਂ ਨੂੰ ਸਭ ਤੋਂ ਵੱਧ ਅਹਿਮੀਅਤ ਦੇਣੀ ਚਾਹੀਦੀ ਹੈ, ਸਾਂਝੀ ਜਾਇਦਾਦ ਦੀ ਰਾਖੀ ਕਰਨੀ ਚਾਹੀਦੀ ਹੈ, ਵੱਧ ਤੋਂ ਵੱਧ ਅਤੇ ਵਧੀਆ ਕੰਮ ਕਰਨਾ ਚਾਹੀਦਾ ਹੈ, ਕੰਮ ਉਤੇ ਡਸਿਪਲਿਨ ਨੂੰ ਮਜਬੂਤ ਕਰਨਾ ਚਾਹੀਦਾ ਹੈ, ਆਪਣੇ ਪ੍ਰੋਲਤਾਰੀ ਖਾਸੇ ਨੂੰ ਬਰਕਰਾਰ ਰੱਖਣਾ ਅਤੇ ਹੋਰ ਵਿਕਸਤ ਕਰਨਾ ਚਾਹੀਦਾ ਹੈ, ਅਤੇ ਲਗਾਤਾਰ ਵਿੱਦਿਅਕ, ਸੱਭਿਆਚਾਰਕ ਅਤੇ ਪ੍ਰੋਫੈਸ਼ਨਲ ਪੱਧਰ ਨੂੰ ਉਚਾ ਚੁੱਕਣਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਮਜਦੂਰ ਜਮਾਤ ਸਾਡੇ ਦੇਸ਼ ਦੀ ਸਹਿਕਾਰੀ ਕਿਸਾਣੀ, ਨੌਜੁਆਨ ਅਤੇ ਬੁੱਧੀਜੀਵੀ ਵਰਗ ਅਤੇ ਸਮੁੱਚੇ ਲੋਕਾਂ ਨੂੰ ਆਪਣੀ ਮਿਸਾਲ ਅਤੇ ਆਪਣੇ ਜ਼ਜ਼ਬਿਆਂ ਦੀ ਸਿਖਲਾਈ ਦੇ ਸਕਦੀ ਹੈ।

ਟਰੇਡ ਯੂਨੀਅਨਾਂ, ਜੋ ਨਵੇਂ ਸਮਾਜ ਦੀ ਉਸਾਰੀ ਵਾਸਤੇ ਮਜਦੂਰਾਂ ਤੇ ਹੋਰ ਮੇਹਨਤਕਸ਼ ਲੋਕਾਂ ਨੂੰ ਸੂਝ ਦੇਣ ਅਤੇ ਲਾਮਬੰਦ ਕਰਨ ਵਿਚ ਮਹਾਨ ਕੰਮ ਕਰਦੀਆਂ ਹਨ, ਇਸ ਕੰਮ ਨੂੰ ਹੋਰ ਵਿਕਸਿਤ ਕਰਨ ਅਤੇ ਅੱਗੇ ਲਿਜਾਣ ਵਿਚ ਉਨ੍ਹਾਂ ਦਾ ਵਿਸ਼ੇਸ਼ ਰੋਲ ਹੈ। ਟਰੇਡ ਯੂਨੀਅਨ ਜਥੇਬੰਦੀ ਦਾ ਮੁੱਖ ਕੰਮ, ਮਜਦੂਰ ਲੋਕਾਂ ਦੀ ਕਮਿਉਨਿਸਟ ਪੜ੍ਹਾਈ ਹੈ। ਟਰੇਡ ਯੂਨੀਅਨ ਜਥੇਬੰਦੀਆਂ ਦੇ ਪੜ੍ਹਾਈ ਦੇ ਇਸ ਕੰਮ ਨੂੰ ਘਟਾ ਕੇ ਦੇਖਣ ਅਤੇ ਉਨ੍ਹਾਂ ਨੂੰ ਪ੍ਰਬੰਧਕੀ ਅਤੇ ਆਰਥਿਕ ਸੰਸਥਾਵਾਂ ਵਿਚ ਸ਼ਾਮਲ ਕਰਨ ਦਾ ਕੋਈ ਵੀ ਝੁਕਾਅ ਬਹੁਤ ਖਤਰਨਾਕ ਹੈ ਅਤੇ ਟਰੇਡ ਯੂਨੀਅਨਾਂ ਨੂੰ ਉਨ੍ਹਾਂ ਦੇ ਕਮਿਉਨਿਜ਼ਮ ਦੇ ਸਕੂਲਾਂ ਦੇ ਤੌਰ ਤੇ ਕੰਮ ਤੋਂ ਕੁਰਾਹੇ ਲੈ ਜਾਂਦਾ ਹੈ।

ਇਹ ਵਿਚਾਰ, ਜੋ ਕਈ ਜਗ੍ਹਾਵਾਂ ਤੇ ਦੇਖਣ ਵਿਚ ਆਇਆ ਹੈ, ਕਿ ਟਰੇਡ ਯੂਨੀਅਨਾਂ ਨੂੰ ਸਿਰਫ ਪੜ੍ਹਾਈ ਨਾਲ ਹੀ ਵਾਸਤਾ ਰੱਖਣਾ ਚਾਹੀਦਾ ਹੈ ਅਤੇ ਆਰਥਿਕ ਮਸਲਿਆਂ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ, ਇਹਵੀ ਸਰਾਸਰ ਗਲਤ ਹੈ। ਇਹ ਠੀਕ ਹੈ ਕਿ ਕੋਈ ਅਜੇਹੀ ਵਜ੍ਹਾ ਨਹੀਂ ਹੈ ਕਿ ਟਰੇਡਯੂਨੀਅਨਾਂ ਸਟੇਟ ਅਤੇ ਆਰਥਿਕ ਸੰਸਥਾਵਾਂ ਦਾ ਕੰਮ ਕਰਨ, ਜਾਂ ਉਨ੍ਹਾਂ ਦੀ ਨਕਲ ਕਰਨ। ਪਰ ਉਨ੍ਹਾਂ ਦਾ ਪੈਦਾਵਾਰ ਅਤੇ ਸਟੇਟ ਦੀਆਂ ਯੋਜਨਾਵਾਂ ਦੇ ਕੰਮਾਂ ਵਿਚ ਦਿਲਚਸਪੀ ਨਾ ਲੈਣਾ ਬਹੁਤ ਹੀ ਗਲਤ ਹੋਵੇਗਾ। ਇਸ ਨਾਲ ਆਰਥਿਕਤਾ ਦੀ ਮੈਨੇਜਮੈਂਟ ਵਿਚ ਨੌਕਰਸ਼ਾਹੀ ਦਾ ਖਤਰਾ ਪੈਦਾ ਹੋ ਜਾਵੇਗਾ। ਟਰੇਡ ਯੂਨੀਅਨਾਂ ਦਾ ਪੜ੍ਹਾਈ ਦਾ ਕੰਮ ਬਹੁਤ ਹੱਦ ਤਕ ਇਸਨੂੰ ਪੈਦਾਵਾਰ ਨਾਲ ਜੋੜਨ ਉਤੇ ਨਿਰਭਰ ਹੈ, ਇਹ ਇੱਕ ਅਜੇਹੀ ਚੀਜ਼ ਹੈ ਜੋ ਆਰਥਿਕਤਾ ਦੇ ਮਸਲਿਆਂ ਤੋਂ ਜਾਣੂੰ ਹੋਣ ਤੋਂ ਬਿਨਾਂ ਨਹੀਂ

ਹੋ ਸਕਦੀ। ਇਸਦੇ ਨਾਲ ਨਾਲ, ਇਹ ਟਰੇਡ ਯੂਨੀਅਨਾਂ ਦੀ ਜ਼ਿਮੇਵਾਰੀ ਹੈ ਕਿ ਉਹ ਕਿਸੇ ਵੀ ਅਜੇਹੀ ਨੌਕਰਸ਼ਾਹ ਕਾਰਵਾਈ ਦੇ ਖਿਲਾਫ ਘੋਲ ਕਰਨ ਜੋ ਕਾਨੂੰਨ ਵਲੋਂ ਮੇਹਨਤਕਸ਼ ਲੋਕਾਂ ਨੂੰ ਦਿੱਤੇ ਹੱਕਾਂ ਦੇ ਜ਼ਰਾ ਜਿੰਨੀ ਵੀ ਖਿਲਾਫ ਹੋਵੇ।

ਮਜ਼ਦੂਰ ਜਮਾਤ ਦੇ ਅਗਵਾਈ ਵਾਲੇ ਰੋਲ ਨੂੰ ਮੰਨਣ ਦੇ ਨਾਲ ਨਾਲ, ਪਾਰਟੀ ਨੇ ਸਾਡੇ ਸਮਾਜ ਵਿਚ ਕਿਸਾਣੀ ਦੀ ਜਗ੍ਹਾ ਅਤੇ ਇਸਦੀ ਮਹਾਨ ਸ਼ਕਤੀ ਦਾ ਵੀ ਹਮੇਸ਼ਾ ਹੀ ਸਹੀ ਜ਼ਾਇਜ਼ਾ ਲਾਇਆ ਹੈ। ਅਲਬਾਨੀਆਂ ਦੀ ਮੁਕਤੀ ਦੀ ਜੰਗ ਦੇ ਭਾਂਬੜਾਂ ਵਿਚ ਅਤੇ ਲੋਕਸੱਤਾ ਦੀ ਸਥਾਪਨਾ ਵਿਚ, ਸਮਾਜਵਾਦ ਦੀ ਉਸਾਰੀ ਦੇ ਤਿੱਖੇ ਘੋਲਾਂ ਵਿਚ, ਪਾਰਟੀ ਨੇ ਮਜ਼ਦੂਰ ਜਮਾਤ ਦੀ ਅਗਵਾਈ ਹੇਠ ਮਜ਼ਦੂਰ ਜਮਾਤ ਅਤੇ ਮੇਹਨਤਕਸ਼ ਕਿਸਾਣੀ ਦੀ ਮਜ਼ਬੂਤ ਏਕਤਾ ਕਾਇਮ ਕੀਤੀ। ਇਹ ਏਕਤਾ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਬੁਨਿਆਦੀ ਅਸੂਲ ਹੈ ਅਤੇ ਪਾਰਟੀ ਦੇ ਗਿਰਦ ਲੋਕਾਂ ਦੀ ਏਕਤਾ ਦੀ ਬੁਨਿਆਦ ਹੈ।

ਪਾਰਟੀ ਅਤੇ ਮਜ਼ਦੂਰ ਜਮਾਤ ਦੀ ਸਟੇਟ ਨੇ ਇੱਕ ਸਰਬ-ਪੱਖੀ ਵਿਸ਼ਾਲ ਸਿਆਸੀ ਅਤੇ ਵਿਚਾਰਧਾਰਕ , ਆਰਥਿਕ ਅਤੇ ਸਮਾਜਿਕ-ਸੱਭਿਆਚਾਰਕ ਪ੍ਰੋਗਰਾਮ ਲਾਗੂ ਕੀਤਾ ਜਿਸਨੇ ਦਿਹਾਤ ਵਿਚ ਬੇਹੱਦ ਇਨਕਲਾਬੀ ਤਬਦੀਲੀ ਕੀਤੀ ਤੇ ਮਜ਼ਦੂਰ ਜਮਾਤ ਅਤੇ ਕਿਸਾਣੀ ਦੀ ਏਕਤਾ ਮਜ਼ਬੂਤ ਕੀਤੀ। ਅੱਜ, ਸਾਡੇ ਸਮੁੱਚੇ ਦਿਹਾਤੀ ਇਲਾਕੇ ਸਮਾਜਵਾਦ ਦੇ ਰਾਹ ਉਤੇ ਚੱਲ ਪਏ ਹਨ। ਇਹ ਸਾਡੀ ਪਾਰਟੀ ਅਤੇ ਇਨਕਲਾਬ ਦੀ ਇੱਕ ਮਹਾਨ ਇਤਿਹਾਸਕ ਜਿੱਤ ਹੈ।

ਫਿਰ ਵੀ, ਪਾਰਟੀ ਇਸ ਗੱਲ ਤੋਂ ਜਾਣੂੰ ਹੈ ਕਿ ਸ਼ਹਿਰ ਅਤੇ ਦਿਹਾਤ ਵਿਚ ਅਜੇ ਵੀ ਫਰਕ ਹੈ ਅਤੇ ਇਹ ਲੰਬੇ ਸਮੇਂ ਤਕ ਬਰਕਰਾਰ ਰਹੇਗਾ। ਇਸਨੂੰ ਘਟਾਉਣ ਦਾ ਘੋਲ ਇੱਕ ਮੁੱਖ ਢੰਗ ਹੈ ਜਿਸ ਰਾਹੀਂ ਮਜ਼ਦੂਰ ਜਮਾਤ ਅਤੇ ਕਿਸਾਣੀ ਦੀ ਏਕਤਾ ਮਜ਼ਬੂਤ ਕੀਤੀ ਜਾ ਸਕਦੀ ਹੈ, ਅਤੇ ਇਹ ਬੁਰਜ਼ੂਆ ਗਿਰਾਵਟ ਦਾ ਰਾਹ ਰੋਕਣ ਵਾਸਤੇ ਇੱਕ ਲਾਜ਼ਮੀ ਸ਼ਰਤ ਹੈ। ਪਾਰਟੀ ਇਸ ਗੱਲ ਨੂੰ ਯਕੀਨੀ ਬਣਾਣ ਵਾਸਤੇ ਲਗਾਤਾਰ ਕਦਮ ਚੁੱਕ ਰਹੀ ਹੈ ਕਿ ਦਿਹਾਤ ਅਤੇ ਸ਼ਹਿਰਾਂ ਵਿਚਕਾਰ ਪਾੜੇ ਨੂੰ ਲਗਾਤਾਰ ਘਟਾਇਆ ਜਾਵੇ।

ਸਮਾਜਵਾਦੀ ਸਮਾਜ ਵਿਚ ਇਸ ਵਲੋਂ ਅਦਾ ਕੀਤੇ ਗਏ ਅਤੇ ਕੀਤੇ ਜਾ ਰਹੇ ਮਹਾਨ ਰੋਲ ਦੇ ਕਾਰਨ, ਸਾਡੇ ਦੇਸ਼ ਦੀ ਕਿਸਾਣੀ ਹਰ ਉਸ ਗੱਲ ਦੀ ਹੱਕਦਾਰ ਹੈ ਜੋ ਦਿਹਾਤ ਦੀ ਉਨੱਤੀ ਅਤੇ ਪ੍ਰਫੁੱਲਤਾ ਵਾਸਤੇ ਕੀਤੀ ਗਈ ਹੈ। ਬੀਤੇ ਵਿਚ ਪਹਿਲੇ ਮੁਕਤੀ ਘੋਲਾਂ ਅਤੇ ਫਾਸ਼ਿਸਟ-ਵਿਰੋਧੀ ਕੌਮੀ ਮੁਕਤੀ ਜੰਗ ਵਿਚ ਇਹ

ਮੁੱਖ ਧਾਰ ਰਹੀ ਹੈ, ਇਹ ਦੇਸ਼ ਦੀ ਮੁੜ-ਉਸਾਰੀ ਵਿਚ ਫੈਸਲਾਕੁੰਨ ਤਾਕਤ ਸੀ; ਇਹ ਹਮੇਸ਼ਾ ਹੀ ਦੇਸ਼-ਭਗਤ, ਇਨਕਲਾਬੀ, ਅਤੇ ਪਾਰਟੀ ਅਤੇ ਮਜ਼ਦੂਰ ਜਮਾਤ ਦੇ ਕਾਜ਼ ਵਾਸਤੇ ਵਫਾਦਾਰ ਰਹੀ ਹੈ।

ਭਵਿੱਖ ਵਿਚ ਵੀ, ਪਾਰਟੀ ਇਸ ਗੱਲ ਵੱਲ ਉਚੇਚਾ ਧਿਆਨ ਦੇਵੇਗੀ ਕਿ ਦੇਸ਼ ਦੇ ਸਿਆਸੀ, ਆਰਥਿਕ ਅਤੇ ਸਮਾਜਿਕ ਜੀਵਨ ਵਿਚ ਕਿਸਾਣੀ ਦੀ ਸਰਗਰਮ ਸ਼ਮੂਲੀਅਤ ਨੂੰ ਵਧਾਇਆ ਜਾਵੇ, ਇਸਨੂੰ ਸਿਆਸੀ ਅਤੇ ਵਿਚਾਰਧਾਰਕ ਵਿੱਦਿਆ ਨਾਲ ਲੈਸ ਕੀਤਾ ਜਾਵੇ, ਇਸਦੇ ਵਿੱਦਿਅਕ, ਸਭਿੱਆਚਾਰਕ ਅਤੇ ਪ੍ਰੋਫੈਸ਼ਨਲ ਪੱਧਰ ਨੂੰ ਉਚਾ ਚੁੱਕਿਆ ਜਾਵੇ, ਅਤੇ ਸਹਿਕਾਰੀ ਢਾਂਚੇ ਨੂੰ ਵੱਧ ਤੋਂ ਵੱਧ ਮਜ਼ਬੂਤ ਕੀਤਾ ਜਾਵੇ। ਵਿੱਦਿਅਕ ਕੰਮ ਵਿਚ, ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਜਾਣੇਪਛਾਣੇ ਕਾਰਨਾਂ ਕਰਕੇ, ਨਿੱਜੀ ਜਾਇਦਾਦ ਨਾਲ ਲਗਾਓ ਅਤੇ ਨੀਮ-ਬੁਰਜੂਆ ਰੁਹਾਨੀਅਤ ਦੀਆਂ ਦਿਹਾਤ ਵਿਚ ਅਜੇ ਵੀ ਕਾਫੀ ਡੂੰਘੀਆਂ ਜੜ੍ਹਾਂ ਹਨ। ਇਹ ਬਹੁਤ ਸਾਰੀ-ਆਂ ਬੁਰਾਈਆਂ, ਸੌੜੇ ਨਿੱਜੀ ਹਿੱਤਾਂ ਨਾਲ ਲਗਾਓ, ਸਮਾਜਵਾਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਆਦਿ ਦਾ ਸੋਮਾ ਹਨ। ਕਿਸਾਣੀ ਨੂੰ, ਇਨ੍ਹਾਂ ਦੁਸ਼ਮਣ ਝੁਕਾਵਾਂ ਨੂੰ ਡਟਕੇ ਪਛਾੜਨਾ ਚਾਹੀਦਾ ਹੈ, ਸਹਿਕਾਰਤਾ ਦੇ ਜਜ਼ਬੇ ਨੂੰ ਮਜ਼ਬੂਤ ਕਰਨਾ ਚਾ-ਹੀਦਾ ਹੈ, ਜਮਾਤੀ ਘੋਲ ਵਿਚ ਸਰਗਰਮ ਹਿੱਸਾ ਲੈਣਾ ਚਾਹੀਦਾ ਹੈ ਤੇ ਜ਼ਰਾਇਤ ਅਤੇ ਸਾਡੇ ਸਮਾਜਵਾਦੀ ਦਿਹਾਤ ਦੀ ਉਨੱਤੀ ਵਾਸਤੇ ਸਖਤ ਕੰਮ ਕਰਨਾ ਚਾਹੀਦਾ ਹੈ।

ਹਮੇਸ਼ਾ ਦੀ ਤਰ੍ਹਾਂ, ਮਜ਼ਦੂਰ ਜਮਾਤ ਨੂੰ ਆਪਣੇ ਦੋਸਤਾਂ ਨਾਲ ਡਟਕੇ ਖੜਨਾ ਚਾਹੀਦਾ ਹੈ, ਦਿਹਾਤ ਵਿਚ ਪਾਰਟੀ ਦੀ ਨੀਤੀ ਨੂੰ ਲਾਗੂ ਕਰਨ ਨਾਲ ਸਬੰ-ਧਤ ਸਭ ਆਰਥਿਕ ਅਤੇ ਸਟੇਟ ਸੰਸਥਾਵਾਂ ਉਤੇ ਆਪਣਾ ਕੰਟਰੋਲ ਲਾਗੂ ਕਰਨਾ ਚਾਹੀਦਾ ਹੈ ਅਤੇ "ਜ਼ਰਾਇਤ ਨੂੰ ਸਮੁੱਚੇ ਲੋਕਾਂ ਦਾ ਵਾਸਤਾ ਬਣਾਉਣ"ਦੀ ਮਹਾਨ ਇਨਕਲਾਬੀ ਲਹਿਰ ਨੂੰ ਤੇਜ਼ ਕਰਨਾ ਚਾਹੀਦਾ ਹੈ। ਆਪਣੀ ਮਿਸਾਲ ਰਾਹੀਂ ਇਸਨੂੰ ਨਿਸਚੇ ਹੀ ਸਭ ਲੋਕਾਂ ਨੂੰ ਦਿਹਾਤ ਨਾਲ ਪਿਆਰ ਕਰਨਾ ਅਤੇ ਖੇਤੀ ਦੇ ਕੰਮ ਦਾ ਆਦਰ ਕਰਨਾ ਸਿਖਾਉਣਾ ਚਾਹੀਦਾ ਹੈ, ਅਤੇ ਦਿਹਾਤ ਜਾਂ ਦਿਹਾਤ ਵਿਚ ਕੰਮ ਵੱਲ ਕਿਸੇ ਵੀ ਕਿਸਮ ਦੀ ਘ੍ਰਿਣਾ ਦੇ ਰਵੱਈਏ ਖਿਲਾਫ ਡਟ ਕੇ ਲੜਨਾ ਚਾਹੀਦਾ ਹੈ। ਇਸਦੇ ਨਾਲੋ ਨਾਲ, ਮਜ਼ਦੂਰ ਜਮਾਤ ਅਤੇ ਸਹਿਕਾਰੀ ਕਿਸਾਣੀ ਵਿਚਕਾਰ ਖਾੜਕੂ ਏਕਤਾ ਨੂੰ ਵੱਧ ਤੋਂ ਵੱਧ ਮਜ਼ਬੂਤ ਬਣਾਉਣ ਵਾਸਤੇ ਇਹ ਲਾਜ਼ਮੀ ਹੈ ਕਿ ਦਿਹਾਤ ਵਿਚ ਸ਼ਹਿਰ ਵਾਸਤੇ ਕਿਸੇ ਵੀ ਬੇਭਰੋਸਗੀ ਨੂੰ

ਵੀ ਤਟਕੇ ਪਛਾੜਿਆ ਜਾਵੇ।

ਸਾਡੇ ਦੇਸ਼ ਦੇ ਬੁੱਧੀਜੀਵੀ ਵਰਗ ਨੇ, ਜੋ ਮਜ਼ਦੂਰ ਜਮਾਤ ਅਤੇ ਕਿਸਾਨਾਂ ਵਿਚੋਂ ਉਠਿਆ ਹੈ, ਸਮਾਜਵਾਦੀ ਅਲਬਾਨੀਆਂ ਦੇ ਸਰਬ-ਪੱਖੀ ਵਿਕਾਸ ਵਿਚ ਇੱਕ ਅਹਿਮ ਰੋਲ ਅਦਾ ਕੀਤਾ ਹੈ ਅਤੇ ਕਰ ਰਿਹਾ ਹੈ। ਸੋਧਵਾਦੀ ਦੇਸ਼ਾਂ ਦੇ ਬਿਲਕੁੱਲ ਉਲਟ, ਜਿੱਥੇ ਬੁੱਧੀਜੀਵੀ ਵਰਗ ਉਲਟ-ਇਨਕਲਾਬ ਵਿਚ ਅਤੇ ਸਮਾਜਵਾਦ ਦੀਆਂ ਜਿੱਤਾਂ ਨੂੰ ਖਤਮ ਕਰਨ ਵਿਚ ਮੁੱਖ ਤਾਕਤ ਬਣਿਆਂ, ਸਾਡੇ ਦੇਸ਼ ਦਾ ਬੁੱਧੀਜੀਵੀ ਵਰਗ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ, ਲੋਕਾਂ ਅਤੇ ਇਨਕਲਾਬ ਦੀ ਸੇਵਾ ਕਰਦਾ ਹੈ, ਅਤੇ ਪਾਰਟੀ ਦੇ ਨਾਲ ਤਟਕੇ ਖੜਦਾ ਹੈ। ਪਾਰਟੀ ਦੀ ਨੀਤੀ ਦੀ ਇਹ ਇੱਕ ਹੋਰ ਮਹਾਨ ਜਿੱਤ ਹੈ।

ਉਦਾਰਵਾਦੀ ਅਤੇ ਟੈਕਨੋਕ੍ਰੈਟਿਕ ਧਾਰਨਾਵਾਂ, ਨੌਕਰਸ਼ਾਹ ਅਤੇ ਬੁੱਧੀਜੀਵੀ ਸੋਚਣੀ ਅਤੇ ਸਹੂਲਤਾਂ ਭਾਲਣ ਦੇ ਝੁਕਾਅ, ਜੋ ਕਦੇ ਕਦਾਂਈਂ ਬੁੱਧੀਜੀਵੀਆਂ ਵਿਚ ਦੇਖਣ ਵਿਚ ਆਉਂਦੇ ਹਨ, ਇਨ੍ਹਾਂ ਝੁਕਾਵਾਂ ਦੇ ਖਿਲਾਫ ਘੋਲ ਵਿਚ ਪਾਰਟੀ ਬੁੱਧੀਜੀਵੀ ਵਰਗ ਨੂੰ ਵੱਧ ਤੋਂ ਵੱਧ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਵੱਲ ਖਿੱਚ ਰਹੀ ਹੈ, ਉਨ੍ਹਾਂ ਵਿੱਚ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਇਖਲਾਕੀ ਵਿਸ਼ੇਸ਼ਤਾਵਾਂ ਭਰ ਰਹੀ ਹੈ। ਇਹ ਇਸ ਵਰਗ ਨੂੰ ਸਿੱਖਿਆ ਦਿੰਦੀ ਹੈ ਅਤੇ ਇਸ ਨੂੰ ਸਮਾਜ ਵਿਚ ਇਸਦੇ ਰੋਲ ਬਾਰੇ ਚੇਤੰਨ ਕਰਦੀ ਹੈ, ਇਸਨੂੰ ਕੰਮ ਅਤੇ ਜੀਵਨ ਦੀਆਂ ਅਜੇਹੀਆਂ ਹਾਲਤਾਂ ਵਿਚ ਲਾਉਂਦੀ ਜਿੱਥੇ ਇਹ ਹਮੇਸ਼ਾ ਲੋਕਾਂ ਦੇ ਨਜ਼ਦੀਕ ਅਤੇ ਉਨ੍ਹਾਂ ਦੇ ਕੰਟਰੋਲ ਹੇਠ ਰਹੇ। ਇਸਦੇ ਨਾਲ ਨਾਲ, ਪਾਰਟੀ ਇਹ ਮੰਗ ਕਰਦੀ ਹੈ ਕਿ ਬੁੱਧੀਜੀਵੀ ਵਰਗ ਆਪਣੀ ਸੂਝ ਨੂੰ ਵਧਾਵੇ ਅਤੇ ਇਸਨੂੰ ਦੇਸ਼ਦੀ ਸਮਾਜਵਾਦੀ ਉਸਾਰੀ ਵਿਚ ਲਾਵੇ, ਤਕਨੀਕੀ-ਵਿਗਿਆਨਕ ਇਨਕਲਾਬ ਅਤੇ ਸਮਾਜਵਾਦੀ ਸੱਭਿਆਚਾਰ ਦੇ ਸਮੁੱਚੇ ਵਿਕਾਸ ਵਿਚ ਸਰਗਰਮ ਹਿੱਸਾ ਪਾਵੇ।

ਸਾਡੇ ਦੇਸ਼ ਦੇ ਬਹਾਦਰ ਨੌਜਵਾਨ ਇਨਕਲਾਬ ਦੀ ਇੱਕ ਸਰਗਰਮ ਤਾਕਤ ਅਤੇ ਪਾਰਟੀ ਦੇ ਵਫਾਦਾਰ ਸਹਾਇਕ ਰਹੇ ਹਨ। ਪਾਰਟੀ ਦਾ 35ਸਾਲਾਂ ਦਾ ਤਜਰਬਾ ਸਾਬਤ ਕਰਦਾ ਹੈ ਕਿ ਜਦੋਂ ਨੌਜਵਾਨਾਂ ਦੀ ਅਮੁੱਕ ਤਾਕਤ ਨੂੰ ਪ੍ਰੋਲਤਾਰੀ ਪਾ-ਰਟੀ ਦੀ ਅਗਵਾਈ ਹੇਠ ਮਜ਼ਦੂਰ ਜਮਾਤ ਅਤੇ ਹੋਰ ਮੇਹਨਤਕਸ਼ ਲੋਕਾਂ ਦੀ ਤਾਕਤ ਨਾਲ ਜੋੜ ਦਿੱਤਾ ਜਾਵੇ, ਕੋਈ ਵੀ ਤਾਕਤ ਇਨਕਲਾਬ ਅਤੇ ਸਮਾਜਵਾਦ ਦੀ ਜਿੱਤ ਨੂੰ ਰੋਕ ਨਹੀਂ ਸਕਦੀ।

ਸਾਡੇ ਨੌਜਵਾਨ ਪਾਰਟੀ ਅਤੇ ਸਮੁੱਚੇ ਸਮਾਜ ਦੀ ਵਿਸ਼ੇਸ਼ ਤਵੱਜੋ ਹੇਠ ਹਨ।

ਉਨ੍ਹਾਂ ਵਾਸਤੇ ਮਹਾਨ ਮੌਕੇ ਮੌਜੂਦ ਹਨ ਜੋ ਉਨ੍ਹਾਂ ਦੇ ਵਰਤਮਾਨ ਅਤੇ ਭਵਿੱਖ ਦੀ ਗਾਰੰਟੀ ਦਿੰਦੇ ਹਨ ਅਤੇ ਉਨ੍ਹਾਂ ਦੇ ਜੀਵਨ ਨੂੰ ਸ਼ਾਨਦਾਰ ਅਤੇ ਅਰਥਸ਼ੀਲ ਬਣਾਉਂਦੇ ਹਨ। ਪਾਰਟੀ ਨੇ ਨੌਜਵਾਨਾਂ ਦੀਆਂ ਸਭਿੱਆਚਾਰਕ ਅਤੇ ਰੂਹਾਨੀ ਖਾਹਸ਼ਾਂ ਅਤੇ ਉਨ੍ਹਾਂ ਦੀਆਂ ਪਦਾਰਥਕ ਲੋੜਾਂ ਨੂੰ ਵੱਧ ਤੋਂ ਵੱਧ ਪੂਰਿਆਂ ਕੀਤਾ ਹੈ, ਉਨ੍ਹਾਂ ਨੂੰ ਇਨਕਲਾਬ ਅਤੇ ਸਮਾਜਵਾਦੀ ਸਮਾਜ ਦੀ ਉਸਾਰੀ ਵਿਚ ਸਰਗਰਮ ਅਤੇ ਮਹੱਤਵ-ਪੂਰਨ ਸ਼ਮੂਲੀਅਤ ਦਾ ਰੋਲ ਦਿੱਤਾ ਹੈ। ਇਸ ਵਾਸਤੇ, ਸਾਡੇ ਨੌਜਵਾਨ ਵੀ, ਸਦਾ ਹੀ ਉਤਸ਼ਾਹ ਅਤੇ ਭਰੋਸੇ ਨਾਲ ਪਾਰਟੀ ਦੇ ਨਾਲ ਖੜੇ ਹਨ ਅਤੇ ਦੇਸ਼ ਨੂੰ ਪ੍ਰਫੁੱਲਤ ਕਰਨ ਅਤੇ ਇਸਦੀ ਰੱਖਿਆ ਨੂੰ ਮਜਬੂਤ ਬਣਾਉਣ ਵਾਸਤੇ ਪੂਰੀ ਵਾਹ ਲਾਉਂਦੇ ਰਹੇ ਹਨ।

ਬੁਰਜੂਆ ਅਤੇ ਸੋਧਵਾਦੀ ਦੇਸ਼ਾਂ ਵਿਚ ਅਸੀਂ ਇੱਕ ਸਰਾਸਰ ਵੱਖਰਾ ਮਹੌਲ ਦੇਖਦੇ ਹਾਂ, ਜਿੱਥੇ ਵਰਤਮਾਨ ਵਿਚ ਬੇ-ਭਰੋਸਗੀ ਅਤੇ ਭਵਿੱਖ ਵਿਚ ਡਰ ਦਿਨ-ਰਾਤ ਨੌ-ਜਵਾਨਾਂ ਦੇ ਪਿੱਛੇ ਲੱਗਾ ਹੋਇਆ ਹੈ। ਹਰ ਘੰਟੇ ਦੇ ਹਰ ਸਕਿੰਟ ਵਿਚ ਉਨ੍ਹਾਂ ਦੇ ਦਿਮਾਗਾਂ ਨੂੰ ਭੁਲੇਖੇ-ਪਾਊ ਪ੍ਰਚਾਰ ਦੇ ਜ਼ਹਿਰ ਨਾਲ ਭਰਿਆ ਜਾਂਦਾ ਹੈ ਉਨ੍ਹਾਂ ਨੂੰ ਇੱਕ ਮਤਲਬ-ਹੀਣ ਜਿੰਦਗੀ ਪੇਸ਼ ਕੀਤੀ ਜਾਂਦੀ ਹੈ, ਜੋ ਉਨ੍ਹਾਂ ਨੂੰ ਇਨਕਲਾਬ ਤੋਂ ਬੇਮੁੱਖ ਕਰਦੀ ਹੈ ਅਤੇ ਉਨ੍ਹਾਂ ਨੂੰ ਜ਼ੁਰਮਾਂ ਅਤੇ ਗੁੰਡਾਗਰਦੀ ਦੇ ਰਾਹ ਤੇ ਲੈ ਜਾਂਦੀ ਹੈ।

ਸਾਡੀ ਪਾਰਟੀ ਦਾ ਉਦੇਸ਼ ਹੈ ਨੌਜਵਾਨਾਂ ਦੇ ਦਿਲਾਂ ਅਤੇ ਦਿਮਾਗਾਂ ਵਿਚ ਕਮਿਉਨਿਸਟ ਉਦੇਸ਼ਾਂ ਅਤੇ ਇਨਕਲਾਬੀ ਜ਼ਜ਼ਬੇ ਨੂੰ ਹਮੇਸ਼ਾ ਜਿੰਦਾ ਰੱਖਣਾ, ਉਨ੍ਹਾਂ ਨੂੰ ਪਾਰਟੀ ਦੇ ਵਫਾਦਾਰ ਯੋਧੇ ਬਣਨ ਦੀ ਸਿੱਖਿਆ ਦੇਣੀ, ਜਿਹੜੇ ਆਪਣੀ ਤਾਕਤ, ਮੁਹਾਰਤ ਅਤੇ ਜੀਵਨ ਨੂੰ ਸਮਾਜਵਾਦ ਦੀ ਉਸਾਰੀ ਅਤੇ ਮਾਤਭੂਮੀ ਦੀ ਰਾਖੀ ਵਾਸਤੇ ਅਰਪਣ ਕਰਨ ਲਈ ਹਮੇਸ਼ਾ ਤਤਪਰ ਹੋਣ। ਪਾਰਟੀ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਪੈਦਾਵਾਰ ਦੇ ਸਭ ਖੇਤਰਾਂ ਵਿਚ ਲਗਾਤਾਰ ਇਨਕਲਾਬੀ ਪਹਿਲ-ਕਦਮੀ ਅਤੇ ਕੰਮ ਦੇ ਜ਼ਜ਼ਬੇ ਨੂੰ ਮਜਬੂਤ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਉਨ੍ਹਾਂ ਨੂੰ ਜਮਾਤੀ ਦੁਸ਼ਮਣਾਂ ਉਤੇ ਹਮਲਾ ਕਰਨ ਅਤੇ ਕਿਸੇ ਵੀ ਨੌਕਰਸ਼ਾਹ ਜਾਂ ਉਦਾਰਵਾਦੀ ਝੁਕਾਅ ਨੂੰ ਪਛਾਣਨ ਵਾਸਤੇ ਹਮੇਸ਼ਾ ਤਤਪਰ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਲਾਜ਼ਮੀ ਹੀ ਸੂਝ ਹਾਸਲ ਕਰਨ ਦੀ ਆਪਣੀ ਦ੍ਰਿੜਤਾ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ ਅਤੇ ਮਜਬੂਤ ਕਰਨਾ ਚਾਹੀਦਾ ਹੈ, ਤਕਨੀਕੀ ਅਤੇ ਵਿ-ਗਿਆਨਕ ਉਨੱਤੀ ਦੇ ਤਾਕਤਵਰ ਹਮਾਇਤੀ ਬਣਨਾ ਚਾਹੀਦਾ ਹੈ। ਇਹ ਸਚਾਈ ਕਿ ਕੁੱਝ ਨੌਜਵਾਨਾਂ ਉਤੇ ਬੁਰਜੂਆ-ਸੋਧਵਾਦੀ ਰਹਿਣੀ-ਬਹਿਣੀ ਦਾ ਅਸਰ ਹੈ,

ਉਨ੍ਹਾਂ ਵਿਚ ਕੁੱਝ ਪੂੰਜੀਵਾਦੀ ਇਖਲਾਕ-ਵਿਰੋਧੀ ਬੁਰਾਈਆਂ ਹਨ, ਜੋ ਸਮਾਜ ਤੋਂ ਮੰਗਦੇ ਜ਼ਿਆਦਾ ਹਨ ਅਤੇ ਇਸ ਵਿਚ ਹਿੱਸਾ ਘੱਟ ਪਾਉਂਦੇ ਹਨ, ਇਹ ਸਭ ਕੁੱਝ ਵਿਦਿੱਅਕ ਕੰਮ ਵਿਚ ਕਮਜ਼ੋਰੀ ਦੀ ਵਜ੍ਹਾਂ ਕਰਕੇ ਹੈ। ਸਮੁੱਚੇ ਸਮਾਜ, ਪ੍ਰਵਾਰ ਅਤੇ ਕੁਲੈਕਟਵਾਂ, ਸਕੂਲਾਂ ਅਤੇ ਸੰਸਥਾਵਾਂ, ਜਨਤਕ-ਜਥੇਬੰਦੀਆਂ ਅਤੇ ਸਟੇਟ ਸੰਸਥਾਵਾਂ ਨੂੰ ਨਿਸਚੇ ਹੀ ਪਾਰਟੀ ਦੀ ਲੀਡਰਸ਼ਿਪ ਹੇਠ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਸਾਡੀ ਨੌਜਵਾਨ ਪੀੜ੍ਹੀ ਇਨਕਲਾਬ ਦੀਆਂ ਮੋਹਰਲੀਆਂ ਸਫਾਂ ਵਿਚ ਇੱਕ ਧਰਤ-ਹਿਲਾਊ ਦਸਤਾ ਬਣ ਸਕੇ। ਰੇਲ ਲਾਈਨਾਂ, ਅਤੇ ਸੜਕਾਂ ਉਸਾਰਨ ਤੇ ਨਵੀਂ ਜ਼ਮੀਨ ਉਤੇ ਕੰਮ ਸ਼ੁਰੂ ਕਰਨ ਆਦਿ ਵਿਚ ਨੌਜਵਾਨਾਂ ਦੀਆਂ ਕਾਰਵਾਈਆਂ ਅਤੇ ਉਨ੍ਹਾਂ ਦੀਆਂ ਮਹਾਨ ਲਹਿਰਾਂ, ਜਿਵੇਂ "ਸਾਨੂੰ ਲਾਜ਼ਮੀ ਹੀ ਮਜ਼ਦੂਰ ਜਮਾਤ ਤੋਂ ਸਿੱਖਣਾ ਚਾਹੀਦਾ ਹੈ", "ਸਾਨੂੰ ਨਿਸਚੇ ਹੀ ਉਥੇ ਕੰਮ ਕਰਨਾ ਚਾਹੀਦਾ ਹੈ ਜਿੱਥੇ ਮਾਤਭੂਮੀ ਨੂੰ ਸਾਡੀ ਲੋੜ ਹੈ", "ਸਾਨੂੰ ਲਾਜ਼ਮੀ ਹੀ ਪਿੰਡਾਂ ਵਿਚ ਜਾਕੇ ਕੰਮ ਕਰਨਾ ਅਤੇ ਰਹਿਣਾ ਚਾਹੀਦਾ ਹੈ", ਆਦਿ, ਦੀ ਪਾਰਟੀ ਨੇ ਮਹਾਨ ਇਨਕਲਾਬੀ ਕੰਮਾਂ ਅਤੇ ਲਹਿਰਾਂ ਦੇ ਤੌਰ ਤੇ, ਨੌਜਵਾਨਾਂ ਨੂੰ ਕਮਿਊਨਿਸਟ ਵਿੱਦਿਆ ਦੇਣ ਅਤੇ ਪ੍ਰਚੰਡ ਕਰਨ ਦੇ ਸਕੂਲਾਂ ਦੇ ਤੌਰ ਤੇ ਕਦਰ ਅਤੇ ਹਮਾਇਤ ਕੀਤੀ ਹੈ। ਭਵਿੱਖ ਵਿਚ ਵੀ, ਪਾਰਟੀ ਨੌਜਵਾਨਾਂ ਅਤੇ ਉਨ੍ਹਾਂ ਦੀ ਖਾੜਕੂ ਜਥੇਬੰਦੀ, 'ਅਲਬਾਨੀਅਨ ਲੇਬਰ ਯੂਥ ਯੂਨੀਅਨ', ਨੂੰ ਮਹਾਨ ਕੰਮ ਸੌਂਪੇਗੀ, ਇਸ ਦ੍ਰਿੜ ਭਰੋਸੇ ਨਾਲ ਕਿ ਸਾਡੀ ਨੌਜਵਾਨ ਪੀੜ੍ਹੀ, ਹਮੇਸ਼ਾ ਦੀ ਤਰ੍ਹਾਂ, ਉਨ੍ਹਾਂ ਨੂੰ ਸਫਲਤਾ ਪੂਰਬਕ ਨੇਪਰੇ ਚਾੜ੍ਹੇਗੀ। ਮੈਂ ਉਨ੍ਹਾਂ ਹਜ਼ਾਰਾਂ ਨੌਜਵਾਨ ਮੁੰਡਿਆਂ ਅਤੇ ਕੁੜੀਆਂ ਦਾ ਖਾਸ ਤੌਰ ਤੇ ਆਦਰ ਕਰਦਾ ਹਾਂ ਜਿਨ੍ਹਾਂ ਨੇ ਪਿੰਡਾਂ ਵਿਚ ਜਾਕੇ ਕੰਮ ਕਰਨ ਅਤੇ ਉਥੇ ਰਹਿਣ ਦੇ ਪਾਰਟੀ ਦੇ ਹੋਕੇ ਨੂੰ ਅਪਣਾਇਆ, ਅਤੇ ਮੈਨੂੰ ਪੂਰਾ ਭਰੋਸਾ ਹੈ ਕਿ ਸਾਡੇ ਸਮਾਜਵਾਦੀ ਦਿਹਾਤ ਨੂੰ ਮਜ਼ਬੂਤ ਅਤੇ ਉਨੱਤ ਬਣਾਉਣ ਵਾਸਤੇ ਹਜ਼ਾਰਾਂ ਹੋਰ ਨੌਜਵਾਨ ਇਨ੍ਹਾਂ ਦੀ ਮਿਸਾਲ ਉਤੇ ਚੱਲਣਗੇ।

ਪਾਰਟੀ ਦੀ ਅਗਵਾਈ ਹੇਠ, ਅਲਬਾਨੀਅਨ ਲੇਬਰ ਯੂਥ ਯੂਨੀਅਨ ਨੇ ਨੌਜਵਾਨ ਪੀੜ੍ਹੀ ਨੂੰ ਸਿੱਖਿਆ ਦੇਣ ਵਿਚ ਮਹਾਨ ਰੋਲ ਅਦਾ ਕੀਤਾ ਹੈ। ਸਮਾਜਵਾਦ ਦੀ ਉਸਾਰੀ ਵਾਸਤੇ ਨੌਜਵਾਨਾਂ ਨੂੰ ਜਥੇਬੰਦ ਅਤੇ ਲਾਮਬੰਦ ਕਰਨ ਵਿਚ ਇਸ ਨੇ ਵੱਡਾ ਤਜਰਬਾ ਹਾਸਲ ਕੀਤਾ ਹੈ। ਭਵਿੱਖ ਵਿਚ, ਨੌਜਵਾਨਾਂ ਦੀ ਜਥੇਬੰਦੀ ਨੂੰ ਇਹ ਹੋਕਾ ਦਿੱਤਾ ਜਾਂਦਾ ਹੈ ਕਿ ਇਹ ਆਪਣੇ ਸਿਆਸੀ ਅਤੇ ਵਿਚਾਰਧਾਰਕ ਜੀਵਨ ਅਤੇ ਸਰਗਰਮੀ ਨੂੰ ਹੋਰ ਵੀ ਜੋਸ਼ੀਲੇ ਬਣਾਵੇ, ਪਾਰਟੀ ਅਤੇ ਲੋਕਸੱਤਾ ਵਲੋਂ

ਤਿਆਰ ਕੀਤੇ ਪਦਾਰਥਕ ਅਧਾਰ ਦਾ ਪੂਰਾ ਫਾਇਦਾ ਉਠਾਦਿਆਂ ਕੰਮ ਅਤੇ ਰੱਖਿਆ, ਵਿੱਦਿਆ ਅਤੇ ਸੱਭਿਆਚਾਰ, ਵਿਗਿਆਨ ਅਤੇ ਤਕਨੀਕ, ਖੇਡਾਂ ਅਤੇ ਜਿਸਮਾਨੀ ਸੱਭਿਆਚਾਰ ਦੇ ਖੇਤਰ ਵਿਚ ਆਪਣੀ ਸਰਗਰਮੀ ਦੇ ਖੇਤਰ ਨੂੰ ਹੋਰ ਵਧਾਵੇ।

ਪਾਰਟੀ ਅਤੇ ਲੋਕ ਚਾਹੁੰਦੇ ਹਨ ਕਿ ਨੌਜਵਾਨ ਸੇਹਤਮੰਦ, ਤਕੜੇ ਅਤੇ ਕੰਮ ਅਤੇ ਦੇਸ਼ ਦੀ ਰਾਖੀ ਦੇ ਯੋਗ ਹੋਣ। ਇਸ ਪੱਖ ਤੋਂ ਜਿਸਮਾਨੀ ਸੱਭਿਆਚਾਰ ਅਤੇ ਖੇਡਾਂ ਵੱਲ ਨੌਜਵਾਨਾਂ ਦੀ ਜਥੇਬੰਦੀ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

ਯੂਥ ਯੂਨੀਅਨ ਨੂੰ ਆਪਣੀ ਜਥੇਬੰਦੀ ਮਜਬੂਤ ਕਰਨ ਲਈ ਡਟਕੇ ਘੋਲ ਕਰਨਾ ਚਾਹੀਦਾ ਹੈ, ਉਦਾਰਵਾਦ ਦੇ ਕਿਸੇ ਵੀ ਝੁਕਾਅ ਨੂੰ ਪਛਾੜਨਾ ਚਾਹੀਦਾ ਹੈ ਜੋ ਜਥੇਬੰਦੀ ਵਾਸਤੇ ਖਤਰਨਾਕ ਹੈ, ਜਿਵੇਂ ਕਿ ਪਾਰਟੀ ਦੀ ਕੇਂਦਰੀ ਕਮੇਟੀ ਦੇ ਚੌਥੇ ਪਲੈਨਿਮ ਤੋਂ ਪਹਿਲਾਂ ਕੁੱਝ ਬੰਦੇ ਉਠੇ ਸਨ ਜਿਨ੍ਹਾਂ ਦੀ ਸਭ ਨੌਜਵਾਨਾਂ ਨੇ ਡਟ ਕੇ ਨਿਖੇਧੀ ਕੀਤੀ ਸੀ। ਨੌਜਵਾਨਾਂ ਦੀ ਜਥੇਬੰਦੀ ਹਮੇਸ਼ਾ ਹੀ ਇੱਕ ਖਾੜਕੂ ਸਿਆਸੀ ਜਥੇਬੰਦੀ, ਪਾਰਟੀ ਦੀ ਇੱਕ ਵਫਾਦਾਰ ਸਹਾਇਕ ਰਹੀ ਹੈ ਅਤੇ ਰਹੇਗੀ।

ਪਾਰਟੀ ਦੀ ਸਹੀ ਮਾਰਕਸਵਾਦੀ-ਲੈਨਿਨਵਾਦੀ ਨੀਤੀ ਦੇ ਕਾਰਨ ਅਲ-ਬਾਨੀਅਨ ਔਰਤਾਂ ਦੇ ਜੀਵਨ ਵਿਚ ਇੱਕ ਸਹੀ, ਡੂੰਘਾ ਅਤੇ ਵਿਸ਼ਾਲ ਇਨਕ-ਲਾਬ ਆਇਆ ਹੈ।

ਸਾਡੇ ਤਜਰਬੇ ਨੇ ਔਰਤਾਂ ਦੀ ਪੂਰਨ ਮੁਕਤੀ ਦੇ ਮਸਲੇ ਨੂੰ ਕੌਮੀ ਮੁਕਤੀ ਦੇ ਸਵਾਲ ਅਤੇ ਪ੍ਰੋਲਤਾਰੀ ਦੇ ਕਾਜ਼ ਨਾਲ ਜੋੜਨ ਦੀ ਜ਼ਰੂਰਤ ਦੀ ਤਾਈਦ ਕੀਤੀ ਹੈ। ਔਰਤਾਂ ਦੀ ਸ਼ਮੂਲੀਅਤ ਤੋਂ ਬਿਨਾਂ ਸਮਾਜਵਾਦੀ ਇਨਕਲਾਬ ਸਫਲਤਾਪੂਰਬਕ ਨਹੀਂ ਚਲਾਇਆ ਜਾ ਸਕਦਾ ਅਤੇ ਸਮਾਜਵਾਦੀ ਇਨਕਲਾਬ ਤੋਂ ਬਿਨਾਂ ਔਰਤਾਂ ਦੀ ਪੂਰਨ ਮੁਕਤੀ ਨਹੀਂ ਹੋ ਸਕਦੀ।

ਔਰਤ ਦੀਆਂ ਤਾਕਤਾਂ ਅਤੇ ਯੋਗਤਾਵਾਂ, ਜੋ ਬੀਤੇ ਵਿਚ ਦੱਬੀਆਂ-ਕੁਚਲੀਆਂ ਜਾਂਦੀਆਂ ਸਨ, ਸਾਡੇ ਸਮਾਜਵਾਦੀ ਜੀਵਨ ਦੇ ਸਭ ਖੇਤਰਾਂ ਵਿਚ ਜ਼ੋਰ ਨਾਲ ਅਤੇ ਅਰੁੱਕ ਤੌਰ 'ਤੇ ਉਠੀਆਂ ਹਨ। ਅਲਬਾਨੀਅਨ ਔਰਤ ਬੜੇ ਮਾਣ ਨਾਲ ਸਮਾਜਵਾਦ ਵਾਸਤੇ ਘੋਲ ਦੇ ਅਖਾੜੇ ਵਿਚ ਡਟ ਗਈ ਹੈ, ਆਪਣੇ ਇਨਕਲਾਬੀ ਜਜ਼ਬਾਤਾਂ, ਦ੍ਰਿੜਤਾ ਅਤੇ ਦੇਸ਼-ਭਗਤੀ ਵਿਚ ਸਿਰ-ਕੱਢ ਹੈ, ਅਤੇ ਉਸਨੇ ਕੰਮ ਅਤੇ ਜੀਵਨ ਵਿਚ ਮਿਸਾਲਾਂ ਪੈਦਾ ਕੀਤੀਆਂ ਹਨ। ਅੱਜ, ਉਹ ਹਰ ਜਗ੍ਹਾ ਮੌਜੂਦ ਹੈ,

ਖੇਤਾਂ ਅਤੇ ਕਾਰਖਾਨਿਆਂ ਵਿਚ, ਸਕੂਲਾਂ ਅਤੇ ਲਬਾਂਰਟ੍ਰੀਆਂ ਵਿਚ। ਪਾਰਟੀ ਅਤੇ ਸਟੇਟ ਵਿਚ ਬਹੁਤ ਹੀ ਜਿਮੇਵਾਰੀ ਵਾਲੀਆਂ ਪੁਜ਼ੀਸ਼ਨਾਂ ਉਸਨੂੰ ਸੌਂਪੀਆਂ ਗਈਆਂ ਹਨ। ਕੰਮ ਉਤੇ ਅਤੇ ਪ੍ਰਵਾਰ ਵਿਚ ਪਤੀ ਅਤੇ ਪਤਨੀ ਵਿਚਕਾਰ ਬਰਾਬਰਤਾ ਦੇ ਨਵੇਂ ਰਿਸ਼ਤੇ ਕਾਇਮ ਕੀਤੇ ਜਾ ਰਹੇ ਹਨ। ਔਰਤ ਦੀ ਮੁਕਤੀ ਸਮਾਜਵਾਦੀ ਜਮਹੂਰੀਅਤ ਨੂੰ ਦਿਨ-ਬ-ਦਿਨ ਮਜਬੂਤ ਕਰ ਰਹੀ ਹੈ। ਇਹ ਮਾਰਕਸਵਾਦ ਦੇ ਇਸ ਦਾਵ੍ਹੇ ਦਾ ਸਬੂਤ ਹੈ ਕਿ ਔਰਤਾਂ ਦੀ ਮੁਕਤੀ ਆਮ ਮੁਕਤੀ ਦੇ ਕੁਦਰਤੀ ਮਾਪਕ ਦੀ ਪ੍ਰਤੀਨਿੱਧਤਾ ਕਰਦੀ ਹੈ।

ਸਾਡੀ ਸਚਾਈ ਔਰਤਾਂ ਦੀ ਮੁਕਤੀ ਬਾਰੇ ਸਭ ਬੁਰਜੂਆ ਅਤੇ ਸੋਧਵਾਦੀ "ਸਿਧਾਂਤਾਂ" ਦਾ ਖੰਡਨ ਕਰਦੀ ਹੈ। ਪੂੰਜੀਵਾਦੀ ਦੇਸ਼ਾਂ ਵਿਚ ਮੇਹਨਤਕਸ਼ ਔਰਤ ਦੀ ਮੁਕਤੀ ਦੇ ਘੋਲ ਨੂੰ ਉਸਦੇ ਪਤੀ, ਬੱਚਿਆਂ ਅਤੇ ਪ੍ਰਵਾਰ ਦੇ ਖਿਲਾਫ ਕਰਨ ਦੀਆਂ ਬੁਰਜੂਆਜ਼ੀ ਦੀਆਂ ਕੋਸ਼ਿਸ਼ਾਂ ਦਾ ਮਕਸਦ ਹੈ ਉਸ ਨੂੰ ਇਨਕਲਾਬੀ ਘੋਲ ਤੋਂ ਪਰ੍ਹੇ ਲਿਜਾਣਾ ਅਤੇ ਅਸਲੀ ਜ਼ਾਲਮਾਂ ਅਤੇ ਲੋਟੂਆਂ ਦੇ ਖਿਲਾਫ ਮਜਦੂਰ ਜਮਾਤ ਅਤੇ ਮੇਹਨਤਕਸ਼ ਲੋਕਾਂ ਦੇ ਸਾਂਝੇ ਮੋਰਚੇ ਨੂੰ ਭੰਗ ਕਰਨਾ। ਇਸ ਮੁੱਖ ਸਮਾਜਿਕ ਮਸਲੇ ਦੇ ਹੱਲ ਨੂੰ "ਅਮਨ" ਅਤੇ "ਨਿਸ਼ਸਤਰੀਕਰਣ" ਦੀ ਨੀਤੀ ਦੇ ਨਾਲ ਜੋੜਨ ਬਾਰੇ ਸੋਧਵਾਦੀਆਂ ਦੇ ਫਰੇਬਾਂ ਦਾ ਮਕਸਦ ਵੀ ਔਰਤਾਂ ਨੂੰ ਇਨਕਲਾਬ ਛੱਡਣ ਬਾਰੇ ਪ੍ਰੇਰਨਾ ਹੈ।

ਭਵਿੱਖ ਵਿਚ ਵੀ, ਔਰਤਾਂ ਦੀ ਪੂਰਨ ਮੁਕਤੀ ਦੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਪਾਰਟੀ ਲਗਾਤਾਰ ਘੋਲ ਕਰੇਗੀ। ਹਰ ਪਾਰਟੀ ਜਥੇਬੰਦੀ, ਸਟੇਟ ਸੰਸਥਾਵਾਂ ਅਤੇ ਸਭ ਜਨਤਕ-ਜਥੇਬੰਦੀਆਂ ਦਾ ਇਹ ਫਰਜ਼ ਹੈ ਕਿ ਉਹ ਔਰਤਾਂ ਦੀਆਂ ਅਸਲੀ ਕਾਬਲੀਅਤਾਂ ਦਾ ਸਹੀ ਜਾਇਜ਼ਾ ਲਾਉਣ, ਜੋ ਪਾਰਟੀ ਨੇ ਬੜੇ ਧਿਆਨ ਨਾਲ ਉਨ੍ਹਾਂ ਵਿਚ ਜਾਗਰਤ ਅਤੇ ਵਿਕਸਤ ਕੀਤੀਆਂ ਹਨ, ਭਾਵੇਂ ਕਿ ਇਹ ਕੰਮ ਖੁਦ ਔਰਤਾਂ ਦਾ ਹੈ ਕਿ ਆਪਣੀ ਸ਼ਖਸ਼ੀਅਤ ਦਾ ਵਧੀਆ ਦਾਵ੍ਹਾ ਕਰਨ ਵਾਸਤੇ ਉਹ ਇਨਕਲਾਬੀਆਂ ਦੀ ਤਰ੍ਹਾਂ ਜਦੋ-ਜਹਿਦ ਕਰਨ। ਇਸਦੇ ਨਾਲ ਨਾਲ, ਦੇਸ਼ ਦੇ ਆਰਥਿਕ ਵਿਕਾਸ ਨਾਲ ਪੈਦਾ ਹੋਈਆਂ ਸੰਭਾਵਨਾਵਾਂ ਦੇ ਅਧਾਰ ਤੇ, ਔਰਤਾਂ ਉਤੇ ਘਰੇਲੂ ਕੰਮ ਦਾ ਬੋਝ ਘੱਟ ਕਰਨ ਵਾਸਤੇ ਵਧੀਆ ਪਦਾਰਥਕ ਹਾਲਾਤ ਤਿਆਰ ਕੀਤੇ ਜਾਣ ਤਾਂ ਕਿ ਪੈਦਾਵਾਰ ਦੇ ਫਰੰਟ ਉਤੇ।ਉਨ੍ਹਾਂ ਦੀ ਕਾਬਲੀਅਤ ਵਧ ਸਕੇ ਅਤੇ ਸਿਆਸੀ, ਸਮਾਜਿਕ ਅਤੇ ਸੱਭਿਆਚਾਰਕ ਜੀਵਨ ਵਿਚ ਉਨ੍ਹਾਂ ਦੀ ਸਰਗਰਮੀ ਨੂੰ ਉਚੇ ਪੱਧਰ ਤੇ ਲਿਆਂਦਾ ਜਾ ਸਕੇ।

ਅਸੀਂ ਇਸ ਗੱਲ ਤੇ ਬਹੁਤ ਸੰਤੁਸ਼ਟ ਹਾਂ, ਕਿ ਔਰਤਾਂ ਆਪਣੇ ਯਤਨਾਂ ਰਾਹੀਂ ਅਤੇ ਪਾਰਟੀ ਦੀ ਤਵੱਜੋ ਦਾ ਸਦਕਾ ਵਿੱਦਿਅਕ, ਸੱਭਿਆਚਾਰਕ ਅਤੇ ਤਕਨੀਕੀ-ਪ੍ਰੋਫੈਸ਼ਨਲ ਖੇਤਰਾਂ ਵਿਚ ਮਰਦਾਂ ਨਾਲ ਫਰਕ ਨੂੰ ਘਟਾ ਰਹੀਆਂ ਹਨ। ਹੁਣ ਦਰਮਿਆਨੀ ਅਤੇ ਉਚੱ-ਪੱਧਰੀ ਸਿਖਲਾਈ ਵਾਲੇ ਕੇਡਰਾਂ ਵਿਚੋਂ 37 ਫੀ ਸਦੀ ਔਰਤਾਂ ਹਨ। ਭਵਿੱਖ ਵਿਚ ਸਾਨੂੰ ਇਸ ਖੇਤਰ ਵਿਚ ਵੀ ਪੂਰਨ ਬਰਾਬਰਤਾ ਹਾਸਲ ਕਰਨ ਲਈ ਲੜਨਾ ਚਾਹੀਦਾ ਹੈ। ਅਗਵਾਈ ਵਾਲੀਆਂ ਪੁਜ਼ੀਸ਼ਨਾਂ ਉਤੇ ਔਰਤਾਂ ਪਾਰਟੀ ਦੀ ਲਾਈਨ ਵੱਲ ਵਫਾਦਾਰੀ, ਆਗੂਆਂ ਅਤੇ ਜਥੇਬੰਦਕਾਂ ਦੇ ਤੌਰ ਤੇ ਆਪਣੀਆਂ ਕਾਬਲੀਅਤਾਂ, ਅਤੇ ਆਪਣੀ ਸੂਝ ਅਤੇ ਸਭਿੱਆਚਾਰ ਵਿਚ ਸਿਰਕੱਢ ਹਨ। ਇਹ ਪਾਰਟੀ ਦੀ ਇਸ ਹਦਾਇਤ ਦੇ ਸਹੀ ਹੋਣ ਦਾ ਸਬੂਤ ਹੈ ਕਿ ਪਾਰਟੀ ਅਤੇ ਸਟੇਟ ਦੀਆਂ ਸਭ ਪੱਧਰਾਂ ਦੀਆਂ ਸੰਸਥਾਵਾਂ ਵਿਚ ਔਰਤਾਂ ਨੂੰ ਡਟਕੇ ਜ਼ਿਮੇਵਾਰੀ ਦੀਆਂ ਪੁਜ਼ੀਸ਼ਨਾਂ ਉਤੇ ਲਿਆਉਣਾ ਚਾਹੀਦਾ ਹੈ। ਅਜੇਹੇ ਇੱਕ-ਪਾਸੜ ਰਵੱਈਏ ਜੋ ਔਰਤਾਂ ਦੀਆਂ ਕਾਬਲੀਅਤਾਂ ਨੂੰ ਘਟਾ ਕੇ ਦੇਖਦੇ ਹਨ ਅਤੇ ਪਾਰਟੀ ਦੀ ਇਸ ਨੀਤੀ ਨੂੰ ਲਾਗੂ ਹੋਣ ਤੋਂ ਰੋਕਦੇ ਹਨ, ਉਹ ਬਹੁਤ ਹੀ ਖਤਰਨਾਕ ਹਨ।

ਪੁਰਾਣੀਆਂ ਪਿਤਾ-ਪੁਰਖੀ ਅਤੇ ਰੂੜ੍ਹੀਵਾਦੀ, ਬੁਰਜ਼ੂਆ ਅਤੇ ਉਦਾਰਵਾਦੀ ਧਾਰਨਾਵਾਂ ਔਰਤਾਂ ਦੀ ਸ਼ਖਸੀਅਤ ਅਤੇ ਸਰਬ-ਪੱਖੀ ਵਿਕਾਸ ਦੇ ਰਾਹ ਵਿਚ ਇੱਕ ਰੋੜਾ ਹਨ। ਪਾਰਟੀ ਦੀ ਅਗਵਾਈ ਹੇਠ, ਵਿਮਿਨਜ਼ ਯੂਨੀਅਨ ਆਫ ਅਲਬਾਨੀਆਂ ਦੀ ਸਰਗਰਮ ਜਥੇਬੰਦੀ, ਸਟੇਟ ਅਤੇ ਸਭ ਜਨਤਕ-ਜਥੇਬੰਦੀਆਂ, ਸਕੂਲ ਅਤੇ ਸਮਾਜ ਦਾ ਇਹ ਫਰਜ਼ ਹੈ ਕਿ ਉਹ ਔਰਤਾਂ ਅਤੇ ਮਰਦਾਂ ਨੂੰ ਸਾਡੇ ਸਮਾਜਵਾਦੀ ਸਮਾਜ ਦੇ ਸਭ ਮੈਂਬਰਾਂ ਦੀ ਪੂਰਨ ਮੁਕਤੀ ਵਾਸਤੇ ਘੋਲ ਦੇ ਜ਼ਜ਼ਬੇ ਨਾਲ ਭਰਪੂਰ ਕਰਨ, ਤਾਂ ਕਿ ਹਰ ਕੋਈ, ਮਰਦ ਅਤੇ ਔਰਤਾਂ, ਜਵਾਨ ਅਤੇ ਬਜ਼ੁਰਗ, ਜੇਤੂ ਤੌਰ ਤੇ ਅੱਗੇ ਵੱਲ ਵਧ ਸਕਣ।

ਪਾਰਟੀ ਦੇ ਗਿਰਦ ਲੋਕਾਂ ਦੀ ਏਕਤਾ ਦੀ ਨਿਰੰਤਰ ਬਰਕਰਾਰੀ ਅਤੇ ਮਜਬੂਤੀ ਪਾਰਟੀ ਅਤੇ ਇਸਦੀਆਂ ਸਭ ਜਥੇਬੰਦੀਆਂ ਦੇ ਸਮੁੱਚੇ ਕੰਮ ਵਿਚ ਸਭ ਤੋਂ ਬੁਨਿਆਦੀ ਮਸਲਾ ਹੈ, ਇਹ ਇਨਕਲਾਬ ਦੀ ਜਿੱਤ, ਸਮਾਜਵਾਦੀ ਸਮਾਜ ਦੀ ਉਸਾਰੀ ਅਤੇ ਮਾਂਤਭੂਮੀ ਦੀ ਰਾਖੀ ਵਾਸਤੇ ਇੱਕ ਫੈਸਲਾਕੁੰਨ ਸ਼ਰਤ ਹੈ।

ਸਾਡੇ ਲੋਕਾਂ ਦੀ ਏਕਤਾ, ਕੋਈ ਹਾਲਾਤਾਂ ਅਤੇ ਵਕਤੀ ਗਠਜੋੜਾਂ ਤੇ ਅਧਾਰਿਤ ਏਕਤਾ ਨਹੀਂ। ਇਹ ਪਾਰਟੀ ਦੇ ਗਿਰਦ ਲੋਕਾਂ ਦੀ ਜਿੰਦਾ ਅਤੇ ਖਾੜਕੂ ਏਕਤਾ

ਹੈ, ਜੋ ਦੇਸ਼ ਦੀ ਮੁਕਤੀ ਦੀ ਜੰਗ ਦੇ ਦੁਰਾਨ ਸਥਾਪਿਤ ਹੋਈ ਅਤੇ ਪਾਰਟੀ ਦੀ ਇਨਕਲਾਬੀ ਮਾਰਕਸਵਾਦੀ-ਲੈਨਿਨਵਾਦੀ ਨੀਤੀ ਨੂੰ ਲਾਗੂ ਕਰਨ ਦੇ ਘੋਲ ਵਿਚ ਨਿੱਗਰ ਹੋਈ।

ਪਰ ਏਕਤਾ ਕੋਈ ਅਜੇਹੀ ਚੀਜ਼ ਨਹੀਂ ਜੋ ਇੱਕੋ ਦਫਾ ਮਿਲ ਜਾਂਦੀ ਹੈ। ਇਸ ਨੂੰ ਮਜਬੂਤ ਕਰਨ ਵਾਸਤੇ ਨਿਰੰਤਰ ਅਤੇ ਸਥਾਈ ਘੋਲ ਲਾਜ਼ਮੀ ਹੈ। ਦੁਸ਼ਮਣਾਂ ਨੇ ਇਸ ਏਕਤਾ ਉਤੇ ਹਮਲਾ ਕਰਨ, ਪਾਰਟੀ ਅਤੇ ਲੋਕਾਂ ਵਿਚਕਾਰ ਦੁਫੇੜ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ, ਅਤੇ ਉਹ ਭਵਿੱਖ ਵਿਚ ਵੀ ਅਜੇਹਾ ਕਰਨ ਦੇ ਯਤਨ ਕਰਨਗੇ। ਨੌਕਰਸ਼ਾਹੀ ਅਤੇ ਉਦਾਰਵਾਦ, ਪਾਰਟੀ ਦੇ ਫੈਸਲਿਆਂ ਦੇ ਉਲਟ ਰਵੱ-ਈਏ ਵੀ ਪਾਰਟੀ ਅਤੇ ਲੋਕਾਂ ਦੇ ਰਿਸ਼ਤਿਆਂ ਨੂੰ ਵਿਗਾੜਦੇ ਹਨ ਅਤੇ ਇਸ ਏਕਤਾ ਨੂੰ ਨੁਕਸਾਨ ਪਹੁੰਚਾਉਂਦੇ ਹਨ। ਪੁਰਾਣੀਆਂ ਵਿਚਾਰਧਾਰਾਵਾਂ ਦੀ ਰਹਿੰਦ-ਖੂਹੰਦ ਅਤੇ ਅਸਰ, ਜੋ ਸਮਾਜਵਾਦੀ ਸਮਾਜ ਦੇ ਨਵੇਂ ਅਸੂਲਾਂ ਦੇ ਖਿਲਾਫ ਹਨ, ਉਹ ਵੀ ਇਸ ਏਕਤਾ ਦੀ ਉਲੰਘਣਾ ਕਰਦੇ ਹਨ।

ਇਸ ਵਾਸਤੇ, ਪਾਰਟੀ ਸਾਮ੍ਹਣੇ ਇਹ ਮਹਾਨ ਕੰਮ ਹੈ ਕਿ ਇਹ ਲੋਕਾਂ ਦੀ ਏਕਤਾ ਦੀ ਰਾਖੀ ਆਪਣੀ ਅੱਖ ਦੀ ਪੁਤਲੀ ਦੀ ਤਰ੍ਹਾਂ ਕਰੇ, ਇਸਨੂੰ ਹੋਰ ਨਿੱਗਰ ਬਣਾਵੇ ਅਤੇ ਇਸਨੂੰ ਹੋਰ ਸੁਰੱਖਿਅਤ ਬਣਾਵੇ। ਇਸ ਪੱਖ ਤੋਂ ਸਾਨੂੰ ਆਪਣੀ ਉਚੀ ਇਨਕਲਾਬੀ ਚੌਕਸੀ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ, ਜਮਾਤੀ ਘੋਲ ਲਗਾਤਾਰ ਅਤੇ ਸਹੀ ਤੌਰ ਤੇ ਚਲਾਉਣਾ ਚਾਹੀਦਾ ਹੈ, ਪਾਰਟੀ ਦੀਆਂ ਹਦਾਇਤਾਂ ਨੂੰ ਸੰ-ਜੀਦਗੀ ਨਾਲ ਲਾਗੂ ਕਰਨਾ ਚਾਹੀਦਾ ਹੈ, ਅਤੇ ਲੋਕਾਂ ਵਿਚ ਉਠਣ ਵਾਲੀਆਂ ਵੱਖ ਵੱਖ ਵਿਰੋਧਤਾਈਆਂ ਨੂੰ ਸਮੇਂ ਸਿਰ ਹੱਲ ਕਰਨਾ ਚਾਹੀਦਾ ਹੈ।

ਅਲਬਾਨੀਆਂ ਦਾ ਜਮਹੂਰੀ ਮੋਰਚਾ, ਇੱਕ ਮਹਾਨ ਸਿਆਸੀ ਜਥੇਬੰਦੀ ਹੈ ਜੋ ਪਾਰਟੀ ਦੀ ਅਗਵਾਈ ਹੇਠ ਅਲਬਾਨੀਅਨ ਲੋਕਾਂ ਦੀ ਏਕਤਾ ਨੂੰ ਸਾਕਾਰ ਕਰਦੀ ਹੈ। ਇਹ ਇਸ ਖੇਤਰ ਵਿਚ ਕਾਫੀ ਕੰਮ ਕਰ ਸਕਦੀ ਹੈ। ਇਸ ਮੋਰਚੇ ਨੂੰ ਹੋਕਾ ਦਿੱਤਾ ਜਾਂਦਾ ਹੈ ਕਿ ਹੋਰ ਸਮਾਜੀ ਜਥੇਬੰਦੀਆਂ ਨਾਲ ਮਿਲ ਕੇ ਸ਼ਹਿਰੀ ਅਤੇ ਦਿਹਾਤੀ ਲੋਕਾਂ ਵਿਚ ਸਰਬ-ਪੱਖੀ ਕੰਮ ਕਰੇ, ਪਾਰਟੀ ਦੀ ਨੀਤੀ, ਉਦੇਸ਼ਾਂ ਅਤੇ ਹਦਾਇਤਾਂ ਨੂੰ ਉਨ੍ਹਾਂ ਵਿਚ ਸਪੱਸ਼ਟ ਕਰੇ, ਉਨ੍ਹਾਂ ਨੂੰ ਸਮਾਜਵਾਦੀ ਦੇਸ਼-ਭਗਤੀ ਦਾ ਜ਼ਜ਼ਬਾ, ਇਨਕਲਾਬੀ ਚੌਕਸੀ, ਅਤੇ ਸਭ ਦੁਸ਼ਮਣ ਵਿਚਾਰਧਾਰਾਵਾਂ ਦੀ ਕੱਟੜ ਵਿਰੋਧਤਾ ਦੀ ਸਿਖਲਾਈ ਦੇਵੇ, ਅਤੇ ਲਗਾਤਾਰ ਲੋਕਾਂ ਦੀ ਏਕਤਾ ਨੂੰ ਮਜਬੂਤ ਅਤੇ ਪ੍ਰਚੰਡ ਬਣਾਵੇ। ਜਮਹੂਰੀ ਮੋਰਚਾ ਲੋਕਾਂ ਦੀ ਇਨਕਲਾਬੀ ਰਾਇ ਦਾ ਇੱਕ

ਮਹਾਨ ਪ੍ਰਤੀਨਿੱਧ, ਅਤੇ ਦੇਸ਼ ਦਾ ਪ੍ਰਬੰਧ ਚਲਾਉਣ ਅਤੇ ਸਮਾਜਵਾਦੀ ਉਸਾਰੀ ਅਤੇ ਮਾਤਭੂਮੀ ਦੀ ਰਾਖੀ ਦੇ ਮਸਲਿਆਂ ਨੂੰ ਹੱਲ ਕਰਨ ਵਿਚ ਮੇਹਨਤਕਸ਼ ਲੋਕਾਂ ਨੂੰ ਸ਼ਾਮਲ ਕਰਨ ਵਿਚ ਪਾਰਟੀ ਦੀ ਇੱਕ ਤਾਕਤਵਰ ਤੁਲ ਰਿਹਾ ਹੈ।

3.- ਮਾਰਕਸਵਾਦ-ਲੈਨਿਨਵਾਦ ਦੇ ਵਿਚਾਰਾਂ ਨੂੰ ਸਾਡੀ ਪਾਰਟੀ ਦੀਆਂ ਸਿਖਿਆਵਾਂ ਨਾਲ ਇਕ-ਮਿਕ ਕਰਦਿਆਂ ਉਨ੍ਹਾਂ ਵਿਚ ਮਹਾਰਤ ਪ੍ਰਾਪਤਕਰਨੀ ਚਾਹੀਦੀ ਹੈ।

ਪਾਰਟੀ ਵਲੋਂ ਕਮਿਊਨਿਸਟਾਂ ਅਤੇ ਮਿਹਨਤਕਸ਼ ਲੋਕਾਂ ਵਿਚ ਜੋ ਵਿਚਾਰਧਾਰਕ-ਸਿਆਸੀ ਵਿਦਿਆ ਦਾ ਕੰਮ ਕੀਤਾ ਜਾਂਦਾ ਹੈ ਉਸਦੀ ਬੁਨਿਆਦ ਹਮੇਸ਼ਾਂ ਸਾਡੀ ਸੇਧੂ ਵਿਚਾਰਧਾਰਾ, ਮਾਰਕਸਵਾਦ-ਲੈਨਿਨਵਾਦ, ਰਹੀ ਹੈ। ਮਾਰਕਸ ਏਂਗਲਜ਼, ਲੈਨਿਨ ਅਤੇ ਸਟਾਲਿਨ ਦੇ ਵਿਗਿਆਨਕ ਵਿਚਾਰਾਂ ਨੂੰ ਪ੍ਰਚਾਰਨ ਵਿਚ ਪਾਰਟੀਨੇ ਮਹਾਨ ਸਰਬਪੱਖੀ ਕੰਮ ਕੀਤਾ ਹੈ। ਮਾਰਕਸਵਾਦ-ਲੈਨਿਨਵਾਦ ਦੀਆਂ ਲਿਖਤਾਂ ਅਤੇ ਸਾਡੀ ਪਾਰਟੀ ਦੇ ਕਈ ਦਸਤਾਵੇਜ਼ ਅਤੇ ਹੋਰ ਲਿਖਤਾਂ, ਜੋ ਇੰਸਟੀਚਿਊਟ ਆਫ ਮਾਰਕਸਿਸਟ-ਲੈਨਿਨਿਸਟ ਸਟੱਡੀਜ਼ ਵਲੋਂ ਛਾਪੀਆਂ ਗਈਆਂ ਹਨ, ਕਮਿਊਨਿਸਟਾਂ ਅਤੇ ਮਿਹਨਤਕਸ਼ ਲੋਕਾਂ ਦੇ ਸਪੁਰਦ ਕੀਤੀਆਂ ਗਈਆਂ ਹਨ। ਉਨ੍ਹਾਂ ਦੀ ਪੜ੍ਹਾਈ ਵਾਸਤੇ ਸਟੱਡੀ ਸਰਕਲਾਂ, ਕੋਰਸਾਂ ਅਤੇ ਸਕੂਲਾਂ ਦਾ ਸਮੁੱਚ ਸਿਸਟਮ ਸਥਾਪਿਤ ਕੀਤਾ ਗਿਆ ਹੈ। ਪਾਰਟੀ ਦੇ ਸਭ ਮੈਂਬਰ ਇਕ ਜਥੇਬੰਦਕ ਢੰਗ ਨਾਲ ਮਾਰਕਸ-ਵਾਦ-ਲੈਨਿਨਵਾਦ ਦਾ ਅਧਿਅਨ ਕਰਦੇ ਹਨ, ਜਦ ਕਿ ਹਜ਼ਾਰਾਂ ਦੀ ਤਾਦਾਦ ਵਿਚ ਪਾਰਟੀ ਮੈਂਬਰ "ਵੀ.ਆਈ.ਲੈਨਿਨ" ਪਾਰਟੀ ਸਕੂਲ ਵਿਚੋਂ ਪਾਸ ਹੋਏ ਹਨ। ਮਾਰਕਸਵਾਦੀ ਲੈਨਿਨਵਾਦੀ ਸਿਧਾਂਤ ਸਮੁੱਚੇ ਸਕੂਲ ਸਿਸਟਮ ਵਿਚ ਛੋਟੀਆਂ ਤੋਂ ਲੈਕੇ ਵੱਡੀਆਂ ਜਮਾਤਾਂ ਤਕ ਪੜ੍ਹਾਇਆ ਜਾਂਦਾ ਹੈ। ਮਜ਼ਦੂਰ ਕਿਸਾਨ ਅਤੇ ਸਾਡੇ ਸਭ ਨੌਜਵਾਨ ਸਟੱਡੀ ਕੋਰਸਾਂ ਵਿਚ ਹਿੱਸਾ ਲੈਂਦੇ ਹਨ ਜਿਥੇ ਉਨ੍ਹਾਂ ਨੇ ਸਮਾਜਵਾਦ ਦੇ ਵਿਚਾਰਾਂ, ਸਾਡੀ ਪਾਰਟੀ ਦੀਆਂ ਇਨਕਲਾਬੀ ਸਿਖਿਆਵਾਂ ਅਤੇ ਅਮਲ ਦੀ ਰੰਗਤ ਚਾੜ੍ਹੀ ਜਾਂਦੀ ਹੈ। ਸਮੁੱਚਾ ਰੂਹਾਨੀ, ਸਾਹਿਤਕ ਅਤੇ ਵਿਗਿਆਨਕ ਜੀਵਨ ਸਾਡੀ ਪ੍ਰੋਲਤਾਰੀ ਵਿਚਾਰਧਾਰਾ ਵਿਚ ਵੱਧ ਤੋਂ ਵੱਧ ਰੰਗਿਆ ਜਾ ਰਿਹਾ ਹੈ।

ਕਮਿਊਨਿਸਟਾਂ ਅਤੇ ਲੋਕਾਂ ਦੀ ਪੜ੍ਹਾਈ ਵਾਸਤੇ ਕੀਤੇ ਜਾਂਦੇ ਇਨ ਸਾਰੇ ਕੰਮ ਦੇ ਵਧੀਆ ਨਤੀਜੇ ਨਿਕਲੇ ਹਨ। ਪਰ ਮਸਲਾ ਇਹ ਹੈ ਕਿ ਇਨ੍ਹਾਂ ਕੰਮਾਂ ਤੋਂ ਹੋਰ

ਫਾਇਦਾ ਉਠਾਉਣਾ ਚਾਹੀਦਾ ਹੈ, ਪੜ੍ਹਾਈ ਨੂੰ ਜੀਵਨ ਅਤੇ ਕੰਮ ਨਾਲ ਵਧੇਰੇ ਵਧੀਆ ਤੌਰ ਤੇ ਜੋੜਨਾ ਚਾਹੀਦਾ ਹੈ, ਤਾਂ ਕਿ ਇਹ ਕਮਿਊਨਿਸਟਾਂ ਅਤੇ ਲੋਕਾਂ ਦੇ ਵਿਚਾਰਧਾਰਕ ਅਤੇ ਸਿਆਸੀ ਵਿਕਾਸ ਦੀ ਸਹੀ ਤੌਰ ਤੇ ਸੇਵਾ ਕਰ ਸਕੇ। ਜੋ ਗੱਲਾਂ ਫੌਜ, ਸਭਿਆਚਾਰ ਦੇ ਖੇਤਰ, ਅਤੇ ਆਰਥਕਤਾ ਵਿਚ ਵਾਪਰੀਆਂ ਹਨ ਉਹ ਵਿਦਿਅਕ ਕੰਮ ਵਿਚ ਪਾਰਟੀ ਦੀਆਂ ਗੰਭੀਰ ਕਮਜ਼ੋਰੀਆਂ ਦੀਆਂ ਸੂਚਕ ਹਨ। ਇਨ੍ਹਾਂ ਕਮਜ਼ੋਰੀਆਂ ਵਿਚ ਸਾਨੂੰ ਉਹ ਸੋਮਾ ਲੱਭਣਾ ਚਾਹੀਦਾ ਹੈ ਜਿਸ ਕਰ ਕੇ ਇਹ ਸਭ ਕੁਝ ਵਾਪਰਿਆ ਹੈ, ਜਿਸਨੂੰ ਦੁਸ਼ਮਣਾਂ ਨੇ ਇਨ੍ਹਾਂ ਖੇਤਰਾਂ ਨੂੰ ਆਪਣੀਆਂ ਪਾਰਟੀ-ਵਿਰੋਧੀ ਕਾਰਵਾਈਆਂ ਵਾਸਤੇ ਵਰਤਿਆ।

ਸਿਰਫ ਸਟੱਡੀ ਗਰੁੱਪਾਂ ਦਾ ਬਕਾਇਦਾ ਮਿਲਣਾ, ਪਾਰਟੀ ਦੇ ਆਦਰਸ਼ਾਂ ਨੁਕਤਾਚੀਨੀ ਅਤੇ ਸਵੈ-ਨੁਕਤਾਚੀਨੀ, ਚੌਕਸੀ, ਆਦਿ ਬਾਰੇ ਤਕਰੀਰਾਂ ਅਤੇ ਪੇਪਰਾਂ ਨੂੰ ਸੁਣਨਾ ਹੀ ਕਾਫੀ ਨਹੀਂ। ਮੁੱਖ ਗੱਲ ਇਹ ਹੈ ਕਿ ਇਹ ਸਮਝਣਾ ਚਾਹੀਦਾ ਹੈ ਕਿ ਇਹ ਚੀਜ਼ਾਂ ਇਸ ਲਈ ਲੋੜੀਂਦੀਆਂ ਹਨ ਕਿ ਅਸੀਂ ਆਪਣੇ ਆਪ ਨੂੰ ਇਕ ਮਹਾਨ ਕਾਜ਼ ਵਾਸਤੇ ਘੋਲ ਵਿਚ ਲਾ ਸਕੀਏ, ਜੋ ਮਹਾਨ ਕਾਜ਼ ਹੈ ਸਮਾਜਵਾਦ ਦੀ ਉਸਾਰੀ, ਇਸਦੀ ਰਾਖੀ, ਅਤੇ ਸਾਡੇ ਦੇਸ਼ ਵਿਚ ਇਨਕਲਾਬ ਦੀ ਜਿੱਤ। ਅਗਰ ਇਨ੍ਹਾਂ ਚੀਜ਼ਾਂ ਨੂੰ ਇਸ ਢੰਗ ਨਾਲ ਨਾ ਸਮਝਿਆ ਜਾਵੇ ਤਾਂ ਡਸਿ-ਪਲਿਨ, ਅਸੂਲ, ਚੌਕਸੀ, ਜਮਾਤੀ ਘੋਲ ਆਦਿ ਸਭ ਸਿਰਫ ਕਾਗਜ਼ੀ ਫਾਰਮੂਲੇ ਬਣਕੇ ਹੀ ਰਹਿ ਜਾਂਦੇ ਹਨ। ਸਾਡੇ ਪ੍ਰਚਾਰ ਵਿਚ, ਅਜੇ ਵੀ ਅਜਿਹੇ ਓਪਰੇ ਕੰਮ ਦੇ ਕਈ ਚਿੰਨ੍ਹ ਹਨ, ਜਿਨ੍ਹਾਂ ਨੂੰ ਜਿੰਨਾਂ ਜਲਦੀ ਹੋ ਸਕੇ ਦੂਰ ਕਰਨਾ ਚਾਹੀਦਾ ਹੈ, ਤਾਂ ਕਿ ਸਾਡੀਆਂ ਸਿਖਿਆਵਾਂ ਦਾ ਲੋਕਾਂ ਦੇ ਦਿਲਾਂ ਵਿਚ ਡੂੰਘਾ ਅਸਰ ਹੋਵੇ ਅਤੇ ਸਾਡੀ ਸਥਾਈ ਦ੍ਰਿੜਤਾ ਕਾਇਮ ਹੋਵੇ।

ਅਸੀਂ ਮਾਰਕਸਵਾਦ-ਲੈਨਿਨਵਾਦ ਦਾ ਅਧਿਅਨ, ਗਿਆਨੀ ਬਣਨ ਵਾਸਤੇ ਨਹੀਂ ਕਰਦੇ। ਅਸੀਂ ਇਸਨੂੰ ਜ਼ਿੰਦਗੀ ਵਿਚ ਲਾਗੂ ਕਰਨ ਵਾਸਤੇ ਇਸ ਦਾ ਅਧਿਅਨ ਕਰਦੇ ਹਾਂ, ਤਾਂ ਕਿ ਅਸੀਂ ਹਰ ਕੰਮ ਵਿਚ ਇਸਦੇ ਅਸੂਲਾਂ ਤੇ ਚਲੀਏ ਅਤੇ ਹਰ ਚੀਜ਼ ਨੂੰ ਇਸਦੇ ਜ਼ਜ਼ਬਾਤ ਵਿਚ ਘੋਖੀਏ। ਜੀਵਨ ਅਤੇ ਇਨਕਲਾਬੀ ਅਮਲ ਨਾਲ ਜੁੜਿਆ ਹੋਇਆ, ਸਿਧਾਂਤ ਦਾ ਅਜਿਹਾ ਅਧਿਐਨ, ਸਹੀ ਤੌਰ ਤੇ ਕਮਿਊਨਿਸਟ ਬਣਾਉਂਦਾ ਹੈ, ਅਤੇ ਵਿਗਿਆਨਕ ਨਜ਼ਰੀਆ ਅਤੇ ਇਨਕਲਾਬੀ ਆਚਰਣ ਪੈਦਾ ਕਰਦਾ ਹੈ, ਤਾਂ ਕਿ ਸਾਡੇ ਲੋਕ ਹਮੇਸ਼ਾਂ ਸਮਾਜਵਾਦ ਦੇ ਕਾਜ਼ ਵਾਸਤੇ ਦ੍ਰਿੜ ਯੋਧੇ ਰਹਿਣ, ਅਤੇ ਦੁਸ਼ਮਣਾਂ ਅਤੇ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਨਾਲ ਕੋਈ ਸਮਝੌਤਾ

ਨਾ ਕਰਨ।

ਇਸ ਵਾਸਤੇ ਸਾਨੂੰ ਸੰਜੀਦਗੀ ਨਾਲ ਮਾਰਕਸਵਾਦ-ਲੈਨਿਨਵਾਦ ਦਾ ਅਧਿਅਨ ਕਰਨਾ ਚਾਹੀਦਾ ਹੈ, ਜੋ ਕਿ ਵਿਗਿਆਨ ਹੈ, ਸਿਧਾਂਤ ਹੈ, ਜੋ ਸਾਨੂੰ ਸਿਖਾਉਂਦਾ ਹੈ ਕਿ ਪਾਰਟੀ ਦੀ ਲਾਈਨ ਅਤੇ ਹਦਾਇਤਾਂ ਨੂੰ ਕਿਵੇਂ ਸਮਝਣਾ ਹੈ, ਅਤੇ ਕਿਵੇਂ ਉਨ੍ਹਾਂ ਨੂੰ ਜੀਵਨ ਵਿਚ ਲਾਗੂ ਕਰਨ ਵਾਸਤੇ ਸਾਨੂੰ ਲਾਜ਼ਮੀ ਹੀ ਘੋਲ ਕਰਨਾ ਚਾਹੀਦਾ ਹੈ। ਪਾਰਟੀ ਦੇ ਜ਼ਿੰਮੇਂ ਇਹ ਕੰਮ ਹੈ ਕਿ ਇਹ ਸਾਡੇ ਮਹਾਨ ਅਧਿਆਪਕਾਂ, ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੀਆਂ ਉਚਕੋਟੀ ਦੀਆਂ ਰਚਨਾਵਾਂ ਦੇ ਪ੍ਰਚਾਰ ਅਤੇ ਅਧਿਅਨ ਵਿਚ ਵਾਧਾ ਕਰੇ, ਜੋ ; ਰਚਨਾਵਾਂ ਵਿਗਿਆਨਕ ਕਮਿਊਨਿਜ਼ਮ ਦਾ ਅਮੁੱਲ ਭੰਡਾਰ ਹਨ, ਨਵੇਂ ਮਨੁੱਖ ਦੀ ਕਮਿਊਨਿਸਟ ਬਣਤਰ ਦੀ ਬੁਨਿਆਦ ਹਨ। ਪਰ ਇਨ੍ਹਾਂ ਦਾ ਅਧਿਅਨ ਤਦ ਹੀ ਪੂਰਨ ਅਤੇ ਲਾਹੇਵੰਦ ਹੋ ਸਕਦਾ ਹੈ ਜੇ ਇਸਨੂੰ ਸਾਡੀ ਪਾਰਟੀ ਦੀਆਂ ਸਿਖਿਆਵਾਂ, ਇਸਦੇ ਦਸਤਾਵੇਜ਼ਾਂ ਦੇ ਅਧਿਅਨ ਨਾਲ ਜੋੜਿਆ ਜਾਵੇ, ਇਨ੍ਹਾਂ ਵਿਚ ਮਾਰਕਸਵਾਦ-ਲੈਨਿਨਵਾਦ ਦੇ ਸਰਬ-ਵਿਆਪੀ ਨਿਯਮਾਂ ਅਤੇ ਅਸੂਲਾਂ ਦੀ ਅਲਬਾਨੀਆਂ ਦੇ ਹਾਲਾਤਾਂ ਵਿਚ ਉਸਾਰੂ ਵਰਤੋਂ ਸਪੱਸ਼ਟ ਦਿਸਦੀ ਹੈ, ਜਿਨ੍ਹਾਂ ਵਿਚ ਸਾਡੇ ਇਨਕਲਾਬ ਦੇ ਮਹਾਨ ਤਜ਼ਰਬੇ, ਸਾਮਰਾਜਵਾਦ ਅਤੇ ਨਵ-ਸੋਧਵਾਦ ਦੇ ਖਿਲਾਫ ਸਾਡੀ ਪਾਰਟੀ ਅਤੇ ਲੋਕਾਂ ਦੇ ਘੋਲ ਦੇ ਤਜ਼ਰਬੇ ਦਾ ਨਿਚੋੜ ਸ਼ਾਮਿਲਤ ਹੈ।

ਪਾਰਟੀ ਦੇ ਦਸਤਾਵੇਜ਼ਾਂ ਅਤੇ ਪਾਰਟੀ ਦਾ ਇਤਿਹਾਸ ਦਾ ਅਧਿਅਨ ਕਮਿਊਨਿਸਟਾਂ ਅਤੇ ਮਿਹਨਤਕਸ਼ ਲੋਕਾਂ ਨੂੰ ਪਾਰਟੀ ਦੀ ਆਮ ਸੇਧ, ਮਸਲਿਆਂ ਦੇ ਹੱਲ ਵਿਚ ਇਸਦੇ ਸਟਾਈਲ ਅਤੇ ਢੰਗ ਨੂੰ ਪੂਰੀ ਤਰ੍ਹਾਂ ਅਤੇ ਤੇਜ਼ੀ ਨਾਲ ਗ੍ਰਹਿਣ ਕਰਨ ਵਿਚ, ਸਾਡੀ ਪਾਰਟੀ ਦੇ ਖਾੜਕੂ ਤਜ਼ਰਬੇ ਅਤੇ ਬਹੁਤ ਅਸੂਲੀ ਸਟੈਂਡ ਨੂੰ ਸਮਝਣ ਵਿਚ, ਮਦਦ ਕਰਦਾ ਹੈ ਕਿ ਇਹ ਸਾਡੀ ਪਾਰਟੀ, ਇਸਦਾ ਤਜ਼ਰਬਾ, ਅਤੇ ਸਿਆਣਪ ਹੀ ਹਨ ਜੋ ਸਾਨੂੰ ਸਿਖਾਂਉਂਦੇ ਹਨ ਕਿ ਸਮਾਜਵਾਦ ਦੀ ਉਸਾਰੀ, ਮਾਤ-ਭੂਮੀ ਦੀ ਰਾਖੀ ਵਾਸਤੇ ਕਿਵੇਂ ਜਦੋਜਹਿਦ ਕਰਨੀ ਹੈ, ਇਨਕਲਾਬ ਨੂੰ ਕਿਵੇਂ ਲਗਾਤਾਰ ਅੱਗੇ ਵਧਾਉਣਾ ਚਾਹੀਦਾ ਹੈ।

ਮਾਰਕਸਵਾਦ-ਲੈਨਿਨਵਾਦ ਸਿਰਫ ਕਿਤਾਬਾਂ ਤੋਂ ਜਾਂ ਸਕੂਲਾਂ ਤੋਂ ਹੀ ਨਹੀਂ ਸਿਖਿਆ ਜਾਂਦਾ। ਇਹ ਸਮਾਜਵਾਦ ਉਸਾਰਨ ਦੇ ਰੋਜ਼ਾਨਾ ਘੋਲ ਵਿਚ ਸਰਗਰਮ ਹਿੱਸਾ ਲੈ ਕੇ, ਲਗਾਤਾਰ ਜਮਾਤੀ ਘੋਲ ਚਲਾ ਕੇ, ਸਮਾਰਾਜੀ-ਸੋਧਵਾਦੀ ਘੇਰਾਉ ਦੇ ਖਿਲਾਫ ਜ਼ਬਰਦਸਤ ਲੜਾਈ ਕਰਕੇ ਸਿਖਿਆ ਅਤੇ ਗ੍ਰਹਿਣ ਕੀਤਾ ਜਾਂਦਾ ਹੈ।

ਮਿਹਨਤਕਸ਼ ਲੋਕਾਂ ਦੀ ਕਮਿਊਨਿਸਟ ਪੜ੍ਹਾਈ ਅਤੇ ਉਨ੍ਹਾਂ ਨੂੰ ਇਨਕਲਾਬੀ ਪੁੱਠ ਚਾੜ੍ਹਨ ਵਾਸਤੇ ਸਮੁੱਚੀ ਪਾਰਟੀ ਅਤੇ ਨਾਲੋ ਨਾਲ ਸਟੇਟ ਅਤੇ ਜਨਤਕ ਜਥੇਬੰਦੀਆਂ ਦੇ ਜ਼ਿੰਮੇ ਮਹਾਨ ਕੰਮ ਹੈ, ਜਿਨ੍ਹਾਂ ਨੂੰ ਇਸ ਕੰਮ ਨੂੰ ਆਪਣੀ ਸਰਗਰਮੀ ਦੇ ਮੁੱਖ ਪਹਿਲੂਆਂ ਵਿਚੋਂ ਇਕ ਸਮਝਣਾਂ ਚਾਹੀਦਾ ਹੈ।

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਕਮਿਊਨਿਸਟਾਂ ਵਾਸਤੇ ਮਾਰਕਸਵਾਦੀ ਲੈਨਿਨਵਾਦੀ ਸਿਧਾਂਤ ਦਾ ਅਧਿਅਨ ਲਾਜ਼ਮੀ ਹੈ। ਕਈ ਇਹ ਕਹਿੰਦੇ ਹਨ ਕਿ "ਅਧਿਅਨ ਕਰਨਾ ਮੈਨੂੰ ਬਹੁਤ ਮੁਸ਼ਕਲ ਲਗਦਾ ਹੈ", ਪਰ ਉਹ ਇਹ ਨਹੀਂ ਸੋਚਦੇ ਕਿ ਇਹ ਵਿਚਾਰ ਬਹੁਤ ਹੀ ਨੁਕਸਾਨਦੇਹ ਹਨ ਅਤੇ ਇਸ ਤਰੀਕੇ ਦੇ ਵਰਤਾਉ ਅਤੇ ਗੱਲਾਂ ਕਰਕੇ ਉਹ ਇਕ ਭਾਰੀ ਗਲਤੀ ਕਰ ਰਹੇ ਹਨ। ਉਹ ਇਹ ਨਹੀਂ ਸਮਝਦੇ ਕਿ ਉਨ੍ਹਾਂ ਦੇ ਕੰਮ ਵਿਚ ਬਹੁਤ ਸਾਰੀਆਂ ਤਰੁੱਟੀਆਂ ਅਤੇ ਕਮਜ਼ੋਰੀਆਂ ਹੁੰਦੀਆਂ ਹੀ ਸਿਰਫ ਉਨ੍ਹਾਂ ਵਿਚ ਵਿਚਾਰਧਾਰਕ-ਸਿਆਸੀ ਤਰਤੀਬ ਦੀ ਘਾਟ ਕਰਕੇ ਹਨ। ਇਹ ਜ਼ਰੂਰੀ ਹੈ ਕਿ ਕਮਿਊਨਿਸਟ ਆਪਣੇ ਤੌਰ ਤੇ ਅਧਿਅਨ, ਆਪਣੇ ਵਿਚਾਰਧਾਰਕ, ਸਭਿਆਚਾਰਕ ਅਤੇ ਤਕਨੀਕੀ-ਪ੍ਰੋਫੈਸ਼ਨਲ ਪੱਧਰ ਨੂੰ ਉਚਿਆਂ ਚੁੱਕਣ ਦੇ ਆਪਣੇ ਇਰਾਦੇ ਨੂੰ ਦ੍ਰਿੜ ਕਰਨ। ਕਿਸੇ ਨੂੰ ਵੀ ਇਹ ਨਹੀਂ ਕਹਿਣਾ ਚਾਹੀਦਾ ਕਿ ਉਸ ਕੋਲ ਅਧਿਅਨ ਵਾਸਤੇ ਵਕਤ ਨਹੀਂ ਹੈ। ਜਿਹੜਾ ਕਮਿਊਨਿਸਟ ਅਧਿਅਨ ਅਤੇ ਆਪਣੀ ਸੂਝ ਨੂੰ ਵਧਾਉਣ ਵਿਚ ਕੋਈ ਦਿਲਚਸਪੀ ਨਹੀਂ ਲੈਂਦਾ, ਜਿਹੜਾ ਪਾਰਟੀ ਦੇ ਅਮੀਰ ਤਜਰਬੇ ਤੋਂ ਜਾਣੂੰ ਹੋਣ ਅਤੇ ਇਸਨੂੰ ਗ੍ਰਹਿਣ ਕਰਨ ਵਾਸਤੇ ਕੋਈ ਯਤਨ ਨਹੀਂ ਕਰਦਾ, ਉਹ ਛੇਤੀਂ ਹੀ ਥੱਕ ਜਾਵੇਗਾ ਅਤੇ ਇਕ ਮੋਹਰੀ ਯੋਧੇ ਦੇ ਤੌਰ ਤੇ ਆਪਣੇ ਕੰਮ ਵਿਚ ਪੂਰਾ ਨਹੀਂ ਉਤਰੇਗਾ।

"ਵੀ. ਆਈ. ਲੈਨਿਨ" ਪਾਰਟੀ ਸਕੂਲ, ਸਟੱਡੀ ਕੋਰਸਾਂ ਅਤੇ ਪਾਰਟੀ ਪੜ੍ਹਾਈ ਦੇ ਹੋਰ ਜ਼ਰੀਇਆਂ ਨੂੰ ਆਪਣੇ ਕੰਮ ਦੇ ਪੱਧਰ ਨੂੰ ਹੋਰ ਵੀ ਉਚਾ ਚੁੱਕਣਾ ਚਾਹੀਦਾ ਹੈ ਤਾਂ ਕਿ ਕੇਡਰ ਅਤੇ ਕਮਿਊਨਿਸਟ ਮਾਰਕਸਵਾਦ-ਲੈਨਿਨਵਾਦ ਅਤੇ ਸਾਡੀ ਪਾਰਟੀ ਦੀਆਂ ਸਿਖਿਆਵਾਂ ਦਾ ਹੋਰ ਵੀ ਵਧੀਆ ਅਤੇ ਉਸਾਰੂ ਤੌਰ ਤੇ ਅਧਿਅਨ ਕਰ ਸਕਣ ਅਤੇ ਉਨ੍ਹਾਂ ਵਿਚ ਮੁਹਾਰਤ ਪ੍ਰਾਪਤ ਕਰ ਸਕਣ।

ਖਾਸ ਤੌਰ ਤੇ, ਨੌਜਵਾਨ ਪੀੜ੍ਹੀ ਨੂੰ ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਨਾਲ ਲੈਸ ਕਰਨ ਦਾ ਮਹਾਨ ਕੰਮ ਸਾਡੇ ਸਕੂਲ ਦੇ ਜ਼ਿੰਮੇ ਹੈ, ਜਿਥੇ ਨੌਜਵਾਨਾਂ ਦੀ ਵਿਚਾਰਧਾਰਕ ਰਚਨਾ ਦੀ ਨੀਂਹ ਰੱਖੀ ਜਾਂਦੀ ਹੈ, ਜਿਥੇ ਅਧਿਅਨ ਦੀਆਂ ਆਦਤਾਂ ਅਤੇ ਢੰਗ ਸਿਖੇ ਜਾਂਦੇ ਹਨ, ਜਿਥੇ ਅਧਿਅਨ ਵਿਚ ਦਿਲਚਸਪੀ ਅਤੇ ਸਿੱਖਣ ਦੀ

ਲਾਲਸਾ ਭਰੀ ਜਾਂਦੀ ਹੈ। ਸਕੂਲ ਵਾਸਤੇ ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਉਹ ਵਿਦਿਆਰਥੀਆਂ ਨੂੰ ਸਿਰਫ ਮਾਰਕਸਵਾਦੀ ਸੂਝ ਹੀ ਨਾ ਦੇਣ, ਬਲਕਿ ਉਨ੍ਹਾਂ ਨੂੰ ਇਹ ਸਿਖਾਉਣ ਕਿ ਜੀਵਨ ਵਿਚ ਸਹੀ ਤੌਰਤੇ ਕਿਵੇਂ ਲੜਨਾ ਹੈ।

ਸਮਾਜਿਕ ਵਿਗਿਆਨਾਂ ਦੀਆਂ ਸੰਸਥਾਵਾਂ ਸਾਹਮਣੇ ਵੀ ਕਾਫੀ ਵੱਡੇ ਕੰਮ ਹਨ ਅਤੇ ਉਨ੍ਹਾਂ ਨੂੰ ਇਹ ਹੋਕਾ ਦਿਤਾ ਜਾਂਦਾ ਹੈ ਕਿ ਉਹ ਪਾਰਟੀ ਦੇ ਸਿਧਾਂਤਕ ਅਤੇ ਅਮਲੀ ਤਜ਼ਰਬੇ ਦਾ ਵਧੇਰੇ ਵਧੀਆ ਜਾਇਜ਼ਾ ਲਾਉਂਦਿਆਂ ਆਪਣੇ ਕੰਮ ਨੂੰ ਉਚੀ ਪੱਧਰ ਤਕ ਚੁੱਕਣ ਅਤੇ ਇਸਦੀਆਂ ਪ੍ਰਚਾਰਕ ਬਣਨ। ਮਿਹਨਤਕਸ਼ ਲੋਕਾਂ, ਸਕੂਲ, ਪਾਰਟੀ ਦੇ ਵਿਦਿਅਕ ਸਿਸਟਮ ਨੂੰ ਅਜੇ ਵੀ ਵੱਖ ਵੱਖ ਕਿਸਮ ਦੀਆਂ ਟੈਕਸਟ-ਬੁੱਕਾਂ ਦੀ ਵਿਸ਼ਾਲ ਪੈਮਾਨੇ ਤੇ ਲੋੜ ਹੈ, ਜਿਨ੍ਹਾਂ ਦਾ ਮੁੱਦਾ ਪ੍ਰਫੁੱਲਤ ਹੋਵੇ ਅਤੇ ਸਪੱਸ਼ਟਤਾ ਅਤੇ ਵਿਸਥਾਰ ਨਾਲ ਲਿਖੀਆਂ ਹੋਈਆਂ ਹੋਣ। ਇਨ੍ਹਾਂ ਲੋੜਾਂ ਦੀ ਪੂਰਤੀ ਦੀਆਂ ਸਭ ਸੰਭਾਵਨਾਵਾਂ ਮੌਜੂਦ ਹਨ, ਵਿਗਿਆਨਕ ਸੰਸਥਾਵਾਂ ਅਤੇ ਪਬਲਿਸ਼ਿੰਗ ਹਾਊਸਾਂ, ਸਕੂਲਾਂ, ਅਤੇ ਵੱਖ ਵੱਖ ਐਡੀਟੋਰੀਅਲ ਬੋਰਡਾਂ ਦੇ ਕੰਮ ਦੀ ਵਧੀਆ ਜਥੇਬੰਦੀ ਅਤੇ ਤਾਲਮੇਲ ਰਾਹੀਂ ਇਹ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।

ਮਾਰਕਸਵਾਦੀ-ਲੈਨਿਨਵਾਦੀ ਪ੍ਰਚਾਰ ਦੇ ਸਿਧਾਂਤ ਅਤੇ ਇਸਦੇ ਅਧਿਅਨ ਦੇ ਕੰਮ ਵਿਚ ਉਨਤੀ, ਕਾਫੀ ਹੱਦ ਤਕ ਪਾਰਟੀ ਜਥੇਬੰਦੀਆਂ ਅਤੇ ਕਮੇਟੀਆਂ ਦੀ ਸਰਗਰਮੀ ਉਤੇ ਨਿਰਭਰ ਹੈ। ਉਨ੍ਹਾਂ ਨੂੰ ਜ਼ਰੂਰੀ ਹੀ ਇਸ ਕੰਮ ਦੀ ਡੂੰਘਾਈ ਵਿਚ ਜਾਣਾ ਚਾਹੀਦਾ ਹੈ, ਕਮਿਊਨਿਸਟਾਂ, ਕੇਡਰਾਂ ਅਤੇ ਲੋਕਾਂ ਦੀ ਪੜ੍ਹਾਈ ਦਾ ਜੋ ਮਹਾਨ ਕੰਮ ਪਾਰਟੀ ਦੇ ਜ਼ਿੰਮੇਂ ਹੈ ਉਸਨੂੰ ਲਾਗੂ ਕਰਨ ਉਤੇ ਲਗਾਤਾਰ ਨਿਗਰਾਨੀ ਰੱਖਣੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਹੋਕਾ ਦਿਤਾ ਜਾਂਦਾ ਹੈ ਕਿ ਉਹ ਵਿਦਿਅਕ ਕੰਮ ਨੂੰ ਉਨ੍ਹਾਂ ਮਸਲਿਆਂ ਦੇ ਗਿਰਦ ਉਸਾਰਨ ਜੋ ਜੀਵਨ ਵਿਚ ਪੇਸ਼ ਆਉਂਦੇ ਹਨ, ਅਤੇ ਜਿਨ੍ਹਾਂ ਬਾਰੇ ਲੋਕ ਚਿੰਤਾਤੁਰ ਹਨ, ਇਹ ਹੋਰ ਸਮਝਣਯੋਗ ਹੋਣਾ ਚਾਹੀਦਾ ਹੈ, ਅਤੇ ਲੋਕਾਂ ਦੀਆਂ ਵੱਧ ਰਹੀਆਂ ਮੰਗਾਂ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਹੈ। ਇਸ ਮਕਸਦ ਵਾਸਤੇ, ਵਿਸ਼ਾਲ ਜਨਤਕ ਐਕਸ਼ਨ, ਬਹਿਸ ਅਤੇ ਵਿਚਾਰ-ਵਟਾਂਦਰੇ ਦੇ ਢੰਗਾਂ ਨੂੰ ਵਧੀਆ ਤੌਰ ਤੇ ਵਰਤਣਾ ਚਾਹੀਦਾ ਹੈ, ਜਿਨ੍ਹਾਂ ਦੇ ਲਾਹੇਵੰਦ ਨਤੀਜੇ ਨਿਕਲੇ ਹਨ, ਪ੍ਰਚਾਰ ਦੇ ਸਭ ਸਾਧਨਾਂ ਨੂੰ ਵੱਧ ਤੋਂ ਵੱਧ ਅਸਰਦਾਇਕ ਢੰਗ ਨਾਲ ਵਰਤਣਾ ਚਾਹੀਦਾ ਹੈ।

ਪ੍ਰੈਸ, ਪਬਲੀਕੇਸ਼ਨਾਂ ਅਤੇ ਰੇਡੀਉ ਅਤੇ ਟੈਲੀਵਿਜ਼ਨ ਨੇ ਲੋਕਾਂ ਦੀ ਪੜ੍ਹਾਈ ਵਿਚ ਮਹਾਨ ਅਤੇ ਵਿਸ਼ੇਸ਼ ਰੋਲ ਅਦਾ ਕੀਤਾ ਹੈ ਅਤੇ ਕਰ ਰਹੇ ਹਨ। ਪ੍ਰੈਸ ਤੇ ਪਬਲੀ-

ਕੇਸਨਾਂ ਅਤੇ ਰੇਡੀਉ ਅਤੇ ਟੈਲੀ ਵਿਜ਼ਨ ਪ੍ਰਸਾਰਨਾ ਵਿਚ ਦੇਖੀਆਂ ਗਈਆਂ ਤਰੁੱਟੀਆਂ ਅਤੇ ਕਮਜ਼ੋਰੀਆਂ ਦੇ ਖਿਲਾਫ, ਪਾਰਟੀ ਦੀ ਕੇਂਦਰੀ ਕਮੇਟੀ ਦੇ ਚੋਥੇ ਪਲੈਨਿੰਗ ਤੋਂ ਬਾਅਦ ਸਰਬਪੱਖੀ ਘੋਲ ਚਲਾਇਆ ਗਿਆ। ਉਨ੍ਹਾਂ ਵਿਚ ਸੁਧਾਰ ਹੋਇਆ ਹੈ। ਪਰ ਭਵਿੱਖ ਵਿਚ ਵੀ, ਉਨ੍ਹਾਂ ਦੇ ਖਾੜਕੂ ਜਮਾਤੀ ਅਤੇ ਪ੍ਰੋਲਤਾਰੀ ਖਾਸੇ ਨੂੰ ਵਧਾਉਣ, ਲਿਖਤਾਂ ਅਤੇ ਪ੍ਰਸਾਰਨਾਂ ਦੀ ਕਿਸਮ ਅਤੇ ਵਿਚਾਰਧਾਰਕ ਪੱਧਰ ਨੂੰ ਉਚਾ ਚੁੱਕਣ ਅਤੇ ਜਨ- ਦਿਸ਼ਾ ਨੂੰ ਡੂੰਘਿਆਂ ਕਰਨ ਵੱਲ ਤਵੱਜੋਂ ਦੇਣੀ ਹੋਵੇਗੀ। ਇਸ ਤਰ੍ਹਾਂ, ਦੇਸ਼ ਦੇ ਸਾਹਮਣੇ ਕੰਮਾਂ ਨੂੰ ਨੇਪਰੇ ਚਾੜ੍ਹਨ ਵਿਚ ਮਿਹਨਤਕਸ਼ ਲੋਕਾਂ ਦੀ ਲਾਮਬੰਦੀ ਵਿਚ ਪਾਰਟੀ ਦੇ ਸਹਾਇਕਾਂ ਦੇ ਤੌਰ ਤੇ ਉਹ ਆਪਣੇ ਰੋਲ ਨੂੰ ਵਧੀਆ ਤੌਰ ਤੇ ਨਿਭਾਉਣਗੇ।

4— ਵਿੱਦਿਆ, ਸੱਭਿਆਚਾਰ ਅਤੇ ਵਿਗਿਆਨ ਨੂੰ ਜਰੂਰੀ ਹੀ ਸਮੇਂ ਦੇ ਕੰਮਾਂ ਦੇ ਪੱਧਰ ਤਕ ਲਿਆਉਣਾ ਚਾਹੀਦਾ ਹੈ

ਛੇਵੀਂ ਕਾਂਗਰਸ ਤੋਂ ਬਾਅਦ ਦੇ ਸਾਲਾਂ ਦੁਰਾਨ ਵਿੱਦਿਆ, ਸੱਭਿਆਚਾਰ, ਕਲਾ ਅਤੇ ਵਿਗਿਆਨ ਦੇ ਖੇਤਰ ਵਿਚ ਪਾਰਟੀ ਦੀਆਂ ਹਦਾਇਤਾਂ ਨੂੰ ਲਾਗੂ ਕਰਨ ਵਾਸਤੇ ਮਹਾਨ ਕਦਮ ਚੁੱਕੇ ਗਏ ਹਨ। ਇਹ ਮਹੱਤਵਪੂਰਨ ਖੇਤਰ ਦੇਸ਼ ਦੀ ਸਮਾਜਵਾਦੀ ਉਸਾਰੀ ਵਾਸਤੇ ਸਾਡੇ ਸਮੁੱਚੇ ਲੋਕਾਂ ਵਲੋਂ ਚਲਾਏ ਜਾਂਦੇ ਘੋਲ ਵਿਚ ਜੁੱਟੇ ਰਹੇ ਹਨ।

ਪਾਰਟੀ ਨੇ ਵਿੱਦਿਆ ਵੱਲ, ਇਸਦੇ ਵਿਗਿਆਨਕ ਅਤੇ ਵਿਚਾਰਧਾਰਕ ਪੱਧਰ ਨੂੰ ਲਗਾਤਾਰ ਉਚਾ ਚੁੱਕਣ ਵੱਲ ਸਦਾ ਹੀ ਖਾਸ ਤਵੱਜੋ ਦਿੱਤੀ ਹੈ।

ਪੜ੍ਹਾਈ ਦੇ ਇਨਕਲਾਬੀਕਰਣ ਵਾਸਤੇ ਪਾਰਟੀ ਦੀ ਕੇਂਦਰੀ ਕਮੇਟੀ ਦੇ 1968 ਦੇ ਅੱਠਵੇਂ ਪਲੈਨਿਮ ਅਤੇ ਪਾਰਟੀ ਦੀ ਛੇਵੀਂ ਕਾਂਗਰਸ ਵਲੋਂ ਮਨਜ਼ੂਰ ਕੀਤੇ ਗਏ ਮਾਰਕਸਵਾਦੀ-ਲੈਨਿਨਵਾਦੀ ਪ੍ਰੋਗਰਾਮ ਨੂੰ ਲਾਗੂ ਕਰਦਿਆਂ, ਸਾਡੇ ਸਕੂਲ ਵਿਚ ਮਹਾਨ ਤਬਦੀਲੀਆਂ ਹੋਈਆਂ ਹਨ ਅਤੇ ਇਸ ਦੇ ਵਿਚਾਰਧਾਰਕ ਪੱਧਰ ਨੂੰ ਮਜਬੂਤ ਕਰਨ, ਅਤੇ ਤਿੰਨ ਹਿੱਸਿਆਂ : ਪੜ੍ਹਾਈ, ਪੈਦਾਵਾਰੀ ਕੰਮ, ਅਤੇ ਜਿਸਮਾਨੀ ਅਤੇ ਫੌਜੀ ਟ੍ਰੇਨਿੰਗ ਨੂੰ ਲਾਗੂ ਕਰਨ, ਸਕੂਲ ਦੇ ਵਿਗਿਆਨਕ ਪੱਧਰ ਨੂੰ ਉਚਿਆਂ ਚੁੱਕਣ ਅਤੇ ਇਸਨੂੰ ਜੀਵਨ ਨਾਲ ਜੋੜਨ ਵਿਚ ਬਹੁਤ ਸਫਲਤਾਵਾਂ ਹਾਸਲ ਕੀਤੀਆਂ ਹਨ। ਸਭ ਕਿਸਮ ਦੇ ਸਕੂਲਾਂ ਵਾਸਤੇ ਯੋਜਨਾਵਾਂ ਅਤੇ ਪ੍ਰੋਗਰਾਮ ਤਿਆਰ ਕਰਨ ਨਵੀਆਂ

ਟੈਕਸਟਬੁੱਕਾਂ ਨੂੰ ਤਰਤੀਬ ਦੇਣ ਵਿਚ ਸ਼ਲਾਘਾਯੋਗ ਕੰਮ ਹੋਇਆ ਹੈ। ਵਿੱਦਿਆ ਦਾ ਸਿਸਟਮ ਉਨੱਤ ਅਤੇ ਪ੍ਰਫੁੱਲਤ ਹੋਇਆ ਹੈ। ਵਿਦਿਆਰਥੀਆਂ ਵਾਸਤੇ ਵਧੇਰੇ ਸੂਝ ਹਾਸਲ ਕਰਨ, ਪੈਦਾਵਾਰ ਅਤੇ ਰੱਖਿਆ ਵਾਸਤੇ ਵਧੇਰੇ ਸਿਖਲਾਈ ਪ੍ਰਾਪਤ ਕਰਨ, ਮਜ਼ਦੂਰ ਜਮਾਤ ਦੇ ਜਜ਼ਬਾਤਾਂ ਅਤੇ ਪ੍ਰੋਲਤਾਰੀ ਡਸਿਪਲਿਨ ਅਤੇ ਆਚਰਣ ਵਿਚ ਸਿਖਾਏ ਜਾਣ ਦੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਗਈਆਂ। ਸਾਡਾ ਸਕੂਲ ਆਪਣੇ ਆਪਨੂੰ ਨਵੀਨ ਅਤੇ ਲੋਕ-ਪ੍ਰਿਯ ਖਾਸੇ ਨਾਲ ਵੱਧ ਤੋਂ ਵੱਧ ਮਜਬੂਤ ਕਰ ਰਿਹਾ ਹੈ। ਇਹ ਆਪਣੇ ਇਨਕਲਾਬੀ ਜਮਾਤੀ ਜਜ਼ਬੇ ਨੂੰ ਹੋਰ ਮਜਬੂਤ ਕਰ ਰਿਹਾ ਹੈ।

ਇਹ ਸਾਰੀ ਵਿਧੀ, ਉਦਾਰਵਾਦੀ, ਨੌਕਰਸ਼ਾਹ ਅਤੇ ਟੈਕਨੋਕ੍ਰੈਟਿਕ ਧਾਰਨਾਵਾਂ ਅਤੇ ਅਮਲਾਂ, ਬੁਰਜ਼ੂਆ ਅਤੇ ਸੋਧਵਾਦੀ ਅਸਰਾਂ ਦੇ ਖਿਲਾਫ ਤਿੱਖੇ ਘੋਲ ਦੇ ਵਿਚੋਂ ਲੰਘੀ ਹੈ, ਜਿਨ੍ਹਾਂ ਦੀ ਪਾਰਟੀ ਕੇਂਦਰੀ ਕਮੇਟੀ ਦੇ ਚੌਥੇ ਪਲੈਨਿਮ ਅਤੇ ਸੱਤਵੇਂ ਪਲੈ-ਨਿਮ ਵਿਚ ਵੀ ਜ਼ਬਰਦਸਤ ਨੁਕਤਾਚੀਨੀ ਕੀਤੀ ਗਈ ਸੀ। ਇਸ ਸਾਰੇ ਘੋਲ ਦੇ ਬਾਵਜੂਦ ਵੀ, ਸਿਖਲਾਈ ਅਤੇ ਵਿਦਿਆ ਦੇ ਖਾਸੇ ਦੇ ਇਨਕਲਾਬੀਕਰਣ ਵਾਸਤੇ ਵਿਦਿਅਕ ਸੁਧਾਰ ਵਲੋਂ ਮਿੱਥੇ ਗਏ ਮੁੱਖ ਕੰਮ ਪੂਰੀ ਤਰ੍ਹਾਂ ਨੇਪਰੇ ਨਹੀਂ ਚੜ੍ਹੇ। ਅਜੇ ਵੀ, ਕਈ ਤਰੁੱਟੀਆਂ ਅਤੇ ਕਮਜ਼ੋਰੀਆਂ ਹਨ ਜਿਨ੍ਹਾਂ ਤੇ ਕਾਬੂ ਪਾਣਾ ਹੋਵੇਗਾ, ਕਈ ਅਜੇਹੇ ਮਸਲੇ ਹਨ, ਖਾਸ ਕਰ ਤਿੰਨ ਹਿੱਸਿਆਂ ਵਿਚਕਾਰ ਪੂਰੀ ਇੱਕਸੁਰਤਾ ਲਿਆਉਣ ਸਬੰਧੀ ਮਸਲੇ ਹਨ, ਜੋ ਮੁਸ਼ਕਲ ਅਤੇ ਝਿਜਕ ਨਾਲ ਹੱਲ ਕੀਤੇ ਜਾਂਦੇ ਹਨ। ਵਿੱਦਿਅਕ ਸੰਸਥਾਵਾਂ ਦੇ ਕੰਮ ਦੇ ਢੰਗਾਂ ਵਿਚ ਅਜੇ ਵੀ ਅੱਭਿਆਸੀ ਝਲਕ ਹੈ, ਅਤੇ ਸਾਡੇ ਸਕੂਲ ਦੇ ਤਜਰਬੇ ਦਾ ਅਧਿਅਨ ਅਤੇ ਨਿਰੀਖਣ ਕਰਨ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ।

ਵਿੱਦਿਆ ਅਤੇ ਸੱਭਿਆਚਾਰ ਵਿਭਾਗ ਦੇ ਸਾਬਕਾ ਲੀਡਰਾਂ ਨੇ ਵਿੱਦਿਆ ਦੀ ਉਨੱਤੀ ਵਾਸਤੇ ਪਾਰਟੀ ਵਲੋਂ ਮਿਥੇ ਗਏ ਪ੍ਰੋਗਰਾਮ ਨੂੰ ਲਾਗੂ ਕਰਨ ਵਿਚ, ਆਪਣੇ ਉਦਾਰਵਾਦੀ ਨੌਕਰਸ਼ਾਹ ਜਜ਼ਬੇ, ਹੋਛੇਪਣ ਅਤੇ ਆਲਸੀਪਣ ਰਾਹੀਂ ਬਹੁਤ ਭੈੜਾ ਅਸਰ ਪਾਇਆ।

ਭਵਿੱਖ ਵਿਚ ਵੀ, ਸਕੂਲ ਦੇ ਸਮੁੱਚੇ ਕੰਮ ਦੇ ਵਿਚਾਰਧਾਰਕ ਖਾਸੇ ਨੂੰ ਮਜਬੂਤ ਕਰਨਾ ਵਿੱਦਿਆ ਇਨਕਲਾਬੀਕਰਣ ਬਾਰੇ ਪਾਰਟੀ ਦੀ ਨੀਤੀ ਨੂੰ ਲਾਗੂਕਰਨ ਦਾ ਬੁਨਿਆਦੀ ਅਤੇ ਮਹੱਤਵਪੂਰਨ ਪਹਿਲੂ ਹੈ। ਮੁੱਖ ਕੰਮ ਹੈ ਮਾਰਕਸਵਾਦ-ਲੈਨਿਨ-ਵਾਦ, ਸਾਡੀ ਪਾਰਟੀ ਦੀ ਸਿਧਾਂਤਕ ਸੋਚਣੀ ਅਤੇ ਸਿੱਖਿਆਵਾਂ ਨੂੰ ਹੋਰ ਵੀ

ਡੂੰਘੇ ਤੌਰ ਤੇ ਗ੍ਰਹਿਣ ਕਰਨਾ, ਜੋ ਕਿ ਸਿਖਲਾਈ ਅਤੇ ਵਿਦਿਆ ਦੇ ਕੰਮ ਦੀ ਬੁਨਿ-ਆਦ ਹੋਣਾ ਚਾਹੀਦਾ ਹੈ ਅਤੇ ਸਭ ਵਿਸ਼ਿਆਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਮਾਰਕਸਵਾਦ ਦੀ ਸਿਰਫ ਕਿਤਾਬੀ ਸੂਝ, ਜੋ ਅਜੇ ਵੀ ਸਕੂਲ ਵਿਚ ਭਾਰੂ ਹੈ, ਅਤੇ ਨਾਲੋ ਨਾਲ ਟੈਕਸਟਬੁੱਕਾਂ ਅਤੇ ਪੜ੍ਹਾਈ ਦੀ ਵਿਧੀ ਵਿਚ ਪਾਰਟੀ ਤੇ ਸਾਡੀ ਸਮਾਜਵਾਦੀ ਉਸਾਰੀ ਦੇ ਤਜਰਬੇ ਨੂੰ ਪੇਸ਼ ਕਰਨ ਵਿਚ ਮੱਠਾਪਣ, ਆਦਿ, ਸਕੂਲ ਦੇ ਵਿੱਦਿਅਕ ਰੋਲ ਦੀ ਮਜਬੂਤੀ ਨੂੰ ਰੋਕਦੇ ਹਨ। ਇਸ ਵਾਸਤੇ ਇਹ ਬਹੁਤ ਜ਼ਰੂਰੀ ਹੈ ਕਿ ਮਾਰਕਸਵਾਦ-ਲੈਨਿਨਵਾਦ ਦੇ ਵਿਸ਼ੇ ਵਿਚ ਪ੍ਰੋਗਰਾਮਾਂ, ਟੈਕਸਟਬੁੱਕਾਂ ਅਤੇ ਸਬਕਾਂ ਨੂੰ ਵਧੀਆ ਬਣਾਇਆ ਜਾਵੇ, ਪੜ੍ਹਾਈ ਅਤੇ ਜੀਵਨ, ਅਤੇ ਪਾਰਟੀ ਦੀ ਅਗਵਾਈ ਹੇਠ ਲੋਕਾਂ ਵਲੋਂ ਚਲਾਏ ਜਾਂਦੇ ਮਹਾਨ ਘੋਲ ਅਤੇ ਕੰਮ ਵਿਚਕਾਰ ਗੂੜ੍ਹੇ ਸਬੰਧਾਂ ਨੂੰ ਯਕੀਨੀ ਬਣਾਇਆ ਜਾਵੇ, ਸਮਾਜਿਕ ਵਿਗਿਆਨਾਂ ਦੇ ਖੇਤਰ ਵਿਚ ਕੀਤੇ ਗਏ ਅਧਿਐਨਾਂ ਅਤੇ ਸਧਾਰਣੀਕਰਣਾਂ ਨੂੰ ਵੱਧ ਤੋਂ ਵੱਧ ਵਰਤੋਂ ਵਿਚ ਲਿਆਂਦਾ ਜਾਵੇ।

ਨਵੀਂ ਪੀੜ੍ਹੀ ਦੀ ਸਰਬ-ਪੱਖੀ ਕਮਿਊਨਿਸਟ ਬਣਤਰ ਵਿਚ ਸਕੂਲ ਦਾ ਵਿਦਿ-ਅਕ ਰੋਲ ਉਤਨਾ ਹੀ ਜ਼ਿਆਦਾ ਮਜਬੂਤ ਹੋਵੇਗਾ ਜਿੰਨਾਂ ਜ਼ਿਆਦਾ ਸਕੂਲ ਅਤੇ ਨੌਜਵਾਨ ਇਨਕਲਾਬ ਦੇ ਵਿਕਾਸ ਅਤੇ ਦੇਸ਼ ਦੀ ਸਮਾਜਵਾਦੀ ਉਸਾਰੀ ਦੇ ਠੋਸ ਮਸਲਿਆਂ ਦੇ ਹੱਲ ਵਾਸਤੇ ਘੋਲ ਵਿਚ ਹਿੱਸਾ ਲੈਣਗੇ।

ਸਕੂਲ ਦੇ ਤਿੰਨਾਂ ਹਿੱਸਿਆਂ ਨੂੰ ਲਾਗੂ ਕਰਨ ਅਤੇ ਉਨ੍ਹਾਂ ਵਿਚ ਇੱਕ-ਸੁਰਤਾ ਲਿਆਉਣ ਦਾ ਕੰਮ ਸੌਂਪਣ ਵਿਚ, ਪਾਰਟੀ ਦੇ ਦੋ ਮੁੱਖ ਨਿਸ਼ਾਨੇ ਹਨ, ਇੱਕ, ਨੌਜ-ਵਾਨਾਂ ਦੀ ਇਨਕਲਾਬੀ ਪੜ੍ਹਾਈ ਅਤੇ ਸਿਖਲਾਈ, ਅਤੇ ਦੂਜਾ, ਸਕੂਲ ਦੇ ਕੰਮ ਦੀਆਂ ਖੂਬੀਆਂ ਨੂੰ ਉਚੀਆਂ ਚੁੱਕਣਾ। ਪਰ ਅਮਲ ਵਿਚ, ਸਭ ਯਤਨਾਂ ਅਤੇ ਹਾਸਲ ਹੋਏ ਨਤੀਜਿਆਂ ਦੇ ਬਾਵਜੂਦ ਵੀ, ਅਸੀਂ ਇਸ ਮਸਲੇ ਦੇ ਹੱਲ ਦੇ ਮੁੱਢਲੇ ਪੜਾਅ ਵਿਚ ਹੀ ਹਾਂ। ਇਸ ਪੱਖ ਤੋਂ, ਖਾਸੇ ਅਤੇ ਢੰਗ ਵਿਚ ਤਿੰਨਾਂ ਹਿੱਸਿਆਂ ਵਿਚ ਮੁਕੰਮਲ ਇੱਕਸੁਰਤਾ ਲਿਆਉਣ ਦੀ ਲੋੜ ਹੈ, ਤਾਂ ਕਿ ਉਹ ਇੱਕ-ਦੂਜੇ ਦੇ ਸਹਾਇਕ ਹੋਣ।

ਇੱਕ ਐਸੀ ਜਗ੍ਹਾ ਦੇ ਤੌਰ ਤੇ, ਜਿੱਥੇ ਸਾਡੀ ਪਾਰਟੀ ਦੀ ਇਨਕਲਾਬੀ ਮਾਰ-ਕਸਵਾਦੀ-ਲੈਨਿਨਵਾਦੀ ਸਿਧਾਂਤਕ ਸੋਚਣੀ ਲਾਗੂ ਕੀਤੀ ਜਾਂਦੀ ਹੈ, ਸਕੂਲ ਦਾ ਇਹ ਫਰਜ਼ ਹੈ ਕਿ ਇਸ ਖੇਤਰ ਵਿਚ ਪ੍ਰਾਪਤੀਆਂ ਤੋਂ ਜਾਣੂੰ ਹੋਵੇ ਅਤੇ ਉਨ੍ਹਾਂ ਦਾ ਵਧੀਆ ਅਧਿਐਨ ਕਰੇ, ਅਤੇ ਵਧੇਰੇ ਲਾਹੇਵੰਦ ਵਿਦਿਅਕ ਕੰਮ ਨੂੰ ਯਕੀਨੀ ਬਣਾਉਣ

ਵਾਸਤੇ ਉਨ੍ਹਾਂ ਨੂੰ ਪ੍ਰਚਾਰੇ ਅਤੇ ਅੱਗੇ ਵਧਾਵੇ। ਵਿਦਿਅਕ ਸੈਕਟਰਵਿਚ ਵਿਗਿਆਨਕ ਕੰਮ ਦਾ ਇਹ ਵਿਸ਼ਾਲ ਅਤੇ ਮਹੱਤਵਪੂਰਨ ਖੇਤਰ ਹੈ।

ਸਕੂਲਾਂ ਦਾ ਇੱਕ ਵਿਸ਼ਾਲ ਅਤੇ ਵੱਖ ਵੱਖ ਕਿਸਮਾਂ ਦਾ, ਖਾਸ ਕਰਕੇ ਫੁੱਲ-ਟਾਈਮ ਅਤੇ ਪਾਰਟ-ਟਾਈਮ ਪੇਸ਼ਾਵਰ ਸਕੂਲਾਂ ਦਾ ਇੱਕ ਢਾਂਚਾ ਸਥਾਪਿਤ ਕਰਕੇ ਸਕੂਲ ਨੂੰ ਹਰਮਨ-ਪਿਆਰਾ ਬਣਾਉਣ ਅਤੇ ਸਕੂਲ ਸਿਸਟਮ ਨੂੰ ਚੰਗੇਰਾ ਬਣਾਉਣ ਦਾ ਇੱਕ ਮੁੱਖ ਮਸਲਾ ਹੈ।

ਯੂਨੀਵਰਸਿਟੀ ਅਤੇ ਹੋਰ ਹਾਇਰ ਸਕੂਲਾਂ, ਜਿੱਥੇ ਕਾਰਵਾਈ ਦੇ ਵੱਖ ਵੱਖ ਖੇਤਰਾਂ ਵਾਸਤੇ ਮਾਹਿਰਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ, ਉਨ੍ਹਾਂਦੇ ਜਿਮੇਇਹ ਕੰਮ ਹੈ ਕਿ ਉਹ ਸਿਆਸੀ ਅਤੇ ਵਿਚਾਰਧਾਰਕ ਪੱਖ ਤੋਂ ਮਜਬੂਤ, ਵਿਸ਼ਾਲ ਸੱਭਿਆਚਾਰਕ ਸੂਝ ਵਾਲੇ, ਤੀਬਰ ਵਿਗਿਆਨਕ ਸੂਝ ਨਾਲ ਲੈਸ, ਅਤੇ ਜੀਵਨ ਵਾਸਤੇ ਤਿਆਰ ਕੇਡਰ ਪੈਦਾ ਕਰਨ। ਵਿਗਿਆਨਾਂ ਦੀ ਅਕਾਦਮੀ ਅਤੇ ਮਨਿਸਟ੍ਰੀਆਂ ਦੇ ਸਹਿਯੋਗ ਨਾਲ ਉਨ੍ਹਾਂਨੂੰ, ਕੇਡਰਾਂ ਦੀ ਪੋਸਟ-ਗਰੈਜੂਏਟ ਸਿਖਲਾਈ ਦੇ ਕੰਮ ਨੂੰ ਵਧੇਰੇ ਜਥੇਬੰਦਕ ਤਰੀਕੇ ਨਾਲ ਚਲਾਉਣਾ ਚਾਹੀਦਾ ਹੈ। ਹਾਇਰ ਸਕੂਲਾਂਨੂੰ ਵੀ ਆਪਣੇ ਸਾਰੇ ਵਿਦਿਅਕ ਕੰਮ ਦੇ ਪੱਧਰ ਨੂੰ ਉਚਾ ਚੁੱਕਣ ਦੀ ਇੱਕ ਲਾਜ਼ਮੀ ਸ਼ਰਤ ਦੇ ਤੌਰ ਤੇ ਅਧਿਅਨ ਅਤੇ ਖੋਜ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਸਾਡੀ ਲੋਕ-ਵਿਦਿਆ ਵਿਚ ਹਾਸਲ ਹੋਈਆਂ ਪ੍ਰਾਪਤੀਆਂ, ਅਧਿਆਪਕਾਂ ਅਤੇ ਬਾਲ-ਅਧਿਆਪਕਾਂ ਦੀ ਮਹਾਨ ਫੌਜ ਦੇ ਅਣਥੱਕ ਕੰਮ ਦਾ ਨਤੀਜਾ ਹਨ, ਚੇਤੰਨਤਾ ਦੇ ਉਚੇ ਪੱਧਰ ਰਾਹੀਂ ਅਤੇ ਆਪਣੇ ਸ਼ਾਨਦਾਰ ਕਿੱਤੇ ਨਾਲ ਅਥਾਹ ਪਿਆਰ ਰਾਹੀਂ ਨੌਜਵਾਨਾਂ ਦੀ ਇਨਕਲਾਬੀ ਪੜ੍ਹਾਈ ਵਿਚ ਵਰਨਣਯੋਗ ਹਿੱਸਾ ਪਾ ਰਹੇ ਹਨ। ਖਾੜਕੂ ਕਮਿਊਨਿਸਟ ਜਜ਼ਬਾ, ਆਪਣੇ ਕੰਮ ਵਿਚ ਦਿਲਚਸਪੀ ਅਤੇ ਜਿਮੇਵਾਰੀ ਦੀ ਭਾਵਨਾ, ਅਧਿਆਪਕਾਂ ਦੇ ਤੌਰ ਤੇ ਆਪਣੀ ਯੋਗਤਾ ਨੂੰ ਵਧਾਉਣ ਦੀ ਦ੍ਰਿੜਤਾ ਅਤੇ ਕਿਸੇ ਵੀ ਦੁਸ਼ਮਣ ਵਿਚਾਰਧਾਰਾ ਦੇ ਅਸਰ ਖਿਲਾਫ ਘੋਲ ਆਦਿ ਸਾਰੀਆਂ ਖੂਬੀਆਂ ਉਨ੍ਹਾਂ ਵਿਚ ਹੋਣੀਆਂ ਚਾਹੀਦੀਆਂ ਹਨ। ਸਕੂਲ ਅਤੇ ਅਧਿਆਪਕਾਂ ਨੂੰ ਦੇਸ਼, ਆਰਥਿਕਤਾ ਅਤੇ ਸਭਿੱਆਚਾਰ ਦੇ ਇਨਕਲਾਬੀ ਵਿਕਾਸ ਦੀ ਵਿਧੀ ਅਤੇ ਨਾਲੋ ਨਾਲ ਸੰਸਾਰ-ਭਰ ਵਿਚ ਵਿਗਿਆਨ ਅਤੇ ਤਕਨੀਕ ਦੀ ਉਨਤੀ ਦੀ ਪੈਰਵੀ ਕਰਨੀ ਚਾਹੀਦੀ ਹੈ।

ਪਾਰਟੀ ਨੇ ਇਸ ਗੱਲ ਵੱਲ ਨਿਰੰਤਰ ਤਵੱਜੋ ਦਿੱਤੀ ਹੈ ਕਿ ਸਭਿੱਆਚਾਰ, ਸਾਹਿੱਤ ਅਤੇ ਕਲਾ ਇੱਕ ਨਿਰੋਲ ਅਤੇ ਨਿੱਗਰ ਵਾਤਾਵਰਣ ਵਿਚ ਵਿਕਸਤ ਹੋਣੇ

ਚਾਹੀਦੇ ਹਨ, ਉਨ੍ਹਾਂ ਨੂੰ ਦੇਸ਼ ਦੀ ਇਨਕਲਾਬੀ ਤਬਦੀਲੀ ਦੀ ਪੈਰਵੀ ਕਰਨੀ ਚਾਹੀਦੀ ਹੈ ਅਤੇ ਆਪਣੇ ਸਮਾਜਵਾਦੀ ਖਾਸੇ, ਆਪਣੇ ਖਾੜਕੂ ਸੁਭਾ, ਆਪਣੇ ਹਰਮਨ-ਪਿਆਰੇ ਜਜ਼ਬਾਤਾਂ ਅਤੇ ਆਪਣੇ ਕੌਮੀ ਮੁਹਾਂਦਰੇ ਨੂੰ ਕਦਮ-ਬ-ਕਦਮ ਅਤੇ ਲਗਾਤਾਰ ਮਜਬੂਤ ਕਰਨਾ ਚਾਹੀਦਾ ਹੈ।

ਪਾਰਟੀ ਦੀ ਕੇਂਦਰੀ ਕਮੇਟੀ ਦੇ ਚੌਥੇ ਪਲੈਨਿਮ ਨੇ ਕੁੱਝ ਹਾਨੀਕਾਰਕ ਝੁਕਾਵਾਂ ਦੀ ਜ਼ਬਰਦਸਤ ਨੁਕਤਾਚੀਨੀ ਕੀਤੀ ਜਿਨ੍ਹਾਂ ਵਿਚ ਪਿੱਛਾਂਹ-ਖਿਚੂ ਬਦੇਸ਼ੀ ਝੁਕਾਵਾਂ ਦੀ ਨਕਲ ਕਰਨਾ, ਸਾਡੇ ਸਮਾਜ ਵਿਚ ਵਿਰੋਧਤਾਈਆਂ ਦੀ ਗਲਤ ਵਿਆ-ਖਿਆ, ਲੋਕਾਂ ਦੇ ਉਸਾਰੂਪਣ ਨੂੰ ਨਿੰਦਣ ਆਦਿ ਦੇ ਸਿਧਾਂਤ ਸ਼ਾਮਲ ਸਨ। ਇਸ ਨੇ ਸਮੁੱਚੇ ਸੱਭਿਆਚਾਰਕ ਮੁਹਾਜ਼ ਉਤੇ ਮਹੱਤਵਪੂਰਨ ਕੰਮ ਤੈਅ ਕੀਤੇ। ਜਿਨ੍ਹਾਂ ਨੂੰ ਲਾਗੂ ਕਰਨ ਨਾਲ ਸਾਹਿੱਤ ਅਤੇ ਕਲਾ ਦੇ ਵਿਕਾਸ ਵਿਚ, ਸਮੁੱਚੀ ਸੱਭਿਆਚਾਰਕ ਅਤੇ ਕਲਾਤਮਕ ਸਰਗਰਮੀ ਵਿਚ ਨਵਾਂ ਉਭਾਰ ਆਇਆ। ਸਾਹਿੱਤ ਅਤੇ ਸੰਗੀਤ ਸਿਨੇਮਾ ਅਤੇ ਥਿਏਟਰ, ਪੇਂਟਿੰਗ ਅਤੇ ਬੁੱਤ-ਤਰਾਸ਼ੀ, ਓਪੇਰਾ ਅਤੇ ਬੈਲਿਟ ਆਦਿ ਸਭ ਖੇਤਰਾਂ ਵਿਚ ਮਹਾਨ ਤਰੱਕੀ ਹੋਈ।

ਲੋਕਾਂ ਦੀ ਕਮਿਉਨਿਸਟ ਪੜ੍ਹਾਈ ਵਾਸਤੇ ਘੋਲ ਵਿਚ, ਲੇਖਕ ਅਤੇ ਕਲਾਕਾਰ ਹਮੇਸ਼ਾ ਹੀ ਪਾਰਟੀ ਨਾਲ, ਇਸਦੇ ਸਹਾਇਕਾਂ ਦੇ ਤੌਰ ਤੇ ਡਟਕੇ ਖੜੇ ਹਨ। ਤਜਰਬਾਕਾਰ ਉਸਾਰੂ ਤਾਕਤਾਂ ਦੇ ਨਾਲ ਨਾਲ, ਨਵੀਆਂ ਯੋਗਤਾਵਾਂ ਵੀ ਪੈਦਾ ਹੋਈਆਂ ਹਨ ਜੋ ਸਾਹਿੱਤ ਅਤੇ ਕਲ੍ਹਾ ਦੇ ਵਿਕਾਸ ਵਿਚ ਆਪਣਾ ਹਿੱਸਾ ਪਾ ਰਹੀਆਂ ਹਨ।

ਅਸਲੀ ਕਲਾ ਆਪਣੀਆਂ ਪ੍ਰੀਵਰਤਣ ਲਿਆਉਣ ਦੀਆਂ ਖੂਬੀਆਂ ਅਤੇ ਉਚੇ ਕਲਾਤਮਕ ਪੱਧਰ ਨੂੰ ਉਦੋਂ ਪ੍ਰਾਪਤ ਕਰਦੀ ਹੈ ਜਦੋਂ ਇਹ ਇੱਕ ਇਨਕਲਾਬੀ ਖਾਸੇ ਨੂੰ ਸਾਕਾਰ ਕਰਦੀ ਹੈ ਅਤੇ ਕਮਿਊਨਿਸਟ ਆਦਰਸ਼ਾਂ ਉਤੇ ਚੱਲਦੀ ਹੈ। ਇਸ ਲਈ ਸਾਡੇ ਸੱਭਿਆਚਾਰ ਅਤੇ ਕਲਾ ਦੇ ਵਿਕਾਸ ਵਾਸਤੇ, ਸਮਾਜਵਾਦ ਦੇ ਰਾਹ ਉਤੇ ਉਨ੍ਹਾਂ ਦੀ ਉਨੱਤੀ ਵਾਸਤੇ ਪ੍ਰੋਲਤਾਰੀ ਖਾਸੇ ਨੂੰ ਲਗਾਤਾਰ ਮਜਬੂਤ ਕਰਨਾ ਇੱਕ ਬੁਨਿਆਦੀ ਕੰਮ ਹੈ।

ਸਾਡੇ ਸਾਹਿੱਤ ਅਤੇ ਕਲਾ ਨੂੰ ਹੋਰ ਵਧੇਰੇ ਇਨਕਲਾਬੀ ਬਣਾਉਣ ਵਾਸਤੇ ਸਾਡੀਆਂ ਕਲਾਂਤਮਕ ਰਚਨਾਵਾਂ ਵਿਚ ਕੁੱਝ ਮੁੱਖ ਵਿਸ਼ਿਆਂ, ਜਿਵੇਂ ਕਿ ਸਾਡੇ ਸਮਾਜ ਵਿਚ ਮਜਦੂਰ ਜਮਾਤ ਦਾ ਪ੍ਰਮੁੱਖ ਰੋਲ, ਸਾਡੇ ਸਮਾਜਵਾਦੀ ਦਿਹਾਤ ਦੀ ਇਨਕਲਾਬੀ ਤਬਦੀਲੀ, ਕਮਿਉਨਿਸਟਾਂ ਦੀ ਇਨਕਲਾਬੀ ਤਾਕਤ, ਸਾਡੇ

ਲੋਕਾਂ ਦੇ ਇਤਿਹਾਸ ਅਤੇ ਖਾਸ ਤੌਰ ਤੇ ਕੌਮੀ ਮੁਕਤੀ ਸੰਗ੍ਰਾਮ ਅਤੇ ਸਮਾਜਵਾਦੀ ਇਨਕਲਾਬ ਦੇ ਮਹੱਤਵਪੂਰਨ ਸਮਿਆਂ ਅਤੇ ਮੌਲਿਕ ਵਿਸ਼ਿਆਂ ਨੂੰ ਚੰਗੇਰੇ ਤੌਰ ਤੇ ਪੇਸ਼ ਕਰਨਾ ਜਰੂਰੀ ਹੈ।

ਇਨਕਲਾਬੀ ਆਦਰਸ਼ਾਂ ਅਤੇ ਸਮਾਜਵਾਦ ਅਤੇ ਲੋਕਾਂ ਦੀ ਸੇਵਾ ਕਰਨ ਦੇ ਉਦੇਸ਼ਾਂ ਵਾਲੀ ਸਾਡੀ ਸਮਾਜਵਾਦੀ ਕਲਾ, ਢਹਿ-ਢੇਰੀ ਹੋ ਰਹੀ ਬੁਰਜੂਆ ਅਤੇ ਸੋਧਵਾਦੀ ਕਲਾ ਤੋਂ ਕਿਤੇ ਜ਼ਿਆਦਾ ਉਚੀ ਹੈ, ਅਤੇ ਇਹ ਪਿਛਾਂਹ-ਖਿਚੂ, ਨਿਰਾਸ਼ਾਵਾਦੀ ਅਤੇ ਗੌਡੇ-ਟੇਕੂ ਫਲਸਫੇ ਦੇ ਖਿਲਾਫ ਡਟਕੇ ਖੜੀ ਹੈ। ਸੋਵੀਅਤ ਯੂਨੀਅਨ ਵਿਚ ਸਾਹਿੱਤ ਅਤੇ ਕਲਾ ਨਵੀਂ ਬੁਰਜੂਆਜ਼ੀ ਦੀ ਮੁਕੰਮਲ ਚੌਧਰ ਹੇਠ ਹਨ, ਅਤੇ ਲੇਖਕ ਅਤੇ ਕਲਾਕਾਰ ਉਲਟ-ਇਨਕਲਾਬ ਅਤੇ ਰੂਸੀ ਸਮਾਜਿਕ-ਸਾਮਰਾਜਵਾਦ ਦੀ ਸ਼ਾਵਨਵਾਦੀ ਅਤੇ ਪਸਾਰਵਾਦੀ ਨੀਤੀ ਦੀ ਸੇਵਾ ਕਰਨ ਵਾਲਾ ਇੱਕ ਫਿਰਕਾ ਬਣ ਗਏ ਹਨ। ਮੁੱਖ ਸਮਾਜਿਕ ਮਸਲਿਆਂ ਦਾ ਨਿਖੇਧ, ਭੁਲੇਖੇਪਾਉ ਅਤੇ ਬੁਰਜੂਆ ਮਾਨਵਾਦੀ ਵਿਸ਼ੇ, ਉਸਾਰੂ ਯੋਧੇ ਦਾ ਮੁਕੰਮਲ ਤਿਆਗ, ਇਨਕਲਾਬੀ ਦ੍ਰਿਸ਼ਟੀਕੋਣ ਦੀ ਘਾਟ, ਇਹ ਸਭ ਸੋਧਵਾਦੀ ਸਾਹਿੱਤ ਅਤੇ ਕਲਾ ਦੀਆਂ ਖੂਬੀਆਂ ਹਨ।

ਕਲਾ ਦਾ ਸਮਾਜਵਾਦੀ ਵਿਸ਼ਾ ਇਸਦੇ ਲੋਕ-ਪ੍ਰਿਯ ਅਤੇ ਕੌਮੀ ਮੁਹਾਂਦਰੇ ਨਾਲ ਪੂਰੀ ਤਰ੍ਹਾਂ ਬੱਝਾ ਹੋਇਆ ਹੈ। ਵਰਤਮਾਨ ਹਾਲਤਾਂ ਵਿਚ, ਜਦੋਂ ਦੁਨੀਆਂ ਉਤੇ ਚੌਧਰ ਦੇ ਮੰਤਵ ਅਤੇ ਲੋਕਾਂ ਦੀ ਰੂਹਾਨੀ ਅਤੇ ਸਿਆਸੀ ਗੁਲਾਮੀ ਦੇ ਮੰਤਵ ਨਾਲ ਅਮਰੀਕੀ ਸਾਮਰਾਜੀਏ ਅਤੇ ਰੂਸੀ ਸਮਾਜਿਕ-ਸਾਮਰਾਜਵਾਦੀਏ ਹਰਦੇਸ਼ਤਾ ਅਤੇ ਕਲਾ ਅਤੇ ਸੱਭਿਆਚਾਰ ਦੇ ਅਖੌਤੀ ਕੌਮਾਂਤਰੀਕਰਣ ਦੇ ਵਿਚਾਰ ਫੈਲਾ ਰਹੇ ਹਨ, ਲੋਕਾਂ ਦੀ ਕੌਮੀ ਸੱਭਿਆਚਾਰ ਦੀ ਰਾਖੀ ਵਾਸਤੇ ਘੋਲ ਹੋਰ ਵੀ ਵਧੇਰੇ ਮਹੱਤਤਾ ਰੱਖਦਾ ਹੈ। ਆਪਣੇ ਕੌਮੀ, ਜਮਹੂਰੀ ਅਤੇ ਇਨਕਲਾਬੀ ਸਭਿਆਚਾਰ ਦੀ ਰਾਖੀ ਅਤੇ ਵਿਕਾਸ ਕਰਕੇ ਲੋਕ ਆਪਣੀ ਆਜ਼ਾਦੀ, ਆਪਣੀ ਹੋਂਦ ਅਤੇ ਆਪਣੀਆਂ ਰਵਾਇਤਾਂ ਦੀ ਰਾਖੀ ਕਰਦੇ ਹਨ, ਅਤੇ ਇਸ ਤਰ੍ਹਾਂ ਸੰਸਾਰ ਸੱਭਿਆਚਾਰ ਦੇ ਖਜ਼ਾਨੇ ਵਿਚ ਆਪਣਾ ਹਿੱਸਾ ਪਾਉਂਦੇ ਹਨ।

ਸਾਡੇ ਸਮਾਜਵਾਦੀ ਸੱਭਿਆਚਾਰ ਨੇ ਆਪਣੇ-ਆਪਨੂੰ ਆਪਣੀ ਕੌਮੀ ਚਾਰ-ਦਿਵਾਰੀ ਵਿਚ ਕਦੇ ਬੰਦ ਨਹੀਂ ਰੱਖਿਆ। ਇਸ ਨੇ ਅਗਾਂਹਵਧੂ ਸੰਸਾਰ-ਸੱਭਿਆਚਾਰ ਤੋਂ ਫਾਇਦਾ ਲਿਆ ਹੈ ਅਤੇ, ਆਪਣੇ ਵਲੋਂ, ਸਾਡੇ ਲੋਕਾਂ ਦੇ ਆਜ਼ਾਦੀ, ਖੁਦਮੁਖਤਾਰੀ ਅਤੇ ਸਮਾਜਵਾਦ ਦੇ ਆਦਰਸ਼ਾਂ ਦਾ ਨਮੂਨਾ ਹੋਣ ਦੇ ਨਾਤੇ, ਇਹ ਹੋਰ ਲੋਕਾਂ ਦੇ ਵੀ ਕਰੀਬ ਰਿਹਾ ਹੈ।

ਕੌਮੀ ਮੁਹਾਂਦਰਾ ਅਤੇ ਲੋਕ-ਪ੍ਰਿਯ ਜ਼ਜ਼ਬਾ ਸਚਾਈ ਦੇ ਸਹੀ ਵਰਨਣ, ਮਾਰਕਸ-ਵਾਦੀ-ਲੈਨਿਨਵਾਦੀ ਵਿਚਾਰਧਾਰਾ ਦੇ ਦ੍ਰਿਸ਼ਟੀਕੋਣ, ਸਾਡੇ ਸੱਭਿਆਚਾਰ— ਪੁਰਾਣੀਆਂ ਰਵਾਇਤਾਂ ਅਤੇ ਇਨਕਲਾਬੀ ਤੱਤਾਂ— ਨੂੰ ਗ੍ਰਹਿਣ ਕਰਕੇ, ਜਮਾਤੀ ਨਜ਼ਰੀਏ ਤੋਂ ਸ਼ੁਰੂ ਹੋ ਕੇ, ਅਤੇ ਲੋਕਾਂ ਦੀ ਉਸਾਰੂ ਸ਼ਕਤੀ ਉਤੇ ਟੇਕ ਰੱਖਕੇ ਹੀ ਪੇਸ਼ ਕੀਤਾ ਜਾਂਦਾ ਹੈ। ਲੋਕ-ਪ੍ਰਿਯ ਅਤੇ ਕੌਮੀ ਮੁਹਾਂਦਰਾ ਸਿਰਫ ਰਚਨਾ ਰਚਣ ਵਿਚ ਹੀ ਨਹੀਂ ਬਲਕਿ ਉਸ ਨੂੰ ਅਮਲ ਵਿਚ ਲਿਆਉਣ ਵਿਚ ਵੀ ਜ਼ਾਹਿਰ ਕੀਤਾ ਜਾਂਦਾ ਹੈ।

ਕਲਾ ਦੀਆਂ ਕੁੱਝ ਕਿਸਮਾਂ, ਵਿਸ਼ੇਸ਼ ਤੌਰ ਤੇ ਨਿਰਮਾਣ ਕਲਾ ਵਿਚ, ਕੌਮੀ ਜ਼ਜ਼ਬੇ ਅਤੇ ਖੂਬੀਆਂ ਦੀ ਕਾਫੀ ਘਾਟ ਹੈ। ਇਸ ਤਰੁੱਟੀ ਨੂੰ ਦੂਰ ਕਰਨ ਵਾਸਤੇ ਹੋਰ ਵਧੇਰੇ ਅਧਿਅਨ ਅਤੇ ਖੋਜ ਦੇ ਕੰਮ ਦੀ ਲੋੜ ਹੈ।

ਪਾਰਟੀ ਦੀਆਂ ਸਿੱਖਿਆਵਾਂ ਤੇ ਚਲਦਿਆਂ, ਲੇਖਕਾਂ ਅਤੇ ਕਲਾਕਾਰਾਂ ਨੂੰ ਲੋਕਾਂ ਦੇ ਜੀਵਨ ਦੇ ਨੇੜੇ ਹੋਣਾ ਚਾਹੀਦਾ ਹੈ, ਲੋਕਾਂ ਵਾਸਤੇ ਇੱਕ ਸੁੰਦਰ, ਸਾਫ ਅਤੇ ਵਿਸਤ੍ਰਤ ਕਲਾ, ਇੱਕ ਬਹੁਤ ਹੀ ਹਰਮਨ-ਪਿਆਰੀ ਕਲਾ ਦਾ ਨਿਰਮਾਣ ਕਰਨਾ ਚਾਹੀਦਾ ਹੈ। ਸਾਹਿੱਤਕ ਅਤੇ ਕਲਾਤਮਕ ਰਚਨਾਵਾਂ ਵਿਚ ਲੋਕਾਂ ਦੇ ਜੀਵਨ, ਉਨ੍ਹਾਂ ਦੀ ਤੀਬਰ ਸੂਝ, ਹਰਮਨ-ਪਿਆਰੇ ਮਨੋ-ਵਿਗਿਆਨ ਅਤੇ ਹਾਸਰਸ ਨੂੰ ਕਾਫੀ ਜਗ੍ਹਾ ਦੇਣੀ ਚਾਹੀਦੀ ਹੈ।

ਇਨ੍ਹਾਂ ਕੰਮਾਂ ਵਿਚ ਉਹ ਕਲਾਕਾਰ ਸਫਲ ਹੁੰਦੇ ਹਨ ਜਿਹੜੇ ਆਪਣੇ ਮਾਰਕਸ-ਵਾਦੀ-ਲੈਨਿਨਵਾਦੀ ਵਿਚਾਰਧਾਰਕ ਪੱਧਰ ਨੂੰ ਲਗਾਤਾਰ ਉਚਾ ਚੁੱਕਣ ਵਾਸਤੇ ਕੰਮ ਕਰਦੇ ਹਨ, ਜਿਹੜੇ ਪਾਰਟੀ ਦੀਆਂ ਸਿੱਖਿਆਵਾਂ ਵਿਚ ਮੁਹਾਰਤ ਹਾਸਲ ਕਰਦੇ ਹਨ, ਸਰਗਰਮ ਸਿਆਸੀ ਜੀਵਨ ਬਿਤਾਉਂਦੇ ਹਨ, ਜਿਹੜੇ ਲੋਕਾਂ ਦੇ ਜੀਵਨ ਤੋਂ ਪੂਰੀ ਤਰ੍ਹਾਂ ਜਾਣੂੰ ਹਨ, ਅਤੇ ਸਾਡੇ ਲੋਕਾਂ ਅਤੇ ਸਭਿੱਆਚਾਰ ਇਨਕਲਾਬੀ ਇਤਿਹਾਸਕ ਵਿਕਾਸ ਦੇ ਰਾਹ ਦੀ ਵਧੀਆ ਜਾਣਕਾਰੀ ਰੱਖਦੇ ਹਨ। ਇਨਕਲਾਬੀ ਕਲਾ ਦਾ ਨਿਰਮਾਣ ਉਹ ਇਨਕਲਾਬੀ ਕਲਾਕਾਰ ਕਰਦੇ ਹਨ ਜਿਨ੍ਹਾਂ ਦਾ ਦਿਲ ਲੋਕਾਂ ਦੇ ਦਿਲਾਂ ਨਾਲ ਧੜਕਦਾ ਹੈ। ਉਨ੍ਹਾਂ ਨੂੰ ਆਪਣੀਆਂ ਰਚਨਾਵਾਂ ਵਿਚ ਸਾਡੇ ਇਨਕਲਾਬ ਦੇ ਵਿਕਾਸ ਅਤੇ ਜੀਵਨ ਦੀਆਂ ਵਿਰੋਧਤਾਈਆਂ ਦੀਆਂ ਬੁਨਿਆਦੀ ਵਿਧੀਆਂ ਅਤੇ ਝੁਕਾਵਾਂ ਨੂੰ ਦਰੁਸਤ ਤੌਰ ਤੇ ਪੇਸ਼ ਕਰਨਾ ਚਾਹੀਦਾ ਹੈ, ਅਤੇ ਉਨ੍ਹਾਂ ਦੇ ਕਿਸੇ ਵੀ ਕਿਸਮ ਦੇ ਰਸਮੀ ਅਤੇ ਸਟੀਰੀਓਟਾਈਪ ਵਿਵਰਣ ਦੇ ਖਿਲਾਫ ਲੜਨਾ ਚਾਹੀਦਾ ਹੈ, ਸਮਾਜਵਾਦੀ ਵਾਸਤਵਵਾਦ ਦੇ ਢੰਗ ਨੂੰ

ਵਫਾਦਾਰੀ ਅਤੇ ਉਸਾਰੂ ਤਰੀਕੇ ਨਾਲ ਵਰਤਣਾ ਚਾਹੀਦਾ ਹੈ, ਜੋ ਪ੍ਰੋਲੇਤਾਰੀ ਕਲਾ ਦੀ ਬੁਨਿਆਦ ਹੈ।

ਸਾਡਾ ਸਮਾਜਵਾਦੀ ਸੱਭਿਆਚਾਰ ਦਿਨ-ਬ-ਦਿਨ ਲੋਕਾਂ ਵਿਚ ਡੂੰਘਾ ਹੋ ਰਿਹਾ ਹੈ ਅਤੇ ਉਨ੍ਹਾਂ ਦੇ ਜੀਵਨ ਦਾ ਅੰਗ ਬਣ ਰਿਹਾ ਹੈ। ਕਿਤਾਬਾਂ ਅਤੇ ਫਿਲਮਾਂ ਵੱਡੀ ਤਾਦਾਦ ਵਿਚ ਬਣਾਈਆਂ ਜਾ ਰਹੀਆਂ ਹਨ ਅਤੇ ਸਾਰੇ ਦੇਸ਼ ਵਿਚ ਸੱਭਿਆਚਾਰਕ-ਕਲਾਤਮਕ ਕੇਂਦਰਾਂ ਦੇ ਜਾਲ ਦਾ ਪਸਾਰਾ ਕੀਤਾ ਗਿਆ ਹੈ। ਅਵਿਵਸਾਇਕ ਕਲਾਕਾਰਾਂ ਦੀ ਲਹਿਰ ਵਿਚ ਵੀ ਕਾਫੀ ਗੁਣਨਾਤਮਕ ਅਤੇ ਗੁਣਾਤਮਕ ਵਿਕਾਸ ਹੋਇਆ ਹੈ ਅਤੇ ਪ੍ਰੋਫੈਸ਼ਨਲ ਕਲਾ ਦੇ ਨਾਲ ਇਹਵੀ ਮੇਹਨਤ-ਕਸ਼ ਲੋਕਾਂ ਦੀ ਵਿਦਿੱਆ ਅਤੇ ਸਾਡੇ ਨਵੇਂ ਸੱਭਿਆਚਾਰ ਦੀ ਉਨਤੀ ਵਿਚ ਇੱਕ ਅਹਿਮ ਹਿੱਸਾ ਪਾ ਰਹੀ ਹੈ।

ਪਾਰਟੀ ਇਹ ਮੰਗ ਕਰਦੀ ਹੈ ਕਿ ਲੋਕ-ਸੱਭਿਆਚਾਰ ਦੇ ਕੰਮ ਨੂੰ ਇੱਕ ਉਚੇ ਪੱਧਰ ਤੇ ਲਿਜਾਂਦਾ ਜਾਵੇ। ਇਸ ਵਾਸਤੇ, ਇਹ ਜਰੂਰੀ ਹੈ ਕਿ ਸੱਭਿਆਚਾਰ ਦੇ ਮੁਤੱਲਕ ਇੱਕ ਵਿਸ਼ਾਲ ਧਾਰਨਾ ਬਣਾਈ ਜਾਵੇ, ਇਸ ਵਿਚ ਜੀਵਨ ਦੇ ਸਭ ਵੱਖ ਵੱਖ ਪਹਿਲੂਆਂ ਨੂੰ ਮੁਦੇ-ਨਜ਼ਰ ਰੱਖਣਾ ਚਾਹੀਦਾ ਹੈ। ਸਟੇਟ ਵਲੋਂ ਲੋਕਾਂ ਦੀ ਸੇਵਾ ਵਿਚ ਲਾਏ ਗਏ ਸਭ ਸਾਧਨਾਂ ਦੀ ਵਧੀਆ ਵਰਤੋਂ ਕਰਨੀ ਚਾਹੀਦੀ ਹੈ ਅਤੇ ਸਭਿਆਚਾਰ ਦੇ ਹਰ ਅਜੇਹੀ ਜਗ੍ਹਾ ਤੇ ਪਹੁੰਚਣ ਵਾਸਤੇ ਢੰਗ ਤਰੀਕੇ ਲੱਭਣੇ ਚਾਹੀਦੇ ਹਨ, ਜਿੱਥੇ ਵੀ ਮੇਹਨਤਕਸ਼ ਲੋਕ ਕੰਮ ਕਰਦੇ ਹਨ ਅਤੇ ਵਸਦੇ ਹਨ। ਅੱਜ, ਜਦ ਪਾਰਟੀ ਸ਼ਹਿਰ ਅਤੇ ਦਿਹਾਤ ਵਿਚਕਾਰ ਪਾੜੇ ਨੂੰ ਮਿਟਾਉਣ ਲਈ ਆਪਣੀ ਵਾਹ ਲਾ ਰਹੀ ਹੈ, ਸੱਭਿਆਚਾਰਕ ਮੁਹਾਜ਼ ਸਾਹਮਣੇ ਵੀ ਕਿਸਾਣੀ ਦੇ ਸੱਭਿਆ-ਚਾਰਕ ਪੱਧਰ ਨੂੰ ਉਚਾ ਚੁੱਕਣ ਦਾ ਮਹੱਤਵਪੂਰਨ ਕੰਮ ਹੈ।

ਪਾਰਟੀ ਜਥੇਬੰਦੀਆਂ ਨੂੰ ਸਭਿਆਚਾਰ ਅਤੇ ਕਲਾ ਵਲੋਂ ਲੋਕਾਂ ਦੀ ਵਿਦਿਆ ਵਿਚ ਅਦਾ ਕੀਤੇ ਜਾ ਰਹੇ ਮਹਾਨ ਰੋਲ ਦਾ ਚੰਗੇਰਾ ਜ਼ਾਇਜ਼ਾ ਹੋਣਾ ਚਾਹੀਦਾ ਹੈ, ਅਤੇ ਇਨ੍ਹਾਂ ਨੂੰ ਆਪਣੀ ਸਰਗਰਮੀ ਦੇ ਮਹੱਤਵਪੂਰਨ ਖੇਤਰ ਸਮਝਣਾ ਚਾਹੀਦਾ ਹੈ, ਉਸਾਰੂ ਕਲਾਂਕਾਰਾਂ ਦੀ ਸਿਆਸੀ ਅਤੇ ਵਿਚਾਰਧਾਰਕ ਸਿਖਲਾਈ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਸਹੀ ਰਾਹ ਉਤੇ ਉਨ੍ਹਾਂਦੇ ਵਿਕਾਸ ਵਾਸਤੇ ਪਾਰਟੀ ਦੀ ਅਗਵਾਈ ਅਤੇ ਇਨ੍ਹਾਂ ਖੇਤਰਾਂ ਵਿਚ ਉਸਦੀ ਲਾਈਨ ਅਤੇ ਹਦਾ-ਇਤਾਂ ਨੂੰ ਲਾਗੂ ਕਰਨ ਦੀ ਫੈਸਲਾਕੁੰਨ ਮਹੱਤਤਾ ਹੈ। ਸਟੇਟ ਸੰਸਥਾਵਾਂ ਸਾਹਮਣੇ ਵੀ ਇਸ ਪੱਖ ਤੋਂ ਮਹੱਤਵਪੂਰਨ ਕੰਮ ਹੈ, ਉਨ੍ਹਾਂ ਨੂੰ ਸੱਭਿਆਚਾਰ ਅਤੇ ਕਲਾ ਵੱਲ

ਆਪਣੀ ਤਵੱਜੋ ਨੂੰ ਵਧਾਉਣਾ ਚਾਹੀਦਾ ਹੈ।

ਪਾਰਟੀ ਦੀ ਅਗਵਾਈ ਹੇਠ ਲੇਖਕਾਂ ਅਤੇ ਕਲਾਕਾਰਾਂ ਦੀ ਜਥੇਬੰਦੀ ਨੂੰ ਲੇਖਕਾਂ ਅਤੇ ਕਲਾਕਾਰਾਂ ਦੀ ਵਿਚਾਰਧਾਰਕ ਅਤੇ ਪ੍ਰੋਫੈਸ਼ਨਲ ਵਿੱਦਿਆ ਦੇ ਕੰਮ ਨੂੰ ਤੇਜ਼ ਕਰਨਾ ਚਾਹੀਦਾ ਹੈ, ਹੋਰ ਵੀ ਤਕੜੀ ਤੌਰ ਤੇ ਇੱਕ ਅਜੇਹਾ ਕੇਂਦਰ ਬਣਨਾ ਚਾਹੀਦਾ ਹੈ ਜਿੱਥੇ ਉਸਾਰੂ ਕੰਮ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ ਅਤੇ ਇਸ ਦੇ ਫਲਸਫੇ ਸਬੰਧੀ, ਸ਼ੀਲਾਚਾਰੀ, ਅਤੇ ਵਿਚਾਰਧਾਰਕ ਮਸਲਿਆਂ ਨੂੰ ਪ੍ਰੋਲੇਤਾਰੀ ਦ੍ਰਿਸ਼ਟੀਕੋਣ ਤੋਂ ਹੱਲ ਕਰਨਾ ਚਾਹੀਦਾ ਹੈ।

ਪਾਰਟੀ ਦੀ ਛੇਵੀਂ ਕਾਂਗਰਸ ਦੇ ਫੈਸਲਿਆਂ ਨੂੰ ਜੀਵਨ ਵਿਚ ਲਾਗੂ ਕਰਨ ਦੇ ਸਰਬ-ਪੱਖੀ ਯਤਨਾਂ ਵਿਚ, ਵਿਗਿਆਨ ਅਤੇ ਵਿਗਿਆਨਕ ਤਜਰਬਾਕਾਰੀ ਦੇ ਵਿਕਾਸ ਵਿਚ ਸਫਲਤਾਵਾਂ ਹਾਸਲ ਹੋਈਆਂ ਹਨ। ਅੱਜ ਸਾਡੇ ਦੇਸ਼ ਵਿਚ ਵੱਖਵੱਖ ਵਿਗਿਆਨਕ ਸੰਸਥਾਵਾਂ ਅਤੇ ਖੋਜ ਕੇਂਦਰ ਕੰਮ ਕਰ ਰਹੇ ਹਨ। ਵਿਗਿਆਨਾਂ ਦੀ ਅਕਾਦਮੀ (ਅਕੈਡਮੀ ਆਫ ਸਾਇੰਸਜ਼) ਦੀ ਸਥਾਪਨਾ ਇੱਕ ਅਹਿਮ ਪ੍ਰਾਪਤੀ ਸੀ।

ਇਸ ਸਮੇਂ ਦੇ ਦੁਰਾਨ, ਜੀਆਲੋਜ਼ੀ (ਧਰਤ-ਵਿੱਦਿਆ) ਅਤੇ ਖਾਣਾ ਪੁਟਣ, ਪਣ-ਸ਼ਕਤੀ, ਜ਼ਰਾਇਤ ਆਦਿ ਵਿਚ ਕਈ ਮਹੱਤਵਪੂਰਨ ਵਿਗਿਆਨਕ ਅਤੇ ਤਕਨੀਕੀ ਅਧਿਅਨ ਅਤੇ ਤਜਰਬੇ ਕੀਤੇ ਗਏ ਹਨ। ਸਮਾਜਿਕ ਮਸਲਿਆਂ, ਫਾਸ਼ਿਸਟ-ਵਿਰੋਧੀ ਜੰਗ, ਇਤਿਹਾਸ, ਪੁਰਾ ਵਿਸ਼ਸ਼ੇ ਵਿੱਦਿਆ (ਆਰਚਆਲੋਜ਼ੀ), ਅਤੇ ਅਲਬਾਨੀਅਨ ਭਾਸ਼ਾ, ਦੇ ਖੇਤਰ ਵਿਚ ਵੀ ਕਈ ਇੱਕ ਲਾਹੇਵੰਦ ਅਧਿਅਨ ਕੀਤੇ ਗਏ ਹਨ।

ਦੇਸ਼ ਦੇ ਵਿਕਾਸ ਦਾ ਵਰਤਮਾਨ ਪੜਾਅ ਅਤੇ ਸਾਡੇ ਸਾਹਮਣੇ ਕੰਮ ਇਸ ਗੱਲ ਦੀ ਮੰਗ ਕਰਦੇ ਹਨ ਕਿ ਵਿਗਿਆਨਕ ਅਧਿਅਨ ਅਤੇ ਖੋਜ ਨੂੰ ਇੱਕ ਆਮ ਢੰਗ ਵਿਚ ਬਦਲਣਾ ਚਾਹੀਦਾ ਹੈ ਜੋ ਸਭ ਸਰਗਰਮੀਆਂ ਵਿਚ ਸ਼ਾਮਲ ਹੋਵੇ ਤੇ ਉਨ੍ਹਾਂ ਨੂੰ ਪ੍ਰਭਾਵਿਤ ਕਰੇ, ਅਤੇ ਸਮਾਜਵਾਦ ਦੀ ਉਸਾਰੀ ਅਤੇ ਮਾਤਭੂਮੀ ਦੀ ਰਾਖੀ ਦੇ ਵਰਤਮਾਨ ਅਤੇ ਭਵਿੱਖਤ ਮਸਲਿਆਂ ਦੇ ਅਸਰਦਾਇਕ ਹੱਲ ਵਿਚ ਮੱਦਦ ਦੇਵੇ। ਵਿਗਿਆਨ ਦੇ ਸਾਹਮਣੇ ਵੱਡੇ ਪਣ-ਤਕਨੀਕੀ ਅਤੇ ਸਨੱਅਤੀ ਪ੍ਰਾਜੈਕਟਾਂ ਦੇ ਡੀਜ਼ਾਇਨ ਅਤੇ ਉਸਾਰੀ, ਨਵੇਂ ਕੱਚੇ ਪਦਾਰਥਾਂ ਅਤੇ ਕੁਦਰਤੀ ਸਾਧਨਾਂ ਦੀ ਖੋਜ ਅਤੇ ਵਰਤੋਂ, ਜ਼ਰਾਇਤ ਦੀ ਉਨੱਤੀ ਲਈ ਨਵੇਂ ਢੰਗ ਖੋਜਣੇ ਆਦਿ, ਮਹਾਨ ਕੰਮ ਹਨ।

ਵਿਗਿਆਨ ਦੇ ਵਿਕਾਸ ਵਿਚ ਕਈ ਖੇਤਰਾਂ ਵਿਚ ਵਧੇਰੇ ਅਧਿਅਨ ਕਰਨ ਦੇ ਮਹੱਤਵਪੂਰਨ ਮਸਲੇ ਹਨ, ਜਿਵੇਂ ਕਿ ਜੀਵ-ਵਿਗਿਆਨ, ਉਤਪਤੀ-ਵਿਗਿਆਨ, ਗਣਿਤ-ਰੇਖਾ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸਰੀਰ ਵਿਗਿਆਨ,

ਆਦਿ ਦੇ ਖੇਤਰ ਵਿਚ, ਜਿਨ੍ਹਾਂ ਤੋਂ ਬਿਨਾਂ ਪ੍ਰਯੋਜਨ ਵਿਗਿਆਨਾਂ (ਅਪਲਾਈਡ-ਸਾਇੰਸਜ਼) ਦੇ ਵਿਕਾਸ ਅਤੇ ਤਕਨੀਕੀ ਉਨੱਤੀ ਦੇ ਮਸਲੇ ਹੱਲ ਨਹੀਂ ਹੋ ਸਕਦੇ, ਵੱਖ ਵੱਖ ਤਰ੍ਹਾਂ ਦੇ ਮਾਹਿਰਾਂ ਨੂੰ ਅਤੇ ਸਾਡੇ ਸਕੂਲ ਵਿਚ ਨੌਜਵਾਨ ਪੀੜ੍ਹੀ ਨੂੰ ਨਿੱਗਰ ਸਿਖਲਾਈ ਨਹੀਂ ਦਿੱਤੀ ਜਾ ਸਕਦੀ।

ਸਾਡੀ ਪਾਰਟੀ ਅਤੇ ਲੋਕਾਂ ਦੀ ਇਨਕਲਾਬੀ ਸੂਝ ਅਤੇ ਅਮਲ ਦੇ ਵਿਗਿਆਨਕ ਅਧਿਅਨ ਅਤੇ ਛਾਣਬੀਣ ਨੂੰ ਮੁੱਖ ਉਦੇਸ਼ ਰੱਖਦਿਆਂ, ਸਮਾਜਿਕ ਤੇ ਆਰਥਕ ਵਿਗਿਆਨਾਂ ਦੇ ਲਾਹੇਵੰਦ ਵਿਕਾਸ ਵਾਸਤੇ ਮਹਾਨ ਮੌਕੇ ਖੁੱਲ੍ਹੇ ਹਨ। ਸਾਡੇ ਲੋਕਾਂ ਦੇ ਇਤਿਹਾਸ, ਜੀਵਨ, ਭਾਸ਼ਾ ਅਤੇ ਸਭਿੱਆਚਾਰ ਅਤੇ ਕਲਾਤਮਕ ਰਵਾਇਤਾਂ ਦਾ ਅਧਿਅਨ ਇੱਕ ਮਹੱਤਵਪੂਰਨ ਖੇਤਰ ਹੈ।

ਪਾਰਟੀ ਨੇ ਹਮੇਸ਼ਾ ਹੀ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਸਾਡੇ ਸਮਾਜਵਾਦੀ ਸਮਾਜ ਵਿਚ ਤਕਨੀਕੀ-ਵਿਗਿਆਨਕ ਇਨਕਲਾਬ ਸਿਰਫ ਕੁੱਝ ਮਾਹਿਰ ਖੋਜ ਸੰਸਥਾਵਾਂ ਹੀ ਅੱਗੇ ਨਹੀਂ ਵਧਾ ਸਕਦੀਆਂ। ਮਜ਼ਦੂਰਾਂ ਅਤੇ ਕਿਸਾਨਾਂ ਦੇ ਜਨ-ਸਮੂਹ, ਕੇਡਰਾਂ ਅਤੇ ਪੈਦਾਵਾਰ ਵਿਚ ਮਾਹਿਰਾਂ ਦੀ ਸਰਗਰਮੀ ਵਿਗਿਆਨਿਕ ਪ੍ਰਯੋਗੀਕਰਣ ਵਿਚ ਫੈਸਲਾਕੁੰਨ ਮਹੱਤਤਾ ਰੱਖਦੀ ਹੈ। ਮਾਹਿਰ ਸੰਸਥਾਵਾਂ ਅਤੇ ਵਿਗਿਆਨਕ ਖੋਜ ਦੇ ਕੇਂਦਰਾਂ ਨੂੰ ਆਪਣੀ ਸਰਗਰਮੀ ਨੂੰ ਹੋਰ ਵੀ ਗੂੜ੍ਹੇ ਤੌਰ ਤੇ ਲੋਕਾਂ ਦੇ ਵਿਗਿਆਨਕ ਪ੍ਰਯੋਗੀਕਰਣ ਨਾਲ ਜੋੜਨਾ ਚਾਹੀਦਾ ਹੈ, ਉਨ੍ਹਾਂ ਨੂੰ ਆਗੂ ਤਜਰਬੇ ਦਾ ਨਿਰੀਖਣ ਕਰਨਾ ਚਾਹੀਦਾ ਹੈ ਅਤੇ ਲੋਕਾਂ ਵਿਚ ਵਿਗਿਆਨਕ ਸੂਝ ਪ੍ਰਚਾ-ਰਨੀ ਚਾਹੀਦੀ ਹੈ। ਇਹ ਉਨ੍ਹਾਂ ਨੂੰ ਨੌਕਰਸ਼ਾਹੀ, ਟੈਕਨੋਕ੍ਰੇਸੀ ਅਤੇ ਬੁੱਧੀਜੀਵੀ-ਵਾਦ ਦੀਆਂ ਬੀਮਾਰੀਆਂ ਤੋਂ ਬਚਾਉਣ ਦਾ ਵੀ ਇੱਕ ਢੰਗ ਹੈ।

ਵਰਤਮਾਨ ਪੜਾਅ ਤੇ, ਸਾਡੀਆਂ ਆਪਣੀਆਂ ਤਾਕਤਾਂ ਰਾਹੀਂ ਬਹੁਤ ਸਾਰੇ ਗੁੰਝਲਦਾਰ ਆਰਥਿਕ, ਵਿਚਾਰਧਾਰਕ-ਸਿਧਾਂਤਿਕ, ਸੱਭਿਆਚਾਰਕ ਅਤੇ ਤਕਨੀਕੀ ਵਿਗਿਆਨਕ ਮਸਲਿਆਂ ਨੂੰ ਹੱਲ ਕਰਨ ਵਾਸਤੇ ਸਭ ਪਦਾਰਥਕ-ਤਕਨੀਕੀ ਸਾਧਨ ਅਤੇ ਮਨੁੱਖੀ ਸਾਧਨ ਮੌਜੂਦ ਹਨ। ਇਸ ਵਾਸਤੇ ਇਹ ਲਾਜ਼ਮੀ ਹੈ ਕਿ ਕੇਡਰਾਂ, ਮਾਹਿਰਾਂ ਅਤੇ ਮਿਹਨਤਕਸ਼ ਲੋਕਾਂ ਦਾ ਉਨ੍ਹਾਂ ਦੀਆਂ ਆਪਣੀਆਂ ਉਸਾਰੂ ਤਾਕਤਾਂ ਅਤੇ ਕਾਬਲੀਅਤਾਂ ਵਿਚ ਵਿਸ਼ਵਾਸ ਹੋਰ ਵਧੇਰੇ ਦ੍ਰਿੜ ਕੀਤਾ ਜਾਵੇ, ਅਤੇ ਨਾਲੋ ਨਾਲ ਸੰਸਾਰ-ਵਿਗਿਆਨ ਅਤੇ ਤਕਨੀਕ ਦੀਆਂ ਪ੍ਰਾਪਤੀਆਂ ਨੂੰ ਜਾਣਿਆਂ ਜਾਵੇ ਅਤੇ ਆਪਣੇ ਦੇਸ਼ ਦੀਆਂ ਹਾਲਤਾਂ ਅਨੁਸਾਰ ਉਨ੍ਹਾਂ ਦੀ ਵਰਤੋਂ ਕੀਤੀ ਜਾਵੇ।

ਵਿਗਿਆਨ ਦੇ ਖੇਤਰ ਵਿਚ ਕੰਮਾਂ ਨੂੰ ਨੇਪਰੇ ਚਾੜ੍ਹਨ ਵਾਸਤੇ ਇਸ ਗੱਲ ਦੀ

ਜ਼ਰੂਰਤ ਹੈ ਕਿ ਵੱਖ ਵੱਖ ਸ਼ਾਖਾਵਾਂ ਦੇ ਕੇਡਰਾਂ ਦੀ ਵਿਗਿਆਨਕ ਸਿਖਲਾਈ ਵਾਸਤੇ ਹੋਰ ਕਦਮ ਚੁੱਕੇ ਜਾਣ ਅਤੇ ਲੋੜੀਂਦੇ ਪਦਾਰਥਕ ਅਧਾਰ ਨੂੰ ਮਜ਼ਬੂਤ ਕੀਤਾ ਜਾਵੇ।

ਵਿਗਿਆਨ ਅਤੇ ਤਕਨੀਕੀ-ਵਿਗਿਆਨਕ ਇਨਕਲਾਬ ਦੇ ਵਿਕਾਸ ਵਾਸਤੇ ਖੋਜ ਸੰਸਥਾਵਾਂ ਅਤੇ ਹਾਇਰ ਸਕੂਲਾਂ ਦੇ ਜ਼ਿੰਮੇ ਇਹ ਮੁੱਖ ਕੰਮ ਹਨ ਕਿ ਉਹ ਟੈਕਨੋਕ੍ਰੈਟਿਕ ਅਤੇ ਬੁੱਧੀਜੀਵੀਵਾਦੀ, ਕਲਪਨਾਵਾਦੀ ਅਤੇ ਅਧਿਆਤਮਕ ਧਾਰਨਾਵਾਂ ਦੇ ਖ਼ਿਲਾਫ਼ ਘੋਲ ਵਿਚ ਆਪਣੇ ਵਿਗਿਆਨਕ ਅਧਿਅਨ ਅਤੇ ਖੋਜ ਦੀ ਕਿਸਮ ਅਤੇ ਅਸਰ ਨੂੰ ਵਧਾਉਣ। ਵਿਗਿਆਨ ਦੀ ਅਕਾਦਮੀ ਨੂੰ ਇਸ ਵਿਚ ਇੱਕ ਵਿਸ਼ੇਸ਼ ਰੋਲ ਅਦਾ ਕਰਨਾ ਚਾਹੀਦਾ ਹੈ, ਖਾਸ ਤੌਰ ਤੇ ਵਿਗਿਆਨ ਅਤੇ ਖੋਜ ਵਾਸਤੇ ਤਾਕਤਾਂ ਅਤੇ ਸਾਧਨਾਂ ਦੀ ਵਧੀਆ ਵਰਤੋਂ ਅਤੇ ਤਾਲਮੇਲ ਕਰਨ ਵਿਚ।

ਪਾਰਟੀ ਦੀ ਅਗਵਾਈ ਹੇਠ, ਅਧਾਰ ਤੋਂ ਲੈਕੇ ਕੇਂਦਰ ਤਕ ਦੀਆਂ ਸਟੇਟ ਸੰਸਥਾਵਾਂ ਨੂੰ ਵਿਗਿਆਨਕ ਖੋਜ ਸੰਸਥਾਵਾਂ ਦੀ ਸਰਗਰਮੀ ਦੀ ਜਥੇਬੰਦੀ, ਯੋਜਨਾਬੰਦੀ ਅਤੇ ਵਿਕਾਸ ਵੱਲ ਹੋਰ ਵਧੇਰੇ ਤਵੱਜੋ ਦੇਣੀ ਚਾਹੀਦੀ ਹੈ, ਠੋਸ ਕੰਮ ਮਿਥਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਪੂਰਤੀ ਉਤੇ ਨਿਗਰਾਨੀ ਰੱਖਣੀ ਚਾਹੀਦੀ ਹੈ, ਅਤੇ ਜੋ ਵੀ ਮਸਲੇ ਉਠਦੇ ਹਨ ਉਨ੍ਹਾਂ ਦੇ ਹੱਲ ਵਾਸਤੇ ਲੋੜੀਂਦੀ ਮੱਦਦ ਮੁਹੱਈਆ ਕਰਨੀ ਚਾਹੀਦੀ ਹੈ

# V

# ਕੌਮਾਂਤਰੀ ਹਾਲਤ ਅਤੇ ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਦੀ ਬਿਦੇਸ਼-ਨੀਤੀ

ਅਲਬਾਨੀਆਂ ਵਿਚ ਸਮਾਜਵਾਦ ਦੀ ਉਸਾਰੀ, ਪ੍ਰੋਲਤਾਰੀ ਦੀ ਡਿਕਟੇਟਰ-ਸ਼ਿਪ ਨੂੰ ਮਜਬੂਤ ਕਰਨ ਅਤੇ ਮਾਤਭੂਮੀ ਦੀ ਰਾਖੀ ਕਰਨ ਵਾਸਤੇ ਸਾਡੇ ਲੋਕਾਂ ਦੇ ਘੋਲ, ਅਤੇ ਇੱਕ ਸੁਰੱਖਿਅਤ ਭਵਿੱਖ ਉਸਾਰਨ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਕੌਮਾਂਤਰੀ ਹਾਲਤ ਤੋਂ ਅੱਡ ਕਰਕੇ ਨਹੀਂ ਦੇਖਿਆ ਜਾ ਸਕਦਾ, ਮੌਜੂਦਾ ਸੰਸਾਰ ਵਿ-ਕਾਸ ਦੀ ਆਮ ਇਤਿਹਾਸਕ ਪ੍ਰਕ੍ਰਿਆ ਤੋਂ ਅੱਡ ਨਹੀਂ ਕੀਤਾ ਜਾ ਸਕਦਾ।

ਪਾਰਟੀ ਨੇ ਘਟਨਾਵਾਂ ਅਤੇ ਨਵੇਂ ਹਾਲਤਾਂ ਦੇ ਪੈਦਾ ਹੋਣ, ਕੌਮਾਂਤਰੀ ਅਖਾੜੇ ਵਿਚ ਸਰਗਰਮ ਵੱਖ ਵੱਖ ਸਿਆਸੀ ਤਾਕਤਾਂ ਦੀਆਂ ਸੇਧਾਂ ਅਤੇ ਇਰਾਦਿਆਂ ਦੀ ਬੜੇ ਗਹੁ ਨਾਲ ਪੈਰਵੀ ਕੀਤੀ ਹੈ ਅਤੇ ਨਿਰੀਖਣ ਕੀਤਾ ਹੈ, ਅਤੇ ਹਮੇਸ਼ਾ ਹੀ ਇੱਕ ਅਸੂਲੀ ਸਟੈਂਡ ਰੱਖਿਆ ਹੈ ਜੋ ਮਾਰਕਸਵਾਦ-ਲੈਨਿਨਵਾਦ ਦੀਆਂ ਸਿੱਖਿ-ਆਵਾਂ, ਸਾਡੇ ਕੌਮੀ ਹਿੱਤਾਂ, ਇਨਕਲਾਬ ਅਤੇ ਲੋਕਾਂ ਦੀ ਮੁਕਤੀ ਦੇ ਹਿਤਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ।

ਸਧਾਰਨ ਲਫਜ਼ਾਂ ਵਿਚ, ਵਰਤਮਾਨ ਕੌਮਾਂਤਰੀ ਹਾਲਤ ਬਹੁਤ ਹੀ ਗੁੰਝਲਦਾਰ ਲੱਗਦੀ ਹੈ, ਜੋ ਵੱਡੀਆਂ ਵਿਰੋਧਤਾਈਆਂ ਅਤੇ ਟੱਕਰਾਂ ਨਾਲ ਭਰੀ ਪਈ ਹੈ ਜਿਨ੍ਹਾਂ ਨੇ ਹੁਣ ਸਾਰੀ ਦੁਨੀਆਂ ਅਤੇ ਅੱਜ ਦੇ ਮਾਨਵ ਸਮਾਜ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਸਾਮਰਾਜਵਾਦ ਅਤੇ ਸਮਾਜਿਕ ਸਾਮਰਾਜਵਾਦ ਅਤੇ ਉਨ੍ਹਾਂ ਦੀਆਂ ਵਹਿਸ਼ੀ ਧਾੜਵੀ ਅਤੇ ਪਸਾਰਵਾਦੀ ਕਰਤੂਤਾਂ ਦਾ ਟਾਕਰਾ, ਬੁਰਜ਼ੁਆਜ਼ੀ, ਅੰਤਰ-ਰਾਸ਼ਟਰੀ ਅਜਾਰੇਦਾਰੀਆਂ ਅਤੇ ਉਨ੍ਹਾਂ ਦੀ ਵਹਿਸ਼ੀ ਲੁੱਟ ਦਾ ਟਾਕਰਾ, ਪਿਛਾਖੜ ਅਤੇ ਇਸਦੀ ਹਿੰਸਾ ਅਤੇ ਦਹਿਸ਼ਤ ਦਾ ਟਾਕਰਾ, ਕਈ ਗੁਣਾ ਵੱਧ ਤਾਕਤਾਂ ਨਾਲ ਦੁਨੀਆਂ ਦੀ ਪ੍ਰੋਲਤਾਰੀ ਅਤੇ ਨਿਧੜਕ ਇਨਕਲਾਬੀ ਕਰ ਰਹੇ ਹਨ, ਅਜ਼ਾਦੀ ਅਤੇ ਜਮਹੂਰੀਅਤ ਅਤੇ ਸਮਾਜਵਾਦ ਵਾਸਤੇ ਘੋਲ ਲੜਦੇ ਲੋਕ ਕਰ ਰਹੇ ਹਨ। ਦੁਨੀਆਂ ਹੁਣ ਇੱਕ ਐਸੇ ਪੜਾਅ ਤੇ ਹੈ ਜਿੱਥੇ ਇਨਕਲਾਬ ਅਤੇ ਲੋਕਾਂ ਦੀ ਮੁਕਤੀ ਦਾ ਕਾਜ਼

ਸਿਰਫ ਇੱਕ ਉਮੰਗ ਅਤੇ ਭਵਿੱਖ ਦੀ ਉਮੀਦ ਹੀ ਨਹੀਂ, ਬਲਕਿ ਸੁਲਝਾਉਣ ਲਈ ਚੁੱਕਿਆ ਗਿਆ ਇੱਕ ਮਸਲਾ ਹੈ।

ਤਾਜ਼ਾ ਸਾਲਾਂ ਵਿਚ, ਸਭ ਪੂੰਜੀਵਾਦੀ ਦੇਸ਼ਾਂ ਵਿਚ ਪ੍ਰੋਲਤਾਰੀ ਦੇ ਘੋਲ ਦਾ ਇੱਕ ਤਾਕਤਵਰ ਉਭਾਰ ਪ੍ਰਤੱਖ ਦੇਖਿਆ ਜਾ ਸਕਦਾ ਹੈ। ਮਜ਼ਦੂਰ ਅਤੇ ਮੇਹਨਤਕਸ਼ ਲੋਕ ਹਰ ਜਗ੍ਹਾ ਸਿਆਸੀ ਜ਼ਬਰਾਂ ਅਤੇ ਲੁੱਟ-ਖਸੁੱਟ ਦੇ ਖਿਲਾਫ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਅਤੇ ਵਧੀਆ ਜੀਵਨ ਨੂੰ ਯਕੀਨੀ ਬਣਾਉਣ ਵਾਸਤੇ ਸਿਰਲੱਥ ਘੋਲ ਲੜ ਰਹੇ ਹਨ। ਇਸ ਘੋਲ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਮੇਹਨਤਕਸ਼ ਲੋਕਾਂ ਦੀਆਂ ਮੰਗਾਂ ਦਾ ਘੇਰਾ ਵਿਸ਼ਾਲ ਹੋ ਰਿਹਾ ਹੈ ਜੋ ਆਰਥਿਕ ਮੰਗਾਂ ਦੀ ਸੀਮਾਂ ਤੋਂ ਵੱਧ ਤੋਂ ਵੱਧ ਅੱਗੇ ਨਿੱਕਲ ਰਹੀਆਂ ਹਨ। ਅਮਰੀਕਾ, ਬਰਤਾਨੀਆਂ, ਫਰਾਂਸ, ਰੂਸ, ਪੋਲੈਂਡ, ਇਟਲੀ, ਜਰਮਨੀ, ਸਪੇਨ ਆਦਿ ਵਿਚ ਮੇਹਨਤਕਸ਼ ਲੋਕਾਂ ਦੀਆਂ ਹੜਤਾਲਾਂ ਅਤੇ ਮੁਜ਼ਾਹਰੇ, ਜਿਹੜੇ ਅਕਸਰ ਬੁਰਜ਼ੁਆਜ਼ੀ ਅਤੇ ਇਸ ਦੇ ਅਤਿੱਆਚਾਰੀ ਢਾਂਚੇ ਨਾਲ ਖੂਨੀ ਟੱਕਰਾਂ ਲੈਂਦੇ ਹਨ, ਬੁਰਜ਼ੁਆ ਅਤੇ ਸੋਧਵਾਦੀ ਰਾਜ ਦੀਆਂ ਨੀਹਾਂ ਹਿਲਾ ਰਹੇ ਹਨ। ਸਰਮਾਏ ਅਤੇ ਬੁਰਜ਼ੁਆਜ਼ੀ ਨਾਲ ਇਨ੍ਹਾਂ ਜ਼ਬਰਦਸਤ ਟੱਕਰਾਂ ਵਿਚ, ਮਜ਼ਦੂਰ ਜਮਾਤ ਅਤੇ ਹੋਰ ਮੇਹਨਤਕਸ਼ ਲੋਕ ਆਪਣੀ ਪ੍ਰੋਲਤਾਰੀ ਚੇਤੰਨਤਾ ਵੱਧ ਤੋਂ ਵੱਧ ਮਜ਼ਬੂਤ ਕਰ ਰਹੇ ਹਨ, ਆਉਣ ਵਾਲੀਆਂ ਜਮਾਤੀ ਟੱਕਰਾਂ ਵਾਸਤੇ ਆਪਣੇ-ਆਪ ਨੂੰ ਤਿਆਰ ਕਰ ਰਹੇ ਹਨ। ਸੰਸਾਰ ਪ੍ਰੋਲਤਾਰੀ ਦਾ ਵਰਤਮਾਨ ਘੋਲ ਇੱਕ ਵਾਰ ਫੇਰ ਮਾਰਕਸਵਾਦ-ਲੈਨਿਨਵਾਦ ਦੇ ਇਸ ਬੁਨਿਆਦੀ ਥੀਸਸ ਨੂੰ ਸਾਬਤ ਕਰਦਾ ਹੈ ਕਿ ਬੁਰਜ਼ੁਆ ਅਤੇ ਸੋਧਵਾਦੀ ਦੁਨੀਆਂ ਵਿਚ ਮਜ਼ਦੂਰ ਜਮਾਤ ਅਤੇ ਇਸਦੇ ਇਨਕਲਾਬੀ ਘੋਲ ਨੂੰ ਨਾ ਤਸ਼ੱਦਦ ਅਤੇ ਨਾ ਹੀ ਫਰੇਬ ਨਾਲ ਦਬਾਇਆ ਜਾ ਸਕਦਾ ਹੈ। ਬੁਰਜ਼ੁਆਜ਼ੀ ਅਤੇ ਇਸਦੇ ਮਿੱਤਰਾਂ ਦੇ ਦਬਦਬੇ ਅਤੇ ਵੱਡੇ ਪੈਮਾਨੇ ਤੇ ਪਾਖੰਡੀ ਅਤੇ ਫੁੱਟ-ਪਾਊ ਪ੍ਰਚਾਰ ਦੇ ਬਾਵਜੂਦ ਵੀ ਸੋਸ਼ਲ ਡੈਮੋਕ੍ਰੈਸੀ ਦੇ ਮੌਕਾਪ੍ਰਸਤ ਅਤੇ ਮਾਰੂ ਅਸਰਾਂ ਅਤੇ ਸੋਧਵਾਦੀਆਂ ਨੂੰ ਤਿਆਗਣ ਦਾ ਝੁਕਾਅ ਡੂੰਘਾ ਅਤੇ ਵਿਸ਼ਾਲ ਹੋ ਰਿਹਾ ਹੈ। ਨਵੀਆਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਦਾ ਵਿਕਾਸ ਅਤੇ ਮਜ਼ਬੂਤੀ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਮਾਰਕਸਵਾਦ-ਲੈਨਿਨਵਾਦ ਵਿਚ ਪ੍ਰੋਲਤਾਰੀ ਦਾ ਭਰੋਸਾ ਕਦੇ ਵੀ ਘੱਟ ਨਹੀਂ ਹੋਇਆ, ਅਤੇ ਬੁਰਜ਼ੁਆਜ਼ੀ ਦੇ ਖਿਲਾਫ ਅਤੇ ਇਨਕਲਾਬ ਦੀ ਜਿੱਤ ਵਾਸਤੇ ਆਪਣੇ ਘੋਲ ਵਿਚ ਪ੍ਰੋਲਤਾਰੀ ਮਾਰਕਸਵਾਦ-ਲੈਨਿਨਵਾਦ ਨੂੰ ਆਪਣਾ ਸਭ ਤੋਂ ਤਾਕਤਵਰ ਹਥਿਆਰ ਮੰਨਦੀ ਹੈ।

ਦਿਨ-ਬ-ਦਿਨ, ਲੋਕਾਂ ਦੀ ਮੁਕਤੀ ਦੀ ਲਹਿਰ ਤੇਜ਼ ਹੋ ਰਹੀ ਹੈ। ਵੀਤਨਾਮ ਕੰਬੋਡੀਆ ਅਤੇ ਲਾਓਸ ਦੇ ਲੋਕਾਂ ਦੀ ਅਮਰੀਕੀ ਸਾਮਰਾਜਵਾਦ ਦੇ ਖਿਲਾਫ ਅਤੇ ਨਾਲੋ ਨਾਲ ਰੂਸੀ ਸਮਾਜਿਕ ਸਾਮਰਾਜਵਾਦ ਦੀਆਂ ਸਾਜ਼ਿਸ਼ਾਂ ਅਤੇ ਦਖਲ-ਅੰਦਾਜ਼ੀ ਦੇ ਖਿਲਾਫ, ਸੰਸਾਰ-ਵਿਆਪੀ ਇਤਿਹਾਸਕ ਮਹੱਤਤਾ ਵਾਲੀ ਜਿੱਤ ਨੇ ਸਾਬਤ ਕਰ ਦਿੱਤਾ ਕਿ, ਆਪਣੀ ਮਹਾਨ ਤਾਕਤ ਅਤੇ ਦੌਲਤ ਅਤੇ ਜੰਗ ਦੇ ਆਧੁਨਿਕ ਸਾਧਨਾਂ ਦੇ ਬਾਵਜੂਦ ਵੀ ਮਹਾਂ-ਸ਼ਕਤੀਆਂ ਲੋਕਾਂ ਅਤੇ ਦੇਸ਼ਾਂ ਨੂੰ, ਏਥੋਂ ਤਕ ਕਿ ਬਿਲਕੁੱਲ ਛੋਟੇ ਦੇਸ਼ਾਂ ਨੂੰ ਵੀ ਗੁਲਾਮ ਨਹੀਂ ਬਣਾ ਸਕਦੀਆਂ, ਜੇਕਰ ਲੋਕ ਅਤੇ ਦੇਸ਼ ਅੰਤ ਤਕ ਲੜਨ ਅਤੇ ਹਰ ਕੁਰਬਾਨੀ ਕਰਨ ਲਈ ਤਿਆਰ ਹੋਣ। ਇਸ ਨੇ ਇਸ ਥੀਸਸ ਦੀ ਪ੍ਰੋੜਤਾ ਕੀਤੀ ਕਿ ਆਜ਼ਾਦੀ ਅਤੇ ਖੁਦਮੁਖਤਾਰੀ ਬੰਦੂਕ ਨਾਲ ਅਤੇ ਘੋਲ ਰਾਹੀਂ ਜਿੱਤੀ ਜਾਂਦੀ ਹੈ ਅਤੇ ਸੁਰੱਖਿਅਤ ਰੱਖੀ ਜਾਂਦੀ ਹੈ, ਅਤੇ ਕੌਮੀ ਮੁਕਤੀ ਲੋਕ-ਯੁੱਧ ਦੀ ਨੀਤੀ ਇੱਕ ਅਜੇਹੀ ਯੁੱਧ ਨੀਤੀ ਹੈ ਜੋ ਜਿੱਤ ਨੂੰ ਯਕੀਨੀ ਬਣਾਉਂਦੀ ਹੈ।

ਅੱਜ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਅਮਰੀਕੀ ਸਾਮਜਾਰਵਾਦ ਅਤੇ ਰੂਸੀ ਸਮਾਜਿਕ ਸਾਮਰਾਜਵਾਦ ਅਤੇ ਹੋਰ ਸਾਮਰਾਜੀ ਤਾਕਤਾਂ ਦੇ ਖਿਲਾਫ ਘੋਲ ਦਾ ਇੱਕ ਵਿਸ਼ਾਲ ਮੁਹਾਜ਼ ਹਨ। ਇਨ੍ਹਾਂ ਮਹਾਂਦੀਪਾਂ ਦੇ ਲੋਕ ਆਪਣੀ ਸਿਆਸੀ ਆਜ਼ਾਦੀ ਨੂੰ ਮਜਬੂਤ ਕਰਨ ਅਤੇ ਬਸਤੀਵਾਦੀ ਅਤੇ ਨਵ-ਬਸਤੀਵਾਦੀ ਗੁਲਾਮੀ ਦੀਆਂ ਜੜ੍ਹਾਂ ਉਖੇੜਨ ਵਾਸਤੇ ਮਹਾਨ ਅਤੇ ਸਰਬ-ਪੱਖੀ ਯਤਨ ਕਰ ਰਹੇ ਹਨ। ਅੱਜ ਅਸੀਂ ਸਭ ਅਫਰੀਕਣ ਲੋਕਾਂ ਦੇ, ਸਦੀਆਂ ਦੀ ਗੁਲਾਮੀ ਤੋਂ ਬਾਅਦ, ਪੂਰਨ ਮੁਕਤੀ ਵਾਸਤੇ ਦ੍ਰਿੜ ਯਤਨਾਂ ਦੇ ਗਵਾਹ ਹਾਂ। ਜਿਹੜੇ ਦੇਸ਼ ਕੁੱਝ ਦੇਰ ਪਹਿਲਾਂ ਪੁਰਤਗੇਜ਼ੀ ਬਸਤੀਵਾਦੀ ਰਾਜ ਅਧੀਨ ਸਨ ਉਨ੍ਹਾਂ ਵਲੋਂ ਅਜ਼ਾਦੀ ਜਿੱਤੇ ਜਾਣ ਨੇ ਰੋਡੇਸ਼ੀਆ ਅਤੇ ਦੱਖਣੀ ਅਫਰੀਕਾ ਵਿਚ ਨਸਲਵਾਦ ਅਤੇ ਨਸਲੀ-ਵਿਤ-ਕਰੇ ਦੇ ਖਿਲਾਫ ਘੋਲ ਨੂੰ ਹੋਰ ਵੀ ਤੇਜ਼ ਕਰ ਦਿੱਤਾ ਹੈ।

ਫਾਸ਼ੀਵਾਦ ਅਤੇ ਪਿਛਾਖੜ ਦੇ ਖਿਲਾਫ ਅਗਾਂਹਵਧੂ ਅਤੇ ਜਮਹੂਰੀ ਤਾਕਤਾਂ ਦਾ ਘੋਲ ਵੀ ਵਧ ਅਤੇ ਪਸਰ ਰਿਹਾ ਹੈ। ਕੁੱਝ ਦੇਸ਼ਾਂ ਵਿਚ ਤਾਨਾਸ਼ਾਹੀ ਹਕੂਮਤਾਂ ਦਾ ਸਫਾਇਆ, ਬ੍ਰਾਜ਼ੀਲ ਅਤੇ ਬਲੋਵੀਆ, ਥਾਈਲੈਂਡ ਅਤੇ ਮਲੇਸ਼ੀਆ ਦੇ ਦੇਸ਼-ਭਗਤਾਂ ਦੇ ਘੋਲ, ਚਿੱਲੀ, ਅਰਜਨਟਾਈਨਾਂ, ਅਤੇ ਇੰਡੋਨੇਸ਼ੀਆਂ ਦੇ ਲੋਕਾਂ ਦੇ ਫਾਸ਼ੀ ਹਕੂਮਤਾਂ ਦੇ ਖਿਲਾਫ ਘੋਲ ਨੇ ਪਿਛਾਂਹ-ਖਿਚੂ ਤਾਕਤਾਂ ਅਤੇ ਉਨ੍ਹਾਂ ਦੇ ਸਾਮਰਾਜੀ ਹਮਾਇਤੀਆਂ ਉਤੇ ਮਾਰੂ ਸੱਟਾਂ ਮਾਰੀਆਂ ਹਨ। ਹਿੰਦ ਮਹਾਂਸਾਗਰ ਦੇ ਇਲਾਕੇ,

ਦੱਖਣ-ਪੂਰਬੀ ਏਸ਼ੀਆ ਅਤੇ ਅਫਰੀਕਾ ਦੇ ਕਿਨਾਰਿਆਂ ਦੇ ਲੋਕ ਦੋ ਮਹਾਂ-ਸ਼ਕਤੀਆਂ ਦੇ ਫੌਜੀ ਅੱਡਿਆਂ ਅਤੇ ਨੇਵਲ ਬੇੜਿਆਂ ਨੂੰ ਹਰਾਉਣ ਵਾਸਤੇ ਦ੍ਰਿੜਤਾ ਨਾਲ ਘੋਲ ਕਰ ਰਹੇ ਹਨ। ਹਰ ਜਗ੍ਹਾ ਲੋਕ, ਦੋ ਮਹਾਂ-ਸ਼ਕਤੀਆਂ, ਅਮਰੀਕੀ ਸਾਮਰਾਜਵਾਦ ਅਤੇ ਰੂਸੀ ਸਮਾਜਿਕ ਸਾਮਰਾਜਵਾਦ, ਦੀ ਧਾੜਵੀ, ਪਸਾਰਵਾਦੀ ਅਤੇ ਚੌਧਰਪੁਣੇ ਦੀ ਨੀਤੀ ਤੋਂ, ਆਪਣੀ ਹੋਂਦ ਨੂੰ ਖਤਰੇ ਬਾਰੇ ਵੱਧ ਤੋਂ ਵੱਧ ਜਾਗਰਤ ਅਤੇ ਚੇਤੰਨ ਹੋ ਰਹੇ ਹਨ।

ਸਮਾਜਵਾਦ ਦੇ ਰਾਹ ਉਤੇ ਚੱਲ ਰਹੇ ਦੇਸ਼, ਲੋਕਾਂ ਦੇ ਇਨਕਲਾਬੀ ਘੋਲਾਂ ਅਤੇ ਮੁਕਤੀ ਘੋਲਾਂ ਵਾਸਤੇ ਇੱਕ ਨਿੱਗਰ ਹਮਾਇਤ ਹਨ ਅਤੇ ਉਨ੍ਹਾਂ ਨੂੰ ਸਰਗਰਮ ਮੱਦਦ ਦਿੰਦੇ ਹਨ। ਸਮਾਜਵਾਦੀ ਅਲਬਾਨੀਆਂ, ਪ੍ਰੋਲਤਾਰੀ ਅਤੇ ਲੋਕਾਂ ਦੇ ਮਹਾਨ ਘੋਲ, ਸਮਾਜਵਾਦ, ਆਜ਼ਾਦੀ ਅਤੇ ਖੁਦਮੁਖਤਾਰੀ ਵਾਸਤੇ ਘੋਲ ਕਰਨ ਵਾਲੇ ਸਭ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਨ ਨੂੰ ਇੱਕ ਬਹੁਤ ਮਾਣ ਵਾਲੀ ਗੱਲ ਸਮਝਦਾ ਹੈ। ਆਪਣੇ ਨਵੇਂ ਜੀਵਨ ਦੀ ਉਸਾਰੀ ਵਾਸਤੇ ਅਣਥੱਕ ਕੰਮ ਕਰਕੇ, ਸਾਮਰਾਜਵਾਦ, ਨਵ-ਸੋਧਵਾਦ ਅਤੇ ਕਮਿਊਨਿਸਟ-ਵਿਰੋਧੀ ਬੁਰਜ਼ੂਆਜ਼ੀ ਦੇ ਵਹਿਸ਼ੀ ਹਮਲਿਆਂ ਦਾ ਮੂੰਹ ਤੋੜ ਕੇ, ਇਸਨੇ ਅਸਲੀ ਸਮਾਜਵਾਦ ਦੇ ਕਾਜ਼ ਦੀ ਰਾਖੀ ਅਤੇ ਇਸ ਨੂੰ ਅੱਗੇ ਲਿਜਾਣ ਵਿਚ ਹਿੱਸਾ ਪਾਇਆ ਹੈ।

ਇਹ ਪ੍ਰੋਲਤਾਰੀ ਦੇ ਇਨਕਲਾਬੀ ਘੋਲਾਂ ਦਾ ਡੂੰਘਿਆਂ ਅਤੇ ਵਿਸ਼ਾਲ ਹੋਣਾ, ਲੋਕਾਂ ਦੇ ਮੁਕਤੀ ਘੋਲਾਂ ਵਿਚ ਅਥਾਹ ਤੇਜ਼ੀ, ਅਤੇ ਸਮਾਜਵਾਦ ਦੀਆਂ ਜਿੱਤਾਂ ਹੀ ਹਨ ਜਿਨ੍ਹਾਂ ਨੇ ਮਿਲਕੇ, ਸਾਮਰਾਜਵਾਦ ਅਤੇ ਸਮਾਜਿਕ ਸਾਮਰਾਜਵਾਦ ਨੂੰ ਹੋਰ ਕਮਜ਼ੋਰ ਕੀਤਾ ਹੈ, ਪੂੰਜੀਵਾਦੀ ਢਾਂਚੇ ਦੀਆਂ ਵਿਰੋਧਤਾਈਆਂ ਨੂੰ ਤਿੱਖੀਆਂ ਕੀਤਾ ਹੈ ਅਤੇ ਇਸਦੀਆਂ ਨੀਹਾਂ ਨੂੰ ਹਲੂਣਿਆਂ ਹੈ।

ਇਸ ਘੋਲ ਅਤੇ ਉਨ੍ਹਾਂ ਦੇ ਸਿਸਟਮ ਦੀਆਂ ਅਟੱਲ ਵਿਰੋਧਤਾਈਆਂ ਦੇ ਸਿੱਧੇ ਸਿੱਟੇ ਵਜੋਂ ਗੰਭੀਰ ਸੰਕਟ ਪੈਦਾ ਹੋਇਆ ਹੈ ਜਿਸ ਵਿਚ ਅੱਜ ਸਾਰੇ ਪੂੰਜੀਵਾਦੀ ਅਤੇ ਸੋਧਵਾਦੀ ਦੇਸ਼ ਫਸੇ ਹੋਏ ਹਨ। ਦੂਜੀ ਸੰਸਾਰ ਜੰਗ ਤੋਂ ਬਾਅਦ ਦੇ ਸਮੁੱਚੇ ਦੌਰ ਵਿਚ ਲਗਾਤਾਰ ਆਰਥਿਕ ਸੰਕਟ ਪੈਦਾ ਹੋਏ ਹਨ। ਲੇਕਿਨ ਵਰਤਮਾਨ ਸੰਕਟ ਸਭ ਤੋਂ ਗੰਭੀਰ ਹੈ, ਜਿਸਨੇ ਨਾ ਸਿਰਫ ਵਿਕਸਤ ਦੇਸ਼ਾਂ ਨੂੰ ਹੀ ਬਲਕਿ ਘੱਟ ਵਿਕਸਤ ਦੇਸ਼ਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ। ਇਹ ਇੱਕ ਆਰਥਿਕ ਸੰਕਟ ਹੈ, ਲੇਕਿਨ ਨਾਲੋ ਨਾਲ ਇਹ ਇੱਕ ਸਿਆਸੀ ਅਤੇ ਵਿਚਾਰਧਾਰਕ, ਇੱਕ ਫੌਜੀ ਅਤੇ ਸੱਭਿਆਚਾਰਕ ਸੰਕਟ ਵੀ ਹੈ ਜਿਸਨੇ ਬੁਰਜ਼ੂਆ-ਸੋਧਵਾਦੀ ਸਿਸਟਮ ਦੇ ਸਮੁੱਚੇ

ਢਾਂਚੇ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ।

ਪਹਿਲਾਂ, ਇਹ ਸੰਕਟ ਪੈਦਾਵਾਰ ਦੀ ਘਟ ਰਹੀ ਦਰ ਅਤੇ ਵਧ ਰਹੀ ਮਹਿੰਗਾ-ਈ ਦੀ ਸ਼ਕਲ ਵਿਚ ਸਾਫ ਦਿਸਦਾ ਸੀ। ਇਹ ਹੋਰ ਵੀ ਤੇਜ਼ ਅਤੇ ਵਿਸ਼ਾਲ ਹੋ ਗਿਆ, ਕਿਉਂਕਿ ਗੰਭੀਰ ਸ਼ਕਤੀ-ਸੰਕਟ ਅਤੇ ਸਿੱਕੇ ਦੇ ਸੰਕਟ ਨੇ ਇਸ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੱਤਾ, ਜਿਸ ਕਰਕੇ ਸਭ ਪੂੰਜੀਵਾਦੀ-ਸੋਧਵਾਦੀ ਦੇਸ਼ਾਂ ਵਿਚ ਬਹੁਤ ਵੱਡੀ ਹਲਚਲ ਮਚੀ। ਉਨ੍ਹਾਂ ਵਿਚੋਂ ਕੁੱਝ, ਜਿਵੇਂ ਕਿ ਇਟਲੀ, ਬਰਤਾਨੀਆਂ, ਪੋਲੈਂਡ ਅਤੇ ਯੂਗੋਸਲਾਵੀਆ ਆਦਿ ਬਹੁਤ ਹੀ ਕਠਿਨ ਹਾਲਤਾਂ ਵਿਚ ਹਨ।

ਵਰਤਮਾਨ ਸੰਕਟ ਦੀ ਇੱਕ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਹ ਅਜਿਹੇ ਹਾਲਤਾਂ ਵਿਚ ਵਿਕਸਤ ਹੋ ਰਿਹਾ ਹੈ ਜਦੋਂ ਮੰਡੀਆਂ ਅਤੇ ਅਸਰ-ਰਸੂਖ ਦੇ ਦਾ-ਇਰਿਆਂ ਦੀ ਵੰਡ ਵਾਸਤੇ ਮਹਾਂ-ਸ਼ਕਤੀਆਂ ਦੀ ਤੇਜ਼ ਟੱਕਰ ਵਿਚ ਸਾਮਰਾਜ-ਵਾਦ ਦੀਆਂ ਅੰਦਰੂਨੀ ਵਿਰੋਧਤਾਈਆਂ ਬਹੁਤ ਹੀ ਤਿੱਖੀਆਂ ਹੋ ਰਹੀਆਂ ਹਨ। ਅਮਰੀਕੀ ਸਾਮਰਾਜਵਾਦ ਅਤੇ ਰੂਸੀ ਸਮਾਜਿਕ ਸਾਮਰਾਜਵਾਦ ਦੀ ਧਾੜਵੀ ਨੀਤੀ, ਦੁਨੀਆਂ ਉਤੇ ਚੋਧਰ ਦੀ ਉਨ੍ਹਾਂ ਦੀ ਭੁੱਖ ਦੇ ਕਾਰਨ ਬਦੇਸ਼ਾਂ ਵਿਚ ਫੌਜੀ ਤਾਕਤਾਂ ਅਤੇ ਅੱਡਿਆਂ ਦੀ ਬਰਕਰਾਰੀ, ਪਿਛਾਂਹਖਿਚੂ ਹਕੂਮਤਾਂ ਨੂੰ "ਫੌਜੀ ਮਦਦ" ਆਦਿ ਉਤੇ ਉਨ੍ਹਾਂ ਦੇ ਖਰਚ ਵਿਚ ਅਥਾਹ ਵਾਧਾ ਹੋਇਆ ਹੈ। ਇਸ ਨੇ ਮਹਾਂ-ਸ਼ਕਤੀਆਂ ਅਤੇ ਉਨ੍ਹਾਂ ਦੇ ਸਹਾਇਕਾਂ ਦੀਆਂ ਆਰਥਿਕਤਾਵਾਂ ਵਿਚ ਬਹੁਤ ਵੱਡੀਆਂ ਖਿਚੋ-ਤਾਣੀਆਂ ਪੈਦਾ ਕੀਤੀਆਂ ਹਨ। ਵੱਡੀਆਂ ਸਾਮਰਾਜੀ ਤਾਕਤਾਂ ਦੀਆਂ ਆਰਥਿਕਤਾਵਾਂ ਦੇ ਫੌਜੀਕਰਣ, ਅੱਤਿਆਚਾਰੀ ਢਾਂਚੇ ਵਾਸਤੇ ਫੌਜੀ ਖਰਚ ਵਿਚ ਬੇਮਿਸਾਲ ਵਾਧੇ, ਕੌਮੀ ਆਮਦਨ ਅਤੇ ਧੰਨ ਦੀ ਗੈਰ-ਪੈਦਾਵਾਰੀ ਕੰਮਾਂ ਵਿਚ ਖਪਤ, ਆਦਿ, ਨੇ ਇਸ ਗੜਬੜ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ।

ਸਨੱਅਤੀ ਬੁਰਜੂਆ ਅਤੇ ਸੋਧਵਾਦੀ ਦੇਸ਼ਾਂ ਵਿਚਕਾਰ ਬੇਕਾਬੂ ਆਪਸੀ ਮੁਕਾਬਲੇ, ਅਤੇ ਵਿਕਸਤ ਹੋ ਰਹੇ ਦੇਸ਼ਾਂ, ਕੱਚੇ-ਮਾਲ ਦੇ ਉਤਪਾਦਕਾਂ ਦੇ ਨਾਲ ਉਨ੍ਹਾਂ ਦੇ ਮੁਕਾਬਲੇ ਨਾਲ ਸੰਕਟ ਹੋਰ ਵੀ ਤਿੱਖਾ ਹੁੰਦਾ ਹੈ। ਪੂੰਜੀਵਾਦੀ ਦੇਸ਼ਾਂ ਦੇ ਨਾ-ਬਰਾਬਰ ਸਿਆਸੀ ਅਤੇ ਆਰਥਿਕ ਵਿਕਾਸ ਦੇ ਨਿਯਮ ਨੇ ਕਾਮਨ ਮਾਰਕੀਟ, ਜਪਾਨ, ਕਨੇਡਾ ਅਤੇ ਹੋਰਾਂ ਨੂੰ ਮੰਡੀਆਂ ਅਤੇ ਰਿਆਇਤਾਂ ਵਾਸਤੇ ਘੋਲ ਅਤੇ ਸਰਮਾਏ ਦੀ ਬਰਾਮਦ ਉਤੇ ਅਮਰੀਕਾ ਦੀ ਚੌਧਰ ਨੂੰ ਵੰਗਾਰਨ ਦੇ ਅਖਾੜੇ ਵਿਚ ਖਿਚ ਲਿਆਂਦਾ।

ਵਰਤਮਾਨ ਸੰਕਟ ਨੇ ਇੱਕ ਵਾਰ ਫਿਰ ਇਸ ਗੱਲ ਦੀ ਪ੍ਰੋੜਤਾ ਕੀਤੀ ਹੈ ਕਿ ਇੱਕ ਸਮਾਜਿਕ ਸਿਸਟਮ ਦੇ ਤੌਰ ਤੇ, ਪੂਜੀਵਾਦ ਆਪਣੀਆਂ ਵਿਰੋਧਤਾਈਆਂ ਅਤੇ

ਬੀਮਾਰੀਆਂ ਤੋਂ ਬਚ ਨਹੀਂ ਸਕਦਾ, ਅਤੇ ਇਹ ਅੰਦਰੂਨੀ ਸਮਾਜਿਕ ਸੰਤੁਲਿਨ ਨੂੰ ਬਰਕਰਾਰ ਰੱਖਣ ਅਤੇ ਨਾਲ ਦੀ ਨਾਲ ਆਪਣੇ ਵਾਸਤੇ ਵੱਡੇ ਮੁਨਾਫੇ ਯਕੀਨੀ ਬਣਾਉਣ ਦੇ ਨਕਾਬਿਲ ਹੈ। ਇਸ ਤਰ੍ਹਾਂ, ਜ਼ਿੰਦਗੀ ਨੇ ਬਾਰ ਬਾਰ ਮਾਰਕਸ ਤੇ ਲੈਨਿਨ ਦੇ ਇਸ ਸਿਧਾਂਤ ਦੀ ਪ੍ਰੋੜਤਾ ਕੀਤੀ ਹੈ ਕਿ ਆਰਥਕ ਸੰਕਟ ਪੂੰਜੀਵਾਦੀ ਸਿਸਟਮ ਦੇ ਹਮਸਫਰ ਹਨ, ਅਤੇ ਜਦ ਤਕ ਨਿੱਜੀ ਮਾਲਕੀ ਅਤੇ ਪੂੰਜੀਵਾਦੀ ਲੁੱਟ ਜਾਰੀ ਰਹੇਗੀ, ਆਰਥਿਕ ਸੰਕਟ ਵੀ ਉਦੋਂ ਤਕ ਜਾਰੀ ਰਹਿਣਗੇ।

ਸਭ ਪੂੰਜੀਵਾਦੀ ਅਤੇ ਸੋਧਵਾਦੀ ਮੁਲਕ, ਸੰਕਟ ਦਾ ਭਾਰ ਮੇਹਨਤਕਸ਼ ਲੋਕਾਂ ਦੇ ਸਿਰ-ਮੜ੍ਹਨ ਦੀ ਕੋਸ਼ਿਸ਼ ਕਰਦੇ ਹਨ। ਅਤੇ ਦਰਅਸਲ, ਆਪਣੇ ਮੁਨਾਫਿਆਂ ਨੂੰ ਬਰਕਰਾਰ ਰੱਖਣ ਵਾਸਤੇ, ਬੁਰਜ਼ੁਆਜ਼ੀ, ਅਜਾਰੇਦਾਰਾਂ ਅਤੇ ਸਭ ਲੋਟੂਆਂ ਨੇ ਹਰ ਜਗ੍ਹਾ ਪ੍ਰੋਲਤਾਰੀ ਅਤੇ ਮੇਹਨਤਕਸ਼ ਲੋਕਾਂ ਉਤੇ ਦਮਨ ਅਤੇ ਉਨ੍ਹਾਂ ਦੀ ਲੁੱਟ ਨੂੰ ਵਧਾ ਦਿੱਤਾ ਹੈ, ਉਨ੍ਹਾਂ ਦੇ ਰੁਜ਼ਗਾਰ ਦੇ ਸਾਧਨ ਘਟਾਏ ਹਨ ਅਤੇ ਉਨ੍ਹਾਂ ਦੇ ਹੱਕਾਂ ਵਿਚ ਕਟੌਤੀ ਕੀਤੀ ਹੈ। ਸਾਮਰਾਜੀ ਅਤੇ ਸਮਾਜਿਕ-ਸਾਮਰਾਜੀ ਤਾਕਤਾਂ ਅਤੇ ਹਰ ਦੇਸ਼ ਦੀ ਬੁਰਜ਼ੁਆ ਰਾਜਸੱਤਾ ਦੇ ਇਸ ਗੰਭੀਰ ਸੰਕਟ ਦੇ ਸਮੇਂ, ਕ੍ਰੋੜਾਂ ਮਜ਼ਦੂਰ, ਜਿਨ੍ਹਾਂ ਦੀ ਗਿਣਤੀ ਹੁਣ ਦਸ ਕ੍ਰੋੜ ਹੋ ਗਈ, ਉਨ੍ਹਾਂ ਨੂੰ ਨੌਕਰੀਆਂ ਤੋਂ ਕੱਢਿਆ ਜਾ ਰਿਹਾ ਹੈ, ਮਹਿੰਗਾਈ (ਇਨਫਲੇਸ਼ਨ) ਦਾ ਬੋਲਬਾਲਾ ਹੈ, ਜ਼ਰੂਰੀ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਵਰਤਮਾਨ ਪੂੰਜੀਵਾਦੀ ਅਤੇ ਸੋਧਵਾਦੀ ਸਮਾਜ ਵਿਚ ਦੋ ਪੂਰੇ ਵਿਰੋਧੀ ਪੱਖਾਂ ਵਿਚ ਵੰਡ ਦੀ ਸਚਾਈ ਵਾਪਰ ਰਹੀ ਹੈ, ਜਿਸ ਨੂੰ ਮਾਰਕਸ ਨੇ ਬਿਆਨਿਆਂ ਸੀ: ਇੱਕ ਪਾਸੇ ਮੇਹਨਤਕਸ਼ ਲੋਕਾਂ ਦੀ ਕੰਗਾਲੀ ਵਧ ਰਹੀ, ਦੂਜੇ ਪਾਸੇ ਸਰਮਾਏਦਾਰਾਂ ਦੀ ਦੌਲਤ ਵਧ ਰਹੀ ਹੈ।

ਇਸ ਗੰਭੀਰ ਹਾਲਤ, ਇਸ ਜਾਂਗਲੀ ਦਮਨ ਅਤੇ ਲੁੱਟ ਦੀ ਨੀਤੀ ਦੇ ਨਾਲ ਨਾਲ ਵੱਡਾ ਸਰਮਾਇਆ ਅਤੇ ਇਸਦੀ ਰਾਜਸੱਤਾ, ਸੋਸ਼ਲ ਡੈਮੋਕ੍ਰੇਸੀ, ਸੋਧਵਾਦੀਏ ਅਤੇ ਹੋਰ ਮੌਕਾਪ੍ਰਸਤ ਵੀ, ਅਖਾੜੇ ਵਿਚ, ਮੇਹਨਤਕਸ਼ ਲੋਕਾਂ ਨੂੰ ਪ੍ਰਚਾਉਣ ਵਾਸਤੇ ਇਹ ਪ੍ਰਚਾਰ ਕਰਨ ਲਈ ਨਿੱਤਰ ਰਹੇ ਹਨ ਕਿ ਵਰਤਮਾਨ ਗੜਬੜ ਇੱਕ ਕਥਿਤ ਵਕਤੀ ਗੱਲ ਹੀ ਹੈ, ਅਤੇ ਸਭ ਕੁੱਝ ਪਹਿਲਾਂ ਦੀ ਤਰ੍ਹਾਂ ਹੀ ਠੀਕ ਹੋ ਜਾਵੇਗਾ, ਅਤੇ ਇਸ ਕਾਰਨ ਉਨ੍ਹਾਂ (ਮੇਹਨਤਕਸ਼ ਲੋਕਾਂ) ਨੂੰ ਆਪਣੇ ਮੋਢਿਆਂ ਉਤੇ ਪਏ ਵੱਡੇ ਭਾਰ ਨੂੰ ਚੁਪ-ਚਾਪ ਸਹਾਰ ਲੈਣਾ ਚਾਹੀਦਾ ਹੈ, ਅਤੇ ਇਸਦੇ ਕਾਰਨਾਂ ਨੂੰ ਲੱਭਣ ਅਤੇ ਬਗਾਵਤ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਉਹ ਮਹਾਨ ਖਤਰੇ, ਇਨਕਲਾਬ, ਨੂੰ ਟਾਲਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ, ਕਿਉਂਕਿ ਮਜ਼ਦੂਰ

ਜਮਾਤ ਵਾਸਤੇ ਸੰਕਟ ਅਤੇ ਪੂੰਜੀਵਾਦੀ ਅਤੇ ਸੋਧਵਾਦੀ ਲੁੱਟ ਤੋਂ ਹਮੇਸ਼ਾ ਹਮੇਸ਼ਾ ਲਈ ਛੁਟਕਾਰਾ ਪਾਉਣ ਵਾਸਤੇ ਇੱਕੋ-ਇੱਕ ਰਾਹ ਇਨਕਲਾਬ ਦਾ ਰਾਹ ਹੈ।

ਬੁਰਜ਼ੂਆਜ਼ੀ ਅਤੇ ਇਸਦੀ ਰਾਜਸੱਤਾ ਟਰੇਡ ਯੂਨੀਅਨਾਂ ਨੂੰ ਵੀ ਵਰਤਦੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਬੁਰਜ਼ੂਆ ਦੇਸ਼ਾਂ ਦੀ ਪ੍ਰੋਲਤਾਰੀ ਅਤੇ ਮੇਹਨਤਕਸ਼ ਲੋਕਾਂ ਨੂੰ ਇਸ ਉਲਟ-ਇਨਕਲਾਬੀ ਮੰਤਵ ਵਾਸਤੇ ਸ਼ਾਮਲ ਕੀਤਾ ਹੋਇਆ ਹੈ। ਟਰੇਡ ਯੂਨੀਅਨਾਂ ਕਥਿਤ ਜਮਹੂਰੀ, ਅਤੇ ਲੋਕਾਂ ਅਤੇ ਵੱਖ ਵੱਖ "ਜਮਹੂਰੀ", "ਸਮਾਜਵਾਦੀ" ਅਤੇ ਹੋਰ ਪਾਰਟੀਆਂ ਤੋਂ ਕਥਿਤ ਤੌਰ ਤੇ ਆਜ਼ਾਦ ਹਨ। ਅਸਲੀਅਤ ਵਿਚ, ਬੁਰਜ਼ੂਆ ਪਾਰਟੀਆਂ ਦੀ ਚੌਧਰ ਅਤੇ ਲੇਬਰ ਅਰੈਸਟੋਕ੍ਰੇਸੀ ਦੀ ਅਗਵਾਈ ਹੇਠਲੀਆਂ ਇਹ ਅਖ਼ਤੀ ਟਰੇਡ ਯੂਨੀਅਨਾਂ, ਮੇਹਨਤਕਸ਼ ਲੋਕਾਂ ਨੂੰ ਕੁਰਾਹੇ ਪਾਉਣ ਅਤੇ ਉਨ੍ਹਾਂ ਦੇ ਇਨ-ਕਲਾਬੀ ਘੋਲਾਂ ਨੂੰ ਖਤਮ ਕਰਨ ਵਾਸਤੇ ਆਪਣੀ ਪੂਰੀ ਵਾਹ ਲਾਉਂਦੀਆਂ ਹਨ। ਅਤੇ ਇਸਦੇ ਨਾਲ ਨਾਲ, ਆਰਥਿਕ ਸਮਾਜਿਕ, ਅਤੇ ਹੋਰ ਮੰਗਾਂ ਵਾਸਤੇ ਮਜ਼-ਦੂਰਾਂ ਦੀ ਸਰਗਰਮੀ ਅਤੇ ਘੋਲ ਬਾਰੇ ਬੁਰਜ਼ੂਆਜ਼ੀ ਵਲੋਂ ਬਣਾਏ ਕਨੂੰਨ ਇਸ ਤਰ੍ਹਾਂ ਦੇ ਹਨ ਕਿ ਹਰ ਐਕਸ਼ਨ ਬੁਰਜ਼ੂਆਜ਼ੀ ਵਲੋਂ ਲਾਈ ਗਈ ਸੀਮਾ ਦੇ ਅੰਦਰ ਹੋਣਾ ਚਾਹੀਦਾ ਹੈ, ਇਸਦੇ ਹਿੱਤਾਂ ਤੇ ਸੱਟ ਨਹੀਂ ਵੱਜਣੀ ਚਾਹੀਦੀ, ਅਤੇ ਖਾਸ ਤੌਰਤੇ ਸਰਮਾਏਦਾਰਾ ਰਾਜਸੱਤਾ ਦੀਆਂ ਨੀਹਾਂ ਨੂੰ ਖਤਰੇ ਵਿਚ ਨਹੀਂ ਪਾਉਣਾ ਚਾਹੀਦਾ। ਬੁਰਜ਼ੂਆ ਰਾਜਸੱਤਾ ਜਦੋਂ ਖੱਸੀ-ਜਮਹੂਰੀ ਢੰਗਾਂ ਅਤੇ ਪਾਰਲੀਮੈਂਟ ਦੇ "ਗਲ-ਕਥ" ਦੇ ਢੰਗਾਂ ਰਾਹੀਂ ਮਜ਼ਦੂਰਾਂ ਅਤੇ ਲੋਕਾਂ ਦੀਆਂ ਬਗਾਵਤਾਂ ਨੂੰ ਕਾਬੂ ਨਹੀਂ ਕਰ ਸਕਦੀ ਤਾਂ ਫਿਰ ਇਹ ਉਨ੍ਹਾਂ ਦੇ ਖਿਲਾਫ ਆਪਣੇ ਕਾਨੂੰਨ, ਤਸ਼ੱਦਦ ਅਤੇ ਖੂੰਖਾਰੀ ਦੀ ਵਰਤੋਂ ਕਰਦੀ ਹੈ। ਇਹੀ ਕੁੱਝ ਹੈ ਜੋ ਅੱਜ ਬਹੁਤ ਸਾਰੇ ਦੇਸ਼ਾਂ ਵਿਚ ਵਾਪਰ ਰਿਹਾ ਹੈ ਜਿੱਥੇ ਸੰਕਟ ਨੇ ਸਰਮਾਏ ਅਤੇ ਮੇਹਨਤ ਵਿਚਕਾਰ ਵਿਰੋਧਤਾਈਆਂ ਨੂੰ ਤੇਜ਼ ਕਰ ਦਿੱਤਾ ਹੈ, ਅਤੇ ਮੇਹਨਤਕਸ਼ ਲੋਕਾਂ ਦੀ ਬਗਾਵਤ ਵੱਧ ਤੋਂ ਵੱਧ ਜ਼ੋਰ ਫੜਦੀ ਜਾ ਰਹੀ ਹੈ।

ਇਨ੍ਹਾਂ ਹਾਲਤਾਂ ਵਿਚ ਫਾਸ਼ੀਵਾਦ ਦਾ ਖਤਰਾ ਵਧੇਰੇ ਗੰਭੀਰ ਹੋ ਰਿਹਾ ਹੈ। ਇਹ ਇੱਕ ਆਮ ਜਾਣੀ ਜਾਂਦੀ ਸਚਾਈ ਹੈ ਕਿ ਜਦ ਸਰਮਾਇਆ ਆਪਣੇ ਆਪ ਨੂੰ ਖੂੰਜੇ ਲੱਗਿਆ ਹੋਇਆ ਅਤੇ ਮਜ਼ਦੂਰ ਜਮਾਤ ਦੀਆਂ ਮਾਰੂ ਸੱਟਾਂ ਹੇਠ ਦੇਖਦਾ ਹੈ ਤਾਂ ਇਹ, ਜਾਂ ਆਪਣਾ ਦਿਵਾਲਾ ਕੱਢਣ ਅਤੇ ਜਾਂ ਆਪਣੀ ਫਾਸ਼ੀ ਤਾਨਾਸ਼ਾਹੀ ਕਾਇਮ ਕਰਕੇ ਜੰਗ ਵਿਚ ਕੁੱਦਣ ਵਾਸਤੇ, ਮਜਬੂਰ ਹੋ ਜਾਂਦਾ ਹੈ। ਫਾਸ਼ਿਜ਼ਮ ਦਾ ਇਹ ਖਤਰਾ ਸਪੇਨ, ਇਟਲੀ, ਅਤੇ ਕਈ ਹੋਰ ਦੇਸ਼ਾਂ ਵਿਚ ਪ੍ਰਤੱਖ ਹੈ। ਅਗਰ,

ਇਟਾਲੀਅਨ ਸੋਸ਼ਲ ਮੂਵਮੈਂਟ ਦੇ ਨਾਂ ਨਾਲ ਜਾਣੀ ਜਾਂਦੀ ਇਟਲੀ ਦੀ ਫਾਸ਼ੀ ਪਾਰਟੀ ਤਾਜ਼ਾ ਚੋਣਾਂ ਵਿਚ ਵੋਟਾਂ ਹਾਰ ਗਈ ਹੈ ਤਾਂ ਇਹ ਇਸ ਦੀ ਹਾਰ ਨਹੀਂ, ਕਿਉਂਕਿ ਇਸਨੇ ਆਪਣੇ ਮੈਂਬਰਾਂ ਦੇ ਜਥੇ ਕ੍ਰਿਸਚੀਅਨ-ਡੈਮੋਕ੍ਰੈਟਿਕ ਪਾਰਟੀ ਵਿਚ ਧੱਕ ਦਿੱਤੇ ਹਨ।

> ਵੀ. ਆਈ. ਲੈਨਿਨ ਨੇ ਕਿਹਾ, "ਕਿਉਂਕਿ ਸਭ ਸੰਕਟਾਂ ਦੀ ਮਹਾਨ ਮਹੱਤਤਾ ਹੈ ਕਿ ਉਹ ਲੁਕਵੀਆਂ ਗੱਲਾਂ ਨੂੰ ਸਾਮ੍ਹਣੇ ਲਿਆਉਂਦੇ ਹਨ; ਓਹ ਸਭ ਖੋਖਲੀਆਂ ਸ਼ਕਲਾਂ, ਓਪਰੇਪਣ, ਅਤੇ ਨਿਗੂਣੇਪਣ ਨੂੰ ਵਗਾਹ ਮਾਰਦੇ ਹਨ; ਉਹ ਸਿਆਸੀ ਕੂੜੇ-ਕਰਕਟ ਨੂੰ ਹੂੰਝ ਸੁੱਟਦੇ ਹਨ ਅਤੇ ਅਸਲੀਅਤ ਵਿਚ ਵਿਕਸਤ ਹੋਣ ਵਾਲੇ ਜਮਾਤੀ ਘੋਲ ਦੇ ਸਹੀ ਕਾਰਨਾਂ ਨੂੰ ਸਾਮ੍ਹਣੇ ਲਿਆਉਂਦੇ ਹਨ।"*

ਅੱਜ ਦੇ ਸੰਸਾਰ ਵਿਚ ਸਿਆਸੀ, ਆਰਥਿਕ ਅਤੇ ਸਮਾਜਿਕ ਘਟਨਾਵਾਂ, ਉਨ੍ਹਾਂ ਦੇ ਪੈਦਾ ਹੋਣ ਦੇ ਕਾਰਨ, ਐਕਸ਼ਨਾਂ ਦੇ ਮਾਹੌਲ ਅਤੇ ਉਨ੍ਹਾਂ ਵਿਚ ਹਿੱਸਾ ਲੈ ਰਹੀਆਂ ਵਿਰੋਧੀ ਤਾਕਤਾਂ, ਖਾਸੇ, ਹਿੱਤਾਂ, ਮਿਆਦ ਅਤੇ ਘੋਲ ਦੇ ਢੰਗਾਂ ਵਿਚ ਬਹੁਤ ਹੀ ਪ੍ਰੀਵਰਤਨਸ਼ੀਲ ਹਨ। ਇਹ ਨਿਹਾਇਤ ਜਰੂਰੀ ਹੈ ਕਿ ਅਸੀਂ ਮੁੱਖ ਗੱਲਾਂ, ਅਸੂਲ ਦੇ ਮਸਲਿਆਂ, ਨੂੰ ਗ੍ਰਹਿਣ ਕਰੀਏ ਅਤੇ ਉਨ੍ਹਾਂ ਦਾ ਮਾਰਕਸਵਾਦੀ-ਲੈਨਿਨਵਾਦੀ ਨਿਰੀਖਣ ਕਰੀਏ, ਜੇਕਰ ਅਸੀਂ ਪਾਰਟੀ ਅਤੇ ਲੋਕਾਂ ਵਾਸਤੇ ਗੱਲਾਂ ਸਾਫ ਕਰਨੀਆਂ ਹਨ। ਨਹੀਂ ਤਾਂ ਸਹੀ ਅਤੇ ਲਾਹੇਵੰਦ ਨਿਚੋੜ ਕੱਢਣੇ ਮੁਸ਼ਕਲ ਹਨ।

ਸਾਡੀ ਪਾਰਟੀ ਦੀ ਇਹ ਰਾਇ ਹੈ ਕਿ ਅੱਜ ਦੁਨੀਆਂ ਦੀ ਹਾਲਤ ਬਹੁਤ ਹੀ ਤਬਾਹਕੁੰਨ ਹੈ, ਅਤੇ ਸਿੱਟੇ ਵਜੋਂ, ਸਬਰ, ਸੁਸਤੀ ਜਾਂ ਤਸੱਲੀ ਨਾਲ ਨਹੀਂ ਬੈਠਿਆ ਜਾ ਸਕਦਾ। ਇਸ ਵਾਸਤੇ, ਮੌਜੂਦਾ ਹਾਲਤਾਂ ਵਿਚ ਸਭ ਇਨਕਲਾਬੀ ਤਾਕਤਾਂ ਮੁਕਤੀ ਅਤੇ ਆਜ਼ਾਦੀ, ਦੇਸ਼ਾਂ ਵਿਚਕਾਰ ਅਮਨ ਅਤੇ ਸੁਰੱਖਿਆ ਲਈ ਲੜ ਰਹੀਆਂ ਸਭ ਕੌਮਾਂ ਅਤੇ ਲੋਕਾਂ ਵਾਸਤੇ, ਦੋ ਮਹਾਂ-ਸ਼ਕਤੀਆਂ ਦੀ ਸਾਮਰਾਜੀ ਬੁਰਜ਼ੂਆਜ਼ੀ ਦੀ ਨੀਤੀ ਅਤੇ ਸਰਗਰਮੀ ਦਾ ਨਿਰੀਖਣ ਅਤੇ ਜ਼ਾਇਜ਼ਾ ਲਾਉਣਾ ਅਤੇ ਉਨ੍ਹਾਂ ਵੱਲ ਇੱਕ ਦ੍ਰਿੜ ਜਮਾਤੀ ਸਟੈਂਡ ਰੱਖਣਾ, ਸਭ ਤੋਂ ਵੱਧ ਮਹੱਤਤਾ ਰੱਖਦਾ ਹੈ। ਇਸ ਬੁਨਿਆਦੀ ਮਸਲੇ ਉਤੇ ਅਸੂਲੀ ਸਟੈਂਡ ਹੀ, ਇੱਕ ਨਿੱਗਰ ਇਨਕਲਾਬੀ ਯੁੱਧ-ਨੀਤੀ ਅਤੇ ਦਾਅ-ਪੇਚ ਘੜਨ ਵਾਸਤੇ ਇੱਕ ਸਹੀ ਅਧਾਰ ਹੈ, ਅਤੇ ਇਹ ਅਗਾਂਹਵਧੂ ਤਾਕਤਾਂ ਦੀ ਪਰਖ ਅਤੇ ਉਨ੍ਹਾਂ ਨੂੰ ਪਿਛਾਂਹਖਿਚੂ ਤਾਕਤਾਂ ਨਾਲੋਂ ਵੱਖ

*ਵੀ. ਆਈ. ਲੈਨਿਨ, 'ਮੁਹਰਕ ਰਚਨਾਵਾਂ", ਜਿਲਦ 24, ਸਫਾ 219, (ਅਲਬਾਨੀਅਨ ਐਡੀਸ਼ਨ)

ਕਰਨ ਵਾਸਤੇ ਇੱਕ ਕਸੌਟੀ ਹੈ।

ਠੋਸ ਤੱਤ ਅਤੇ ਐਕਸ਼ਨ, ਪ੍ਰਤੱਖ ਸਚਾਈ, ਸਾਨੂੰ ਇਸ ਨਤੀਜੇ ਤੇ ਪਹੁੰਚਾਂਦੇ ਹਨ ਕਿ ਅੱਜ ਦੁਨੀਆਂ ਵਿਚ ਦੋ ਮਹਾਂ-ਸ਼ਕਤੀਆਂ, ਅਮਰੀਕਾ ਅਤੇ ਰੂਸ, ਸਭ ਤੋਂ ਵੱਡੀਆਂ ਅਤੇ ਖਤਰਨਾਕ ਧਾੜਵੀ ਸਾਮਰਾਜੀ ਸ਼ਕਤੀਆਂ ਹਨ। ਮਹਾਂ-ਸ਼ਕਤੀਆਂ ਇੱਕਠੀਆਂ ਜਾਂ ਵੱਖ ਵੱਖ, ਸਮਾਜਵਾਦ, ਅਤੇ ਦੇਸ਼ਾਂ ਦੀ ਅਜ਼ਾਦੀ ਅਤੇ ਖੁਦਮੁਖਤਾਰੀ ਦੀਆਂ ਮੁੱਖ ਦੁਸ਼ਮਣ ਹਨ, ਅਤਿੱਆਚਾਰੀ ਅਤੇ ਲੋਟੂ ਨਿਜ਼ਾਮਾਂ ਦੀਆਂ ਸਭ ਤੋਂ ਵੱਡੀਆਂ ਰੱਖਿਅਕ ਹਨ, ਅਤੇ ਮਨੁੱਖਤਾ ਨੂੰ ਇੱਕ ਤੀਜੀ ਸੰਸਾਰ ਜੰਗ ਵਿਚ ਧੱਕਣ ਵਾਸਤੇ ਇੱਕ ਸਿੱਧਾ ਖਤਰਾ ਹਨ।

ਦੁਨੀਆਂ ਨੂੰ ਅਮਰੀਕੀ ਸਾਮਰਾਜਵਾਦ ਦੀ ਧਾੜਵੀ ਅਤੇ ਪਸਾਰਵਾਦੀ ਨੀਤੀ ਤੋਂ ਖਤਰਾ ਰਿਹਾ ਹੈ ਅਤੇ ਅੱਜ ਵੀ ਹੈ। ਦੂਜੀ ਸੰਸਾਰ-ਜੰਗ ਤੋਂ ਬਾਅਦ ਦੇ ਸਾਰੇ ਸਮੇਂ ਵਿਚ, ਕਮਿਊਨਿਜ਼ਮ ਅਤੇ ਲੋਕਾਂ ਦੀ ਆਜ਼ਾਦੀ ਅਤੇ ਖੁਦਮੁਖਤਾਰੀ ਖਿਲਾਫ ਅਮਰੀਕੀ ਸਾਮਰਾਜਵਾਦ ਇੱਕ ਮੁਜ਼ਰਮਾਨਾ ਨੀਤੀ ਉਤੇ ਚੱਲਦਾ ਅਤੇ ਮੁਜ਼ਰਮਾਨਾ ਕਰਤੂਤਾਂ ਕਰਦਾ ਰਿਹਾ ਹੈ। ਇਹ ਅਮਰੀਕੀ ਸਾਮਰਾਜਵਾਦ ਹੀ ਸੀ ਜਿਸ ਨੇ ਕੋਰੀਆ ਵਿਚ ਅਤੇ ਵੀਤਨਾਮ ਵਿਚ ਜ਼ਾਂਗਲੀ ਹਮਲੇ ਕੀਤੇ ਅਤੇ ਉਥੇ ਅਜੇਹੇ ਜ਼ੁਲਮ ਕਮਾਏ ਜਿਨ੍ਹਾਂ ਦੀ ਕਿ ਮਨੁੱਖਤਾ ਦੇ ਇਤਿਹਾਸ ਵਿਚ ਕਿਤੇ ਵੀ ਮਿਸਾਲ ਨਹੀਂ ਮਿਲਦੀ। ਇਹ ਅਮਰੀਕੀ ਸਾਮਰਾਜਵਾਦ ਹੀ ਸੀ, ਜਿਸਨੇ ਡੋਮੀਨੀਕਨ ਇਨਕਲਾਬ ਉਤੇ ਸੱਟ ਮਾਰੀ, ਜਿਸਨੇ ਲਊਸ ਅਤੇ ਕੰਬੋਡੀਆ ਵਿਚ ਜੰਗ ਛੇੜੀ, ਜਿਸਨੇ ਮਧ-ਪੂਰਬ ਵਿਚ ਚੁਆਤੀ ਲਾਈ ਅਤੇ ਚਿੱਲੀ ਅਤੇ ਅਰਜਨਟਾਈਨਾਂ ਵਿਚ ਫਾਸ਼ੀ ਰਾਜ-ਪਲਟੇ ਜਥੇਬੰਦ ਕੀਤੇ।

ਆਪਣੇ ਸਾਮਰਾਜੀ ਸੁਭਾ ਅਨੁਸਾਰ, ਅਮਰੀਕੀ ਸਾਮਰਾਜਵਾਦ ਨੇ ਸਭ ਮਹਾਂਦੀਪਾਂ ਵਿਚ ਆਪਣੀਆਂ ਜੜ੍ਹਾਂ ਫੈਲਾ ਲਈਆਂ ਹਨ ਅਤੇ ਹਰ ਜਗ੍ਹਾ, ਅਤੇ ਹਰ ਢੰਗ ਨਾਲ, "ਮੱਦੱਦ", ਗੁਲਾਮੀ ਵਰਗੀਆਂ ਸ਼ਰਤਾਂ ਤੇ ਕਰਜ਼ਿਆਂ, ਵੱਖ ਵੱਖ ਸਮਝੌਤਿਆਂ ਅਤੇ ਸੰਧੀਆਂ ਰਾਹੀਂ, ਕਈ ਦੇਸ਼ਾਂ ਵਿਚ ਫੌਜੀ ਅੱਡੇ ਬਣਾਕੇ, ਦੂਸਰੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ-ਅੰਦਾਜ਼ੀ ਕਰਕੇ ਅਤੇ ਹਥਿਆਰਬੰਦ ਹਮਲੇ ਕਰਕੇ, ਆਪਣੀਆਂ ਪੁਜ਼ੀਸ਼ਨਾਂ ਮਜਬੂਤ ਕਰ ਰਿਹਾ ਹੈ। ਇਹ ਸੱਭ ਜ਼ਾਂਗਲੀ ਅਮਰੀਕੀ ਸਾਮਰਾਜਵਾਦ ਦੇ ਭੁੱਦੇ ਨਕਸ਼ ਹਨ।

ਖਰੁਸ਼ਚਵੀਆਂ ਵਲੋਂ ਇਸ ਨਾਲ ਬੇਗਿਣਤ ਸਮਝੌਤਿਆਂ ਅਤੇ ਇਸ ਨੂੰ ਦਿੱਤੀਆਂ ਬੇ-ਅਸੂਲੀ ਰਿਆਇਤਾਂ ਨੇ ਇਸ ਨੂੰ ਨਰਮ-ਸੁਭਾ ਜਾਂ ਭਲਾਮਾਣਸ

ਨਹੀਂ ਬਣਾਇਆ। ਇਹ ਅਜੇ ਵੀ ਲੋਟੂ ਪੂੰਜੀਵਾਦੀ ਨਿਜ਼ਾਮ ਦਾ ਸਿਆਸੀ ਅਤੇ ਆਰਥਿਕ ਅਧਾਰ, ਬਸਤੀਵਾਦ ਅਤੇ ਨਵ-ਬਸਤੀਵਾਦ ਦਾ ਰੱਖਿਅਕ, ਨਸਲਵਾਦ ਨੂੰ ਉਤਸ਼ਾਹਿਤ ਕਰਨ ਵਾਲਾ ਅਤੇ ਅੰਤਰਰਾਸ਼ਟਰੀ ਪਿਛਾਖੜ ਦਾ ਥੰਮ ਹੈ। ਸਾਡੀ ਪਾਰਟੀ ਨੇ ਹਮੇਸ਼ਾ ਹੀ ਇਸ ਵਿਚਾਰ ਨੂੰ ਉਚਾ ਰੱਖਿਆ ਹੈ ਕਿ ਅਮਰੀਕੀ ਸਾਮਰਾਜਵਾਦ ਧਾੜਵੀ ਹੈ ਅਤੇ ਆਪਣੇ ਅੰਤਿਮ ਦਮ ਤਕ ਧਾੜਵੀ ਰਹੇਗਾ।

ਇਨਕਲਾਬੀ ਅਤੇ ਮੁਕਤੀ ਘੋਲਾਂ ਦੇ ਸਿੱਟੇ ਵਜੋਂ, ਸਾਮਰਾਜਵਾਦ ਦੀ ਗਿਰਾਵਟ ਅਤੇ ਇਸਦੀਆਂ ਬੇਕਾਬੂ ਅੰਦਰੂਨੀ ਵਿਰੋਧਤਾਈਆਂ ਦੇ ਸਿੱਟੇ ਵਜੋਂ, ਦੁਨੀਆਂ ਦਾ ਸਾਮਰਾਜਵਾਦ ਬਹੁਤ ਪੁਜ਼ੀਸ਼ਨਾਂ ਗੁਆ ਚੁੱਕਾ ਹੈ। ਬਸਤੀਵਾਦੀ ਢਾਂਚੇ ਦਾ ਖੇਰੂੰ ਖੇਰੂੰ ਹੋਣਾ ਅਤੇ ਬਹੁਤ ਸਾਰੇ ਦੇਸ਼ਾਂ ਵਲੋਂ ਆਜ਼ਾਦੀ ਹਾਸਲ ਕਰਨਾ ਇਸ ਗੱਲ ਦੀ ਚੋਖੀ ਗਵਾਹੀ ਹੈ। ਭਵਿੱਖ ਵਿਚ ਵੀ ਸਾਮਰਾਜ ਹੋਰ ਵੀ ਵਧੇਰੇ ਪੁਜ਼ੀਸ਼ਨਾਂ ਗੁਆ-ਏਗਾ। ਪਰ ਇਸ ਦੇ ਨਾਲ ਨਾਲ ਸਾਮਰਾਜਵਾਦ, ਅਤੇ ਵਿਸ਼ੇਸ਼ ਤੌਰਤੇ ਅਮਰੀਕੀ ਸਾਮਰਾਜਵਾਦ, ਗੁਆਚੀਆਂ ਪੁਜ਼ੀਸ਼ਨਾਂ ਨੂੰ ਮੁੜ ਹਾਸਲ ਕਰਨ ਅਤੇ ਨਵੀਆਂ ਪੁਜ਼ੀਸ਼ਨਾਂ ਜਿੱਤਣ ਵਾਸਤੇ ਆਪਣੇ ਯਤਨਾਂ ਵਿਚ ਵਾਧਾ ਕਰੇਗਾ। ਇਹ ਸਾਮਰਾ-ਜਵਾਦ ਦੇ ਵਿਕਾਸ ਅਤੇ ਪਤਨ ਦਾ ਦਵੰਦਾਤਮ ਹਨ। ਇਸ ਕਰਕੇ, ਹੁਣ ਵੀ ਬੀਤੇ ਦੀ ਤਰ੍ਹਾਂ ਹੀ, ਸਾਮਰਾਜਵਾਦ, ਜਿਸਦਾ ਮੋਹਰੀ ਅਮਰੀਕੀ ਸਾਮਰਾਜਵਾਦ ਹੈ, ਦੀ ਨੀਤੀ ਦਾ ਪਰਦਾ ਫਾਸ਼ ਕਰਨ ਅਤੇ ਉਸਦੀਆਂ ਧਾੜਵੀ ਸਕੀਮਾਂ ਨੂੰ ਅਸਫਲ ਬਣਾਉਣ ਵਾਸਤੇ ਦ੍ਰਿੜ ਅਤੇ ਨਿਰੰਤਰ ਘੋਲ, ਆਜ਼ਾਦੀ ਅਤੇ ਸਮਾਜਵਾਦ ਦੀ ਰਾਖੀ, ਇਨਕਲਾਬ ਦੀ ਜਿੱਤ ਅਤੇ ਲੋਕਾਂ ਦੀ ਮੁਕਤੀ ਵਾਸਤੇ ਇੱਕ ਲਾਜ਼ਮੀ ਸ਼ਰਤ ਹੈ।

ਦੁਨੀਆਂ ਦੇ ਲੋਕ ਦੂਜੇ ਦੁਸ਼ਮਣ, ਰੂਸੀ ਸਮਾਜਿਕ-ਸਾਮਰਾਜਵਾਦ ਦੇ ਖਿਲਾਫ ਵੀ ਮਹਾਨ ਜੰਗ ਲੜ ਰਹੇ ਹਨ। ਰੂਸੀ ਸਮਾਜਿਕ-ਸਾਮਰਾਜਵਾਦ ਵੀ ਉਤਨਾ ਹੀ ਖਤਰਨਾਕ ਅਤੇ ਜਾਂਗਲੀ ਹੈ। ਰੂਸੀ ਸੋਧਵਾਦੀਆਂ ਦੀ ਨੀਤੀ ਇੱਕ ਨਮੂਨੇ ਦੀ ਧਾੜਵੀ ਬਸਤੀਵਾਦੀ ਅਤੇ ਨਵ-ਬਸਤੀਵਾਦੀ ਨੀਤੀ ਹੈ ਜੋ ਸਰਮਾਏ ਦੀ ਤਾਕਤ ਅਤੇ ਹਥਿਆਰਾਂ ਦੇ ਜ਼ੋਰ ਉਤੇ ਅਧਾਰਿਤ ਹੈ। ਅੱਜ ਰੂਸ ਵਲੋਂ ਮੱਧ-ਪੂਰਬ ਵਿਚ ਦਾਅ-ਪੇਚ ਵਾਲੀਆਂ ਪੁਜ਼ੀਸ਼ਨਾਂ ਉਤੇ ਕਬਜ਼ਾ ਕਰਨ ਦਾ ਘੋਲ, ਮੱਧ-ਸਾਗਰ, ਐਟਲਾਂਟਿਕ ਅਤੇ ਹਿੰਦ-ਸਾਗਰ ਵਿਚ ਇਸਦਾ ਪਸਾਰਾ, ਅਫਰੀਕਾ ਅਤੇ ਲਾਤੀਨੀ ਅਮਰੀਕਾ ਵਿਚ ਇਸਦੀ ਦਖਲ-ਅੰਦਾਜ਼ੀ, ਯੂਰਪ ਉਤੇ ਇਸਦਾ ਦਬਦਬਾ ਅਤੇ ਏਸ਼ੀਆ ਦੇ ਮਾਮਲਿਆਂ ਵਿਚ ਇਸਦੀ ਦਖਲ-ਅੰਦਾਜ਼ੀ, ਇਨ੍ਹਾਂ ਸਾਰੇ ਐਕਸ਼ਨਾਂ ਉਤੇ

ਇਸ ਨੀਤੀ ਦੀ ਮੋਹਰ ਹੈ। ਅਮਰੀਕੀ ਸਾਮਰਾਜਵਾਦੀਆਂ ਦੀ ਤਰ੍ਹਾਂ ਹੀ, ਰੂਸੀ ਸਮਾਜਿਕ-ਸਾਮਰਾਜਵਾਦੀਏ ਵੀ ਹਰ ਜਗ੍ਹਾ ਇਨਕਲਾਬ ਅਤੇ ਲੋਕਾਂ ਦੇ ਕੌਮੀ ਮੁਕਤੀ ਘੋਲਾਂ ਦੇ ਭਾਂਬੜਾਂ ਨੂੰ ਬੁਝਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ।

ਅਮਰੀਕੀ ਸਾਮਰਾਜਵਾਦ ਨਾਲ ਮੁਕਾਬਲੇ ਵਿਚ, ਰੂਸੀ ਸਮਾਜਿਕ ਸਾਮਰਾਜਵਾਦੀਏ, ਲੋਕਾਂ ਦੇ ਖਿਲਾਫ ਉਲਟ-ਇਨਕਲਾਬੀ ਸਕੀਮਾਂ ਅਤੇ ਸਾਜ਼ਸ਼ਾਂ ਘੜਦੇ ਹਨ, ਦੇਸ਼ਾਂ ਵਿਚਕਾਰ ਲੜਾਈਆਂ ਛੇੜਦੇ ਹਨ ਅਤੇ ਫੁੱਟ ਪਾਉਂਦੇ ਹਨ, ਜਿੱਥੇ ਵੀ ਹੋ ਸਕੇ ਆਪਣਾ ਕੰਟਰੋਲ ਅਤੇ ਚੌਧਰ ਜਮਾਉਣ ਦੀ ਕੋਸ਼ਿਸ਼ ਕਰਦੇ ਹਨ। ਸਾਡੀ ਪਾਰਟੀ ਨੇ ਹਮੇਸ਼ਾ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਅੱਜ ਦੇ ਰੂਸ ਵੱਲ ਸਟੈਂਡ ਵਿਚ ਕਿਸੇ ਵੀ ਭੁਲੇਖੇ ਜਾਂ ਜਕੋ-ਤਕੀ ਦੇ ਉਨ੍ਹਾਂ ਸਿਆਸੀ ਤਾਕਤਾਂ ਅਤੇ ਲਹਿਰਾਂ ਵਾਸਤੇ ਮਾਰੂ ਸਿੱਟੇ ਨਿਕਲਣਗੇ ਜਿਹੜੀਆਂ ਮਾਸਕੋ ਦੀਆਂ ਫੜ੍ਹਾਂ ਅਤੇ ਝੂਠਾਂ ਦਾ ਇਤਬਾਰ ਕਰਦੀਆਂ ਰਹਿਣਗੀਆਂ।

ਸਾਮਰਾਜਵਾਦ, ਸਮਾਜਿਕ ਸਾਮਰਾਜਵਾਦ, ਅਤੇ ਅੰਤਰਰਾਸ਼ਟਰੀ ਪੂੰਜੀਵਾਦ ਨੇ ਆਪਣੀ ਪਸਾਰੇ ਅਤੇ ਚੌਧਰ ਦੀ ਨੀਤੀ ਨੂੰ ਲਾਗੂ ਕਰਨ ਵਾਸਤੇ ਕਈ ਫੌਜੀ, ਸਿਆਸੀ, ਆਰਥਿਕ, ਸੱਭਿਆਚਾਰ ਅਤੇ ਹੋਰ ਗੱਠਜੋੜ ਅਤੇ ਸੰਸਥਾਵਾਂ ਸਥਾਪਿਤ ਕੀਤੀਆਂ ਹੋਈਆਂ ਹਨ ਜੋ ਅੱਜ ਲੋਕਾਂ ਉਤੇ ਚੌਧਰ ਵਾਸਤੇ ਉਨ੍ਹਾਂ ਦਾ ਮੁੱਖ ਹਥਿਆਰ ਅਤੇ ਸਾਧਨ ਹਨ। ਇਸਦੇ ਨਾਲ ਨਾਲ, ਉਨ੍ਹਾਂ ਨੇ ਕਈ ਸਿਧਾਂਤ, ਧਾਰਨਾਵਾਂ ਅਤੇ ਥੀਸਸ ਘੜੇ ਹਨ ਜਿਨ੍ਹਾਂ ਰਾਹੀਂ ਲੋਕਾਂ ਨੂੰ ਵਰਗਲਾਉਣ ਅਤੇ ਧਮਕਾਉਣ ਅਤੇ ਆਪਣੀ ਚੌਧਰ ਅਤੇ ਜ਼ੁਲਮਾਂ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਲੋਕਾਂ ਨੂੰ ਆਪਣੇ ਮਗਰ ਲਾਉਣ ਦੀ ਕੋਸ਼ਿਸ਼ ਕਰਦੇ ਹਨ। ਫੌਜੀ ਹਮਲੇ, ਆਰਥਿਕ ਪਸਾਰਾ, ਅਤੇ ਵਿਚਾਰਧਾਰਕ ਹਮਲੇ ਇਨ੍ਹਾਂ ਦੁਸ਼ਮਣਾਂ ਦੀ ਆਮ ਸੇਧ ਦਾ ਅਧਾਰ ਹਨ, ਜਿਨ੍ਹਾਂ ਦਾ ਮੁੱਖ ਨਿਸ਼ਾਨਾ ਸਮਾਜਵਾਦ ਨੂੰ ਤਬਾਹ ਕਰਨਾ, ਇਨਕਲਾਬ ਨੂੰ ਠੱਲਣਾਂ ਅਤੇ ਆਪਣੇ ਗੁਲਾਮੀ ਦੇ ਨਿਜ਼ਾਮ ਨੂੰ ਬਰਕਰਾਰ ਰੱਖਣਾ ਹੈ।

ਇਨ੍ਹਾਂ ਹਾਲਤਾਂ ਅਧੀਨ, ਇਨਕਲਾਬੀਆਂ ਅਤੇ ਲੋਕਾਂ ਦਾ ਕੰਮ ਹੈ ਕਿ ਉਹ ਦੁਸ਼ਮਣਾਂ ਦੇ ਇਸ ਆਮ ਅਤੇ ਸਰਬ-ਪੱਖੀ ਹਮਲੇ ਦੇ ਖਿਲਾਫ ਸਭ ਮੁਹਾਜ਼ਾਂ ਉਤੇ ਅਤੇ ਸਭ ਦਿਸ਼ਾਵਾਂ ਵਿਚ ਇੱਕ-ਮੁੱਠ ਅਤੇ ਦ੍ਰਿੜ ਘੋਲ ਚਲਾਉਣ, ਇਨ੍ਹਾਂ ਦੁਸ਼ਮਣਾਂ ਦੇ ਹਥਿਆਰਾਂ ਅਤੇ ਅਧਾਰਾਂ ਨੂੰ ਨੰਗੇ ਕਰਨ ਅਤੇ ਤਬਾਹ ਕਰਨ, ਚਾਹੇ ਇਹ ਹਥਿਆਰ ਅਤੇ ਅਧਾਰ ਸਿਆਸੀ ਜਾਂ ਆਰਥਿਕ, ਹੋਣ, ਚਾਹੇ ਫੌਜੀ ਜਾਂ ਵਿਚਾਰਧਾ-

ਰਕ ਹੋਣ।

ਹੁਣ ਵੀ, ਬੀਤੇ ਦੀ ਤਰ੍ਹਾਂ ਹੀ, ਇਨ੍ਹਾਂ ਦੀ ਚੌਧਰਵਾਦੀ ਅਤੇ ਪਸਾਰਵਾਦੀ ਨੀਤੀ ਦੇ ਮੁੱਖ ਥੰਮ, ਇਨ੍ਹਾਂ ਦੇ ਸਾਮਰਾਜੀ ਨਿਜ਼ਾਮ ਦੀ ਰਾਖੀ ਕਰਨ ਵਾਲੀਆਂ ਮੁੱਖ ਢਾਲਾਂ, ਇਨ੍ਹਾਂ ਦੀ ਟੱਕਰ ਅਤੇ ਜੰਗੀ ਤਿਆਰੀਆਂ ਦੇ ਬੁਨਿਆਦੀ ਹਥਿਆਰ, ਪੂੰਜੀਵਾਦੀ ਅਤੇ ਸੋਧਵਾਦੀ ਦੇਸ਼ਾਂ ਦੇ ਸਿਆਸੀ ਅਤੇ ਫੌਜੀ ਗਠਜੋੜ, ਜਾਣੀ ਕਿ ਨਾਟੋ ਅਤੇ ਵਾਰਸਾ ਸੰਧੀ, ਅਤੇ ਬਦੇਸ਼ਾਂ ਵਿਚ ਉਨ੍ਹਾਂ ਦੇ ਅੱਡੇ ਅਤੇ ਫੌਜਾਂ ਹੀ ਹਨ।

ਨਾਟੋ ਅਤੇ ਵਾਰਸਾ ਸੰਧੀ, ਅਤੇ ਇਨ੍ਹਾਂ ਦੇ ਮੈਂਬਰ ਦੇਸ਼ਾਂ ਦੀਆਂ ਬੁਰਜ਼ੂਆ ਅਤੇ ਸੋਧਵਾਦੀ ਫੌਜਾਂ, ਪੂੰਜੀਵਾਦੀ ਅਤੇ ਸੋਧਵਾਦੀ ਨਿਜ਼ਾਮਾਂ ਦੀਆਂ ਮੁੱਖ ਰੱਖਿਅਕ ਹਨ, ਅਤੇ ਇਨਕਲਾਬ ਅਤੇ ਸਮਾਜਵਾਦ, ਅਤੇ ਲੋਕਾਂ ਦੀ ਅਜ਼ਾਦੀ ਅਤੇ ਖੁਦਮੁਖਤਾਰੀ ਉਤੇ ਹਮਲਾ ਕਰਨ ਵਾਲੀ ਇੱਕ ਵੱਡੀ ਹਥਿਆਰਬੰਦ ਤਾਕਤ ਹਨ। ਇਹ ਫੌਜੀ ਧੜੇ ਅੰਦਰੂਨੀ ਪਿਛਾਂਹਖਿਚੂ, ਗਦਾਰ ਤਾਕਤਾਂ ਦੇ ਮੁੱਖ ਥੰਮ ਹਨ ਜਿਹੜੀਆਂ ਕਿ ਆਪਣੇ ਦੇਸ਼ਾਂ ਨੂੰ ਬਦੇਸ਼ੀਆਂ ਕੋਲ ਵੇਚ ਰਹੀਆਂ ਹਨ ਅਤੇ ਗੁਲਾਮ ਬਣਾ ਰਹੀਆਂ ਹਨ, ਅਤੇ ਉਨ੍ਹਾਂ ਦੀ ਕੌਮੀ ਖੁਦਮੁਖਤਾਰੀ ਨੂੰ ਖਤਮ ਕਰ ਰਹੀਆਂ ਹਨ, ਨਾਟੋ ਤੇ ਵਾਰਸਾ ਸੰਧੀ ਜੰਗੀ ਤਿਆਰੀਆਂ ਅਤੇ ਜੰਗ ਸ਼ੁਰੂ ਕਰਨ ਦਾ ਮੁੱਖ ਹੱਥ-ਠੋਕਾ ਹਨ।

ਕੌਮੀਕੌਨ ਅਤੇ ਯੂਰਪੀਨ ਕਾਮਨ ਮਾਰਕੀਟ ਵੀ ਏਸੇ ਧਾੜਵੀਂ, ਜ਼ਾਲਮ ਅਤੇ ਲੋਟੂ ਨੀਤੀ ਦੀ ਸੇਵਾ ਲਈ ਹੀ ਕਾਇਮ ਕੀਤੀਆਂ ਗਈਆਂ ਹਨ। ਕੌਮੀਕੌਨ, ਜੋ ਇਸਦੇ ਮੈਂਬਰ ਦੇਸ਼ਾਂ ਦੀ ਗੁਲਾਮੀ ਵਾਸਤੇ ਇੱਕ ਰੂਸੀ ਸੋਧਵਾਦੀਆਂ ਦੀ ਜਥੇਬੰਦੀ ਹੈ, ਇਸਦੇ ਰਾਹੀਂ ਰੂਸ ਆਪਣੇ ਕਠਪੁਤਲੀ ਦੇਸ਼ਾਂ ਵਿਚ ਆਪਣੀ ਨਵ-ਬਸਤੀਵਾਦੀ ਨੀਤੀ ਚਲਾਉਂਦਾ ਹੈ, ਉਨ੍ਹਾਂ ਦੀ ਦੌਲਤ ਲੁੱਟਦਾ ਹੈ ਅਤੇ ਆਰਥਕ ਤੌਰ ਤੇ ਉਨ੍ਹਾਂ ਨੂੰ ਰੂਸੀ ਰਾਜ ਵਿਚ ਮਿਲਾਉਂਦਾ ਹੈ। ਰੂਸ ਨੇ ਆਪਣੇ ਮਿੱਤਰਾਂ ਨੂੰ ਆਰਥਿਕ ਤੌਰ ਤੇ ਕੰਗਾਲ ਕਰ ਦਿੱਤਾ ਹੈ, ਅਤੇ ਉਨ੍ਹਾਂ ਦੇ ਹੱਥ-ਪੈਰ ਨੂੜ ਦਿੱਤੇ ਹਨ। ਉਨ੍ਹਾਂ ਉਤੇ ਮਨ-ਮਰਜ਼ੀ ਦੀਆਂ ਕੀਮਤਾਂ ਠੋਸਦਾ ਹੈ, ਆਪਣੇ ਹਿੱਤਾਂ ਅਨੁਸਾਰ ਉਨ੍ਹਾਂ ਦੀ ਆਰਥਿਕਤਾ ਉਤੇ ਕੰਟਰੋਲ ਕਰਦਾ ਹੈ, ਉਨ੍ਹਾਂ ਨੂੰ ਸਿਰਫ ਓਤਨਾ ਹੀ ਕੱਚਾ-ਮਾਲ ਦਿੰਦਾ ਹੈ ਜਿਸ ਨਾਲ ਉਨ੍ਹਾਂ ਦੀ ਸਨੱਅਤ ਚੱਲਦੀ ਰਹੇ। ਰੂਸ ਵਲੋਂ ਆਪਣੀਆਂ ਕਠਪੁਤਲੀਆਂ ਨੂੰ ਦਿੱਤੇ ਕਰਜ਼ੇ ਉਨ੍ਹਾਂ ਨੂੰ ਰੂਸ ਦੇ ਗੁਲਾਮ ਕਰ ਦਿੰਦੇ ਹਨ।

ਕੌਮੀਕੌਨ ਦੀ ਤਰ੍ਹਾਂ, ਯੂਰਪੀਨ ਕਾਮਨ ਮਾਰਕੀਟ ਵੀ ਇੱਕ ਹੋਰ ਅਜੇਹੀ ਹੀ ਪਿਛਾਂਹਖਿਚੂ ਜਥੇਬੰਦੀ ਹੈ। ਇਹ ਸਰਮਾਏਦਾਰ ਅਜਾਰਿਆਂ ਅਤੇ ਟਰੱਸਟਾਂ ਦੀ

ਇੱਕ ਵਿਸ਼ਾਲ ਯੂਨੀਅਨ ਹੈ ਜਿਸਦਾ ਮੁੱਖ ਮਕਸਦ ਯੂਰਪ ਵਿਚ ਪ੍ਰੋਲਤਾਰੀ ਅਤੇ ਮੇਹਨਤਕਸ਼ ਲੋਕਾਂ ਅਤੇ ਦੁਨੀਆਂ ਦੇ ਹੋਰ ਲੋਕਾਂ ਨੂੰ ਵੱਧ ਤੋਂ ਵੱਧ ਲੁੱਟਣਾ, ਹੈ।

ਇਸਦੀ ਸਥਾਪਨਾ ਤੋਂ ਲੈਕੇ ਹੀ, ਵੱਡੇ ਟਰੱਸਟਾਂ ਅਦਾਰਿਆਂ ਵਲੋਂ ਵਹਿਸ਼ੀ ਲੁੱਟ ਵਾਸਤੇ ਢੰਗ ਅਤੇ ਸਾਧਨ ਲੱਭਣੇ ਅਤੇ ਪੂੰਜੀਵਾਦ ਨੂੰ ਸੰਕਟ ਅਤੇ ਗੜਬੜਾਂ ਤੋਂ ਬਚਾਉਣਾ, ਯੂਰਪੀਨ ਕਾਮਨ ਮਾਰਕੀਟ ਦਾ ਮੁੱਖ ਨਿਸ਼ਾਨਾ ਰਿਹਾ ਹੈ। ਅੰਤਰਰਾਸ਼ਟਰੀ ਅਖਾੜੇ ਵਿਚ, ਕਾਮਨ ਮਾਰਕੀਟ ਇੱਕ ਅਜੇਹੀ ਵੱਡੀ ਨਵ- ਬਸਤੀ-ਵਾਦੀ ਤਾਕਤ ਹੈ, ਜੋ ਨਾ ਸਿਰਫ ਵਿਕਸਤ ਹੋ ਰਹੇ ਦੇਸ਼ਾਂ ਨੂੰ ਲੁੱਟਣ ਵਾਸਤੇ ਦੋ ਮਹਾਂ-ਸ਼ਕਤੀਆਂ ਨਾਲ ਮੁਕਾਬਲਾ ਹੀ ਕਰਦੀ ਹੈ, ਬਲਕਿ ਇਨ੍ਹਾਂ ਦੇਸ਼ਾਂ ਵਿਚ ਪੁਰਾਣੀਆਂ ਬਸਤੀਵਾਦੀ ਤਾਕਤਾਂ ਵਾਸਤੇ ਪੁਰਾਣੀਆਂ ਰਿਆਇਤਾਂ ਨੂੰ ਮੁੜ ਹਾਸਲ ਕਰਨ ਅਤੇ ਬਰਕਰਾਰ ਰੱਖਣ ਵਾਸਤੇ ਵੀ ਹੱਥ-ਪੈਰ ਮਾਰਦੀ ਹੈ।

ਭਾਵੇਂ ਅਮਰੀਕਾ ਰਸਮੀ ਤੌਰ ਤੇ ਕਾਮਨ ਮਾਰਕੀਟ ਤੋਂ ਬਾਹਰ ਹੈ, ਪਰ ਹਰ ਮੈਂਬਰ ਦੇਸ਼ ਦੇ ਸਰਮਾਏ ਉਤੇ ਅਮਰੀਕੀ ਸਰਮਾਏ ਦੀ ਜਕੜ ਰਾਹੀਂ, ਅਮਰੀਕਾ ਅਸਿੱਧੇ ਤੌਰ ਤੇ, ਇਸ ਵਿਚ ਤਕੜਾ ਰੋਲ ਅਦਾ ਕਰਦਾ ਹੈ। ਸਮਾਜਿਕ-ਸਾਮਰਾਜ-ਵਾਦੀ ਧੜੇ ਦੇ ਖਿਲਾਫ ਕਾਮਨ ਮਾਰਕੀਟ ਅਮਰੀਕਾ ਦੀ ਤਾਕਤਵਰ ਹਮਾਇਤੀ ਹੈ। ਸੋਧਵਾਦੀ ਰੂਸ ਨਾਲ ਟੱਕਰ ਅਤੇ ਮੁਕਾਬਲੇ ਵਿਚ, ਨਾਟੋ ਅਤੇ ਕਾਮਨ ਮਾਰਕੀਟ ਅਮਰੀਕੀ ਸਾਮਰਾਜਵਾਦ ਦਾ ਇੱਕ ਜਥੇਬੰਦ ਅਧਾਰ ਤੇ ਹਮੈਤ ਹਨ।

ਪਾਰਟੀ ਆਫ ਲੇਬਰ ਆਫ ਅਲਬਾਨੀਆਂ, ਅਲਬਾਨੀਅਨ ਸਟੇਟ ਅਤੇ ਲੋਕ, ਨਾਟੋ ਅਤੇ ਵਾਰਸਾ ਸੰਧੀ ਦੀ ਮੁਖਾਲਫਿਤ ਕਰਦੇ ਹਨ, ਕੌਮੀਕੋਨ ਅਤੇ ਕਾਮਨ ਮਾਰਕੀਟ ਦੀ ਮੁਖਾਲਫਿਤ ਕਰਦੇ ਹਨ, ਕਿਉਂਕਿ ਇਹ ਜਥੇਬੰਦੀਆਂ ਦੋ ਮਹਾਂ-ਸ਼ਕਤੀਆਂ ਦੀ ਪਸਾਰਵਾਦੀ ਨੀਤੀ ਦੇ ਮੁੱਖ ਹੱਥ-ਠੋਕੇ ਹਨ, ਕਿਉਂਕਿ ਇਹ ਯੂਰਪ ਦੇ ਲੋਕਾਂ ਅਤੇ ਵਿਕਸਤ ਹੋ ਰਹੇ ਦੇਸ਼ਾਂ ਦੇ ਲੋਕਾਂ ਨੂੰ ਦਬਾਉਂਦੀਆਂ, ਲੁੱਟਦੀਆਂ ਅਤੇ ਕੰਗਾਲ ਬਣਾਉਂਦੀਆਂ ਹਨ, ਇਨਕਲਾਬ ਅਤੇ ਲੋਕਾਂ ਦੀ ਮੁਕਤੀ ਨੂੰ ਕਮਜ਼ੋਰ ਕਰਦੀਆਂ ਹਨ, ਅਤੇ ਗੁਲਾਮੀ ਦਾ ਹੱਥ-ਠੋਕਾ ਹਨ।

ਰੂਸ ਐਲਾਨ ਕਰਦਾ ਹੈ ਕਿ ਇੱਕ "ਆਜ਼ਾਦ ਅਤੇ ਬਰਾਬਰ ਸਮਾਜਵਾਦੀ ਦੇਸ਼ਾਂ ਦਾ ਭਾਈਚਾਰਾ" ਕਾਇਮ ਹੋ ਗਿਆ ਹੈ, ਪਰ ਇਸ "ਗਠਜੋੜ" ਵਿਚ ਰੂਸ ਦੀ ਲਾਠੀ ਦਾ ਰਾਜ ਹੈ। ਇਸ ਵਿਚ ਕੁੱਝ ਵੀ ਸਮਾਜਵਾਦੀ ਨਹੀਂ ਹੈ, ਇਹ ਮਾਰਕਸਵਾਦ-ਵਿਰੋਧੀ ਹੈ ਅਤੇ ਲੋਕਾਂ ਨੂੰ ਸਮਾਜਿਕ ਸਾਮਰਾਜਵਾਦ ਦੇ ਜੂਲੇ ਹੇਠ ਰੱਖਣ ਵਾਸਤੇ ਇੱਕ ਸ਼ਰੇਆਮ ਢੌਂਗ ਹੈ।

ਪੱਛਮੀ ਯੂਰਪ ਦੇ ਅਜਾਰੇਦਾਰ, ਬੁਰਜ਼ੂਆ ਅਤੇ ਸੋਧਵਾਦੀ ਦੋਨੋਂ ਹੀ, ਅਖੌਤੀ ਯੂਨਾਈਟਿਡ ਯੂਰਪ ਦੀ ਸਥਾਪਨਾ ਬਾਰੇ ਬੜੀਆਂ ਗੱਲਾਂ ਕਰਦੇ ਹਨ। ਅੱਜੇ ਤਕ ਇੱਕ "ਯੂਰਪੀਨ ਕਮਿਸ਼ਨ" ਜਿਹਾ ਸਥਾਪਿਤ ਕੀਤਾ ਗਿਆ ਹੈ, ਜਿਸ ਦੀ ਇੱਕ "ਪਾਰਲੀਮੈਂਟ" ਅਤੇ ਇੱਕ "ਸਾਂਝੀ ਸਰਕਾਰ" ਹੈ, ਅਤੇ ਕੁੱਝ ਰਸਮੀ ਕਾਨੂੰਨ ਹਨ, ਜਿਸ ਨੇ ਯੂਰਪੀਨ ਦੇਸ਼ਾਂ ਨੂੰ ਇੱਕ ਸਟੇਟ ਵਿਚ ਇੱਕਠੇ ਕਰਨਾ ਹੈ। ਯੂਰਪ ਦੇ ਇਸ ਹਿੱਸੇ ਵਾਸਤੇ ਵਹਿਸ਼ੀ ਤੌਰ ਤੇ ਰਖਿਆ ਰਬੰਦ. ਇੱਕ ਸਾਂਝੀ ਫੌਜ, ਅਤੇ ਕਥਿਤ ਤੌਰ ਤੇ ਦੋ ਮਹਾਂ-ਸ਼ਕਤੀਆਂ ਦਾ ਮੁਕਾਬਲਾ ਕਰਨ ਵਾਸਤੇ ਇੱਕ"ਤਾਕਤਵਰ" ਪੂੰਜੀਵਾਦੀ ਆਰਥਿਕਤਾ ਸਥਾਪਿਤ ਕਰਨ ਦੀਆਂ ਸਕੀਮਾਂ ਉਕਰੀਆਂ ਜਾ ਰਹੀਆਂ ਹਨ। ਦਰਅਸਲ, ਯੂਨਾਈਟਿਡ ਸਟੇਟਸ ਆਫ ਯੂਰਪ ਦੀ ਸਥਾਪਨਾ ਦਾ ਮਕਸਦ ਹੈ ਵੱਖ ਵੱਖ ਯੂਰਪੀਨ ਦੇਸ਼ਾਂ ਦੀ ਕੌਮੀਅਤ ਦੇ ਸੰਕਲਪ ਨੂੰ ਖਤਮ ਕਰਨਾ, ਉਨ੍ਹਾਂ ਦੇ ਸੱਭਿਆਚਾਰ ਅਤੇ ਰਵਾਇਤਾਂ ਨੂੰ ਤਬਾਹ ਕਰਨਾ, ਦੂਜੇ ਲਫਜ਼ਾਂ ਵਿਚ, ਇਸ ਮਹਾਂਦੀਪ ਦੀ ਪਿਛਾਂਹਖਿਚੂ ਬੁਰਜ਼ੂਆਜ਼ੀ ਦੀ ਮੈਨੇਜ਼ਮੈਂਟ ਹੇਠ ਪੱਛਮੀ ਯੂਰਪ ਦੇ ਲੋਕਾਂ ਅਤੇ ਦੇਸ਼ਾਂ ਦੀ ਸ਼ਖਸ਼ੀਅਤ ਨੂੰ ਖਤਮ ਕਰਨਾ ਇਸਦਾ ਮਕਸਦ ਹੈ।

ਇਸ"ਯੂਨਾਈਟਿਡ ਯੂਰਪ" , ਅਤੇ ਇਸਦੇ ਪਿਛਾਂਹਖਿਚੂ ਖਾਸੇ ਨੂੰ ਲੈਨਿਨ ਨੇ 1915 ਵਿਚ ਹੀ ਨੰਗਾ ਅਤੇ ਨਖਿਧ ਕੀਤਾ ਸੀ, ਜਦੋਂ ਉਸਨੇ ਲਿਖਿਆ :

> "ਸਾਮਰਾਜਵਾਦ ਦੀਆਂ ਆਰਥਿਕ ਹਾਲਤਾਂ — ਜਾਣੀ ਕਿ, ਪੂੰਜੀ ਦੀ ਬਰਾਮਦ ਅਤੇ "ਵਿਕਸਤ" ਅਤੇ "ਸੱਭਿਅਤ" ਬਸਤੀਵਾਦੀ ਤਾਕਤਾਂ ਵਲੋਂ ਦੁਨੀਆਂ ਦੀ ਵੰਡ— ਦੇ ਨਜ਼ਰੀਏ ਤੋਂ ਪੂੰਜੀਵਾਦ ਦੇ ਅਧੀਨ ਇੱਕ ਯੂਨਾਈਟਿਡ ਸਟੇਟਸ ਆਫ ਯੂਰਪ, ਜਾਂ ਤਾਂ ਅਸੰਭਵ ਹੈ ਅਤੇ ਜਾਂ ਪਿਛਾਂਹਖਿਚੂ।" ਅਤੇ ਹੋਰ: "ਇਹ ਠੀਕ ਹੈ ਕਿ, ਸਰਮਾਏਦਾਰਾਂ ਵਿਚਕਾਰ ਅਤੇ ਦੇਸ਼ਾਂ ਵਿਚਕਾਰ ਵਕਤੀ ਸਮਝੌਤੇ ਸੰਭਵ ਹਨ। ਇਸ ਪੱਖ ਤੋਂ ਯੂਰਪੀਨ ਸਰਮਾਏਦਾਰਾਂ ਵਿਚਕਾਰ ਇੱਕ ਸਮਝੌਤੇ ਦੇ ਤੌਰ ਤੇ ਇੱਕ ਯੂਨਾਈਟਿਡ ਸਟੇਟਸ ਆਫ ਯੂਰਪ ਸੰਭਵ ਹੈ।... ਪਰ ਕਾਹਦੇ ਵਾਸਤੇ? ਸਿਰਫ ਇੱਕਠੇ ਹੋਕੇ ਯੂਰਪ ਵਿਚ ਸਮਾਜਵਾਦ ਨੂੰ ਦਬਾਉਣ ਦੇ ਮਕਸਦ ਵਾਸਦੇ।"*

ਸੰਸਾਰ ਪੂੰਜੀਵਾਦ, ਜੋ ਬਿਨ ਪਛਤਾਵੇ ਸੰਕਟ ਅਤੇ ਪਤਨ ਵੱਲ ਜਾ ਰਿਹਾ ਹੈ,ਜਿਵੇਂ ਕਿ ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਨੇ ਬਹੁਤ ਹੀ ਸਮਝਦਾਰੀ ਨਾਲ

*ਵੀ. ਆਈ. ਲੈਨਿਨ, "ਸਮੂਹਕ ਰਚਨਾਵਾਂ", ਜਿਲਦ 21, ਸਫਾ 370-372, (ਅਲਬਾਨੀਅਨ ਐਡੀਸ਼ਨ)

ਕਿਹਾ ਸੀ, ਹੁਣ ਢਹਿ-ਢੇਰੀ ਹੋ ਰਹੇ ਸਾਮਰਾਜਵਾਦ ਦੇ ਪੜਾਅ ਵਿਚ ਪਹੁੰਚ ਗਿਆ ਹੈ। ਜਿਊਂਦੇ ਰਹਿਣ ਵਾਸਤੇ, ਇਸ ਨੇ ਨਾ ਸਿਰਫ ਕੌਮੀ ਪੱਧਰ ਤੇ ਹੀ ਬਲਕਿ ਅੰਤਰਰਾਸ਼ਟਰੀ ਪੱਧਰ ਤੇ ਵੀ ਲੋਕਾਂ ਦੀ ਲੁੱਟ ਵਾਸਤੇ ਨਵੇਂ ਢੰਗ ਘੜੇ ਹਨ, ਆਪਣਾ ਲੁੱਟ ਦਾ ਆਖਰੀ ਅਤੇ ਸਭ ਤੋਂ ਗੁੰਝਲਦਾਰ ਸਾਧਨ, ਨਵ-ਬਸਤੀਵਾਦ, ਲੱਭਿਆ ਹੈ, ਵਿੱਤੀ ਰਿਸ਼ਤੇ ਅਤੇ ਆਰਥਿਕ ਅਤੇ ਫੌਜੀ ਗੱਠਜੋੜ ਕਾਇਮ ਕੀਤੇ ਹਨ ਜਿਨ੍ਹਾਂ ਰਾਹੀਂ ਇਹ ਅਖੌਤੀ "ਦੂਜੀ ਦੁਨੀਆਂ", "ਤੀਜੀ ਦੁਨੀਆਂ", "ਨਿਰ-ਪੱਖ ਦੁਨੀਆਂ" ਦੇ ਬਹੁਤ ਸਾਰੇ ਦੇਸ਼ਾਂ, ਜਾਂ "ਵਿਕਸਤ ਹੋ ਰਹੇ ਦੇਸ਼ਾਂ" ਨੂੰ ਪੂਰਨ ਤੌਰ ਤੇ ਜਾਂ ਅੰਸ਼ਿਕ ਤੌਰ ਤੇ ਆਪਣੇ ਉਤੇ ਨਿਰਭਰ ਕਰਨਾ ਚਾਹੁੰਦਾ ਹੈ। ਇਹ ਸਾਰੇ ਨਾਂਓਂ ("ਦੂਜੀ ਦੁਨੀਆਂ","ਤੀਜੀ ਦੁਨੀਆਂ", "ਨਿਰਪੱਖ ਦੁਨੀਆਂ" ਆਦਿ), ਜੋ ਅੱਜ ਦੁਨੀਆਂ ਵਿਚ ਸਰਗਰਮ ਵੱਖ ਵੱਖ ਸਿਆਸੀ ਤਾਕਤਾਂ ਦਾ ਜ਼ਿਕਰ ਕਰਦੇ ਹਨ, ਇਹ ਇਨ੍ਹਾਂ ਸਿਆਸੀ ਤਾਕਤਾਂ ਦੇ ਜਮਾਤੀ ਸੁਭਾ, ਵਰਤਮਾਨ ਦੌਰ ਦੀਆਂ ਬੁਨਿਆਦੀ ਵਿਰੋਧਤਾਈਆਂ, ਮੁੱਖ ਮਸਲਾ ਜੋ ਅੱਜ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਭਾਰੂ ਹੈ, ਇੱਕ ਪਾਸੇ ਬੁਰਜ਼ੁਆ-ਸਾਮਰਾਜੀ ਦੁਨੀਆਂ, ਅਤੇ ਦੂਸੇ ਪਾਸੇ ਸਮਾਜ-ਵਾਦ, ਸੰਸਾਰ ਪ੍ਰੋਲੇਤਾਰੀ ਅਤੇ ਇਸਦੇ ਕੁਦਰਤੀ ਮਿੱਤਰਾਂ, ਵਿਚਕਾਰ ਚੱਲ ਰਹੇ ਵਹਿਸ਼ੀ ਘੋਲ, ਨੂੰ ਸਾਹਮਣੇ ਨਹੀਂ ਲਿਆਉਂਦੇ, ਬਲਕਿ ਛੁਪਾਉਂਦੇ ਹਨ।

ਇਹ ਨਾਂਓ ਅਤੇ ਵੰਡਾਂ ਵੱਧ ਤੋਂ ਵੱਧ, ਦੁਨੀਆਂ ਦੇ ਵੱਖ ਵੱਖ ਦੇਸ਼ਾਂ ਅਤੇ ਇਲਾ-ਕਿਆਂ ਉਤੇ ਸੰਸਾਰ ਪੂੰਜੀ ਦੇ, ਕੌਮੀ ਅਤੇ ਕੌਮਾਂਤਰੀ, ਅਸਰ-ਰਸੂਖ ਦੀ ਹੱਦ ਨੂੰ ਹੀ ਦਰਸਾ ਸਕਦੇ ਹਨ। ਇਹ ਸਾਮਰਾਜਵਾਦ ਅਤੇ ਸਮਾਜਿਕ ਸਾਮਰਾਜਵਾਦ ਦੀ ਹਮਾਇਤ ਦੇ ਵੱਧ ਤਾਕਤਵਰ ਜਾਂ ਘੱਟ ਤਾਕਤਵਰ ਟਿਕਾਣਿਆਂ ਨੂੰ ਵੀ ਦਰਸਾ ਸਕਦੇ ਹਨ, ਅਤੇ ਮਹਾਂ-ਸ਼ਕਤੀਆਂ ਤੋਂ ਆਜ਼ਾਦ ਅਤੇ ਖੁਦਮੁਖਤਾਰ ਰਹਿਣ ਦੀਆਂ ਲੋਕਾਂ ਦੀਆਂ ਖਾਹਿਸ਼ਾਂ ਦਾ ਵੀ ਮਾੜਾ-ਮੋਟਾ ਦਰਸਾਵਾ ਕਰ ਸਕਦੇ ਹਨ। ਪਰ, ਮਸਲੇ ਨੂੰ ਜਮਾਤੀ ਕਸੌਟੀ ਦੇ ਨਜ਼ਰੀਏ ਤੋਂ ਦੇਖਿਆ ਜਾਏ ਤਾਂ, ਕੁੱਝ ਕੁ ਨੂੰ ਛੱਡਕੇ, ਇਨ੍ਹਾਂ ਸਭ ਦੇਸ਼ਾਂ ਵਿਚ ਵਿਰੋਧੀ ਜਮਾਤਾਂ ਅਤੇ ਬੰਦੇ ਹੱਥੋਂ ਬੰਦੇ ਦੀ ਲੁੱਟ ਦੀ ਹੋਂਦ ਹੈ, ਅਤੇ ਇਨ੍ਹਾਂ ਦੇਸ਼ਾਂ ਵਿਚ ਪ੍ਰੋਲੇਤਾਰੀ ਅਤੇ ਮੇਹਨਤਕਸ਼ ਲੋਕਾਂ ਉਤੇ ਇੱਕ ਜਾਂ ਦੂਜੀ ਕਿਸਮ ਦਾ ਬੁਰਜ਼ੂਆਜ਼ੀ ਦਾ ਰਾਜ ਹੈ। ਮਾਰਕਸਵਾਦ-ਲੈਨਿਨਵਾਦ ਸਾਨੂੰ ਸਿਖਾ-ਉਂਦਾ ਹੈ ਕਿ ਸਾਡੇ ਦੌਰ ਵਿਚ, ਦੇਸ਼ਾਂ ਵਿਚ ਮੌਜੂਦ ਸਮਾਜਿਕ ਨਿਜ਼ਾਮਾਂ ਦੇ ਅਧਾਰ ਉਤੇ, ਉਹ ਬੁਰਜ਼ੁਆ-ਪੂੰਜੀਵਾਦੀ ਦੇਸ਼ਾਂ ਅਤੇ ਸਮਾਜਵਾਦੀ ਦੇਸ਼ਾਂ ਵਿਚਕਾਰ ਵੰਡੇ ਹੋਏ ਹਨ। ਗੈਰ-ਪੂੰਜੀਵਾਦੀ ਵਿਕਾਸ ਦੇ ਅਖੌਤੀ ਵਿਚਕਾਰਲੇ ਪੜਾਅ

ਬਾਰੇ ਸਿਧਾਂਤਾਂ, ਜਿਨ੍ਹਾਂ ਨੂੰ ਖਰੁਸ਼ਚਵੀ ਸੋਧਵਾਦੀਏ ਪੂਰਾ ਜ਼ੋਰ ਲਾਕੇ ਪ੍ਰਚਾਰਦੇ ਹਨ, ਦਾ ਮਕਸਦ ਹੈ ਬਹੁਤ ਸਾਰੇ ਦੇਸ਼ਾਂ ਵਿਚ ਮੌਜੂਦ ਅਸਲੀ ਸਮਾਜਵਾਦੀ ਭਾਵਨਾਵਾਂ ਨੂੰ ਖਤਮ ਕਰਨਾ, ਵਿਚਾਰਧਾਰਕ ਭੁਲੇਖੇ ਖੜੇ ਕਰਨਾ, ਅਤੇ ਅਗਾਂਹਵਧੂ ਤਾਕਤਾਂ ਦੇ ਘੋਲ ਨੂੰ ਢਾਹ ਲਾਉਣੀ।

ਏਸੇ ਤਰ੍ਹਾਂ, ਵੱਖ ਵੱਖ ਦੇਸ਼ਾਂ ਅਤੇ ਸਰਕਾਰਾਂ ਦੀ ਨੀਤੀ ਦਾ ਨਿਰੀਖਣ ਕਰਨ ਵਿਚ ਵੀ ਮਾਰਕਸਵਾਦੀ-ਲੈਨਿਨਵਾਦੀਏ ਜਮਾਤੀ ਕਸੌਟੀ ਨੂੰ ਵਰਤਦੇ ਹਨ ਕਿ ਇਨ੍ਹਾਂ ਸਰਕਾਰਾਂ ਅਤੇ ਦੇਸ਼ਾਂ ਦਾ ਸਾਮਰਾਜਵਾਦ ਅਤੇ ਸਮਾਜਵਾਦ ਵੱਲ ਕੀ ਰਵੱਈਆ ਹੈ, ਉਨ੍ਹਾਂ ਦੇ ਆਪਣੇ ਲੋਕਾਂ ਅਤੇ ਪਿਛਾਖੜ ਵੱਲ ਕੀ ਰਵੱਈਆ ਹੈ।

ਇਨ੍ਹਾਂ ਸਿੱਖਿਆਵਾਂ ਦੇ ਅਧਾਰ ਤੇ ਇਨਕਲਾਬੀ ਲਹਿਰਾਂ ਅਤੇ ਪ੍ਰੋਲਤਾਰੀ ਆਪਣੀ ਯੁੱਧ-ਨੀਤੀ ਅਤੇ ਦਾਅ-ਪੇਚ ਘੜਦੇ ਹਨ, ਸਾਮਰਾਜਵਾਦ, ਬੁਰਜ਼ੁਆਜੀ ਅਤੇ ਪਿਛਾਖੜ ਦੇ ਖਿਲਾਫ ਘੋਲ ਵਿਚ ਆਪਣੇ ਅਸਲੀ ਮਿੱਤਰਾਂ ਦੀ ਪਹਿਚਾਣ ਕਰਦੇ ਅਤੇ ਉਨ੍ਹਾਂ ਨਾਲ ਏਕਤਾ ਕਰਦੇ ਹਨ। "ਤੀਜੀ ਦੁਨੀਆਂ", "ਨਿਰਪੱਖ ਦੁਨੀਆਂ" ਜਾਂ "ਵਿਕਸਤ ਹੋ ਰਹੇ ਦੇਸ਼" ਆਦਿਕ ਜੋ ਨਾਂਓ ਹਨ ਇਹ ਕੌਮੀ ਅਤੇ ਸਮਾਜਿਕ ਮੁਕਤੀ ਲਈ ਲੜ ਰਹੇ ਲੋਕਾਂ ਵਿਚ ਇਹ ਭੁਲੇਖੇ ਫੈਲਾਉਂਦੇ ਹਨ ਕਿ ਕਥਿਤ ਤੌਰਤੇ ਇੱਕ ਛੱਤ ਮਿਲ ਗਈ ਹੈ ਜਿਸ ਥੱਲੇ ਸਿਰ ਛੁਪਾਕੇ ਮਹਾਂ-ਸ਼ਕਤੀਆਂ ਦੀ ਧਮਕੀ ਤੋਂ ਬਚਿਆ ਜਾ ਸਕਦਾ ਹੈ। ਇਹ ਨਾਂਓ ਇਨ੍ਹਾਂ ਵਿਚੋਂ ਬਹੁਤ ਸਾਰੇ ਦੇਸ਼ਾਂ ਦੀ ਇਸ ਸਚਾਈ ਨੂੰ ਛੁਪਾਉਂਦੇ ਹਨ, ਕਿ ਇਹ ਦੇਸ਼ ਇੱਕ ਜਾਂ ਦੂਸੇ ਢੰਗ ਨਾਲ ਸਿਆਸੀ, ਵਿਚਾਰਧਾਰਕ ਅਤੇ ਆਰਥਿਕ ਤੌਰ ਤੇ ਮਹਾਂ-ਸ਼ਕਤੀਆਂ ਅਤੇ ਪੁਰਾਣੀਆਂ ਬਸਤੀਵਾਦੀ ਤਾਕਤਾਂ ਉਤੇ ਨਿਰਭਰ ਹਨ।

"ਨਿੱਰਪੱਖ ਦੇਸ਼ਾਂ" ਦੇ ਸਿਧਾਂਤ ਦੀ ਸਭ ਤੋਂ ਵੱਧ ਵਕਾਲਤ ਯੂਗੋਸਲਾਵੀਆ ਦੇ ਸੋਧਵਾਦੀਏ ਹਨ। ਉਨ੍ਹਾਂ ਮੁਤਾਬਿਕ, ਇਸ ਗਰੁੱਪ ਵਿਚ ਉਹ ਦੇਸ਼ ਸ਼ਾਮਲ ਹਨ ਜੋ ਫੌਜੀ ਸੰਧੀਆਂ ਰਾਹੀਂ; ਮੁੱਖ ਤੌਰ ਤੇ ਨਾਟੋ ਅਤੇ ਵਾਰਸਾ ਸੰਧੀ ਰਾਹੀਂ; ਵੱਡੀਆਂ ਸਾਮਰਾਜੀ ਅਤੇ ਸਮਾਜਿਕ-ਸਾਮਰਾਜੀ ਤਾਕਤਾਂ ਨਾਲ ਬੱਝੇ ਹੋਏ ਨਹੀਂ। ਪਰ ਇਨ੍ਹਾਂ ਦੋ ਧੜਿਆਂ ਵਿਚ ਰਸਮੀ ਤੌਰ ਤੇ ਹਿੱਸਾ ਲੈਣ ਤੋਂ ਬਿਨਾਂ ਹੀ, ਇਨ੍ਹਾਂ ਵਿਚੋਂ ਬਹੁਤ ਸਾਰੇ ਦੇਸ਼ ਕਈ ਇੱਕ ਸੰਧੀਆਂ ਅਤੇ ਸਮਝੌਤਿਆਂ ਰਾਹੀਂ ਮਹਾਂ-ਸ਼ਕਤੀਆਂ ਅਤੇ ਵੱਡੇ ਪੂੰਜੀਵਾਦੀ ਦੇਸ਼ਾਂ ਨਾਲ ਇਸ ਤਰ੍ਹਾਂ ਬੱਝੇ ਹੋਏ ਹਨ ਕਿ ਉਨ੍ਹਾਂ ਵਾਸਤੇ ਇਸ ਲਫਜ਼, "ਨਿਰਪੱਖਤਾ", ਦਾ ਬਹੁਤ ਹੀ ਥੋਥਾ ਅਰਥ ਹੈ।

"ਨਿਰਪੱਖ" ਲਹਿਰ ਦੀ ਇਹ ਹਾਲਤ ਕਲੰਬੋ ਕਾਨਫਰੰਸ ਵਿਚ ਸਾਫ ਤੌਰ

ਤੇ ਸਾਮ੍ਹਣੇ ਆਈ। ਬੜੀ ਮੁਸ਼ਕਲ ਨਾਲ ਇਹ ਇਸ ਵਿਚ ਹਿੱਸਾ ਲੈਣ ਵਾਲੇ ਦੇਸ਼ਾਂ ਅਤੇ ਦੇਸ਼ਾਂ ਦੇ ਗਰੁੱਪਾਂ ਦੇ ਵਿਰੋਧੀ ਸਿਆਸੀ ਨਿਸ਼ਾਨਿਆਂ ਉਤੇ ਪਰਦਾ ਪਾ ਸਕੀ। ਇਸ ਵਾਰ ਕਿਸੇ ਨੇ ਵੀ ਅਮਰੀਕਾ ਅਤੇ ਰੂਸ ਦੇ ਖ਼ਿਲਾਫ ਮੂੰਹ ਨਹੀਂ ਖੋਲ੍ਹਿਆ ਅਤੇ ਨਾ ਹੀ ਉਨ੍ਹਾਂ ਦੀਆਂ ਧਾੜਵੀ ਅਤੇ ਜੰਗਬਾਜ਼ ਨੀਤੀਆਂ ਅਤੇ ਕਰਤੂਤਾਂ ਦੀ ਵਿਰੋਧਤਾ ਕੀਤੀ। ਖ਼ੈਰ, ਫਰਾਂਸ ਉਤੇ ਹਮਲਾ ਕਰਨਾ ਉਨ੍ਹਾਂ ਨੇ ਲਾਹੇਵੰਦ ਸਮਝਿਆ!

ਨਿਰਪੱਖ ਹੋਣ ਦਾ ਬਹਾਨਾ ਕਰਨ ਵਾਲੇ ਬਹੁਤ ਸਾਰੇ ਦੇਸ਼ਾਂ ਨੇ ਆਪਸ-ਵਿਚ ਰੱਖਿਅਕ ਅਤੇ ਹਮਲਾਵਰ ਫੌਜੀ ਸੰਧੀਆਂ ਕੀਤੀਆਂ ਹਨ, ਜਿਨ੍ਹਾਂ ਵਿਚ ਸਾਮਰਾਜਵਾਦੀ ਤਾਕਤਾਂ ਵੀ ਹਿੱਸਾ ਲੈਂਦੀਆਂ ਹਨ। "ਨਿਰਪੱਖ" ਲਹਿਰ ਵਿਚ ਹਿੱਸਾ ਲੈਣ ਵਾਲੇ ਕਿਸੇ ਵੀ ਦੇਸ਼ ਨੇ ਇਨ੍ਹਾਂ ਸੰਧੀਆਂ ਦੀ ਨਿਖੇਧੀ ਨਹੀਂ ਕੀਤੀ। ਰੂਸੀ ਸਮਾਜਿਕ ਸਾਮਰਾਜਵਾਦ "ਏਸ਼ੀਅਨ ਸਕਿਊਰਿਟੀ ਟਰੀਟੀ" ਕਾਇਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਅਤੇ ਏਸੇ ਤਰ੍ਹਾਂ ਦੀ ਸੰਧੀ "ਅਫਰੀਕਣ ਸਕਿਊਰਿਟੀ "ਦੇ ਬਾਰੇ ਵੀ ਕਰਨ ਦੀ ਕੋਸ਼ਿਸ਼ ਕਰੇਗਾ। ਇਹ ਵੱਖ ਵੱਖ ਕਿਸਮ ਦੀਆਂ ਜਥੇਬੰਦੀਆਂ ਹਨ ਜਿਨ੍ਹਾਂ ਦਾ ਮਕਸਦ ਕਥਿਤ ਨਿਰਪੱਖ ਦੇਸ਼ਾਂ ਨੂੰ ਹਰ ਨਜ਼ਰੀਏ ਤੋਂ ਗੁਲਾਮ ਕਰਨਾ ਹੈ।

"ਨਿਰਪੱਖ ਦੇਸ਼ਾਂ" ਦਾ ਨਾਹਰਾ ਇਹ ਝੂਠਾ ਪ੍ਰਭਾਵ ਦਿੰਦਾ ਹੈ ਕਿ ਦੇਸ਼ਾਂ ਦਾ ਇੱਕ ਅਜੇਹਾ ਗਰੁੱਪ ਬਣ ਗਿਆ ਹੈ ਜਿਸਦੇ ਮਹਾਂ-ਸ਼ਕਤੀਆਂ ਦਾ ਵਿਰੋਧ ਕਰਨ ਦੀ ਸੰਭਾਵਨਾ ਹੈ। ਇਹ ਇਸ ਤਰ੍ਹਾਂ ਦਾ ਪ੍ਰਭਾਵ ਦਿੰਦਾ ਹੈ ਕਿ ਇਹ ਦੇਸ਼, ਸਾਰੇ ਦੇ ਸਾਰੇ ਹੀ, ਸਾਮਰਾਜ-ਵਿਰੋਧੀ ਹਨ, ਜੰਗ ਦੇ ਖ਼ਿਲਾਫ ਹਨ, ਹੋਰਾਂ ਦੀ ਚੌਧਰ ਦੇ ਖ਼ਿਲਾਫ ਹਨ, ਅਤੇ ਉਹ "ਜਮਹੂਰੀ" ਅਤੇ ਏਥੋਂ ਤਕ ਕਿ "ਸਮਾਜਵਾਦੀ" ਹਨ। ਇਹ "ਨਿਰਪੱਖਤਾ" ਵਿਚ ਹਿੱਸੇਦਾਰ ਕੁੱਝ ਦੇਸ਼ਾਂ ਦੇ ਆਗੂ ਗਰੁੱਪਾਂ ਦੀਆਂ ਖੱਸੀ-ਜਮਹੂਰੀ ਅਤੇ ਲੋਕ-ਵਿਰੋਧੀ ਪੁਜ਼ੀਸ਼ਨਾਂ ਨੂੰ ਮਜ਼ਬੂਤ ਕਰਨ ਵਿਚ ਸਹਾਈ ਹੁੰਦਾ ਹੈ, ਅਤੇ ਇਨ੍ਹਾਂ ਦੇਸ਼ਾਂ ਦੇ ਲੋਕਾਂ ਵਿਚ ਇਹ ਭੁਲੇਖੇ ਪਾਉਂਦਾ ਹੈ ਕਿ ਜਦ ਇਨ੍ਹਾਂ ਦੇ ਮੁਖੀਏ ਸਾਮਰਾਜੀਆਂ ਅਤੇ ਸਮਾਜਿਕ ਸਾਮਰਾਜੀਆਂ ਨਾਲ ਕਿਸੇ ਵੀ ਕਿਸਮ ਦੇ ਸਬੰਧ, ਲੁਕਵੇਂ ਤੌਰ ਤੇ ਜਾਂ ਸ਼ਰੇਆਮ, ਬਣਾਉਂਦੇ ਜਾਂ ਤੋੜਦੇ ਹਨ ਤਾਂ ਉਹ ਇਹ ਕੁੱਝ, ਨਾ ਸਿਰਫ "ਹਰਮਨ-ਪਿਆਰੀਆਂ ਸਰਕਾਰਾਂ" ਹੋਣ ਦੇ ਨਾਤੇ ਹੀ, ਬਲਕਿ ਦੇਸ਼ਾਂ ਦਾ ਇੱਕ ਅਜੇਹਾ ਗਰੁੱਪ ਹੋਣ ਦੇ ਨਾਤੇ ਵੀ ਕਰਦੇ ਹਨ, "ਜਿਸ ਨਾਲ ਮਹਾਂ ਸ਼ਕਤੀਆਂ ਨੂੰ ਲੋਹਾ ਲੈਣਾ ਪਏਗਾ।"

ਸਾਡੀ ਪਾਰਟੀ ਦੀ ਰਾਇ ਹੈ ਕਿ ਲੋਕਾਂ ਨੂੰ ਹਾਲਤਾਂ ਬਾਰੇ ਸਾਫ ਤੌਰ ਤੇ ਦੱਸਿਆ ਜਾਏ, ਕਿਉਂਕਿ ਇਸ ਤਰ੍ਹਾਂ ਕਰਕੇ ਹੀ ਉਨ੍ਹਾਂ ਦੀ ਅਸਲੀ ਏਕਤਾ,ਸਹੀ ਤੌਰ ਤੇ ਸਾਮਰਾਜ-ਵਿਰੋਧੀ ਅਤੇ ਅਗਾਂਹਵਧੂ ਦੇਸ਼ਾਂ ਅਤੇ ਸਰਕਾਰਾਂ ਦੀ ਏਕਤਾ ਮਜ਼ਬੂਤ ਕੀਤੀ ਜਾ ਸਕਦੀ ਹੈ। ਲੋਕਾਂ ਨੂੰ ਆਜ਼ਾਦੀ,ਖੁਦਮੁਖਤਾਰੀ ਅਤੇ ਸਮਾਜਿਕ ਤਰੱਕੀ ਵਾਸਤੇ, ਅਤੇ ਕਿਸੇ ਵਲੋਂ ਵੀ ਲੁੱਟ ਅਤੇ ਦਬਦਬੇ ਦੇ ਖਿਲਾਫ ਘੋਲ ਵਿਚ ਇੱਕ-ਮੁੱਠ ਕਰਨ ਵਾਸਤੇ, ਸਭ ਤੋਂ ਪਹਿਲੀ ਸ਼ਰਤ ਇਹ ਹੈ ਕਿ ਦੁਸ਼ਮਣਾਂ ਅਤੇ ਦੋਸਤਾਂ ਵਿਚਕਾਰ ਲਾਈਨ ਖਿੱਚੀ ਜਾਵੇ, ਲੋਕਾਂ ਨੂੰ ਸਾਫ ਤੌਰ ਤੇ ਦੱਸਿਆ ਜਾਵੇ ਕਿ ਉਨ੍ਹਾਂ ਦਾ ਮੁੱਖ ਦੁਸ਼ਮਣ ਕੌਣ ਹੈ, ਜਿਸਦੇ ਖਿਲਾਫ ਉਨ੍ਹਾਂ ਦਾ ਲੜਨਾ ਜ਼ਰੂਰੀ ਹੈ, ਅਤੇ ਕੌਣ ਉਨ੍ਹਾਂ ਦਾ ਦੋਸਤ ਹੈ ਜਿਸ ਨਾਲ ਉਨ੍ਹਾਂ ਨੂੰ ਏਕਤਾ ਕਰਨੀ ਚਾਹੀਦੀ ਹੈ।

ਉਨ੍ਹਾਂ ਦੇ ਦੁਸ਼ਮਣ ਹਨ ਸਾਮਰਾਜਵਾਦ, ਸਮਾਜਿਕ-ਸਾਮਰਾਜਵਾਦ ਅਤੇ ਅੰਤਰਰਾਸ਼ਟਰੀ ਵੱਡੀ ਬੁਰਜੂਆਜ਼ੀ, ਜਿਹੜੇ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਵਿਚ ਪਸਾਰੇ ਅਤੇ ਲੁੱਟ ਦੀ ਨੀਤੀ ਤੇ ਚੱਲਦੇ ਹਨ। ਦੋ ਮਹਾਂ-ਸ਼ਕਤੀਆਂ ਅਤੇ ਅੰਤਰਰਾਸ਼ਟਰੀ ਸਰਮਾਇਆ, ਪੁਰਾਣੇ ਬਸਤੀਵਾਦੀ ਸਮੇਂ ਵਿਚ ਕਾਇਮ ਕੀਤੀਆਂ ਗਈਆਂ ਸਭ ਅੰਤਰਰਾਸ਼ਟਰੀ ਸੰਸਥਾਵਾਂ ਅਤੇ ਨਿਯਮਾਂ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ। ਜਦੋਂ ਉਨ੍ਹਾਂ ਦੇ ਹਿੱਤਾਂ ਤੇ ਮਾੜੀ-ਮੋਟੀ ਵੀ ਸੱਟ ਲੱਗਦੀ ਹੈ, ਜਿਵੇਂ ਕਿ ਤੇਲ ਅਤੇ ਕੁੱਝ ਹੋਰ ਕੱਚੇ-ਪਦਾਰਥਾਂ ਦੇ ਕੇਸ ਵਿਚ, ਉਹ ਤਲਖ ਹੋ ਉਠਦੇ ਹਨ ਅਤੇ ਉਨ੍ਹਾਂ ਦੇਸ਼ਾਂ ਅਤੇ ਲੋਕਾਂ ਨੂੰ ਜੰਗ ਦੀਆਂ ਧਮਕੀਆਂ ਦੇਣ ਤੋਂ ਵੀ ਨਹੀਂ ਝਿਜਕਦੇ, ਜਿਹੜੇ ਦੇਸ਼ ਅਤੇ ਲੋਕ ਆਪਣੀ ਕੌਮੀ ਦੌਲਤ ਉਤੇ ਖੁਦਮੁਖਤਾਰੀ ਕਾਇਮ ਕਰਨੀ ਚਾਹੁੰਦੇ ਹਨ, ਜਿਹੜੇ ਸੰਸਾਰ ਵਟਾਂਦਰੇ ਅਤੇ ਆਰਥਿਕ ਰਿਸ਼ਤਿਆਂ ਵਿਚ ਨਿਆਂ ਅਤੇ ਬਰਾਬਰਤਾ ਵਾਸਤੇ ਲੜਦੇ ਹਨ।

ਪਰ ਇਹ ਮਾਰ-ਧਾੜ ਅਤੇ ਵਹਿਸ਼ੀ ਲੁੱਟ ਹਮੇਸ਼ਾ ਵਾਸਤੇ ਕਾਇਮ ਨਹੀਂ ਰਹਿ ਸਕਦੀ। ਅੱਜ ਆਰਥਿਕ ਨਿਬਸਤੀਕਰਣ ਦਾ ਬੋਲਬਾਲਾ ਹੈ, ਅਤੇ ਕੋਈ ਵੀ ਚੀਜ਼ ਇਸ ਇਨਕਲਾਬੀ ਵਿਧੀ ਨੂੰ ਰੋਕ ਨਹੀਂ ਸਕਦੀ, ਜੋ ਦੁਨੀਆਂ ਦੇ ਪੈਮਾਨੇ ਤੇ ਸ਼ੁਰੂ ਹੋ ਚੁੱਕੀ ਹੈ। ਲੋਕਾਂ ਨੂੰ ਨਿਰਸੰਦੇਹ ਆਪਣੇ ਕੁਦਰਤੀ ਸਾਧਨਾਂ ਉਤੇ ਮੁਕੰਮਲ ਖੁਦ-ਮੁਖਤਾਰੀ ਕਾਇਮ ਕਰਨ ਅਤੇ ਉਨ੍ਹਾਂ ਦਾ ਕੌਮੀਕਰਣ ਕਰਨ ਦਾ ਹੱਕ ਹੈ। ਸਾਮਰਾਜੀਏ ਅਤੇ ਹੋਰ ਲੋਟੂ ਚਾਹੇ ਜਿੰਨਾ ਮਰਜ਼ੀ ਜ਼ੋਰ ਲਾਉਣ ਅਤੇ ਜਵਾਬੀ ਹਮਲੇ ਕਰਨ, ਇਸ ਉਦੇਸ਼ ਦੀ ਪੂਰਤੀ ਨੂੰ ਕੋਈ ਵੀ ਰੋਕ ਨਹੀਂ ਸਕਦਾ।ਸੰਸਾਰ ਵਟਾਂਦਰੇ

ਦੇ ਖੇਤਰ ਵਿਚ ਬਰਾਬਰਤਾ ਪ੍ਰਾਪਤ ਕਰਨਾ ਅਤੇ ਆਪਣੇ ਕੱਚੇ ਮਾਲ ਦੀ ਵੇਚ ਤੋਂ ਪ੍ਰਾਪਤ ਹੋਈ ਆਮਦਨ ਨੂੰ ਆਪਣੀ ਸਨੱਅਤ, ਅਤੇ ਸੱਭਿਆਚਾਰ ਦੇ ਵਿਕਾਸ ਅਤੇ ਜੀਵਨ ਦੀ ਉਨੱਤੀ ਵਿਚ ਲਾਏ ਜਾਣ ਨੂੰ ਯਕੀਨੀ ਬਣਾਉਣ ਦੇ ਲੋਕਾਂ ਦੇ ਘੋਲ ਨੂੰ ਕੋਈ ਨਹੀਂ ਰੋਕ ਸਕਦਾ।

ਆਰਥਿਕ ਆਜ਼ਾਦੀ ਵਾਸਤੇ ਲੋਕਾਂ ਵਲੋਂ ਚਲਾਏ ਘੋਲ ਦਾ ਨਿਸ਼ਾਨਾ ਦੋ ਮਹਾਂ ਸ਼ਕਤੀਆਂ, ਸਾਮਰਾਜੀ ਦੇਸ਼ਾਂ ਦੀਆਂ ਅਜਾਰੇਦਾਰੀਆਂ ਅਤੇ ਮਲਟੀ-ਨੈਸ਼ਨਲ ਕੰਪ-ਣੀਆਂ ਹਨ। ਇਸ ਕਰਕੇ, ਪ੍ਰੋਲਤਾਰੀ ਅਤੇ ਇਨਕਲਾਬ ਅਤੇ ਸਮਾਜਵਾਦ ਦੇ ਹਾਮੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਘੋਲਾਂ ਨੂੰ, ਆਜ਼ਾਦੀ ਅਤੇ ਖੁਦਮੁਖ-ਤਾਰੀ ਵਾਸਤੇ ਲੋਕਾਂ ਦੇ ਘੋਲਾਂ ਨਾਲ ਗੂੜ੍ਹੇ ਤੌਰ ਤੇ ਜੋੜਨ। ਇਹ ਸਿਰਫ ਖੁਦ ਆਪਣੇ ਦੇਸ਼ ਦੀ ਬੁਰਜ਼ੁਆਜ਼ੀ, ਸਾਮਰਾਜਵਾਦ ਅਤੇ ਖੂੰਖਾਰ ਜੰਗ ਦੇ ਵਿਰੁੱਧ ਜ਼ਬਰ-ਦਸਤ ਘੋਲ ਰਾਹੀਂ ਹੀ ਕੀਤਾ ਜਾ ਸਕਦਾ ਹੈ। ਇਹ ਸਭ ਤੋਂ ਅਸਰਦਾਂ ਇਕ ਅਤੇ ਸਿੱਧੀ ਮਦਦ ਵੀ ਹੈ ਜੋ ਪ੍ਰੋਲਤਾਰੀ ਵਲੋਂ ਲੋਕਾਂ ਦੀ ਮੁਕਤੀ ਲਹਿਰ ਨੂੰ ਦਿੱਤੀ ਜਾ ਸਕਦੀ ਹੈ।

ਦੋ ਮਹਾਂ-ਸ਼ਕਤੀਆਂ, ਅੰਤਰਰਾਸ਼ਟਰੀ ਵੱਡੀ ਬੁਰਜ਼ੁਆਜ਼ੀ ਅਤੇ ਪਿਛਾਖੜ ਦੀ ਧਾੜਵੀ ਨੀਤੀ ਅਤੇ ਉਲਟ-ਇਨਕਲਾਬੀ ਸਰਗਰਮੀ, ਸਾਮਰਾਜਵਾਦ ਅਤੇ ਸਮਾ-ਜਿਕ-ਸਾਮਰਾਜਵਾਦ ਵਿਚਕਾਰ, ਅਤੇ ਉਨ੍ਹਾਂ ਦੇ ਮਿੱਤਰਾਂ ਵਿਚਕਾਰ ਵੱਡੀਆਂ ਅਤੇ ਨਾ ਹੱਲ ਹੋ ਸਕਣ ਵਾਲੀਆਂ ਵਿਰੋਧਤਾਈਆਂ ਦੇ ਮਹੌਲ ਵਿਚ ਵਿਕਸਤ ਹੋ ਰਹੀ ਹੈ। ਇਹ ਵਿਰੋਧਤਾਈਆਂ, ਜੋ ਉਨ੍ਹਾਂ ਦੀ ਕਮਜ਼ੋਰੀ ਅਤੇ ਪ੍ਰੋਲਤਾਰੀ ਦੇ ਘੋਲ ਅਤੇ ਲੋਕਾਂ ਦੇ ਮੁਕਤੀ ਘੋਲਾਂ ਵਲੋਂ ਉਨ੍ਹਾਂ ਉਤੇ ਮਾਰੀਆਂ ਜਾ ਰਹੀਆਂ ਮਾਰੂ ਸੱਟਾਂ ਦੀ ਨਿਸ਼ਾਨੀ ਹਨ, ਬੁਰਜ਼ੁਆ ਸਮਾਜ ਦੇ ਵਿਕਾਸ ਅਤੇ ਇਨਕਲਾਬ ਦੀ ਪ੍ਰੋਲਤਾਰੀ ਯੁੱਧ-ਨੀਤੀ ਬਾਰੇ ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੇ ਅਮਰ ਸਿਧਾਂਤ ਦੀ ਪੁਸ਼ਟੀ ਕਰਦੀਆਂ ਹਨ।

ਦੋ ਮਹਾਂ-ਸ਼ਕਤੀਆਂ ਅਤੇ ਉਨ੍ਹਾਂ ਦੇ ਮਿੱਤਰ ਜਿਸ ਘੋਰ ਸੰਕਟ ਵਿਚ ਫਸੇ ਹੋਏ ਹਨ, ਉਹ ਉਨ੍ਹਾਂ ਵਲੋਂ ਕਾਇਮ ਕੀਤੇ ਗਏ ਧਾੜਵੀ ਗਠਜੋੜਾਂ ਨੂੰ ਕਮਜ਼ੋਰ ਕਰਨ ਵਿਚ ਕਾਫੀ ਹਿੱਸਾ ਪਾ ਰਿਹਾ ਹੈ। ਇਸ ਨੇ ਸਭ ਮਹਾਂਦੀਪਾਂ ਦੇ ਬਹੁਤ ਸਾਰੇ ਦੇਸ਼ਾਂ ਨੂੰ ਹਲੂਣ ਸੁੱਟਿਆ ਹੈ, ਅਤੇ ਉਨ੍ਹਾਂ ਵਿਚ ਇਹ ਜਾਇਜ਼ ਸ਼ੰਕੇ ਪੈਦਾ ਕੀਤੇ ਹਨ ਕਿ ਉਨ੍ਹਾਂ ਦੀ ਬਦਕਿਸਮਤੀ ਦਾ ਸੋਮਾ ਅਮਰੀਕੀ ਸਾਮਰਾਜਵਾਦ ਅਤੇ ਰੂਸੀ ਸਮਾਜਕ ਸਾਮਰਾਜਵਾਦ ਦੀਆਂ ਧਾੜਵੀ ਅਤੇ ਖੂੰਖਾਰ ਕਰਤੂਤਾਂ ਹਨ। ਇਸ ਸ਼ੰਕੇ ਨੇ

ਗਠਜੋੜਾਂ ਵਿਚ ਫੁੱਟ ਪਾਈ ਹੈ ਅਤੇ ਇਸ ਤਰ੍ਹਾਂ ਕੁੱਝ ਦੇਸ਼ ਮੁਕੰਮਲ ਜਾਂ ਅੰਸ਼ਿਕ ਤੌਰ ਤੇ ਉਨ੍ਹਾਂ ਨਾਲੋਂ ਟੁੱਟ ਗਏ ਹਨ। ਇਨ੍ਹਾਂ ਬਾਰੇ, ਕਿਤੇ ਸਪੱਸ਼ਟ ਅਤੇ ਕਿਤੇ ਲੁਕਵੀਂ, ਪਰ ਹਮੇਸ਼ਾ ਸਰਗਰਮ ਅਤੇ ਘਾਤਕ, ਬੇ-ਭਰੋਸਗੀ ਲਗਾਤਾਰ ਵੱਧ ਰਹੀ ਹੈ।

ਹੁਣ ਇਹ ਸਾਫ ਜ਼ਾਹਿਰ ਹੈ ਕਿ ਅਮਰੀਕੀ ਸਾਮਰਾਜੀਏ ਅਤੇ ਰੂਸੀ ਸਮਾਜਿਕ ਸਾਮਰਾਜੀਏ ਆਪੋ-ਆਪਣੇ ਧੜਿਆਂ, ਨਾਟੋ ਅਤੇ ਵਾਰਸਾ ਸੰਧੀ, ਵਿਚ ਆਪਣੇ ਭਾਈਵਾਲਾਂ ਉਤੇ ਮਨਮਰਜ਼ੀ ਨਾਲ ਚੌਧਰ ਨਹੀਂ ਠੋਸ ਸਕਦੇ। ਸਾਮਰਾਜਵਾਦ ਅਤੇ ਸਮਾਜਿਕ-ਸਾਮਰਾਜਵਾਦ ਦੇ ਫੌਜੀ, ਆਰਥਿਕ ਅਤੇ ਸਿਆਸੀ ਗੁੱਟਾਂ ਵਿਚ ਪਾੜੇ ਦਿਨ-ਬ-ਦਿਨ ਮਹਾਂ-ਸ਼ਕਤੀਆਂ ਦੀ ਪ੍ਰੇਸ਼ਾਨੀ ਨੂੰ ਵਧਾ ਰਹੇ ਹਨ। ਵਿਕੇਂਦਰੀ ਤਾਕਤਾਂ, ਚਾਹੇ ਇਹ ਪੱਛਮੀ ਯੂਰਪ ਦੇ ਪੂੰਜੀਵਾਦੀ ਬੁਰਜ਼ੁਆ ਦੇਸ਼ਾਂ ਦੀਆਂ ਹੋਣ ਜਾਂ ਪੂਰਬੀ ਯੂਰਪ ਦੇ ਸੋਧਵਾਦੀ ਦੇਸ਼ਾਂ ਦੀਆਂ, ਦਿਨ-ਬ-ਦਿਨ ਵਧੇਰੇ ਪ੍ਰਤੱਖ ਅਤੇ ਸਰਗਰਮ ਹੋ ਰਹੀਆਂ ਹਨ।

ਸੋਧਵਾਦੀ ਧੜੇ ਦੇ ਅੰਦਰ, ਰੂਸ ਆਪਣੇ "ਮਿੱਤਰਾਂ" ਉਤੇ ਕਰੜੀ ਨਿਗਰਾਨੀ ਰੱਖ ਰਿਹਾ ਹੈ ਤਾਂ ਕਿ ਸਫਾਂ ਤੋੜਨ ਦੀ ਕਿਸੇ ਵੀ ਕੋਸ਼ਿਸ਼ ਨੂੰ ਰੋਕਿਆ ਜਾ ਸਕੇ। ਇਸਦੇ ਬਾਵਜੂਦ ਵੀ ਸਿਆਸੀ ਵਿਰੋਧ ਅਤੇ ਵਿਚਾਰਧਾਰਕ ਮਤਭੇਦ, ਭਾਵੇਂ ਕਿ ਇਹ ਚੈਕੋਸਲਾਵਾਕੀਆ ਵਿਚ ਡੁਬਚਿਕ ਦੇ ਵਕਤ ਦੀ ਤਰ੍ਹਾਂ ਸ਼ਰੇਆਮ ਨਹੀਂ; ਹਰ ਜਗ੍ਹਾ ਲੁਕਵੇਂ ਤੌਰ ਤੇ ਮੌਜੂਦ ਹਨ ਅਤੇ ਕਈ ਖੇਤਰਾਂ ਅਤੇ ਸ਼ਕਲਾਂ ਵਿਚ, ਵਿਸ਼ੇਸ਼ ਤੌਰ ਤੇ ਆਰਥਿਕ ਮਸਲਿਆਂ ਦੇ ਗਿਰਦ ਜ਼ਾਹਿਰ ਹੁੰਦੇ ਹਨ। ਰੂਸ ਅਤੇ ਸੋਧਵਾਦੀ ਦੇਸ਼ਾਂ ਵਿਚਕਾਰ ਇਹ ਜਿਹੜੀ ਸਾਰੀ ਬੇਚੈਨੀ ਸਾਮ੍ਹਣੇ ਆ ਰਹੀ ਹੈ ਇਸ ਨੂੰ "ਸੀਮਿਤ ਖੁਦਮੁਖਤਾਰੀ" ਅਤੇ "ਆਰਥਿਕ ਮਿਲਾਪ", ਆਦਿ ਦੇ ਬ੍ਰਿਜ਼ਨੇਵ ਦੇ ਸਿਧਾਂਤਾਂ ਨਾਲ ਢਕਿਆ ਜਾਂਦਾ ਹੈ, ਦੂਜੇ ਲਫ਼ਜ਼ਾਂ ਵਿਚ ਇਸਦਾ ਮਤਲਬ ਹੈ ਕਿ "ਸਮਾਜਵਾਦ" ਦੇ ਭਲੇ ਵਾਸਤੇ ਇਹ ਜਰੂਰੀ ਹੈ ਕਿ ਉਨ੍ਹਾਂ ਉਤੇ ਰੂਸੀ ਧੱਕੇਸ਼ਾਹੀ ਨੂੰ ਕਾਇਮ ਰੱਖਿਆ ਜਾਵੇ ਅਤੇ ਇਸਦੀ ਵਿਰੋਧਤਾ ਨਾ ਕੀਤੀ ਜਾਵੇ।

ਪੂਰਬ ਦੇ ਸੋਧਵਾਦੀ ਦੇਸ਼ਾਂ ਅਤੇ ਰੂਸ ਵਿਚਕਾਰ ਇਹ, ਖਹਿ, ਅਤੇ ਉਨ੍ਹਾਂ ਦੀ ਬੇਚੈਨੀ ਨੂੰ ਅਮਰੀਕੀ ਸਾਮਰਾਜਵਾਦ ਅਤੇ ਇਸਦੇ ਮਿੱਤਰ ਹੋਰ ਵੀ ਹਵਾ ਦਿੰਦੇ ਹਨ। ਅਮਰੀਕੀ ਸਾਮਰਾਜਵਾਦ ਆਪਣੀਆਂ ਚੌਧਰਪੁਣੇ ਦੀਆਂ ਖਾਹਸ਼ਾਂ ਨੂੰ ਅੱਗੇ ਵਧਾਉਣ ਵਾਸਤੇ, ਸਮਾਜਿਕ ਸਾਮਰਾਜਵਾਦ ਨੂੰ ਕਮਜ਼ੋਰ ਕਰਨ, ਰੂਸ ਦੀਆਂ ਕਠਪੁਤਲੀਆਂ ਨੂੰ ਉਸ ਨਾਲੋਂ ਤੋੜ ਕੇ ਆਪਣੇ ਵੱਲ ਖਿੱਚਣ ਦੀ ਪੂਰੀ ਵਾਹ ਲਾ ਰਿਹਾ ਹੈ।

ਅਤੇ ਰੂਸ ਦੀਆਂ ਕਠਪੁਤਲੀਆਂ ਦੀ ਵੀ ਇਹੀ ਖਾਹਿਸ਼ ਹੈ। ਇਸ ਝੁਕਾਅ ਨੂੰ ਅਮਰੀਕੀ ਮੱਦਦ ਨਾਲ ਵਿਕਸਤ ਕਰਨ ਦੀਆਂ ਉਨ੍ਹਾਂ ਦੀਆਂ ਆਸਾਂ ਸਨ ਅਤੇ ਅਜੇ ਵੀ ਹਨ। ਰੂਸ ਦੀਆਂ ਆਰਥਿਕ ਕਮਜ਼ੋਰੀਆਂ, ਇਸ ਨੂੰ ਤਕਨੀਕ ਦੀ ਲੋੜ ਅਤੇ ਵਿਸ਼ੇਸ਼ ਤੌਰ ਤੇ ਇਸਦੀ ਅੰਦਰੂਨੀ ਫੰਡਾਂ ਨੂੰ ਅਸਲੇ ਵਾਸਤੇ ਵਰਤਣ ਦੀ ਲੋੜ ਨੂੰ ਚੰਗੀ ਤਰ੍ਹਾਂ ਜਾਣਦਿਆਂ, ਹੁਣ ਅਮਰੀਕਾ ਇਸ ਹਾਲਤ ਦਾ ਫਾਇਦਾ ਉਠਾਉਣ ਅਤੇ ਆਪਣੀਆਂ ਸਕੀਮਾਂ ਨੂੰ ਅਮਲ ਵਿਚ ਲਿਆਉਣ ਦੇ ਯਤਨ ਕਰ ਰਿਹਾ ਹੈ। ਇਹ ਰੂਸੀ ਸਰਕਾਰ ਨੂੰ ਕਰਜ਼ੇ ਦੇ ਰਿਹਾ ਹੈ, ਪਰ ਇਸਦੇ ਨਾਲ ਨਾਲ ਹੋਰ ਸੋਧਵਾਦੀ ਦੇਸ਼ਾਂ ਨੂੰ ਵੀ ਕਰਜ਼ੇ ਦੇ ਰਿਹਾ ਹੈ, ਅਤੇ ਇਸਦੇ ਨਾਲੋ ਨਾਲ ਪੱਛਮੀ ਪੂੰਜੀਵਾਦੀ ਦੇਸ਼ਾਂ ਨੂੰ ਵੀ ਉਤਸ਼ਾਹਿਤ ਕਰ ਰਿਹਾ ਹੈ ਕਿ ਉਹ ਆਪਣਾ ਸਰਮਾਇਆ ਇਨ੍ਹਾਂ ਦੇਸ਼ਾਂ ਵਿਚ ਲਾਉਣ। ਇਸ ਸਾਰੀ ਗੱਲ ਦੀ ਮਦਦ ਇਹ ਤੱਤ ਵੀ ਕਰਦਾ ਹੈ ਕਿ ਆਰਥਿਕ ਸੰਕਟ ਦੇ ਇਸ ਸਮੇਂ ਵਿੱਚ ਪੱਛਮੀ ਯੂਰਪੀਨ ਦੇਸ਼ਾਂ ਦਾ ਸਰਮਾਇਆ, ਜਿੱਥੇ ਵੀ ਹੋ ਸਕੇ, ਆਪਣਾ ਪਸਾਰਾ ਕਰਨਾ ਚਾਹੁੰਦਾ ਹੈ

ਆਪਣੀਆਂ ਕਠਪੁਤਲੀਆਂ ਨੂੰ ਆਪਣੇ ਫੌਜੀ ਅਤੇ ਸਿਆਸੀ ਜੂਲੇ ਥੱਲੇ ਰੱਖਣ, ਆਰਥਿਕ ਗੁਲਾਮੀ ਅਤੇ ਹੋਰ ਬਹੁਤ ਸਾਰੀਆਂ ਫੌਲਾਦੀ ਜੰਜੀਰਾਂ ਵਿਚ ਜਕੜ੍ਹ ਕੇ ਰੱਖਣ ਦੇ ਯਤਨਾਂ ਦੇ ਬਾਵਜੂਦ ਵੀ, ਸੋਧਵਾਦੀ ਰੂਸ ਉਨ੍ਹਾਂ ਨੂੰ ਅਮਰੀਕਾ ਅਤੇ ਹੋਰ ਵੱਡੇ ਪੂੰਜੀਵਾਦੀ ਦੇਸ਼ਾਂ ਨਾਲ ਸਬੰਧ ਬਣਾਉਣ ਅਤੇ ਉਨ੍ਹਾਂ ਤੋਂ ਕਰਜ਼ੇ ਮੰਗਣ ਤੇ ਹਾਸਲ ਕਰਨ ਦੀ ਇਜ਼ਾਜ਼ਤ ਦੇਣ ਤੇ ਮਜਬੂਰ ਹੈ। ਇਹ ਸਹੀ ਹੈ, ਕਿ ਕਰਜ਼ੇ ਵਾਸਤੇ ਉਨ੍ਹਾਂ ਨੂੰ ਕੁੱਝ ਨਾ ਕੁੱਝ ਆਰਥਿਕ- ਸਿਆਸੀ ਸੁਰੱਖਿਆ ਦਾ ਬਚਨ ਦੇਣਾ ਪੈਂਦਾ ਹੈ, ਅਤੇ ਇਹੀ ਗੱਲ ਹੈ ਜੋ ਸਮਾਜਿਕ-ਸਾਮਰਾਜੀਆਂ ਨੂੰ ਸਭ ਤੋਂ ਵੱਧ ਪ੍ਰੇਸ਼ਾਨ ਕਰਦੀ ਹੈ।

ਆਪਣੇ ਵਲੋਂ, ਰੂਸੀਏ ਵੀ, ਕੁੱਝ ਦਰਾੜਾਂ ਪਾਉਣ ਅਤੇ ਪੱਛਮੀ ਦੇਸ਼ਾਂ ਵਿਚ ਘੁਸਣ ਦੀ ਕੋਸ਼ਿਸ਼ ਕਰ ਰਹੇ ਹਨ। ਇਨ੍ਹਾਂ ਦੇਸ਼ਾਂ ਨੇ ਪੁਰਤਗਾਲ ਦੀਆਂ ਵਾਰਦਾਤਾਂ ਉਥੇ ਕਨਹਾਲ ਦੀ ਸੋਧਵਾਦੀ ਪਾਰਟੀ ਦੇ ਜ਼ਰੀਏ ਰੂਸ ਦੀ ਦਖਲ-ਅੰਦਾਜ਼ੀ ਬਾਰੇ ਬੜਾ ਰੌਲਾ-ਰੱਪਾ ਪਾਇਆ। ਪਰ ਇਹ ਸਾਰਾ ਰੌਲਾ-ਰੱਪਾ ਸਿਰਫ ਸਨਸਨੀ ਫੈਲਾਉਣ ਲਈ ਹੀ ਸੀ ਨਾ ਕਿ ਇਸ ਡਰ ਤੋਂ ਕਿ ਰੂਸੀਆਂ ਵਲੋਂ ਇਬੇਰੀਅਨ ਟਾਪੂ ਤੇ ਆਖਿਰਕਾਰ ਪੈਰ ਜਮਾਉਣ ਦੀ ਸੰਭਾਵਨਾਂ ਹੈ।

ਇਸ ਵਕਤ, ਅਮਰੀਕੀ ਸਾਮਰਾਜਵਾਦ ਦੀ ਅਗਵਾਈ ਹੇਠਲੇ ਸਿਆਸੀ, ਫੌਜੀ ਅਤੇ ਆਰਥਿਕ ਗਠਜੋੜਾਂ ਵਿਚ ਵਿਰੋਧਤਾਈਆਂ ਬਹੁਤ ਤੇਜ਼ ਹੋ ਚੁੱਕੀਆਂ ਹਨ।

ਇੱਕ ਪਾਸੇ, ਪੱਛਮੀ ਯੂਰਪ ਅਤੇ ਜਾਪਾਨ ਦੀਆਂ ਅਜਾਰੇਦਾਰੀਆਂ ਅਤੇ ਦੂਜੇ ਪਾਸੇ ਅਮਰੀਕਾ ਦੀਆਂ ਅਜਾਰੇਦਾਰੀਆਂ ਵਿਚਕਾਰ ਝਗੜੇ ਅਤੇ ਮੁਕਾਬਲਾ ਇਸ ਹੱਦ ਤਕ ਹੈ ਕਿ ਹਰਕੋਈ ਆਪਣੇ ਵਾਸਤੇ ਵਧੀਆ ਪੁਜ਼ੀਸ਼ਨਾਂ, ਅਤੇ ਰਿਆਇਤਾਂ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸ਼ਕਤੀ ਅਤੇ ਕੱਚੇ-ਮਾਲ ਦੇ ਸੰਕਟ, ਸਰਮਾਏ ਦੀ ਬਰਾਮਦ ਦੇ ਖੇਤਰ ਦੇ ਘਟਣ, ਅਤੇ ਨਵ-ਬਸਤੀਵਾਂਦੀ ਨੀਤੀ ਰਾਹੀਂ ਮੁਨਾਫਿਆਂ ਨੂੰ ਯਕੀਨੀ ਬਣਾਉਣ ਵਿਚ ਕਠਨਾਈਆਂ ਦੇ ਕਾਰਨ ਉਹਨਾਂ ਵਿਚ ਵਿਰੋਧਤਾਈਆਂ ਹੋਰ ਵੀ ਵਧੀਆਂ ਹਨ।

ਇਹ 1952 ਵਿਚ ਸਟਾਲਿਨ ਵਲੋਂ ਪੇਸ਼ ਕੀਤੇ ਗਏ ਨਿਰੀਖਣ ਦੀ ਪ੍ਰੋੜਤਾ ਕਰਦੀ ਹੈ, ਜਿੱਥੇ ਉਸਨੇ ਕਿਹਾ:

> "ਉਪਰੇ ਤੌਰ ਤੇ, ਸਭ ਕੁੱਝ 'ਠੀਕ-ਠਾਕ' ਲੱਗੇਗਾ; ਅਮਰੀਕਾ ਨੇ ਪੱਛਮੀ ਯੂਰਪ, ਜਪਾਨ ਅਤੇ ਹੋਰ ਪੂੰਜੀਵਾਦੀ ਦੇਸ਼ਾਂ ਨੂੰ ਰਾਸ਼ਣ ਤੇ ਲਾ ਦਿੱਤਾ ਹੈ; ਜਰਮਨੀ (ਪੱਛਮੀ), ਬਰਤਾਨੀਆਂ, ਫਰਾਂਸ, ਇਟਲੀ ਅਤੇ ਜਪਾਨ ਅਮਰੀਕਾ ਦੀ ਕੁੜਿੱਕੀ ਵਿਚ ਫਸ ਗਏ ਹਨ ਅਤੇ ਚੁਪ-ਚਾਪ ਇਸਦੇ ਹੁਕਮਾਂ ਦੀ ਪਾਲਣਾ ਕਰ ਰਹੇ ਹਨ। ਪਰ ਇਹ ਸੋਚਣਾ ਬਹੁਤ ਗਲਤ ਹੋਵੇਗਾ ਕਿ ਸਭ ਕੁੱਝ 'ਸਦੀਵੀ ਤੌਰ' ਤੇ 'ਠੀਕ-ਠਾਕ' ਰਹੇਗਾ, ਕਿ ਇਹ ਦੇਸ਼ ਹਮੇਸ਼ਾ ਹੀ ਅਮਰੀਕਾ ਦੀ ਚੌਧਰ ਅਤੇ ਦਬਦਬਾ ਝੱਲਦੇ ਰਹਿਣਗੇ, ਕਿ ਉਹ ਅਮਰੀਕਾ ਤੋਂ ਪਿੱਛਾ ਛੁਡਾ ਕੇ ਅਜ਼ਾਦ ਵਿਕਾਸ ਦਾ ਰਾਹ ਅਪਣਾਉਣ ਦੇ ਯਤਨ ਨਹੀਂ ਕਰਨਗੇ।"*

ਪੱਛਮ ਦੇ ਗਠਜੋੜ ਦੇ ਢਾਂਚੇ ਦੇ ਅੰਦਰ, ਸਭ ਤੋਂ ਵੱਡੇ ਝਗੜੇ ਅਮਰੀਕਾ ਤੇ ਕਾਮਨ ਮਾਰਕੀਟ ਵਿਚਕਾਰ ਹਨ, ਜਿਨ੍ਹਾਂ ਨੂੰ ਰੂਸੀ ਦਬਾਓ ਅਤੇ ਚਾਲਾਂ ਨੇ ਹੋਰ ਵੀ ਵਧਾਉਣਾ ਹੈ।

ਮੁਕਾਬਲੇ ਦੇ ਕਾਰਨ, ਕਾਮਨ ਮਾਰਕੀਟ ਨੂੰ ਮਜ਼ਬੂਤ ਹੋਣ ਤੋਂ ਰੋਕਣ ਵਾਸਤੇ, ਅਮਰੀਕਾ ਇਸਦੇ ਇੱਕਲੇ ਇੱਕਲੇ ਮੈਂਬਰ ਨੂੰ ਆਪਣੇ ਹੱਥਾਂ ਵਿਚ ਕਰਨ ਦੀ ਅਤੇ ਇੱਕ-ਦੂਜੇ ਦੇ ਖਿਲਾਫ ਉਕਸਾਉਣ ਦੀ ਕੋਸ਼ਿਸ਼ ਕਰਦਾ ਹੈ। ਹੋਰ ਕਮਜ਼ੋਰ ਮੈਂਬਰਾਂ ਉਤੇ ਚੌਧਰ ਦੇ ਨਾਲੋਂ ਨਾਲ, ਅਮਰੀਕਾ ਫਰਾਂਸ ਨੂੰ ਕਮਜ਼ੋਰ ਕਰਕੇ ਅਤੇ ਫੈਡਰਲ ਜਰਮਨੀ ਅਤੇ ਬਰਤਾਨੀਆਂ ਨੂੰ ਮੱਦਦ ਦੇਕੇ ਜਰਮਨ-ਫਰਾਂਸ ਸੁਲ੍ਹਾ-ਸਫਾਈ ਨੂੰ ਰੋਕਣ ਦੀਆਂ

---

* ਜੇ ਸਟਾਲਿਨ, "ਯੂ. ਐਸ. ਐਸ. ਆਰ. ਵਿਚ ਸਮਾਜਵਾਦ ਦੇ ਆਰਥਿਕ ਮਸਲੇ", ਤਿਰਾਨਾ, 1968, ਸਫਾ 39 (ਅਲਬਾਨੀਅਨ ਐਡੀਸ਼ਨ)

ਖਾਸ ਕੋਸ਼ਿਸ਼ਾਂ ਕਰਦਾ ਹੈ।

ਇਹ ਕਿਹਾ ਜਾ ਸਕਦਾ ਹੈ ਕਿ, ਉਨ੍ਹਾਂ ਵਲੋਂ ਕਾਇਮ ਕੀਤੇ ਗਏ ਗੁੱਟਾਂ ਦੇ ਬਾਵਜੂਦ ਵੀ, ਪੱਛਮੀ ਯੂਰਪ ਦੇ ਦੇਸ਼ਾਂ ਨੇ ਆਪੋ-ਆਪਣੇ ਵਾਸਤੇ ਦੁਨੀਆਂ- ਭਰ ਵਿਚ ਵੱਧ ਤੋਂ ਵੱਧ ਰਿਆਇਤਾਂ ਅਤੇ ਮੰਡੀਆਂ ਹਾਸਲ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਤਿਆਗੀਆਂ ਨਹੀਂ ਹਨ। ਇਹ ਠੀਕ ਹੈ, ਕਿ ਇਹ ਮੁਕਾਬਲਾ ਦੋ ਮਹਾਂ ਸ਼ਕਤੀਆਂ ਦੇ ਖਿਲਾਫ ਹੈ, ਪਰ, ਦੋ ਵੱਡੀਆਂ ਤਾਕਤਾਂ, ਖਾਸ ਤੌਰ ਤੇ ਅਮਰੀਕੀ ਸਾਮਰਾਜਵਾਦ ਦੀ ਆਰਥਿਕ, ਫੌਜੀ ਅਤੇ ਸਿਆਸੀ ਤਾਕਤ ਸਾਹਵੇਂ, ਇਹ ਦੇਸ਼ ਕਮਜ਼ੋਰ ਹਨ। ਇਸ ਕਰਕੇ, ਪੱਛਮੀ ਯੂਰਪ ਦੇ ਇਨ੍ਹਾਂ ਦੇਸ਼ਾਂ ਨੂੰ ਲੁੱਟ ਦਾ ਉਤਨਾ ਹਿੱਸਾ ਨਹੀਂ ਮਿਲਣਾ ਜਿਤਨਾ ਇਹ ਲੈਣਾ ਚਾਹੁੰਦੇ ਹਨ, ਅਤੇ ਇਹ ਗੱਲ ਸਿਰਫ ਆਰਥਿਕ ਖੇਤਰ ਵਿਚ, ਸਿਰਫ ਵਿਕਸਤ ਹੋ ਰਹੇ ਦੇਸ਼ਾਂ ਵਿਚ ਹੀ ਨਹੀਂ; ਬਲਕਿ ਸਿਆਸੀ ਤੌਰ ਤੇ ਵੀ ਜੇ ਇਹ ਕਿਤੇ ਆਵਾਜ਼ ਉਠਾਂਦੇ ਹਨ ਤਾਂ ਉਸਤੇ ਵੀ ਨਿਗਰਾਨੀ ਰੱਖੀ ਜਾਂਦੀ ਹੈ। ਅਮਰੀਕੀ ਸਾਮਰਾਜਵਾਦ ਨੇ ਅਜੇਹੀ ਹਾਲਤ ਪੈਦਾ ਕਰ ਦਿੱਤੀ ਹੈ ਕਿ ਇਸਨੇ ਨਾ ਸਿਰਫ ਇਨ੍ਹਾਂ ਦੇਸ਼ਾਂ ਵਲੋਂ ਆਰਥਿਕ ਵਿਘਨ ਦੀਆਂ ਸੰਭਾਵਨਾਵਾਂ ਹੀ ਖਤਮ ਕੀਤੀਆਂ ਹਨ, ਬਲਕਿ ਇਸ ਨੇ ਗਠਜੋੜ ਵਿਚ ਆਪਣੇ ਭਾਈਵਾਲਾਂ ਦੇ ਵੀ ਮੂੰਹ ਬੰਦ ਕਰ ਦਿੱਤੇ ਹਨ।

ਜਿਸ ਤਰ੍ਹਾਂ ਮਾਰਕਸਵਾਦ-ਲੈਨਿਨਵਾਦ ਸਾਨੂੰ ਸਿਖਾਉਂਦਾ ਹੈ, ਇਨ੍ਹਾਂ ਹਾਲਤਾਂ ਤੋਂ, ਪ੍ਰੋਲਤਾਰੀ ਤੇ ਇਨਕਲਾਬੀ ਤਾਕਤਾਂ ਨੂੰ ਇਸ ਸਿੱਟੇ ਤੇ ਪੁੱਜਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਅਮਰੀਕੀ ਸਾਮਰਾਜਵਾਦ, ਰੂਸੀ ਸਮਾਜਿਕ-ਸਾਮਰਾਜਵਾਦ ਅਤੇ ਪਿਛਾਂਹਖਿਚੂ ਪੂੰਜੀਵਾਦੀ ਬੁਰਜ਼ੁਆਜ਼ੀ ਦੇ ਖਿਲਾਫ ਸਰਬ-ਪੱਖੀ ਘੋਲ, ਅਤੇ ਆਪਣੇ ਦੁਸ਼ਮਣਾਂ ਵਿਚ ਖਹਿ ਅਤੇ ਵਿਰੋਧਤਾਈਆਂ ਨੂੰ ਡੂੰਘੀਆਂ ਕਰਨ ਦੇ ਘੋਲ, ਨੂੰ ਹੋਰ ਵੀ ਤੇਜ਼ ਕਰਨਾ ਚਾਹੀਦਾ ਹੈ। ਦੁਸ਼ਮਣਾਂ ਨੂੰ ਇਸ ਗੱਲ ਵਾਸਤੇ ਇੱਕ ਵੀ ਪਲ ਨਹੀਂ ਦੇਣਾ ਚਾਹੀਦਾ ਕਿ ਉਹ ਇੱਕਠੇ ਹੋ ਜਾਣ, ਆਪਣੀਆਂ ਤਾਕਤਾਂ ਨੂੰ ਇੱਕ-ਮੁੱਠ ਕਰ ਲੈਣ ਅਤੇ ਇਨਕਲਾਬ, ਸਮਾਜਵਾਦ, ਅਤੇ ਲੋਕਾਂ ਦੇ ਖਿਲਾਫ ਨਵੀਂ ਤਾਕਤ ਨਾਲ ਲੜਨ ਵਾਸਤੇ ਆਪਣੇ-ਆਪ ਨੂੰ ਜਥੇਬੰਦ ਕਰ ਲੈਣ। ਇਸ ਘੋਲ ਵਿਚ ਪ੍ਰੋਲ-ਤਾਰੀ ਦੇ ਮਿੱਤਰ ਉਹ ਹਨ ਜੋ ਸਾਮਰਾਜਵਾਦ, ਬੁਰਜ਼ੁਆਜ਼ੀ ਅਤੇ ਪਿਛਾਖੜ ਵਲੋਂ ਦੱਬੇ-ਕੁਚਲੇ ਜਾਂਦੇ ਹਨ, ਜਿਹੜੇ ਆਪਣੇ ਲੋਕਾਂ ਵਾਸਤੇ ਆਜ਼ਾਦੀ ਅਤੇ ਖੁਦਮੁਖਤਾਰੀ ਚਾਹੁੰਦੇ ਹਨ, ਜਿਹੜੇ ਸਾਮਰਾਜਵਾਦ ਅਤੇ ਸਮਾਜਿਕ-ਸਾਮਰਾਜਵਾਦ ਅਤੇ ਉਨ੍ਹਾਂ ਦੀਆਂ ਚੌਧਰਪੁਣੇ ਦੀਆਂ ਸਕੀਮਾਂ ਦੀ ਮੁਖਾਲਫਿਤ ਕਰਦੇ ਹਨ।

ਇਨਕਲਾਬ, ਸਮਾਜਵਾਦ, ਅਤੇ ਲੋਕਾਂ ਦੇ ਹਿੱਤਾਂ ਦੀ ਵਫ਼ਾਦਾਰੀ ਨਾਲ ਸੇਵਾ ਕਰਦਿਆਂ, ਸਾਡੀ ਪਾਰਟੀ ਪ੍ਰੋਲਤਾਰੀ ਅਤੇ ਉਨ੍ਹਾਂ ਸਭ ਲੋਕਾਂ ਦੀ ਹਮਾਇਤ ਕਰੇਗੀ ਜਿਹੜੇ ਦੋ ਮਹਾਂ-ਸ਼ਕਤੀਆਂ ਦੀ ਮੁਖਾਲਫ਼ਿਤ ਕਰਦੇ ਹਨ ਅਤੇ ਉਨ੍ਹਾਂ ਨੂੰ ਤਬਾਹ ਕਰਨਾ ਚਾਹੁੰਦੇ ਹਨ, ਪੂੰਜੀਵਾਦੀ ਅਤੇ ਸੋਧਵਾਦੀ ਬੁਰਜੂਆਜ਼ੀ ਦੇ ਖ਼ਿਲਾਫ਼ ਹਨ ਅਤੇ ਇਸ ਨੂੰ ਉਲਟਾਉਣਾ ਚਾਹੁੰਦੇ ਹਨ।

ਸੰਕਟ ਅਤੇ ਆਪਸੀ ਵਿਰੋਧਤਾਈਆਂ, ਆਪਣੇ ਮਿੱਤਰਾਂ ਨਾਲ ਵਿਰੋਧਤਾਈਆਂ ਅਤੇ ਲੋਕਾਂ ਨਾਲ ਵਿਰੋਧਤਾਈਆਂ ਵਿਚ ਫਸੀਆਂ ਹੋਈਆਂ ਮਹਾਂ-ਸ਼ਕਤੀਆਂ ਗਠ-ਜੋੜ ਦੇ ਨਵੇਂ ਢੰਗ ਲੱਭਣ, ਨਵੇਂ ਭੁਲੇਖੇ-ਪਾਊ ਸਿਧਾਂਤ ਘੜਨ, ਗੁਲਾਮੀ ਦੀਆਂ ਨਵੀਆਂ ਸਕੀਮਾਂ ਘੜਨ ਅਤੇ ਦੁਨੀਆਂ ਨੂੰ ਅਸਰ-ਰਸੂਖ ਦੇ ਨਵੇਂ ਖੇਤਰਾਂ ਅਤੇ ਮੰਡੀਆਂ ਵਿਚਕਾਰ ਮੁੜ ਤੋਂ ਵੰਡਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ।

ਦੁਨੀਆਂ ਵਿਚ ਪਹਿਲਾਂ ਕਦੇ ਵੀ ਅਜੇਹੀ ਪ੍ਰਚਾਰ ਮੁਹਿੰਮ ਅਤੇ ਡਿਪਲੋਮੈਟਿਕ ਨਿਖੇੜੇ ਨਹੀਂ ਸਨ ਜੋ ਅੱਜ ਸਾਮਰਾਜੀਏ ਅਤੇ ਸਮਾਜਿਕ ਸਾਮਰਾਜੀਏ ਕਰ ਰਹੇ ਹਨ, ਜਿਨ੍ਹਾਂ ਦਾ ਮਕਸਦ ਹੈ ਮਹਾਂ-ਸ਼ਕਤੀਆਂ ਦੀ ਚੌਧਰਪੁਣੇ ਅਤੇ ਪਸਾਰਵਾਦ ਦੀ ਨੀਤੀ ਤੇ ਪੋਚਾ ਫੇਰਨਾ, ਉਨ੍ਹਾਂ ਦੇ ਹਮਲਿਆਂ ਨੂੰ ਹੱਕੀ ਠਹਿਰਾਉਣਾ ਅਤੇ ਉਨ੍ਹਾਂ ਦੀਆਂ ਜੰਗੀ ਤਿਆਰੀਆਂ ਤੇ ਪਰਦਾ ਪਾਉਣਾ। ਪੂਰਬ ਅਤੇ ਪੱਛਮ, ਦੋਨਾਂ ਵਿਚ ਹੀ, ਸਾਮਰਾਜੀ ਅਤੇ ਸਮਾਜਿਕ ਸਾਮਰਾਜੀ ਆਗੂ ਦਾਇਰੇ ਇਹ ਪ੍ਰਚਾਰ ਕਰ ਰਹੇ ਹਨ ਕਿ ਮਨੁੱਖਤਾ "ਘਟ-ਤਣਾਓ" ਦੇ ਦੌਰ ਵਿਚ ਰਹਿ ਰਹੀ ਹੈ, ਕਿ "ਲਫ਼ਾਜ਼ੀ ਜੰਗ", ਦੋ ਮਹਾਂ-ਸ਼ਕਤੀਆਂ ਵਿਚਕਾਰ ਜੰਗ ਦਾ ਖ਼ਤਰਾ ਟਲ ਗਿਆ ਹੈ ਅਤੇ "ਸੁਲ੍ਹਾਨਾਮਾ", ਅਮਨਪੂਰਨ ਸਹਿਹੋਂਦ, "ਕੌਮਾਂਤਰੀ ਇਕਸੁਰਤਾ", "ਆਮ-ਸੁਰੱਖਿਆ", ਆਦਿਕ ਕਾਇਮ ਹੋ ਗਏ ਹਨ, ਕਿ ਖ਼ਤਰੇ ਟਲ ਗਏ ਹਨ ਅਤੇ ਜੰਗ ਦੇ ਨਾਂਸ਼ਕ ਬੱਦਲ ਖਿੰਡ ਗਏ ਹਨ। ਇਨ੍ਹਾਂ ਸੁਰੀਲੇ ਨਾਹਰਿਆਂ ਰਾਹੀਂ; ਮਹਾਂ-ਸ਼ਕਤੀਆਂ, ਅੰਤਰਰਾਸ਼ਟਰੀ ਬੁਰਜੂਆਜ਼ੀ ਅਤੇ ਪਿਛਾਖੜ, ਲੋਕਾਂ ਨੂੰ ਸ਼ਾਂਤ ਕਰਨਾ ਚਾਹੁੰਦੇ ਹਨ, ਉਨ੍ਹਾਂ ਵਲੋਂ ਵਿਰੋਧਤਾ ਨੂੰ ਕਮਜ਼ੋਰ ਕਰਨਾ ਅਤੇ ਆਪਣਾ ਸਾਮਰਾਜੀ ਕੰਟਰੋਲ ਅਤੇ ਦਬਦਬਾ ਕਾਇਮ ਕਰਨਾ ਚਾਹੁੰਦੇ ਹਨ।

ਲੋਕ-ਤੰਤਰੀ ਅਲਬਾਨੀਆਂ, ਜੰਗ ਨੂੰ ਰੋਕਣ ਅਤੇ ਅਮਨ ਦੀ ਰਾਖੀ ਦੇ ਅਧਾਰ ਜਾਂ ਸ਼ਰਤ ਦੇ ਤੌਰ ਤੇ "ਮਹਾਂ-ਸ਼ਕਤੀਆਂ ਵਿਚਕਾਰ ਸੰਤੁਲਿਨ" ਬਰਕਰਾਰ ਰੱਖਣ ਦੀ ਜ਼ਰੂਰਤ ਦੇ ਅਖੌਤੀ ਸਿਧਾਂਤ ਨੂੰ ਸਵੀਕਾਰ ਨਹੀਂ ਕਰਦਾ ਅਤੇ ਸ਼ਰੇਆਮ ਇਸ ਦੀ ਨਿਖੇਧੀ ਕਰਦਾ ਹੈ। ਇਹ ਕਥਿਤ ਸਥਿਰਤਾ ਅਤੇ ਸੁਰੱਖਿਆ ਵਾਸਤੇ "ਅਸਰ-

ਰਸੂਖ ਦੇ ਖੇਤਰਾਂ" ਨੂੰ ਬਰਕਰਾਰ ਰੱਖਣ ਦੀਆਂ ਸਾਮਰਾਜੀ ਧਾਰਨਾਵਾਂ; "ਸੀਮਤ ਖੁਦਮੁਖਤਾਰੀ" ਅਤੇ "ਪ੍ਰਸਪਰ ਨਿਰਭਰ ਦੁਨੀਆਂ", "ਵੰਡ ਨੂੰ ਮਿਟਾਉਣ" ਦੀਆਂ ਧਾਰਨਾਵਾਂ, ਬਲੈਕਮੇਲ ਦੀ ਨੀਤੀ, ਆਦਿ ਦਾ ਖੰਡਨ ਕਰਦਾ ਹੈ। ਮਾਸਕੋ ਅਤੇ ਵਾਸ਼ਿੰਗਟਨ ਵਿਚ ਘੜੇ ਗਏ ਇਨ੍ਹਾਂ ਅਖ਼ੌਤੀ "ਸਿਧਾਂਤਾਂ" ਦਾ ਮਕਸਦ ਹੈ ਇੱਕ ਗੋਡੇ-ਟੇਕੂ ਰਾਇ ਪੈਦਾ ਕਰਨਾ ਤਾਂ ਕਿ ਕੋਈ ਵੀ ਦੇਸ਼ ਜਾਂ ਕੌਮ ਇੱਕ ਜਾਂ ਦੂਜੀ ਮਹਾਂ-ਸ਼ਕਤੀ ਦੀ ਚੌਧਰ ਅਤੇ ਨਿਗਰਾਨੀ ਤੋਂ ਬਾਹਰ ਨਾ ਰਹੇ।

ਯੂਰਪ ਦਾ ਇਤਿਹਾਸ ਸਾਬਿਤ ਕਰਦਾ ਹੈ ਕਿ ਵੱਡੀਆਂ ਤਾਕਤਾਂ ਵਿਚਕਾਰ "ਤਾਕਤਾਂ ਦਾ ਸੰਤੁਲਨ" ਹਮੇਸ਼ਾ ਹੀ ਕੌਮੀ ਮੁਕਤੀ ਅਤੇ ਇਨਕਲਾਬੀ ਲਹਿਰਾਂ ਨੂੰ ਦਬਾਉਣ ਵਾਸਤੇ ਲੋਟੂ ਜਮਾਤਾਂ ਦੇ ਹੱਥਾਂ ਵਿਚ ਇੱਕ ਹਥਿਆਰ ਰਿਹਾ ਹੈ। ਇਸ ਸਿਸਟਮ ਨੂੰ ਗੜਬੜ ਦੀ ਹਾਲਤ ਵਿਚ ਮੁੜ-ਬਹਾਲ ਕਰਨ ਅਤੇ ਇਸ ਨੂੰ ਗੜਬੜ ਤੋਂ ਬਚਾਉਣ ਲਈ, ਇਸ ਸਿਸਟਮ ਦਾ ਮੁੱਖ ਹਥਿਆਰ ਦਖਲ-ਅੰਦਾਜ਼ੀ ਰਿਹਾ ਹੈ।

ਯੂਰਪ ਵਿਚ ਅਤੇ ਦੁਨੀਆਂ ਵਿਚ ਅਮਨ ਅਤੇ ਅੰਤਰਰਾਸ਼ਟਰੀ ਸੁਰੱਖਿਆ ਦੋ ਮਹਾਂ-ਸ਼ਕਤੀਆਂ ਵਿਚਕਾਰ "ਇੱਕਸੁਰਤਾ" ਅਤੇ "ਸੰਤੁਲਨ" ਕਰਕੇ ਨਹੀਂ ਹਾਸਲ ਕੀਤੇ ਜਾਂਦੇ, ਬਲਕਿ ਸਾਮਰਾਜੀ ਦਬਦਬਿਆਂ ਅਤੇ ਦਖਲ-ਅੰਦਾਜ਼ੀ ਖਿਲਾਫ ਘੋਲ ਰਾਹੀਂ, ਲੋਕਾਂ ਦੀਆਂ ਮੁਕਤੀ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਰਾਹੀਂ; ਕੌਮੀ ਆਜ਼ਾਦੀ ਅਤੇ ਖੁਦਮੁਖਤਾਰੀ ਦੀ ਮਜਬੂਤੀ ਰਾਹੀਂ, ਹਾਸਲ ਕੀਤੇ ਜਾਂਦੇ ਹਨ।

ਮਹਾਂ-ਸ਼ਕਤੀਆਂ ਵੱਡੇ ਪੈਮਾਨੇ ਤੇ ਹਥਿਆਰਾਂ ਦਾ ਵਪਾਰ ਚਲਾ ਰਹੀਆਂ ਹਨ ਜੋ ਇਸ ਸਮੇਂ ਵਿਚ ਸਭ ਤੋਂ ਫਾਇਦੇਮੰਦ ਧੰਦਾ ਬਣ ਰਿਹਾ ਹੈ। ਸਧਾਰਨ ਤੌਰ ਤੇ ਦੇਖਦਿਆਂ ਹੋ ਸਕਦਾ ਹੈ ਕਿ ਇਸ ਤਰ੍ਹਾਂ ਜਾਪੇ ਕਿ ਇਹ ਹਥਿਆਰ ਖ੍ਰੀਦਣ ਵਾਲੇ ਦੇਸ਼ਾਂ ਦੀ ਲੜਨ ਦੀ ਸਮਰੱਥਾ ਮਜਬੂਤ ਹੁੰਦੀ ਹੈ। ਪਰ ਦਰਅਸਲ, ਇਹ ਵਪਾਰ ਖ੍ਰੀਦਕਾਰਾਂ ਦੀ ਗਰਦਣ ਦੁਆਲੇ ਇੱਕ ਨਵਾਂ ਫੰਦਾ ਹੈ, ਉਨ੍ਹਾਂ ਦੇ ਹੱਥ-ਪੈਰ ਬੰਨ੍ਹਣ ਵਾਲੀਆਂ ਜੰਜੀਰਾਂ ਹਨ। ਸਿਰਫ ਏਨਾ ਹੀ ਨਹੀਂ ਕਿ ਇਹ ਹਥਿਆਰ ਵੇਚਣ ਵਾਲੇ ਦੇਸ਼ ਜਾਂ ਉਸਦੇ ਮਿੱਤਰ ਦੇਸ਼ਾਂ ਵਲੋਂ ਕਿਸੇ ਵੀ ਹਮਲੇ ਵਿਰੁੱਧ ਨਹੀਂ ਵਰਤੇ ਜਾ ਸਕਦੇ, ਬਲਕਿ, ਇਹ ਵੇਚਣ ਵਾਲੇ ਦੀ ਇਜਾਜ਼ਤ ਤੋਂ ਬਿਨ੍ਹਾਂ ਕਿਸੇ ਦੇ ਵੀ ਖਿਲਾਫ ਨਹੀਂ ਵਰਤੇ ਜਾ ਸਕਦੇ।

ਆਪਣੇ ਹਥਿਆਰਾਂ ਦੇ ਵਪਾਰ ਰਾਹੀਂ ਮਹਾਂ-ਸ਼ਕਤੀਆਂ ਛੋਟੇ ਅਤੇ ਦਰਮਿਆਨੇ ਮੁਲਕਾਂ ਵਿਚਕਾਰ ਹਥਿਆਰਾਂ ਦੀਆਂ ਦੌੜਾਂ ਨੂੰ ਉਤਸ਼ਾਹਿਤ ਕਰਦੀਆਂ ਹਨ, ਜੋ

ਕਿ ਗੁਆਂਢੀਆਂ ਵਿਚਕਾਰ ਝਗੜਿਆਂ ਅਤੇ ਫਸਾਦਾਂ ਦਾ ਕਾਰਨ ਬਣਦੀਆਂ ਹਨ, ਅਤੇ ਸਥਾਨਿਕ ਲੜਾਈਆਂ ਭੜਕਾਉਂਦੀਆਂ ਹਨ। ਇਹ ਇੱਕ ਅਜੇਹੀ ਚੀਜ਼ ਹੈ ਜੋ ਅਮਰੀਕਾ ਅਤੇ ਰੂਸ ਦੇ ਪਸਾਰਵਾਦ ਅਤੇ ਚੌਧਰਪੁਣੇ ਵਾਸਤੇ ਰਾਹ ਖੋਲ੍ਹਦੀ ਹੈ। ਹਥਿਆਰਾਂ ਦੇ ਵਪਾਰ ਰਾਹੀਂ, ਅਤੇ ਨਾਲੋ ਨਾਲ ਜੰਗ ਦੇ ਡਰ ਰਾਹੀਂ, ਜਿਸ ਨੂੰ ਉਹ ਇੱਕ ਤਾਕਤਵਰ ਪ੍ਰਚਾਰ ਰਾਹੀਂ ਵਿਕਸਤ ਕਰਦੀਆਂ ਹਨ, ਮਹਾਂ-ਸ਼ਕਤੀਆਂ ਖਾਸ ਤੌਰ ਤੇ ਅਫਰੀਕਾ, ਮਿਡਲ-ਈਸਟ, ਲਾਤੀਨੀ ਅਮਰੀਕਾ ਅਤੇ ਏਸ਼ੀਆ ਵਿਚ ਘੁਸਣ ਦੇ ਯਤਨ ਕਰ ਰਹੀਆਂ ਹਨ।

ਇਨ੍ਹਾਂ ਦੇਸ਼ਾਂ ਵਿਚ ਅਮਰੀਕਾ ਅਤੇ ਰੂਸ ਆਪਸ ਵਿਚ ਖਹਿ ਰਹੇ ਹਨ। ਇਨ੍ਹਾਂ ਇਲਾਕਿਆਂ ਦੇ ਵੱਖ ਵੱਖ ਦੇਸ਼ਾਂ ਨੂੰ ਗੁਲਾਮ ਬਣਾਉਣ ਵਾਸਤੇ, ਉਹ ਕਥਿਤ ਤੌਰਤੇ ਮੁਕਤੀ ਦੀਆਂ ਹਿੱਤੂ ਜੁੰਡੀਆਂ ਪੈਦਾ ਕਰਦੇ ਹਨ ਅਤੇ ਉਨ੍ਹਾਂ ਨੂੰ ਤਾਕਤ ਵਿਚ ਲਿਆਉਂਦੇ ਹਨ, ਅਤੇ ਉਨ੍ਹਾਂ ਨੂੰ "ਪਾੜੋ ਅਤੇ ਰਾਜ ਕਰੋ" ਦੇ ਅਸੂਲ ਅਨੁਸਾਰ ਆਪਸ-ਵਿਚ ਲੜਾਉਂਦੇ ਹਨ। ਦਰਅਸਲ, ਚਾਹੇ ਇਹ ਅਮਰੀਕੀ ਸਾਮਰਾਜਵਾਦ ਹੋਵੇ ਜੋ ਸ਼ਰੇਆਮ ਜਾਂਗਲੀ ਢੰਗ ਵਰਤਦਾ ਹੈ, ਜਾਂ ਇਹ ਰੂਸੀ ਸਮਾਜਕ ਸਾਮਰਾਜਵਾਦ ਹੋਵੇ ਜੋ ਉਤਨਾ ਹੀ ਜਾਂਗਲੀ ਹੈ ਪਰ ਇਸਨੇ ਖੋਸੀ-ਸਮਾਜਵਾਦੀ ਪ੍ਰਚਾਰ ਦਾ ਬੁਰਕਾ ਚਾੜ੍ਹਿਆ ਹੋਇਆ ਹੈ, ਇਹ ਦੋਨੋਂ ਹੀ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਵਾਸਤੇ, ਵੱਖ ਵੱਖ ਦੇਸ਼ਾਂ ਵਿਚ ਨੇਵਲ ਅੱਡੇ ਕਾਇਮ ਕਰਨ ਵਾਸਤੇ ਫੌਜੀ ਗਠਜੋੜ ਕਾਇਮ ਕਰਨ ਵਾਸਤੇ, ਅਤੇ ਗੁਲਾਮੀ ਵਰਗੇ ਸਮਝੌਤੇ ਮਨਵਾਉਣ ਵਾਸਤੇ, ਲੋਕਾਂ ਦੇ ਸਬੰਧਾਂ ਨੂੰ ਵਿਗਾੜਦੇ ਹਨ, ਉਨ੍ਹਾਂ ਵਿਚਕਾਰ ਵਿਰੋਧਤਾਈਆਂ ਖੜੀਆਂ ਕਰਦੇ ਹਨ ਅਤੇ ਉਨ੍ਹਾਂ ਨੂੰ ਸ਼ਹਿ ਦਿੰਦੇ ਹਨ।

ਦੋ ਮਹਾਂ-ਸ਼ਕਤੀਆਂ ਦੀ ਇਸ ਨੀਤੀ ਦੀ ਇੱਕ ਬਹੁਤ ਹੀ ਨਮੂਨੇ ਦੀ ਮਿਸਾਲ ਮਿਡਲ-ਈਸਟ ਹੈ, ਜਿੱਥੇ ਮੁੱਖ ਸਵਾਲ ਤੇਲ ਦਾ ਹੈ। ਅਰਬ ਲੋਕਾਂ ਅਤੇ ਇਜ਼ਰਾਈਲ ਵਿਚਕਾਰ ਦੁਸ਼ਮਣੀ, ਅਰਬ ਦੇਸ਼ਾਂ ਦੀ ਆਪਣੀ ਹਾਲਤ ਜੋ ਕਿ ਇੱਕ ਦੂਜੇ ਨਾਲੋਂ ਟੁੱਟੇ ਹੋਏ ਹਨ ਅਤੇ ਮਤਭੇਦ ਰੱਖਦੇ ਹਨ, ਅਤੇ ਉਨ੍ਹਾਂ ਦੀ ਆਪਸੀ ਫੁੱਟ ਅਤੇ ਮਤਭੇਦਾਂ ਨੂੰ ਰੂਸੀ-ਅਮਰੀਕੀ ਸਾਜ਼ਸ਼ਾਂ ਹੋਰ ਤੇਜ਼ ਕਰ ਰਹੀਆਂ ਹਨ, ਇਹ ਸਭ ਮੁੱਖ ਸਵਾਲ, ਤੇਲ ਦੇ ਸਾਧਨਾਂ ਉੱਤੇ ਕਾਬੂ ਕਰਨ ਦੀਆਂ ਦੋ ਮਹਾਂ ਸ਼ਕਤੀਆਂ ਦੀਆਂ ਚਾਲਾਂ ਦਾ ਸਿੱਟਾ ਹਨ। ਇਸ ਦੌਲਤ ਦੇ ਬਦਲੇ ਅਰਬ ਲੋਕਾਂ ਦਾ ਖੂਨ ਡੋਲ੍ਹਿਆ ਗਿਆ ਹੈ ਅਤੇ ਡੋਲ੍ਹਿਆ ਜਾ ਰਿਹਾ ਹੈ। ਅਮਰੀਕੀ ਸਾਮਰਾਜ ਅਰਬ ਦੁਨੀਆਂ ਵਿਚ ਫੁੱਟ ਨੂੰ ਬਰਕਰਾਰ ਰੱਖਣ ਵਾਸਤੇ ਇਜ਼ਰਾਈਲ ਦੀ ਸ਼ਰੇਆਮ ਮੱਦਦ

ਕਰਦਾ ਹੈ। ਰੂਸ ਅਰਬ ਲੋਕਾਂ ਨੂੰ ਹਥਿਆਰ ਵੇਚਕੇ ਕਥਿਤ ਤੌਰ ਤੇ ਉਨ੍ਹਾਂਦੀ ਮੱਦਦ ਕਰਦਾ ਹੈ, ਜਦਕਿ ਇਹ ਵੱਡੀ ਤਾਦਾਦ ਵਿਚ ਰੂਸੀ ਯਹੂਦੀਆਂ ਨੂੰ ਇਜ਼ਰਾਈਲ ਵਿਚ ਭੇਜ ਰਿਹਾ ਹੈ ਜਿੱਥੇ ਉਹ ਅਰਬ ਲੋਕਾਂ ਦੇ ਖਿਲਾਫ ਤੋਪਾਂ ਦੇ ਚਾਰੇ ਦੇ ਤੌਰ ਤੇ ਵਰਤੇ ਜਾਂਦੇ ਹਨ।

ਇਸਦੇ ਨਾਲ ਨਾਲ, ਮਹਾਂ-ਸ਼ਕਤੀਆਂ ਇੱਕ-ਦੂਜੀ ਨੂੰ ਬਾਹਰ ਕੱਢਣ ਦੀ ਵੀ ਕੋਸ਼ਿਸ਼ ਕਰ ਰਹੀਆਂ ਹਨ। ਆਪਣੇ ਸ਼ਰੇਆਮ ਇਜ਼ਰਾਈਲ-ਪੱਖੀ ਹੋਣ ਦੇ ਨਾਲ ਨਾਲ, ਅਮਰੀਕਾ ਨਾ ਸਿਰਫ ਸਾਊਦੀ ਅਰਬ ਅਤੇ ਖਾੜੀ ਫਾਰਸ ਦੇ ਦੇਸ਼ਾਂ ਨਾਲ ਆਪਣੇ ਹਿੱਤਾਂ ਵਾਸਤੇ ਦੋਸਤੀ ਕਾਇਮ ਰੱਖਣ ਵਿਚ ਹੀ ਕਾਮਯਾਬ ਹੋਇਆ, ਬਲਕਿ ਇਹ ਇਸ ਇਲਾਕੇ ਵਿਚ ਰੂਸੀ ਪੁਜ਼ੀਸ਼ਨਾਂ ਉਤੇ ਸੱਟ ਮਾਰਨ ਵਿਚ ਵੀ ਸਫਲ ਰਿਹਾ। ਮਿਸਰ ਵਲੋਂ ਮਿਸਰ-ਰੂਸ ਸੰਧੀ ਦੀ ਨਿਖੇਧੀ ਅਤੇ ਰੂਸ ਦੇ ਸਮੁੰਦਰੀ ਫੌਜੀ ਬੇੜੇ ਨੂੰ ਆਪਣੀਆਂ ਬੰਦਰਗਾਹਾਂ ਵਿਚੋਂ ਕੱਢਣਾ, ਰੂਸੀ ਸਮਾਜਿਕ ਸਾਮਰਾਜ-ਵਾਦ ਵਾਸਤੇ ਇੱਕ ਹਾਰ ਹੈ ਨਾ ਕਿ ਜਿੱਤ।

ਹੁਣ ਇਸ ਇਲਾਕੇ ਵਿਚ ਅਮਰੀਕਣਾਂ ਦੀ ਲੱਤ ਉਤੇ ਹੈ। ਇਹ ਠੀਕ ਹੈ, ਕਿ ਰੂਸ ਚੁੱਪ ਕਰਕੇ ਸਿਰ ਸੁੱਟ ਕੇ ਨਹੀਂ ਬੈਠਾ। ਕਿਸੇ ਹੋਰ ਅਰਬ ਦੇਸ਼ ਵਿਚ ਆਪ-ਣੀਆਂ ਪੁਜ਼ੀਸ਼ਨਾਂ ਨੂੰ ਬਰਕਰਾਰ ਰੱਖ ਕੇ, ਜਾਂ ਨਵੇਂ "ਦੋਸਤਾਂ" ਨਾਲ ਯਾਰੀ ਪਾ ਕੇ ਕੋਈ ਨਵਾਂ ਭਰੋਸੇਯੋਗ ਅਧਾਰ ਲੱਭ ਕੇ, ਇਹ ਮਿਸਰ ਵਿਚ ਪਏ ਘਾਟੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਅਫਰੀਕਣ ਮਹਾਂਦੀਪ ਉਤੇ, ਦੋ ਮਹਾਂ-ਸ਼ਕਤੀਆਂ ਵਿਚਕਾਰ ਘੋਲ ਅਜੇ ਸ਼ੁਰੂ ਹੀ ਹੋਇਆ ਹੈ ਅਤੇ ਇਹ ਖਤਮ ਹੋਣ ਤੋਂ ਅਜੇ ਬਹੁਤ ਦੂਰ ਹੈ। ਅਮਰੀਕੀ ਸਾਮਰਾਜ ਨੇ ਬਹੁਤ ਦੇਰ ਪਹਿਲਾਂ ਉਥੇ ਆਪਣੇ ਅੱਡੇ ਕਾਇਮ ਕਰ ਲਏ ਸਨ। ਉਥੇ ਇਸਦੇ ਸਾਮ-ਰਾਜੀ ਹਿੱਤ ਇਸਦੇ ਪੱਛਮੀ ਯੂਰਪੀਨ ਮਿੱਤਰਾਂ ਦੇ ਹਿੱਤਾਂ ਨਾਲ ਬੱਝੇ ਹੋਏ ਹਨ, ਅਤੇ ਇਹ ਰੂਸ ਵਲੋਂ ਇਸ ਇਲਾਕੇ ਵਿਚ ਘੁਸਣ ਦੇ ਰਾਹ ਵਿਚ ਇੱਕ ਤਾਕਤਵਰ ਰੁਕਾਵਟ ਹਨ।

ਅੰਗੋਲਾ ਦੀਆਂ ਘਟਨਾਵਾਂ ਨੂੰ ਰੂਸ ਦੀ ਇੱਕ ਵੱਡੀ "ਸਫਲਤਾ" ਦੇ ਤੌਰ ਤੇ ਪ੍ਰਚਾਰਿਆ ਜਾ ਰਿਹਾ ਹੈ, ਅਤੇ ਇਹ ਇੱਕ ਅਜੇਹੀ ਚੀਜ਼ ਹੈ ਜੋ ਰੂਸ ਨੂੰ ਲੋਕਾਂ ਦਾ ਮੁਕਤੀਦਾਨ ਹੋਣ ਦਾ ਬੁਰਕਾ ਚਾੜ੍ਹਨ ਵਿਚ ਮੱਦਦ ਕਰਦੀ ਹੈ। ਇਹ ਅਮਰੀਕੀ ਸਾਮਰਾਜਵਾਦ ਅਤੇ ਸੰਸਾਰ ਪੂੰਜੀਵਾਦ ਨੂੰ ਵੀ ਕਮਿਊਨਿਸਟ-ਵਿਰੋਧੀ ਪ੍ਰਚਾਰ ਕਰਨ ਅਤੇ ਜੰਗ ਦੇ ਖਤਰੇ ਦਾ ਸਹਿਮ ਪੈਦਾ ਕਰਨ ਵਿਚ ਮਦਦ ਕਰਦੀ ਹੈ,

ਭਾਵੇਂ ਕਿ ਇਸ ਨਾਲ ਕਮਿਊਨਿਜ਼ਮ ਦਾ ਕੋਈ ਵੀ ਵਾਸਤਾ ਨਹੀਂ ਹੈ। ਅਫਰੀਕਣ ਲੋਕਾਂ ਦਾ ਮੌਜੂਦਾ ਘੋਲ ਦੋ ਮਹਾਂ-ਸ਼ਕਤੀਆਂ ਵਲੋਂ ਦਖਲ-ਅੰਦਾਜ਼ੀ ਅਤੇ ਲੁੱਟ ਦੇ ਖਿਲਾਫ ਬਗਾਵਤ ਹੈ।

ਵੱਡੀਆਂ ਸਾਮਰਾਜੀ ਤਾਕਤਾਂ ਲੋਕਾਂ ਅਤੇ ਅਫਰੀਕਣ ਦੇਸ਼ਾਂ ਦੀਆਂ ਆਰਥਕ ਅਤੇ ਸਮਾਜਿਕ ਕਠਨਾਈਆਂ ਦੀਆਂ ਹਾਲਤਾਂ ਤੋਂ ਵੱਧ ਤੋਂ ਵੱਧ ਫਾਇਦਾ ਉਠਾ-ਉਣ ਦੀ ਕੋਸ਼ਿਸ਼ ਕਰਦੀਆਂ ਹਨ। ਉਹ ਹਜ਼ਾਰਾਂ ਸਾਜ਼ਿਸ਼ਾਂ ਘੜਦੀਆਂ ਹਨ। ਇਨ੍ਹਾਂ ਬੇਅੰਤ ਸਾਜ਼ਿਸ਼ਾਂ ਦਾ ਮਕਸਦ ਇਸ ਮਹਾਂਦੀਪ ਵਿਚ ਆ ਰਹੀ ਜਾਗ੍ਰਤੀ ਨੂੰ ਰੋਕਣਾ ਹੈ, ਜਿਸ ਮਹਾਂਦੀਪ ਦੇ ਲੋਕ ਸਦੀਆਂ ਤੋਂ ਕੰਗਾਲੀ ਵਿਚ ਰਹੇ ਹਨ ਪਰ ਜ਼ਿਨ੍ਹਾਂ ਦਾ ਇੱਕ ਪੁਰਾਤਨ ਸੱਭਿਆਚਾਰ ਹੈ, ਜਿਨ੍ਹਾਂ ਕੋਲ ਨਵੀਂ ਤਾਕਤ ਹੈ, ਜਿਸਨੂੰ ਕਿ ਸੋਮਪਰਾਜੀਏ, ਸਮਾਜਿਕ ਸਾਮਰਾਜੀਏ ਅਤੇ ਸੰਸਾਰ-ਪੂੰਜੀਵਾਦ ਉਨੱਤੀ, ਆਜ਼ਾਦੀ, ਖੁਦਮੁਖਤਾਰੀ ਅਤੇ ਇਨ੍ਹਾਂ ਦੇਸ਼ਾਂ ਦੀ ਪੂਰਨ ਆਜ਼ਾਦੀ ਦੇ ਸਹੀ ਰਾਹ ਤੇ ਨਹੀਂ ਪੈਣ ਦੇਣਾ ਚਾਹੁੰਦੇ।

ਸਾਡੀ ਪਾਰਟੀ ਦੀ ਇਹ ਰਾਇ ਹੈ ਕਿ ਚਾਹੇ ਮਹਾਂ-ਸ਼ਕਤੀਆਂ ਰਲਕੇ ਕੰਮ ਕਰਦੀਆਂ ਹਨ ਜਾਂ ਆਪਿਸ-ਵਿਚ ਝਗੜਦੀਆਂ ਹਨ, ਦੋਨਾਂ ਹਾਲਤਾਂ ਵਿਚ ਹੀ, ਇਸਦੀ ਕੀਮਤ ਹੋਰਾਂ ਨੂੰ ਅਦਾ ਕਰਨੀ ਪੈਂਦੀ ਹੈ। ਦੋ ਮਹਾਂ-ਸ਼ਕਤੀਆਂ ਵਿਚਕਾਰ ਗਠਜੋੜ ਅਤੇ ਵੈਰ, ਇੱਕੋ ਵਿਰੋਧਵਾਦੀ ਸਚਾਈ ਦੇ ਹੀ ਦੋ ਪਾਸੇ ਹਨ, ਇਹ ਲੋਕਾਂ ਦੀ ਆਜ਼ਾਦੀ ਲੁੱਟਣ ਅਤੇ ਦੁਨੀਆਂ ਨੂੰ ਗੁਲਾਮ ਬਣਾਉਣ ਦੀ ਉਸੇ ਸਾਮ-ਰਾਜੀ ਨੀਤੀ ਦਾ ਇਜ਼ਹਾਰ ਹਨ। ਇਹ ਦੋਨੋਂ ਇੱਕੋ-ਜਿੰਨੀਆਂ ਹੀ ਖਤਰਨਾਕ ਹਨ, ਇਸ ਵਾਸਤੇ, ਦੋ ਮਹਾਂ-ਸ਼ਕਤੀਆਂ ਲੋਕਾਂ ਦੀਆਂ ਮੁੱਖ ਅਤੇ ਸਭਤੋਂ ਵੱਡੀਆਂ ਦੁਸ਼ਮਣ ਹਨ। ਇਹੀ ਵਜ੍ਹਾ ਹੈ ਕਿ ਇੱਕ ਸਾਮਰਾਜਵਾਦ ਦੇ ਖਿਲਾਫ ਲੜਨ ਜਾਂ ਉਸ ਤੋਂ ਪਿੱਛਾ ਛੁਡਾਉਣ ਵਾਸਤੇ ਦੂਸੇ ਸਾਮਰਾਜਵਾਦ ਦਾ ਸਹਾਰਾ ਬਿਲਕੁੱਲ ਨਹੀਂ ਲੈਣਾ ਚਾਹੀਦਾ।

ਕੁੱਝ ਦੇਸ਼ ਹਨ, ਜਿਨ੍ਹਾਂ ਨੂੰ ਜਦੋਂ ਇੱਕ ਜਾਂ ਦੂਜੀ ਮਹਾਂ-ਸ਼ਕਤੀ ਦਾ ਖਤਰਾ ਹੋਵੇ ਤਾਂ ਉਹ ਅਮਰੀਕਾ ਜਾਂ ਰੂਸ ਵਲੋਂ ਫੌਜੀ ਸੁਰੱਖਿਆ ਦਾ ਸਹਾਰਾ ਲੈਂਦੇ ਹਨ। ਪਰ ਮਹਾਂ-ਸ਼ਕਤੀਆਂ ਵਲੋਂ ਫੌਜੀ ਸੁਰੱਖਿਆ ਇੱਕ ਖਿਆਲੀ-ਸੁਰੱਖਿਆ ਹੀ ਹੈ ਕਿਉਂ ਕਿ ਇਸਦਾ ਮਕਸਦ ਉਸ ਦੇਸ਼ ਨੂੰ ਇੱਕ ਪ੍ਰੋਟੈਕਟੋਰੇਟ ਵਿਚ ਬਦਲਣਾ ਹੁੰਦਾ ਹੈ। ਮਹਾਂ-ਸ਼ਕਤੀਆਂ ਦੀ "ਡੀਫੈਂਸ ਛਤਰੀ" ਹੇਠ ਪਨਾਹ ਲੈਣ ਦਾ ਮਤਲਬ ਹੈ ਉਨ੍ਹਾਂ ਨੂੰ ਸਿਆਸੀ ਅਤੇ ਆਰਥਿਕ ਰਿਆਇਤਾਂ ਦੇਣਾ, ਕੌਮੀ ਖੁਦਮੁਖਤਾਰੀ ਦੇ ਖੇਤਰ

ਵਿਚ ਰਿਆਇਤਾਂ ਦੇਣਾ ਅਤੇ ਅੰਦਰੂਨੀ ਅਤੇ ਬਦੇਸ਼ੀ ਮਾਮਲਿਆਂ ਵਿਚ ਫੈਸਲੇ ਕਰਨ ਵਿਚ ਬੰਦਸ਼ਾਂ ਨੂੰ ਸਹਾਰਨਾ।

ਲੋਕਾਂ ਨੂੰ ਰੂਸੀ ਸਮਾਜਿਕ ਸਾਮਰਾਜਵਾਦੀਆਂ ਵਲੋਂ ਪ੍ਰਚਾਰੇ ਜਾਂਦੇ ਅਖੌਤੀ "ਸਾਮਰਾਜਵਾਦ-ਵਿਰੋਧੀ ਮੋਰਚੇ" ਦੀ ਕੁੜਿੱਕੀ ਵਿਚ ਨਹੀਂ ਫਸਣਾ ਚਾਹੀਦਾ, ਜਿਸ ਰਾਹੀਂ ਰੂਸੀ ਸਮਾਜਿਕ ਸਾਮਰਾਜੀਏ ਉਨ੍ਹਾਂ ਸਭ ਲੋਕਾਂ ਨੂੰ ਫਸਾਉਣਾ ਚਾਹੁੰਦੇ ਹਨ ਜੋ ਅਮਰੀਕੀ ਸਾਮਰਾਜਵਾਦ ਦੀ ਮੁਖਾਲਫਿਤ ਕਰਦੇ ਹਨ ਅਤੇ ਉਸਦੇ ਖਿਲਾਫ ਲੜਦੇ ਹਨ। ਇਸ "ਮੋਰਚੇ" ਵਿਚ ਸ਼ਾਮਲ ਹੋਣ ਦਾ ਮਤਲਬ ਹੈ ਆਪਣੇ ਦੇਸ਼ ਦੇ ਉਚਤਮ ਹਿੱਤਾਂ ਦੀ ਕੁਰਬਾਨੀ ਦੇਣਾ, ਲੋਕਾਂ ਨੂੰ ਖਤਰੇ ਵਿਚ ਪਾਉਣਾ, ਸਮਾਜਿਕ ਸਾਮਰਾਜਵਾਦ ਦੇ ਚੁਹੇਤੇ ਬਣਨਾ ਅਤੇ ਉਸ ਦੀ ਹਵਸ ਵਿਚ ਤੋਪਾਂ ਦਾ ਚਾਰਾ ਬਣਨਾ। ਰੂਸ ਅਤੇ ਅਮਰੀਕਾ ਵਿਚਕਾਰ ਵਿਰੋਧਤਾਈ, ਕੋਈ ਸਮਾਜਵਾਦ ਅਤੇ ਸਾਮਰਾਜਵਾਦ ਵਿਚਕਾਰ ਵਿਰੋਧਤਾਈ ਨਹੀਂ; ਜਿਵੇਂ ਕਿ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੈ, ਬਲਕਿ ਇਹ ਦੋ ਵੱਡੀਆਂ ਸਾਮਰਾਜੀ ਤਾਕਤਾਂ ਵਿਚ-ਕਾਰ ਵਿਰੋਧਤਾਈ ਹੈ।

ਰੂਸੀ ਸੋਧਵਾਦੀਆਂ ਦੇ ਝੂਠੇ ਪ੍ਰਚਾਰ ਅਤੇ "ਸਾਮਰਾਜ ਦੀ ਵਿਰੋਧਤਾ" ਦੇ ਫਰੇਬੀ ਦਾਅ-ਪੇਚਾਂ ਦਾ ਖੰਡਨ ਕਰਨ ਦੇ ਨਾਲ ਨਾਲ ਅਮਰੀਕਾ ਅਤੇ ਦੁਨੀਆਂ ਭਰ ਦੀ ਅਜਾਰੇਦਾਰ ਬੁਰਜੂਆਜ਼ੀ ਦੇ "ਸਮਾਜਿਕ ਸਾਮਰਾਜ ਦੀ ਵਿਰੋਧਤਾ" ਦੇ ਝੂਠੇ ਪ੍ਰਚਾਰ ਦਾ ਵੀ ਖੰਡਨ ਕਰਨਾ ਜਰੂਰੀ ਹੈ। ਲੋਕ, ਰੂਸ ਅਤੇ ਅਮਰੀਕਾ ਦੀ ਦੁਸ਼ਮਣੀ ਦਾ ਸ਼ਿਕਾਰ ਬਣਨਾ ਅਤੇ ਉਨ੍ਹਾਂ ਦੀਆਂ ਸਾਮਰਾਜੀ ਚਾਲਾਂ ਵਿਚ ਸ਼ਤਰੰਜ ਦੇ ਪਿਆਦੇ ਬਣਨਾ ਕਦੀ ਵੀ ਸਵੀਕਾਰ ਨਹੀਂ ਕਰ ਸਕਦੇ।

ਅੱਜਕਲ੍ਹ ਬੁਰਜੂਆ ਅਤੇ ਸੋਧਵਾਦੀ ਪ੍ਰਚਾਰਕ "ਸੁਰੱਖਿਅਤ ਸੁਹੱਦਾਂ", "ਤਾਕਤ ਦੀ ਵਰਤੋਂ ਦੀ ਨਿਖੇਧੀ", "ਅਮਨਪੂਰਨ ਸਹਿਯੋਗ" ਆਦਿ ਬਾਰੇ ਬੜਾ ਸ਼ੋਰ ਮਚਾ ਰਹੇ ਹਨ ਅਤੇ ਹਿਲਸਿੰਕੀ ਕਾਨਫਰੰਸ ਨੂੰ ਇੱਕ ਨਮੂਨੇ ਦੇ ਤੌਰ ਤੇ ਪੇਸ਼ ਕਰ ਰਹੇ ਹਨ। ਸਾਡੀ ਪਾਰਟੀ ਨੇ ਯੋਗ ਵਕਤ ਤੇ, ਇਸ ਕਾਨਫਰੰਸ ਬਾਰੇ ਆਪਣੀ ਰਾਇ ਦਾ ਐਲਾਨ ਕਰ ਦਿੱਤਾ ਸੀ, ਕਿ ਇਹ ਇੱਕ "ਯੂਰਪ ਦੀ ਅਸੁਰਖਿਆ ਦੀ ਮੀਟਿੰਗ" ਹੈ। ਅਸੀਂ ਸ਼ੁਰੂ ਤੋਂ ਹੀ ਇਸਦੀ ਨਿਖੇਧੀ ਕੀਤੀ ਅਤੇ ਇਸ ਵਿਚ ਹਿੱਸਾ ਲੈਣ ਤੋਂ ਇਨਕਾਰ ਕੀਤਾ। ਅਸੀਂ ਘਟਨਾਵਾਂ ਦੇ ਮਾਰਕਸਵਾਦੀ-ਲੈਨਿਨਵਾਦੀ ਨਿਰੀ-ਖਣ ਦੇ ਅਧਾਰ ਤੇ ਅਜੇਹਾ ਕੀਤਾ। ਇਹ ਸਿਰਫ ਰੂਸੀ ਸੋਧਵਾਦੀਏ ਹੀ ਨਹੀਂ ਸਨ ਜੋ ਇਹ ਕਾਨਫਰੰਸ ਚਾਹੁੰਦੇ ਸਨ, ਬਲਕਿ ਅਮਰੀਕੀ ਸਾਮਰਾਜੀਏ ਵੀ

ਇਹ ਚਾਹੁੰਦੇ ਸਨ। ਉਹ ਇਸਨੂੰ, ਸੰਕਟ ਤੇ ਕਾਬੂ ਪਾਉਣ ਵਾਸਤੇ, ਇੱਕ ਸਾਹ ਲੈਣ ਦੀ ਜਗ੍ਹਾ ਦੇ ਤੌਰ ਤੇ, ਆਪਣੀ ਤਾਕਤ ਨੂੰ ਵਧਾਉਣ ਅਤੇ ਇੱਕਠੇ ਹੋਕੇ ਇਹ ਭੁਲੇਖਾ ਪ੍ਰਚਾਰਨ ਵਾਸਤੇ ਚਾਹੁੰਦੇ ਸਨ ਕਿ ਯੂਰਪ ਸੁਰੱਖਿਅਤ ਕੀਤਾ ਜਾ ਰਿਹਾ ਹੈ, ਕਿ ਰੂਸ ਇਸ ਤੇ ਹਮਲਾ ਨਹੀਂ ਕਰੇਗਾ ਕਿਉਂਕਿ ਅਮਰੀਕਾ ਇਸਦੀ ਰਾਖੀ ਕਰ ਰਿਹਾ ਹੋਵੇਗਾ। ਦਿਖਾਵੇ ਦੇ ਤੌਰ ਤੇ, ਮਹਾਂ-ਸ਼ਕਤੀਆਂ ਨੇ ਸਾਡੇ ਮਹਾਂਦੀਪ ਦੀ ਹਾਲਤ ਨੂੰ ਸਥਿਰ ਬਣਾਉਣਾ ਚਾਹਿਆ, ਖਾਸ ਤੌਰ ਤੇ ਪੂਰਬ ਅਤੇ ਪੱਛਮ ਦੇ ਦੋ ਧੜਿਆਂ ਵਿਚਕਾਰ ਸਬੰਧਾਂ ਨੂੰ।

ਹਿਲਸਿੰਕੀ ਕਾਨਫਰੰਸ ਇੱਕ ਹਾਸੇ ਵਾਲਾ ਡਰਾਮਾ ਸੀ ਜਿਸ ਵਿਚ ਮੁੱਖ ਪਾਤਰ ਰੂਸ ਅਤੇ ਅਮਰੀਕਾ ਸਨ। ਬਾਕੀ ਹਿੱਸਾ ਲੈਣ ਵਾਲਿਆਂ ਨੂੰ ਨਾ ਪਹਿਲਾਂ ਅਤੇ ਨਾ ਹੀ ਬਾਅਦ ਵਿਚ ਇਹ ਇਤਬਾਰ ਸੀ ਕਿ ਇਸ ਕਾਨਫਰੰਸ ਦਾ ਕੋਈ ਫਾਇਦਾ ਹੋ ਸਕਦਾ ਹੈ। ਪੁੱਟਿਆ ਪਹਾੜ ਨਿਕਲਿਆ ਚੂਹਾ। ਪੁਰਾਣੀ ਹਾਲਤ ਵਿਚ ਕੋਈ ਵੀ ਤਬਦੀਲੀ ਨਹੀਂ ਹੋਈ, ਸਿਰਫ ਇਸ ਤੋਂ ਸਿਵਾਏ ਕਿ ਸਿਆਸੀ ਅਤੇ ਵਿਚਾਰਧਾਰਕ ਮਹੌਲ ਵਿਚ ਜਿਉਂ ਦੀ ਤਿਉਂ(ਸਥਾਈ) ਹਾਲਤ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ, ਅਲਬਾਨੀਆ ਤੋਂ ਬਿਨਾਂ, ਯੂਰਪ ਦੇ ਬਾਕੀ ਦੇਸ਼ਾਂ ਵਿਚਕਾਰ ਵਧੇਰੇ ਵਿਕਸਤ ਆਰਥਿਕ ਸਹਿਯੋਗ ਸਥਾਪਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਸਾਰੀਆਂ ਦਿਸ਼ਾਵਾਂ ਵਿਚ, ਸਿਰਫ ਇਹੀ ਨਹੀਂ ਕਿ ਜਿਉਂ ਦੀ ਤਿਉਂ ਹਾਲਤ ਹੀ ਪੱਕੀ ਨਾ ਹੋਈ, ਬਲਕਿ ਨਵੇਂ ਝਗੜੇ ਸ਼ੁਰੂ ਹੋਏ ਹਨ, ਜਿਵੇਂ ਕਿ ਗਰੀਸ ਅਤੇ ਟਰਕੀ ਵਿਚਕਾਰ।

"ਹਿਲਸਿੰਕੀ ਤੋਂ ਬਾਅਦ ਇੱਕ ਅਮਨਪੂਰਨ ਭਾਵਨਾ"ਦਾ ਕਰਿਮਲਿਨ ਦੇ ਮੁੱਖੀਆਂ ਦਾ ਢੋਲ-ਢਮੱਕਾ ਬਹੁਤ ਵਧ ਗਿਆ ਹੈ, ਪਰ ਇਸਦੇ ਨਾਲ ਨਾਲ ਰੂਸੀ ਨੇਵਲ ਬੇੜੇ ਦੀ ਗਸ਼ਤ ਵੀ ਵਧੀ ਹੈ, ਹੁਣ ਇਸ ਨੇ ਆਜ਼ਾਦੀ-ਪਸੰਦ ਨੌਰਡਿਕ ਦੇਸ਼ਾਂ ਦੀ ਸਮੁੰਦਰੀ ਖੁਦਮੁਖਤਾਰੀ ਦੀ ਬੜੀ ਹੈਂਕੜ ਨਾਲ ਉਲੰਘਣਾ ਕਰਨੀ ਅਤੇ ਉਤੱਰ ਦੇ ਸਭ ਸਮੁੰਦਰਾਂ ਉਤੇ ਆਪਣੀ ਚੌਧਰ ਕਾਇਮ ਕਰਨ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਹੈ।

ਜਿੱਥੋਂ ਤਕ ਯੂਰਪ ਨੂੰ ਇੱਕ ਸੰਸਾਰ ਜੰਗ ਦੇ ਖਿਲਾਫ ਸੁਰੱਖਿਅਤ ਬਣਾਉਣ ਦਾ ਤੁਅੱਲਕ ਹੈ, ਇਸ ਪਾਸੇ ਕੋਈ ਕਦਮ ਨਹੀਂ ਚੁੱਕੇ ਗਏ। ਹੋਰ, ਇਹ ਗੱਲ ਹੈ ਹੀ ਅਸੰਭਵ, ਕਿਉਂਕਿ ਨਾ ਹੀ ਪੂਰਬ ਅਤੇ ਨਾ ਹੀ ਪੱਛਮ ਆਪਣੇ ਆਪਨੂੰ ਬੇਹਥਿਆਰ ਕਰ ਸਕਦੇ ਹਨ, ਉਹ ਇਸ ਦਿਸ਼ਾ ਵਿਚ ਰੱਤਾ ਜਿੰਨੀ ਵੀ ਕੋਸ਼ਿਸ਼ ਨਹੀਂ

ਕਰ ਸਕਦੇ ਕਿਉਂਕਿ ਇਸ ਨਾਲ ਰੂਸ ਅਤੇ ਅਮਰੀਕਾ, ਦੋਨਾਂ ਨੂੰ ਹੀ, ਨੁਕਸਾਨ ਹੋਵੇਗਾ। ਇਹ ਦੋਨੋਂ ਸਾਮਰਾਜੀ ਤਾਕਤਾਂ ਸਿਰਫ ਜੰਗ ਵਾਸਤੇ ਆਪਣੇ ਘਾਤਕ ਹਥਿਆਰਾਂ ਅਤੇ ਪ੍ਰਮਾਣੂ ਹਥਿਆਰਾਂ ਵਿਚ ਵਾਧਾ ਕਰਨ ਦੀਆਂ ਕੋਸ਼ਿਸ਼ਾਂ ਦੇ ਸਿਵਾਏ ਹੋਰ ਕੁੱਝ ਨਹੀਂ ਕਰ ਰਹੀਆਂ। ਸਾਲਟ ਮੀਟਿੰਗਾਂ ਦਾ ਵੀ ਕੋਈ ਸਿੱਟਾ ਨਹੀਂ ਨਿਕਲਿਆ, ਉਹ ਦਲਦਲ ਵਿਚ ਫਸੀਆਂ ਹੋਈਆਂ ਹਨ। ਵਿਚਾਰ-ਵਟਾਂਦਰੇ ਵਿਚ ਸ਼ਾਮਲ ਧੜੇ ਸਿਰਫ ਫਜ਼ੂਲ ਗੱਲ ਵਿਚ ਵਕਤ ਜ਼ਾਇਆ ਕਰ ਰਹੇ ਹਨ।

ਮਹਾਂ-ਸ਼ਕਤੀਆਂ ਦੀ ਨਿਸ਼ਸਤਰੀਕਰਣ ਦੀ ਮੁਹਿੰਮ, ਉਨ੍ਹਾਂ ਦੀਆਂ ਬੇਅੰਤ ਸਕੀਮਾਂ ਅਤੇ ਪਲਾਨ, ਸਾਲਾਂ ਤੋਂ ਚਲ ਰਹੀਆਂ ਕਾਨਫਰੰਸਾਂ ਅਤੇ ਮੀਟਿੰਗਾਂ, ਆਦਿ ਸਭ ਕੁੱਝ, ਸਿਰਫ ਉਨ੍ਹਾਂ ਦੇ ਆਪਣੇ ਹਥਿਆਰਾਂ ਦੇ ਵਾਧੇ ਤੇ ਪਰਦਾ ਪਾਉਣ ਦਾ ਹੀ ਇੱਕ ਫਰੇਬ ਹਨ। ਉਨ੍ਹਾਂ ਦਾ ਮਕਸਦ ਹੈ ਹੋਰ ਦੇਸ਼ਾਂ ਤੇ ਇਹ ਦਬਾਓ ਪਾਉਣਾ ਕਿ ਉਹ ਅਮਰੀਕਾ ਅਤੇ ਰੂਸ ਦੀ ਪ੍ਰਮਾਣੂ ਅਤੇ ਹੋਰ ਆਧੁਨਿਕ ਹਥਿਆਰਾਂ ਉਤੇ ਅਜਾਰੇਦਾਰੀ ਨੂੰ ਚੁੱਪ-ਚਾਪ ਸਹਾਰਨ ਅਤੇ ਸਵੀਕਾਰ ਕਰਨ, ਅਤੇ ਉਨ੍ਹਾਂ ਵਲੋਂ ਘਾਤਕ ਹਥਿਆਰਾਂ ਦੀ ਤਕਨੀਕ ਨੂੰ ਵਿਕਸਤ ਕਰਨ ਅਤੇ ਬੇਅੰਤ ਹਥਿਆਰ ਪੈਦਾ ਕਰਨ ਦੇ ਹੱਕ ਨੂੰ ਸਵੀਕਾਰ ਕਰਨ।

ਸਾਮਰਾਜੀਏ ਅਤੇ ਸਮਾਜਿਕ ਸਾਮਰਾਜੀਏ ਜਾਣਦੇ ਹਨ ਕਿ, ਆਪਣੇ ਅਸਲੇ ਦੇ ਭੰਡਾਰਾਂ ਅਤੇ ਆਧੁਨਿਕ ਹਥਿਆਰਾਂ ਦੇ ਉਤਪਾਦਨ ਉਤੇ ਆਪਣੀ ਅਜਾਰੇ-ਦਾਰੀ ਨੂੰ ਬਰਕਰਾਰ ਰੱਖਕੇ, ਉਹ ਆਪਣੀ ਬਲੈਕਮੇਲ ਅਤੇ ਧਮਕੀਆਂ ਨੂੰ, ਇਨ੍ਹਾਂ ਹਥਿਆਰਾਂ ਤੋਂ ਹੋਰਨਾਂ ਵਿਚ ਪੈਦਾ ਹੋਣ ਵਾਲੇ ਸਹਿਮ ਨੂੰ, ਅਤੇ ਆਪਣੇ ਹਥਿ-ਆਰਾਂ ਦੇ ਸਥਾਈ ਦਬਦਬੇ ਨੂੰ ਬਰਕਰਾਰ ਰੱਖ ਸਕਦੇ ਹਨ।

ਜੰਗ ਅਤੇ ਅਮਨ ਦੇ ਮਸਲੇ ਹਮੇਸ਼ਾ ਹੀ ਦੁਨੀਆਂ ਦੇ ਲੋਕਾਂ, ਵਿਸ਼ਾਲ ਮੇਹਨਤਕਸ਼ ਲੋਕਾਂ ਦੇ ਦਿਮਾਗ ਵਿਚ ਰਹਿੰਦੇ ਹਨ। ਲੋਕ ਮਾਨਵਤਾ ਦੀ ਕਿਸੇ ਨਵੀਂ ਤਬਾਹੀ ਦੇ ਹੱਕ ਵਿਚ ਨਹੀਂ। ਖਤਰਾ ਸੱਚਾ ਹੈ। ਮਹਾਂ-ਸ਼ਕਤੀਆਂ ਇੱਕ ਸੰਸਾਰ ਜੰਗ ਵਾਸਤੇ ਤਿਆਰੀਆਂ ਕਰ ਰਹੀਆਂ ਹਨ। ਇਸ ਪੱਖ ਤੇ ਆਪਣੀ ਹਥਿਆਰਾਂ ਦੀ ਦੌੜ ਦੇ ਨਾਲ ਨਾਲ, ਮਹਾਂ-ਸ਼ਕਤੀਆਂ ਆਪਣੇ ਵਾਸਤੇ ਲਾਹੇਵੰਦ ਮਹੌਲ ਪੈਦਾ ਕਰਨ ਲਈ ਵੱਖ ਵੱਖ ਦੇਸ਼ਾਂ ਦੀਆਂ ਬੁਰਜੂਆ ਜੁੰਡੀਆਂ ਨੂੰ ਆਪਸ-ਵਿਚ ਲੜਾਉਂਦੇ ਹਨ, ਕੌਮਪ੍ਰਸਤੀ ਦੇ ਜਜ਼ਬਾਤਾਂ ਨੂੰ ਉਭਾਰ ਕੇ ਲੋਕਾਂ ਵਿਚ ਸਿਰਵੱਢ ਵੈਰ ਪਾਉਂਦੇ ਹਨ। ਮਹਾਂ-ਸ਼ਕਤੀਆਂ ਦੀਆਂ ਇਹ ਸਭ ਕਰਤੂਤਾਂ ਅਤੇ ਸਾਜ਼ਿਸ਼ੀ ਢੰਗ ਸਿੱਧੇ ਤੌਰ ਤੇ ਇੱਕ ਨਵੀਂ ਸੰਸਾਰ ਜੰਗ ਦਾ ਰਾਹ ਹਨ।

ਇਨ੍ਹਾਂ ਤਿਆਰੀਆਂ ਦੇ ਨਾਲ ਨਾਲ ਬਲੈਕਮੇਲ ਅਤੇ ਬਹੁਤ ਸਾਰੇ ਡਰਾਵੇ ਵੀ ਹਨ, ਜੋ ਅਮਰੀਕੀ ਸਾਮਰਾਜੀਆਂ, ਰੂਸੀ ਸਮਾਜਿਕ ਸਾਮਰਾਜੀਆਂ ਜਾਂ ਹੋਰ ਦੇਸ਼ਾਂ ਦੀ ਪੂੰਜੀਵਾਦੀ ਬੁਰਜੂਆਜ਼ੀ ਦਾ ਕੰਮ ਹਨ। ਉਨ੍ਹਾਂ ਨੇ ਇਹ ਰਾਇ ਪੈਦਾ ਕੀਤੀ ਹੈ ਕਿ ਭਵਿੱਖ ਦੀ ਜੰਗ, ਜਿਸ ਦੀਆਂ ਤਿਆਰੀਆਂ ਹੋ ਰਹੀਆਂ ਹਨ, ਅਤੇ ਜੋ ਇੱਕ ਜਾਂ ਦੂਜੀ ਮਹਾਂ-ਸ਼ਕਤੀ ਵਲੋਂ ਸ਼ੁਰੂ ਕੀਤੀ ਜਾਵੇਗੀ, ਇੱਕ ਤੇਜ਼ ਜੰਗ ਹੋਵੇਗੀ, ਏਨੀ ਛੋਟੀ ਕਿ ਰੂਸੀ ਸਮਾਜਿਕ ਸਾਮਰਾਜੀਏ ਤਿੰਨ ਜਾਂ ਚਾਰ ਦਿਨਾਂ ਵਿਚ ਸਾਰੇ ਯੁਗੋਸਲਾਵੀਆ ਉਤੇ ਕਬਜ਼ਾ ਕਰਨ ਵਿਚ ਕਾਮਯਾਬ ਹੋ ਜਾਣਗੇ (ਕਿਉਂਕਿ ਉਨ੍ਹਾਂ ਮੁਤਾਬਿਕ, ਅਲਬਾਨੀਆਂ ਤਾਂ ਸਿਰਫ "ਇੱਕੋ ਬੁਰਕੀ ਨਾਲ ਹੀ ਹੜੱਪ ਲਿਆ ਜਾਵੇਗਾ"!), ਅਤੇ ਇਸ ਤਰ੍ਹਾਂ ਰੂਸੀ ਟੈਂਕ ਦਸ ਦਿਨਾਂ ਦੇ ਅੰਦਰ ਅੰਦਰ ਐਟਲਾਂਟਿਕ ਦੇ ਪੂਰਬੀ ਕੰਢੇ ਤੇ, ਪੁਰਤਗਾਲ ਵਿੱਚ, ਪਹੁੰਚ ਜਾਣਗੇ! ਇਸ ਤਰ੍ਹਾਂ ਦੀਆਂ ਵੱਡੀਆਂ ਵੱਡੀਆਂ ਗਲਤ-ਫਹਿਮੀਆਂ ਮਹਾਂ-ਸ਼ਕਤੀਆਂ ਦੇ ਪ੍ਰਚਾਰਕ ਫੈਲਾ ਰਹੇ ਹਨ ਤਾਂ ਕਿ ਦੇਸ਼ਾਂ ਅਤੇ ਲੋਕਾਂ ਨੂੰ ਡਰਾਇਆ ਜਾ ਸਕੇ, ਉਨ੍ਹਾਂ ਦੀ ਸੁੱਰਖਿਆ ਨੂੰ ਕਮਜ਼ੋਰ ਕੀਤਾ ਜਾ ਸਕੇ, ਲੋਕਾਂ ਦੀ ਚੌਕਸੀ ਅਤੇ ਜਜ਼ਬਾਤਾਂ ਨੂੰ ਸੱਟ ਮਾਰੀ ਜਾ ਸਕੇ, ਅਤੇ ਆਜ਼ਾਦੀ ਅਤੇ ਖੁਦਮੁਖਤਾਰੀ ਦੀ ਰਾਖੀ ਵਾਸਤੇ ਲੜਨ ਦੇ ਉਨ੍ਹਾਂ ਦੇ ਇਨਕਲਾਬੀ ਜਜ਼ਬਾਤਾਂ ਨੂੰ ਖੋਖਲਾ ਕੀਤਾ ਜਾ ਸਕੇ। ਸਾਡੀ ਪਾਰਟੀ ਦੀ ਇਹ ਰਾਇ ਹੈ ਕਿ ਇਹ ਪ੍ਰਚਾਰ ਅਤੇ ਵਿਚਾਰ ਸਭ ਦੇਸ਼ਾਂ ਦੇ ਕੌਮੀ ਸਿਆਸੀ, ਆਰਥਿਕ ਅਤੇ ਫੌਜੀ ਜੀਵਨ ਉਤੇ ਸਾਮਰਾਜੀਆਂ ਅਤੇ ਸਮਾਜਿਕ ਸਾਮਰਾਜੀਆਂ ਦਾ ਕੰਟਰੋਲ ਅਤੇ ਚੌਧਰ ਕਾਇਮ ਕਰਨ ਵਾਸਤੇ ਵਿਸ਼ੇਸ਼ ਦਾਅ-ਪੇਚ ਹਨ। ਇਸ ਕਰਕੇ ਇਨ੍ਹਾਂ ਦੀ ਜ਼ਬਰਦਸਤ ਵਿਰੋਧਤਾ ਕਰਨੀ ਚਾਹੀਦੀ ਹੈ। ਜਿੱਥੋਂ ਤਕ "ਅਲਬਾਨੀਆਂ ਦੇ ਇੱਕੋ ਬੁਰਕੀ ਹੋਣ" ਦਾ ਤੁਅੱਲਕ ਹੈ— ਖਬਰਦਾਰ, ਭੱਦਰਪੁਰਸ਼ੋ, ਕਿਉਂਕਿ ਸਮਾਜਵਾਦੀ ਅਲਬਾਨੀਆਂ ਇੱਕ ਕਠੋਰ ਹੱਡੀ ਹੈ ਜੋ ਤੁਹਾਡੀ ਸੰਘੀ ਵਿਚ ਫਸ ਜਾਏਗੀ ਅਤੇ ਤੁਹਾਡਾ ਗਲਾ ਘੁੱਟ ਦੇਏਗੀ! ਅਗਰ ਰੂਸੀ ਸਮਾਜਕ ਸਾਮ-ਰਾਜੀਆਂ ਨੇ ਸਾਡੇ ਦੇਸ਼ ਦੇ ਖਿਲਾਫ ਕੋਈ ਅਜੇਹਾ ਹਮਲਾ ਕੀਤਾ ਤਾਂ ਉਨ੍ਹਾਂ ਨੂੰ ਇੱਕ ਘਾਤਕ ਹਾਰ ਦਾ ਮੂੰਹ ਦੇਖਣਾ ਪਏਗਾ।

ਇਹੀ ਗੱਲ ਅਮਰੀਕੀ ਸਾਮਰਾਜਵਾਦ ਵਾਸਤੇ ਵੀ ਸਹੀ ਹੈ। ਅਗਰ ਇਸ ਨੇ ਸਾਡੇ ਮੁਲਕ ਤੇ ਅਜੇਹਾ ਹਮਲਾ ਕਰਨ ਦਾ ਹੀਆ ਕੀਤਾ ਤਾਂ ਇਹ ਵੀ ਜਿੰਦਾ ਬਚਕੇ ਨਹੀਂ ਜਾਏਗਾ। ਵੀਤਨਾਮ ਅਤੇ ਕੰਬੋਡੀਆ ਵਿਚ ਇਸਦੀ ਹਾਰ ਦੇ ਸਬਕ ਅਜੇ ਕਾਫੀ ਤਾਜ਼ੇ ਹਨ।

ਹਰ ਦੇਸ਼ ਵਿਚ, ਉਸਦੀ ਆਜ਼ਾਦੀ ਅਤੇ ਖੁਦਮੁਖਤਾਰੀ ਮੁੱਖ ਤੌਰ ਤੇ ਉਸ ਵਲੋਂ ਅਪਣਾਏ ਗਏ ਸਟੈਂਡ ਤੇ ਨਿਰਭਰ ਹੈ ਕਿ ਕੀ ਤੁਸੀਂ ਆਜ਼ਾਦ ਰਹਿਣ ਅਤੇ ਆਪਣੇ ਪੈਰਾਂ ਤੇ ਖੜਨ ਦਾ ਫੈਸਲਾ ਕਰਦੇ ਹੋ, ਜਾਂ ਗੁਲਾਮਾਂ ਦੀ ਤਰ੍ਹਾਂ ਆਪਣੇ ਗੋਡੇ ਟੇਕਣ ਦਾ ਫੈਸਲਾ ਕਰਦੇ ਹੋ। ਜਦੋਂ ਤੁਸੀਂ ਆਜ਼ਾਦ ਰਹਿਣ ਲਈ ਦ੍ਰਿੜ ਹੋ ਅਤੇ ਲੜਨ ਵਾਸਤੇ ਤਿਆਰ-ਬਰ-ਤਿਆਰ ਹੋ, ਤਾਂ ਸਭ ਬਲੈਕਮੇਲ ਦਾ ਪਾਸਾ ਪੁੱਠਾ ਪੈ ਜਾਂਦਾ ਹੈ, ਤਾਕਤ ਵਧਦੀ ਹੈ, ਲੋਕਾਂ ਦਾ ਹੌਸਲਾ ਸਿਖਰਾਂ ਛੂੰਹਦਾ ਹੈ, ਅਤੇ ਦੁਸ਼ਮਣਾਂ ਲਈ ਤੁਹਾਡੇ ਉਤੇ ਹਮਲਾ ਕਰਨਾ ਨਿਹਾਇਤ ਮੁਸ਼ਕਲ ਹੋ ਜਾਂਦਾ ਹੈ। ਸਾਡੇ ਲੋਕਾਂ ਦੀ ਇਹੀ ਸੋਚਣੀ ਹੈ, ਅਤੇ ਉਹ ਇਹ ਵਿਚਾਰ ਨਿਧੜਕ ਤੌਰ ਤੇ ਕਿਸੇ ਵੀ ਦੁਸ਼ਮਣ ਨੂੰ ਪੇਸ਼ ਕਰਦੇ ਹਨ ਜਿਹੜਾ ਵੀ ਅਲਬਾਨੀਆਂ ਵੱਲ ਅੱਖ ਕਰਨ ਦਾ ਸੁਪਨਾ ਵੀ ਲੈਂਦਾ ਹੈ। ਸਾਡੇ ਲੋਕ ਕਦੇ ਵੀ ਕਿਸੇ ਤਾਕਤ ਤੋਂ ਨਹੀਂ ਡਰੇ ਅਤੇ ਨਾ ਹੀ ਡਰਦੇ ਹਨ, ਚਾਹੇ ਇਹ ਤਾਕਤ ਵੱਡੀ ਹੋਵੇ ਜਾਂ ਦਰਮਿਆਨੀ, ਜਾਂ ਕਿੰਨੇ ਵੀ ਹਥਿਆਰਾਂ ਨਾਲ ਲੈਸ ਹੋਵੇ। ਸਾਡੇ ਲੋਕ ਬਹਾਦਰੀ, ਸੂਝ ਅਤੇ ਆਪਣੇ ਸਭ ਸਾਧਨਾਂ ਰਾਹੀਂ ਅਤੇ ਇਸ ਦ੍ਰਿੜ ਭਰੋਸੇ ਨਾਲ ਲੜਨਗੇ ਕਿ ਉਹ ਕਿਸੇ ਵੀ ਧਾੜਵੀ ਨੂੰ ਹਰਾ ਦੇਣਗੇ। ਇਹ ਸਟੈਂਡ ਸਾਡੇ ਦੇਸ਼ ਦੀ ਨਿੱਗਰ ਸਚਾਈ, ਲੋਕਾਂ ਦੀ ਇਸਪਾਤੀ ਏਕਤਾ, ਅਤੇ ਹਰ ਕੀਮਤ ਤੇ ਮਾਤਭੂਮੀ ਦੀ ਆਜ਼ਾਦੀ ਅਤੇ ਖੁਦਮੁਖਤਾਰੀ ਅਤੇ ਸਮਾਜਵਾਦੀ ਉਸਾਰੀ ਦੀਆਂ ਮਹਾਨ ਜਿੱਤਾਂ ਦੀ ਰਾਖੀ ਕਰਨ ਦੇ ਸ਼ਾਨਦਾਰ ਮੰਤਵਾਂ ਉਤੇ ਅਧਾਰਤ ਹੈ। ਜੋ ਸਾਡੀ ਪਾਰਟੀ ਨੇ ਹਰ ਇੱਕ, ਬੁੱਢੇ ਅਤੇ ਨੌਜਵਾਨ, ਵਿਚ ਭਰੇ ਹਨ; ਇਹ ਸਮੁੱਚੇ ਬਹਾਦਰ ਲੋਕਾਂ ਦੀ ਜ਼ੋਰਦਾਰ ਫੌਜੀ ਸਿਖਲਾਈ ਅਤੇ ਅਲਬਾਨੀਆਂ ਦੀ ਧਰਤੀ ਦੀ ਨੁਹਾਰ ਉਤੇ ਅਧਾਰਤ ਹੈ। ਧਾੜਵੀਆਂ ਨੂੰ ਪਤਾ ਲੱਗੇਗਾ ਕਿ ਅਲਬਾਨੀਆਂ ਨੂੰ "ਪੈਰਾਂ ਹੇਠ ਮਸਲਣਾ" ਅਸੰਭਵ ਹੈ। ਇਸ ਦੇ ਉਲਟ, ਏਥੇ ਉਹ ਖੁਦ ਆਪਣੀ ਮੌਤ ਹੀ ਦੇਖਣਗੇ। ਦੁਸ਼ਮਣਾਂ ਨੂੰ ਇੱਕ ਗੱਲ ਦਾ ਅਸੀਂ ਭਰੋਸਾ ਦੇ ਸਕਦੇ ਹਾਂ ਕਿ ਉਹ ਕਦੇ ਵੀ ਸਾਡੀ ਧਰਤੀ ਤੇ ਪੈਰ ਨਹੀਂ ਧਰ ਸਕਦੇ, ਕਿ ਉਨ੍ਹਾਂ ਦੇ ਹਥਿਆਰ ਅਤੇ ਬੰਬ ਸਾਡੇ ਲੋਕਾਂ ਦੀ ਮਹਾਨ ਵਿਰੋਧਤਾ, ਬਹਾਦਰੀ ਦੇ ਜ਼ਜ਼ਬੇ, ਅਤੇ ਸ਼ਾਨਦਾਰ ਦੇਸ਼-ਭਗਤੀ ਦੀਆਂ ਭਾਵਨਾਵਾਂ ਨੂੰ ਕਦੇ ਵੀ ਝੁਕਾ ਨਹੀਂ ਸਕਣਗੇ

ਲੈਨਿਨ ਨੇ ਸਾਨੂੰ ਸਿਖਾਇਆ ਹੈ ਕਿ ਜੰਗ ਉਦੋਂ ਸ਼ੁਰੂ ਹੁੰਦੀ ਹੈ ਜਦ ਵਿਰੋਧਤਾਈਆਂ ਦੀ ਡੂੰਘਾਈ ਅਤੇ ਰੋਭ ਬਹੁਤ ਹੀ ਤੇਜ਼ ਸਤਹ ਤਕ ਪਹੁੰਚ ਜਾਂਦੀ ਹੈ, ਜਦ ਸਭ ਗੱਪਾਂ, ਪ੍ਰਚਾਰ ਅਤੇ "ਆਰਥਿਕ ਸੁਧਾਰ" ਇਸਨੂੰ ਰੋਕਣ ਦੇ ਨਾਕਾਬਿਲ ਹੋ ਜਾਂਦੇ ਹਨ। ਸਾਮਰਾਜੀਏ ਅਤੇ ਸਮਾਜਿਕ ਸਾਮਰਾਜੀਏ ਜੰਗ ਦੀਆਂ ਤਿਆ-

ਰੀਆਂ ਕਰ ਰਹੇ ਹਨ। ਪਰ ਉਹ ਮਨ-ਮਰਜ਼ੀ ਕਰਨ ਵਿਚ ਪੂਰੇ ਤੋਰ ਤੇ ਆਜ਼ਾਦ ਨਹੀਂ ਹਨ। ਕਈ ਤੱਤ ਇਸ ਮਸਲੇ ਤੇ ਆਪਣਾ ਅਸਰ ਪਾਉਂਦੇ ਹਨ। ਜੰਗ ਯੂਰਪ ਵਿਚ ਸ਼ੁਰੂ ਹੋ ਸਕਦੀ ਹੈ, ਏਸ਼ੀਆ ਵਿਚ, ਸਮਾਜਵਾਦੀ ਚੀਨ ਦੇ ਖਿਲਾਫ, ਵੀ ਸ਼ੁਰੂ ਹੋ ਸਕਦੀ ਹੈ, ਜਾਂ ਕਿਸੇ ਹੋਰ ਇਲਾਕੇ ਵਿਚ ਵੀ ਸ਼ੁਰੂ ਹੋ ਸਕਦੀ ਹੈ, ਜਿਵੇਂ ਕਿ ਮਿਡਲ-ਈਸਟ ਦੀ ਮਿਸਾਲ ਲੈ ਲਓ, ਜਿੱਥੇ ਅਨੇਕਾਂ ਵਿਰੋਧਤਾਈਆਂ ਉਲਝੀਆਂ ਹੋਈਆਂ ਹਨ, ਅਤੇ ਬਹੁਤ ਖਤਰਨਾਕ ਵਾਰਦਾਤਾਂ ਸ਼ੁਰੂ ਹੋ ਰਹੀਆਂ ਹਨ। ਕਿਸੇ ਵੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਮਹੱਤਵਪੂਰਨ ਗੱਲ ਇਹ ਹੈ ਕਿ ਲੋਕਾਂ ਨੂੰ ਮੁਕੱਦਰ ਉਤੇ ਯਕੀਨ ਦੇ ਭੁਲੇਖਿਆਂ ਵਿਚ ਨਹੀਂ ਫਸਣਾ ਚਾਹੀਦਾ, ਅਤੇ ਸੁਸਤ ਦਰਸ਼ਕ ਬਣਕੇ ਅਚਾਨਕ ਫੜੇ ਨਹੀਂ ਜਾਣਾ ਚਾਹੀਦਾ; ਉਨ੍ਹਾਂ ਨੂੰ ਭੈੜੀ ਤੋਂ ਭੈੜੀ ਸੰਭਾਵਨਾ ਵਾਸਤੇ ਤਿਆਰ-ਬਰ ਤਿਆਰ ਰਹਿਣਾ ਚਾਹੀਦਾ ਹੈ ਅਤੇ ਇਸ ਨੂੰ ਰੋਕਣ ਲਈ ਲੜਨਾ ਚਾਹੀਦਾ ਹੈ।

ਮਾਰਕਸਵਾਦ-ਲੈਨਿਨਵਾਦ ਸਾਨੂੰ ਸਿਖਾਉਂਦਾ ਹੈ ਕਿ ਸਾਮਰਾਜਵਾਦ ਅਤੇ ਧਾੜਵੀਆਂ ਨੂੰ ਲੋਕਾਂ ਦੇ ਇਨਕਲਾਬੀ ਅਤੇ ਮੁਕਤੀ ਘੋਲਾਂ ਰਾਹੀਂ ਕਮਜ਼ੋਰ ਕਰਨਾ ਚਾਹੀਦਾ ਹੈ। ਅਗਰ ਇੱਕ ਧਾੜਵੀ ਸਾਮਰਾਜੀ ਜੰਗ ਰੋਕੀ ਨਹੀਂ ਜਾ ਸਕਦੀ, ਤਾਂ ਇਸਨੂੰ ਇੱਕ ਮੁਕਤੀ ਜੰਗ ਵਿਚ ਤਬਦੀਲ ਕਰਨਾ ਇਨਕਲਾਬੀਆਂ ਅਤੇ ਪ੍ਰੋਲਤਾਰੀ ਦਾ ਕੰਮ ਹੈ।

ਇਹ ਗੱਲ ਲੋਕਾਂ ਦੇ ਦਿਲ ਵਿਚ ਬਿਠਾਉਣੀ ਚਾਹੀਦੀ ਹੈ ਕਿ ਇਨਕਲਾਬ ਅਤੇ ਦੁਨੀਆਂ ਦੀ ਪ੍ਰੋਲਤਾਰੀ ਦੇ ਦੁਸ਼ਮਣ, ਅਮਰੀਕੀ ਸਾਮਰਾਜਵਾਦ, ਰੂਸੀ ਸਮਾਜਿਕ ਸਾਮਰਾਜਵਾਦ ਅਤੇ ਹਰ ਦੇਸ਼ ਦੀ ਪਿਛਾਂਹਖਿਚੂ ਬੁਰਜੂਆਜ਼ੀ, ਹਨ। ਇਹ ਤਾਕਤਾਂ ਜਾਂਗਲੀ ਸੰਸਾਰ ਪੂੰਜੀਵਾਦ ਦੀਆਂ ਪ੍ਰਤੀਨਿੱਧ ਹਨ, ਜਿਸ ਦਾ ਸੋਮਾ ਹੈ ਲੋਕਾਂ ਦੀ ਵਹਿਸ਼ੀ ਲੁੱਟ। ਇਨ੍ਹਾਂ ਜਾਂਗਲੀ ਤਾਕਤਾਂ ਦੇ ਖਿਲਾਫ, ਇਨ੍ਹਾਂ ਦੀ ਵਿਚਾਰਧਾਰਾ ਅਤੇ ਕਈ ਕਿਸਮ ਦੀਆਂ ਜਥੇਬੰਦੀਆਂ ਦੇ ਖਿਲਾਫ, ਵੱਖ ਵੱਖ ਪਿਛਾਂਹਖਿਚੂ ਅਤੇ ਫਰੇਬੀ ਪਾਰਟੀਆਂ, ਟਰੱਸਟਾਂ ਅਤੇ ਮਲਟੀਨੈਸ਼ਨਲ ਕੰਪਣੀਆਂ ਤੋਂ ਲੈਕੇ ਉਨ੍ਹਾਂ ਦੇ ਛੋਟੇ ਤੋਂ ਛੋਟੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਗੁੱਟਾਂ ਤਕ ਦੇ ਖਿਲਾਫ, ਬੈਂਕਾਂ ਅਤੇ ਸਿਆਸੀ ਅਤੇ ਫੌਜੀ ਗੁੱਟਾਂ ਤੋਂ ਲੈਕੇ ਉਨ੍ਹਾਂ ਦੀਆਂ ਧਾੜਵੀ ਫੌਜਾਂ ਤਕ ਦੇ ਖਿਲਾਫ ਇੱਕ ਜ਼ਬਰਦਸਤ, ਲਗਾਤਾਰ ਅਤੇ ਦ੍ਰਿੜ ਘੋਲ ਅੰਤ ਤਕ ਚਲਾਉਣਾ ਚਾਹੀਦਾ ਹੈ, ਜਦ ਤਕ, ਆਖਿਰਕਾਰ, ਉਨ੍ਹਾਂ ਦੀ ਰਾਜਸੱਤਾ ਜੜ੍ਹਾਂ ਤਕ ਤਬਾਹ ਨਹੀਂ ਕਰ ਦਿੱਤੀ ਜਾਂਦੀ।

ਵਰਤਮਾਨ ਹਾਲਾਤ ਇਹ ਮੰਗ ਕਰਦੇ ਹਨ ਕਿ ਦੁਨੀਆਂ ਦੇ ਸਾਰੇ ਲੋਕ, ਸਾਰੇ ਅਗਾਂਹਵਧੂ ਲੋਕ ਜਿਨ੍ਹਾਂ ਨੇ ਆਪਣੀਆਂ ਕੌਮਾਂ ਦੇ ਸਹੀ ਅਤੇ ਮੁਕੰਮਲ ਹਿੱਤਾਂ ਵਾਸਤੇ ਲੜਨਾ ਆਪਣੇ ਘੋਲ ਅਤੇ ਜੀਵਨ ਦਾ ਨਿਸ਼ਾਨਾਂ ਬਣਾ ਲਿਆ ਹੈ, ਇਸ ਬੇਰਹਿਮ ਅਤੇ ਸਰਬ-ਪੱਖੀ ਘੋਲ ਨੂੰ ਅੱਗੇ ਵਧਾਉਣ। ਅਗਰ ਇਸ ਘੋਲ ਦੀ ਅਗਵਾਈ ਦੁਨੀਆਂ ਦੀ ਪ੍ਰੋਲਤਾਰੀ ਅਤੇ ਇਸਦਾ ਹਰਾਵਲ ਦਸਤਾ, ਮਾਰਕਸਵਾਦੀ-ਲੈਨਿਨ-ਵਾਦੀ ਸਿਧਾਂਤ ਤੇ ਚੱਲਣ ਵਾਲੀ ਕਮਿਊਨਿਸਟ ਪਾਰਟੀ, ਕਰਦੀ ਹੈ ਤਾਂ ਇਹ ਘੋਲ ਹੋਰ ਵੀ ਦ੍ਰਿੜ, ਅਰੁੱਕ ਅਤੇ ਜ਼ਬਰਦਸਤ ਹੋਵੇਗਾ।

ਸਾਮਰਾਜੀਆਂ ਅਤੇ ਸੋਸ਼ਲ ਸਾਮਰਾਜੀਆਂ ਦੀ ਗੂੜ੍ਹੀ ਮਿੱਤਰ ਹਰ ਦੇਸ਼ ਦੀ ਪਿਛਾਂਹ-ਖਿਚੂ ਬੁਰਜ਼ੁਆਜ਼ੀ ਹੈ ਜਿਨ੍ਹਾਂ ਉਤੇ ਉਹ ਆਪਣਾ ਅਸਰ ਪਾਉਂਦੇ ਹਨ। ਉਹ ਇਨ੍ਹਾਂ ਮਿੱਤਰਾਂ ਨੂੰ ਆਪਣਾ ਗੰਦਾ ਕੰਮ ਕਰਨ ਅਤੇ ਉਨ੍ਹਾਂ ਦੇ ਮੋਢੇ ਤੇ ਰੱਖਕੇ ਬੰਦੂਕ ਚਲਾਉਣ ਲਈ ਵਰਤਦੇ ਹਨ, ਇਸ ਲਈ ਉਹ ਉਨ੍ਹਾਂ ਨੂੰ ਪਲੋਸਦੇ ਅਤੇ ਹਥਿਆਰਾਂ ਨਾਲ ਲੈਸ ਕਰਦੇ ਹਨ ਤਾਂ ਕਿ ਸੰਸਾਰ ਜੰਗ ਵਿਚ ਉਨ੍ਹਾਂ ਨੂੰ ਇੱਕ ਤਕੜੀ ਤਾਕਤ ਦੇ ਤੌਰ ਤੇ ਵਰਤਿਆ ਜਾ ਸਕੇ, ਅਤੇ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਦੇ ਖਿਲਾਫ ਇਨਕਲਾਬ ਵਿਚ ਉਠੱਣ ਵਾਲੇ ਲੋਕਾਂ ਦੇ ਖਿਲਾਫ ਵਰਤਿਆ ਜਾ ਸਕੇ। ਇਸ ਕਰਕੇ, ਇਨ੍ਹਾਂ ਤਾਕਤਾਂ ਨੂੰ ਇੱਕ-ਦੂਜੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇੱਕ ਦਾ ਮੁਕਾਬਲਾ ਕਰਨ ਤੋਂ ਬਿਨਾਂ ਤੁਸੀਂ ਦੂਜੀ ਦਾ ਮੁਕਾਬਲਾ ਨਹੀਂ ਕਰ ਸਕਦੇ, ਅੰਦਰੂਨੀ ਪਿਛਾਂਹਖਿਚੂ ਤਾਕਤ ਦਾ ਸਫਾਇਆ ਕਰਨ ਤੋਂ ਬਿਨਾਂ ਤੁਸੀਂ ਬਦੇਸ਼ੀ ਦੁਸ਼ਮਣਾਂ ਦਾ ਮੁਕਾਬਲਾ ਨਹੀਂ ਕਰ ਸਕਦੇ ਅਤੇ ਜੰਗ ਨੂੰ ਨਹੀਂ ਰੋਕ ਸਕਦੇ। ਤੁਹਾਨੂੰ ਸਭ ਤੋਂ ਪਹਿਲਾਂ ਆਪਣੇ ਦੇਸ਼ ਵਿਚ ਮਹਾਂ-ਸ਼ਕਤੀਆਂ ਦਾ ਕਿਸੇਵੀ ਕਿਸਮ ਦਾ ਅੱਡਾ ਤਬਾਹ ਕਰਨਾ ਪਏਗਾ, ਕਿਉਂਕਿ ਇਸ ਤਰ੍ਹਾਂ ਤੁਸੀਂ ਦੁਨੀਆਂ-ਭਰ ਵਿਚ ਉਨ੍ਹਾਂ ਦੇ ਅਸਰ-ਰਸੂਖ ਅਤੇ ਤਾਕਤ ਨੂੰ, ਜੋ ਉਨ੍ਹਾਂ ਨੇ ਲੋਕਾਂ ਅਤੇ ਦੇਸ਼ਾਂ ਦੀ ਗੁਲਾ-ਮੀ ਦੇ ਸਿਰ ਤੇ ਕਾਇਮ ਕੀਤੀ ਹੈ, ਕਮਜ਼ੋਰ ਅਤੇ ਤਬਾਹ ਕਰਦੇ ਹੋ।

ਇਹ ਨਿਹਾਇਤ ਜ਼ਰੂਰੀ ਹੈ ਕਿ ਅਸੀਂ ਮਾਰਕਸਵਾਦੀਏ-ਲੈਨਿਨਵਾਦੀਏ, ਪ੍ਰੋਲ-ਤਾਰੀ ਅਤੇ ਇਸਦੇ ਗੂੜ੍ਹੇ ਮਿੱਤਰਾਂ, ਕਿਸਾਣੀ, ਮਿਹਨਤਕਸ਼ ਲੋਕਾਂ, ਅਗਾਂਹਵਧੂ ਅਤੇ ਦੇਸ਼-ਭਗਤ ਲੋਕਾਂ ਵਿਚ ਇਨਕਲਾਬੀ ਜ਼ਜ਼ਬਾਤ ਜਗਾਉਣ ਵਾਸਤੇ, ਸਖਤ ਕੰਮ ਕਰੀਏ। ਇਹ ਸਾਨੂੰ ਲਾਜ਼ਮੀ ਹੀ ਕਰਨਾ ਚਾਹੀਦਾ ਹੈ, ਕਿਉਂ ਕਿ ਸਭ ਦੁਸ਼ਮਣਾਂ ਵਿਚ-ਕਾਰ ਸਮਾਜਵਾਦ ਨੂੰ ਖਤਮ ਕਰਨ, ਇਨਕਲਾਬ ਨੂੰ ਠੱਲ੍ਹਣ ਅਤੇ ਲੋਕਾਂ ਨੂੰ ਗੁਲਾਮ ਕਰਨ ਵਾਸਤੇ ਮੁਕਾਬਲਾ ਚੱਲ ਰਿਹਾ ਹੈ।

ਸਾਨੂੰ ਲੋਕਾਂ ਦੀ ਲਾਮਬੰਦੀ ਅਤੇ ਤਾਕਤ ਉਤੇ, ਅਤੇ ਉਨ੍ਹਾਂ ਸਭਨਾਂ ਦੀ ਏਕਤਾ ਉਤੇ, ਟੇਕ ਰੱਖਣੀ ਚਾਹੀਦੀ ਹੈ, ਜਿਹੜੇ ਸਾਮਰਾਜੀ-ਸੋਧਵਾਦੀ ਜੂਲੇ ਨੂੰ ਲਾਹੁਣਾ ਚਾਹੁੰਦੇ ਹਨ। ਅਸੀਂ ਦੁਨੀਆਂ ਦੀ ਪ੍ਰੋਲਤਾਰੀ ਅਤੇ ਸਭ ਸਾਮਰਾਜ-ਵਿਰੋਧੀ ਅਤੇ ਤਰੱਕੀ-ਪਸੰਦ ਤਾਕਤਾਂ ਦੀ ਏਕਤਾ ਦੇ ਹੱਕ ਵਿਚ ਹਾਂ, ਜਿਹੜੀਆਂ ਆਪਣੇ ਘੋਲ ਰਾਹੀਂ ਸਾਮਰਾਜੀ ਅਤੇ ਸਮਾਜਿਕ-ਸਾਮਰਾਜੀ ਧਾੜਵੀਆਂ ਦੀਆਂ ਸਭ ਹਮਲਾਵਰ ਸਕੀਮਾਂ ਨੂੰ ਤਬਾਹ ਕਰ ਦੇਣਗੀਆਂ।

ਆਪਣੀ ਮਾਰਕਸਵਾਦੀ-ਲੈਨਿਨਵਾਦੀ ਸੇਧ ਤੇ ਚਲਦਿਆਂ, ਪਾਰਟੀ ਆਫ ਲੇਬਰ ਆਫ ਅਲਬਾਨੀਆਂ ਅਤੇ ਅਲਬਾਨੀਅਨ ਲੋਕ ਹਮੇਸ਼ਾ ਦੋ ਮਹਾਂ-ਸ਼ਕਤੀਆਂ ਦੇ ਵਿਰੁੱਧ, ਲੋਟੂ ਸਾਮਰਾਜੀ ਜੰਗ ਦੇ ਵਿਰੁੱਧ, ਅਜਾਰੇਦਾਰ ਬੁਰਜੂਆਜ਼ੀ ਅਤੇ ਅੰਤਰਰਾਸ਼ਟਰੀ ਪਿਛਾਖੜ ਦੇ ਖਿਲਾਫ ਰਹੇ ਹਨ। ਇਸ ਕਰਕੇ, ਭਵਿੱਖ ਵਿਚ ਵੀ, ਉਹ, ਦੁਸ਼ਮਣਾਂ ਦੀਆਂ ਸਕੀਮਾਂ ਅਤੇ ਚਾਲਾਂ ਨੂੰ ਤਬਾਹ ਕਰਨ ਵਾਸਤੇ ਅਤੇ ਲੋਕਾਂ ਦੀ ਆਜ਼ਾਦੀ ਅਤੇ ਸੁਰੱਖਿਆ ਦੇ ਕਾਰਜ ਦੀ ਜਿੱਤ ਨੂੰ ਯਕੀਨੀ ਬਣਾਉਣ ਵਾਸਤੇ ਸਭ ਹੋਰ ਸਾਮਰਾਜ-ਵਿਰੋਧੀ ਅਤੇ ਸਮਾਜਿਕ ਸਾਮਰਾਜ-ਵਿਰੋਧੀ ਲੋਕਾਂ ਨਾਲ, ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ, ਸਭ ਇਨਕਲਾਬੀਆਂ ਅਤੇ ਦੁਨੀਆਂ ਦੀ ਪ੍ਰੋਲਤਾਰੀ ਅਤੇ ਸਭ ਅਗਾਂਹਵਧੂ ਲੋਕਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਲੜਾਈ ਵਿਚ ਸ਼ਾਮਲ ਹੋਣਗੇ।

ਹਰ ਪਲ ਸਾਡਾ ਦੇਸ਼ ਉਨ੍ਹਾਂ ਸਭ ਲੋਕਾਂ ਨਾਲ ਖੜਾ ਹੋਵੇਗਾ ਜਿਨ੍ਹਾਂ ਦੀ ਅਜ਼ਾਦੀ ਅਤੇ ਖੁਦਮੁਖਤਾਰੀ ਖਤਰੇ ਵਿਚ ਹੋਵੇ ਅਤੇ ਜਿਨ੍ਹਾਂ ਦੇ ਹੱਕਾਂ ਦੀ ਉਲੰਘਣਾ ਕੀਤੀ ਜਾਂਦੀ ਹੋਵੇ। ਅਸੀਂ ਆਪਣੇ ਇਸ ਸਟੈਂਡ ਨੂੰ ਬਾਰ ਬਾਰ ਐਲਾਨਿਆਂ ਹੈ, ਨਾ ਸਿਰਫ ਚੰਗੇ ਸਮਿਆਂ ਵਿਚ ਹੀ, ਬਲਕਿ ਖਤਰਨਾਕ ਸਮਿਆਂ ਵਿਚ ਵੀ; ਦੁਨੀਆਂ-ਭਰ ਦੇ ਲੋਕ ਇਸ ਗੱਲ ਤੇ ਭਰੋਸਾ ਰੱਖ ਸਕਦੇ ਹਨ ਕਿ ਸਮਾਜਵਾਦੀ ਅਲਬਾਨੀਆਂ ਉਨ੍ਹਾਂ ਦੇ ਨਾਲ ਹੈ ਅਤੇ ਕਿਸੇ ਵੀ ਕੁਰਬਾਨੀ ਤੋਂ ਝਿਜਕਦਾ ਨਹੀਂ।

*

* *

ਬਦੇਸ਼-ਨੀਤੀ ਅਤੇ ਹੋਰ ਦੇਸ਼ਾਂ ਨਾਲ ਸਾਡੇ ਦੇਸ਼ ਦੇ ਸਬੰਧਾਂ ਦੇ ਖੇਤਰ ਵਿਚ, ਪਾਰਟੀ ਦੀ ਛੇਵੀਂ ਕਾਂਗਰਸ ਵਲੋਂ ਉਲੀਕੇ ਗਏ ਮਹੱਤਵਪੂਰਨ ਕੰਮ ਸਫਲਤਾ ਪੂਰਬਿਕ ਨੇਪਰੇ ਚਾੜ੍ਹ ਲਏ ਗਏ ਹਨ। ਜੀਵਨ, ਅਤੇ ਘਟਨਾਵਾਂ ਦੇ ਵਿਕਾਸ ਨੇ ਬਦੇਸ਼ਨੀਤੀ ਦੇ ਖੇਤਰ ਵਿਚ ਸਾਡੀ ਪਾਰਟੀ ਦੀ ਲਾਈਨ ਅਤੇ ਸਟੈਂਡ ਦੇ ਸਹੀਪਣ ਦਾ ਸਬੂਤ

ਦਿੱਤਾ ਹੈ।

ਅਲਬਾਨੀਆਂ ਦੀ ਅੰਤਰਰਾਸ਼ਟਰੀ ਪੁਜ਼ੀਸ਼ਨ ਅਡੋਲ ਹੈ। ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਨੇ ਹਮੇਸ਼ਾ ਹੀ ਅੰਤਰਰਾਸ਼ਟਰੀ ਘਟਨਾਵਾਂ ਅਤੇ ਮਸਲਿਆਂ ਬਾਰੇ ਆਪਣੀ ਰਾਇ ਖੁਲ੍ਹੇ ਤੌਰ ਤੇ, ਬੇਝਿਜਕ ਅਤੇ ਦਲੇਰੀ ਨਾਲ ਪੇਸ਼ ਕੀਤੀ ਹੈ, ਅਤੇ ਇਸ ਨੇ ਆਪਣੀ ਸਮਾਜਵਾਦੀ ਮਾਤਭੂਮੀ, ਦੁਨੀਆਂ ਦੇ ਲੋਕਾਂ, ਅਤੇ ਆਮ ਅਮਨ ਅਤੇ ਸੁਰੱਖਿਆ ਦੇ ਹਿੱਤਾਂ ਦੀ ਰਾਖੀ ਦੇ ਹੱਕ ਵਿਚ ਹਮੇਸ਼ਾ ਹੀ ਸੂਝ ਵਾਲਾ ਅਤੇ ਅਡੋਲ ਸਟੈਂਡ ਰੱਖਿਆ ਹੈ।

ਸਾਡੇ ਦੇਸ਼ ਦਾ ਮਾਣ ਅਤੇ ਅਥਾਰਟੀ ਹਮੇਸ਼ਾ ਪ੍ਰਫੁੱਲਤ ਹੋ ਰਹੇ ਹਨ। ਅਲਬਾ - ਨੀਆਂ ਦੀ ਆਵਾਜ਼ ਅਤੇ ਲਫਜ਼ਾਂ ਨੂੰ ਸਭ ਇਨਕਲਾਬੀ, ਅਗਾਂਹਵਧੂ ਅਤੇ ਲੋਕ ਸੁਣਦੇ ਹਨ ਅਤੇ ਆਦਰ ਕਰਦੇ ਹਨ। ਇਸਦੇ ਬਹੁਤ ਸਾਰੇ ਦੋਸਤ ਅਤੇ ਸ਼ੁਭ- ਚਿੰਤਕ ਸਮਾਜਵਾਦੀ ਅਲਬਾਨੀਆਂ ਦੀ ਈਮਾਨਦਾਰ ਅਤੇ ਅਸੂਲੀ ਨੀਤੀ ਦਾ ਆਦਰ ਕਰਦੇ ਹਨ।

ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਦੀ ਆਪਣੀ ਆਜ਼ਾਦ ਬਦੇਸ਼ਨੀਤੀ ਹੈ। ਇਸਦਾ ਉਦੇਸ਼ ਹੈ ਕਿ ਬਦੇਸ਼ ਨੀਤੀ ਬਾਰੇ ਇਸਦੀ ਰਾਇ ਨੂੰ ਅਗਾਂਹ-ਵਧੂ ਅਤੇ ਆਜ਼ਾਦੀ-ਪਸੰਦ ਲੋਕਾਂ, ਇਨਕਲਾਬੀ ਅਗਾਂਹਵਧੂ ਤਾਕਤਾਂ, ਅਤੇ ਸਹੀ ਮਾਰ- ਕਸਵਾਦੀ-ਲੈਨਿਨਵਾਦੀਆਂ ਦੀ ਮਨਜ਼ੂਰੀ ਹਾਸਲ ਹੋਣੀ ਚਾਹੀਦੀ ਹੈ। ਅਸੀਂ ਇਸ ਨੂੰ ਛੁਪਾਉਂਦੇ ਨਹੀਂ। ਇਹ ਸਭ ਲੋਕਾਂ ਅਤੇ ਦੁਨੀਆਂ ਦੇ ਉਨ੍ਹਾਂ ਦੇਸ਼ਾਂ ਦੇ ਵੀ ਹਿੱਤ ਦੀ ਗੱਲ ਹੈ ਜਿਹੜੇ ਦੇਸ਼ ਆਰਥਿਕ ਅਤੇ ਸਮਾਜਿਕ ਢਾਂਚੇ ਵਿਚ ਭਿੰਨਤਾ ਦੇ ਬਾਵ- ਜੂਦ ਵੀ ਸਾਡੇ ਮੁਲਕ ਦੀ ਆਜ਼ਾਦੀ ਅਤੇ ਖੁਦਮੁਖਤਾਰੀ ਦੀ ਇੱਜ਼ਤ ਕਰਦੇ ਹਨ।

ਸਾਡੀ ਸਮਾਜਵਾਦੀ ਸਟੇਟ ਕਿਸੇ ਵੀ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦਿੰਦੀ ਜਿਸ ਨਾਲ ਇਸਦੇ ਵੱਖ ਵੱਖ ਸਿਆਸੀ, ਆਰਥਕ ਤੇ ਸੱਭਿ- ਆਚਾਰਕ ਸਬੰਧ ਹੋਣ। ਪਰ ਇਸਦਾ ਮਤਲਬ ਇਹ ਨਹੀਂ ਕਿ, ਇਨ੍ਹਾਂ ਸਬੰਧਾਂ ਖਾਤਿਰ, ਜਾਂ ਗੁਆਂਢੀ ਦੇਸ਼ਾਂ ਨਾਲ ਚੰਗੇ ਗੁਆਂਢੀਪਣ ਦੀ ਖਾਤਿਰ, ਜਾਂ ਕਿਸੇ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਾ ਦੇਣ ਦੀ ਨੀਤੀ ਦੇ ਖਾਤਿਰ, ਅਲਬਾ- ਨੀਅਨ ਸਟੇਟ ਨੂੰ ਅੰਤਰਰਾਸ਼ਟਰੀ ਨੀਤੀ ਬਾਰੇ ਅਤੇ ਇਨ੍ਹਾਂ ਦੇਸ਼ਾਂ ਦੇ ਵਿਚਾਰ- ਧਾਰਕ ਅਤੇ ਸਿਆਸੀ ਸਟੈਂਡਾਂ ਬਾਰੇ ਆਪਣੇ ਵਿਚਾਰ ਨਹੀ ਪੇਸ਼ ਕਰਨੇ ਚਾਹੀਦੇ, ਜਿਸ ਤਰ੍ਹਾਂ ਕਿ ਉਨ੍ਹਾਂ ਨੂੰ ਵੀ ਅਲਬਾਨੀਅਨ ਸਟੇਟ ਦੇ ਵਿਚਾਰਧਾਰਕ ਤੇ ਸਿਆਸੀ ਸਟੈਂਡਾਂ ਬਾਰੇ ਆਪਣੀ ਰਾਇ ਪੇਸ਼ ਕਰਨ ਦਾ ਹੱਕ ਹੈ।

ਅਸੀਂ ਸੋਚਦੇ ਹਾਂ ਕਿ ਇਹ ਰਵੱਈਏ ਸਾਂਝੇ ਹਿੱਤਾਂ ਵਾਲੇ ਖੇਤਰਾਂ ਵਿਚ ਆਰ-ਥਿਕ, ਸੱਭਿਆਚਾਰਕ ਅਤੇ ਸਿਆਸੀ ਸਬੰਧਾਂ ਦੇ ਰਾਹ ਵਿਚ ਰੋੜਾ ਨਹੀਂ ਬਣਨੇ ਚਾਹੀਦੇ, ਕਿਉਂਕਿ ਇਹ ਸਬੰਧ ਲੋਕਾਂ ਵਿਚਕਾਰ ਦੋਸਤੀ ਵਿਕਸਤ ਕਰਨ ਵਿਚ ਸੇਵਾ ਕਰਦੇ ਹਨ। ਆਪਣੇ ਵਲੋਂ, ਅਸੀਂ ਇਹ ਸਬੰਧ ਸਿਰਫ ਮਾਰਕਸਵਾਦ-ਲੈਨਿਨ-ਵਾਦ ਦੇ ਨਜ਼ਰੀਏ ਤੋਂ ਹੀ ਚਲਾਵਾਂਗੇ। ਹੋਰਨਾਂ ਨੂੰ ਹੱਕ ਹੈ ਕਿ ਉਹ ਇਨ੍ਹਾਂ ਨੂੰ ਆਪਣੀਆਂ ਵਿਚਾਰਧਾਰਾਵਾਂ ਦੇ ਨਜ਼ਰੀਏ ਤੋਂ ਦੇਖਣ, ਅਤੇ ਅਸੀਂ ਇਸ ਨਾਲ ਸਹਿਮਤ ਹਾਂ।

ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਦੀ ਇਹ ਰਾਇ ਹੈ ਕਿ ਏਸੇ ਢੰਗ ਅਨੁਸਾਰ ਹੀ ਇਸਦੇ ਗੁਆਂਢੀ ਦੇਸ਼ਾਂ ਅਤੇ ਹੋਰ ਦੇਸ਼ਾਂ ਨਾਲ ਸਬੰਧ ਹੋਣੇ ਚਾਹੀਦੇ ਹਨ, ਜਿਨ੍ਹਾਂ ਨਾਲ ਅਲਬਾਨੀਆਂ ਦੇ ਵੱਖ ਵੱਖ ਕਿਸਮ ਦੇ ਸਬੰਧ ਕਾਇਮ ਹਨ। ਪਰ ਕੁੱਝ ਦੇਸ਼ਾਂ ਦੇ ਲੀਡਰ ਇਹ ਸੋਚਦੇ ਹਨ, ਅਤੇ ਇਹ ਸੋਚ ਉਨ੍ਹਾਂ ਦੀ ਵਿਚਾਰ-ਧਾਰਕ ਅਤੇ ਸਿਆਸੀ ਸੋਚਣੀ ਤੋਂ ਪੈਦਾ ਹੁੰਦੀ ਹੈ, ਕਿ ਉਪੱਰ ਦੱਸੀਆਂ ਗਈਆਂ ਸ਼ਕਲਾਂ ਵਿਚ ਚੰਗੇ ਗੁਆਂਢੀਆਂ ਵਾਲੇ ਸਬੰਧ ਰੱਖਣ ਦਾ ਮਤਲਬ ਹੈ ਕਿ ਹਰ ਇੱਕ ਨੂੰ ਦੂਸਰੇ ਦੀ ਵਿਚਾਰਧਾਰਕ ਲਾਈਨ ਬਾਰੇ ਆਪਣਾ ਮੂੰਹ ਬੰਦ ਰੱਖਣਾ ਚਾਹੀਦਾ ਹੈ। ਉਹ ਸੋਚਦੇ ਹਨ ਕਿ ਕਿਸੇ ਦੇਸ਼ ਨਾਲ ਵਪਾਰ ਕਰਨ ਦਾ ਮਤਲਬ ਹੈ ਕਿ ਬਹਿਸ-ਮੁਬਾਸਾ ਛੱਡ ਦੇਣਾ ਚਾਹੀਦਾ ਹੈ, ਕਿ ਉਸ ਦੇਸ਼ ਦੀ ਨੀਤੀ ਅਤੇ ਵਿਚਾਰਧਾਰਾ ਬਾਰੇ ਆਪਣੇ ਵਿਚਾਰ ਦੇਣ ਤੋਂ ਸੰਕੋਚ ਕਰਨਾ ਚਾਹੀਦਾ ਹੈ। ਸਾਡਾ ਬਹਿਸ-ਮੁਬਾਸਾ ਹਮੇਸ਼ਾ ਹੀ ਸਚਾਈਆਂ ਤੇ ਅਧਾਰਤ ਅਤੇ ਚੰਗੀ ਤਰ੍ਹਾਂ ਸੋਚਿਆ-ਸਮਝਿਆ ਹੁੰਦਾ ਹੈ। ਇਹ ਉਨ੍ਹਾਂ ਸਟੈਂਡਾਂ ਅਤੇ ਕੰਮਾਂ ਨੂੰ ਨੁਕਤਾਚੀਨੀ ਕਰਨ ਲਈ ਵੱਖ ਕੱਢਦਾ ਹੈ ਜਿਹੜੇ ਸਟੈਂਡ ਅਤੇ ਕੰਮ ਅੰਤਰਰਾਸ਼ਟਰੀ ਰੂਪ ਧਾਰ ਲੈਣ, ਜਿਹੜੇ ਦੁਨੀਆਂ ਵਿਚ ਗਲਤ ਅਸਰ ਪਾਉਂਦੇ ਹੋਣ, ਜਾਂ ਜਿਹੜੇ ਸਾਡੇ ਦੇਸ਼ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਂਦੇ ਹੋਣ।

ਇਹ ਇੱਕ ਆਮ ਸਮਝ ਦੀ ਗੱਲ ਹੈ ਕਿ ਸਿਆਸੀ ਅਤੇ ਵਿਚਾਰਧਾਰਕ ਖਾਸੇ ਵਾਲੀਆਂ ਵਿਰੋਧਤਾਈਆਂ, ਕਈ ਵਾਰੀ, ਵੱਖ ਵੱਖ ਦੇਸ਼ਾਂ ਵਿਚਕਾਰ ਬਹੁਤ ਹੀ ਤੇਜ਼, ਵਿਕਸਤ ਹੁੰਦੀਆਂ ਹਨ ਅਤੇ ਬਾਰ ਬਾਰ ਸਾਮ੍ਹਣੇ ਆਉਂਦੀਆਂ ਹਨ। ਪਰ ਬਿਨਾਂ ਇਸਦੀ ਪ੍ਰਵਾਹ ਕੀਤਿਆਂ, ਸਾਡੇ ਦੇਸ਼ ਅਤੇ ਕਈ ਹੋਰ ਦੇਸ਼ਾਂ ਵਿਚਕਾਰ ਚੰਗੇ ਗੁਆਂਢੀਆਂ ਵਾਲੇ ਅਤੇ ਆਰਥਿਕ, ਵਪਾਰਕ ਅਤੇ ਸਭਿੱਆਚਾਰਕ ਸਬੰਧ ਬਰ-ਕਰਾਰ ਹਨ। ਸਾਡੇ ਸਿਆਸੀ ਜਾਂ ਵਿਚਾਰਧਾਰਕ ਵਿਚਾਰਾਂ ਵਿਚ ਮਤ-ਭੇਦਾਂ

ਦਾ ਹੋਣ ਇਸ ਦਸ਼ਾ ਵਿਚ ਅੜਚਣ ਨਹੀਂ ਬਣਦਾ।

ਸਾਮਰਾਜੀਆਂ ਅਤੇ ਸਮਾਜਿਕ ਸਾਮਰਾਜੀਆਂ ਦਾ ਦਾਵ੍ਹਾ ਹੈ ਕਿ ਵੱਖ ਵੱਖ ਮਸਲਿਆਂ ਉਤੇ ਛੋਟੇ ਦੇਸ਼ਾਂ ਨੂੰ ਆਵਾਜ਼ ਉਠਾਉਣ ਦਾ ਉਤਨਾ ਹੱਕ ਨਹੀਂ ਹੋਣਾ ਚਾਹੀਦਾ, ਜਿਤਨਾ ਕਿ ਵੱਡੇ ਦੇਸ਼ਾਂ ਨੂੰ ਹੋਣਾ ਚਾਹੀਦਾ ਹੈ। ਠੀਕ ਹੈ, ਅਲਬਾਨੀਆਂ ਇੱਕ ਛੋਟਾ ਜਿਹਾ ਮੁਲਕ ਹੈ, ਪਰ ਇਹ ਅਜੇਹੇ ਕਿਸੇ ਵੀ ਵਿਚਾਰ ਨੂੰ ਸਵੀਕਾਰ ਨਹੀਂ ਕਰ ਸਕਦਾ। ਇਹ ਮਹਾਂ-ਸ਼ਕਤੀ ਸ਼ਾਵਨਵਾਦ ਦੇ ਇਸ ਵਿਤ-ਕਰੇ-ਭਰੇ ਦਾਵ੍ਹੇ ਦਾ ਖੰਡਨ ਕਰਦਾ ਹੈ। ਸਾਡਾ ਦੇਸ਼ ਇਸ ਗੱਲ ਨਾਲ ਸਹਿਮਤ ਨਹੀਂ ਕਿ ਅੰਤਰਰਾਸ਼ਟਰੀ ਸਿਆਸਤ ਸਿਰਫ ਵੱਡੀਆਂ ਤਾਕਤਾਂ ਦੀ ਹੀ ਅਜਾਰੇ-ਦਾਰੀ ਹੋਵੇ। ਉਹ ਇਸ ਅਜਾਰੇਦਾਰੀ ਦਾ ਅਧਾਰ ਆਪਣੀ ਆਰਥਿਕ ਤਾਕਤ ਅਤੇ ਆਪਣੇ ਤਾਕਤਵਰ ਪ੍ਰਚਾਰ ਸਾਧਨਾਂ ਨੂੰ ਮੰਨਦੇ ਹਨ, ਜਿਨ੍ਹਾਂ ਰਾਹੀਂ ਉਹ ਦੁਨੀਆਂ ਵਿਚ ਇਹ ਰਾਇ ਪੈਦਾ ਕਰਨ ਲਈ ਜ਼ੋਰ ਲਾਉਂਦੇ ਹਨ ਕਿ ਸਿਵਾਏ ਉਨ੍ਹਾਂ ਦੀ ਸਰਪ੍ਰਸਤੀ ਤੋਂ ਦੁਨੀਆਂ ਵਿਚ ਕਦੇ ਵੀ ਸਥਿਰਤਾ ਕਾਇਮ ਨਹੀਂ ਹੋ ਸਕਦੀ। ਦੂਸੇ ਲਫਜ਼ਾਂ ਵਿਚ, ਇਸਦਾ ਮਤਲਬ ਹੈ ਕਿ ਜਿਹੜਾ ਵੀ ਜਿਊਣਾ ਚਾਹੁੰਦਾ ਹੈ, ਇਹ ਠੀਕ ਹੈ ਕਿ ਗੁਲਾਮੀ ਹੇਠ, ਉਸਨੂੰ ਕਦੇ ਵੀ ਆਪਣੇ ਦਿਲ ਦੀ ਗੱਲ ਨਹੀਂ ਕਹਿਣੀ ਚਾਹੀਦੀ, ਬਲਕਿ ਮਿੱਠ-ਬੋਲੜਾ ਹੋਣਾ ਚਾਹੀਦਾ ਹੈ ਅਤੇ ਵੱਡੀਆਂ ਜਾਂ ਦਰਮਿਆਨੀਆਂ, ਸਾਮਰਾਜੀ, ਪੂੰਜੀਵਾਦੀ, ਜਾਂ ਸੋਧਵਾਦੀ ਤਾਕਤਾਂ ਦੇ ਜ਼ੁਰਮਾਂ, ਬਲੈਕਮੇਲ, ਢੌਂਗ ਅਤੇ ਦੋਗਲੇਪਣ ਸਾਹਮਣੇ ਮੁਸਕਰਾਉਣਾ ਚਾਹੀਦਾ ਹੈ। ਉਪੱਰ ਦੱਸੇ ਦਾਵ੍ਹਿਆਂ ਦੇ ਨਾਲ ਨਾਲ ਉਹ ਸਹਿਮ ਪੈਦਾ ਕਰਦੇ ਹਨ ਤੇ ਇੱਕ ਜਾਂ ਦੂਸੇ ਦੇਸ਼ ਨੂੰ ਜੰਗ ਦੀਆਂ ਧਮਕੀਆਂ ਵੀ ਦਿੰਦੇ ਹਨ। ਇਹ ਦੇਸ਼, ਚਾਹੇ ਵੱਡੇ ਹੋਣ ਜਾਂ ਦਰਮਿਆਨੇ, ਜੋ ਸਿਆਸੀ ਬਲੈਕਮੇਲ ਸਾਮ੍ਹਣੇ ਗੋਡੇ ਟੇਕ ਦਿੰਦੇ ਹਨ ਜਾਂ ਜੰਗ ਤੋਂ ਡਰਦੇ ਹਨ, ਇਨ੍ਹਾਂ ਨੂੰ ਹਮੇਸ਼ਾ ਬੁਖਾਰ ਚੜ੍ਹਿਆ ਰਹਿੰਦਾ ਹੈ ਅਤੇ ਇਨ੍ਹਾਂ ਦਾ ਆਪਣੀ ਤਾਕਤ ਉਤੇ ਭਰੋਸਾ, ਜੇ ਸਾਰਾ ਨਹੀਂ ਤਾਂ ਕਾਫੀ ਖਤਮ ਹੋ ਜਾਂਦਾ ਹੈ।

ਬੁਰਜ਼ੁਆ ਅਤੇ ਸੋਧਵਾਦੀ ਸਿਆਸਤਦਾਨ ਅੰਤਰਰਾਸ਼ਟਰੀ ਹਾਲਤ ਵਿਚ ਪੈਦਾ ਹੋਏ ਹਾਲਾਤਾਂ ਅਨੁਸਾਰ ਹਰ ਕਿਸਮ ਦੇ ਫਰੇਬੀ, ਦਗੇਬਾਜ਼ੀ, ਚਾਲਬਾਜ਼ੀ, ਫੜ੍ਹ-ਬਾਜ਼ੀ ਅਤੇ ਢੌਂਗਬਾਜ਼ੀ ਵਾਲੇ ਰਵੱਈਏ ਅਖਤਿਆਰ ਕਰਦੇ ਹਨ। ਉਹ ਸਾਰੇ ਹੀ ਇਹ ਰਾਇ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਅਤੇ ਕਿਸੇ ਹੱਦ ਤਕ ਇਹ ਰਾਇ ਪੈਦਾ ਕਰਨ ਵਿਚ ਕਾਮਯਾਬ ਵੀ ਹੋ ਗਏ ਹਨ, ਕਿ ਇਹੀ ਸਹੀ

ਢੰਗ ਹੈ, ਕਿਉਂਕਿ "ਸਿਆਸਤ" ਚੱਲਦੀ ਹੀ ਇਸ ਤਰ੍ਹਾਂ ਹੈ। ਉਨ੍ਹਾਂ ਮੁਤਾਬਿਕ, "ਸਿਆਸਤ" ਵਿਚ ਪੈਣ ਦਾ ਮਤਲਬ ਹੈ ਕਿ ਕਿਸੇ ਵੀ ਵਕਤ ਝੰਡਾ ਬਦਲ ਲੈਣਾ, ਕਿ ਕਿਸੇ ਨਾਲ ਚੰਗੇ ਸਬੰਧ ਰੱਖਣਾ, ਉਸਦੀ ਭਲਾਈ ਵਾਸਤੇ ਨਹੀਂ ਬਲਕਿ ਉਸਨੂੰ ਠੱਗਣ ਵਾਸਤੇ, ਆਪਣੇ ਅਸਲੀ ਇਰਾਦਿਆਂ ਨੂੰ ਮੁਸਕਾਨਾਂ ਹੇਠ ਛੁਪਾਉਣਾ। ਇਸ ਕਿਸਮ ਦੇ ਸਿਆਸਤਦਾਨ, ਦੂਜੇ ਪਾਸੇ, ਇਹ ਝੂਠੀ ਅਤੇ ਖਤਰਨਾਕ ਰਾਇ ਵੀ ਪੈਦਾ ਕਰਨਾ ਚਾਹੁੰਦੇ ਹਨ ਕਿ ਜਿਹੜੇ ਵੀ ਲੋਕ, ਲੋਕਾਂ ਦੇ ਹੱਕਾਂ ਦੀ ਸ਼ਰੇਆਮ ਰਾਖੀ ਕਰਦੇ ਹਨ, ਜਿਹੜੇ ਆਪਣੇ ਦੇਸ਼ਾਂ ਅਤੇ ਉਨ੍ਹਾਂ ਦੇ ਲੀਡਰਾਂ ਦੇ ਮੁਤੱਲਕ ਆਪਣੀ ਰਾਇ ਨੂੰ ਨਹੀਂ ਛੁਪਾਉਂਦੇ, ਉਹ ਮਾਹਿਰ ਸਿਆਸਤਦਾਨ ਨਹੀਂ ਹਨ, ਬਲਕਿ ਕਠੋਰ ਅਤੇ ਇੱਕ-ਪਾਸੜ ਹਨ।

ਅਸੀਂ ਅਲਬਾਨੀਅਨ ਅਜੇਹੇ ਲੋਕ ਹਾਂ ਜੋ ਕਿਸੇ ਤੋਂ ਨਹੀਂ ਡਰਦੇ, ਭੰਡੀ-ਪ੍ਰਚਾਰ ਤਾਂ ਇੱਕ ਪਾਸੇ, ਅਸੀਂ ਦੁਸ਼ਮਣਾਂ ਦੇ ਹਮਲਿਆਂ ਤੋਂ ਵੀ ਨਹੀਂ ਡਰਦੇ, ਕਿਉਂਕਿ ਸਾਨੂੰ ਆਪਣੀ ਲਾਈਨ ਦੇ ਸਹੀਪਣ ਵਿਚ ਭਰੋਸਾ ਹੈ ਅਤੇ ਅਸੀਂ ਇਸਦੀ ਰਾਖੀ ਕਰਨ ਲਈ ਦ੍ਰਿੜ ਹਾਂ। ਜੰਗ ਦੀ ਹਾਲਤ ਵਿਚ, ਅਗਰ ਸਾਡੇ ਤੇ ਹਮਲਾ ਹੋਇਆ ਤਾਂ ਸਾਡੀ ਬੰਦੂਕ ਤਿਆਰ ਹੈ, ਏਸੇ ਤਰ੍ਹਾਂ ਦੁਸ਼ਮਣ ਦੇ ਭੰਡੀ-ਪ੍ਰਚਾਰ ਦਾ ਜਵਾਬ ਦੇਣ ਲਈ ਸਾਡੀ ਜ਼ੁਬਾਨ ਤਿਆਰ ਹੈ।

ਬੁਰਜ਼ੁਆ ਅਤੇ ਸੋਧਵਾਦੀ ਦੁਨੀਆਂ ਸੋਚਦੀ ਹੈ ਕਿ ਅਸੀਂ ਇੱਕ ਨਿਖੜਿਆ ਹੋਇਆ ਦੇਸ਼ ਹਾਂ। ਇਹ ਪੂੰਜੀਵਾਦੀ-ਸੋਧਵਾਦੀ ਸੋਚਣੀ ਹੈ। ਸਾਮਰਾਜੀਏ ਅਤੇ ਸੋਧਵਾਦੀਏ ਉਸ ਦੇਸ਼ ਨੂੰ ਨਿਖੜਿਆ ਹੋਇਆ ਸਮਝਦੇ ਹਨ ਜਿਹੜਾ ਗਲੇ-ਸੜੇ ਸੱਭਿਆਚਾਰ ਰਾਹੀਂ ਇਨ੍ਹਾਂ ਦੇ ਹਮਲੇ ਅਤੇ ਇਨ੍ਹਾਂ ਦੇ ਗੁਲਾਮੀ ਵਰਗੇ ਕਰਜ਼ਿਆਂ, ਟੂਰਿਸਟਾਂ, ਅਤੇ ਜਾਸੂਸਾਂ ਰਾਹੀਂ ਆਪਣੀ ਗਿਰਾਵਟ ਵਾਸਤੇ ਦਰਵਾਜ਼ੇ ਖੁਲ੍ਹੇ ਨਹੀਂ ਰੱਖਦਾ। ਇਸ ਨਜ਼ਰੀਏ ਤੋਂ ਅਸੀਂ ਵਾਕਈ ਨਿਖੜੇ ਹੋਏ ਹਾਂ ਅਤੇ ਸਾਡਾ ਨਿੱਖੜੇ ਰਹਿਣ ਦਾ ਹੀ ਇਰਾਦਾ ਹੈ। ਪਰ ਇਹ ਸਭ ਕੁੱਝ ਸਾਡੇ ਲੋਕਾਂ ਦੇ ਹਿੱਤਾਂ ਵਾਸਤੇ ਹੈ। ਸਾਡਾ ਦੇਸ਼ ਉਨੱਤ ਅਤੇ ਪ੍ਰਫੁੱਲਤ ਹੋ ਰਿਹਾ ਹੈ, ਸਾਡੇ ਲੋਕਾਂ ਦਾ ਜੀਵਨ ਬੜਾ ਸੋਹਣਾ ਹੈ। ਅਗਰ ਅਸੀਂ ਅਜੇਹਾ ਨਹੀਂ ਕਰਦੇ ਤਾਂ ਅਸੀ ਗੁਲਾਮ ਬਣ ਜਾਵਾਂਗੇ। ਅਸੀਂ ਫਾਸ਼ੀ ਗੁਲਾਮੀ ਅਤੇ ਸੋਧਵਾਦੀ ਦਬਦਬੇ ਅਤੇ ਹਮਲੇ ਦੇਖੇ ਹੋਏ ਹਨ, ਇਸ ਵਾਸਤੇ ਇਨ੍ਹਾਂ ਦਾ ਆਪਣੇ ਨਾਹਰਿਆਂ ਅਤੇ ਜੀਵਨ-ਢੰਗਾਂ ਰਾਹੀਂ ਸਾਨੂੰ ਵਰਗਲਾਅ ਸਕਣਾ ਮੁਸ਼ਕਲ ਹੈ। ਅਸੀਂ ਕਦੇ ਵੀ ਫਾਸ਼ਿਸਟਾਂ, ਜਸੂਸਾਂ ਅਤੇ ਏਜੰਟਾਂ ਨੂੰ, ਅਲਬਾਨੀਆਂ ਵਿਚ ਨਹੀਂ ਵੜਨ ਦਿੱਤਾ ਅਤੇ ਨਾ ਹੀ ਦੇਵਾਂਗੇ

ਜਿਹੜੇ ਸਾਡੇ ਦੇਸ਼ ਵਿਚ ਬੁਰਜੂਆ-ਸੋਧਵਾਦੀ ਬਦਇਖਲਾਕੀ ਲਿਆਉਣਾ ਚਾਹੁੰਦੇ ਹਨ। ਪਰ ਅਸੀਂ ਸਭ ਇਮਾਨਦਾਰ ਅਤੇ ਸਹੀ ਲੋਕਾਂ ਨੂੰ ਜੀ ਆਇਆਂ ਕਹਿੰਦੇ ਹਾਂ ਜਿਹੜੇ ਅਲਬਾਨੀਆਂ ਅਤੇ ਇਸਦੇ ਲੋਕਾਂ ਦੇ ਸ਼ੁਭ-ਚਿੰਤਕ ਹਨ, ਸਾਡੇ ਦੇਸ਼ ਦੇ ਮਿੱਤਰ ਹਨ, ਭਾਵੇਂ ਉਨ੍ਹਾਂ ਦੇ ਖਿਆਲ ਸਾਡੇ ਨਾਲੋਂ ਵੱਖਰੇ ਵੀ ਹੋਣ। ਅਸੀਂ; ਅਲਬਾਨੀਅਨ ਲੋਕਾਂ ਵਲ ਉਨ੍ਹਾਂ ਦੀਆਂ ਦੋਸਤਾਨਾਂ ਭਾਵਨਾਵਾਂ ਅਤੇ ਰਵੱਈਏ ਦੀ ਇੱਜ਼ਤ ਕਰਦੇ ਹਾਂ। ਇਨ੍ਹਾਂ ਸਾਰਿਆਂ ਨੂੰ, ਅਤੇ ਮਨੁੱਖਤਾ ਦੀ ਬਹੁ-ਗਿਣਤੀ ਦੇ ਪ੍ਰਤੀਨਿੱਧਾਂ ਨੂੰ ਅਸੀਂ ਜੀ ਆਇਆਂ ਕਹਿੰਦੇ ਹਾਂ। ਇਨ੍ਹਾਂ ਨਾਲ ਸਾਡੀ ਦੋਸਤੀ ਹੈ, ਆਪਣੀ ਆਜ਼ਾਦੀ ਅਤੇ ਹੱਕਾਂ ਵਾਸਤੇ ਲੜ ਰਹੇ ਲੋਕਾਂ ਦੇ ਅਸੀਂ ਦੋਸਤ ਹਾਂ, ਪ੍ਰੋਲਤਾਰੀ ਅਤੇ ਮਾਰਕਸਵਾਦੀ-ਲੈਨਿਨਵਾਦੀ ਇਨਕਲਾਬੀਆਂ ਦੇ ਅਸੀਂ ਦੋਸਤ ਹਾਂ। ਲੋਕਾਂ ਨੂੰ ਗੁਲਾਮ ਬਣਾਉਣ, ਉਨ੍ਹਾਂ ਤੇ ਜ਼ੁਲਮ ਢਾਉਣ ਅਤੇ ਉਨ੍ਹਾਂ ਦੇ ਅਗਾਂਹਵਧੂ ਵਿਚਾਰਾਂ ਨੂੰ ਦਬਾਉਣ ਦੇ ਖਾਹਿਸ਼ਮੰਦਾਂ, ਸਰਮਾਏਦਾਰਾਂ ਅਤੇ ਸੋਧਵਾਦੀਆਂ ਦੇ ਅਸੀਂ ਦੁਸ਼ਮਣ ਰਹੇ ਹਾਂ ਅਤੇ ਰਹਾਂਗੇ।

ਸਰਮਾਏਦਾਰ ਅਤੇ ਸੋਧਵਾਦੀਏ ਨਿਖੇੜੇ ਨੂੰ ਵਪਾਰ ਨਾਲ ਮਾਪਦੇ ਹਨ। ਅਮਰੀਕਾ, ਰੂਸ, ਸਪੇਨ, ਇਜ਼ਰਾਈਲ ਅਤੇ ਕੁੱਝ ਹੋਰ ਦੇਸ਼ਾਂ ਨੂੰ ਛੱਡਕੇ, ਜੋ ਫਾਸ਼ਿਸਟਾਂ ਅਤੇ ਨਸਲ-ਵਾਦੀਆਂ ਦੇ ਰਾਜ ਹੇਠ ਹਨ, ਸਾਡਾ ਸਭ ਮੁਲਕਾਂ ਨਾਲ ਵਪਾਰ ਹੈ। ਪਰ ਵਪਾਰ ਪ੍ਰਸਪਰ ਲਾਹੇਵੰਦੀ ਵਾਲਾ ਹੈ। ਸਰਮਾਏਦਾਰਾਂ ਨੂੰ ਸਾਡੀਆਂ ਚੀਜ਼ਾਂ ਦੀ ਲੋੜ ਹੈ, ਏਸੇ ਤਰ੍ਹਾਂ ਸਾਨੂੰ ਉਨ੍ਹਾਂ ਦੀਆਂ ਕੁੱਝ ਚੀਜਾਂ ਦੀ ਜ਼ਰੂਰਤ ਹੈ। ਜੇ ਕੋਈ ਇਸ ਤਰ੍ਹਾਂ ਸੋਚਦਾ ਹੈ ਕਿ ਅਗਰ ਕਿਸੇ ਦੇਸ਼ ਨੇ, ਆਪਣੇ ਭੈੜੇ ਮੰਤਵਾਂ ਦੀ ਵਜ੍ਹਾ ਕਰਕੇ, ਸਾਨੂੰ ਇਹ ਚੀਜਾਂ ਵੇਚਣ ਤੋਂ ਇਨਕਾਰ ਕਰ ਦਿੱਤਾ ਤਾਂ ਅਲਬਾਨੀਆਂ ਖਤਮ ਹੋ ਜਾਵੇਗਾ ਤਾਂ ਇਹ ਉਸਦੀ ਬਹੁਤ ਵੱਡੀ ਗਲਤ-ਫਹਿਮੀ ਹੈ। ਸੋਧਵਾਦੀ ਰੂਸ ਨੇ ਸਾਡੇ ਖਿਲਾਫ ਵਹਿਸ਼ੀ ਨਾਕਾਬੰਦੀ ਕਾਇਮ ਕੀਤੀ, ਪਰ ਅਲਬਾਨੀਆਂ ਜਿੰਦਾ ਹੈ ਅਤੇ ਰੂਸੀ ਸੋਧਵਾਦੀਆਂ ਨਾਲ ਵਪਾਰ ਕਰਨ ਤੋਂ ਬਿਨਾਂ ਅਤੇ ਉਨ੍ਹਾਂ ਦੀ ਨਾਕਾਬੰਦੀ ਦੇ ਬਾਵਜੂਦ ਵੀ ਹਜ਼ਾਰਾਂ ਸਾਲ ਜਿਊਂਦਾ ਰਹਿ ਸਕਦਾ ਹੈ।

ਵੱਖ ਵੱਖ ਦੇਸ਼ਾਂ ਨਾਲ ਸਭਿਆਚਾਰਕ ਵਟਾਂਦਰੇ ਬਹੁਤ ਚੰਗੀ ਗੱਲ ਹਨ। ਅਸੀ ਸਭਿਆਚਾਰਕ ਵਟਾਂਦਰੇ ਕਰਦੇ ਹਾਂ ਅਤੇ ਭਵਿੱਖ ਵਿਚ ਵੀ ਕਰਦੇ ਰਹਾਂਗੇ, ਪਰ ਆਪਸੀ ਸਮਝੌਤੇ ਅਤੇ ਬਰਾਬਰਤਾ ਵਿਚ। ਜਿਹੜੇ ਸਾਡੇ ਨਾਲ ਸਭਿਆਚਾਰਕ ਸਬੰਧ ਕਾਇਮ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਸਾਡੀਆਂ ਰਵਾਇਤਾਂ, ਰਿਵਾਜਾਂ, ਜ਼ਜ਼ਬਾਤਾਂ ਅਤੇ ਸਵਾਦਾਂ ਦਾ ਆਦਰ ਕਰਨਾ ਹੋਵੇਗਾ। ਗਲਿਆ-ਸੜਿਆ ਸੱਭਿ-

ਆਚਾਰ ਅਲਬਾਨੀਆਂ ਵਿਚ ਨਹੀਂ ਕਬੂਲਿਆ ਜਾ ਸਕਦਾ। ਹੋਰਨਾਂ ਨੂੰ ਇਹ ਹੱਕ ਹੈ ਕਿ ਉਹ ਸਾਡੀਆਂ ਉਨ੍ਹਾਂ ਫਿਲਮਾਂ, ਕਿਤਾਬਾਂ ਆਦਿ ਨੂੰ ਸਵੀਕਾਰ ਕਰ ਸਕਦੇ ਹਨ ਜੋ ਉਨ੍ਹਾਂ ਦੇ ਦੇਸ਼ ਵਿਚ ਪ੍ਰਵਾਨ ਹਨ। ਇਹ ਪ੍ਰਸਪਰਤਾ ਦਾ ਸਵਾਲ ਹੈ। ਸਾਡੇ ਦੇਸ਼ ਦੇ ਕਈ ਦੇਸ਼ਾਂ ਨਾਲ ਅਜੇਹੇ ਸਬੰਧ ਹਨ। ਸਮਾਜਵਾਦੀ ਚੀਨ, ਜਿਹੜਾ ਸਾਡਾ ਮਿੱਤਰ ਹੈ, ਉਸ ਤੋਂ ਬਿਨਾਂ, ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਅਜੇਹੇ ਭਰਾਤਰੀ ਦੇਸ਼ਾਂ ਜਿਵੇਂ ਵੀਤਨਾਮ, ਅਤੇ ਕੋਰੀਆ ਨਾਲ ਵੀ ਇਸ ਤਰ੍ਹਾਂ ਦੇ ਸਬੰਧ ਰੱਖਦਾ ਹੈ। ਹੋਰ ਫਰਾਂਸ, ਸਕੈਂਡੇਨੇਵੀਅਨ ਦੇਸ਼ਾਂ, ਮਿਸਰ ਅਤੇ ਬਹੁਤ ਸਾਰੇ ਹੋਰ ਦੇਸ਼ਾਂ ਨਾਲ ਵੀ ਸਾਡੇ ਅਜੇਹੇ ਸਬੰਧ ਹਨ।

ਅਸੀਂ ਇਨ੍ਹਾਂ ਸਬੰਧਾਂ ਨੂੰ ਵਧੇਰੇ ਵਿਕਸਤ ਕਰਨਾ ਚਾਹੁੰਦੇ ਹਾਂ, ਅਤੇ ਹਰ ਬੀਤਦੇ ਸਾਲ ਨਾਲ ਇਨ੍ਹਾਂ ਦੇ ਪਸਾਰੇ ਵਾਸਤੇ ਸੰਭਾਵਨਾਵਾਂ ਪੈਦਾ ਕੀਤੀਆਂ ਜਾਂਦੀਆਂ ਹਨ। ਠੀਕ ਹੈ, ਕਿ ਸਾਡੀ ਆਪਣੀ ਕਲਾ ਹੈ, ਸੰਗੀਤ, ਸਾਹਿੱਤ, ਰਵਾਇਤਾਂ ਅਤੇ ਸਭਿਆਚਾਰ ਹਨ, ਜਿਨ੍ਹਾਂ ਨੂੰ ਅਸੀਂ ਪਿਆਰ ਕਰਦੇ ਹਾਂ, ਅਤੇ ਅਸੀਂ ਚਾਹੁੰਦੇ ਹਾਂ ਕਿ ਹੋਰ ਲੋਕ ਵੀ ਇਨ੍ਹਾਂ ਤੋਂ ਜਾਣੂੰ ਹੋਣ। ਪਰ ਅਸੀਂ ਦੁਨੀਆਂ ਦੇ ਅਗਾਂਹਵਧੂ ਸਭਿੱਆਚਾਰ ਦੀ ਵੀ ਇੱਜ਼ਤ ਕਰਦੇ ਹਾਂ, ਜਿਸ ਵਿਚੋਂ ਅਸੀਂ, ਜੋ ਕੁੱਝ ਵੀ ਸਾਡੇ ਦੇਸ਼ ਦੇ ਹਿੱਤਾਂ ਵਿਚ ਹੋਵੇ, ਅਪਣਾਉਂਦੇ ਹਾਂ ਅਤੇ ਪ੍ਰਚਾਰਦੇ ਹਾਂ।

ਸਾਡੀ ਪਾਰਟੀ ਨੇ ਸਭ ਖੇਤਰਾਂ ਵਿਚ, ਉਨ੍ਹਾਂ ਦੇਸ਼ਾਂ ਨਾਲ ਅਲਬਾਨੀਆਂ ਦੇ ਸਬੰਧਾਂ ਦੀ ਪ੍ਰਫੁੱਲਤਾ ਵੱਲ ਹਮੇਸ਼ਾ ਹੀ ਉਚੇਚਾ ਧਿਆਨ ਦਿੱਤਾ ਹੈ, ਜਿਹੜੇ ਬਰਾ-ਬਰਤਾ, ਖੁਦਮੁਖਤਾਰੀ ਅਤੇ ਇਲਾਕਾਈ ਅਖੰਡਤਾ, ਅੰਦਰੂਨੀ ਮਾਮਲਿਆਂ ਵਿਚ ਦਖਲ-ਅੰਦਾਜ਼ੀ ਨਾ ਕਰਨ ਅਤੇ ਪ੍ਰਸਪਰ ਲਾਭ ਦੇ ਜਾਣੇ-ਪਛਾਣੇ ਅਸੂਲਾਂ ਦੇ ਹੱਕ ਵਿਚ ਹਨ। ਪਾਰਟੀ ਦੀ ਛੇਵੀਂ ਕਾਂਗਰਸ ਤੋਂ ਬਾਅਦ ਦੇ ਸਾਲਾਂ ਦੁਰਾਨ ਅੰਤਰ-ਰਾਸ਼ਟਰੀ ਅਖਾੜੇ ਵਿਚ ਲੋਕ-ਤੰਤਰੀ ਅਲਬਾਨੀਆਂ ਦੀ ਸਰਗਰਮੀ ਲਗਾਤਾਰ ਵਧੀ ਅਤੇ ਮਜ਼ਬੂਤ ਹੋਈ ਹੈ। ਅੱਜ 74 ਦੇਸ਼ਾਂ ਨਾਲ ਸਾਡੇ ਡਿਪਲੋਮੈਟਿਕ ਸਬੰਧ ਹਨ। ਲੋਕ-ਤੰਤਰੀ ਅਲਬਾਨੀਆਂ ਯੂ. ਐਨ. ਓ. ਅਤੇ ਮਾਨਵਤਾ ਦੇ ਅੱਜ ਦੇ ਮਸ-ਲਿਆਂ ਬਾਰੇ ਕਈ ਅੰਤਰਰਾਸ਼ਟਰੀ ਜਥੇਬੰਦੀਆਂ, ਮੀਟਿੰਗਾਂ ਅਤੇ ਕਾਨਫਰੰਸਾਂ ਵਿਚ ਸਰਗਰਮ ਹਿੱਸਾ ਲੈਂਦਾ ਹੈ।

ਆਪਣੀ ਬਦੇਸ਼ ਨੀਤੀ ਵਿਚ ਮਾਰਕਸਵਾਦ-ਲੈਨਿਨਵਾਦ ਅਤੇ ਪ੍ਰੋਲਤਾਰੀ ਕੌਮਾਂ-ਤਰੀਵਾਦ ਦੇ ਅਸੂਲਾਂ ਉਤੇ ਵਫਾਦਾਰੀ ਨਾਲ ਚਲਦਿਆਂ, ਪਾਰਟੀ ਆਫ ਲੇਬਰ ਆਫ ਅਲਬਾਨੀਆਂ ਅਤੇ ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਨੇ ਲੋਕਤੰਤਰੀ

ਚੀਨ ਨਾਲ ਭਰਾਤਰੀ ਦੋਸਤੀ ਅਤੇ ਖਾੜਕੂ ਏਕਤਾ, ਸਹਿਯੋਗ ਅਤੇ ਪ੍ਰਸਪਰ ਮੱਦਦ ਦੇ ਸਬੰਧਾਂ ਨੂੰ ਵਿਕਸਤ ਕਰਨ ਅਤੇ ਮਜਬੂਤ ਕਰਨ ਵੱਲ ਸਭ ਤੋਂ ਵੱਧ ਧਿਆਨ ਦਿੱਤਾ ਹੈ। ਸਾਮਰਾਜਵਾਦ ਅਤੇ ਸੋਧਵਾਦ ਦੇ ਖਿਲਾਫ, ਦੋ ਮਹਾਂ-ਸ਼ਕਤੀਆਂ ਦੀ ਚੌਧਰਪੁਣੇ ਦੀ ਨੀਤੀ ਦੇ ਖਿਲਾਫ, ਅਤੇ ਦੁਨੀਆਂ ਦੀਆਂ ਸਭ ਪਿਛਾਖੜੀ ਤਾਕਤਾਂ ਦੇ ਖਿਲਾਫ ਮਹਾਨ ਜਮਾਤੀ ਘੋਲ ਦੁਰਾਨ, ਸਮਾਜਵਾਦ ਦੀ ਉਸਾਰੀ ਅਤੇ ਇਨਕਲਾਬ ਅਤੇ ਮਾਰਕਸਵਾਦ-ਲੈਨਿਨਵਾਦ ਦੀ ਜਿੱਤ ਵਾਸਤੇ ਸਾਂਝੇ ਘੋਲ ਦੇ ਦੁਰਾਨ ਸਾਡੇ ਦੋ ਲੋਕਾਂ, ਦੋ ਪਾਰਟੀਆਂ ਅਤੇ ਦੋ ਦੇਸ਼ਾਂ ਵਿੱਚਕਾਰ ਗੂੜ੍ਹੀ ਦੋਸਤੀ ਅਤੇ ਸਹਿਯੋਗ ਕਾਇਮ ਹੋਏ ਅਤੇ ਮਜਬੂਤ ਬਣੇ ਹਨ। ਪਾਰਟੀ ਆਫ ਲੇਬਰ ਆਫ ਅਲਬਾਨੀਆਂ ਅਤੇ ਅਲਬਾਨੀਅਨ ਲੋਕ ਚੀਨ ਦੀ ਕਮਿਊਨਿਸਟ ਪਾਰਟੀ ਅਤੇ ਚੀਨੀ ਲੋਕਾਂ ਦੇ ਵਫਾਦਾਰ ਮਿੱਤਰ ਹਨ। ਸਾਡੇ ਦੋ ਦੇਸ਼ ਅਤੇ ਲੋਕ ਸਾਂਝੇ ਉਦੇਸ਼ਾਂ ਵਿਚ ਸਾਥੀ ਹਨ, ਅਤੇ ਇੱਕੋ ਹੀ ਉਦੇਸ਼ਾਂ ਅਤੇ ਕੌਮਾਂਤਰੀਵਾਦੀ ਕੰਮਾਂ ਤੋਂ ਪ੍ਰੇਰਣਾ ਲੈਂਦੇ ਹਨ। ਬੁਰਜ਼ੂਆ-ਸੋਧਵਾਦੀ ਪ੍ਰਚਾਰ ਦੀਆਂ ਕੋਈ ਵੀ ਊਜਾਂ ਜਾਂ ਤੋੜ-ਮਰੋੜਾਂ ਅਲਬਾਨੀਅਨ-ਚੀਨੀ ਦੋਸਤੀ ਦੇ ਮਾਰਕਸਵਾਦੀ-ਲੈਨਿਨਵਾਦੀ ਖਾਸੇ ਅਤੇ ਮਹੱਤਤਾ ਉਤੇ ਅਸਰ ਨਹੀਂ ਪਾ ਸਕਦੀਆਂ। ਸਾਡੀ ਪਾਰਟੀ ਅਤੇ ਲੋਕ ਮਹਾਨ ਚੀਨੀ ਲੋਕਾਂ, ਉਨ੍ਹਾਂ ਦੀ ਸ਼ਾਨਦਾਰ ਕਮਿਊਨਿਸਟ ਪਾਰਟੀ ਅਤੇ ਮਹਾਨ ਲੋਕ-ਚੀਨ ਦੇ ਨਾਲ ਭਰਾਤਰੀ ਦੋਸਤੀ ਅਤੇ ਸਹਿਯੋਗ ਨੂੰ ਪਵਿੱਤਰ ਅਤੇ ਮਜਬੂਤ ਰੱਖਣ ਵਾਸਤੇ ਆਪਣੀ ਪੂਰੀ ਵਾਹ ਲਾਉਂਦੇ ਰਹਿਣਗੇ।

ਅਲਬਾਨੀਅਨ ਕਮਿਊਨਿਸਟ ਅਤੇ ਅਲਬਾਨੀਅਨ ਲੋਕ ਭਰਾਤਰੀ ਚੀਨੀ ਲੋਕਾਂ ਵਲੋਂ, ਚੀਨ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ, ਸਮਾਜਵਾਦੀ ਇਨਕਲਾਬ ਅਤੇ ਚੀਨ ਵਿਚ ਸਮਾਜਵਾਦ ਦੀ ਉਸਾਰੀ ਵਿਚ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਮਜਬੂਤ ਕਰਨ ਅਤੇ ਆਪਣੇ ਦੇਸ਼ ਦੀ ਪ੍ਰਫੁੱਲਤਾ ਨੂੰ ਮਜਬੂਤ ਕਰਨ ਦੇ ਜਮਾਤੀ ਘੋਲ ਵਿਚ ਪ੍ਰਾਪਤ ਕੀਤੀਆਂ ਗਈਆਂ ਮਹਾਨ ਜਿੱਤਾਂ ਉਤੇ ਬਹੁਤ ਖੁਸ਼ ਹਨ। ਮਹਾਨ ਪ੍ਰੋਲਤਾਰੀ ਸਭਿਆਚਾਰਕ ਇਨਕਲਾਬ ਦੀ ਜਿੱਤ, ਲੀਓ ਸ਼ਾਓ ਚੀ, ਲਿਨ-ਪਿਆਓ ਅਤੇ ਤਿੰਗ ਸਿਆਓ-ਪਿੰਗ ਦੀਆਂ ਉਲਟ-ਇਨਕਲਾਬੀ ਸਕੀਮਾਂ ਨੂੰ ਤਬਾਹ ਕਰਨ ਨਾਲ ਇੱਕ ਇਨਕਲਾਬੀ ਹਾਲਤ ਪੈਦਾ ਹੋਈ ਹੈ ਅਤੇ ਚੀਨ ਵਿਚ ਸਮਾਜਵਾਦ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀਆਂ ਪੁਜ਼ੀਸ਼ਨਾਂ ਮਜਬੂਤ ਹੋਈਆਂ ਹਨ।

ਆਪਣੇ ਸ਼ਾਨਦਾਰ ਇਨਕਲਾਬ ਅਤੇ ਸਮਾਜਵਾਦ ਦੀ ਉਸਾਰੀ ਵਿਚ ਚੀਨੀ

ਲੋਕਾਂ ਵਲੋਂ ਜਿੱਤੀਆਂ ਗਈਆਂ ਇਤਿਹਾਸਕ ਜਿੱਤਾਂ, ਨਵੇਂ ਲੋਕ-ਤੰਤਰੀ ਚੀਨ ਦੀ ਸਥਾਪਨਾ ਅਤੇ ਦੁਨੀਆਂ ਵਿਚ ਇਸ ਦਾ ਮਾਣ, ਇਹ ਸਭ ਕੁੱਝ ਸਿੱਧੇ ਤੌਰ ਤੇ ਮਹਾਨ ਇਨਕਲਾਬੀ, ਕਾਮਰੇਡ ਮਾਓ ਜ਼ੇਤੁੰਗ ਦੇ ਨਾਂ, ਸਿੱਖਿਆਵਾਂ ਅਤੇ ਰਾਹ-ਨੁਮਾਈ ਨਾਲ ਬੱਝੀਆਂ ਹੋਈਆਂ ਹਨ। ਇਸ ਸਿਰਕੱਢ ਮਾਰਕਸਵਾਦੀ-ਲੈਨਿਨ-ਵਾਦੀ ਦਾ ਕੰਮ ਪ੍ਰੋਲਤਾਰੀ ਦੇ ਇਨਕਲਾਬੀ ਸਿਧਾਂਤ ਅਤੇ ਅਮਲ ਦੀ ਪ੍ਰਫੁੱਲਤਾ ਵਿਚ ਇੱਕ ਵੱਡੀ ਦੇਣ ਹੈ। ਅਲਬਾਨੀਅਨ ਕਮਿਊਨਿਸਟ ਅਤੇ ਲੋਕ ਹਮੇਸ਼ਾ ਹੀ ਕਾਮਰੇਡ ਮਾਓ ਜ਼ੇਤੁੰਗ ਦੀ ਯਾਦ ਦਾ ਸਤਿਕਾਰ ਕਰਨਗੇ, ਜੋ ਸਾਡੀ ਪਾਰਟੀ ਅਤੇ ਲੋਕਾਂ ਦਾ ਇੱਕ ਮਹਾਨ ਦੋਸਤ ਸੀ।

ਸਾਡੀ ਪਾਰਟੀ ਅਤੇ ਲੋਕ, ਚੀਨੀ ਪਾਰਟੀ ਅਤੇ ਲੋਕਾਂ ਦੀਆਂ ਇਨ੍ਹਾਂ ਮਹਾਨ ਜਿੱਤਾਂ ਨੂੰ ਉਚਿਆਂ ਲਹਿਰਾਉਂਦੇ ਹਨ ਅਤੇ ਇਹ ਦ੍ਰਿੜ ਉਮੀਦ ਰੱਖਦੇ ਹਨ ਕਿ ਉਹ ਭਵਿੱਖ ਵਿਚ ਹੋਰ ਵੀ ਨਵੀਆਂ ਜਿੱਤਾਂ ਜਿੱਤਣਗੇ। ਸਾਡੀ ਪਾਰਟੀ ਅਤੇ ਦੇਸ਼ ਭਰਾਤਰੀ ਚੀਨੀ ਲੋਕਾਂ ਅਤੇ ਲੋਕ-ਤੰਤਰੀ ਚੀਨ ਵਲੋਂ ਆਪਣੀ ਧਰਤੀ ਦੇ ਅਟੁੱਟ ਅੰਗ, ਤਾਇਵਾਨ, ਨੂੰ ਮੁਕਤ ਕਰਾਉਣ ਦੇ ਹੱਕ ਦੀ ਦ੍ਰਿੜ ਹਮਾਇਤ ਕਰਦੇ ਹਨ।

ਸਾਡੀ ਪਾਰਟੀ ਅਤੇ ਲੋਕ, ਅਮਰੀਕੀ ਸਾਮਰਾਜਵਾਦ ਅਤੇ ਇਸਦੇ ਟੁੱਕੜ-ਬੋਚਾਂ ਦੇ ਖਿਲਾਫ ਹਥਿਆਰਬੰਦ ਘੋਲ ਵਿਚ ਵੀਤਨਾਮੀ ਲੋਕਾਂ ਦੀ ਮਹਾਨ ਜਿੱਤ ਨੂੰ ਉਚਿਆਂ ਲਹਿਰਾਉਂਦੇ ਹਨ। ਦੱਖਣੀ ਵੀਤਨਾਮ ਦੀ ਮੁਕਤੀ ਅਤੇ ਸਮੁੱਚੇ ਦੇਸ਼ ਨੂੰ ਇੱਕ ਸਟੇਟ ਵਿਚ ਇੱਕ-ਮੁੱਠ ਕਰਨ ਨਾਲ ਵੀਤਨਾਮੀ ਲੋਕਾਂ ਦੇ ਸ਼ਾਨਦਾਰ ਜ਼ਜ਼-ਬਾਤ ਸਾਕਾਰ ਹੋਏ ਜਿਨ੍ਹਾਂ ਵਾਸਤੇ ਉਨ੍ਹਾਂ ਨੇ ਬੇਅੰਤ ਕੁਰਬਾਨੀਆਂ ਦਿੱਤੀਆਂ ਹਨ। ਅਸੀਂ ਆਪਣੇ ਦੋ ਦੇਸ਼ਾਂ ਵਿਚਕਾਰ ਖਾੜਕੂ ਦੋਸਤੀ ਨੂੰ ਬਰਕਰਾਰ ਰੱਖਾਂਗੇ ਅਤੇ ਹੋਰ ਮਜਬੂਤ ਬਣਾਵਾਂਗੇ।

ਸਾਡੇ ਦੇਸ਼ ਦੇ ਪੀਪਲਜ਼ ਡੈਮੋਕ੍ਰੈਟਿਕ ਰੀਪਬਲਿਕ ਆਫ ਕੋਰੀਆ ਨਾਲ ਦੋਸਤੀ ਅਤੇ ਭਰਾਤਰੀ ਸਹਿਯੋਗ ਵਾਲੇ ਸਬੰਧ ਹਨ। ਸਾਡੀ ਪਾਰਟੀ ਅਤੇ ਲੋਕ, ਦੱਖਣੀ ਕੋਰੀਆ ਨੂੰ ਮੁਕਤ ਕਰਾਉਣ ਅਤੇ ਦੇਸ਼ ਨੂੰ ਇੱਕ-ਮੁੱਠ ਕਰਨ ਦੇ ਕੋਰੀਅਨ ਲੋਕਾਂ ਦੇ ਹੱਕੀ ਕਾਜ਼, ਅਤੇ ਅਮਰੀਕੀ ਸਾਮਰਾਜਵਾਦ ਦੀ ਧਾੜਵੀ ਨੀਤੀ ਦੇ ਖਿਲਾਫ ਉਨ੍ਹਾਂ ਦੇ ਘੋਲ ਦੀ ਪੂਰੀ ਹਮਾਇਤ ਕਰਦੇ ਹਨ।

ਸਾਡੇ ਦੇਸ਼ ਅਤੇ ਕੰਬੋਡੀਅਨ ਲੋਕਾਂ ਵਿਚਕਾਰ ਗੂੜ੍ਹੀ ਭਰਾਤਰੀ ਦੋਸਤੀ ਹੈ, ਜੋ ਸਾਮਰਾਜਵਾਦ ਅਤੇ ਇਸਦੇ ਟੁੱਕੜਬੋਚਾਂ ਦੇ ਖਿਲਾਫ ਘੋਲ ਵਿਚ ਮਜਬੂਤ ਹੋਈ ਹੈ। ਇਸ ਦੋਸਤੀ ਦੇ ਅਧਾਰ ਤੇ ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਅਤੇ ਡੈਮੋ-

ਕ੍ਰੈਟਿਕ ਕੰਬੋਡੀਆ ਵਿਚਕਾਰ ਸਬੰਧਾਂ ਨੂੰ ਹੋਰ ਮਜਬੂਤ ਬਣਾਉਣ ਲਈ ਅਸੀਂ ਪੂਰੀ ਵਾਹ ਲਾਵਾਂਗੇ।

ਅਮਰੀਕੀ ਸਾਮਰਾਜੀ ਹਮਲਾਵਰਾਂ ਅਤੇ ਸਥਾਨਿਕ ਪਿਛਾਂਹਖਿਚੂਆਂ ਦੇ ਖਿਲਾਫ ਲਉਸ ਦੇ ਲੋਕਾਂ ਦੇ ਲੰਬੇ ਘੋਲ ਦੀ ਸ਼ਾਨਦਾਰ ਜਿੱਤ, ਅਤੇ ਪੀਪਲਜ਼ ਡੈਮੋਕ੍ਰੈਟਿਕ ਰੀਪਬਲਿਕ ਆਫ ਲਉਸ ਦੀ ਸਥਾਪਨਾ ਨੂੰ ਅਲਬਾਨੀਅਨ ਲੋਕ ਉਚਿਆਂ ਲਹਿਰਾਉਂਦੇ ਹਨ। ਸਾਡੇ ਦੋਨਾਂ ਦੇਸ਼ਾਂ ਅਤੇ ਲੋਕਾਂ ਦੇ ਹਿੱਤਾਂ ਅਤੇ ਸਾਮਰਾਜਵਾਦ ਅਤੇ ਪਿਛਾਖੜ ਦੇ ਖਿਲਾਫ ਘੋਲ ਦੇ ਹਿੱਤਾਂ ਵਾਸਤੇ ਅਸੀਂ ਦੋਨਾਂ ਦੇਸ਼ਾਂ ਵਿਚਕਾਰ ਦੋਸਤਾਨਾ ਸਬੰਧਾਂ ਦੇ ਵਿਕਾਸ ਦੇ ਹੱਕ ਵਿਚ ਹਾਂ।

ਲੋਕ-ਤੰਤਰੀ ਅਲਬਾਨੀਆਂ ਹਮੇਸ਼ਾ ਹੀ ਗੁਆਂਢੀ ਦੇਸ਼ਾਂ ਨਾਲ, ਪੰਜ ਸਾਝੇਪਛਾਣੇ ਅਸੂਲਾਂ — ਖਰਾਖਰਤਾ, ਸਟੇਟ ਖੁਦਮੁਖਤਾਰੀ ਅਤੇ ਇਲਾਕਾਈ ਅਖੰਡਤਾ ਦਾ ਆਦਰ, ਇੱਕ-ਦੂਸਰੇ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ-ਅੰਦਾਜ਼ੀ ਨਾ ਕਰਨਾ, ਅਤੇ ਪ੍ਰਸਪਰ ਲਾਭ— ਦੇ ਅਧਾਰ ਤੇ ਆਮ ਵਰਗੇ ਸਬੰਧਾਂ ਦੇ ਵਿਕਾਸ ਦੇ ਹੱਕ ਵਿਚ ਰਿਹਾ ਹੈ। ਚੰਗੇ ਗੁਆਂਢੀਪਣ ਦੀ ਨੀਤੀ ਦੇ ਅਧਾਰ ਤੇ ਸਬੰਧਾਂ ਦਾ ਵਿਕਾਸ ਗੁਆਂਢੀ ਅਤੇ ਬਾਲਕਨ ਲੋਕਾਂ ਦੀ ਦੋਸਤੀ ਦੇ ਹਿੱਤ ਵਿਚ ਹੈ।

ਸਾਡੇ ਦੇਸ਼ ਦੇ ਯੁਗੋਸਲਾਵੀਆ ਨਾਲ ਵਪਾਰਕ ਅਤੇ ਸਭਿਆਚਾਰਕ ਸਬੰਧ ਹਨ ਜਿਹੜੇ ਸਾਡੇ ਵਾਸਤੇ ਅਤੇ ਯੁਗੋਸਲਾਵੀਆ ਵਾਸਤੇ ਲਾਹੇਵੰਦ ਹਨ।

ਯੁਗੋਸਲਾਵੀਆ ਵੱਲ ਸਾਡੀ ਨੀਤੀ ਨਾ ਬਦਲੀ ਹੈ ਅਤੇ ਨਾ ਹੀ ਬਦਲੇਗੀ, ਜਿੰਨਾਂ ਚਿਰ ਯੁਗੋਸਲਾਵ ਸਰਕਾਰ ਵੀ, ਸਾਡੇ ਵੱਲ ਸਹੀ ਰਵੱਈਆ ਰੱਖੇਗੀ।ਪਾਰਟੀ ਆਫ ਲੇਬਰ ਆਫ ਅਲਬਾਨੀਆਂ ਦਾ ਇਹ ਐਲਾਨ ਕਿ ਰੂਸ ਜਾਂ ਕਿਸੇ ਹੋਰ ਬਦੇਸ਼ੀ ਤਾਕਤ ਵਲੋਂ ਯੁਗੋਸਲਾਵੀਆ ਉਤੇ ਹਮਲੇ ਦੀ ਹਾਲਤ ਵਿਚ ਅਲਬਾਨੀਅਨ ਲੋਕ ਯੁਗੋਸਲਾਵੀਅਨ ਲੋਕਾਂ ਦੇ ਨਾਲ ਖੜਨਗੇ, ਇਹ ਐਲਾਨ ਹਮੇਸ਼ਾ ਵਾਸਤੇ ਸਹੀ ਹੈ। ਪਰ ਯੁਗੋਸਲਾਵੀਆ ਨੂੰ ਇਸ ਅਲਬਾਨੀਅਨ ਸਟੈਂਡ ਦਾ ਜਵਾਬ ਸਾਡੇ ਵੱਲ ਸਹੀ ਕੰਮਾਂ ਅਤੇ ਰਵੱਈਏ ਰਾਹੀਂ ਦੇਣਾ ਚਾਹੀਦਾ ਹੈ।

ਇਹ ਠੀਕ ਹੈ ਕਿ ਯੁਗੋਸਲਾਵ ਸਟੇਟ ਨੂੰ ਇਹ ਹੱਕ ਹੈ ਕਿ ਜਿਹੜੀ ਉਸ ਨੂੰ ਚੰਗੀ ਲੱਗਦੀ ਹੋਵੇ ਉਹ ਨੀਤੀ ਅਪਣਾਵੇ, ਪਰ ਅਲਬਾਨੀਅਨ ਸਟੇਟ ਨੂੰ ਵੀ ਇਹ ਹੱਕ ਹੈ ਕਿ ਉਹ ਉਨ੍ਹਾਂ ਕੰਮਾਂ ਦੀ ਨੁਕਤਾਚੀਨੀ ਕਰੇ ਜਿਹੜੇ ਸਾਡੇ ਦੋ ਦੇਸ਼ਾਂ ਵਿਚਕਾਰ ਚੰਗੇ ਗੁਆਂਢੀਆਂ ਵਾਲੇ ਸਬੰਧਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਯੁਗੋਸਲਾਵ ਸਰਕਾਰ ਰੂਸੀ ਸਮਾਜਿਕ ਸਾਮਰਾਜੀਆਂ ਦੇ ਹਮਲਾਵਰ ਬਹਿਰੀ ਬੇੜੇ ਦੇ ਜੰਗੀ

ਜ਼ਹਾਜ਼ਾਂ ਨੂੰ ਰਿਆਇਤਾਂ ਅਤੇ ਸਹੂਲਤਾਂ ਦਿੰਦੀ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਬੰਦਰਗਾਹਾਂ ਵਰਤਣ ਦੀ ਇਜ਼ਾਜ਼ਤ ਦਿੰਦੀ ਹੈ। ਇਹ ਇਸਦਾ ਆਪਣਾ ਮਸਲਾ ਹੈ, ਪਰ ਇਸ ਤੋਂ ਅਲਬਾਨੀਆਂ, ਬਾਲਕਨਜ਼ ਦੇ ਹੋਰ ਦੇਸ਼ਾਂ ਅਤੇ ਮੈਡੀਟ੍ਰੇਰੀਅਨ ਦੇਸ਼ਾਂ ਨੂੰ ਵੀ ਚਿੰਤਾ ਹੈ।

ਇੱਕ ਸਹੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦੇ ਤੌਰ ਤੇ, ਸਾਡੀ ਪਾਰਟੀ ਨੇ ਕੋਸੋਵਾ, ਮੈਸੇਡੋਨੀਆਂ ਅਤੇ ਮੋਨਟਿਨਗਰੋ ਵਿਚ ਉਨ੍ਹਾਂ ਦੀ ਧਰਤੀ ਤੇ ਵਸਦੇ ਆਪਣੇ ਅਲਬਾਨੀਅਨ ਭਰਾਵਾਂ ਵੱਲ ਹਮੇਸ਼ਾ ਹੀ ਸਹੀ ਰਵੱਈਆ ਰੱਖਿਆ ਹੈ। ਯੂਗੋਸਲਾਵੀਆ ਵਿਚ ਰਹਿੰਦੇ ਅਲਬਾਨੀਅਨਾਂ ਅਤੇ ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਵਿਚਕਾਰ ਦੁਸ਼ਮਣੀ ਪੈਦਾ ਕਰਨ ਦੀਆਂ ਕੁੱਝ ਯੂਗੋਸਲਾਵ ਅਧਿਕਾਰੀਆਂ ਦੀਆਂ ਚਾਲਾਂ ਅਸਫਲ ਹਨ, ਪਰ ਉਹ ਬਹੁਤ ਨੁਕਸਾਨ ਪਹੁੰਚਾਂਦੀਆਂ ਹਨ। ਅਸੀਂ ਅਲਬਾਨੀਅਨ ਅਜੇ ਵੀ ਉਹੀ ਪਹਿਲਾਂ ਵਾਲੇ ਹੀ ਅਲਬਾਨੀਅਨ ਹਾਂ, ਅਸੀਂ ਯੂਗੋਸਲਾਵੀਆ ਦੇ ਲੋਕਾਂ ਵੱਲ, ਅਤੇ ਯੂਗੋਸਲਾਵੀਆ ਵਿਚ ਅਲਬਾਨੀਅਨ ਆਬਾਦੀ ਬਾਰੇ ਮਾਰਕਸਵਾਂਦੀ-ਲੈਨਿਨਵਾਦੀ ਰਵੱਈਆ ਰੱਖਦੇ ਹਾਂ ਅਤੇ ਰੱਖਾਂਗੇ। ਕੋਸੋਵਾ, ਮੈਸੇਡੋਨੀਆਂ, ਅਤੇ ਮੋਨਟਿਨਗਰੋ ਵਿਚ ਵੱਸਦੇ ਅਲਬਾਨੀਅਨਾਂ ਨਾਲ ਸਾਡਾ ਖ਼ੂਨ ਅਤੇ ਬੋਲੀ ਦਾ ਰਿਸ਼ਤਾ, ਰਵਾਇਤਾਂ ਅਤੇ ਕੌਮੀ ਰਿਵਾਜ਼ਾਂ ਦੇ ਦੇ ਰਿਸ਼ਤੇ ਸਾਨੂੰ ਇਹ ਹੱਕ ਦਿੰਦੇ ਹਨ ਕਿ, ਯੂਗੋਸਲਾਵ ਸਟੇਟ ਦੇ ਅੰਦਰੂਨੀ ਮਸਲਿਆਂ ਵਿਚ ਦਖਲ-ਅੰਦਾਜ਼ੀ ਕਰਨ ਤੋਂ ਬਿਨਾਂ ਅਤੇ ਅੰਤਰਰਾਸ਼ਟਰੀ ਨਿਯਮਾਂ ਦੀ ਪਾਲਣਾ ਕਰਦੇ ਹੋਏ, ਅਸੀਂ ਇਸ ਗੱਲ ਨਾਲ ਆਪਣਾ ਵਾਸਤਾ ਰੱਖੀਏ ਕਿ ਉਨ੍ਹਾਂ ਨੂੰ ਵੀ ਯੂਗੋਸਲਾਵ ਫੈਡਰੇਸ਼ਨ ਦੇ ਹੋਰ ਲੋਕਾਂ ਵਾਂਗ ਹੀ ਸਾਰੇ ਹੱਕ, ਅਜ਼ਾਦੀਆਂ ਅਤੇ ਸਹੂਲਤਾਂ ਮਿਲਣ। ਅਤੇ ਇਹ ਅਲਬਾਨੀਆਂ ਵਿਚ ਕਿਸੇ ਜ਼ਰਾ ਇਤੀ ਕੌਅਪ੍ਰੇਟਿਵ ਦਾ ਸਵਾਲ ਨਹੀਂ; ਜਿੱਥੇ ਮੈਸੇਡੋਨੀਅਨ ਆਬਾਦੀ ਹੈ ਜਿਸ ਨੂੰ ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਦੇ ਸੰਵਿਧਾਨ ਵਲੋਂ ਦਿੱਤੇ ਗਏ ਸਾਰੇ ਹੱਕ ਹਾਸਲ ਹਨ, ਜਾਂ ਅਲਬਾਨੀਆਂ ਵਿਚ ਮੋਨਟਿਨਗਰੋ ਤੋਂ ਕਿਸੇ ਅਖੌਤੀ ਘਟ-ਗਿਣਤੀ ਦਾ ਸਵਾਲ ਨਹੀਂ; ਜਿਵੇਂ ਕਿ ਯੂਗੋਸਲਾਵ੍ ਪ੍ਰਾਪੇਗੰਡੇ ਦਾ ਦਾਵ੍ਹਾ ਹੈ। ਜਦੋਂ ਅਸੀਂ ਯੂਗੋਸਲਾਵੀਆ ਵਿਚ ਵੱਸਦੇ ਆਪਣੇ ਭਰਾਵਾਂ ਦੀ ਗੱਲ ਕਰਦੇ ਹਾਂ, ਤਾਂ ਅਸੀਂ 15 ਲੱਖ ਤੋਂ ਵੱਧ ਅਲਬਾਨੀਅਨਾਂ ਦੀ ਗੱਲ ਕਰਦੇ ਹਾਂ।

ਸਾਡੀ ਹਮੇਸ਼ਾ ਹੀ ਇਹ ਰਾਇ ਅਤੇ ਇੱਛਾ ਰਹੀ ਹੈ, ਕਿ ਰੰਕੋਵਿਚ ਦੇ ਵੇਲੇ ਦੀਆਂ ਭੈੜੀਆਂ ਕਰਤੂਤਾਂ ਨਾ ਦੁਹਰਾਈਆਂ ਜਾਣ, ਕਿ ਯੂਗੋਸਲਾਵੀਆ

ਵਿਚ ਅਲਬਾਨੀਅਨ ਆਬਾਦੀ ਉਤੇ ਤਸ਼ੱਦਦ ਨਾ ਕੀਤਾ ਜਾਵੇ, ਜਾਂ ਉਨ੍ਹਾਂ ਨੂੰ ਕੰਗਾਲੀ ਵਿਚ ਨਾ ਰੱਖਿਆ ਜਾਵੇ, ਕਿ ਸਿਆਸੀ, ਆਰਥਿਕ ਅਤੇ ਸੱਭਿਆ-ਚਾਰਕ ਖੇਤਰਾਂ ਵਿਚ ਕੋਸੋਵਾ ਦੇ ਇਲਾਕੇ ਨਾਲ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਇਸ ਨਾਲ ਹੋਰ ਕੌਮੀਅਤਾਂ ਨਾਲ ਬਰਾਬਰਤਾ ਦਾ ਵਰਤਾਓ ਹੋਣਾ ਚਾਹੀਦਾ ਹੈ। ਅਗਰ ਕੋਸੋਵਾ ਦੇ ਇਲਾਕੇ ਤੋਂ ਰੂਸੀ ਸੋਧਵਾਦੀਆਂ ਨੂੰ ਸਾਡੇ ਦੇਸ਼ ਨੂੰ ਨੁਕਸਾਨ ਪਹੁੰਚਾਉਣ ਵਾਸਤੇ ਕਿਸੇ ਵੀ ਕਿਸਮ ਦੇ ਯਤਨ ਕਰਨ ਦਿੱਤੇ ਗਏ, ਤਾਂ ਇਸਨੂੰ ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਵੱਲ ਗੈਰ-ਦੋਸਤਾਨਾ ਨੀਤੀ ਸਮ-ਝਿਆ ਜਾਵੇਗਾ।

ਅਸੀਂ ਯੂਗੋਸਲਾਵੀਅਨ ਲੋਕਾਂ ਨੂੰ ਆਪਣੇ ਭਰਾਤਰੀ ਲੋਕ ਸਮਝਦੇ ਹਾਂ, ਅਤੇ ਸਾਨੂੰ ਇਹ ਯਕੀਨ ਹੈ ਕਿ ਉਹ ਹੁਣ ਅਤੇ ਭਵਿੱਖ ਵਿਚ ਵੀ ਆਪਣੀ ਮਾਤ-ਭੂਮੀ ਨਾਲ ਚੈਕੋਸਲਾਵਾਕੀਆ ਵਾਲਾ ਵਰਤਾਓ ਨਹੀਂ ਹੋਣ ਦੇਣਗੇ। ਉਹ ਕਿਸੇ ਦੀ ਧੌਂਸ ਨਹੀਂ ਝੱਲਣਗੇ, ਉਹ ਵਾਰਸਾ ਸੰਧੀ ਦੇ ਰੂਸੀ ਟੈਂਕਾਂ ਜਾਂ ਅਮਰੀਕੀ ਟੈਂਕਾਂ ਨੂੰ ਯੂਗੋਸਲਾ-ਵੀਆ ਦੀ ਧਰਤੀ ਤੇ ਮਨ-ਮਰਜ਼ੀ ਨਾਲ "ਭ੍ਰਮਣ" ਨਹੀਂ ਦੇਣਗੇ। ਯੂਗੋਸਲਾਵ ਸਟੇਟ ਅਤੇ ਲੀਗ ਆਫ ਕਮਿਊਨਿਸਟਸ ਆਫ ਯੂਗੋਸਲਾਵੀਆ ਨਾਲ ਸਾਡੀਆਂ ਨਾ ਸਮ-ਝੌਤਾ ਹੋ ਸਕਣ ਵਾਲੀਆਂ ਅਸੂਲੀ ਵਿਰੋਧਤਾਈਆਂ ਹਨ, ਜਿਨ੍ਹਾਂ ਬਾਰੇ ਅਸੀਂ ਮੂੰਹ ਬੰਦ ਨਹੀਂ ਕੀਤਾ ਅਤੇ ਨਾ ਹੀ ਕਰਾਂਗੇ। ਪਰ ਇਨ੍ਹਾਂ ਦੇ ਬਾਵਜੂਦ ਵੀ ਅਸੀਂ ਯੂਗੋਸਲਾਵੀਆ ਦੇ ਲੋਕਾਂ ਦੀ ਇੱਜ਼ਤ ਕਰਦੇ ਹਾਂ ਅਤੇ ਸਾਨੂੰ ਉਨ੍ਹਾਂ ਤੇ ਇਤਬਾਰ ਹੈ, ਕਿਉਂਕਿ ਇਤਿਹਾਸ ਨੇ ਦਿਖਾਇਆ ਹੈ ਕਿ ਉਹ ਇੱਕ ਬਹਾਦਰ ਲੋਕ ਹਨ।

ਜਿੱਥੋਂ ਤਕ ਗਰੀਸ ਨਾਲ ਸਾਡੇ ਸਬੰਧਾਂ ਦਾ ਤੁਅੱਲਕ ਹੈ, ਸਾਡੇ ਵਲੋਂ ਉਹ ਚੰਗੇ ਗੁਆਂਢੀਪਣ, ਇੱਕ-ਦੂਸਰੇ ਦੇ ਮਾਮਲਿਆਂ ਵਿਚ ਦਖਲ-ਅੰਦਾਜ਼ੀ ਨਾ ਕਰਨ, ਪ੍ਰਸ-ਪਰ ਲਾਭ ਅਤੇ ਇੱਕ-ਦੂਸਰੇ ਦੀ ਇਲਾਕਾਈ ਅਖੰਡਤਾ, ਖੁਦਮੁਖਤਾਰੀ ਅਤੇ ਕੌਮੀ ਆਜ਼ਾਦੀ ਦੀ ਇੱਜ਼ਤ ਕਰਨ ਦੀ ਨੀਤੀ ਉਤੇ ਅਧਾਰਤ ਹਨ। ਅਸੀਂ ਭਰਾਤਰੀ ਗਰੀਕ ਲੋਕਾਂ ਨਾਲ ਦੋਸਤਾਨਾ ਤੌਰ ਤੇ ਰਹਿਣਾ ਚਾਹੁੰਦੇ ਹਾਂ, ਅਤੇ ਅਸੀਂ ਹਮੇਸ਼ਾ ਹੀ ਇਹ ਕੋਸ਼ਿਸ਼ ਕੀਤੀ ਹੈ ਕਿ ਦੋਨਾਂ ਦੇਸ਼ਾਂ ਵਿਚਕਾਰ ਸਬੰਧ ਲਗਾਤਾਰ ਮਜ਼-ਬੂਤ ਹੁੰਦੇ ਰਹਿਣ। ਮੌਜੂਦਾ ਗਰੀਕ ਸਰਕਾਰ ਸਾਡੇ ਦੇਸ਼ ਨਾਲ ਦੋਸਤਾਨਾ ਸਬੰਧ ਰੱਖਣ ਦੇ ਹੱਕ ਵਿਚ ਹੈ। ਇਹ ਸਾਡੇ ਦੋਨਾਂ ਦੇਸ਼ਾਂ ਦੇ ਹਿੱਤ ਦੀ ਗੱਲ ਹੈ ਅਤੇ ਸਾਡੇ ਸਾਂਝੇ ਦੁਸ਼ਮਣਾਂ ਦੇ ਖਿਲਾਫ ਜਾਂਦੀ ਹੈ।

ਅਸੀਂ ਜਾਣਦੇ ਹਾਂ ਕਿ ਮੌਜੂਦਾ ਗਰੀਕ ਸਰਕਾਰ ਪਾਰਟੀਆਂ ਦੇ ਸਾਂਝੇ ਮੋਰਚੇ

ਦੀ ਸਰਕਾਰ ਹੈ, ਅਤੇ ਵਿਰੋਧੀ ਪਾਰਟੀਆਂ ਦੀਆਂ ਸਫਾਂ ਵਿਚ ਇਸਦੇ ਕਈ ਵਿਰੋਧੀ ਹਨ। ਇਨ੍ਹਾਂ ਪਾਰਟੀਆਂ ਵਿਚੋਂ ਹਰ ਇੱਕ ਦਾ ਆਪਣਾ ਸਟੈਂਡ ਹੈ। ਸੁਭਾਵਿਕ ਹੀ, ਇਹ ਗਰੀਕਾਂ ਦਾ ਇੱਕ ਅੰਦਰੂਨੀ ਮਾਮਲਾ ਹੈ। ਪਰ, ਸਾਡੀ ਇਹ ਸੋਚ ਅਤੇ ਇੱਛਾ ਹੈ ਕਿ ਇਹ ਸਾਰੀਆਂ ਪਾਰਟੀਆਂ ਗਰੀਸ ਅਤੇ ਅਲ-ਬਾਨੀਆਂ ਵਿਚਕਾਰ ਦੋਸਤੀ, ਸਹਿਯੋਗ ਅਤੇ ਚੰਗੇ ਗੁਆਂਢੀਪਣ ਵਾਲੇ ਸਬੰਧਾਂ ਨੂੰ ਦੋਨਾਂ ਦੇਸ਼ਾਂ ਵਾਸਤੇ ਹੀ ਫਾਇਦੇਮੰਦ ਸਮਝਣ।

ਕਿਸੇ ਵੀ ਵਕਤ ਅਤੇ ਕਿਸੇ ਵੀ ਹਾਲਤਾਂ ਅਧੀਨ, ਆਪਣੀ ਖੁਦਮੁਖਤਾਰੀ ਅਤੇ ਆਜ਼ਾਦੀ ਦੀ ਰਾਖੀ ਵਾਸਤੇ ਅਲਬਾਨੀਅਨ ਲੋਕਾਂ ਦਾ ਘੋਲ ਗਰੀਸ ਅਤੇ ਇਸਦੇ ਲੋਕਾਂ ਦੀ ਆਜ਼ਾਦੀ ਅਤੇ ਖੁਦਮੁਖਤਾਰੀ ਦੀ ਰਾਖੀ ਦੇ ਵਾਸਤੇ ਵੀ ਲਾਭਦਾਇਕ ਹੈ। ਇਹ ਕੁੱਝ ਅਸੀਂ ਭਰਾਤਰੀ ਗਰੀਕ ਲੋਕਾਂ ਨੂੰ ਤਹਿ-ਦਿਲੋਂ ਕਹਿੰਦੇ ਹਾਂ, ਕਿਉਂਕਿ ਅਸੀਂ ਉਨ੍ਹਾਂ ਲੋਕਾਂ ਦੇ ਵਾਰਸ ਹਾਂ ਜਿਨ੍ਹਾਂ ਨੇ 1821 ਦੇ ਸਾਲ ਵਿਚ ਗਰੀਕ ਲੋਕਾਂ ਦੇ ਇਨਕਲਾਬ ਦੀ ਮੱਦਦ ਕੀਤੀ ਅਤੇ ਅੰਤ ਤਕ ਸਾਥ ਨਿਭਾਇਆ, ਜਦ ਕਿ ਹੋਰਨਾਂ ਨੇ ਇਸਦਾ ਸਾਥ ਛੱਡ ਦਿੱਤਾ ਅਤੇ ਇਸ ਨਾਲ ਗਦਾਰੀ ਕੀਤੀ। ਸਾਡੇ ਦੋਨਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਇਹ ਦੋਸਤੀ ਇਟਾਲੀਅਨ ਫਾਸ਼ਿਸਟਾਂ ਅਤੇ ਜਰਮਨ ਨਾਜ਼ੀਆਂ ਦੇ ਖਿਲਾਫ ਸਾਡੇ ਸਾਂਝੇ ਘੋਲ ਵਿਚ ਹੋਰ ਵੀ ਪੱਕੀ ਹੋਈ।

ਅਸੀਂ ਗਰੀਸ ਸਟੇਟ ਨਾਲ ਆਪਣੀ ਨੀਤੀ ਇੱਕ ਵਕਤੀ ਨੀਤੀ ਦੇ ਤੌਰ ਤੇ ਨਹੀਂ ਚਾਹੁੰਦੇ ਜੋ ਹਾਲਤਾਂ ਤੇ ਨਿਰਭਰ ਹੋਵੇ, ਬਲਕਿ ਸਾਡੇ ਦੋਨਾਂ ਦੇਸ਼ਾਂ ਵਿਚਕਾਰ ਇੱਕ ਹਕੀਕੀ, ਦੋਸਤਾਨਾ ਅਤੇ ਹੰਢਣਸਾਰ ਨੀਤੀ ਚਾਹੁੰਦੇ ਹਾਂ। ਜਿੱਥੋਂ ਤਕ ਫਾਸ਼ਿ-ਸਟਾਂ ਅਤੇ ਬੇਵਕੂਫ ਅਖੌਤੀ "ਉਤੱਰੀ ਇਪੀਰੋਟਸ" ਦਾ ਤੁਅੱਲਕ ਹੈ, ਜਿਹੜੇ ਆਪਣੇ ਥੋਥੇ ਦਾਵ੍ਹਿਆ ਰਾਹੀਂ ਸਾਡੇ ਦੋ ਮੁਲਕਾਂ ਵਿਚਕਾਰ ਸਬੰਧਾਂ ਵਿਚ ਤਣਾਓ ਦਾ ਮਹੌਲ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ, ਅਸੀਂ ਉਨ੍ਹਾਂ ਨੂੰ ਕਹਿਣਾ ਚਾਹੁੰਦੇ ਹਾਂ ਕਿ ਅਲਬਾਨੀਆਂ ਵਿਚ ਖੁਸ਼ਹਾਲੀ ਨਾਲ ਵਸਦੀ ਗਰੀਕ ਅਬਾਦੀ ਤੁਹਾਡੇ ਰੌਲੇ-ਰੱਪੇ ਨੂੰ ਬੇਵਕੂਫੀ ਤੋਂ ਵੱਧ ਹੋਰ ਕੁੱਝ ਨਹੀਂ ਸਮਝਦੀ। ਅਸੀਂ ਉਨ੍ਹਾਂ ਨੂੰ ਦੱਸਦੇ ਹਾਂ: ਤੁਸੀਂ ਚਾਹੁੰਦੇ ਹੋ ਤਾਂ ਬੇਸ਼ੱਕ ਆਪਣੇਆਪਨੂੰ "ਉਤੱਰੀ ਇਪੀਰੋਟਸ" ਦੱਸਣ ਦਾ ਆਪਣਾ ਧੰਦਾ ਜਾਰੀ ਰੱਖੋ, ਕਿਉਂਕਿ ਨਾ ਹੀ ਸਾਨੂੰ ਅਤੇ ਨਾ ਹੀ ਅਲਬਾਨੀਆਂ ਵਿਚ ਵੱਸਦੀ ਗਰੀਕ ਘਟ-ਗਿਣਤੀ ਨੂੰ ਤੁਹਾਡੇ ਤੋਂ ਕੋਈ ਡਰ ਹੈ ਕਿਉਂਕਿ ਅਲਬਾਨੀਅਨ ਲੋਕ ਅਤੇ ਗਰੀਕ ਘਟ-ਗਿਣਤੀ ਆਪਿਸ-ਵਿਚ ਭਰਾਵਾਂ ਦੀ ਤਰ੍ਹਾਂ ਜੁੜੇ ਹੋਏ ਹਨ।

ਸਾਡਾ ਯਕੀਨ ਹੈ ਕਿ ਗਰੀਸ ਵਿਚ ਸਮਝਦਾਰ ਸਿਆਸਤਦਾਨ ਜੋ ਮਸਲਿਆਂ ਨੂੰ ਹਕੀਕੀ ਨਜ਼ਰੀਏ ਤੋਂ ਦੇਖਦੇ ਹਨ ਅਤੇ ਉਨ੍ਹਾਂ ਨੂੰ ਇਹ ਗੱਲ ਸਾਫ ਹੈ ਕਿ ਸਮਾਜਵਾਦੀ ਅਲਬਾਨੀਆਂ ਕਦੇ ਵੀ ਉਨ੍ਹਾਂ ਦੀ ਬੁਰਾਈ ਨਹੀਂ ਕਰੇਗਾ, ਕਿ ਅਲਬਾਨੀਅਨਾਂ ਦੀ ਦੋਸਤੀ ਉਨ੍ਹਾਂ ਵਾਸਤੇ ਲਾਹੇਵੰਦ ਹੈ, ਏਸੇ ਤਰ੍ਹਾਂ ਗਰੀਕ ਲੋਕਾਂ ਦੀ ਦੋਸਤੀ ਸਾਡੇ ਵਾਸਤੇ ਲਾਹੇਵੰਦ ਹੈ ।

ਜਿੱਥੋਂ ਤਕ ਸਮੁੰਦਰ ਪਾਰਲੇ ਗੁਆਂਢੀ, ਇਟਲੀ ਦਾ ਤੁਅੱਲਕ ਹੈ, ਸਾਡੇ ਉਸ ਨਾਲ ਆਮ ਵਰਗੇ ਡਿਪਲੋਮੈਟਿਕ ਸਬੰਧ ਹਨ, ਅਤੇ ਅਸੀਂ ਵਪਾਰਕ ਅਤੇ ਸੱਭਿਆਚਾਰਕ ਸਬੰਧ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਪਰ ਇਹ ਗੱਲ ਸਮਝੀ ਜਾ ਸਕਦੀ ਹੈ ਕਿ ਇਹ ਸਾਡੇ ਇੱਕਲਿਆਂ ਤੇ ਹੀ ਨਿਰਭਰ ਨਹੀਂ। ਅਸੀਂ ਇਟਾਲੀਅਨ ਲੋਕਾਂ ਨਾਲ ਦੋਸਤੀ ਚਾਹੁੰਦੇ ਹਾਂ ਅਤੇ ਇਸ ਪੱਖ ਤੇ ਕੋਸ਼ਿਸ਼ਾਂ ਕਰਦੇ ਹਾਂ। ਇਹ ਇੱਛਾ ਅਲਬਾਨੀਅਨ ਲੋਕਾਂ ਦੀਆਂ ਅਸਲੀ ਭਾਵਨਾਵਾਂ ਅਤੇ ਸਾਡੀ ਸਮਾਜਵਾਦੀ ਸਟੇਟ ਦੀ ਸਹੀ ਨੀਤੀ ਤੋਂ ਪੈਦਾ ਹੁੰਦੀ ਹੈ। ਸਾਨੂੰ ਉਮੀਦ ਹੈ ਕਿ, ਹਰ ਇਟਾਲੀਅਨ ਅਤੇ ਹਰ ਇਟਾਲੀਅਨ ਸਿਆਸਤਦਾਨ, ਜਿਹੜਾ ਵੀ ਚੀਜ਼ਾਂ ਨੂੰ ਹਕੀਕੀ ਨਜ਼ਰੀਏ ਤੋਂ ਦੇਖਦਾ ਹੈ, ਇਹੀ ਸੋਚੇਗਾ ਕਿ ਅਲਬਾਨੀਆਂ ਨਾਲ ਦੋਸਤੀ ਇਟਲੀ ਵਾਸਤੇ ਵੀ ਬਹੁਤ ਮਹੱਤਵਪੂਰਨ ਹੈ।

ਸੋ, ਜਿੱਥੋਂ ਤਕ ਇਨ੍ਹਾਂ ਗੁਆਂਢੀ ਮੁਲਕਾਂ ਦਾ ਤੁਅੱਲਕ ਹੈ, ਸਾਡੀ ਇੱਛਾ ਹੈ ਕਿ ਚੰਗੇ ਗੁਆਂਢੀਆਂ ਦੀ ਤਰ੍ਹਾਂ ਰਹੀਏ, ਇੱਕ-ਦੂਜੇ ਨਾਲ ਸਹਿਯੋਗ ਦੇਈਏ, ਇੱਕ-ਦੂਜੇ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ-ਅੰਦਾਜ਼ੀ ਨਾ ਕਰੀਏ, ਅਤੇ ਕੋਈ ਵੀ, ਕਿਸੇ ਵੀ ਜ਼ਰੀਏ, ਆਪਣੇ ਵਿਚਾਰ ਠੋਸਣ ਦੀ ਕੋਸ਼ਿਸ਼ ਨਾ ਕਰੇ।

ਤੁਰਕਿਸ਼ ਰੀਪਬਲਿਕ ਅਤੇ ਅਲਬਾਨੀਆਂ ਵਿਚਕਾਰ ਸੋਹਣੇ ਸਬੰਧ ਹਨ। ਵਪਾਰਕ ਅਤੇ ਸਭਿਆਚਾਰਕ ਵਟਾਂਦਰੇ ਵਿਕਸਤ ਹੋ ਰਹੇ ਹਨ। ਸਾਡੇ ਦੋਨਾਂ ਦੇਸ਼ਾਂ ਦੇ ਲੋਕਾਂ ਦੇ ਹਮੇਸ਼ਾ ਦੋਸਤਾਂ ਦੇ ਤੌਰ ਤੇ ਇੱਕ-ਦੂਜੇ ਦੇ ਚੰਗੇ ਗੁਆਂਢੀ ਦੇ ਤੌਰਤੇ ਰਹਿਣ ਦੇ ਰਾਹ ਵਿਚ ਕੋਈ ਵੀ ਰੁਕਾਵਟ ਨਹੀਂ ਹੈ।

ਅਸੀਂ ਭਰਾਤਰੀ ਬੁਲਗਾਰੀਅਨ ਲੋਕਾਂ ਨਾਲ ਦੋਸਤੀ ਰੱਖਣੀ ਚਾਹੁੰਦੇ ਹਾਂ। ਪਰ ਅਸੀਂ ਇਹ ਜ਼ਰੂਰ ਕਹਾਂਗੇ ਕਿ ਸਾਨੂੰ ਬੁਲਗਾਰੀਅਨ ਪਾਰਟੀ ਅਤੇ ਸਟੇਟ ਦੀ ਲੀਡਰਸ਼ਿਪ ਉਤੇ ਬਿਲਕੁੱਲ ਭਰੋਸਾ ਨਹੀਂ, ਕਿਉਂਕਿ ਇਸਨੇ ਸਾਡੇ ਦੇਸ਼ ਵੱਲ ਵੈਰ ਦੀ ਭਾਵਨਾ ਦਿਖਾਈ ਹੈ ਅਤੇ ਇਹ ਰੂਸੀ ਸਮਾਜਿਕ ਸਾਮਰਾਜੀਆਂ ਦਾ ਹੱਥ-ਠੋਕਾ ਬਣ ਗਈ ਹੈ। ਬੁਲਗਾਰੀਆਂ ਨੂੰ ਇੱਕ ਅਜੇਹੇ ਦੇਸ਼ ਵਿਚ ਬਦਲ ਦਿੱਤਾ

ਗਿਆ ਹੈ ਜੋ ਸਾਜ਼ਿਸ਼ਾਂ ਘੜਦਾ ਹੈ। ਅਤੇ ਇਹ ਰੂਸ ਦੀ ਦਰਿਆਉਂ ਪਾਰਲੀ ਸੂਹੀਆ ਚੌਕੀ ਬਣ ਗਿਆ ਹੈ। ਇਨ੍ਹਾਂ ਪੁਜ਼ੀਸ਼ਨਾਂ ਤੋਂ ਸ਼ੁਰੂ ਹੋ ਕੇ ਇਹ ਗੁਆਂਢੀ ਦੇਸ਼ਾਂ, ਯੁਗੋਸਲਾਵੀਆ, ਟਰਕੀ, ਗਰੀਸ ਅਤੇ ਅਲਬਾਨੀਆਂ ਨੂੰ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਰੂਸੀ ਸਮਾਜਿਕ ਸਾਮਰਾਜੀਆਂ ਦੀ ਸ਼ਹਿ ਤੇ ਬੁਲਗਾਰੀਆ ਕਿਸੇ ਵੀ ਮੌਕੇ ਤੇ ਡਾਰਡਾਨਲਿਸ ਤੇ ਕਬਜ਼ਾ ਕਰਨ ਲਈ ਤਿਆਰ ਹੈ, ਅਤੇ ਇਸ ਤਰ੍ਹਾਂ ਸਾਨ-ਸਟੀਫਾਨੋ ਸੰਧੀ ਮੁੜ-ਲਾਗੂ ਕੀਤੀ ਜਾਏਗੀ। ਇਨ੍ਹਾਂ ਕਾਰਨਾਂ ਕਰਕੇ ਅਸੀਂ ਚਾਹੁੰਦੇ ਹਾਂ ਕਿ ਤੁਰਕੀ ਅਤੇ ਗਰੀਸ ਵਿਚ ਸਬੰਧ ਚੰਗੇ ਬਣਨ, ਦੋਨੋਂ ਦੇਸ਼ ਬੈਠ ਕੇ ਵਿਚਾਰ-ਵਟਾਂਦਰੇ ਰਾਹੀਂ ਹੱਲ ਲੱਭਣ ਜੋ ਦੋਨਾਂ ਦੇਸ਼ਾਂ ਅਤੇ ਲੋਕਾਂ ਲਈ ਵਧੀਆ ਗੱਲ ਹੋਵੇਗੀ। ਇਹ ਹੋਰ ਬਾਲਕਨ ਦੇਸ਼ਾਂ ਵਾਸਤੇ ਵੀ ਇੱਕ ਮਹਾਨ ਜਿੱਤ ਹੋਵੇਗੀ।।

ਰੁਮਾਨੀਆਂ ਨਾਲ ਵੀ ਇੱਕ ਗੁਆਂਢੀ ਮੁਲਕ ਦੇ ਨਾਤੇ ਅਸੀਂ ਚੰਗੇ ਸਬੰਧ ਰੱਖਣੇ ਚਾਹੁੰਦੇ ਹਾਂ, ਅਤੇ ਉਨ੍ਹਾਂ ਨੂੰ ਵਿਕਸਤ ਕਰਦੇ ਹਾਂ। ਅਸੀਂ ਭਰਾਤਰੀ ਰੁਮਾਨੀਅਨ ਲੋਕਾਂ ਦੇ ਆਪਣੇ ਦੇਸ਼ ਦੀ ਉਨੱਤੀ ਅਤੇ ਪ੍ਰਫੁੱਲਤਾ ਵਾਸਤੇ ਯਤਨਾਂ ਦੀ ਸ਼ਲਾਘਾ ਕਰਦੇ ਹਾਂ।

ਬਾਲਕਨਜ਼ ਦੇ ਲੋਕਾਂ ਵਿਚਕਾਰ ਸਰਬ-ਪੱਖੀ ਸਹਿਯੋਗ, ਇੱਕ ਬਾਲਕਨਜ਼ ਕਾਨਫਰੰਸ, ਆਦਿ, ਬਾਰੇ ਬੜਾ ਕੁੱਝ ਕਿਹਾ ਗਿਆ ਹੈ ਅਤੇ ਕਿਹਾ ਜਾ ਰਿਹਾ ਹੈ। ਸਾਡੀ ਪਾਰਟੀ ਅਤੇ ਸਰਕਾਰ ਨੇ ਬਹੁਤ ਦੇਰ ਪਹਿਲਾਂ ਹੀ ਬਾਲਕਨਜ਼ ਸਹਿਯੋਗ ਬਾਰੇ ਆਪਣੀ ਰਾਇ ਸਪੱਸ਼ਟ ਕਰ ਦਿੱਤੀ ਸੀ, ਅਤੇ ਇਹ ਵੀ ਦੱਸਿਆ ਸੀ ਕਿ ਅਸੀਂ ਏਥਨਜ਼ ਮੀਟਿੰਗ ਵਿਚ ਹਿੱਸਾ ਕਿਉਂ ਨਹੀਂ ਲਿਆ। ਸਾਡੀ ਰਾਇ ਹੈ ਕਿ, ਬਾਲਕਨਜ਼ ਦੀ ਅੱਜ ਦੀ ਹਾਲਤ ਵਿਚ, ਇੱਕ ਬਹੁ-ਧਿਰੀ ਮੀਟਿੰਗ ਅਤੇ ਸਮਝੌਤੇ ਵਾਸਤੇ ਲੋੜੀਦੀਆਂ ਲਾਜ਼ਮੀ ਹਾਲਤਾਂ ਮੌਜੂਦ ਨਹੀਂ ਹਨ। ਸਾਡਾ ਵਿਸ਼ਵਾਸ ਹੈ ਕਿ, ਵਰਤਮਾਨ ਸਮੇਂ, ਬਾਲਕਨਜ਼ ਵਿਚ ਭਰੋਸੇ ਅਤੇ ਸਹਿਮਤੀ ਦੀ ਭਾਵਨਾ ਪੈਦਾ ਕਰਨ ਵਾਸਤੇ ਅਤੇ ਭਵਿੱਖ ਵਿਚ ਵਿਸ਼ਾਲ ਅਧਾਰ ਤੇ ਸਹੀ ਤੇ ਨਿਸਵਾਰਥੀ ਸਹਿਯੋਗ ਵਾਸਤੇ ਹਾਲਤ ਤਿਆਰ ਕਰਨ ਵਾਸਤੇ ਦੋ-ਧਿਰੀ ਸਬੰਧਾਂ ਦਾ ਵਿਕਾਸ ਸੱਭ ਤੋਂ ਵਧੀਆ ਤਰੀਕਾ ਹੈ।

ਅਰਬ ਰੀਪਬਲਿਕ ਆਫ ਇਜ਼ਿਪਟ (ਮਿਸਰ), ਡੈਮੋਕ੍ਰੈਟਿਕ ਐਂਡ ਪੀਪਲਜ਼ ਰੀਪਬਲਿਕ ਆਫ ਅਲਜੇਰੀਆ, ਅਤੇ ਹੋਰ ਅਰਬ ਦੇਸ਼ਾਂ ਨਾਲ ਸਾਡੇ ਸਬੰਧ, ਅਲਬਾਨੀਅਨ ਲੋਕਾਂ ਅਤੇ ਅਰਬ ਲੋਕਾਂ ਦੀ ਰਵਾਇਤੀ ਦੋਸਤੀ ਦੇ ਅਧਾਰ ਤੇ, ਅਤੇ ਦੋ ਮਹਾਂ-ਸ਼ਕਤੀਆਂ ਅਤੇ ਪਿਛਾਖੜ ਦੀ ਧਾੜਵੀ ਨੀਤੀ ਦੇ ਖਿਲਾਫ ਘੋਲ ਦੇ ਹਿੱਤ

ਵਿਚ, ਇੱਕ ਉਸਾਰੂ ਦਿਸ਼ਾ ਵਿਚ ਵਿਕਸਤ ਹੋ ਰਹੇ ਹਨ।

ਅਰਬ ਲੋਕਾਂ ਲਈ ਸਾਡੀਆਂ ਗੂੜ੍ਹੀ ਦੋਸਤੀ ਦੀਆਂ ਭਾਵਨਾਵਾਂ ਹਨ, ਜਿਨ੍ਹਾਂ ਨੂੰ ਅਸੀਂ ਹੋਰ ਵਿਕਸਤ ਕਰਾਂਗੇ। ਉਹ ਅਗਾਂਹਵਧੂ ਅਤੇ ਅਮਨ-ਪਸੰਦ ਲੋਕ ਹਨ, ਜਿਨ੍ਹਾਂ ਨੇ ਸੰਸਾਰ ਸੱਭਿਆਚਾਰ ਦੇ ਕਈ ਪਹਿਲੂਆਂ ਨੂੰ ਤਰੱਕੀ ਦੇਣ ਦਿੱਤੀ ਹੈ। ਸਾਨੂੰ ਯਕੀਨ ਹੈ ਕਿ ਅਰਬ ਲੋਕ ਬਦੇਸ਼ੀ ਸਰਮਾਏ ਅਤੇ ਖੂਨ-ਪੀਣੇ ਸਾਮਰਾਜੀਆਂ ਦੇ ਜੂਲੇ ਤੋਂ ਆਪਣੇ-ਆਪ ਨੂੰ ਪੂਰੀ ਤਰ੍ਹਾਂ ਮੁਕਤ ਕਰਾ ਲੈਣਗੇ ਅਤੇ ਇਜ਼ਰਾਈਲੀ ਹਮਲਾਵਰਾਂ ਦੇ ਖਿਲਾਫ ਆਪਣੇ ਹੱਕੀ ਘੋਲ ਵਿਚ ਜਿੱਤ ਪ੍ਰਾਪਤ ਕਰਨਗੇ।

ਸਾਮਰਾਜੀ-ਜ਼ਾਇਨਿਸਟ ਹਮਲੇ ਦੀ ਵਿਰੋਧਤਾ ਕਰਨ ਵਿਚ, ਖੁਸੇ ਹੋਏ ਅਰਬ ਇਲਾਕਿਆਂ ਨੂੰ ਆਜ਼ਾਦ ਕਰਾਉਣ ਵਿਚ, ਅਤੇ ਅਮਰੀਕੀ ਸਾਮਰਾਜਵਾਦ ਅਤੇ ਰੂਸੀ ਸਮਾਜਿਕ ਸਾਮਰਾਜਵਾਦ ਦੀਆਂ ਸਾਜ਼ਿਸ਼ਾਂ ਨੂੰ ਪਛਾੜਨ ਦੇ ਹੱਕੀ ਘੋਲ ਵਿਚ ਅਸੀਂ ਅਰਬ ਲੋਕਾਂ ਦੀ ਦ੍ਰਿੜ ਹਮਾਇਤ ਕਰਾਂਗੇ। ਸਾਡਾ ਦੇਸ਼ ਅਤੇ ਲੋਕ ਫਲਸਤੀਨੀ ਲੋਕਾਂ ਦੇ ਕੌਮੀ ਹੱਕਾਂ ਅਤੇ ਆਪਣੇ ਘਰਾਂ ਨੂੰ ਵਾਪਸ ਜਾਣ ਦੇ ਹੱਕੀ ਘੋਲ ਦੀ ਪੁਰਜ਼ੋਰ ਹਮਾਇਤ ਕਰਦੇ ਹਨ, ਜਿਨ੍ਹਾਂ ਨੂੰ ਅਮਰੀਕੀ ਸਾਮਰਾਜੀਆਂ ਦੇ ਹੱਥ-ਠੋਕੇ, ਇਜ਼ਰਾਈਲ, ਨੇ ਲੁੱਟਿਆ ਹੋਇਆ ਹੈ। ਫਲਸਤੀਨੀ ਲਿਬਰੇਸ਼ਨ ਆਰਗੇ-ਨਾਈਜ਼ੇਸ਼ਨ (ਪੀ. ਐਲ. ਓ.) ਨਾਲ ਸਾਡੇ ਸਬੰਧ ਹਨ ਅਤੇ ਅਸੀਂ ਉਸਦੀ ਪੂਰੀ ਹਮਾਇਤ ਕਰਦੇ ਹਾਂ। ਅਸੀਂ ਅਰਬ ਲੋਕਾਂ ਵਿਚ ਮਜਬੂਤ ਖਾੜਕੂ ਦੋਸਤੀ ਚਾਹੁੰਦੇ ਹਾਂ, ਜੋ ਕਿ ਜ਼ਾਇਨਿਸਟ ਅਤੇ ਸਾਮਰਾਜੀ ਦੁਸ਼ਮਣਾਂ ਉਤੇ ਜਿੱਤ ਦਾ ਭਰੋਸੇਯੋਗ ਅਧਾਰ ਹੋਵੇਗੀ।

ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਦੇ ਫਰਾਂਸ ਨਾਲ ਦੋਸਤਾਨਾ ਸਬੰਧ ਹਨ, ਅਤੇ ਉਹ ਦੋਨਾਂ ਦੇਸ਼ਾਂ ਦੇ ਹਿੱਤ ਵਿਚ ਵਿਕਸਤ ਹੋ ਰਹੇ ਹਨ। ਅਸੀਂ ਫਰਾਂ-ਸੀਸੀ ਲੋਕਾਂ ਦੇ ਇਨਕਲਾਬੀ ਇਤਿਹਾਸ ਅਤੇ ਉਨ੍ਹਾਂ ਦੇ ਅਗਾਂਹਵਧੂ ਸਭਿਆਚਾਰ ਕਰਕੇ ਉਨ੍ਹਾਂ ਦੀ ਇੱਜ਼ਤ ਕਰਦੇ ਹਾਂ। ਫਰਾਂਸੀਸੀ ਵਿਗਿਆਨ, ਕਲਾ ਅਤੇ ਸੱਭਿਆ-ਚਾਰ ਦੇ ਸਿਰਕੱਢ ਬੰਦੇ ਅਲਬਾਨੀਆਂ ਦੇ ਦੋਸਤ ਹਨ। ਅਸੀਂ ਫਰਾਂਸੀਸੀ ਸਟੇਟ ਦੇ ਨਾਲ ਆਮ ਵਰਗੇ ਸਬੰਧ ਰੱਖਦੇ ਹਾਂ, ਭਾਵੇਂ ਕਿ ਉਹ ਸਾਡੀ ਹਕੂਮਤ ਨਾਲ ਸਹਿ-ਮਤ ਨਹੀਂ ਅਤੇ ਨਾ ਹੀ ਅਸੀਂ ਉਨ੍ਹਾਂ ਦੀ ਹਕੂਮਤ ਨਾਲ ਸਹਿਮਤ ਹਾਂ। ਪਰ ਅਸੀਂ ਦੇਖਦੇ ਹਾਂ ਕਿ ਫਰਾਂਸ ਦੀ ਸਰਕਾਰ ਸਾਡੇ ਮਾਮਲਿਆਂ ਵਿਚ ਦਖਲ-ਅੰਦਾਜ਼ੀ ਨਹੀਂ ਕਰਦੀ।

ਇਹੀ ਗੱਲ ਬੈਲਜ਼ੀਅਮ, ਆਸਟ੍ਰੀਆ ਅਤੇ ਸਵਿਟਜ਼ਰਲੈਂਡ ਦੀਆਂ ਸਰਕਾਰਾਂ ਬਾਰੇ

ਵੀ ਸਹੀ ਹੈ, ਜਿਨ੍ਹਾਂ ਨਾਲ ਸਾਡੇ ਸਬੰਧ ਸਹੀ ਹਨ। ਸਾਨੂੰ ਇਸ ਗੱਲ ਤੇ ਤਸੱਲੀ ਹੈ ਕਿ ਸਵੀਡਨ, ਨਾਰਵੇ, ਫਿਨਲੈਂਡ ਅਤੇ ਡੈਨਮਾਰਕ ਨਾਲ ਸਾਡੇ ਦੇਸ਼ ਦੇ ਸਬੰਧ ਵਧ ਰਹੇ ਹਨ, ਅਤੇ ਅਸੀਂ ਇਨ੍ਹਾਂ ਦੇਸ਼ਾਂ ਦੇ ਅਲਬਾਨੀਆਂ ਵੱਲ ਹਕੀਕੀ ਅਤੇ ਦੋਸਤਾਨਾ ਰਵੱਈਏ ਦੀ ਸ਼ਲਾਘਾ ਕਰਦੇ ਹਾਂ।

ਪੀਪਲਜ਼ ਰੀਪਬਲਿਕ ਆਫ ਅਲਬਾਨੀਆਂ ਨੇ ਏਸ਼ੀਆ, ਅਫਰੀਕਾ ਅਤੇ ਲਤੀਨੀ ਅਮਰੀਕਾ ਦੇ ਬਹੁਤ ਸਾਰੇ ਦੇਸ਼ਾਂ ਨਾਲ ਡਿਪਲੋਮੈਟਿਕ ਸਬੰਧ ਬਣਾ ਲਏ ਹਨ, ਅਤੇ ਮੈਕਸੀਕੋ, ਪੀਰੂ, ਤਨਜ਼ਾਨੀਆਂ, ਪਾਕਿਸਤਾਨ ਆਦਿ ਨਾਲ ਕਦਮ-ਬ-ਕਦਮ ਅਤੇ ਸੰਭਾਵਨਾਵਾਂ ਦੇ ਅੰਦਰ ਰਹਿ ਕੇ ਵੱਖ ਵੱਖ ਖੇਤਰਾਂ ਵਿਚ ਵਟਾਂਦਰੇ ਦੇ ਵਿਕਾਸ ਵਾਸਤੇ ਕੰਮ ਕਰੇਗਾ। ਅਲਬਾਨੀਆਂ ਹੋਰ ਦੇਸ਼ਾਂ ਨਾਲ ਵੀ, ਅਜ਼ਾਦ ਮੁਲਕਾਂ ਵਿਚਕਾਰ ਸਬੰਧਾਂ ਦੇ ਅਸੂਲਾਂ ਦੇ ਅਧਾਰ ਤੇ, ਸਬੰਧ ਕਾਇਮ ਕਰਨ ਲਈ ਤਿਆਰ ਹੈ।

ਫੈਡਰਲ ਜਰਮਨ ਰੀਪਬਲਿਕ ਨਾਲ ਸਾਡੇ ਦੂਜੀ ਸੰਸਾਰ ਜੰਗ ਦੇ ਵੇਲੇ ਦੇ ਝਗੜੇ ਬਰਕਰਾਰ ਹਨ। ਉਥੇ ਜਰਮਨ ਫਾਸ਼ਿਸਟ ਅਜੇ ਜਿਊਂਦੇ ਹਨ ਅਤੇ ਪੂਰੇ ਸਰਗਰਮ ਹਨ। ਉਨ੍ਹਾਂ ਦੀ ਨੀਤੀ ਪਸਾਰਵਾਦੀ ਹੈ ਅਤੇ ਉਨ੍ਹਾਂ ਵਿਚ ਚੌਧਰਪੁਣੇ ਦੇ ਝੁਕਾਅ ਹਨ। ਬੋਨ ਸਰਕਾਰ, ਜੋ ਇੱਕ ਜਮਹੂਰੀ ਸਰਕਾਰ ਹੋਣ ਦਾ ਵਿਖਾਵਾ ਕਰਦੀ ਹੈ, ਉਹ ਜਰਮਨ ਫਾਸ਼ੀਵਾਦ ਦੇ ਜੁਰਮਾਂ ਦੀ ਰਾਖੀ ਕਰਦੀ ਹੈ ਅਤੇ ਜਰਮਨ ਜਾਂਗਲੀਪੁਣੇ ਵਲੋਂ ਅਲਬਾਨੀਆਂ ਅਤੇ ਇਸਦੇ ਲੋਕਾਂ ਨੂੰ ਪਹੁੰਚਾਏ ਗਏ ਨੁਕਸਾਨ ਦੀ ਮੁਰੰਮਤ ਦਾ ਮੁਆਵਜ਼ਾ ਦੇਣ ਦੀ ਰਤਾ ਜਿੰਨੀ ਵੀ ਕੋਸ਼ਿਸ਼ ਨਹੀਂ ਕਰਦੀ। ਬੋਨ ਸਰਕਾਰ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਮਾਮਲਾ ਸਿਰਫ ਪ੍ਰਚਾਰ ਦਾ ਹੀ ਮਸਲਾ ਬਣਿਆ ਰਹੇਗਾ। ਸਾਡੀ ਧਿਰ ਸਭ ਕੌਮਾਂਤਰੀ ਸੰਸਥਾਵਾਂ ਵਿਚ, ਸਬੂਤ ਅਤੇ ਤੱਥਾਂ ਨਾਲ, ਇਸ ਦੀ ਪੈਰਵੀ ਕਰੇਗੀ।

ਜਦੋਂ ਤੋਂ ਪੂਰਬੀ ਯੂਰਪ ਦੇ ਦੇਸ਼ਾਂ ਵਿਚ ਰਾਜ ਕਰ ਰਹੀਆਂ ਸੋਧਵਾਦੀ ਜੁੰਡੀਆਂ ਨੇ, ਸੋਧਵਾਦੀ ਰੂਸੀ ਲੀਡਰਸ਼ਿਪ ਦੇ ਹੁਕਮਾਂ ਤੇ ਚਲਦਿਆਂ, ਸਮਾਜਵਾਦੀ ਅਲਬਾਨੀਆਂ ਵੱਲ ਦੁਸ਼ਮਣੀ ਵਾਲਾ ਰਵੱਈਆ ਅਖਤਿਆਰ ਕੀਤਾ ਹੈ, ਉਨ੍ਹਾਂ ਨੇ ਸਾਡੇ ਦੇਸ਼ ਨਾਲ ਸਬੰਧ ਇੱਕ ਬਹੁਤ ਹੀ ਨੀਵੇਂ ਅਤੇ ਸੀਮਤ ਪੱਧਰ ਤਕ ਘਟਾ ਦਿੱਤੇ ਹਨ। ਜਿੰਨਾ ਚਿਰ ਉਹ ਇਸ ਰਾਹ ਤੇ ਚੱਲਦੇ ਹਨ, ਇਨ੍ਹਾਂ ਦੇਸ਼ਾਂ ਨਾਲ ਸਾਡੇ ਸਬੰਧਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ।

ਅਲਬਾਨੀਆਂ ਅਤੇ ਸਮਾਜਵਾਦ ਅਤੇ ਲੋਕਾਂ ਦੀ ਆਜ਼ਾਦੀ ਅਤੇ ਖੁਦਮੁਖਤਾਰੀ ਦੇ ਦੁਸ਼ਮਣ, ਸੋਧਵਾਦੀ ਰੂਸ, ਵੱਲ ਅਲਬਾਨੀਆਂ ਦੇ ਸਟੈਂਡ ਵਿਚ ਕੋਈ ਫਰਕ ਨਹੀਂ

ਪਿਆ। ਮਾਸਕੋ ਦੇ ਸਮਾਜਿਕ ਸਾਮਰਾਜੀਆਂ ਨਾਲ ਸਾਡੇ ਦੇਸ਼ ਨੇ ਕੋਈ ਸਬੰਧ ਨਹੀਂ ਰੱਖੇ ਅਤੇ ਨਾ ਹੀ ਰੱਖੇਗਾ। ਰੂਸ ਖਾਸ ਤੌਰ ਤੇ ਬਾਲਕਨਜ਼ ਅਤੇ ਮੱਧਸਾਗਰ ਵਿਚ ਇੱਕ ਸ਼ਰੇਆਮ ਪਸਾਰਵਾਦੀ ਨੀਤੀ ਤੇ ਚੱਲ ਰਿਹਾ ਹੈ। ਇਸਦੀਆਂ ਸਿਰਫ ਰੁਮਾਨੀਆਂ ਉਤੇ ਹੀ ਚੌਧਰ ਕਰਨ ਦੀਆਂ ਸਕੀਮਾਂ ਨਹੀਂ, ਬਲਕਿ ਤੁਰਕੀ, ਯੁਗੋ-ਸਲਾਵੀਆ, ਗਰੀਸ ਅਤੇ ਅਲਬਾਨੀਆਂ ਉਤੇ ਵੀ। ਉਹ ਇਨ੍ਹਾਂ ਮੰਤਵਾਂ ਨੂੰ ਹਮਲੇ ਜਾਂ ਪਲਟਿਆਂ ਰਾਹੀਂ ਪੂਰੇ ਕਰਨਾ ਚਾਹੁੰਦਾ ਹੈ। ਇਨ੍ਹਾਂ ਹਾਲਤਾਂ ਵਿਚ, ਸਾਡਾ, ਬਾਲਕਨਜ਼ ਦੇ ਦੇਸ਼ਾਂ ਦਾ, ਫਰਜ਼ ਹੈ ਕਿ ਆਪਣੀ ਸਿਆਸੀ ਚੌਕਸੀ ਤਿੱਖੀ ਕਰੀਏ ਅਤੇ ਸੰਭਵ ਹਮਲੇ ਨਾਲ ਨਜਿੱਠਣ ਵਾਸਤੇ ਤਿਆਰ ਰਹੀਏ। ਇਹ ਆਮ ਸੂਝ ਦੀ ਗੱਲ ਹੈ ਕਿ ਦੁਸ਼ਮਣ ਉਥੇ ਹਮਲਾ ਕਰਦਾ ਹੈ, ਜਿੱਥੇ ਉਸਨੂੰ ਕਮਜ਼ੋਰੀ ਤੇ ਫੁੱਟ ਦਿਸਦੀ ਹੈ।

ਅਮਰੀਕਾ ਬਾਰੇ ਸਾਡੇ ਸਟੈਂਡ ਨੂੰ ਹਰ ਕੋਈ ਜਾਣਦਾ ਹੈ। ਅਮਰੀਕਾ ਨੇ ਸਦਾ ਹੀ ਸਾਡੇ ਦੇਸ਼ ਵੱਲ ਵਹਿਸ਼ੀ ਦੁਸ਼ਮਣੀ-ਭਰਿਆ ਰਵੱਈਆ ਰੱਖਿਆ ਹੈ ਅਤੇ ਅੱਜ ਵੀ ਰੱਖ ਰਿਹਾ ਹੈ। ਇਸ ਕਰਕੇ ਅਲਬਾਨੀਆਂ ਅਤੇ ਅਲਬਾਨੀਅਨ ਲੋਕਾਂ ਨੂੰ ਅਮ-ਰੀਕਾ ਨਾਲ ਸਬੰਧਾਂ ਦੀ ਘਾਟ ਤੇ ਕੋਈ ਦੁੱਖ ਨਹੀਂ। ਭਵਿੱਖ ਵਿਚ ਵੀ, ਬੀਤੇ ਦੀ ਤਰ੍ਹਾਂ ਹੀ, ਅਸੀਂ ਅਮਰੀਕੀ ਸਾਮਰਾਜਵਾਦ ਦੀ ਧਾੜਵੀ ਅਤੇ ਚੌਧਰਪੁਣੇ ਦੀ ਨੀਤੀ ਦੀ ਜ਼ਬਰਦਸਤ ਵਿਰੋਧਤਾ ਅਤੇ ਨਿਖੇਧੀ ਕਰਦੇ ਰਹਾਂਗੇ।

ਜਿੱਥੋਂ ਤਕ ਬਰਤਾਨੀਆਂ ਦਾ ਸਵਾਲ ਹੈ, ਇਹ ਦੇਸ਼ ਬਹੁਤ ਗੂੜ੍ਹੇ ਤੌਰ ਤੇ ਅਮ-ਰੀਕਾ ਨਾਲ ਬੱਝਾ ਹੋਇਆ ਹੈ, ਅਤੇ ਅਲਬਾਨੀਆਂ ਵੱਲ ਇਸਦਾ ਵੀ ਉਹੀ ਸਟੈਂਡ ਹੈ। ਸਿੱਟੇ ਵਜੋਂ, ਸਾਡਾ ਸਟੈਂਡ ਵੀ ਕੋਈ ਵੱਖਰਾ ਨਹੀਂ ਹੋ ਸਕਦਾ। ਬਰਤਾਨੀਆਂ ਨੂੰ ਉਹ ਸਾਰਾ ਸੋਨਾ ਵਾਪਸ ਕਰਨਾ ਹੋਵੇਗਾ ਜੋ ਇਸਨੇ ਅਲਬਾਨੀਅਨ ਲੋਕਾਂ ਤੋਂ ਲੁੱਟਿ-ਆ ਹੋਇਆ ਹੈ ਅਤੇ ਅਲਬਾਨੀਆਂ ਨੂੰ ਪਹੁੰਚਾਏ ਨੁਕਸਾਨ ਨੂੰ ਠੀਕ ਕਰਨਾ ਹੋਵੇਗਾ। ਅਸੀਂ ਇਸ ਸਟੈਂਡ ਤੋਂ ਕਦੇ ਵੀ ਪਿੱਛੇ ਨਹੀਂ ਹਟਾਂਗੇ।

ਪਾਰਟੀ ਆਫ ਲੇਬਰ ਆਫ ਅਲਬਾਨੀਆਂ ਦਾ ਇਹ ਵਿਸ਼ਵਾਸ ਹੈ ਕਿ ਸਮਾਜ-ਵਾਦੀ ਅਲਬਾਨੀਆਂ ਦੇ ਸਟੈਂਡ ਹਮੇਸ਼ਾ ਹੀ ਸਹੀ ਰਹੇ ਹਨ ਅਤੇ ਅੱਜ ਵੀ ਸਹੀ ਹਨ, ਅਤੇ ਕਿਸੇ ਹੱਦ ਤਕ, ਇਹ ਸਿਰਫ ਪ੍ਰੋਲਤਾਰੀ ਇਨਕਲਾਬੀਆਂ ਦੀਆਂ ਹੀ ਨਹੀਂ, ਬਲਕਿ ਉਨ੍ਹਾਂ ਅਗਾਂਹਵਧੂ ਲੋਕਾਂ ਦੀਆਂ ਖਾਹਿਸ਼ਾਂ ਨੂੰ ਵੀ ਜ਼ਾਹਿਰ ਕਰਦੇ ਹਨ, ਜਿਹੜੇ ਲੋਕ ਬਹੁਤ ਸਾਰੀਆਂ ਚੀਜ਼ਾਂ ਨੂੰ ਉਸੇ ਨਜ਼ਰੀਏ ਤੋਂ ਦੇਖਦੇ ਹਨ ਜਿਸ ਤੋਂ ਅਸੀਂ ਦੇਖਦੇ ਹਾਂ, ਪਰ ਉਹ ਕਈ ਕਾਰਨਾਂ ਕਰਕੇ ਇਨ੍ਹਾਂ ਨੂੰ ਖੁਲ੍ਹੇ ਤੌਰ ਤੇ ਜ਼ਾਹਿਰ ਨਹੀਂ ਕਰਦੇ।

ਸਾਡੀ ਪਾਰਟੀ, ਇਸ ਵਲੋਂ ਕੀਤੇ ਗਏ ਹਾਲਾਤਾਂ ਦੇ ਨਿਰੀਖਣਾਂ ਵਿਚ, ਇਸ ਵਲੋਂ ਕੱਢੇ ਗਏ ਸਿੱਟਿਆਂ ਵਿਚ, ਇਸ ਵਲੋਂ ਲਏ ਗਏ ਫ਼ੈਸਲਿਆਂ ਤੇ ਅਪਣਾਏ ਗਏ ਸਟੈਂਡਾਂ ਵਿਚ, ਲੋਕਾਂ ਨਾਲ ਇੱਕ-ਮੁੱਠ ਹੋਕੇ ਕੰਮ ਕਰਦੀ ਰਹੀ ਹੈ। ਏਸੇ ਲਈ ਹੀ ਸਮੁੱਚੀ ਪਾਰਟੀ ਇਸ ਨੀਤੀ ਦੀ ਸਰਪ੍ਰਸਤੀ ਕਰਦੀ ਹੈ, ਏਸੇ ਲਈ ਹੀ ਸਮੁੱਚੇ ਲੋਕ ਇਸਦੀ ਹਮਾਇਤ ਕਰਦੇ ਹਨ ਅਤੇ ਇਸਨੂੰ ਲਾਗੂ ਕਰਦੇ ਹਨ। ਦੂਜੇ ਪਾਸੇ, ਇਹੀ ਏਕਤਾ, ਅੰਤਰਰਾਸ਼ਟਰੀ ਘਟਨਾਵਾਂ ਦੀ ਸਹੀ ਮਾਰਕਸਵਾਦੀ - ਲੈਨਿਨਵਾਦੀ ਸੂਝ, ਸਾਡੀ ਸਮਾਜਵਾਦੀ ਮਾਤਭੂਮੀ ਦੇ ਸ਼ਾਨਦਾਰ ਹਿੱਤਾਂ ਵੱਲ, ਇਨਕਲਾਬ, ਸਮਾਜਵਾਦ, ਅਤੇ ਲੋਕਾਂ ਦੀ ਮੁਕਤੀ ਦੇ ਮਹਾਨ ਕਾਜ਼ ਵੱਲ ਅਸੂਲੀ ਅਤੇ ਦ੍ਰਿੜ ਸਟੈਂਡ ਹੀ ਹਨ, ਜੋ ਕਿ ਇਸ ਗੱਲ ਦੀ ਨਿੱਗਰ ਗਰੰਟੀ ਹਨ ਕਿ ਸਾਡਾ ਦੇਸ਼ ਹਮੇਸ਼ਾ ਹੀ ਅਡੋਲ ਅੰਤਰਰਾਸ਼ਟਰੀ ਪੁਜ਼ੀਸ਼ਨਾਂ ਰੱਖੇਗਾ ਅਤੇ ਹਮੇਸ਼ਾ ਗੌਰਵ ਨਾਲ ਤੇ ਨਿਧੱੜਕ ਹੋ ਕੇ ਇੱਕ ਭਰੋਸੇਯੋਗ ਰਾਹ ਤੇ ਅੱਗੇ ਚਲਦਾ ਰਹੇਗਾ।

## VI

## ਮਾਰਕਸਵਾਦੀ-ਲੈਨਿਨਵਾਦੀ ਲਹਿਰ-ਅਤੇ ਨਵ-ਸੋਧਵਾਦ ਦੇ ਖਿਲਾਫ ਘੋਲ

ਬੀਤੇ ਦੀ ਤਰ੍ਹਾਂ ਹੀ, ਛੇਵੀਂ ਕਾਂਗਰਸ ਤੋਂ ਬਾਅਦ ਦੇ ਸਮੇਂ ਦੌਰਾਨ ਵੀ, ਪਾਰਟੀ ਨੇ ਨਵ-ਸੋਧਵਾਦ ਦੇ ਖਿਲਾਫ ਨਿਰੰਤਰ ਅਤੇ ਅਸੂਲੀ ਵਿਚਾਰਧਾਰਕ ਘੋਲ ਕੀਤਾ ਹੈ, ਅਤੇ ਰੂਸੀ ਸੋਧਵਾਦੀਆਂ ਦੀ ਗੰਦੀ, ਮਾਰਕਸਵਾਦ-ਵਿਰੋਧੀ, ਸ਼ਾਵਨਵਾਦੀ,ਅਤੇ ਉਲਟਇਨਕਲਾਬੀ ਸਰਗਰਮੀ ਦੇ ਪਾਜ ਉਘੇੜਦੀ ਰਹੀ ਹੈ। ਸੂਝ ਅਤੇ ਹੌਸਲੇ ਨਾਲ ਸਮਾਜਵਾਦੀ ਅਲਬਾਨੀਆਂ ਅਤੇ ਇਸਦੀ ਪਾਰਟੀ ਆਫ ਲੇਬਰ ਨੇ ਸਭ ਵੈਰ-ਭਰੇ ਵਿਚਾਰਧਾਰਕ ਹਮਲਿਆਂ, ਸਿਆਸੀ ਦਬਦਬਿਆਂ ਅਤੇ ਫੌਜੀ ਧਮਕੀਆਂ ਦਾ ਸਾਹ-ਮਣਾਂ ਕੀਤਾ ਹੈ, ਅਤੇ ਸਾਡੇ ਦੇਸ ਦੇ ਖਿਲਾਫ ਵੱਖ ਵੱਖ ਸੋਧਵਾਦੀਆਂ ਦੀਆਂ ਬਹੁਤ ਸਾਰੀਆਂ ਉਲਟਇਨਕਲਾਬੀ ਸਰਗਰਮੀਆਂ ਨੂੰ ਫੌਲਾਦੀ ਮੁੱਕੇ ਨਾਲ ਤਬਾਹ ਕੀਤਾ ਹੈ। ਇਸ ਮੁੱਖ ਵਿਚਾਰਧਾਰਕ ਅਹਿਮੀਅਤ ਵਾਲੇ ਘੋਲ ਨੇ ਸਾਡੀ ਪਾਰਟੀ ਦੇ ਮੈਂਬਰਾਂ ਨੂੰ ਲੈਸ ਕੀਤਾ ਹੈ ਅਤੇ ਉਨ੍ਹਾਂ ਨੂੰ ਰੂਸੀ ਨਵ-ਸੋਧਵਾਦ ਅਤੇ ਇਸਦੇ ਚੇਲਿਆਂ ਵਲੋਂ ਭਾਰੀ ਖਤਰੇ ਬਾਰੇ ਹੋਰ ਵੀ ਵਧੇਰੇ ਚੌਕਸ ਕੀਤਾ ਹੈ।

ਜੀਵਨ ਨੇ ਸਾਬਤ ਕਰ ਦਿਤਾ ਹੈ ਕਿ ਰੂਸੀ ਸੋਧਵਾਦੀਆਂ ਦੇ ਪਾਜ ਉਘੇੜਨ ਵਾਸਤੇ, ਮਾਰਕਸਵਾਦ-ਲੈਨਿਨਵਾਦ ਅਤੇ ਪ੍ਰੋਲਤਾਰੀ ਕੌਮਾਂਤਰੀਵਾਦ ਦੇ ਬੁਨਿਆਦੀ ਅਸੂਲਾਂ ਦੀ ਜ਼ਬਰਦਸਤ ਰਾਖੀ ਵਾਸਤੇ, ਸਾਡੀ ਪਾਰਟੀ ਵਲੋਂ ਅਪਣਾਇਆ ਗਿਆ ਰਾਹ, ਹਾਲਤ ਨੂੰ ਬਚਾਉਣ ਅਤੇ ਜਿੱਤ ਹਾਸਲ ਕਰਨ ਵਾਸਤੇ ਇਕੋ-ਇਕ ਭਰੋਸੇ ਯੋਗ ਰਾਹ ਸੀ। ਇਹ ਸਾਨੂੰ ਸੋਧਵਾਦ ਅਤੇ ਹੋਰ ਕਿਸੇ ਵੀ ਕਿਸਮ ਦੀ ਮੌਕਾਪ੍ਰਸ-ਤੀ ਦੇ ਖਿਲਾਫ ਘੋਲ ਨੂੰ ਅੰਤ ਤਕ ਨਿਭਾਉਣ ਵਾਸਤੇ ਹੋਰ ਵੀ ਉਤਸ਼ਾਹਿਤ ਕਰਦਾ ਹੈ ਅਤੇ ਦ੍ਰਿੜ ਬਣਾਉਂਦਾ ਹੈ।

ਪਾਰਟੀ ਆਫ ਲੇਬਰ ਆਫ ਅਲਬਾਨੀਆਂ ਨੇ, ਸੋਧਵਾਦੀ ਗਦਾਰੀ ਦਾ ਬਹੁਤ

ਹੀ ਵਿਸਤ੍ਰਤ ਅਤੇ ਗੰਭੀਰ ਨਿਰੀਖਣ ਕੀਤਾ ਹੈ, ਅਤੇ ਇਹ ਇਸਨੇ ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੇ ਸਿਧਾਂਤ, ਸੰਸਾਰ ਪ੍ਰੋਲਤਾਰੀ ਦੇ ਇਨਕਲਾਬੀ ਘੋਲ, ਅਤੇ ਖ਼ੁਦ ਆਪਣੇ ਤਜ਼ਰਬੇ, ਦੀ ਬੁਨਿਆਦ ਤੇ ਕੀਤਾ ਹੈ।

ਨਵ-ਸੋਧਵਾਦ, ਜਿਸਨੇ ਰੂਸ ਵਿਚ, ਅਤੇ ਅਲਬਾਨੀਆਂ ਤੋਂ ਸਿਵਾਏ, ਲੋਕ ਜਮਹੂਰੀਅਤ ਵਾਲੇ ਹੋਰ ਯੂਰਪੀਨ ਦੇਸ਼ਾਂ ਵਿਚ ਸਤਾ ਤੇ ਕਬਜ਼ਾ ਕੀਤਾ, ਅਤੇ ਵੱਡੀ ਗਿਣਤੀ ਵਿਚ ਦੁਨੀਆਂ ਦੀਆਂ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਵਿਚ ਵੀ ਆਪਣੇ ਆਪ ਨੂੰ ਕਾਇਮ ਕੀਤਾ, ਇਕ ਮਜ਼ਬੂਤ ਕੌਮਾਂਤਰੀ ਪਿਛਾਂਹ-ਖਿਚੂ ਰੌਅ ਦੇ ਤੌਰ ਤੇ ਉਠਿਆ ਸੀ। ਇਹ ਵਿਗਿਆਨ-ਵਿਰੋਧੀ ਰੌਆਂ ਅਤੇ ਖੋਸੀ ਸਿਧਾਂਤਾਂ ਦੇ ਗੁਤਾਵੇ ਦਾ ਪ੍ਰਤੀਨਿੱਧ ਹੈ, ਜੋ ਮਾਰਕਸਵਾਦ-ਲੈਨਿਨਵਾਦ ਦੇ ਉਲਟ ਹਨ ਅਤੇ ਜਿਨ੍ਹਾਂ ਦਾ ਮਕਸਦ ਹੈ ਮਾਰਕਸਵਾਦ-ਲੈਨਿਨਵਾਦ ਨੂੰ ਉਹ ਕੁਝ ਬਣਨ ਤੋਂ ਰੋਕਣਾ ਜੋ ਕੁਝ ਇਹ ਹੈ, ਜਾਣੀ ਕਿ ਪੂੰਜੀਵਾਦ ਨੂੰ ਜੜ੍ਹਾਂ ਤਕ ਤਬਾਹ ਕਰਨ ਅਤੇ ਨਵਾਂ ਸਮਾਜਵਾਦੀ ਸਮਾਜ ਉਸਾਰਨ, ਅਤੇ ਬਾਅਦ ਵਿਚ ਇਸਦੀ ਜਗ੍ਹਾ ਕਮਿਊਨਿਜ਼ਮ ਉਸਾਰਨ ਵਾਸਤੇ ਮਜ਼ਦੂਰ ਜਮਾਤ ਅਤੇ ਇਸਦੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦੇ ਹੱਥਾਂ ਵਿਚ ਇਕ ਤਾਕਤਵਰ ਹਥਿਆਰ ਅਤੇ ਇਕ ਅਭੁੱਲ ਰਾਹਨੁਮਾਂ।

ਰੂਸ ਅਤੇ ਹੋਰ ਦੇਸ਼ਾਂ ਵਿਚ ਖਰੁਸਚਵੀ ਸੋਧਵਾਦੀਆਂ ਵਲੋਂ ਸੱਤਾ ਹਥਿਆਉਣਾ, ਕੌਮਾਂਤਰੀ ਪ੍ਰੋਲਤਾਰੀ ਅਤੇ ਇਨਕਲਾਬ ਉਤੇ ਇਕ ਭਾਰੀ ਸੱਟ ਸੀ। ਵੱਖ ਵੱਖ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਵਿਚ, ਮਾਰਕਸਵਾਦ-ਲੈਨਿਨਵਾਦ ਅਤੇ ਇਨਕਲਾਬ ਨੂੰ ਤਿਆਗ ਕੇ ਸੋਧਵਾਦੀ ਰੂਸ ਦੀਆਂ ਪੈਰੋਕਾਰ ਬਣਨ ਵਾਲੀਆਂ ਸੋਧਵਾਦੀ ਜੁੰਡੀਆਂ ਦੀ ਗਦਾਰੀ ਨੇ ਕਮਿਊਨਿਸਟ ਲਹਿਰ ਵਿਚ ਹਾਲਤ ਨੂੰ ਹੋਰ ਵੀ ਵਧੇਰੇ ਗੰਭੀਰ ਬਣਾ ਦਿਤਾ। ਸੋਧਵਾਦੀਆਂ ਨੇ ਚਾਹੇ ਉਹ ਤਾਕਤ ਵਿਚ ਸਨ ਜਾਂ ਨਹੀਂ, ਕਮਿਊਨਿਸਟਾਂ ਅਤੇ ਇਨਕਲਾਬੀਆਂ ਦੇ ਖਿਲਾਫ ਵਹਿਸ਼ੀ ਜ਼ੁਲਮ ਕੀਤੇ, ਅਤੇ ਲੈਨਿਨ ਦੀ ਬਾਲਸ਼ਵਿਕ ਪਾਰਟੀ ਦੇ ਖਿਲਾਫ, ਸਟਾਲਿਨ ਦੇ ਕੰਮ ਅਤੇ ਸਖਸ਼ੀਅਤ ਦੇ ਖਿਲਾਫ, ਸੋਵੀਅਤ ਯੂਨੀਅਨ ਵਿਚ ਸਮਾਜਵਾਦ ਦੀਆਂ ਜਿੱਤਾਂ ਦੇ ਖਿਲਾਫ ਭੰਡੀ ਪ੍ਰਚਾਰ ਅਤੇ ਚਿਕੜ ਉਛਾਲਣ ਦੀ ਪ੍ਰਾਪੇਗੰਡਾ ਮੁਹਿੰਮ ਚਲਾਈ। ਉਨ੍ਹਾਂ ਨੇ ਇਨਕਲਾਬ ਨੂੰ ਖਤਮ ਕਰਨ ਦਾ ਘੋਲ ਸ਼ੁਰੂ ਕੀਤਾ।

ਪਹਿਲਾਂ, ਖਰੁਸਚਵੀ ਸੋਧਵਾਦੀਆਂ ਨੇ ਰੂਸ ਦੇ ਲੋਕਾਂ ਨਾਲ ਵਿਸ਼ਵਾਸ਼ਘਾਤ ਆਪਣੇ ਅੰਦਰੂਨੀ ਅਤੇ ਬਾਹਰੀ ਵਿਰੋਧੀਆਂ ਨੂੰ ਖਤਮ ਕਰਨ, ਪੂੰਜੀਵਾਦੀ ਦੁਨੀਆਂ

ਨੂੰ ਦਿਖਾਉਣ ਕਿ ਸਟਾਲਿਨ ਦਾ ਸਮਾਂ ਖਤਮ ਹੋ ਚੁੱਕਾ ਹੈ, ਅਤੇ ਦੁਨੀਆਂ ਦੀ ਰਾਇ ਨੂੰ ਕੁਰਾਹੇ ਪਾਉਣ, ਦੀ ਪੂਰੀ ਵਾਹ ਲਾਈ। ਸੋਧਵਾਦੀਆਂ ਨੇ ਆਪਣਾ ਭੰਡੀ ਪ੍ਰਚਾਰ ਇਥੇ ਹੀ ਸੀਮਤ ਨਹੀਂ ਕੀਤਾ ਬਲਕਿ ਉਨ੍ਹਾਂ ਨੇ ਉਸ ਬੋਲੀ ਅਤੇ ਪ੍ਰਚਾਰ ਨੂੰ ਵੀ ਅਪਣਾ ਲਿਆ ਜਿਸ ਰਾਹੀਂ ਅੰਤਰਰਾਸ਼ਟਰੀ ਪੂੰਜੀਵਾਦ ਸਾਲਾਂ ਬੱਧੀ ਵਿਗਿਆਨਕ ਸਮਾਜਵਾਦ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਉੱਤੇ ਹਮਲੇ ਕਰਦਾ ਰਿਹਾ ਸੀ। ਇਨ੍ਹਾਂ ਭਗੌੜਿਆਂ ਅਤੇ ਗਦਾਰਾਂ ਨੇ, ਇਹ ਕੁਝ, ਸੰਸਾਰ ਬੁਰਜੂਆਜ਼ੀ ਵਿਸ਼ੇਸ਼ ਤੌਰ ਤੇ ਅਮਰੀਕੀ ਸਾਮਰਾਜੀਆਂ ਦਾ ਵਿਸ਼ਵਾਸ਼ ਜਿੱਤਣ ਵਾਸਤੇ, ਵੀ ਕੀਤਾ।

ਇਹ ਇਕ ਭਾਰੀ ਕੀਮਤ ਸੀ, ਜੋ ਖਰੂਸ਼ਚਵੀ ਸੋਧਵਾਦੀਆਂ ਨੇ ਸੰਸਾਰ ਪੂੰਜੀਵਾਦ ਨੂੰ ਇਹ ਭਰੋਸਾ ਦੇਣ ਲਈ ਦਿਤੀ ਕਿ, ਇਨਕਲਾਬ ਦਾ ਯੁੱਗ "ਖਤਮ" ਹੋ ਗਿਆ ਹੈ, ਕਿ "ਸੁਲ੍ਹਾਨਾਮਾ" ਸ਼ੁਰੂ ਹੋ ਗਿਆ ਹੈ, ਕਿ ਜਮਾਤੀ ਘੋਲ ਦਾ ਸਿਧਾਂਤ ਰੂਸ ਵਿਚ ਅਤੇ ਇਸਤੋਂ ਬਾਹਰ ਵੀ ਖਤਮ ਕੀਤਾ ਜਾ ਰਿਹਾ ਹੈ, ਕਿ ਹਰ ਖੇਤਰ ਵਿਚ ਸਹਿਹੋਂਦ ਅਤੇ "ਅਮਨਪੂਰਨ" ਮੁਕਾਬਲਾ ਸ਼ੁਰੂ ਹੋ ਗਿਆ ਹੈ। ਜਿਥੇ ਕਿਤੇ ਵੀ ਸੋਧਵਾਦੀ ਸਿਧਾਂਤਕਾਰ ਸਨ ਉਨ੍ਹਾਂ ਨੇ, ਹਿੰਸਾ ਰਾਹੀਂ, ਇਨਕਲਾਬ ਦੇ ਜ਼ਰੀਏ, ਤਾਕਤ ਤੇ ਕਬਜ਼ਾ ਕਰਨ ਬਾਰੇ ਮਾਰਕਸਵਾਦ-ਲੈਨਿਨਵਾਦ ਦੇ ਮਹਾਨ ਅਤੇ ਲਾਜ਼ਮੀ ਸਿਧਾਂਤ ਦੇ ਆਪਣੇ ਤਿਆਗ ਨੂੰ ਸਹੀ ਸਾਬਤ ਕਰਨਾ ਸ਼ੁਰੂ ਕਰ ਦਿਤਾ, ਅਤੇ ਅਮਨਪੂਰਨ ਤਰੀਕੇ ਰਾਹੀਂ ਸਮਾਜਵਾਦ ਲਿਆਉਣ ਬਾਰੇ ਭੁਲੇਖੇ ਪ੍ਰਚਾਰਨੇ ਸ਼ੁਰੂ ਕਰ ਦਿਤੇ।

ਖਰੂਸ਼ਚਵੀਆਂ ਨੇ ਇਨ੍ਹਾਂ ਸਭ ਦਿਸ਼ਾਵਾਂ ਵਿਚ ਸਮੁੱਚੇ ਫਰੰਟ ਉਤੇ ਘੋਲ ਚਲਾਇਆ। ਪਿਛਾਂਹਖਿਚੂ, ਸਾਮਰਾਜੀ, ਬੁਰਜੂਆ ਵਿਚਾਰਧਾਰਾ ਦੇ ਅਧਾਰ ਤੇ ਖਰੂਸ਼ਚਵੀ ਸੋਧਵਾਦੀਆਂ ਵਲੋਂ ਘੜੇ ਗਏ ਦਾਅ-ਪੇਚਾਂ ਦਾ ਮਕਸਦ ਸੀ ਅਮਰੀਕਾ ਨਾਲ ਮਿਲਕੇ ਦੁਨੀਆਂ ਦੇ ਦੇਸ਼ਾਂ ਨੂੰ ਗੁਲਾਮ ਬਣਾਉਣ ਵਾਸਤੇ, ਰੂਸ ਨੂੰ ਇੱਕ ਸਮਾਜਿਕ ਸਾਮਰਾਜੀ ਮਹਾਂ-ਸ਼ਕਤੀ ਵਿਚ ਤਬਦੀਲ ਕਰਨਾ।

ਪਾਰਟੀ ਆਫ ਲੇਬਰ ਆਫ ਅਲਬਾਨੀਆਂ ਨੇ ਬੜੀ ਦ੍ਰਿੜਤਾ ਅਤੇ ਹੌਸਲੇ ਨਾਲ ਉਨ੍ਹਾਂ ਸ਼ਾਤਿਮਾਨਾ ਦਾਅ-ਪੇਚਾਂ ਨੂੰ ਨੰਗੇ ਕੀਤਾ ਜੋ ਖਰੂਸ਼ਚਵੀ ਸੋਧਵਾਦੀਆਂ ਨੇ ਬਾਲਸ਼ਵਿਕਵਾਦ ਅਤੇ ਸਟਾਲਿਨ ਦੇ ਖਿਲਾਫ, ਇਨਕਲਾਬ ਅਤੇ ਕਮਿਊਨਿਜ਼ਮ ਦੇ ਖਿਲਾਫ ਚਿੱਕੜ ਉਛਾਲਣ ਅਤੇ ਭੰਡੀ-ਪ੍ਰਚਾਰ ਕਰਨ ਲਈ ਵਰਤੇ ਸਨ। ਇਸ ਨੇ ਦਿਖਾਇਆ ਕਿ ਰੂਸੀ ਸੋਧਵਾਦੀਆਂ ਨੇ ਕਮਿਊਨਿਜ਼ਮ ਨਾਲੋਂ ਸਭ ਨਾਤੇ ਤੋੜ

ਲਏ ਹਨ, ਅਤੇ ਸੋਵੀਅਤ ਯੂਨੀਅਨ ਨੂੰ ਦੁਨੀਆਂ ਦੇ ਇਨਕਲਾਬ ਦੇ ਇੱਕ ਕੇਂਦਰ, ਜੋ ਲੈਨਿਨ ਅਤੇ ਸਟਾਲਿਨ ਦੇ ਵਕਤ ਹੁੰਦਾ ਸੀ, ਤੋਂ ਉਲਟ ਇਨਕਲਾਬ ਦੇ ਕੇਂਦਰ ਵਿਚ ਬਦਲ ਦਿੱਤਾ ਹੈ। ਸਾਡੀ ਪਾਰਟੀ ਨੇ ਚਿਤਾਵਨੀ ਦਿੱਤੀ ਸੀ ਕਿ ਖਰੁਸ਼ਚਵੀ ਸੋਧਵਾਦੀਏ ਅਤੇ ਵੱਖ ਵੱਖ ਪਾਰਟੀਆਂ ਵਿਚ ਉਨ੍ਹਾਂ ਦੇ ਪੈਰੋਕਾਰ ਬੁਰਜ਼ੂਆਜ਼ੀ ਦੇ ਤੀਬਰ ਸਹਿਯੋਗੀ ਬਣ ਜਾਣਗੇ ਅਤੇ, ਸਭ ਤੋਂ ਪਹਿਲਾਂ, ਸਮਾਜਵਾਦੀ ਸਿਸਟਮ ਨੂੰ ਤਬਾਹ ਕਰਨ ਦੀ ਵਾਹ ਲਾਉਣਗੇ, ਅਤੇ ਇਸ ਵਾਸਤੇ ਉਹ ਨਾ ਸਿਰਫ ਉਨ੍ਹਾਂ ਦੇਸ਼ਾਂ ਵਿਚ ਹੀ ਕੰਮ ਕਰਨਗੇ, ਜਿੱਥੇ ਉਹ ਤਾਕਤ ਵਿਚ ਹਨ, ਬਲਕਿ ਅਲਬਾਨੀਆਂ ਅਤੇ ਚੀਨ ਵਿਚ ਵੀ ਸਮਾਜਵਾਦ ਦੇ ਖਿਲਾਫ ਲੜਨ ਦੀ ਹਰ ਕੋਸ਼ਿਸ਼ ਕਰਨਗੇ। ਇਸ ਨੇ ਇਹ ਵੀ ਕਿਹਾ ਕਿ ਕਮਿਊਨਿਜ਼ਮ ਦੇ ਇਹ ਵਹਿਸ਼ੀ ਦੁਸ਼ਮਣ, ਪ੍ਰੋਲਤਾਰੀ ਅਤੇ ਅਗਾਂਹਵਧੂ ਲੋਕਾਂ ਦੇ ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੇ ਵਿਚਾਰਾਂ ਵਿਚ, ਭਵਿੱਖ ਦੇ ਸਮਾਜਵਾਦੀ ਅਤੇ ਕਮਿਊਨਿਸਟ ਸਮਾਜ ਵਿਚ ਭਰੋਸੇ ਨੂੰ ਕਮਜ਼ੋਰ ਅਤੇ ਖਤਮ ਕਰਨ ਲਈ ਵਾਹ ਲਾਉਣਗੇ।

ਜੀਵਨ ਨੇ ਹੁਣ, ਪਾਰਟੀ ਆਫ ਲੇਬਰ ਆਫ ਅਲਬਾਨੀਆਂ ਦੀ ਇਸ ਸੋਚਣੀ ਅਤੇ ਇਨ੍ਹਾਂ ਸਿੱਟਿਆਂ ਨੂੰ ਪੂਰੀ ਤਰ੍ਹਾਂ ਸਾਬਿਤ ਕਰ ਦਿੱਤਾ ਹੈ।

ਖਰੁਸ਼ਚਵੀ ਗੱਦਾਰੀ ਨੇ ਰੂਸ ਨੂੰ ਇੱਕ ਹਮਲਾਵਰ, ਨਵ-ਬਸਤੀਵਾਦੀ, ਜੰਗਬਾਜ਼ ਸਾਮਰਾਜੀ ਤਾਕਤ ਵਿਚ ਬਦਲ ਦਿੱਤਾ ਹੈ। ਰੂਸੀ ਸਮਾਜ ਜੜ੍ਹਾਂ ਤਕ ਬੁਰਜ਼ੂਆ ਬਣ ਗਿਆ ਹੈ, ਅਤੇ ਸਭ ਖੇਤਰਾਂ ਵਿਚ ਸਰਮਾਏਦਾਰੀ ਦੀ ਮੁੜ-ਬਹਾਲੀ ਹੋ ਗਈ ਹੈ। ਸੋਧਵਾਦੀ ਬੁਰਜ਼ੂਆ ਡਿਕਟੇਟਰਸ਼ਿਪ, ਜਿਸਦੀ ਪ੍ਰਤੀਨਿੱਧਤਾ ਨਵੇਂ ਰੂਸੀ ਨੌਕਰਸ਼ਾਹ, ਟੈਕਨੋਕ੍ਰੈਟ ਅਤੇ ਸਰਮਾਏਦਾਰ ਕਰਦੇ ਹਨ, ਹਰ ਖੇਤਰ ਵਿਚ ਕਾਨੂੰਨ ਬਣਾਉਂਦੀ ਹੈ। ਸਾਬਕਾ ਸਮਾਜਵਾਦੀ ਅਧਾਰ ਅਤੇ ਢਾਂਚਾ ਜੜ੍ਹਾਂ ਤਕ ਤਬਾਹ ਕਰ ਦਿੱਤਾ ਗਿਆ ਹੈ। ਮਹਾਨ ਰੂਸੀ ਸ਼ਾਵਨਵਾਦ ਨੂੰ ਇੱਕ ਭਾਰੂ ਵਿਚਾਰਧਾਰਾ ਦੇ ਤੌਰ ਤੇ ਕਾਇਮ ਕਰ ਦਿੱਤਾ ਗਿਆ ਹੈ, ਕੌਮੀ ਦਬਦਬਾ ਹਾਕਮ ਜੁੰਡੀ ਦੀ ਬੁਰਜ਼ੂਆ ਜਮਾਤੀ ਨੀਤੀ ਦਾ ਅੰਗ ਬਣ ਗਿਆ ਹੈ।

ਪੂਰਬੀ ਯੂਰਪ ਦੇ ਸਾਬਕਾ ਸਮਾਜਵਾਦੀ ਦੇਸ਼, ਜਿਹੜੇ ਖਰੁਸ਼ਚਵ ਦੀ ਰਾਗ-ਡਫਲੀ ਦੇ ਪਿੱਛੇ ਚਿੰਬੜ ਗਏ, ਕਰਿਮਲਿਨ ਦੇ ਤਾਬਿਆਦਾਰ ਬਣ ਕੇ ਰਹਿ ਗਏ ਹਨ। ਨਵ-ਸੋਧਵਾਦ ਨੇ ਅਮਲ ਵਿਚ ਦਿਖਾ ਦਿੱਤਾ ਹੈ ਕਿ ਇਹ ਸਿਰਫ ਮਜ਼ਦੂਰ ਜਮਾਤ-ਵਿਰੋਧੀ ਅਤੇ ਉਲਟ-ਇਨਕਲਾਬੀ ਵਿਚਾਰਧਾਰਾ ਹੀ ਨਹੀਂ ਬਲਕਿ ਕੌਮੀ ਦਬਦਬੇ ਅਤੇ ਸਾਮਰਾਜੀ ਗੁਲਾਮੀ ਦੀ ਪ੍ਰੋੜਤਾ ਦੀ ਵੀ ਵਿਚਾਰਧਾਰਾ ਹੈ। ਪੂਰਬੀ

ਯੂਰਪੀਨ ਦੇਸ਼ਾਂ ਦੀਆਂ ਸੋਧਵਾਦੀ ਪਾਰਟੀਆਂ ਕੌਮੀ ਗਦਾਰੀ ਦੀਆਂ ਪਾਰਟੀਆਂ ਬਣ ਗਈਆਂ ਹਨ। ਉਨ੍ਹਾਂ ਦੇ ਲੀਡਰ, ਜੋ ਮਾਸਕੋ ਵਲੋਂ ਮਨ-ਮਰਜ਼ੀ ਨਾਲ ਲਾਹੇ ਅਤੇ ਥਾਪੇ ਜਾਂਦੇ ਹਨ, ਉਨ੍ਹਾਂ ਨੇ ਤਾਬਿਆਦਾਰੀ ਨਾਲ ਰੂਸੀ ਚੌਧਰ ਅਤੇ "ਸੁੱਪਰ-ਨੈਸ਼ਨਲ ਸਮਾਜਵਾਦੀ ਸੱਭਿਆਚਾਰ", "ਆਮ ਸਮਾਜਵਾਦੀ ਕੌਮੀਅਤ ਦਾ ਆਦਮੀ," ਆਦਿ ਦੇ ਸ਼ਾਵਨਵਾਦੀ ਸਿਧਾਂਤ ਸਵੀਕਾਰ ਕਰ ਲਏ ਹਨ, ਜਿਨ੍ਹਾਂ ਦੇ ਜ਼ਰੀਏ ਸਮਾਜਿਕ ਸਾਮਰਾਜੀਏ ਯੂਰਪ ਦੇ ਪੁਰਾਤਨ ਅਤੇ ਮਸ਼ਹੂਰ ਦੇਸ਼ਾਂ ਦੇ ਕੌਮੀ ਵਜੂਦ ਨੂੰ ਖਤਮ ਕਰਨਾ ਚਾਹੁੰਦੇ ਹਨ, ਜਿਨ੍ਹਾਂ ਨੇ ਯੂਰਪ ਦੇ ਸੱਭਿਆਚਾਰ ਅਤੇ ਇਤਿਹਾਸ ਵਿਚ ਬਹੁਤ ਤਕੜਾ ਹਿੱਸਾ ਪਾਇਆ ਹੈ।

ਜੀਵਨ ਨੇ ਇਹ ਵੀ ਪ੍ਰੋੜਤਾ ਕੀਤੀ ਹੈ ਕਿ ਪੱਛਮੀ ਯੂਰਪ, ਲਾਤੀਨੀ ਅਮ-ਰੀਕਾ ਅਤੇ ਏਸ਼ੀਆ ਦੀਆਂ ਖੋਸੀ-ਕਮਿਊਨਿਸਟ ਪਾਰਟੀਆਂ ਜੋ ਸੋਧਵਾਦ ਦੇ ਰਾਹ ਤੇ ਪੈ ਗਈਆਂ, ਉਨ੍ਹਾਂ ਬਾਰੇ ਕੁੱਝ ਵੀ ਕਮਿਊਨਿਸਟ ਨਹੀਂ ਰਿਹਾ। ਉਹ ਮਾਰਕਸਵਾਦ-ਲੈਨਿਨਵਾਦ ਦੇ ਵਿਗਿਆਨਕ ਸਿਧਾਂਤ ਉਤੇ ਨਹੀਂ; ਬਲਕਿ ਮਾਰਕਸ-ਵਾਦ-ਵਿਰੋਧੀ ਸਿਧਾਂਤਾਂ ਤੇ ਚਲਦੀਆਂ ਹਨ, ਭਾਵੇਂ ਕਿ ਉਨ੍ਹਾਂ ਵਿਚੋਂ ਕੁੱਝ ਅਪਣੇ ਆਪਨੂੰ ਨੂੰ ਛੁਪਾਉਣ ਲਈ, ਥੋੜ੍ਹੀ-ਬਹੁਤ ਮਾਰਕਸਵਾਦੀ ਮੁਹਾਵਰੇਬਾਜ਼ੀ ਦੀ ਵਰਤੋਂ ਕਰਦੀਆਂ ਹਨ। ਉਨ੍ਹਾਂ ਦਾ ਸਮੁੱਚਾ ਪ੍ਰੋਗਰਾਮ, ਅਗਰ ਇਸ ਨੂੰ ਪ੍ਰੋਗਰਾਮ ਕਿਹਾ ਜਾ ਸਕਦਾ ਹੋਵੇ, ਕੁੱਝ ਕੁ ਸਾਦੀਆਂ ਸੁਧਾਰਵਾਦੀ ਮੰਗਾਂ ਹੀ ਰਹਿ ਗਿਆ ਹੈ, ਜਿਹੜੀਆਂ ਬੁਰਜੂਆ ਨਿਜ਼ਾਮ ਲਈ ਖਤਰਾ ਬਿਲਕੁੱਲ ਨਹੀਂ ਹਨ, ਬਲਕਿ ਇਸ ਨੂੰ ਬਰਕਰਾਰ ਰੱਖਣਾ ਚਾਹੁੰਦੀਆਂ ਹਨ।

ਜਦੋਂ ਮਾਰਕਸਵਾਦ-ਲੈਨਿਨਵਾਦ ਦੇ ਖਿਲਾਫ ਘੋਲ ਵਾਸਤੇ ਖਰੁਸਚਵੀ ਸੋਧਵਾਦ ਅਖਾੜੇ ਵਿਚ ਨਿਤਰਿਆ, ਤਾਂ ਬੁਰਜੂਆਜ਼ੀ ਅਤੇ ਅੰਤਰਰਾਸ਼ਟਰੀ ਪਿਛਾਖੜ ਨੇ ਕਿਹਾ ਕਿ ਹੁਣ ਸਮਾਜਵਾਦ ਖਤਮ ਹੋ ਜਾਵੇਗਾ, ਅਤੇ ਕੌਮਾਂਤਰੀ ਕਮਿਊਨਿਸਟ ਲਹਿਰ ਵੀ ਖਤਮ ਹੋ ਜਾਵੇਗੀ। ਪਰ ਸਮਾਜਵਾਦ ਅਤੇ ਇਨਕਲਾਬ ਨੇ ਨਾ ਸਿਰਫ ਇਸ ਬੁਰਜੂਆ-ਸੋਧਵਾਦੀ ਹਮਲੇ ਦਾ ਮੁਕਾਬਲਾ ਹੀ ਕੀਤਾ ਅਤੇ ਇਸ ਦੇ ਸਭ ਤੋਂ ਤੇਜ਼ ਉਲਟ-ਇਨਕਲਾਬੀ ਝੱਖੜ ਨੂੰ ਹੀ ਪਛਾੜਿਆ, ਬਲਕਿ ਇਹ ਮਾਨਵਤਾ ਦੇ ਇਨਕਲਾਬੀ ਅਤੇ ਅਗਾਂਹਵਧੂ ਵਿਕਾਸ ਵਾਸਤੇ ਇਤਿਹਾਸਕ ਮਹੱ-ਤਤਾ ਵਾਲੀਆਂ ਜਿੱਤਾਂ ਜਿੱਤਣ ਵਿਚ ਵੀ ਕਾਮਯਾਬ ਹੋਏ।

ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਅਤੇ ਸਮਾਜਵਾਦ ਦੀ ਉਸਾਰੀ ਨਾਲ ਸੋਧਵਾ-ਦੀਆਂ ਨੇ ਗਦਾਰੀ ਕੀਤੀ, ਪਰ ਅਲਬਾਨੀਆਂ ਅਤੇ ਚੀਨ ਮਾਰਕਸਵਾਦ-ਲੈਨਿਨ-

ਵਾਦ ਉਤੇ ਵਫਾਦਾਰੀ ਨਾਲ ਚੱਲਦੇ ਰਹੇ, ਦ੍ਰਿੜਤਾ ਨਾਲ ਇਸਦੀ ਰਾਖੀ ਕੀਤੀ ਅਤੇ ਖਰੁਸਚਵੀ ਸੋਧਵਾਦ ਅਤੇ ਇਸਦੇ ਪੈਰੋਕਾਰਾਂ ਖਿਲਾਫ ਤਿੱਖੀ ਜੰਗ ਦਾ ਐਲਾਨ ਕੀਤਾ, ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਅਤੇ ਸਮਾਜਵਾਦ ਦੀ ਉਸਾਰੀ ਨੂੰ ਅੱਗੇ ਵਧਾਇਆ। ਕਮਿਊਨਿਜ਼ਮ ਖਤਮ ਨਹੀਂ ਹੋਇਆ, ਜਿਵੇਂ ਕਿ ਬੁਰਜੂਆਜ਼ੀ ਦੀਆਂ ਆਸਾਂ ਸਨ, ਅਤੇ ਮੌਕਾਪ੍ਰਸਤਾਂ ਅਤੇ ਗਦਾਰਾਂ ਦੀ ਇਹ ਢਿੱਡ-ਫਹਿਮੀ ਹੀ ਸੀ। ਪ੍ਰੋਲਤਾਰੀ ਨੇ ਆਪਣੀਆਂ ਤਾਕਤਾਂ ਇੱਕਠੀਆਂ ਕੀਤੀਆਂ, ਅਤੇ ਲੈਨਿਨ ਦੇ ਸਮੇਂ ਵਿਚ ਦੂਜੀ ਇੰਟਰਨੈਸ਼ਨਲ ਨਾਲੋਂ ਮਹਾਨ ਤੋੜ-ਵਿਛੋੜੇ ਦੀ ਤਰ੍ਹਾਂ ਹੀ, ਆਪ-ਣੀਆਂ ਸਫਾਂ ਵਿਚੋਂ ਨਵੀਆਂ ਮਾਰਕਸਵਾਦੀ ਲੈਨਿਨਵਾਦੀ ਪਾਰਟੀਆਂ ਨੂੰ ਜਨਮ ਦਿੱਤਾ। ਇਨ੍ਹਾਂ ਪਾਰਟੀਆਂ ਨੇ, ਸਮਾਜਿਕ ਅਤੇ ਕੌਮੀ ਮੁਕਤੀ ਲਈ ਪ੍ਰੋਲਤਾਰੀ ਦੀ ਇਨਕਲਾਬੀ ਲਹਿਰ ਦੇ ਸ਼ਾਨਦਾਰ ਕਾਜ਼ ਨੂੰ ਅੱਗੇ ਵਧਾਉਣ ਦੇ ਮਹਾਨ ਇਤਿਹਾਸਕ ਕਾਰਜ ਨੂੰ ਆਪਣੇ ਮੋਢਿਆਂ ਤੇ ਲਿਆ, ਜਿਸ ਨਾਲ ਕਿ ਸੋਧਵਾ-ਦੀਏ ਗਦਾਰੀ ਕਰ ਚੁੱਕੇ ਸਨ।

ਸੋਧਵਾਦੀ ਹਮਲੇ ਨੇ ਇਨਕਲਾਬ ਦੀ ਯੁੱਧਨੀਤੀ ਅਤੇ ਦਾਅਪੇਚਾਂ ਦੇ ਬੁਨਿਆਦੀ ਸਵਾਲਾਂ ਉਤੇ ਅਸੱਪਸ਼ਟਤਾ ਫੈਲਾਈ ਅਤੇ ਮਜ਼ਦੂਰ ਲਹਿਰ ਅਤੇ ਸਾਮਰਾਜ-ਵਿਰੋਧੀ ਤਾਕਤਾਂ ਵਿਚ ਵੱਡੀ ਪੱਧਰ ਤੇ ਭੁਲੇਖੇ ਫੈਲਾਏ। ਪਰ ਮਾਰਕਸਵਾਦ-ਲੈਨਿਨਵਾਦ ਨੇ ਡਟਕੇ ਇਸ ਵਹਿਸ਼ੀ ਹਮਲੇ ਦਾ ਮੁਕਾਬਲਾ ਕੀਤਾ ਅਤੇ ਇਸ ਨੂੰ ਪਛਾੜਿਆ। ਖਰੁਸਚਵ ਅਤੇ ਅਖੌਤੀ "ਉਸਾਰੂ ਮਾਰਕਸਵਾਦ" ਦੇ ਹੋਰ ਨੀਮ "ਸਿਧਾਂਤਕਾਰਾਂ" ਦਾ ਦਿਵਾਲਾ ਨਿਕਲ ਗਿਆ। ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦਾ ਵਿਗਿਆਨ ਸਮੁੱਚੀ ਦੁਨੀਆਂ ਦੀ ਪ੍ਰੋਲਤਾਰੀ ਦੇ ਦਿਲਾਂ ਅਤੇ ਦਿਮਾਗਾਂ ਵਿਚ ਘਰ ਕਰ ਚੁੱਕਾ ਹੈ, ਅਤੇ ਸਭ ਸਮਿਆਂ ਤੇ ਇਨਕਲਾਬ ਅਤੇ ਸਮਾਜਵਾਦ ਦਾ ਅਭੁੱਲ ਕੰਪਾਸ, ਅਤੇ ਪ੍ਰੋਲਤਾਰੀ ਅਤੇ ਮੇਹਨਤਕਸ਼ ਲੋਕਾਂ ਦੀਆਂ ਜਮਾਤੀ ਜੰਗਾਂ ਵਿਚ ਇੱਕ ਜੇਤੂ ਹਥਿਆਰ ਹੈ।

ਇਸ ਵਕਤ, ਸਮੁੱਚਾ ਸੋਧਵਾਦੀ ਕੈਂਪ ਮੁਸੀਬਤਾਂ ਵਿਚ ਹੈ। ਨਵ-ਸੋਧਵਾਦ ਦੇ ਵੱਖ ਵੱਖ ਦਸਤੇ ਇੱਕ-ਦੂਜੇ ਦੇ ਦੁਸ਼ਮਣ ਗਰੁੱਪਾਂ ਵਿਚ ਟੁੱਟੇ ਹੋਏ ਹੋਏ ਹਨ। ਹਰ ਕੋਈ "ਸਮਾਜਵਾਦ ਵੱਲ ਆਪਣੇ ਖਾਸ ਰਾਹ", ਅਤੇ "ਆਪਣੇ ਕੌਮੀ ਮਾਰਕਸਵਾਦ" ਦੀ ਰਾਖੀ ਅਤੇ ਪ੍ਰਚਾਰ ਲਈ ਲੜ ਰਿਹਾ ਹੈ। ਹਰ ਸੋਧਵਾਦੀ ਪਾਰਟੀ ਸਿਰਫ ਏਨਾ ਹੀ ਸੋਚਦੀ ਤੇ ਕਰਦੀ ਹੈ ਕਿ ਸੰਸਾਰ-ਸੋਧਵਾਦ ਦੀਆਂ ਸਫਾਂ ਵਿਚ ਉਚਤਮ ਪੁਜ਼ੀਸ਼ਨਾਂ ਅਤੇ ਚੌਧਰ ਕਿਸ ਤਰ੍ਹਾਂ ਹਾਸਲ ਕਰਨੀ ਹੈ, ਅਤੇ ਆਪਣੇ ਆਪ ਨੂੰ

ਬੁਰਜੂਆਜ਼ੀ ਸਾਮ੍ਹਣੇ ਸੁੰਦਰ ਬਣਾਕੇ ਕਿਵੇਂ ਪੇਸ਼ ਕਰਨਾਂ ਹੈ।

ਪਾਰਟੀ ਆਫ ਲੇਬਰ ਆਫ ਅਲਬਾਨੀਆ ਨੇ ਬਹੁਤ ਦੇਰ ਪਹਿਲਾਂ ਕਹਿ ਦਿੱਤਾ ਸੀ ਕਿ ਬਰਨਸਟੀਨ ਅਤੇ ਕਾਟਸਕੀ ਦੇ ਸੋਧਵਾਦ ਦੀ ਤਰ੍ਹਾਂ ਹੀ, ਨਵ-ਸੋਧਵਾਦ ਵੀ, ਕਦੇ ਵੀ ਉਹ ਇੱਕਸੁਰਤਾ ਅਤੇ ਫੌਲਾਦੀ ਏਕਤਾ ਨਹੀਂ ਉਸਾਰ ਸਕਦਾ, ਜੋ ਕਿ ਮਜ਼ਦੂਰ ਜਮਾਤ ਦੀ ਵਿਗਿਆਨਕ ਵਿਚਾਰਧਾਰਾ, ਮਾਰਕਸਵਾਦ-ਲੈਨਿਨਵਾਦ ਹੀ ਉਸਾਰ ਸਕਦਾ ਹੈ। ਸੋਧਵਾਦ ਦਾ ਭਾਵ ਹੈ ਦੁਫੇੜਾਂ, ਏਕਤਾ ਦੀ ਘਾਟ, ਸ਼ਾਵਨਵਾਦ ਅਤੇ ਬਦਨਿਜ਼ਾਮੀ। ਸਾਡੀ ਪਾਰਟੀ ਦਾ ਇਹ ਵਿਸ਼ਵਾਸ ਸੀ ਕਿ ਸੋਧਵਾਦੀ ਪਾਰਟੀਆਂ "ਆਜ਼ਾਦ", "ਖੁਦਮੁਖਤਾਰ", ਅਤੇ ਆਪਣੇ ਮੁਲਕਾਂ ਦੇ ਹਾਲਤਾਂ ਵਿਚ ਮਾਰਕਸਵਾਦ-ਲੈਨਿਨਵਾਦ ਨੂੰ ਲਾਗੂ ਕਰਨ ਦੇ "ਕਾਬਿਲ" ਹੋਣ ਦੇ ਨਾਹਰਿਆਂ ਰਾਹੀਂ ਨਾ ਸਿਰਫ ਰੂਸ ਅਤੇ ਅਖੌਤੀ "ਸਮਾਜਵਾਦੀ ਪ੍ਰਵਾਰ" ਨਾਲੋਂ ਹੀ ਟੁੱਟ ਜਾਣਗੀਆਂ, ਬਲਕਿ ਇਨ੍ਹਾਂ ਵਿਚਕਾਰ ਆਪਸ ਵਿਚ ਵੀ ਵੈਰ ਪੈ ਜਾਵੇਗਾ। ਅਤੇ ਹੋਇਆ ਵੀ ਅਜੇਹਾ ਹੀ ਹੈ।

ਰੂਸੀ ਸੋਧਵਾਦੀਆਂ ਨੇ ਸਾਰੇ ਸੋਧਵਾਦੀਆਂ ਨੂੰ ਇੱਕਤਰ ਕਰਨ ਅਤੇ ਆਪਣੇ ਗਿਰਦ ਇੱਕ-ਮੁੱਠ ਰੱਖਣ ਦੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਹਨ। ਉਨ੍ਹਾਂ ਨੂੰ ਸੋਧਵਾਦ ਦੇ ਇਸ ਸਾਂਝੇ ਮੋਰਚੇ ਦੀ ਸਿਰਫ ਪਾਰਟੀ ਆਫ ਲੇਬਰ ਆਫ ਅਲ-ਬਾਨੀਆਂ ਅਤੇ ਕਮਿਊਨਿਸਟ ਪਾਰਟੀ ਆਫ ਚਾਈਨਾ ਅਤੇ ਹੋਰ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਦੇ ਮਹਾਨ ਵਿਚਾਰਧਾਰਕ ਅਤੇ ਸਿਆਸੀ ਘੋਲ ਨਾਲ ਨਜਿੱਠਣ ਵਾਸਤੇ ਹੀ ਨਹੀਂ, ਬਲਕਿ ਅਮਰੀਕੀ ਸਾਮਰਾਜਵਾਦ ਦੀ ਤਾਕਤ ਉਤੇ ਸੱਟ ਮਾਰਨ ਲਈ ਵੀ ਜ਼ਰੂਰਤ ਸੀ।

ਇਸ ਏਕਤਾ ਨੂੰ ਹਾਸਲ ਕਰਨ ਅਤੇ ਇਸਦੀ ਰਾਖੀ ਕਰਨ ਵਾਸਤੇ, ਖਾਸ ਤੌਰ ਤੇ ਉਨ੍ਹਾਂ ਦੇਸ਼ਾਂ ਦੀਆਂ ਪਾਰਟੀਆਂ ਨੂੰ, ਜਿੱਥੇ ਸੋਧਵਾਦੀਆਂ ਦਾ ਬੋਲਬਾਲਾ ਸੀ,, ਆਪਣੇ ਹੱਥਾਂ ਵਿਚ ਰੱਖਣ ਵਾਸਤੇ ਖਰੁਸਚਵੀਆਂ ਨੇ ਆਪਣੀ ਫੌਜੀ ਅਤੇ ਆਰਥਕ ਤਾਕਤ ਅਤੇ ਨਾਲੋ ਨਾਲ ਪੂੰਜੀਵਾਦੀ ਦੇਸ਼ਾਂ ਦੀਆਂ ਸੋਧਵਾਦੀ ਪਾਰਟੀਆਂ ਨੂੰ ਮਾਸਕੋ ਵਲੋਂ ਭੇਜੀ ਜਾਂਦੀ ਲੁਕਵੀਂ ਮੱਦਦ ਉਤੇ ਟੇਕ ਰੱਖੀ ਹੈ। ਪਰ, ਉਨ੍ਹਾਂ ਨੂੰ ਸਫਲਤਾ ਹਾਸਲ ਨਹੀਂ ਹੋਈ। ਜੀਵਨ ਨੇ ਦਿਖਾਇਆ ਹੈ ਕਿ ਅਸਲੀਅਤ ਵਿਚ, ਸੋਧਵਾਦੀ ਪਾਰਟੀਆਂ ਰੂਸੀ ਸੋਧਵਾਦੀ ਪਾਰਟੀ ਨਾਲ ਸਹਿਮਤ ਨਹੀਂ ਸਨ। ਹੁਣ ਰੂਸੀ ਸੋਧਵਾਦੀ ਪਾਰਟੀ ਆਪਣੀ ਮੂੰਹ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਇਸ ਦੀਆਂ ਕੋਸ਼ਿਸ਼ਾਂ ਨਿਕਾਰੀਆਂ ਹਨ ਅਤੇ ਜਿਨ੍ਹਾਂ ਥੰਮੀਆਂ ਉਤੇ ਸੋਧਵਾਦੀ ਏਕਤਾ

ਖੜੀ ਹੈ, ਉਹ ਇੱਕ-ਇੱਕ ਕਰਕੇ ਢਹਿ ਰਹੀਆਂ ਹਨ।

ਬ੍ਰਿਜ਼ਨੇਵ ਦੀ ਅਗਵਾਈ ਹੇਠ, ਰੂਸੀ ਸੋਧਵਾਦੀਏ, "ਕਮਿਊਨਿਸਟ"ਪਾਰਟੀਆਂ ਨੂੰ, ਅਖੌਤੀ ਤੌਰ ਤੇ ਆਪਣੀ "ਮਾਰਕਸਵਾਦੀ-ਲੈਨਿਨਵਾਦੀ" ਵਿਚਾਰਧਾਰਕ ਏਕਤਾ ਦੀ ਪ੍ਰੋੜਤਾ ਕਰਨ ਲਈ, ਅੰਤਰਰਾਸ਼ਟਰੀ ਮੀਟਿੰਗਾਂ ਉਤੇ ਸੱਦਣ ਦੀਆਂ ਬੇਸ਼ੁਮਾਰ ਕੋਸ਼ਿਸ਼ਾਂ ਕਰਦੇ ਰਹੇ ਹਨ, ਪਰ ਇਹ ਇੱਕ ਸਹਿਆ ਦੇ ਇੱਜੜ ਨੂੰ ਇੱਕਠੇ ਕਰਨ ਦੀਆਂ ਕੋਸ਼ਿਸ਼ਾਂ ਵਾਲੀ ਹੀ ਗੱਲ ਹੈ। ਯੂਰਪ ਦੇ ਸੋਧਵਾਦੀਆਂ ਦੀ ਇੱਕ ਮੀਟਿੰਗ ਸੱਦਣ ਬਾਰੇ ਦੋ ਸਾਲਾਂ ਤੋਂ ਵੀ ਜ਼ਿਆਦਾ ਅਰਸੇ ਤਕ ਬਹਿਸਾਂ ਹੁੰਦੀਆਂ ਰਹੀਆਂ, ਅਤੇ ਮੌਜੂਦ ਵਿਰੋਧਤਾਈਆਂ ਤੋਂ ਪੈਦਾ ਹੋਣ ਵਾਲੀਆਂ ਟਾਲ-ਮਟੋਲਾਂ, ਵਹਿਮ, ਅਤੇ ਅਚਾਨਕ ਕਠਨਾਈਆਂ ਤਕਰੀਬਨ ਕਦੇ ਵੀ ਖਤਮ ਨਹੀਂ ਹੋਈਆਂ। ਪਰ ਜਦੋਂ ਇਹ ਮੀਟਿੰਗ ਕੀਤੀ ਵੀ ਗਈ, ਇਸ ਨੇ ਪਹਿਲੀਆਂ ਮੀਟਿੰਗਾਂ ਦੀ ਤਰ੍ਹਾਂ ਸਿਰਫ ਇਹ ਹੀ ਦਿਖਾਇਆ ਕਿ ਸੋਧਵਾਦੀਏ ਮੌਕਾਪ੍ਰਸਤੀ ਅਤੇ ਉਲਟ-ਇਨਕਲਾਬ ਦੇ ਚਿੱਕੜ ਵਿਚ ਹੋਰ ਵੀ ਡੂੰਘੇ ਧਸ ਗਏ ਹਨ।

ਮਾਰਕਸਵਾਦ-ਵਿਰੋਧੀ ਬਰਲਿਨ ਕਾਨਫਰੰਸ ਇਤਿਹਾਸ ਵਿਚ ਸਦਾ ਹੀ ਇੱਕ ਅਜੇਹੀ ਕਾਨਫਰੰਸ ਦੇ ਤੌਰ ਤੇ ਜਾਣੀ ਜਾਵੇਗੀ, ਜਿਸਨੇ ਨਵ-ਸੋਧਵਾਦ ਤੋਂ ਸਮਾਜੀ-ਸ਼ਾਵਨਵਾਦੀ ਪੁਜ਼ੀਸ਼ਨ ਵੱਲ ਤਬਦੀਲੀ ਦਾ ਸ਼ਰੇਆਮ ਐਲਾਨ ਕੀਤਾ, ਜਿਸ ਨੇ ਸ਼ਰੇਆਮ ਇਨਕਲਾਬ ਅਤੇ ਪ੍ਰੋਲੁਤਾਰੀ ਦੀ ਡਿਕਟੇਟਰਸ਼ਿਪ ਦਾ ਤਿਆਗ ਕੀਤਾ। ਹਰ ਪਾਰਟੀ ਵਲੋਂ ਮੀਟਿੰਗ ਵਿਚ ਆਪੋ-ਆਪਣੇ ਤੌਰ ਤੇ ਪ੍ਰਚਾਰੇ ਗਏ "ਸਮਾਜਵਾਦ ਵੱਲ ਆਪਣੇ ਖਾਸ ਰਾਹ", ਦਰਅਸਲ, ਉਹ ਰਾਹ ਹਨ ਜੋ ਸੋਧਵਾਦੀ ਪਾਰਟੀਆਂ ਸਮਾਜਵਾਦ ਨਾਲ ਗਦਾਰੀ, ਇਨਕਲਾਬ ਖਤਮ ਕਰਨ ਅਤੇ ਪ੍ਰੋਲੁਤਾਰੀ ਵਿਚ ਦੁਫੇੜ ਪਾਉਣ ਅਤੇ ਲੋਕਾਂ ਦੇ ਇਨਕਲਾਬੀ ਘੋਲਾਂ ਨੂੰ ਖਤਮ ਕਰਨ ਲਈ ਵਰਤਦੀਆਂ ਹਨ। ਇੱਕ ਇੱਕਲੇ ਆਗੂ ਕੇਂਦਰ ਤੋਂ ਆਜ਼ਾਦੀ ਦੇ ਥੋਥੇ ਨਾਹਰੇ ਹੇਠ ਉਨ੍ਹਾਂ ਨੇ ਪ੍ਰੋਲੁਤਾਰੀ ਦੀ ਵਿਗਿਆਨਕ ਵਿਚਾਰਧਾਰਾ, ਮਾਰਕਸਵਾਦ-ਲੈਨਿਨਵਾਦ ਅਤੇ ਪ੍ਰੋਲੁਤਾਰੀ ਕੌਮਾਂਤਰੀਵਾਦ ਦੀ ਮੁਖਾਲਫਿਤ ਕੀਤੀ। ਉਨ੍ਹਾਂ ਵਲੋਂ ਪ੍ਰੋਲੁਤਾਰੀ ਕੌਮਾਂਤਰੀਵਾਦ ਦੀ ਜਗ੍ਹਾ "ਕੌਮਾਂਤਰੀ ਸਦਭਾਵਨਾ" ਨੂੰ ਦੇਣਾ ਇਹ ਦਿਖਾਉਂਦਾ ਹੈ ਕਿ ਉਨ੍ਹਾਂ ਨੇ ਪ੍ਰੋਲੁਤਾਰੀ ਦੀ ਵਿਚਾਰਧਾਰਾ ਤਿਆਗਕੇ ਬੁਰਜ਼ੁਆਜ਼ੀ ਦੀ ਵਿਚਾਰਧਾਰਾ ਅਪਣਾ ਲਈ ਹੈ। ਸੋਧਵਾਦੀਆਂ ਵਾਸਤੇ ਸਦ-ਭਾਵਨਾ ਦਾ ਮਤਲਬ ਹੈ ਬੁਰਜ਼ੁਆਜ਼ੀ ਨਾਲ ਸਦਭਾਵਨਾ ਅਤੇ ਪ੍ਰੋਲੁਤਾਰੀ ਦੇ ਖਿਲਾਫ ਲੜਾਈ ਕਰਨਾ, ਅਤੇ ਸਾਮਰਾਜੀਆਂ ਨਾਲ ਸਦਭਾਵਨਾ ਅਤੇ ਲੋਕਾਂ ਦੇ ਖਿਲਾਫ ਲੜਾਈ ਕਰਨਾ। ਬਰ-

ਲਿਨ ਐਲਾਨਨਾਮਾ, ਜਿਸ ਵਿਚ ਸਭ ਹਿੱਸਾ ਲੈਣ ਵਾਲਿਆਂ ਨੇ ਆਪੋ-ਆਪਣੇ ਸਿਆਸੀ ਅਤੇ ਵਿਚਾਰਧਾਰਕ ਵਿਚਾਰ ਇਵੇਂ ਰੱਖੇ, ਮਾਨੋ ਕਿ ਇਹ ਕਿਸੇ ਮੇਲੇ ਤੇ ਗਏ ਯਾਤਰੂਆਂ ਦੀ ਡਾਇਰੀ ਹੋਵੇ, ਇਹ ਦਸਤਾਵੇਜ਼ ਸੋਧਵਾਦੀਆਂ ਨੂੰ ਕੱਟੜ ਮੌਕਾਪ੍ਰਸਤਾਂ ਅਤੇ ਕਮਿਊਨਿਸਟ-ਵਿਰੋਧੀਆਂ ਦੇ ਤੌਰ ਤੇ ਨੰਗੇ ਕਰਦਾ ਹੈ।

ਅਸਲੀਅਤ ਵਿਚ, ਸੋਧਵਾਦੀ ਕੈਂਪ ਹੁਣ ਕਈ ਮੌਕਾਪ੍ਰਸਤ ਝੁਕਾਵਾਂ ਵਿਚ ਵੰਡਿਆ ਗਿਆ ਹੈ। ਅਤੇ ਹਰ ਇੱਕ ਦਾ ਆਪਣਾ-ਆਪਣਾ ਸਿਆਸੀ ਅਤੇ ਵਿਚਾਰਧਾਰਕ ਮੁਹਾਂਦਰਾ ਹੈ ਅਤੇ ਹਰ ਕੋਈ ਆਪੋ-ਆਪਣੇ "ਖਾਸ", " "ਸਮਾਜਵਾਦੀ-ਸਿਧਾਂਤਾਂ" ਦੇ ਸ਼ਰੇਆਮ ਐਲਾਨਾਂ ਰਾਹੀਂ ਮਾਰਕਸਵਾਦ-ਲੈਨਿਨਵਾਦ ਨੂੰ ਤੋੜਨ-ਮਰੋੜਨ ਅਤੇ ਇਨਕਲਾਬ ਨੂੰ ਭੰਗ ਕਰਨ ਵਿਚ ਮਾਣ ਦੀ ਪਦਵੀ ਵਾਸਤੇ ਲੜਾਈ ਕਰ ਰਿਹਾ ਹੈ। ਇੱਕ ਪਾਸੇ ਤਾਂ ਇਹ ਸੋਧਵਾਦ ਦੀ ਬਦਇਖਲਾਕੀ ਦੀ ਹੱਦ ਅਤੇ ਇਸ ਦੇ ਖੇਰੂੰ ਖੇਰੂੰ ਹੋਣ ਦਾ ਸਬੂਤ ਹੈ, ਅਤੇ ਦੂਜੇ ਪਾਸੇ ਇਹ ਬੁਰਜ਼ੁਆਜ਼ੀ ਦੀ ਵਧੀਆ ਸੇਵਾ ਕਰਨ ਵਾਸਤੇ ਅਤੇ ਮਾਰਕਸਵਾਦ-ਲੈਨਿਨਵਾਦ ਤੇ ਇਨਕਲਾਬ ਦਾ ਵਿਰੋਧ ਕਰਨ ਵਾਸਤੇ, ਆਪਣੇ ਢੰਗਾਂ ਵਿਚ ਸੁਧਾਰ ਕਰਨ ਦੀਆਂ ਸੋਧਵਾਦ ਦੀਆਂ ਕੋਸ਼ਿਸ਼ਾਂ ਨੂੰ ਜ਼ਾਹਿਰ ਕਰਦਾ ਹੈ।

ਸੋਧਵਾਦੀ ਕੈਂਪ ਦੀ ਇਹ ਹਾਲਤ, ਮਾਰਕਸਵਾਦੀਆਂ-ਲੈਨਿਨਵਾਦੀਆਂ ਵਲੋਂ ਸੋਧਵਾਦੀਆਂ ਦੇ ਖਿਲਾਫ ਕੀਤੇ ਗਏ ਲਗਾਤਾਰ ਘੋਲ ਦੀ ਵਜ੍ਹਾ ਕਰਕੇ ਵੀ ਹੈ। ਇਹ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਅਤੇ ਉਨ੍ਹਾਂ ਦੀ ਇਨਕਲਾਬੀ ਲਾਈਨ ਦੀ ਇੱਕ ਜਿੱਤ ਹੈ, ਅਤੇ ਇਸ ਨੂੰ ਲਗਾਤਾਰ ਅੱਗੇ ਲਿਜਾਣਾ ਚਾਹੀਦਾ ਹੈ, ਆਪਣੀ ਚੌਕਸੀ ਨੂੰ ਹੋਰ ਵਧਾਉਣਾ ਚਾਹੀਦਾ ਹੈ ਅਤੇ ਹਰ ਕਿਸਮ ਦੇ ਨਵ-ਸੋਧਵਾਦੀਆਂ ਦੇ ਖਿਲਾਫ ਅਤੇ ਪਿਛਾਂਹਖਿਚੂ ਵਿਚਾਰਧਾਰਾਵਾਂ ਦੇ ਖਿਲਾਫ ਹੋਰ ਵੀ ਦ੍ਰਿੜਤਾ ਨਾਲ ਘੋਲ ਚਲਾਉਂਦੇ ਰਹਿਣਾ ਚਾਹੀਦਾ ਹੈ। ਕਮਿਊਨਿਜ਼ਮ ਦੇ ਦੁਸ਼ਮਣਾਂ ਨੇ ਮਾਰਕਸਵਾਦ-ਲੈਨਿਨਵਾਦ ਦੇ ਖਿਲਾਫ ਆਪਣੇ ਯਤਨ ਵਧਾ ਦਿੱਤੇ ਹਨ। ਸੋਧਵਾਦੀਏ ਚਾਹੇ ਵੱਖਰੇ ਹੋਏ ਹੋਣ ਜਾਂ ਇੱਕਮੁੱਠ ਹੋਣ, ਚਾਹੇ ਉਹ ਮਾਸਕੋ ਜਾਂ ਕਿਸੇ ਹੋਰ ਉਤੇ ਨਿਰਭਰ ਹੋਣ ਜਾਂ ਆਜ਼ਾਦ ਹੋਣ, ਕਮਿਊਨਿਸਟ-ਵਿਰੋਧੀਆਂ ਦੇ ਤੌਰ ਤੇ ਆਪਣਾ ਰੋਲ ਅਦਾ ਕਰਦਿਆਂ, ਉਹ ਇਨਕਲਾਬ ਅਤੇ ਸਾਡੀਆਂ ਪਾਰਟੀਆਂ ਦੇ ਖਿਲਾਫ, ਮਾਰਕਸਵਾਦ-ਲੈਨਿਨਵਾਦ ਦੇ ਖਿਲਾਫ ਇੱਕਠੇ ਹੋ ਕੇ ਲੜਦੇ ਹਨ।

ਸਾਮਰਾਜੀ ਬੁਰਜ਼ੁਆਜ਼ੀ ਅਤੇ ਇਸਦੇ ਲਿਖਾਰੀਆਂ ਨੇ ਹਮੇਸ਼ਾ ਹੀ ਕਮਿਊ -

ਨਿਜ਼ਮ ਦੇ ਖਿਲਾਫ ਕੰਮ ਕੀਤਾ ਹੈ ਅਤੇ ਅਜੇ ਵੀ ਕਰ ਰਹੇ ਹਨ। ਉਨ੍ਹਾਂ ਦਾ ਮਕਸਦ ਹੈ ਪ੍ਰੋਲਤਾਰੀ ਅਤੇ ਇਸਦੀਆਂ ਇਨਕਲਾਬੀ ਪਾਰਟੀਆਂ ਨੂੰ ਕੁਰਾਹੇ ਪਾਉਣਾ, ਜੋ ਕਿ ਉਨ੍ਹਾਂ ਦੀਆਂ ਕੱਟੜ ਦੁਸ਼ਮਣ ਹਨ। ਇਹ ਵਿਚਾਰ ਫੈਲਾ ਕੇ ਕਿ ਮਾਰਕਸਵਾਦ ਕਥਿਤ ਤੋਰ ਤੇ ਪੁਰਾਣਾ ਹੋ ਗਿਆ ਹੈ, ਕਿ ਇਹ ਪਿੱਛੇ ਰਹਿ ਗਿਆ ਹੈ, ਕਿ ਇਸਦੇ ਬੁਨਿਆਦੀ ਥੀਸਸ ਅਤੇ ਅਸੂਲਾਂ ਨੂੰ 20ਵੀਂ ਸਦੀ ਦੀਆਂ ਨਵੀਆਂ ਹਾਲਤਾਂ ਵਿਚ "ਮੁੜ-ਵਿਆਖਣਾ" ਜ਼ਰੂਰੀ ਹੈ, ਉਹ ਮਾਰਕਸਵਾਦ ਉਤੇ ਹਮਲਾ ਕਰਨਾ ਚਾਹੁੰਦੇ ਹਨ ਅਤੇ ਇਸਦੇ ਬੁਨਿਆਦੀ ਅਸੂਲਾਂ ਬਾਰੇ ਭੁਲੇਖੇ ਖੜੇ ਕਰਨੇ ਚਾਹੁੰਦੇ ਹਨ। ਬੁਰਜ਼ੁਆਜ਼ੀ ਅਤੇ ਸੋਧਵਾਦੀਆਂ ਸਮੇਤ ਇਸਦੇ ਸਭ "ਵਿਦਵਾਨ" ਇਨਕਲਾਬ ਅਤੇ ਖਾਸ ਤੋਰ ਤੇ ਬੁਰਜ਼ੁਆ ਸਮਾਜ ਦੇ ਹਿੰਸਕ ਪਲਟੇ ਦੀ ਲੋੜ ਤੋਂ ਮੁਕਰਣ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਅਤੇ ਜਮਾਤੀ ਘੋਲ ਦਾ ਖੰਡਨ ਕਰਨ ਅਤੇ ਪ੍ਰੋਲਤਾਰੀ ਕੌਮਾਂਤਰੀਵਾਦ ਨੂੰ ਖਤਮ ਕਰਨ ਦੇ ਯਤਨ ਕਰਦੇ ਹਨ।

ਸੋ ਉਨ੍ਹਾਂ ਦੇ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਨੂੰ ਸੱਟ ਮਾਰਨ ਦੇ ਕੰਮ ਦਾ ਮਕਸਦ ਹੈ ਇਸਦੇ ਬੁਨਿਆਦੀ ਅਸੂਲਾਂ ਨੂੰ ਵਿਗਾੜਨਾ ਤਾਂ ਕਿ ਉਹ ਨਿਕਾਰੇ ਹੋ ਜਾਣ। ਬੁਰਜ਼ੁਆਜ਼ੀ ਪ੍ਰੋਲਤਾਰੀ ਦੀ ਹਰ ਮੰਗ ਨੂੰ ਬੁਰਜ਼ੁਆ ਕਾਨੂੰਨਾਂ ਦੀ ਸੀਮਾ ਅੰਦਰ ਰੱਖਣ, ਇਸ ਨੂੰ ਬੋਲਣ ਦੀ ਖੋਖਲੀ-ਆਜ਼ਾਦੀ, "ਜਮਹੂਰੀਅਤ", ਅਤੇ ਸੜਕਾਂ ਉਤੇ ਮੁਜ਼ਾਹਰਿਆਂ ਦੇ ਜਾਲ ਵਿਚ ਫਸਾ ਕੇ ਰੱਖਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਇਹ ਇਨ੍ਹਾਂ ਮੰਗਾਂ ਨੂੰ ਸਰਮਾਏਦਾਰਾਂ ਜਾਂ ਉਨ੍ਹਾਂ ਦੇ ਚਪੜਾਸੀਆਂ ਦੇ ਆਰਾਮ ਕੁਰਸੀਆਂ ਵਾਲੇ ਨਿੱਘੇ ਕਮਰਿਆਂ ਵਿਚ, ਪਾਰਟੀਆਂ ਅਤੇ ਟ੍ਰੇਡ ਯੂਨੀਅਨਾਂ ਦੇ ਬੋਸਾਂ ਵਿਚਕਾਰ ਗੱਲਬਾਤ ਰਾਹੀਂ ਹੱਲ ਕਰਨ ਦੀਆਂ ਕੋਸ਼ਿਸ਼ਾਂ ਕਰਦੀ ਹੈ।

ਲੋਕਾਂ ਵਿਚ ਭੁਲੇਖੇ ਪਾਉਣ, ਪ੍ਰੋਲਤਾਰੀ ਅਤੇ ਇਸਦੀਆਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਦੇ ਇਨਕਲਾਬੀ ਵਿਚਾਰਾਂ ਅਤੇ ਕੰਮਾਂ ਨੂੰ ਨਿਕਾਰਾ ਕਰਨ ਵਾਸਤੇ, ਕਈ ਮਾਰਕਸਵਾਦ-ਵਿਰੋਧੀ ਝੁਕਾਅ ਸਰਗਰਮ ਹਨ, ਅਨੇਕਾਂ ਸੋਧਵਾਦੀ ਅਤੇ ਅਖੋਤੀ "ਖੱਬੂ" "ਸਿਧਾਂਤ" ਫੈਲਾਏ ਜਾ ਰਹੇ ਹਨ। ਉਹ ਸੰਸਾਰ ਇਨਕਲਾਬ ਦੀਆਂ ਸਫਾਂ ਵਿਚ ਛੁਪੇ ਹੋਏ ਗਦਾਰ ਹਨ, ਜਿਨ੍ਹਾਂ ਦਾ ਮਕਸਦ ਹੈ ਇਨਕਲਾਬ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਰਾਹੀਂ ਅੰਤਰਰਾਸ਼ਟਰੀ ਪੂੰਜੀਵਾਦ ਦੇ ਜੀਵਨ ਵਿਚ ਵਾਧਾ ਕਰਨਾ।

ਇਨ੍ਹਾਂ ਖੋਖਲੀ-ਸਿਧਾਂਤਾਂ ਵਿਚੋਂ ਇੱਕ ਹੈ: ਤਕਨੀਕੀ ਵਿਗਿਆਨਕ ਇਨਕਲਾਬ। ਇਸਦੇ ਲੇਖਕਾਂ ਅਨੁਸਾਰ, ਇਹ ਇਨਕਲਾਬ ਮਾਰਕਸ ਦੇ ਪ੍ਰੋਲਤਾਰੀ ਇਨਕਲਾਬ

ਨੂੰ ਗੈਰ-ਜ਼ਰੂਰੀ ਬਣਾ ਚੁੱਕਾ ਹੈ, ਕਿਉਂਕਿ, ਤਕਨੀਕੀ-ਵਿਗਿਆਨਕ ਇਨਕਲਾਬ ਦੇ ਸਿੱਟੇ ਵਜੋਂ, ਸਰਮਾਏਦਾਰੀ ਅਤੇ ਸਰਮਾਏਦਾਰ ਕਮਜ਼ੋਰ ਹੋ ਗਏ ਹਨ, ਸਰਮਾਏਦਾਰ ਕੋਈ ਰੋਲ ਅਦਾ ਨਹੀਂ ਕਰਦੇ, ਤਕਨੀਕ ਅਤੇ ਤਕਨੀਕੀ ਮਾਹਿਰਾਂ ਦੇ ਹੱਥਾਂ ਵਿਚ ਹੀ ਸਭ ਕੁੱਝ ਹੈ। ਇਹ ਇੱਕ ਬਹੁਤ ਵੱਡਾ ਢੌਂਗ ਹੈ। ਸਿਰਫ ਏਨਾ ਹੀ ਨਹੀਂ ਕਿ ਸਰਮਾਏਦਾਰ ਖ਼ਤਮ ਜਾਂ ਕਮਜ਼ੋਰ ਬਿਲਕੁੱਲ ਨਹੀਂ ਹੋਏ, ਬਲਕਿ ਉਹ ਪਹਿਲਾਂ ਦੀ ਤਰ੍ਹਾਂ ਹੀ ਪ੍ਰੋਲਤਾਰੀ ਅਤੇ ਮਿਹਨਤਕਸ਼ ਲੋਕਾਂ ਨੂੰ ਦਬਾ ਅਤੇ ਲੁੱਟ ਰਹੇ ਹਨ, ਅਜੇ ਵੀ ਪੈਦਾਵਾਰ ਦੇ ਸਾਧਨਾਂ ਉਤੇ ਉਨ੍ਹਾਂ ਦਾ ਕਬਜ਼ਾ ਹੈ ਅਤੇ ਉਹ ਅਸਲੀ ਹਾਕਮ ਹਨ, ਜਦਕਿ ਤਕਨੀਕੀ ਮਾਹਿਰ ਉਨ੍ਹਾਂ ਦੇ ਵਫਾਦਾਰ ਕਰਮਚਾਰੀਆਂ ਤੋਂ ਵੱਧ ਹੋਰ ਕੁੱਝ ਵੀ ਨਹੀਂ ਹਨ।

ਹੋਰ "ਸਿਧਾਂਤਕਾਰ", "ਰੋਜ਼ਾਨਾ ਮਸਲਿਆਂ ਦੇ ਹੱਲ" ਅਤੇ ਖਪਤਕਾਰ(ਉਪਭੋਗੀ) ਸਮਾਜ ਵਲੋਂ ਪੈਦਾ ਕੀਤੀਆਂ ਸੰਭਾਵਨਾਵਾਂ ਅਨੁਸਾਰ "ਜੀਵਨ ਢੰਗ" ਨੂੰ ਬਦਲਣ ਨੂੰ ਇਨਕਲਾਬ ਦੀ ਜਗ੍ਹਾ ਦਿੱਤੇ ਜਾਣ ਦੇ ਹੱਕ ਵਿਚ "ਦਲੀਲਾਂ ਪੇਸ਼"ਕਰਦੇ ਹਨ। ਏਥੇ, ਜਮਾਤੀ ਘੋਲ ਨੂੰ ਕਮਜ਼ੋਰ ਕਰਨ, ਅਤੇ ਬੁਰਜੂਆ ਸਮਾਜ ਉਤੇ ਹਮਲੇ ਰੋਕਣ ਦੀਆਂ ਕੋਸ਼ਿਸ਼ਾਂ ਪ੍ਰਤੱਖ ਹਨ। ਪਰ ਸਮਾਜਿਕ ਅਨਿਆਇ ਨੂੰ ਖ਼ਤਮ ਕਰਨ ਲਈ, ਪ੍ਰੋਲਤਾਰੀ ਨੂੰ ਰਾਜਸੱਤਾ, ਆਪਣੀ ਡਿਕਟੇਟਰਸ਼ਿਪ ਦੀ ਲੋੜ ਹੈ।ਅਤੇ ਇਹ ਸਿਰਫ ਹਿੰਸਕ ਇਨਕਲਾਬ ਰਾਹੀਂ ਹੀ ਹਾਸਲ ਕੀਤੀ ਜਾ ਸਕਦੀ ਹੈ।

ਬੁਰਜੂਆਜ਼ੀ ਅਤੇ ਇਸਦੀ ਪ੍ਰੈਸ ਸਭ ਕਮਿਊਨਿਸਟ-ਵਿਰੋਧੀ ਪ੍ਰਚਾਰਕਾਂ ਨੂੰ ਮੁੱਖ ਜਗ੍ਹਾ ਦਿੰਦੀ ਹੈ। ਇਨਕਲਾਬ ਅਤੇ ਕਮਿਊਨਿਜ਼ਮ ਦੇ ਖਿਲਾਫ ਪਰੂਦੋਂਵਾਦੀ ਬਦ-ਨਿਜ਼ਾਮ ਸਿਧਾਂਤ ਹਰ ਪਾਸੇ ਫੈਲਾਏ ਜਾ ਰਹੇ ਹਨ।, ਟ੍ਰਾਟਸਕੀਵਾਦ ਇੱਕ ਫੈਸ਼ਨ ਬਣ ਗਿਆ ਹੈ।

ਪ੍ਰੋਲਤਾਰੀ ਨੂੰ ਇਸਦੇ ਇਨਕਲਾਬੀ ਰਾਹ ਤੋਂ ਰੋਕਣ ਵਾਸਤੇ, ਨਵ-ਸੋਧਵਾਦ, ਇਸ ਖੇਤਰ ਵਿਚ ਹਰ ਸਾਧਨ ਅਤੇ ਢੰਗ ਰਾਹੀਂ; ਹਰ ਕਿਸਮ ਦੇ ਖੱਸੀ-ਵਿਗਿਆਨਕ ਸਿਧਾਂਤਾਂ ਅਤੇ ਨਾਹਰਿਆਂ ਰਾਹੀਂ ਸਾਮਰਾਜੀ ਪਿਛਾਖੜ ਦੀ ਮੱਦਦ ਕਰਦਾ ਹੈ।

ਸੰਸਾਰ ਪੂੰਜੀਵਾਦ ਦੀ ਹਮਾਇਤ ਵਿਚ ਅਤੇ ਇਨਕਲਾਬ ਅਤੇ ਮਾਰਕਸਵਾਦ-ਲੈਨਿਨਵਾਦ ਦੇ ਖਿਲਾਫ ਲੜਾਈ ਕਰਨ ਲਈ, ਸਭ ਤੋਂ ਪਹਿਲਾਂ ਯੂਗੋਸਲਾਵ ਸੋਧ-ਵਾਦ, ਅਖੌਤੀ "ਸਵੈ-ਪ੍ਰਸ਼ਾਸ਼ਨ ਸਮਾਜਵਾਦ" ਅਖਾੜੇ ਵਿਚ ਨਿਤਰਿਆ। ਇਹ ਇੱਕ ਮੌਕਾਪ੍ਰਸਤ ਵਿਚਾਰਧਾਰਕ ਝੁਕਾਅ ਅਤੇ ਸਮਾਜਵਾਦੀ ਸਮਾਜ ਅਤੇ ਸਰੀ

ਕਮਿਊਨਿਸਟ ਪਾਰਟੀਆਂ ਨੂੰ ਅੰਦਰੋਂ ਸੱਟ ਮਾਰਨ ਵਾਸਤੇ ਇੱਕ ਅਮਲ ਦੇ ਤੌਰ ਤੇ ਪੈਦਾ ਹੋਇਆ ਅਤੇ ਅਜੇ ਤਕ ਸਮਾਜਵਾਦ ਅਤੇ ਮੁਕਤੀ ਲਹਿਰਾਂ ਦੇ ਖਿਲਾਫ ਘੋਲ ਵਿਚ, ਇਹ, ਅੰਤਰਰਾਸ਼ਟਰੀ ਸਾਮਰਾਜੀ ਬੁਰਜ਼ੁਆਜ਼ੀ ਦਾ ਮਨ-ਭਾਉਂਦਾ ਹਥਿ-ਆਰ ਹੈ। ਯੁਗੋਸਲਾਵ ਸੋਧਵਾਦ ਤੋਂ ਖਤਰਾ ਇਸ ਗੱਲ ਤੋਂ ਪੈਦਾ ਹੁੰਦਾ ਹੈ ਕਿ ਇਹ ਉਨ੍ਹਾਂ ਸਭਨਾਂ ਨੂੰ, ਬਣੀਆਂ-ਬਣਾਈਆਂ ਧਾਰਨਾਵਾਂ ਅਤੇ "ਪਰਖੇ ਹੋਏ ਢੰਗ" ਪੇਸ਼ ਕਰਦਾ ਹੈ, ਜੋ ਸੋਧਵਾਦੀ ਗਦਾਰੀ ਅਤੇ ਸਰਮਾਏਦਾਰੀ ਦਾ ਰਾਹ ਫੜਦੇ ਹਨ। ਪਹਿਲਾਂ ਖਰੁਸਚਵੀਆਂ ਨੇ, ਫਿਰ ਤੁਗਲੋਆਤੀਆਂ ਨੇ, ਸਮਾਜਵਾਦ ਦੇ ਖਿਲਾਫ ਅਤੇ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦੇ ਖਿਲਾਫ ਲੜਨ ਵਾਸਤੇ, ਇਸ ਤੋਂ ਹੀ ਮੱਦਦ ਅਤੇ ਉਤਸ਼ਾਹ ਹਾਸਲ ਕੀਤਾ।

ਰੂਸੀ "ਸਮਾਜਵਾਦ" ਤੋਂ "ਨਿਰਪੱਖ ਸਮਾਜਵਾਦ" ਦਾ ਬਾਣਾ ਪਹਿਨਕੇ, ਯੁਗੋ-ਸਲਾਵ ਸੋਧਵਾਦ, ਵਿਕਸਤ ਹੋ ਰਹੇ ਦੇਸ਼ਾਂ ਦੀਆਂ ਅਗਾਂਹਵਧੂ ਤਾਕਤਾਂ ਵਿਚ ਤੋੜ-ਫੋੜ ਕਰਦਾ ਹੈ, ਉਨ੍ਹਾਂ ਦੀਆਂ ਸਹੀ ਸਮਾਜਵਾਦੀ ਖਾਹਿਸ਼ਾਂ ਨੂੰ ਕਰਾਹੇ ਪਾਉਣ ਦੀ ਕੋਸ਼ਿਸ਼ ਕਰਦਾ ਹੈ, ਅਤੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੀਆਂ ਬਸਤੀਵਾਦੀ ਰਹਿੰਦ-ਖਹੂੰਦ ਨੂੰ ਖਤਮ ਕਰਕੇ ਆਜ਼ਾਦ, ਜਮਹੂਰੀ ਅਤੇ ਖੁਦਮੁਖਤਾਰ ਸਟੇਟਾਂ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਕੁਰਾਹੇ ਪਾਉਂਦਾ ਹੈ। ਜਿੱਥੇ ਵੀ ਹੋ ਸਕੇ ਇਹ ਵੱਡੀ ਪੱਧਰ ਤੇ ਭੁਲੇਖੇ ਫੈਲਾਉਂਦਾ ਹੈ, ਅਤੇ ਬਦ-ਨਿਜ਼ਾਮ ਅਤੇ ਉਦਾਰਵਾਦੀ-ਟ੍ਰਾਟਸਕੀ-ਵਾਦੀ ਵਿਚਾਰਾਂ ਦਾ ਸੱਭ ਤੋਂ ਵੱਡਾ ਰੱਖਿਅਕ ਬਣ ਗਿਆ ਹੈ। ਟੀਟੋਵਾਦੀ "ਸਵੈ-ਪ੍ਰਸ਼ਾਸ਼ਨ" ਇੱਕ ਉਦਾਰਵਾਦੀ ਬੁਰਜ਼ੁਆ ਸਿਧਾਂਤ ਸਾਬਿਤ ਹੋਇਆ ਹੈ, ਜਿਸਨੇ ਸਥਾਈ ਸਿਆਸੀ ਅਤੇ ਵਿਚਾਰਧਾਰਕ ਅਸੱਪਸ਼ਟਤਾ ਫੈਲਾਈ ਹੈ ਅਤੇ ਕਮਜ਼ੋਰ ਅਤੇ ਨਾ-ਬਰਾਬਰ ਆਰਥਿਕ ਵਿਕਾਸ, ਵੱਡੇ ਸਮਾਜੀ ਫਰਕਾਂ, ਕੌਮੀਅਤਾਂ ਵਿਚ-ਕਾਰ ਝਗੜਿਆਂ, ਅਤੇ ਯੁਗੋਸਲਾਵੀਆ ਵਿੱਚ ਰੂਹਾਨੀ ਜੀਵਨ ਦੀ ਬਦਇਖਲਾਕੀ ਨੂੰ ਜਨਮ ਦਿੱਤਾ ਹੈ।

ਹਮੇਸ਼ਾ ਦੀ ਤਰ੍ਹਾਂ, ਭਵਿੱਖ ਵਿਚ ਵੀ, ਸਾਡੀ ਪਾਰਟੀ ਯੁਗੋਸਲਾਵ ਕਿਸਮ ਦੇ ਸੋਧਵਾਦ ਦੇ ਫਰੇਬੀ ਖਾਸੇ ਅਤੇ ਇਸਦੇ ਖਤਰੇ ਦਾ ਪਰਦਾਫਾਸ਼ ਕਰਨ ਲਈ ਲੜਦੀ ਰਹੇਗੀ।

ਨਵ-ਸੋਧਵਾਦ ਦੇ ਖਿਲਾਫ ਵਿਚਾਰਧਾਰਕ ਘੋਲ ਵਿਸ਼ਾਲ ਅਤੇ ਸਰਬ-ਪੱਖੀ ਹੈ। ਰੂਸੀ ਸੋਧਵਾਦੀਆਂ ਦੇ ਸਿਧਾਂਤਾਂ ਅਤੇ ਵਿਚਾਰਾਂ ਅਤੇ ਉਨ੍ਹਾਂ ਦੇ ਮੌਕਾਪ੍ਰਸਤ ਅਮਲਾਂ ਨੂੰ ਪਹਿਲਾਂ ਦੀ ਤਰ੍ਹਾਂ ਹੀ, ਪਰ ਵਧੇਰੇ ਦ੍ਰਿੜਤਾ ਨਾਲ, ਨੰਗੇ ਅਤੇ ਨਖਿਧ ਕਰਦੇ

ਰਹਿਣਾ ਚਾਹੀਦਾ ਹੈ। ਵਿਸ਼ਾਲ ਪਦਾਰਥਿਕ ਅਤੇ ਪ੍ਰਚਾਰ ਸਾਧਨਾਂ ਵਾਲੇ ਇੱਕ ਵੱਡੇ ਦੇਸ਼ ਦੀ ਹਾਕਮ ਵਿਚਾਰਧਾਰਾ ਹੋਣ ਦੇ ਨਾਤੇ, ਰੂਸੀ ਸੋਧਵਾਦ ਨਵ- ਸੋਧਵਾਦੀ ਫਰੰਟ ਦਾ ਲੀਡਰ ਹੈ। ਬਰਨਸਟੀਨ ਅਤੇ ਕਾਟਸਕੀ ਦੇ ਸਿਧਾਂਤਾਂ ਨੂੰ 20ਵੀਂ ਕਾਂਗਰਸ ਵਿਚ ਲੁਕਵੇਂ ਤੌਰ ਤੇ ਅਪਣਾਇਆ ਗਿਆ, ਜੋ ਕਿ ਸਭ ਸੋਧਵਾਦੀ ਝੁਕਾਵਾਂ ਵਾਸਤੇ ਪ੍ਰੇਰਣਾ ਦਾ ਸੋਮਾ ਅਤੇ ਹਮਾਇਤ ਦਾ ਅਧਾਰ ਬਣ ਗਏ। ਰੂਸੀ ਸੋਧਵਾਦ, ਸੋਧਵਾਦੀ ਉਲਟ- ਇਨਕਲਾਬ ਦੇ ਮੁਕੰਮਲ ਅਤੇ ਵਿਸਤ੍ਰਿਤ "ਸਿਧਾਂਤ" ਦੀ ਪ੍ਰਤੀਨਿੱਧਤਾ ਕਰਦਾ ਹੈ, ਜਿਸ ਨੇ ਸਭ ਖੇਤਰਾਂ ਵਿਚ ਅਤੇ ਸਭ ਸਵਾਲਾਂ ਉਤੇ ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਨੂੰ ਵਿਗਾੜਕੇ ਪੇਸ਼ ਕੀਤਾ ਹੈ।

ਵਕਤ ਨੇ ਸਾਬਿਤ ਕੀਤਾ ਹੈ ਕਿ 20ਵੀਂ ਕਾਂਗਰਸ ਦਾ ਥੀਸਸ ਨਾ "ਸਧਾਰਨ ਵਿਚਾਰਧਾਰਕ ਤੋੜ-ਮਰੋੜਾਂ" ਸੀ, ਅਤੇ ਨਾ ਹੀ ਹਾਲਾਤਾਂ ਦਾ ਗਲਤ ਜਾਇਜ਼ਾ। "ਖਰੁਸਚਵੀ ਸਿਧਾਂਤਾਂ" ਨੇ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਖਤਮ ਕਰਨ ਅਤੇ ਸਰਮਾਏਦਾਰੀ ਦੀ ਮੁੜ-ਬਹਾਲੀ ਵਾਸਤੇ ਜਾਣ-ਬੁੱਝ ਕੇ ਅਪਣਾਏ ਗਏ ਇੱਕ ਰਾਹ ਅਤੇ ਰੂਸ ਨੂੰ ਇੱਕ ਸਾਮਰਾਜੀ ਰਾਜ ਵਿਚ ਤਬਦੀਲ ਕਰਨ ਅਤੇ ਮਹਾਂ-ਸ਼ਕਤੀ ਸ਼ਾਵਨਵਾਦ ਨੂੰ ਲਾਗੂ ਕਰਨ ਦੇ ਰਾਹ ਵਿਚੋਂ ਸਭ ਅੜਿਚਣਾਂ ਨੂੰ ਖਤਮ ਕਰਨ ਲਈ ਚੁਣੇ ਗਏ ਵਿਚਾਰਧਾਰਕ ਅਤੇ ਸਿਆਸੀ ਸਾਧਨਾਂ ਦੀ ਪ੍ਰਤੀਨਿੱਧਤਾ ਕੀਤੀ।

ਇਸ ਸਾਲ ਦੇ ਸ਼ੁਰੂ ਵਿਚ ਕੀਤੀ ਗਈ, ਰੂਸ ਦੀ ਸੋਧਵਾਦੀ ਪਾਰਟੀ ਦੀ 25ਵੀਂ ਕਾਂਗਰਸ ਨੇ, ਰੂਸੀ ਲੀਡਰਸ਼ਿਪ ਦੇ ਇਸ ਰਾਹ ਉਤੇ ਚੱਲਦੇ ਰਹਿਣ ਦੇ ਇਰਾਦਿਆਂ ਦੀ ਪ੍ਰੋੜਤਾ ਕੀਤੀ। ਇਸ ਦਾ ਮਤਲਬ ਹੈ ਕਿ ਸੋਧਵਾਦ ਭਵਿੱਖ ਵਿਚ ਮਾਰਕਸਵਾਦ-ਲੈਨਿਨਵਾਦ ਅਤੇ ਸਹੀ ਸਮਾਜਵਾਦੀ ਦੇਸ਼ਾਂ ਵਿਰੁੱਧ ਆਪਣਾ ਵਹਿਸ਼ੀ ਵਿਚਾਰਧਾਰਕ ਹਮਲਾ ਤੇਜ਼ ਕਰਦਾ ਰਹੇਗਾ, ਕਿ ਇਹ ਇਨਕਲਾਬ ਨੂੰ ਸੱਟ ਮਾਰਨ ਵਾਸਤੇ ਅਤੇ ਲੋਕਾਂ ਦੀਆਂ ਮੁਕਤੀ ਲਹਿਰਾਂ ਉਤੇ ਕਬਜ਼ਾ ਕਰਨ ਅਤੇ ਉਨ੍ਹਾਂ ਨੂੰ ਸੱਟ ਮਾਰਨ ਵਾਸਤੇ ਆਪਣੀ ਲੜਾਈ ਜਾਰੀ ਰੱਖੇਗਾ।

ਇਸ ਨੂੰ ਹੋਈਆਂ ਹਾਰਾਂ ਦੇ ਬਾਵਜੂਦ ਵੀ, ਨਾ ਸਿਰਫ ਇਸਦੇ ਆਪਣੇ ਦੇਸ਼ ਵਿਚ ਹੀ, ਬਲਕਿ ਬਹੁਤ ਸਾਰੀਆਂ ਸੋਧਵਾਦੀ ਪਾਰਟੀਆਂ ਅਤੇ ਵਿਕਸਤ ਹੋਰਹੇ ਦੇਸ਼ਾਂ ਦੀਆਂ ਕੌਮੀ ਜਮਹੂਰੀ ਪਾਰਟੀਆਂ ਵਿਚ ਵੀ ਰੂਸੀ ਸੋਧਵਾਦ ਦਾ ਅਸਰ-ਰਸੂਖ ਅਜੇ ਤਕ ਕਾਇਮ ਹੈ। ਇਹ ਅਜੇ ਤਕ ਵੀ ਲੈਨਿਨ ਅਤੇ ਬਾਲਸ਼ਵਿਕ ਪਾਰਟੀ ਦੇ ਨਾਂ ਨੂੰ ਵਰਤਦਾ ਹੈ, ਅਤੇ ਇਸ ਨੇ ਆਪਣੀ ਕਮਿਉਨਿਸਟ ਮੁਹਾਵਰੇਬਾਜ਼ੀ

ਹੋਰ ਵਧਾਈ ਹੈ। ਇਹ ਸਾਫ ਹੈ ਕਿ ਰੂਸੀ ਸੋਧਵਾਦ ਦੇ ਵਿਚਾਰਧਾਰਕ ਪਲੈਟ-ਫਾਰਮ ਨੂੰ ਮੁਕੰਮਲ ਤੌਰ ਤੇ ਨੰਗਿਆਂ ਕਰਨ ਤੋਂ ਬਿਨਾਂ ਇਸਦੇ ਪਸਾਰਵਾਦ ਅਤੇ ਚੌਧਰਪੁਣੇ ਦੀ ਅਸਰਦਾਇਕ ਤੌਰ ਤੇ ਵਿਰੋਧਤਾ ਨਹੀਂ ਕੀਤੀ ਜਾ ਸਕਦੀ, ਅਸਲੀ ਸਾਮਰਾਜ-ਵਿਰੋਧੀ ਤਾਕਤਾਂ ਦੀ ਲੋੜੀਦੀ ਅਤੇ ਸਹੀ ਲਾਮਬੰਦੀ ਨਹੀਂ ਕੀਤੀ ਜਾ ਸਕਦੀ, ਅਤੇ ਮਹਾਂ-ਸ਼ਕਤੀਆਂ ਦੀਆਂ ਧਾੜਵੀ ਸਕੀਮਾਂ ਨੂੰ ਹਰਾਇਆ ਨਹੀਂ ਜਾ ਸਕਦਾ।

ਰੂਸੀ ਸੋਧਵਾਦ ਦੀਆਂ ਵਿਚਾਰਧਾਰਕ ਜੜ੍ਹਾਂ ਨੂੰ ਨੰਗੀਆਂ ਕਰਨ ਦੀ ਇਤਿ-ਹਾਸਕ ਮਹੱਤਤਾ ਇਸ ਗੱਲ ਵਿਚ ਵੀ ਹੈ ਕਿ ਇਸ ਨਾਲ ਹੋਰ ਸਭ ਮੌਕਾਪ੍ਰਸਤ ਵੀ ਨੰਗੇ ਹੋ ਜਾਂਦੇ ਹਨ ਜਿਹੜੇ ਆਪਣੇ-ਆਪ ਨੂੰ ਰੂਸੀ ਚੌਧਰਪੁਣੇ ਦੇ ਵਿਰੋਧੀਆਂ ਦੇ ਤੌਰ ਤੇ ਪੇਸ਼ ਕਰਦੇ ਹਨ ਪਰ ਆਪਣੀ ਨੀਤੀ ਅਤੇ ਰਵੱਈਏ ਰਾਹੀਂ, ਅਸਲ ਵਿਚ ਇਸਦੀ ਸੇਵਾ ਕਰਦੇ ਹਨ।

ਸਾਡੀ ਪਾਰਟੀ ਦੀ ਰਾਇ ਹੈ ਕਿ ਸੋਧਵਾਦ, ਅਤੇ ਖਾਸ ਤੌਰ ਤੇ ਰੂਸੀ ਸੋਧਵਾਦ, ਦੇ ਖਿਲਾਫ ਵਿਚਾਰਧਾਰਕ ਘੋਲ ਨੂੰ ਜਾਰੀ ਰੱਖਣਾ ਤੇ ਤੇਜ਼ ਕਰਨਾ, 1960 ਦੀ ਮਾਸਕੋ ਮੀਟਿੰਗ ਤੋਂ ਬਾਅਦ ਸ਼ੁਰੂ ਕੀਤੇ ਗਏ ਮਹਾਨ ਬਿਖੇੜੇ ਨੂੰ ਜਾਰੀ ਰੱਖਣਾ ਅਤੇ ਡੂੰਘਿਆਂ ਕਰਨਾ, ਸਭ ਮਾਰਕਸਵਾਦੀਆਂ-ਲੈਨਿਨਵਾਦੀਆਂ, ਸਭ ਇਨਕਲਾਬੀਆਂ ਦਾ ਅਹਿਮ ਅਤੇ ਜਰੂਰੀ ਫਰਜ਼ ਹੈ। ਹੁਣ ਵੀ, ਉਸ ਵਕਤ ਦੀ ਤਰ੍ਹਾਂ ਹੀ, ਮਾਰਕਸਵਾਦ-ਲੈਨਿਨਵਾਦ ਨੂੰ ਸੋਧਵਾਦ ਦੇ ਹਮਲਿਆਂ ਤੋਂ ਸੁਰਖਿ-ਅਤ ਕਰਨ, ਸਹੀ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਇਨਕਲਾਬੀ ਲਾਈਨ ਨੂੰ ਉਚਿੱਆਂ ਰੱਖਣ ਅਤੇ ਵੱਖ ਵੱਖ ਬੁਰਜ਼ੁਆ ਅਤੇ ਮੌਕਾਪ੍ਰਸਤ ਤਾਕਤਾਂ ਵਲੋਂ ਇਸ ਉਤੇ ਪਾਏ ਜਾਂਦੇ ਦਬਾਓ ਅਤੇ ਅਸਰ ਤੋਂ ਇਸਦੀ ਰਾਖੀ ਕਰਨ, ਅਤੇ ਰੂਸੀ ਸਮਾ-ਜਿਕ ਸਾਮਰਾਜੀਆਂ ਦੇ ਮਹਾਂ-ਸ਼ਕਤੀ ਸ਼ਾਵਨਵਾਦ ਦੇ ਖਿਲਾਫ ਅਤੇ ਹੋਰ ਮੌਕਾ-ਪ੍ਰਸਤਾਂ ਦੇ ਕੌਮੀ ਸ਼ਾਵਨਵਾਦ ਦੇ ਖਿਲਾਫ ਪ੍ਰੋਲਤਾਰੀ ਕੌਮਾਂਤਰੀਵਾਦ ਦੀ ਰਾਖੀ ਕਰਨ ਦਾ ਇਤਿਹਾਸਕ ਕੰਮ ਉਨ੍ਹਾਂ ਦੇ ਮੋਢਿਆਂ ਤੇ ਹੈ। ਲੈਨਿਨ ਦਾ ਕਥਨ, ਕਿ ਮੌਕਾਪ੍ਰਸਤੀ ਵਿਰੁੱਧ ਲੜਨ ਤੋਂ ਬਿਨਾਂ ਸਾਮਰਾਜਵਾਦ ਦੇ ਖਿਲਾਫ ਲੜਨਾ ਅਸੰਭਵ ਹੈ, ਅੱਜ ਵੀ ਸਹੀ ਹੈ। ਮਾਰਕਸਵਾਦ-ਲੈਨਿਨਵਾਦ ਦੀ ਰਾਖੀ ਇੱਕ ਅਸੂਲ ਦਾ ਸਵਾਲ ਹੈ। ਇਸ ਨੂੰ ਪੈਦਾ ਹੋਣ ਵਾਲੇ ਹਾਲਤਾਂ, ਉਤੇ ਨਿਰਭਰ ਨਹੀਂ ਛੱਡਿਆ ਜਾ ਸਕਦਾ, ਜਿਨ੍ਹਾਂ ਦੇ ਅਧਾਰ ਤੇ ਪ੍ਰੋਲਤਾਰੀ ਦੇ ਦੁਸ਼ਮਣ ਆਪਣੇ ਹਿੱਤਾਂ ਨੂੰ ਜੋੜਦੇ ਜਾਂ ਵੱਖ ਵੱਖ ਕਰਦੇ ਹਨ।

ਖਰੁਸਚਵੀ ਵਿਚਾਰ, ਕਿ ਹਿੰਸਕ ਪ੍ਰੋਲਤਾਰੀ ਇਨਕਲਾਬਾਂ ਦਾ ਵਕਤ ਕਥਿਤ ਤੌਰ ਤੇ ਲੰਘ ਗਿਆ ਹੈ, ਅਤੇ ਰਾਜਸੱਤਾ ਬੁਰਜ਼ੁਆਜ਼ੀ ਦੇ ਹੱਥਾਂ ਵਿਚੋਂ "ਅਮਨਪੂਰਨ ਤਰੀਕੇ ਨਾਲ", "ਪਾਰਲੀਮਾਨੀ ਤਰੀਕੇ ਨਾਲ" ਖੋਹੀ ਜਾ ਸਕਦੀ ਹੈ, ਇਹ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਦੇ ਸੋਧਵਾਦੀਆਂ ਦੇ ਕੰਨਾਂ ਵਾਸਤੇ ਇੱਕ ਬਹੁਤ ਹੀ ਸੁਰੀਲਾ ਸੰਗੀਤ ਸੀ। ਇਸ ਵਿਚਾਰ ਤੇ ਚਲਦਿਆਂ, ਉਨ੍ਹਾਂ ਨੇ ਅਜਿਹੀਆਂ ਯੁਧ-ਨੀਤੀਆਂ ਅਤੇ ਦਾਅ-ਪੇਚ ਉਸਾਰੇ, ਜਿਸ ਰਾਹੀਂ ਉਹ ਸੋਚਦੇ ਸਨ ਕਿ ਉਹ ਬੁਰਜ਼ੁਆਜ਼ੀ ਦਾ ਭਰੋਸਾ ਜਿੱਤ ਲੈਣਗੇ, ਅਤੇ ਬੁਰਜ਼ੁਆਜ਼ੀ ਸਮਝੇਗੀ ਕਿ ਕਮਿਊਨਿਸਟ ਹੁਣ ਪਾਲਤੂ ਬਣ ਗਏ ਹਨ, ਕਿ ਮਾਰਕਸ ਅਤੇ ਲੈਨਿਨ ਵਲੋਂ ਪ੍ਰਚਾਰਿਆ ਗਿਆ ਖਤਰਨਾਕ ਸਿਧਾਂਤ ਖਤਮ ਹੋ ਗਿਆ ਹੈ, ਕਿ ਇਨਕਲਾਬ ਇੱਕ "ਅਮਨਪੂਰਨ," "ਸੁਧਾਰਵਾਦੀ", "ਮਾਨਵਤਾਵਾਦੀ" ਇਨਕਲਾਬ ਹੋਵੇਗਾ।

ਇਟਾਲੀਅਨ ਸੋਧਵਾਦੀਆਂ ਦਾ ਲੀਡਰ ਤੋਗਲਿਆਤੀ ਅਤੇ ਸਾਰਡੀਨੀਆਂ ਦੇ ਇੱਕ ਵੱਡੇ ਜਗੀਰਦਾਰ, ਬਰਲਿੰਗੁਅਰ, ਵਰਗੇ ਇਸਦੇ ਚੇਲੇ, ਮਾਰਕਸਵਾਦ- ਲੈਨਿਨ-ਵਾਦ ਦੇ ਖਿਲਾਫ ਘੋਲ ਦੀ ਚੁਆਤੀ ਲਾਉਣ ਲਈ ਬੜੀ ਦੇਰ ਤੋਂ ਉਡੀਕ ਕਰ ਰਹੇ ਸਨ। ਬੜੀ ਦੇਰ ਤੋਂ ਉਹ ਕਮਿਊਨਿਸਟ-ਵਿਰੋਧੀ ਘੋਲ ਵਾਸਤੇ ਆਪਣੇ ਹਥਿ-ਆਰ ਤਿੱਖੇ ਕਰ ਰਹੇ ਹਨ, ਪਹਿਲਾਂ "ਬਹੁ-ਕੇਂਦਰਵਾਦ" ਅਤੇ "ਢਾਂਚੇ'ਚ ਸੁਧਾਰ" ਦੇ ਆਪਣੇ ਸਿਧਾਂਤਾਂ ਰਾਹੀਂ ਅਤੇ ਬਾਅਦ ਵਿਚ ਆਪਣੇ "ਇਤਿਹਾਸਕ ਰਾਜ਼ੀ-ਨਾਮੇ" ਰਾਹੀਂ।

ਸਾਡੀ ਪਾਰਟੀ ਨੇ ਬਹੁਤ ਦੇਰ ਪਹਿਲਾਂ ਹੀ ਤੋਗਲਿਆਤੀ ਦੇ ਸਿਧਾਂਤਾਂ ਦੇ ਮੌਕਾਪ੍ਰਸਤ ਖਾਸੇ ਅਤੇ ਉਨ੍ਹਾਂ ਦੇ ਉਲਟ-ਇਨਕਲਾਬੀ ਮੰਤਵਾਂ ਦਾ ਪਰਦਾ ਫਾਸ਼ ਕਰ ਦਿੱਤਾ ਸੀ। ਇਸ ਦੇ ਨਾਲ ਹੀ ਸਾਡੀ ਪਾਰਟੀ ਨੇ ਇਹ ਵੀ ਕਿਹਾ ਕਿ ਰੂਸ ਦੀ ਮੱਦਦ ਅਤੇ ਹੱਲਾਸ਼ੇਰੀ ਰਾਹੀਂ ਤੋਗਲਿਆਤੀ ਸੋਧਵਾਦੀਏ ਆਪਣੀ ਗਦਾਰੀ ਨੂੰ ਅੱਗੇ ਵਧਾਉਂਦੇ ਹੋਏ ਯੂਰਪੀਨ ਮੌਕਾਪ੍ਰਸਤੀ ਦੇ ਲੀਡਰ ਬਣਨਗੇ।

ਅਤੇ ਇਹ ਸਾਬਿਤ ਹੋ ਗਿਆ ਹੈ ਕਿ, ਸੋਸ਼ਲ ਡੈਮੋਕ੍ਰੈਸੀ ਨਾਲ ਗਠਜੋੜ ਬਣਾ-ਉਂਦੇ ਹੋਏ, ਤੋਗਲਿਆਤੀ ਸੋਧਵਾਦੀਏ ਖੁਦ ਸੋਸ਼ਲ ਡੈਮੋਕ੍ਰੈਟ ਬਣ ਗਏ, ਬੁਰਜ਼ੁਆ ਸੰਵਿਧਾਨ ਨੂੰ ਲਾਗੂ ਕਰਨ ਦੀ ਮੰਗ ਕਰਦੇ ਕਰਦੇ, ਉਹ ਬੁਰਜ਼ੁਆ ਨਿਜ਼ਾਮ ਦੇ ਸਰਗਰਮ ਰੱਖਿਅਕ ਬਣ ਗਏ, ਅਤੇ ਸਮਾਜਵਾਦ ਦੇ ਰਾਹ ਦੇ ਅਮਨਪੂਰਨ ਧਾਤੂਆਂ ਤੋਂ, ਉਹ ਪੂੰਜੀਵਾਦ ਦੇ ਹਥਿਆਰਬੰਦ ਸੈਨਿਕ ਬਣ ਗਏ।

ਹੋਰ ਸਾਰੇ ਸੋਧਵਾਦੀਆਂ ਦੀ ਤਰ੍ਹਾਂ ਹੀ, ਇਟਾਲੀਅਨ ਸੋਧਵਾਦੀ ਲੀਡਰਸ਼ਿਪ

ਨੇ ਫੜ੍ਹਾਂ ਮਾਰੀਆਂ ਕਿ ਆਪਣੇ ਨਵੇਂ ਸਿਧਾਂਤਾਂ ਰਾਹੀਂ ਇਸਨੇ ਦੁਨੀਆਂ ਦੀਆਂ ਉਨ੍ਹਾਂ ਘਟਨਾਵਾਂ ਦੀ ਵਿਆਖਿਆ ਦੀ ਕੁੰਜੀ ਲੱਭ ਲਈ ਹੈ ਜਿਨ੍ਹਾਂ ਬਾਰੇ ਨਾ ਮਾਰਕਸ, ਏਂਗਲਜ਼ ਅਤੇ ਲੈਨਿਨ ਅਤੇ ਨਾ ਹੀ ਸਟਾਲਿਨ ਨੇ ਕਦੇ ਸੋਚਿਆ ਸੀ, ਅਤੇ ਇਸ ਨੇ ਇਨਕਲਾਬ ਦੇ ਮਸਲਿਆਂ ਦੇ ਸਭ ਤੋਂ ਉਸਾਰੂ ਹੱਲ ਲੱਭ ਲਏ ਹਨ। ਪਰ ਘਟਨਾਵਾਂ ਨੇ ਸੋਧਵਾਦੀਆਂ ਦੇ ਸਭ ਸਿਧਾਂਤਾਂ ਅਤੇ ਨਸੀਹਤਾਂ ਦਾ ਪਾਸਾ ਪੁੱਠਾ ਪਾ ਦਿੱਤਾ।

ਇਹ ਗੱਲ ਚਿੱਲੀ ਵਿਚ ਬੜੀ ਸਾਫ ਤੌਰ ਤੇ ਸਾਮ੍ਹਣੇ ਆਈ। ਚਿੱਲੀ ਦੀਆਂ ਘਟਨਾਵਾਂ ਨੇ ਦਿਖਾਇਆ ਕਿ ਸੋਧਵਾਦੀਆਂ ਦੇ ਸਿਧਾਂਤ ਕਿੰਨੇ ਬੇਵਕੂਫ ਹਨ ਅਤੇ ਇਹ ਇਨਕਲਾਬ ਦੇ ਕਾਰਜ ਨੂੰ ਕਿੰਨਾ ਨੁਕਸਾਨ ਪਹੁੰਚਾਉਂਦੇ ਹਨ। ਅਲੈਂਡੇ ਦੀ ਚਿੱਲੀ ਨੂੰ ਸੋਧਵਾਦੀਆਂ ਨੇ ਸਮਾਜਵਾਦ ਵਾਸਤੇ ਸਹੀ ਘੋਲ ਦੀ ਸਭ ਤੋਂ ਸਹੀ ਮਿਸਾਲ ਦੇ ਤੌਰ ਤੇ ਪ੍ਰਚਾਰਿਆ, ਜੋ ਕਿ ਉਨ੍ਹਾਂ ਦੇ ਨਵੇਂ ਸੋਧਵਾਦੀ ਮਿਆਰਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਸੀ। ਉਨ੍ਹਾਂ ਵਾਸਤੇ, ਚਿੱਲੀ ਨੇ ਸਾਬਿਤ ਕੀਤਾ ਕਿ ਪਾਰਲੀਮਾਨੀ ਅਤੇ ਅਮਨਪੂਰਨ ਢੰਗ ਨਾਲ ਸਮਾਜਵਾਦ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਵਾਸਤੇ, ਚਿੱਲੀ, ਅਖੌਤੀ "ਜਮਹੂਰੀ" ਅਤੇ "ਕੌਮੀ" ਸਮਾਜਵਾਦ ਨੂੰ ਲਾਗੂ ਕਰਨ, ਸਮੁੱਚੀ ਸੋਧਵਾਦੀ ਦੁਨੀਆਂ ਦੇ ਸਭ ਸਿਧਾਂਤਾਂ ਨੂੰ ਲਾਗੂ ਕਰਨ ਦਾ ਇੱਕ "ਜੀਉਂਦਾ-ਜਾਗਦਾ ਸਬੂਤ ਸੀ"

ਪਰ ਜੋ ਕੁੱਝ ਚਿੱਲੀ ਵਿਚ ਵਾਪਰਿਆ ਉਹ ਚਿੱਲੀ ਦੇ ਲੋਕਾਂ ਵਾਸਤੇ ਇੱਕ ਵੱਡੀ ਆਫਤ ਹੈ, ਭਾਵੇਂ ਕਿ ਵਕਤੀ ਹੀ ਹੈ। ਅਤੇ ਨਵ-ਸੋਧਵਾਦੀਆਂ ਵਾਸਤੇ ਇਹ ਇੱਕ ਘਾਤਕ ਹਾਰ ਹੈ, ਉਨ੍ਹਾਂ ਦੇ ਰੇਤ ਦੇ ਮਹਿਲਾਂ, ਉਨ੍ਹਾਂ ਦੇ ਸਭ ਮੌਕਾਪ੍ਰਸਤ ਸਿਧਾਂਤਾਂ ਦੀ ਤਬਾਹੀ ਹੈ।

ਚਿੱਲੀ ਵਿਚ ਫਾਸ਼ੀ ਰਾਜ-ਪਲਟੇ ਨੇ, ਇੰਡੋਨੇਸ਼ੀਆ ਦੀ ਤਰ੍ਹਾਂ ਹੀ, ਅਮਨ-ਪੂਰਨ ਪਾਰਲੀਮਾਨੀ ਰਾਹ ਬਾਰੇ ਸੋਧਵਾਦੀਆਂ ਦੇ ਸਭ ਸਿਧਾਂਤਾਂ ਦਾ ਪੂਰੀ ਤਰ੍ਹਾਂ ਖੰਡਨ ਕਰ ਦਿੱਤਾ। ਇਸ ਨੇ ਦਿਖਾਇਆ ਕਿ ਜਮਾਤੀ ਘੋਲ ਦੇ, ਅਤੇ ਇਨਕਲਾਬ ਅਤੇ ਉਲਟ-ਇਨਕਲਾਬ ਦੇ ਫੌਲਾਦੀ ਨਿਯਮ ਸੋਧਵਾਦੀਆਂ ਦੇ ਸੁਪਨਿਆਂ ਅਤੇ ਖਾਹਸ਼ਾਂ ਅਨੁਸਾਰ ਬਦਲਦੇ ਨਹੀਂ।

ਚਿੱਲੀ ਦੀਆਂ ਘਟਨਾਵਾਂ ਤੋਂ ਬਾਅਦ, ਇਟਾਲੀਅਨ ਸੋਧਵਾਦੀਆਂ ਨੇ, ਬੁਰਜ਼ੁਆਜ਼ੀ ਦੇ ਵਫਾਦਾਰ ਨੌਕਰਾਂ ਦੇ ਤੌਰ ਤੇ, ਆਪਣੇ "ਸਿਧਾਂਤਾਂ"ਦੀ ਹੋਰ ਵਿਆਖਿਆ ਕੀਤੀ ਅਤੇ ਆਪਣੀ ਗਦਾਰੀ ਨੂੰ ਹੋਰ ਵਧਾਉਣ ਦਾ ਪ੍ਰਣ ਕੀਤਾ। ਉਨ੍ਹਾਂ ਨੇ

ਇਹ ਸਿਧਾਂਤ ਘੜਿਆ ਕਿ, "ਨਵੇਂ ਹਾਲਾਤਾਂ" ਅਧੀਨ, ਹੁਣ, ਸਮਾਜਵਾਦ ਲਿਆਉਣ ਵਾਸਤੇ ਪਾਰਲੀਮੈਂਟ ਵਿਚ ਕਮਿਉਨਿਸਟਾਂ ਦੀ ਬਹੁ-ਗਿਣਤੀ ਦਾ ਹੋਣਾ ਹੀ ਕਾਫੀ ਨਹੀਂ ਹੈ, ਕਿਉਂ ਉਨ੍ਹਾਂ ਨੂੰ ਮੁੱਖ ਬੁਰਜੂਆ ਪਾਰਟੀਆਂ ਨਾਲ ਆਮ ਗਠ-ਜੋੜ ਵੀ ਬਣਾਉਣਾ ਹੋਵੇਗਾ। ਇਸ ਲਈ, ਇਟਾਲੀਅਨ ਕ੍ਰਿਸਚੀਅਨ ਡੈਮੋਕ੍ਰੈਟਿਕ ਪਾਰਟੀ, ਵੈਟੀਕਨ ਅਤੇ ਫੀਏਟ, ਨਾਟੋ ਅਤੇ ਕਾਮਨ ਮਾਰਕੀਟ ਦੀ ਪਾਰਟੀ ਨਾਲ, "ਇਤਿਹਾਸਕ ਰਾਜ਼ੀਨਾਮਾ" ਹੋਂਦ ਵਿਚ ਆਇਆ। ਆਪਣੇ ਸੁਧਾਰਵਾਦੀ ਸਿਧਾਂਤਾਂ ਦੇ ਜਾਲ ਵਿਚ ਫਸੇ ਹੋਏ, ਤੋਗਲਿਆਤੀ ਸੋਧਵਾਦੀਏ, ਹੁਣ ਇਟਾਲੀ-ਅਨ ਲੋਕਾਂ ਦੇ ਪਸੀਨੇ ਤੋਂ ਸੱਟੇਬਾਜ਼ ਪੂੰਜੀ ਵਲੋਂ ਬਣਾਏ ਗਏ ਮੁਨਾਫਿਆਂ ਦੇ ਵਿਚੋਂ ਹਿੱਸਾ ਲੈਣ ਲਈ ਸੋਸ਼ਲ-ਡੈਮੋਕ੍ਰੈਟਾਂ ਅਤੇ ਕ੍ਰਿਸਚੀਅਨ ਡੈਮੋਕ੍ਰੈਟਾਂ ਤੋਂ ਭੀਖ ਮੰਗ ਰਹੇ ਹਨ।

ਇਹ ਬੜੀ ਅਫਸੋਸ ਦੀ ਗੱਲ ਹੈ ਕਿ ਇਹ ਗਦਾਰ, ਜਿਹੜੇ ਬੁਰਜੂਆਜ਼ੀ ਦੇ ਮਾਮਲਿਆਂ ਦੇ ਪ੍ਰਬੰਧਕ ਬਣਨਾ ਲੋਚਦੇ ਹਨ, ਅਜੇ ਵੀ ਇਟਾਲੀਅਨ ਪ੍ਰੋਲਤਾਰੀ ਨੂੰ ਗੁਮਰਾਹ ਕਰ ਰਹੇ ਹਨ। ਪਰ ਸਾਡਾ ਇਹ ਵਿਸ਼ਵਾਸ ਹੈ ਕਿ ਇਟਾਲੀਅਨ ਮਜ਼-ਦੂਰ ਜਮਾਤ ਜ਼ਰੂਰੀ ਹੀ ਇਸ ਹਾਲਤ ਤੋਂ ਛੁਟਕਾਰਾ ਪਾ ਲਏਗੀ ਜਿਸ ਹਾਲਤ ਵਿਚ ਸੋਧਵਾਦੀਆਂ ਅਤੇ ਉਨ੍ਹਾਂ ਦੀਆਂ ਸੁਧਾਰਵਾਦੀ ਅਤੇ ਉਲਟ-ਇਨਕਲਾਬੀ ਟ੍ਰੇਡ ਯੂਨੀਅਨਾਂ ਨੇ ਇਸ ਨੂੰ ਫਸਾਇਆ ਹੋਇਆ ਹੈ, ਅਤੇ ਜ਼ਰੂਰ ਹੀ ਇਸ ਗੱਲ ਨੂੰ ਗ੍ਰਹਿਣ ਕਰ ਲਏਗੀ ਕਿ ਇਟਲੀ ਦੀਆਂ ਵਰਤਮਾਨ ਹਾਲਤਾਂ ਵਿਚ, ਇਸ ਨੂੰ ਜ਼ਰੂਰੀ ਹੀ ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੇ ਲਾਲ ਝੰਡੇ ਨੂੰ ਚੁੱਕਣਾ ਹੋਵੇਗਾ, ਅਤੇ ਇਨਕਲਾਬ ਦੇ ਰਾਹ ਤੇ ਅੱਗੇ ਵਧਣਾ ਹੋਵੇਗਾ, ਨਹੀਂ ਤਾਂ ਫਾਸ਼ੀਵਾਦ ਦਾ ਆਉਣਾ ਲਾਜ਼ਮੀ ਹੈ ਜਿਸਦੇ ਮਾਰੂ ਨਤੀਜਿਆਂ ਤੋਂ ਇਹ ਚੰਗੀ ਤਰ੍ਹਾਂ ਜਾਣੂੰ ਹੈ।

ਫਰਾਂਸ ਦੇ ਸੋਧਵਾਦੀਏ ਇਟਾਲੀਅਨ ਸੋਧਵਾਦੀਆਂ ਨਾਲ ਜੋਟੀ ਪਾਕੇ ਤੁਰ ਰਹੇ ਹਨ। ਉਹ ਵੀ ਮਾਰਕਸਵਾਦ-ਲੈਨਿਨਵਾਦ ਉਤੇ ਹਮਲਾ ਕਰਨ ਅਤੇ ਇਸਦੀ ਭੰਡੀ ਕਰਨ ਵਾਸਤੇ ਬੁਰਜੂਆਜ਼ੀ ਦੇ ਵਫਾਦਾਰ ਧੂਤਰੂ ਬਣ ਗਏ ਹਨ।

ਫਰਾਂਸ ਦੀ ਸੋਧਵਾਦੀ ਪਾਰਟੀ ਹੁਣ ਬੁਰਜੂਆਜ਼ੀ ਦੀ ਪਾਰਟੀ ਬਣ ਗਈ ਹੈ। ਇਹ ਗੱਲ ਬੜੀ ਪ੍ਰਤੱਖ ਤੌਰ ਤੇ ਸਾਮ੍ਹਣੇ ਆਈ ਜਦੋਂ ਇਸਦੇ ਸਕੱਤਰ, ਜ਼ਾਰਜ਼ ਮਾਰਸ਼ੇ, ਨੇ ਇਸਦੀ 22ਵੀਂ ਕਾਂਗਰਸ ਵਿਚ ਸਮਾਜਵਾਦ ਲਿਆਉਣ ਵਾਸਤੇ ਆਪਣੀ "ਯੁੱਧ-ਨੀਤੀ" ਪੇਸ਼ ਕੀਤੀ। ਫਰਾਂਸ ਦੇ ਸੋਧਵਾਦੀਆਂ ਨੇ ਸਭ ਬੁਰਕੇ ਉਤਾਰ ਦਿੱਤੇ।

ਉਨ੍ਹਾਂ ਨੇ ਮਾਰਕਸਵਾਦ ਦੇ ਖਿਲਾਫ ਇੱਕ ਵਿਸ਼ਾਲ ਫਰੰਟ ਉਤੇ ਅਤੇ ਬੁਨਿਆਦੀ ਅਸੂਲਾਂ ਉਤੇ ਹਮਲਾ ਕੀਤਾ। ਉਨ੍ਹਾਂ ਨੇ ਸਾਰੀ ਦੁਨੀਆਂ ਨੂੰ ਦੱਸਿਆ ਕਿ ਉਨ੍ਹਾਂ ਨੇ ਇਨਕਲਾਬ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਤਿਆਗ ਦਿੱਤਾ ਹੈ, ਕਿ ਉਨ੍ਹਾਂ ਦਾ ਸਮਾਜਵਾਦ ਬਿਨਾਂ ਜਮਾਤੀ ਘੋਲ ਤੋਂ ਲਿਆਂਦਾ ਜਾਵੇਗਾ, ਜਿਸ ਵਿਚ ਪ੍ਰੋਲਤਾਰੀ ਪਾਰਟੀ ਦੇ ਅਗਵਾਈ ਵਾਲੇ ਰੋਲ ਦੀ ਕੋਈ ਜਰੂਰਤ ਨਹੀਂ ਹੋਵੇਗੀ। ਸੋਧਵਾਦੀ ਜ਼ਾਰਜ਼ ਮਾਰਸ਼ੇ ਨੇ ਇਸ ਨੂੰ "ਫਰਾਂਸੀਸੀ ਰੰਗਾਂ ਵਾਲਾ ਸਮਾਜਵਾਦ" ਕਿਹਾ। ਖੈਰ, ਜਿਨ੍ਹਾਂ ਰੰਗਾਂ ਵਿਚ ਇਹ "ਸਮਾਜਵਾਦ" ਰੰਗਿਆ ਹੋਇਆ ਹੈ ਉਨ੍ਹਾਂ ਵਿੱਚ ਮਾਰਕਸਵਾਦ-ਲੈਨਿਨਵਾਦ ਦੇ ਲਾਲ ਸੁਰਖ ਰੰਗ ਦਾ ਕੋਈ ਨਾਂ-ਨਿਸ਼ਾਨ ਨਹੀਂ ਹੈ, ਇਸ ਰੰਗ ਤੋਂ ਸਭ ਸਰਮਾਏਦਾਰ ਅਤੇ ਗਦਾਰ ਭੈ ਖਾਂਦੇ ਹਨ।

ਮਾਰਸ਼ੇ ਦਾ ਕਹਿਣਾ ਹੈ ਕਿ ਸਮਾਜਵਾਦ ਬੁਰਜ਼ੁਆ ਜਮਹੂਰੀਅਤ ਅਤੇ ਅਜ਼ਾਦੀ-ਦੇ ਵਿਕਾਸ ਰਾਹੀਂ ਲਿਆਂਦਾ ਜਾਵੇਗਾ। ਇਸ ਸਮਾਜਵਾਦ ਵਿਚ ਹਰ ਕੋਈ ਅਮਨ ਨਾਲ ਰਹੇਗਾ, ਬਘਿਆੜ ਤੇ ਮੇਮਣੇ ਇੱਕਠੇ ਰਹਿਣਗੇ। ਸਮਾਜਵਾਦ ਲਿਆਉਣ ਲਈ ਬੁਰਜ਼ੁਆ ਜਮਹੂਰੀਅਤ ਅਤੇ ਆਜ਼ਾਦੀਆਂ ਦੀ ਵਰਤੋਂ ਕਰਨ ਦਾ ਥੀਸਸ, ਲੋਕਾਂ ਨਾਲ ਇੱਕ ਵੱਡਾ ਧੋਖਾ ਹੈ, ਇਹ ਪੂੰਜੀਵਾਦੀ ਸਮਾਜ ਦੀ ਪੋਚਾਪਾਚੀ ਕਰਦਾ ਹੈ। ਇਹ ਗੱਲ ਹਰ ਕੋਈ ਜਾਣਦਾ ਹੈ ਕਿ ਸਾਮਰਾਜਵਾਦ ਦੇ ਯੁੱਗ ਵਿਚ ਬੁਰਜ਼ੁਆ ਸਮਾਜ ਦੇ ਢਾਂਚੇ ਅੰਦਰ ਲੋਕਾਂ ਵਾਸਤੇ ਆਜ਼ਾਦੀਆਂ ਅਤੇ ਜਮਹੂਰੀਅਤ ਦਾ ਵਿਕਾਸ ਬਿਲਕੁੱਲ ਨਹੀਂ ਹੋ ਸਕਦਾ। ਇਸ ਦੇ ਉਲਟ, ਇਹ ਪਿਛਾਖੜ ਦੀਆਂ ਤਾਕਤਾਂ ਦੇ ਬੇਸ਼ੁਮਾਰ ਵਿਕਾਸ, ਆਰਥਿਕਤਾ ਅਤੇ ਜੀਵਨ ਦੇ ਹੋਰ ਪੱਖਾਂ ਦੇ ਫੌਜੀਕਰਣ, ਪ੍ਰੋਲਤਾਰੀ ਅਤੇ ਕੌਮਾਂ ਦੇ ਦਮਨ ਦਾ ਜ਼ਮਾਨਾ ਹੈ, ਜੋ ਫਾਸ਼ੀਵਾਦ ਹੇਠ ਆਪਣੇ ਸਭ ਤੋਂ ਵਹਿਸ਼ੀ ਅਤੇ ਜਾਂਗਲੀ ਪੜਾਅ ਵਿਚ ਪਹੁੰਚਦਾ ਹੈ। ਸਿਰਫ ਹਿੰਸਕ ਇਨ-ਕਲਾਬ ਲਿਆ ਕੇ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਿਤ ਕਰ ਕੇ ਹੀ ਵਿਸ਼ਾਲ ਮਿਹਨਤਕਸ਼ ਲੋਕਾਂ ਵਾਸਤੇ ਜਮਹੂਰੀਅਤ ਅਤੇ ਆਜ਼ਾਦੀਆਂ ਦੇ ਵਿਕਾਸ ਵਾਸਤੇ ਹਾਲਾਤ ਤਿਆਰ ਕੀਤੇ ਜਾ ਸਕਦੇ ਹਨ।

ਫਰਾਂਸ ਦੀ ਸੋਧਵਾਦੀ ਪਾਰਟੀ ਦੀ 22ਵੀਂ ਕਾਂਗਰਸ ਨੂੰ ਪੇਸ਼ ਕੀਤੀ ਆਪਣੀ ਰਿਪੋਟ ਵਿਚ, ਨੀਮ-ਬੁਰਜ਼ੁਆ ਜ਼ਾਰਜ਼ ਮਾਰਸ਼ੇ, ਨੇ, ਸਨੱਅਤੀ ਸਮਾਜ ਵਿਚ ਜਮਾਤੀ ਮਤਭੇਦਾਂ ਦੇ ਸ਼ਾਂਤ ਹੋ ਜਾਣ ਬਾਰੇ ਬੁਰਜ਼ੁਆ ਵਿਦਵਾਨਾਂ ਦੇ ਸਿਧਾਂਤਾਂ ਦੀ ਨਕਲ ਕਰਦਿਆਂ, ਕਿਹਾ ਕਿ ਹੁਣ, "ਫਰਾਂਸ ਵਿਚ ਪ੍ਰੋਲਤਾਰੀ ਦੀ ਗੱਲ ਨਹੀਂ ਬਲਕਿ ਮਜ਼ਦੂਰ ਜਮਾਤ ਦੀ ਗੱਲ ਕੀਤੀ ਜਾ ਸਕਦੀ ਹੈ।" ਪਰ ਇਹ ਸੋਧਵਾਦੀਆਂ

ਗ਼ਾਰਜ਼ ਮਾਰਸ਼ੇ, ਆਪਣੀ ਕਲਮ ਦੀ ਇੱਕ ਝਰੀਟ ਨਾਲ ਪ੍ਰੋਲਤਾਰੀ ਨੂੰ ਖਤਮ ਨਹੀਂ ਕਰ ਸਕਦਾ। ਪ੍ਰੋਲਤਾਰੀ ਜਿਊਂਦੀ-ਜਾਗਦੀ ਹੈ ਅਤੇ ਪੂੰਜੀਵਾਦ ਅਤੇ ਸੋਧਵਾਦ ਨੂੰ ਕਬਰਾਂ ਵਿਚ ਸੁੱਟਣ ਲਈ ਲੜ ਰਹੀ ਹੈ।

ਨਵ-ਸੋਧਵਾਦੀਏ ਅਤੇ ਬੁਰਜੁਆਜ਼ੀ ਦੇ ਲਿਖਾਰੀ ਪ੍ਰੋਲਤਾਰੀ ਦਾ ਨਾਂ, ਬਿਨਾਂ ਮਤਲਬ ਤੋਂ ਨਹੀਂ ਬਦਲ ਰਹੇ। ਇਹ ਸਿਰਫ ਇੱਕ ਨਾਂ ਦਾ ਹੀ ਸਿੱਧਾ-ਸਾਦਾ ਸਵਾਲ ਨਹੀਂ ਹੈ, ਬਲਕਿ ਇਹ ਇਨਕਲਾਬ ਰਾਹੀਂ, ਹਿੰਸਾ ਰਾਹੀਂ; ਸਮਾਜੀ ਰਿਸ਼ਤਿਆ ਨੂੰ ਉਲਟਾਉਣ ਤੋਂ ਇਨਕਾਰੀ ਹੋਣ ਦਾ ਸਵਾਲ ਹੈ। ਸੋਧਵਾਦੀਏ ਇਹ ਜਾਣਦੇ ਹਨ ਕਿ, ਅਗਰ ਪ੍ਰੋਲਤਾਰੀ — ਜਿਸ ਕੋਲ ਪੂੰਜੀਵਾਦ ਅਧੀਨ ਆਪਣੀਆਂ ਬਾਹਾਂ ਦੀ ਤਾਕਤ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਹੈ— ਦੀ ਗੱਲ ਹੁੰਦੀ ਹੈ, ਤਾਂ ਖੁਦ-ਬ-ਖੁਦ ਇਸਦਾ ਮਤਲਬ ਨਿਕਲਦਾ ਹੈ ਕਿ ਇਸ ਨੂੰ ਆਪਣੇ ਜ਼ਾਲਮਾਂ ਅਤੇ ਲੋਟੂਆਂ ਦੇ ਖਿਲਾਫ ਲੜਨਾ ਹੋਵੇਗਾ, ਜ਼ੰਜੀਰਾਂ ਨੂੰ ਤੋੜਨਾ ਹੋਵੇਗਾ। ਪੂੰਜੀ ਦੀ ਪੁਰਾਣੀ ਸੱਤਾ ਨੂੰ ਜੜ੍ਹਾਂ ਤਕ ਤਬਾਹ ਕਰਨ ਦੇ ਉਦੇਸ਼ ਵਾਲਾ ਇਹੀ ਘੋਲ ਹੈ ਜਿਸ ਤੋਂ ਬੁਰਜੁਆਜ਼ੀ ਭੈ-ਭੀਤ ਹੈ। ਇਸ ਲਈ ਬੁਰਜੁਆਜ਼ੀ ਦੇ ਵਿਦਵਾਨ ਅਤੇ ਜ਼ਾਰਜ਼ ਮਾਰਸ਼ੇ ਦੀ ਕਿਸਮ ਦੇ ਇਸਦੇ ਪਿਠੂ, ਅੱਡੀ-ਚੋਟੀ ਦਾ ਜ਼ੋਰ ਲਾਕੇ ਲੋਕਾਂ ਨੂੰ ਇਸ ਗੱਲ ਤੇ ਸਹਿਮਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਅੱਜ ਪ੍ਰੋਲਤਾਰੀ ਉਹ ਚੀਜ਼ ਨਹੀਂ ਹੈ ਜਿਵੇਂ ਮਾਰਕਸ ਨੇ ਇਸਦੀ ਪ੍ਰੀਭਾਸ਼ਾ ਕੀਤੀ ਸੀ ਕਿ ਇਹ ਪੂੰਜੀਵਾਦੀਆਂ ਵਲੋਂ ਲੁੱਟੀ ਜਾਂਦੀ ਹੈ। ਉਹ ਕਹਿੰਦੇ ਹਨ ਕਿ ਅੱਜ ਇਹ ਮੇਹਨਤ ਨਹੀਂ ਹੈ ਜੋ ਕਿ ਵਾਧੂ ਕਦਰ ਅਤੇ ਪੂੰਜੀ ਨੂੰ ਜਨਮ ਦਿੰਦੀ ਹੈ, ਕਿ ਕਥਿਤ ਤੌਰ ਤੇ ਅੱਜ ਪੈਦਾਵਾਰ ਦੇ ਸਾਧਨ ਸਰਮਾਏਦਾਰਾਂ ਦੇ ਹੱਥਾਂ ਵਿਚ ਨਹੀਂ; ਹਨ, ਬਲਕਿ ਪ੍ਰਬੰਧਕਾਂ ਅਤੇ ਟੈਕਨੋਕ੍ਰੈਟਾਂ ਦੇ ਹੱਥਾਂ ਵਿਚ ਹਨ।

ਸਮਾਜ ਦੀ ਮੁੱਖ ਇਨਕਲਾਬੀ ਤਾਕਤ ਅਤੇ, ਪੂੰਜੀਵਾਦ ਦੀ ਕਬਰ ਪੁੱਟਣ ਵਾਲੀ ਤਾਕਤ ਦੇ ਤੌਰ ਤੇ ਪ੍ਰੋਲਤਾਰੀ ਦੀ ਹੋਂਦ ਤੋਂ ਇਨਕਾਰ ਕਰਕੇ ਸੋਧਵਾਦੀਏ ਹੋਰ ਮਾਰਕਸਵਾਦ-ਵਿਰੋਧੀ ਸਿਧਾਂਤਾਂ ਵਾਸਤੇ ਵੀ ਰਾਹ ਖੋਲ੍ਹਣਾ ਚਾਹੁੰਦੇ ਹਨ। ਜਦ ਪ੍ਰੋਲਤਾਰੀ ਹੀ ਨਹੀਂ ਤਾਂ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਵੀ ਕੋਈ ਜ਼ਰੂਰਤ ਨਹੀਂ। ਵਿਗਿਆਨਕ ਸਮਾਜਵਾਦ ਦੇ ਸਿਧਾਂਤ ਦੇ ਇਸ ਮੁੱਖ ਮਸਲੇ ਉਤੇ, ਦਰਅਸਲ, ਸਭ ਸੋਧਵਾਦੀਆਂ ਦੀਆਂ ਇਕੋ ਹੀ ਪੁਜ਼ੀਸ਼ਨਾਂ ਹਨ। ਖੈਰ, ਦਾਅਪੇਚ ਦੇ ਕਾਰਨਾਂ ਕਰਕੇ, ਸਿਰਫ ਦਿਖਾਵੇ ਲਈ, ਇਨ੍ਹਾਂ ਵਿਚੋਂ ਕੁੱਝ ਸੋਧਵਾਦੀਏ ਨਾਂ ਦੇ ਤੌਰ ਤੇ "ਪ੍ਰੋਲਤਾਰੀ ਦੀ ਡਿਕਟੇਟਰਸ਼ਿਪ" ਦੀ ਗੱਲ ਕਰਦੇ ਹਨ, ਜਿਵੇਂ ਕਿ ਰੂਸੀ

ਸੋਧਵਾਦੀਏ ਅਤੇ ਅਖੌਤੀ "ਸਮਾਜਵਾਦੀ ਪ੍ਰਵਾਰ" ਵਿਚ ਹਿੱਸਾ ਲੈਣ ਵਾਲੇ ਹੋਰ ਦੇਸ਼ਾਂ ਦੀਆਂ ਸੋਧਵਾਦੀ ਪਾਰਟੀਆਂ, ਜਦ ਕਿ ਬਾਕੀ ਸੋਧਵਾਦੀਆਂ, ਜਿਵੇਂ ਕਿ ਮਾਰਸ਼ੇ, ਬਰਲਿੰਗੁਅਰ, ਅਤੇ ਕਾਰੀਲੋ ਨੇ ਇਹ ਬੁਰਕਾ ਉਤਾਰ ਦਿੱਤਾ ਹੈ। ਦਰਅਸਲ, ਇਹ ਮਾਸਕੋ ਦੇ ਸੋਧਵਾਦੀਆਂ ਦਾ ਢੌਂਗ ਹੀ ਹੈ, ਕਿਉਂਕਿ ਨਾ ਰੂਸ ਅਤੇ ਨਾ ਹੀ ਪੂਰਬ ਯੂਰਪ ਦੇ ਦੇਸ਼ਾਂ ਵਿਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਕੋਈ ਵਜੂਦ ਹੈ। ਉਥੇ ਸਿਰਫ ਇੱਕੋ ਡਿਕਟੇਟਰਸ਼ਿਪ, ਪੂੰਜੀਵਾਦੀ, ਫਾਸਿਸਟ ਡਿਕਟੇਟਰਸ਼ਿਪ ਹੈ।

ਰੂਸੀ ਸੋਧਵਾਦੀ "ਧੜੇ" ਵਿਚ, ਉਹ ਜਮਾਤੀ ਘੋਲ ਦੇ ਸਿਧਾਂਤ ਦੀ ਵੀ ਗੱਲ ਕਰ ਲੈਂਦੇ ਹਨ, ਪਰ ਇਹ ਵੀ ਸਿਰਫ ਦਿਖਾਵੇ ਵਾਸਤੇ, ਲੋਕਾਂ ਨੂੰ ਗੁਮਰਾਹ ਕਰਨ ਵਾਸਤੇ ਹੀ ਕੀਤੀ ਜਾਂਦੀ ਹੈ, ਕਿਉਂਕਿ ਅਸਲੀ ਮਾਰਕਸਵਾਦੀ- ਲੈਨਿਨਵਾਦੀ ਜਮਾਤੀ ਘੋਲ ਦੀ ਰੂਸ ਅਤੇ ਪੂਰਬ ਯੂਰਪ ਦੇ ਦੇਸ਼ਾਂ ਵਿਚ ਬਿਲਕੁੱਲ ਅਣਹੋਂਦ ਹੈ। ਮਾਰਸ਼ੇ, ਬਰਲਿੰਗੁਅਰ ਅਤੇ ਇਨ੍ਹਾਂ ਦੇ ਭਾਈਵਾਲ, ਆਪਣੇ ਵਲੋਂ "ਨਿਖੇੜਿਆਂ ਦੇ ਬਾਵਜੂਦ ਭਰਾਤਰੀਕਰਣ", ਅਤੇ "ਸੁਧਾਰਾਂ ਰਾਹੀਂ ਸਮਾਜਵਾਦ" ਵੱਲ—ਬੁਰਜ਼ੁਆਜੀ, ਸਰਮਾਏਦਾਰ, ਮਜ਼ਦੂਰ, ਪੁਲੀਸ, ਬੁਰਜ਼ੁਆ ਫੌਜ, ਆਦਿ, ਸਭ ਮਿਲਕੇ—ਜਾਣ ਵਾਸਤੇ ਭਰਾਤਰੀਕਰਣ ਅਤੇ ਏਕਤਾ ਦੀਆਂ ਗੱਲਾਂ ਕਰਦੇ ਹਨ। ਬਹੁਤ ਦੇਰ ਪਹਿਲਾਂ ਖਰੁਸਚਵੀਆਂ ਨੇ ਸੋਵੀਅਤ ਯੂਨੀਅਨ ਵਿਚ ਜਮਾਤੀ ਘੋਲ ਦੇ ਖਾਤਮੇ ਦਾ ਐਲਾਨ ਕਰ ਦਿੱਤਾ ਸੀ। ਪਰ, ਦਰਅਸਲ ਉਥੇ ਨਵ-ਬੁਰਜ਼ੁਆਜ਼ੀ ਵਲੋਂ ਮਜ਼ਦੂਰ ਜਮਾਤ ਦੇ ਖਿਲਾਫ ਚਲਾਇਆ ਜਾਂਦਾ ਘੋਲ ਮੌਜੂਦ ਹੈ। ਰੂਸ ਵਿਚ ਅਤੇ ਹੋਰ ਸੋਧਵਾਦੀ ਦੇਸ਼ਾਂ ਵਿਚ ਨਵ-ਬੁਰਜ਼ੁਆਜ਼ੀ ਹੱਥੋਂ ਵਹਿਸ਼ੀ ਲੁੱਟ ਦੇ ਖਿਲਾਫ ਪ੍ਰੋਲਤਾਰੀ ਦਾ ਘੋਲ ਮੌਜੂਦ ਹੈ ਅਤੇ ਵਿਕਸਤ ਹੋ ਰਿਹਾ ਹੈ, ਜਿਵੇਂ ਕਿ ਰੂਸੀ ਰੀਪਬਲਿਕਾਂ, ਪੋਲੈਂਡ ਅਤੇ ਹੋਰ ਜਗ੍ਹਾਵਾਂ ਦੀਆਂ ਘਟਨਾਵਾਂ ਸਾਬਿਤ ਕਰਦੀਆਂ ਹਨ, ਲੁੱਟ ਦੇ ਖਿਲਾਫ ਮਜ਼ਦੂਰ ਜਮਾਤ ਬਗਾਵਤ ਕਰ ਰਹੀ ਹੈ। ਭਵਿੱਖ ਵਿਚ ਇਸ ਘੋਲ ਦਾ ਤੇਜ਼ ਹੋਣਾ ਲਾਜ਼ਮੀ ਹੈ।

ਵਿਗਿਆਨਕ ਸਮਾਜਵਾਦ ਦਾ ਆਪਣਾ ਸਿਧਾਂਤ ਉਸਾਰਦੇ ਹੋਏ, ਮਾਰਕਸ ਨੇ ਸਮਾਜਵਾਦ ਦੀਆਂ ਸਭ ਪੁਰਾਣੀਆਂ ਪ੍ਰਚੱਲਤ ਕਿਸਮਾਂ ਦਾ ਖੰਡਨ ਕੀਤਾ, ਜਿਨ੍ਹਾਂ ਦਾ ਯੂਟੋਪੀਅਨਾਂ ਅਤੇ ਉਨ੍ਹਾਂ ਤੋਂ ਪਹਿਲਾਂ ਹੋਰਾਂ ਵਲੋਂ ਪ੍ਰਚਾਰ ਕੀਤਾ ਜਾਂਦਾ ਸੀ। ਉਸ ਨੇ ਦੁਨੀਆਂ ਦੇ ਪ੍ਰੋਲਤਾਰੀਆਂ ਨੂੰ ਸਿਖਾਇਆ ਕਿ ਉਹ ਜ਼ਰੂਰੀ ਤੌਰਤੇ ਆਪ ਨੂੰ ਜਥੇਬੰਦ ਕਰਨ ਅਤੇ ਵਿਗਿਆਨਕ ਸਮਾਜਵਾਦ ਦੇ ਅਧਾਰ ਉਤੇ ਨਵਾਂ ਸਮਾਜਿਕ ਨਿਜ਼ਾਮ ਸਥਾਪਿਤ ਕਰਨ ਲਈ ਘੋਲ ਕਰਨ। ਮਾਰਕਸ ਨੇ "ਰਜਵਾੜਾਸ਼ਾਹੀ

ਸਮਾਜਵਾਦ", "ਕਲਰਕੀ ਸਮਾਜਵਾਦ", "ਪਾਦਰੀਆਂ ਦੇ ਸਮਾਜਵਾਦ," "ਨੀਮ-ਬੁਰਜੂਆ ਸਮਾਜਵਾਦ", "ਸਰਮਾਏਦਾਰਾ ਸਮਾਜਵਾਦ", "ਪਿਛਾਂਹਖਿਚੂ ਸਮਾਜਵਾਦ" ਦੀ ਨਿਖੇਧੀ ਅਤੇ ਖੰਡਨ ਕੀਤਾ। ਉਸ ਨੇ ਬੜੀ ਸਖਤੀ ਨਾਲ ਪਰੂੰਦੋਂ ਦੀ ਕਿਤਾਬ "ਕੰਗਾਲੀ ਦਾ ਫਲਸਫਾ" ਦੀ ਨਿਖੇਧੀ ਕੀਤੀ ਅਤੇ ਖੰਡਨ ਕੀਤਾ ਅਤੇ ਇਸ ਦੇ ਜਵਾਬ ਵਿਚ ਆਪਣੀ ਮਸ਼ਹੂਰ ਕਿਤਾਬ 'ਫਲਸਫੇ ਦੀ ਕੰਗਾਲੀ ਲਿਖੀ।

ਹੁਣ ਇੱਕ ਨਵਾਂ ਪਰੂਦੋਂਵਾਦੀ, ਜ਼ਾਰਜ਼ ਮਾਰਸ਼ੇ, ਇਸੇ ਫਲਸਫੇ ਨੂੰ ਇੱਕ ਵੱਖਰੇ ਪਹਿਰਾਵੇ ਵਿਚ ਸਜ਼ਾ ਕੇ ਫਰਾਂਸ ਦੀ ਪ੍ਰੋਲਤਾਰੀ ਉਤੇ ਠੋਸਣ ਦੀ ਕੋਸ਼ਿਸ਼ ਕਰ ਰਿਹਾ ਹੈ। "ਉਸਾਰੂ ਸਮਾਜਵਾਦ" ਦੇ ਆਪਣੇ ਸਿਧਾਂਤਾਂ ਨਾਲ ਮਾਰਸ਼ੇ ਵਰਗੇ, ਸਭ ਜ਼ਾਅਲੀ-ਮਾਰਕਸਵਾਦੀਏ, ਵਿਗਿਆਨਕ ਸਮਾਜਵਾਦ ਨੂੰ ਇਸਦੀ ਬੁਨਿਆਦ ਤੋਂ ਵਾਂਝਿਆਂ ਕਰਕੇ, ਪ੍ਰੋਲਤਾਰੀ ਨਾਲ ਧੋਖਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜਦੋਂ ਉਹ ਇਹ ਕਹਿੰਦੇ ਹਨ ਕਿ ਉਹ ਮਨੁੱਖੀ ਸਮਾਜ ਦੇ ਵਿਕਾਸ ਦੇ ਯਥਾਰਥਕ ਨਿਯਮਾਂ ਨੂੰ ਮੰਨਦੇ ਹਨ ਤਾਂ ਉਹ ਸਿੱਧੇ ਤੌਰ ਤੇ ਝੂਠ ਬੋਲ ਰਹੇ ਹਨ। ਦਰਅਸਲ ਇਹ ਲੋਕ ਖਪਤਕਾਰ ਸਮਾਜ ਦੇ ਚਮਚੇ ਹਨ, ਜੋ ਸਰਮਾਏਦਾਰਾ ਅਤੇ ਸਾਮਰਾਜੀ ਬੁਰਜੂਆਜ਼ੀ ਨੇ ਪੈਦਾ ਕੀਤਾ ਹੈ।

ਸੋਧਵਾਦੀਆਂ ਦੀ ਇਹ ਕਾਰਵਾਈ ਜਿਸ ਵਿਚੋਂ ਮਾਸਕੋ ਤੋਂ ਥੋੜੀ-ਜੇਹੀ ਆਜ਼ਾਦੀ ਦੀ ਝਲਕ ਪੈਂਦੀ ਹੈ, ਅਤੇ ਜੋ ਕਿਹਾ ਜਾਂਦਾ ਹੈ ਕਿ ਆਪਣੇ ਦੇਸ਼ ਦੀ ਸਰਮਾਏਦਾਰੀ ਨੂੰ ਕੁਰਾਹੇ ਪਾਉਣ ਵਾਸਤੇ ਹੈ, ਪਰ ਅਸਲ ਵਿਚ ਇਹ ਆਪਣੇ ਦੇਸ਼ ਦੀ ਅਤੇ ਕੌਮਾਂਤਰੀ ਪ੍ਰੋਲਤਾਰੀ ਨੂੰ ਕੁਰਾਹੇ ਪਾਉਣ ਲਈ ਹੈ। ਇਹ ਝੁਕਾਅ ਸਭ ਪੂੰਜੀਵਾਦੀ ਮੁਲਕਾਂ ਦੀਆਂ ਸੋਧਵਾਦੀ ਪਾਰਟੀਆਂ ਵਿਚ ਜ਼ੋਰ ਫੜ ਰਿਹਾ ਹੈ। ਪਾਰਟੀ ਆਫ ਲੇਬਰ ਆਫ ਅਲਬਾਨੀਆਂ ਦਾ ਇਹ ਫਰਜ਼ ਹੈ ਕਿ ਅਸੀਂ ਇਸ ਸੋਧਵਾਦੀ ਕਾਰਵਾਈ ਦਾ ਪਰਦਾ ਫਾਸ਼ ਕਰੀਏ, ਜੋ ਖਰੁਸਚਵੀ ਸੋਧਵਾਦੀਆਂ ਦੀ ਕਾਰਵਾਈ ਤੋਂ ਕੋਈ ਵੱਖਰੀ ਨਹੀਂ ਹੈ।

ਸਮੁੱਚੇ ਤੌਰ ਤੇ, ਮਾਰਕਸਵਾਦ-ਲੈਨਿਨਵਾਦ ਦੇ ਤਿਆਗ ਅਤੇ ਕਮਿਊਨਿਜ਼ਮ ਨਾਲ ਗਦਾਰੀ ਦੇ ਅਧਾਰ ਤੇ ਹੋਂਦ ਵਿਚ ਆਏ ਸੋਧਵਾਦੀ ਝੁਕਾਵਾਂ ਦਾ ਅਧਾਰ ਇਹ ਹੈ ਕਿ ਇਨ੍ਹਾਂ ਨੇ ਪੂੰਜੀਵਾਦ ਦੇ ਸੰਕਟ ਦੇ ਤੇਜ਼ ਹੋਣ ਦੀਆਂ ਹਾਲਤਾਂ, ਦੋ ਮਹਾਂ-ਸ਼ਕਤੀਆਂ ਵਿਚਕਾਰ ਟੱਕਰ ਦੇ ਸਿੱਟੇ ਵਜੋਂ ਪੱਛਮੀ ਪੂੰਜੀਵਾਦ ਅਤੇ ਰੂਸੀ ਸਮਾਜਿਕ ਸਾਮਰਾਜਵਾਦ ਵਿਚਕਾਰ ਵਧ ਰਹੀਆਂ ਵਿਰੋਧਤਾਈਆਂ ਦੀਆਂ ਹਾਲਤਾਂ

ਵਿਚ ਪੈਦਾ ਹੋਏ ਨਵੇਂ ਹਾਲਤਾਂ ਦੇ ਸਾਹਮਣੇ ਆਪਣੇ ਆਪਣੇ ਗੋਡੇ ਟੇਕ ਦਿੱਤੇ।

ਬੁਰਜ਼ੂਆਜ਼ੀ ਅਤੇ ਸੋਸ਼ਲ-ਡੈਮੋਕ੍ਰੈਟ ਹੁਣ ਖੁਸ਼ੀ ਨਾਲ ਫੁੱਲ ਕੇ ਕੁੱਪੇ ਹੋ ਰਹੇ ਹਨ ਕਿਉਂ ਕਿ ਸੋਧਵਾਦੀਆਂ ਨੇ "ਲੈਨਿਨਵਾਦੀ ਵਿਰਸੇ" ਨੂੰ ਤਿਆਗ ਦਿੱਤਾ ਹੈ, ਅਤੇ ਉਹ ਆਪਣੇ ਆਪਨੂੰ "ਜਮਹੂਰੀ ਟੱਕਰਾਂ ਵਿਚ ਵਫਾਦਾਰ ਭਾਈਵਾਲਾਂ" ਦੇ ਤੌਰ ਤੇ ਪੇਸ਼ ਕਰ ਰਹੇ ਹਨ। ਪਰ ਬੁਰਜ਼ੂਆਜ਼ੀ ਅਤੇ ਇਸਦੇ ਪਿਠੂ ਆਪਣੀ "ਜਿੱਤ" ਦੇ ਜਸ਼ਨ ਮਨਾਉਣ ਵਿਚ ਐਵੇਂ ਹੀ ਕਾਹਲੇ ਹਨ।

ਸੋਸ਼ਲ-ਡੈਮੋਕ੍ਰੈਟਿਕ ਅਤੇ ਸੋਧਵਾਦੀ ਮੁਖੀਆਂ ਦੀ ਗਦਾਰੀ ਅਤੇ ਮੌਕਾਪ੍ਰਸਤੀ ਨੇ ਪ੍ਰੋਲਤਾਰੀ ਦੇ ਜਮਾਤੀ ਹਿੱਤਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ, ਪਰ ਮਜ਼ਦੂਰ ਜਮਾਤ ਦੇ ਇਨਕਲਾਬੀ ਘੋਲ ਦੇ ਭਾਂਬੜਾਂ ਨੂੰ ਕੋਈ ਨਹੀਂ ਬੁਝਾ ਸਕਦਾ। ਮੌਕਾ-ਪ੍ਰਸਤ ਅਤੇ ਗਦਾਰ ਆਉਂਦੇ ਹਨ ਅਤੇ ਚਲੇ ਜਾਂਦੇ ਹਨ, ਪਰ ਪ੍ਰੋਲਤਾਰੀ ਅਤੇ ਇਸ ਦੀ ਵਿਚਾਰਧਾਰਾ, ਮਾਰਕਸਵਾਦ-ਲੈਨਿਨਵਾਦ, ਇੱਕ ਅਜਿੱਤ ਤਾਕਤ ਬਣੇ ਰਹਿੰਦੇ ਹਨ। ਸਮਾਜਵਾਦੀ ਇਨਕਲਾਬ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਇੱਕ ਇਤਿਹਾਸਕ ਲੋੜ ਹਨ, ਅਤੇ ਕੋਈ ਵੀ ਚੀਜ਼ ਇਨ੍ਹਾਂ ਨੂੰ ਆਉਣ ਤੋਂ ਰੋਕ ਨਹੀਂ ਸਕਦੀ।

ਦੁਨੀਆਂ ਦੀਆਂ ਸੋਧਵਾਦੀ ਪਾਰਟੀਆਂ ਵਿਚ, ਪ੍ਰੋਲਤਾਰੀ ਕੌਮਾਂਤਰੀਵਾਦ ਦੀਆਂ ਰੂਸੀ, ਫਰਾਂਸੀਸੀ, ਯੁਗੋਸਲਾਵ ਅਤੇ ਹੋਰ ਪ੍ਰੀਭਾਸ਼ਾਵਾਂ ਉਤੇ ਵਿਚਾਰ-ਵਟਾਂਦਰੇ ਹੋ ਰਹੇ ਹਨ। ਪਰ ਅਸਲੀਅਤ ਇਹ ਹੈ ਕਿ ਉਹ ਇਹ ਵਿਚਾਰ-ਵਟਾਂਦਰੇ ਕਰ ਰਹੇ ਹਨ ਕਿ ਪ੍ਰੋਲਤਾਰੀ ਕੌਮਾਂਤਰੀਵਾਦ ਦੀ ਮੁਖਾਲਫਤ ਕਿਵੇਂ ਕਰਨੀ ਹੈ।

'ਪ੍ਰੋਲਤਾਰੀ ਕੌਮਾਂਤਰੀਵਾਦ' ਦੇ ਮੁਹਾਵਰੇ ਵਿਚ, ਪ੍ਰੋਲਤਾਰੀ ਲਫਜ਼, ਕੌਮਾਂਤਰੀ-ਵਾਦ ਨੂੰ ਦੁਨੀਆਂ ਦੀ ਪ੍ਰੋਲਤਾਰੀ ਨਾਲ ਮਜ਼ਬੂਤ ਤੌਰ ਤੇ ਜੋੜਦਾ ਹੈ, ਇਸ ਨੂੰ ਪੂੰਜੀਵਾਦੀ ਬੁਰਜ਼ੂਆਜ਼ੀ ਦੇ ਖਿਲਾਫ, ਟਰੱਸਟਾਂ ਅਤੇ ਅਜਾਰੇਦਾਰੀਆਂ ਦੇ ਖਿਲਾਫ, ਸਾਮਰਾਜਵਾਦ ਅਤੇ ਸਮਾਜਿਕ ਸਾਮਰਾਜਵਾਦ ਦੇ ਖਿਲਾਫ ਘੋਲ ਵਿਚ ਏਕਤਾ 'ਚ ਜੋੜਦਾ ਹੈ। ਪ੍ਰੋਲਤਾਰੀ ਕੌਮਾਂਤਰੀਵਾਦ, ਵਿਸ਼ੇਸ਼ ਤੌਰ ਤੇ ਹਰ ਇੱਕ ਦੇਸ਼ ਦੀ ਪ੍ਰੋਲ-ਤਾਰੀ ਅਤੇ ਮੋਟੇ ਤੌਰ ਤੇ ਸਮੁੱਚੀ ਦੁਨੀਆਂ ਦੀ ਪ੍ਰੋਲਤਾਰੀ ਦੀ, ਹਿੰਸਾ ਰਾਹੀਂ ਪੁਰਾਣੀ ਪੂੰਜੀਵਾਦੀ ਦੁਨੀਆਂ ਨੂੰ ਉਲਟਾਉਣ ਵਾਸਤੇ, ਬੁਰਜ਼ੂਆਜ਼ੀ ਦੀ ਸੱਤਾ ਨੂੰ ਜੜ੍ਹਾਂ ਤਕ ਤਬਾਹ ਕਰਨ ਵਾਸਤੇ ਅਤੇ ਪੈਦਾਵਾਰ ਦੇ ਸਾਧਨਾਂ ਦੇ ਖੁਦ ਮਾਲਕ ਬਣਨ ਵਾਸਤੇ, ਕੰਮਾਂ ਅਤੇ ਸੋਚਣੀ ਦੀ ਏਕਤਾ ਹੈ।

ਪ੍ਰੋਲਤਾਰੀ ਇਨਕਲਾਬ ਦਾ ਉਦੇਸ਼ ਹੈ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਸ-

ਥਾਪਨਾ ਜਿਸ ਰਾਹੀਂ ਸਮਾਜਵਾਦ ਉਸਾਰਿਆ ਜਾਂਦਾ ਹੈ ਅਤੇ ਹਾਕਮ ਜਮਾਤਾਂ ਦੀ ਰਹਿੰਦ-ਖਹੂੰਦ ਨੂੰ ਦਬਾਇਆ ਜਾਂਦਾ ਹੈ। ਅਗਰ ਜਮਾਤੀ ਘੋਲ ਨੂੰ ਖਤਮ ਹੋ ਲੈਣ ਦਿੱਤਾ ਜਾਵੇ, ਤਾਂ ਇਹ ਰਹਿੰਦ-ਖਹੂੰਦ ਮੁੜ ਕੇ ਰਾਜਸੱਤਾ ਤੇ ਕਬਜ਼ਾ ਕਰਨ ਅਤੇ ਪੁਰਾਣੇ ਬੁਰਜ਼ਆ-ਪੂੰਜੀਵਾਦੀ ਨਿਜ਼ਾਮ ਨੂੰ ਮੁੜ-ਬਹਾਲ ਕਰਨ ਦੀਆਂ ਲਗਾ-ਤਾਰ ਕੋਸ਼ਿਸ਼ਾਂ ਕਰਦੀ ਹੈ।

ਹਰ ਦੇਸ਼ ਦੀ ਪ੍ਰੋਲਤਾਰੀ ਆਪਣੇ ਪ੍ਰੋਗਰਾਮ ਨੂੰ ਆਪਣੇ ਹਰਾਵਲ ਦਸਤੇ, ਮਜ਼ਦੂਰ ਜਮਾਤ ਦੀ ਇਨਕਲਾਬੀ ਪਾਰਟੀ ਦੀ ਅਗਵਾਈ ਹੇਠ ਹੀ ਨੇਪਰੇ ਚਾੜ੍ਹ ਸਕਦੀ ਹੈ। ਇਹ ਪਾਰਟੀ ਇੱਕ ਕਮਿਊਨਿਸਟ ਪਾਰਟੀ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦੀ ; ਅਤੇ ਇਹ ਪਾਰਟੀ ਰਾਜਸੱਤਾ ਤੇ ਕਬਜ਼ਾ ਕਰਨ ਤੋਂ ਪਹਿਲਾਂ ਅਤੇ ਬਾਅਦ ਦੇ ਆਪਣੇ ਸਾਰੇ ਘੋਲ ਵਿਚ ਮਾਰਕਸਵਾਦ-ਲੈਨਿਨਵਾਦ ਦੇ ਵਿਚਾਰਾਂ ਤੋਂ ਰਾਹਨੁਮਾਈ ਲੈਂਦੀ ਹੈ। ਮਜ਼ਦੂਰ ਜਮਾਤ ਦੀ ਇਨਕਲਾਬੀ ਪਾਰਟੀ ਇਨ੍ਹਾਂ ਵਿਚਾਰਾਂ ਨੂੰ, ਬਿਨਾਂ ਕਿਸੇ ਤੋੜ-ਮਰੋੜ ਤੋਂ, ਆਪਣੇ-ਆਪਨੂੰ ਅਤੇ ਪ੍ਰੋਲਤਾਰੀ ਨੂੰ ਜਥੇਬੰਦ ਕਰਨ ਵਿਚ ਅਤੇ ਇਨਕਲਾਬੀ ਘੋਲ ਦੀ ਅਗਵਾਈ ਕਰਨ ਵਿਚ ਹਮੇਸ਼ਾ ਸਹੀ ਤੌਰ ਤੇ ਲਾਗੂ ਕਰਦੀ ਹੈ। ਇਹ ਪਾਰਟੀ, ਪੂੰਜੀਵਾਦੀ ਨਿਜ਼ਾਮ ਨੂੰ ਉਲਟਾਉਣ ਦਾ ਇਨਕਲਾਬੀ ਘੋਲ ਜਥੇਬੰਦ ਕਰਨ ਦੇ ਦੁਰਾਨ ਲੋੜੀਦੇ ਗਠਜੋੜਾਂ ਵਾਸਤੇ ਆਪਣੀ ਨੀਤੀ ਘੜਨ ਵਿਚ ਵੀ ਮਾਰਕਸਵਾਦ-ਲੈਨਿਨਵਾਦ ਨੂੰ ਅਧਾਰ ਦੇ ਤੌਰ ਤੇ ਵਰਤਦੀ ਹੈ। ਮਾਰਕਸਵਾਦ-ਲੈਨਿਨਵਾਦ ਦੀ ਇਹ ਤਰਜਮਾਨੀ ਅਤੇ ਵਰਤੋਂ ਹੀ ਪ੍ਰੋਲਤਾਰੀ ਕੌਮਾਂਤਰੀਵਾਦ ਦਾ ਮੂਲ-ਮੁੱਦਾ ਹੈ।

ਅੱਜ ਦੁਨੀਆਂ ਦੀ ਪ੍ਰੋਲਤਾਰੀ ਇੱਕੋ ਧੜਾ ਨਹੀਂ ਹੈ, ਇਹ ਵੱਖ ਵੱਖ ਬੁਰਜ਼ੁਆ ਵਿਚਾਰਧਾਰਾਵਾਂ—ਪੂੰਜੀਵਾਦੀ, ਸੁਧਾਰਵਾਦੀ, ਸੋਸ਼ਲ-ਡੈਮੋਕ੍ਰੈਟਿਕ, "ਸਮਾਜਵਾਦੀ," "ਸੋਧਵਾਦੀ", ਆਦਿ—ਰਾਹੀਂ ਵੰਡੀ ਹੋਈ ਹੈ। ਇਨ੍ਹਾਂ ਸਭ ਵੱਖ ਵੱਖ ਵਿਚਾਰਧਾਰਾਵਾਂ ਅਤੇ ਝੁਕਾਵਾਂ ਦਾ ਇੱਕੋ ਮਕਸਦ ਹੈ: ਪ੍ਰੋਲਤਾਰੀ ਵਿਚਕਾਰ ਫੁੱਟ ਪਾਉਣੀ, ਅਤੇ ਇਸ ਨੂੰ ਪੂੰਜੀਵਾਦ ਦੀ ਕਬਰ ਪੁੱਟਣ ਵਾਲੀ ਇੱਕ ਤਾਕਤ ਦੇ ਤੌਰ ਤੇ ਇੱਕ-ਮੁੱਠ ਅਤੇ ਜਥੇਬੰਦ ਹੋਣ ਤੋਂ ਰੋਕਣਾ। ਇਸ ਲਈ, ਇਹ ਸਭ ਮਾਰਕਸਵਾਦ-ਵਿਰੋਧੀ ਵਿਚਾਰਧਾਰਾਵਾਂ ਅਤੇ ਝੁਕਾਅ ਮੁਕਾਮੀ ਅਤੇ ਅੰਤਰਰਸ਼ਟਰੀ ਪੂੰਜੀ ਦੇ ਥੰਮ ਹਨ, ਇਹ ਇਨਕਲਾਬ, ਸਮਾਜਵਾਦ ਅਤੇ ਪ੍ਰੋਲਤਾਰੀ ਕੌਮਾਂਤਰੀ-ਵਾਦ ਦੀਆਂ ਵਿਰੋਧੀ ਤਾਕਤਾਂ ਹਨ।

ਅਸੀਂ, ਮਾਰਕਸਵਾਦੀ-ਲੈਨਿਨਵਾਦੀਏ, ਮਜ਼ਦੂਰਾਂ ਦੀ ਅੰਤਰਰਾਸ਼ਟੀ ਸਦਭਾ-

ਵਨਾ ਅਤੇ ਪ੍ਰੋਲਤਾਰੀ ਕੌਮਾਂਤਰੀਵਾਦ ਨੂੰ, ਮਾਰਕਸ ਅਤੇ ਏਂਗਲਜ਼ ਵਲੋਂ ਕਮਿਊਨਿ-ਸਟ ਮੈਨੀਫਿਸਟੋ ਵਿਚ ਦੱਸੇ, "ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!" ਦੇ ਅਸੂਲਾਂ, ਦੇ ਨਜ਼ਰੀਏ ਤੋਂ ਦੇਖਦੇ ਅਤੇ ਵਿਕਸਤ ਕਰਦੇ ਹਾਂ। ਮਾਰਕਸ ਅਤੇ ਏਂਗਲਜ਼ ਦਾ ਇਹ ਨਾਹਰਾ, ਜਿਸ ਦੀ ਲੈਨਿਨ ਅਤੇ ਸਟਾਲਿਨ ਨੇ ਵਫਾਦਾਰੀ ਨਾਲ ਪਾਲਣਾ ਕੀਤੀ ਅਤੇ ਜਿਸ ਨੂੰ ਉਨ੍ਹਾਂ ਨੇ ਅੱਗੇ ਵਧਾਇਆ, ਇਹ ਖਾੜਕੂ, ਇਨ-ਕਲਾਬੀ ਅਤੇ ਸਦਾ ਹੀ ਬਹੁਤ ਮਹੱਤਵਪੂਰਨ ਹੈ। ਇਹ ਪਹਿਲੀ ਇੰਟਰਨੈਸ਼ਨਲ ਵਲੋਂ ਮਜ਼ਦੂਰਾਂ ਵਿਚਕਾਰ ਏਕਤਾ ਦਾ ਹੋਕਾ ਸੀ, ਇਹ ਤੀਜੀ ਇੰਟਰ-ਨੈਸ਼ਨਲ ਵਲੋਂ ਮਜ਼ਦੂਰਾਂ ਵਿਚਕਾਰ ਏਕਤਾ ਦਾ ਹੋਕਾ ਸੀ।

ਦੂਜੀ ਇੰਟਰਨੈਸ਼ਨਲ ਨੇ ਮਾਰਕਸਵਾਦ ਨਾਲ ਗਦਾਰੀ ਕੀਤੀ, ਅਤੇ ਇਸ ਦੀਆਂ ਪਾਰਟੀਆਂ ਬੁਰਜ਼ੁਆਜ਼ੀ ਦੇ ਧੁਤਰੂ ਬਣ ਗਈਆਂ ਅਤੇ ਸੁਧਾਰਵਾਦੀ ਪਾ-ਰਟੀਆਂ ਬਣ ਗਈਆਂ। ਉਨ੍ਹਾਂ ਨੇ ਮਾਰਕਸ ਅਤੇ ਏਂਗਲਜ਼ ਦੇ "ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!" ਦੇ ਹੋਕੇ ਨੂੰ ਤਿਆਗ ਦਿੱਤਾ।

ਤੀਜੀ ਇੰਟਰਨੈਸ਼ਨਲ ਦੀ ਸਥਾਪਨਾ ਨਾ "ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!" ਦੇ ਹੋਕੇ ਨੂੰ ਕਮਿਊਨਿਸਟ ਮੈਨੀਫਿਸਟੋ ਵਾਲਾ ਅਸਲੀ ਇਨਕਲਾਬੀ ਅਰਥ ਮੁੜ-ਪ੍ਰਾਪਤ ਹੋਇਆ। ਦੁਨੀਆਂ ਦੀ ਪਹਿਲੀ ਸਮਾਜਵਾਦੀ ਸਟੇਟ ਦੀ ਸਥਾਪਨਾ ਨਾਲ ਇਸ ਹੋਕੇ ਦੀ ਪ੍ਰੇਰਣਾ ਅਤੇ ਲਾਮਬੰਦੀ ਸ਼ਕਤੀ ਵਿਚ ਹੋਰ ਵੀ ਵਾਧਾ ਹੋਇਆ। ਦੁਨੀਆਂ ਦੇ ਪ੍ਰੋਲਤਾਰੀਆਂ ਕੋਲ ਹੁਣ ਮੁਕਤ ਪ੍ਰੋਲਤਾਰੀਆਂ ਦੀ ਪਹਿਲੀ ਮਾਤਭੂਮੀ ਸੀ।

ਜਦੋਂ ਕੋਮਿਨਤਰਨ(ਕਮਿਊਨਿਸਟ ਇੰਟਰਨੈਸ਼ਨਲ) ਨੇ ਫੈਸਲਾ ਕੀਤਾ ਕਿ ਹੁਣ ਕਮਿਊਨਿਸਟ ਇੰਟਰਨੈਸ਼ਨਲ ਦੀ ਜ਼ਰੂਰਤ ਨਹੀਂ ਰਹੀ, ਕਿਉਂਕਿ ਸਾਰੀ ਦੁਨੀਆਂ ਵਿਚ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਬਣ ਚੁੱਕੀਆਂ ਸਨ ਅਤੇ ਜਮਾਤੀ ਜੰਗਾਂ ਵਿਚ ਮਜ਼ਬੂਤ ਹੋ ਚੁੱਕੀਆਂ ਸਨ, ਤਦ ਵੀ "ਸਭਨਾਂ ਦੇਸ਼ਾਂ ਦੇ ਮਜ਼ਦੂਰੋ,ਇੱਕ ਹੋ ਜਾਓ!" ਦਾ ਮਾਰਕਸ ਅਤੇ ਏਂਗਲਜ਼ ਦਾ ਹੋਕਾ ਏਕਤਾ ਦੀ ਇੱਕ ਤਾਕਤਵਰ ਪ੍ਰੇਰਣਾ ਬਣਿਆਂ ਰਿਹਾ।

ਦੂਜੀ ਸੰਸਾਰ ਜੰਗ ਤੋਂ ਬਾਅਦ, ਫਾਸ਼ੀਵਾਦ ਅਤੇ ਪਿਛਾਂਹਖਿਚੂ ਬੁਰਜ਼ੁਆਜ਼ੀ ਉਤੇ ਜਿੱਤ ਨਾਲ, ਦੁਨੀਆਂ ਦੇ ਕਈ ਦੇਸ਼ਾਂ ਵਿਚ ਮਜ਼ਦੂਰ ਜਮਾਤ ਨੇ ਰਾਜਸੱਤਾ ਆਪਣੇ ਹੱਥਾਂ ਵਿਚ ਲੈ ਲਈ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਕਾਇਮ ਕੀਤੀ ਅਤੇ ਸਮਾਜਵਾਦ ਦੀ ਉਸਾਰੀ ਸ਼ੁਰੂ ਕੀਤੀ। ਮਾਰਕਸ ਅਤੇ ਏਂਗਲਜ਼ ਦਾ ਨਾਹਰਾ

ਹੋਰ ਵੀ ਤਾਕਤਵਰ ਬਣ ਗਿਆ ਕਿਉਂਕਿ ਮਾਰਕਸ, ਏਂਗਲਜ਼, ਲੈਨਿਨ ਤੇ ਸਟਾਲਿਨ ਦੇ ਵਿਚਾਰਾਂ ਨੇ ਕਈ ਦੇਸ਼ਾਂ ਵਿਚ ਜਿੱਤ ਹਾਸਲ ਕੀਤੀ, ਅਤੇ ਇਸ ਤਰ੍ਹਾਂ ਮਾਰਕਸਵਾਦ-ਲੈਨਿਨਵਾਦ ਦੇ ਸਿਧਾਂਤ ਦੀ ਅਮਲ ਵਿਚ ਪ੍ਰੋੜਤਾ ਹੋਈ

ਪਰ ਨਵ-ਸੋਧਵਾਦੀਏ ਪੈਦਾ ਹੋਏ ਅਤੇ ਇਨ੍ਹਾਂ ਨੇ ਰੂਸ ਅਤੇ ਕਈ ਹੋਰ ਸਾਬਕਾ ਸਮਾਜਵਾਦੀ ਦੇਸ਼ਾਂ ਵਿਚ ਸੱਤਾ ਤੇ ਕਬਜ਼ਾ ਕਰ ਲਿਆ। ਦੁਨੀਆਂ ਦੀਆਂ ਕਈ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਮਾਰਕਸਵਾਦ-ਲੈਨਿਨਵਾਦ ਤੋਂ ਥਿੜਕ ਗਈਆਂ। ਉਹ ਸਮਾਜੀ-ਸ਼ਾਵਨਵਾਦੀ, ਅਤੇ ਏਥੋਂ ਤਕ ਕਿ ਸੋਸ਼ਲ-ਫਾਸ਼ਿਸਟ ਪਾਰਟੀਆਂ ਬਣ ਗਈਆਂ। ਇਸ ਹਾਲਤ ਵਿਚ, ਜਦ ਇਹ ਜਾਅਲੀ-ਸਮਾਜਵਾਦੀ ਸਟੇਟਾਂ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨਹੀਂ ਰਹੀਆਂ ਅਤੇ ਇਹ ਜਾਅਲੀ-ਕਮਿਊਨਿਸਟ ਪਾਰਟੀਆਂ ਪ੍ਰੋਲਤਾਰੀ ਦੀਆਂ ਪਾਰਟੀਆਂ ਨਹੀਂ ਰਹੀਆਂ, ਚਾਹੇ ਇਹ ਤਾਕਤ ਵਿਚ ਹੋਣ ਜਾਂ ਨਾ, ਇਨ੍ਹਾਂ ਪਾਰਟੀਆਂ ਨੇ ਨਿਸਚਤ ਤੌਰ ਤੇ ਮਾਰਕਸਵਾਦ-ਲੈਨਿਨਵਾਦ, ਵਿਗਿਆਨਕ ਸਮਾਜਵਾਦ ਨਾਲੋਂ, ਅਤੇ ਪ੍ਰੋਲਤਾਰੀ ਨਾਲੋਂ ਅਤੇ ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੀ ਪ੍ਰੋਲਤਾਰੀ ਵਿਚਾਰਧਾਰਾ ਨਾਲੋਂ ਸਭ ਨਾਤੇ ਤੋੜ ਲਏ ਹਨ। ਇਨ੍ਹਾਂ ਪਾਰਟੀਆਂ ਵਾਸਤੇ "ਸਭਨਾਂ ਦੇਸ਼ਾਂ ਦੇ ਮਜਦੂਰੋ, ਇੱਕ ਹੋ ਜਾਓ!" ਦੇ ਹੋਕੇ ਦਾ ਕੋਈ ਅਰਥ ਨਹੀਂ ਹੈ।

ਪਰ ਖਤਰਨਾਕ ਗੱਲ ਇਹ ਹੈ ਕਿ ਨਵ-ਸੋਧਵਾਦੀਏ, ਚਾਹੇ ਤਾਕਤ ਵਿਚ ਹੋਣ ਜਾਂ ਨਾ, ਅਜੇ ਵੀ ਇਨ੍ਹਾਂ, ਸਾਡੇ ਸਿਧਾਂਤ ਦੇ ਰਾਹਨੁਮਾਂ ਫਾਰਮੂਲਿਆਂ ਨੂੰ, ਇਨ੍ਹਾਂ ਦੀ ਅਗਵਾਈ ਅਤੇ ਜਥੇਬੰਦੀ ਦੀ ਸਾਰੀ ਤਾਕਤ ਤੋਂ ਵਾਂਝਿਆਂ ਕਰਕੇ, ਵਰਤ ਰਹੇ ਹਨ। ਸੋਧਵਾਦੀ ਇਨ੍ਹਾਂ ਫਾਰਮੂਲਿਆਂ ਨੂੰ ਨਾ ਕੇਵਲ ਉਲਟੇ ਅਰਥਾਂ ਵਿਚ ਹੀ ਲਾਗੂ ਕਰਦੇ ਹਨ, ਬਲਕਿ ਉਹ ਬੜੀ ਚਾਲਾਕੀ ਅਤੇ ਫਰੇਬੀ ਢੰਗਾਂ ਨਾਲ ਇਨ੍ਹਾਂ ਨੂੰ ਵਿਗਾੜਦੇ ਅਤੇ ਇਨ੍ਹਾਂ ਵਿਚ ਤੋੜ-ਮਰੋੜਾਂ ਵੀ ਕਰਦੇ ਹਨ। ਨਵ- ਸੋਧਵਾਦੀਏ, ਇਸ ਤਰ੍ਹਾਂ ਸਮੁੱਚੇ ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਨੂੰ ਵਿਗਾੜਨਾ ਚਾਹੁੰਦੇ ਹਨ, ਪ੍ਰੋਲਤਾਰੀ ਨੂੰ ਖੇਰੂੰ ਖੇਰੂੰ ਕਰਨਾ ਚਾਹੁੰਦੇ ਹਨ, ਪੂੰਜੀਵਾਦੀ ਬੁਰਜ਼ੂਆਜ਼ੀ ਦੇ ਜੀਵਨ ਵਿਚ ਵਾਧਾ ਕਰਨਾ ਚਾਹੁੰਦੇ ਹਨ ਅਤੇ ਇਨਕਲਾਬ ਨੂੰ ਰੋਕਣਾ ਚਾਹੁੰਦੇ ਹਨ।

ਦੂਜੀ ਵੱਡੀ ਬੁਰਾਈ, ਇਹ ਹੈ ਕਿ ਰਾਜਸੱਤਾ ਉਤੇ ਕਾਬਜ਼ ਨਵ-ਸੋਧਵਾਦੀਆਂ ਨੇ ਪ੍ਰੋਲਤਾਰੀ ਇਨਕਲਾਬ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਤੋਂ ਲਾਭ ਉਠਾਇਆ ਹੈ ਅਤੇ ਮਹਾਂ-ਸ਼ਕਤੀਆਂ ਜਾਂ ਮਹੱਤਵਪੂਰਨ ਸਟੇਟਾਂ ਬਣ ਗਏ ਹਨ ਜਿਵੇਂ ਕਿ ਰੂਸ ਦੀ ਮਿਸਾਲ ਲਈ ਜਾ ਸਕਦੀ ਹੈ, ਜਦਕਿ ਵੱਡੀਆਂ ਅਤੇ ਛੋਟੀਆਂ ਸੋਧ-

ਵਾਦੀ ਪਾਰਟੀਆਂ ਆਪਣੇ ਦੇਸ਼ਾਂ ਦੀ ਪ੍ਰੋਲਤਾਰੀ ਵਲੋਂ ਮਾਰਕਸਵਾਦੀ- ਲੈਨਿਨ-ਵਾਦੀ ਰਾਹ ਉਤੇ ਬੀਤੇ ਸਮੇਂ ਵਿਚ ਚਲਾਏ ਗਏ ਘੋਲਾਂ ਦੀ ਆਪਣੇ ਮੰਤਵਾਂ ਵਾਸਤੇ ਦੁਰਵਰਤੋਂ ਕਰਦੀਆਂ ਹਨ। ਰੂਸੀ ਸੋਧਵਾਦੀਏ ਦਾਵ੍ਹਾ ਕਰਦੇ ਹਨ ਕਿ, "ਅਸੀਂ ਲੈਨਿਨਵਾਦੀ ਹਾਂ", "ਅਸੀਂ ਲੈਨਿਨ ਦੀ ਰਾਖੀ ਕਰਦੇ ਹਾਂ", ਜਦਕਿ, ਦਰਅਸਲ, ਇਨ੍ਹਾਂ ਨੇ ਲੈਨਿਨ ਦੀਆਂ ਸਿੱਖਿਆਵਾਂ ਨੂੰ ਪੈਰਾਂ ਹੇਠ ਰੋਲਿਆ ਹੈ ਅਤੇ ਉਨ੍ਹਾਂ ਨਾਲ ਗਦਾਰੀ ਕੀਤੀ ਹੈ। ਹੋਰ ਸੋਧਵਾਦੀ ਪਾਰਟੀਆਂ ਵੀ ਅਜੇਹਾ ਹੀ ਕਰ-ਦੀਆਂ ਹਨ। ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੇ ਇਨਕਲਾਬੀ ਸਿਧਾਂਤ ਵਾਸਤੇ, ਅਤੇ ਇਨ੍ਹਾਂ ਮਹਾਨ ਲੀਡਰਾਂ ਵਾਸਤੇ ਪ੍ਰੋਲਤਾਰੀ ਦੇ ਪਿਆਰ, ਭਰੋਸੇ ਅਤੇ ਸਤਿਕਾਰ ਨੂੰ ਘੱਟ ਕਰਨ ਅਤੇ ਖਤਮ ਕਰਨ ਲਈ ਉਹ ਪੂਰੀ ਵਾਹ ਲਾਉਂਦੀਆਂ ਹਨ।

ਇਸ ਹਾਲਤ ਵਿਚ ਸਭ ਤੋਂ ਭੈੜੀ ਗੱਲ ਇਹ ਹੈ ਕਿ ਦੁਨੀਆਂ ਦੀ ਪਹਿਲੀ ਸਮਾਜਵਾਦੀ ਸਟੇਟ, ਸੋਵੀਅਤ ਯੂਨੀਅਨ, ਜਿਸ ਨੂੰ ਲੈਨਿਨ ਨੇ ਅਕਤੂਬਰ ਸਮਾ-ਜਵਾਦੀ ਇਨਕਲਾਬ ਦੀ ਜਿੱਤ ਤੋਂ ਬਾਅਦ ਬਾਪਿਆਂ ਸੀ ਅਤੇ ਜਿਹੜੀ ਪ੍ਰੋਲਤਾ-ਰੀਆਂ ਦੀ ਪਹਿਲੀ ਤਾਕਤਵੱਰ ਸਟੇਟ ਅਤੇ ਦੁਨੀਆਂ ਦੇ ਸਭ ਪ੍ਰੋਲਤਾਰੀਆਂ ਦੀ ਤਕੜੀ ਹਮਾਇਤ ਬਣ ਗਈ ਸੀ, ਉਸ ਸਟੇਟ ਮੁਤੱਲਕ ਪ੍ਰੋਲਤਾਰੀ ਦੀ ਚੇਤੰਨਤਾ ਵਿਚ ਭਰਿਆ ਗਿਆ ਸਹੀ ਵਿਚਾਰ ਅਜੇ ਤਕ ਕਾਇਮ ਹੈ। ਹੁਣ ਇਹ ਸਟੇਟ ਨਹੀਂ ਰਹੀ, ਕਿਉਂਕਿ ਸੋਧਵਾਦੀਆਂ ਨੇ ਇਸ ਨੂੰ ਇੱਕ ਪ੍ਰੋਲਤਾਰੀ- ਵਿਰੋਧੀ ਸਟੇਟ ਵਿਚ ਬਦਲ ਦਿੱਤਾ ਹੈ। ਇਹ ਹਾਲਤ ਕਮਜ਼ੋਰੀਆਂ ਅਤੇ ਅੰਤਿਮ ਜਿੱਤ ਬਾਰੇ ਸ਼ੰਕੇ ਪੈਦਾ ਕਰਦੀ ਹੈ, ਕਿਉਂਕਿ ਚਾਹੇ- ਅਣਚਾਹੇ, "ਮਹਾਨ ਪ੍ਰੋਲਤਾਰੀ ਸਟੇਟ" ਦੀ ਰੀਤ ਪੈਦਾ ਹੋ ਚੁੱਕੀ ਹੈ। ਇਸ ਨਾਲ ਪ੍ਰੋਲਤਾਰੀ ਦੀ ਏਕਤਾ ਕਮਜ਼ੋਰ ਹੁੰਦੀ ਹੈ ਅਤੇ ਪੂੰਜੀਵਾਦੀ ਬੁਰਜ਼ੂਆਜ਼ੀ ਅਤੇ ਮਾਰਕਸਵਾਦ-ਲੈਨਿਨਵਾਦ ਦੇ ਗਦਾਰਾਂ ਖਿਲਾਫ ਪ੍ਰੋਲਤਾਰੀ ਦਾ ਘੋਲ ਕਮਜ਼ੋਰ ਹੁੰਦਾ ਹੈ।

ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਦੀ ਵਰਤਮਾਨ ਹਾਲਤ ਉਸ ਮਹਾਨ ਦੌਰ ਵਰਗੀ ਹੈ ਜਦੋਂ ਮਾਰਕਸ ਅਤੇ ਏਂਗਲਜ਼ ਨੇ ਘੋਲ ਅਤੇ ਕੰਮ ਕੀਤਾ ਸੀ। ਦੁਨੀਆਂ ਦੀ ਪ੍ਰੋਲਤਾਰੀ, ਸਾਨੂੰ ਮਾਰਕਸਵਾਦੀ-ਲੈਨਿਨਵਾਦੀਆਂ ਨੂੰ ਲਾਜ਼ਮੀ ਹੀ, ਮਾਰਕਸ ਅਤੇ ਏਂਗਲਜ਼ ਦੇ ਸਿਧਾਂਤ, ਘੋਲ ਅਤੇ ਜਿੱਤ ਦੇ ਉਨ੍ਹਾਂ ਦੇ ਦਾਅਪੇਚਾਂ ਅਤੇ ਯੁੱਧਨੀਤੀ ਵਲ ਵਾਪਿਸ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਅਧਿਅਨ ਕਰਨਾ ਚਾਹੀਦਾ ਹੈ। ਮਾਰਕਸ ਅਤੇ ਏਂਗਲਜ਼ ਹੁਣ ਨਹੀਂ ਰਹੇ, ਪਰ ਉਨ੍ਹਾਂ ਦਾ ਸਿਧਾਂਤ ਜਿਊਂਦਾ ਹੈ ਅਤੇ ਸਾਨੂੰ ਇਸ ਤੋਂ ਰਾਹਨੁਮਾਈ ਲੈਣੀ ਚਾਹੀਦੀ ਹੈ। ਉਹ ਸਾਡੇ ਅਜੇਹੇ ਆਗੂ ਹਨ

ਜਿਨ੍ਹਾਂ ਦੀ ਜਗ੍ਹਾ ਹੋਰ ਕੋਈ ਨਹੀਂ ਲੈ ਸਕਦਾ।

ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਦੀ ਵਰਤਮਾਨ ਹਾਲਤ, ਲੈਨਿਨ ਅਤੇ ਸਟਾਲਿਨ ਅਤੇ ਬਾਲਸ਼ਵਿਕ ਪਾਰਟੀ ਵਲੋਂ ਚਲਾਏ ਗਏ ਅਸੂਲੀ ਇਨਕਲਾਬੀ ਘੋਲ ਦੇ ਦੌਰ ਨਾਲ ਮੇਲ ਖਾਂਦੀ ਹੈ। ਉਨ੍ਹਾਂ ਕੋਲ ਸਿਰਫ ਮਾਰਕਸ ਅਤੇ ਏਂਗਲਜ਼ ਹੀ ਉਨ੍ਹਾਂ ਦੇ ਅਭੁੱਲ ਰਾਹਬਰ ਸਨ। ਰੂਸੀ ਪ੍ਰੋਲਤਾਰੀ ਦੀ ਅਗਵਾਈ ਕਰਦਿਆਂ ਲੈਨਿਨ ਅਤੇ ਸਟਾਲਿਨ ਨੇ ਇਨਕਲਾਬ ਨੂੰ ਜਿੱਤ ਤਕ ਪਹੁੰਚਾਇਆ ਅਤੇ ਪ੍ਰੋਲਤਾਰੀ ਦੀ ਡਿਕ-ਟੇਟਰਸ਼ਿਪ ਕਾਇਮ ਕੀਤੀ। ਲੈਨਿਨ ਅਤੇ ਸਟਾਲਿਨ ਦਾ ਦਿਹਾਂਤ ਹੋ ਗਿਆ, ਸੋਵੀਅਤ ਯੂਨੀਅਨ ਦੀ ਬਾਲਸ਼ਵਿਕ ਪਾਰਟੀ ਇੱਕ ਸੋਧਵਾਦੀ ਪਾਰਟੀ ਬਣਾ ਦਿੱਤੀ ਗਈ, ਅਤੇ ਦੁਨੀਆਂ ਦੇ ਪ੍ਰੋਲਤਾਰੀਆਂ ਦੀ ਪਹਿਲੀ ਸਟੇਟ ਨੂੰ ਇੱਕ ਬੁਰਜੂਆ ਸ਼ਾਵਨਵਾਦੀ ਅਤੇ ਸਮਾਜਿਕ-ਸਾਮਰਾਜਵਾਦੀ ਸਟੇਟ ਵਿਚ ਬਦਲ ਦਿੱਤਾ ਗਿਆ। ਨਾ ਲੈਨਿਨ ਅਤੇ ਨਾ ਹੀ ਸਟਾਲਿਨ ਕੋਲ, ਆਪਣੇ ਤੋਂ ਪਹਿਲਾਂ ਕਿਸੇ ਪ੍ਰੋਲਤਾਰੀ ਸਟੇਟ ਦਾ ਤਜਰਬਾ ਸੀ, ਪਰ ਉਨ੍ਹਾਂ ਨੇ ਇਸ ਨੂੰ ਇਨਕਲਾਬ, ਇਨਕਲਾਬੀ ਹਿੰਸਾ ਅਤੇ ਕੰਮ ਰਾਹੀਂ ਸਥਾਪਿਤ ਕੀਤਾ ਅਤੇ ਇਸ ਵਿਚ ਉਨ੍ਹਾਂ ਨੇ ਹਰ ਕਦਮ ਤੇ ਮਾਰਕਸ ਅਤੇ ਏਂਗਲਜ਼ ਦੇ ਸਿਧਾਂਤ ਤੋਂ ਰਾਹਨੁਮਾਈ ਲਈ ਅਤੇ ਉਨ੍ਹਾਂ ਨੇ ਇਸ ਸਿਧਾਂਤ ਨੂੰ ਹੋਰ ਪ੍ਰਫੁੱਲਤ ਕੀਤਾ।

ਹੁਣ ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਅਤੇ ਅਮਲ ਦੁਨੀਆਂ ਦੀ ਪ੍ਰੋਲਤਾਰੀ ਵਾਸਤੇ ਦੌਲਤ ਦਾ ਇੱਕ ਮਹਾਨ ਖ਼ਜ਼ਾਨਾ ਹੈ। ਪ੍ਰੋਲਤਾਰੀ ਨੂੰ ਲਗਾਤਾਰ ਇਸਦਾ ਅਧਿਅਨ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ। ਪ੍ਰੋਲ-ਤਾਰੀ ਅਤੇ ਇਸਦੀਆਂ ਇਨਕਲਾਬੀ ਕਮਿਊਨਿਸਟ ਪਾਰਟੀਆਂ ਵਲੋਂ ਮਾਰਕਸ-ਵਾਦ-ਲੈਨਿਨਵਾਦ ਦਾ ਸਹੀ ਅਧਿਅਨ ਅਤੇ ਹਰ ਦੇਸ਼ ਦੀ ਹਾਲਤ ਅਤੇ ਅੰਤਰ-ਰਾਸ਼ਟਰੀ ਅਖਾੜੇ ਵਿਚ ਇਸਦੀ ਸਹੀ ਵਰਤੋਂ, ਹਰ ਕਿਸਮ ਦੇ ਸੋਧਵਾਦ ਦੇ ਖਿਲਾਫ ਬੇਰਹਿਮ ਘੋਲ, ਬੁਰਜੂਆ ਵਿਚਾਰਧਾਰਾ ਦਾ ਪਰਦਾ ਫਾਸ਼ ਕਰਨਾ, ਮਜ਼ਦੂਰ ਜਮਾਤ ਦੇ ਦੁਸ਼ਮਣਾਂ ਵਲੋਂ ਤੋੜ-ਫੋੜ ਦੀਆਂ ਕਰਤੂਤਾਂ, ਦਮਨ ਅਤੇ ਲੁੱਟ ਦੇ ਖਿਲਾਫ ਘੋਲ, ਇਹ ਸਭ ਕੁੱਝ ਦੁਨੀਆਂ ਦੀ ਪ੍ਰੋਲਤਾਰੀ ਦੀ ਏਕਤਾ ਲਈ ਘੋਲ ਹੈ। ਇਹ ਦੁਨੀਆਂ ਦੇ ਸਮਾਂਰਾਜਵਾਦ, ਸਮਾਜਕ ਸਾਮਰਾਜਵਾਦ ਪੂੰਜੀਵਾਦੀ ਬੁਰ-ਜੂਆਜ਼ੀ ਅਤੇ ਦੁਨੀਆਂ-ਭਰ ਦੇ ਪਿਛਾਖੜ ਖਿਲਾਫ ਘੋਲ ਵਿਚ ਜਿੱਤ ਹਾਸਲ ਕਰਨ ਵਾਸਤੇ ਲਾਜ਼ਮੀ ਸ਼ਰਤ ਹੈ। ਇਸ ਮਹਾਨ ਅਤੇ ਕਠਿਨ ਘੋਲ ਵਿੱਚ ਪ੍ਰੋਲ-ਤਾਰੀ ਨੂੰ ਇੱਕ-ਮੁੱਠ ਹੋਕੇ ਕੰਮ ਕਰਨਾ ਚਾਹੀਦਾ ਹੈ, ਪਰ ਇਸਦੀਆਂ ਸਫਾਂ

ਵਿਚ ਏਕਤਾ ਸਿਰਫ ਵਫਾਦਾਰੀ ਨਾਲ ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਉਤੇ ਚਲ ਕੇ ਅਤੇ ਇਸ ਨੂੰ ਲਾਗੂ ਕਰਕੇ ਹੀ ਕਾਇਮ ਕੀਤੀ ਜਾਂਦੀ ਹੈ। ਸਾਡੀ ਪਾਰਟੀ ਇਸ ਰਾਹ ਤੇ ਚੱਲਦੀ ਰਹੀ ਹੈ ਅਤੇ ਚੱਲਦੀ ਰਹੇਗੀ। ਇਸ ਨੇ ਹਮੇਸ਼ਾ ਹੀ ਮਾਰਕਸਵਾਦ-ਲੈਨਿਨਵਾਦ ਨੂੰ ਪੋਹਰੇ ਰੱਖਿਆ ਹੈ।

ਪ੍ਰੋਲਤਾਰੀ ਕੌਮਾਂਤਰੀਵਾਦ ਪ੍ਰੋਲਤਾਰੀ ਦੀ ਵਿਚਾਰਧਾਰਾ ਹੈ, ਅਤੇ ਇਹ ਇਨਕਲਾਬ ਦੀ ਜਿੱਤ ਅਤੇ ਕਮਿਊਨਿਜ਼ਮ ਦੀ ਉਸਾਰੀ ਵਾਸਤੇ ਇੱਕ ਸਭ ਤੋਂ ਤਾਕਤਵਰ ਹਥਿਆਰ ਅਤੇ ਸ਼ਰਤ ਹੈ। ਇਹ ਇੱਕ ਅਟੁੱਟ ਇਕਾਈ ਹੈ, ਅਤੇ ਕੌਮਾਂਤਰੀਵਾਦ ਦੀਆਂ ਕਈ ਕਿਸਮਾਂ, ਇੱਕ ਰੂਸੀ, ਇੱਕ ਇਟਾਲੀਅਨ, ਇੱਕ ਯੂਗੋਸਲਾਵ, ਇੱਕ ਫਰਾਂਸੀਸੀ, ਆਦਿ, ਨਹੀਂ ਹਨ ਜਿਵੇਂ ਕਿ ਸੋਧਵਾਦੀਏ ਦਾਵ੍ਹਾ ਕਰਦੇ ਹਨ।

> ਲੈਨਿਨ ਨੇ ਅਪ੍ਰੈਲ 1917 ਵਿਚ ਲਿਖਿਆ, "ਕੌਮਾਂਤਰੀਵਾਦ ਦੀ ਇੱਕ, ਅਤੇ ਸਿਰਫ ਇੱਕੋ ਹੀ ਅਸਲੀ ਕਿਸਮ ਹੈ, ਅਤੇ ਉਹ ਹੈ ਆਪਣੇ ਦੇਸ਼ ਵਿਚ ਇਨਕਲਾਬੀ ਲਹਿਰ ਅਤੇ ਇਨਕਲਾਬੀ ਘੋਲ ਦੇ ਵਿਕਾਸ ਵਾਸਤੇ ਡਟਕੇ ਕੰਮ ਕਰਨਾ, ਹਰ ਇੱਕ ਦੇਸ਼ ਵਿਚ ਇਸ ਘੋਲ, ਇਸ, ਅਤੇ ਸਿਰਫ ਇਸ ਹੀ, ਲਾਈਨ ਦੀ (ਪ੍ਰਾਪੇਗੰਡੇ, ਹਮਦਰਦੀ, ਅਤੇ ਪਦਾਰਥਕ ਮੱਦਦ ਰਾਹੀ) ਹਮਾਇਤ ਕਰਨਾ।"*

ਇਨਕਲਾਬ ਅਤੇ ਕਮਿਊਨਿਜ਼ਮ ਦੇ ਕਾਜ਼ ਵਾਸਤੇ ਘੋਲ ਵਿਚ, ਨਵ-ਸੋਧਵਾਦ ਦੇ ਖਿਲਾਫ ਘੋਲ ਵਿਚ, ਦੁਨੀਆਂ ਦੇ ਵੱਖ ਵੱਖ ਦੇਸ਼ਾਂ ਦੀਆਂ ਮਾਰਕਸਵਾਦੀ-ਲੈਨਿਨ-ਵਾਦੀ ਪਾਰਟੀਆਂ ਵਿਕਸਤ ਅਤੇ ਮਜ਼ਬੂਤ ਹੋ ਰਹੀਆਂ ਹਨ ਅਤੇ ਜਿੱਤਾਂ ਪ੍ਰਾਪਤ ਕਰ ਰਹੀਆਂ ਹਨ। ਸਾਡੀ ਪਾਰਟੀ ਉਨ੍ਹਾਂ ਦੀਆਂ ਜਿੱਤਾਂ ਉਤੇ ਬਹੁਤ ਖੁਸ਼ ਹੈ ਅਤੇ ਇਨ੍ਹਾਂ ਜਿੱਤਾਂ ਨੂੰ ਸਾਰੀ ਦੁਨੀਆਂ ਦੀ ਪ੍ਰੋਲਤਾਰੀ ਦੀਆਂ ਸਾਂਝੀਆਂ ਜਿੱਤਾਂ ਸਮਝਦੀ ਹੈ।

ਦੁਨੀਆਂ-ਭਰ ਦੇ ਸਭ ਮਹਾਂਦੀਪਾਂ ਅਤੇ ਇਲਾਕਿਆਂ ਵਿਚ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਦਾ ਵਜੂਦ ਇਹ ਦਿਖਾਉਂਦਾ ਹੈ ਕਿ ਕਮਿਊਨਿਜ਼ਮ ਦੇ ਮਹਾਨ ਕਾਜ਼ ਵਾਸਤੇ ਆਪਣੀ ਸਾਰੀ ਤਾਕਤ ਨਾਲ ਲੜਨ ਵਾਲੇ ਦ੍ਰਿੜ ਇਨ-ਕਲਾਬੀ, ਹੁਣ ਦੁਨੀਆਂ ਦੀ ਪ੍ਰੋਲਤਾਰੀ, ਇਨਕਲਾਬ ਅਤੇ ਸਮਾਜਵਾਦ ਦੇ ਹਿੱਤਾਂ

---

*ਵੀ. ਆਈ. ਲੈਨਿਨ, "ਸਮੂਹਕ ਰਚਨਾਵਾਂ", ਜਿਲਦ24, ਸਫਾ 63( ਅਲਬਾਨੀਅਨ - ਐਡੀਸ਼ਨ)

ਦੀ ਰਾਖੀ ਵਾਸਤੇ ਉਠ ਖੜੇ ਹਨ।

ਬਹੁਤ ਸਾਰੀਆਂ ਭਰਾਤਰੀ ਪਾਰਟੀਆਂ ਕਠਿਨ ਅਤੇ ਗੈਰਕਨੂੰਨੀ ਹਾਲਤਾਂ ਵਿਚ ਕੰਮ ਕਰ ਰਹੀਆਂ ਹਨ ਕਿਉਂਕਿ ਫਾਸ਼ੀ ਹਕੂਮਤਾਂ ਉਨ੍ਹਾਂ ਉਤੇ ਬਹੁਤ ਵਹਿਸ਼ੀ ਹਮਲੇ ਅਤੇ ਤਸ਼ੱਦਦ ਕਰਦੀਆਂ ਹਨ। ਕਈ ਹੋਰ ਪਾਰਟੀਆਂ ਨੂੰ, ਵੱਡੀ ਬੁਰਜ਼ੁਆਜ਼ੀ, ਸੋਸ਼ਲ-ਡੈਮੋਕ੍ਰੈਟਾਂ ਅਤੇ ਸੋਧਵਾਦੀਆਂ ਵਲੋਂ ਉਨ੍ਹਾਂ ਖਿਲਾਫ ਚਲਾਏ ਜਾਂਦੇ ਘੋਲ ਦੀਆਂ ਕਠਿਨ ਹਾਲਤਾਂ ਵਿਚ ਕੰਮ ਕਰਨਾ ਪੈ ਰਿਹਾ ਹੈ। ਪਰ ਇਹ ਸਭ ਕਠਨ ਹਾਲਤਾਂ ਮਾਰਕਸਵਾਦੀ-ਲੈਨਿਨਵਾਦੀ ਕਮਿਊਨਿਸਟਾਂ ਦੀ ਇਨਕਲਾਬੀ ਲਹਿਰ ਨੂੰ ਰੋਕਣ ਵਿਚ ਅਸਫਲ ਰਹੀਆਂ ਹਨ, ਇਹ ਉਨ੍ਹਾਂ ਦੀਆਂ ਸਫਾਂ ਦੀ ਮਜ਼ਬੂਤੀ ਅਤੇ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਵਿਚ ਇਨ੍ਹਾਂ ਪਾਰਟੀਆਂ ਦੇ ਅਸਰ-ਰਸੂਖ ਦੇ ਵਾਧੇ ਨੂੰ ਠੱਲ੍ਹਣ ਵਿਚ ਅਸਫਲ ਰਹੀਆਂ ਹਨ।

ਕਈ ਦੇਸ਼ਾਂ ਵਿਚ ਰਾਜ ਕਰ ਰਹੇ ਫਾਸ਼ੀ ਮੁਜਰਮਾਂ ਨੇ ਮਾਰਕਸਵਾਦੀ-ਲੈਨਿਨ-ਵਾਦੀ ਲਹਿਰ ਦੇ ਬਹੁਤ ਸਾਰੇ ਸਿਰਕੱਢ ਯੋਧਿਆਂ ਨੂੰ ਕਤਲ ਕਰ ਦਿੱਤਾ ਹੈ, ਜਾਂ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਆਪਣੀ ਦ੍ਰਿੜਤਾ, ਆਪਣੇ ਹੌਸਲੇ, ਆਪਣੀ ਸ਼ਾਨਦਾਰ ਆਪਾਵਾਰੂ ਭਾਵਨਾ ਅਤੇ ਪ੍ਰੋਲਤਾਰੀ ਦੇ ਮਹਾਨ ਕਾਜ਼ ਵਿਚ ਆਪਣੀ ਦ੍ਰਿੜ ਲਗਨ ਰਾਹੀਂ ਉਹ ਕੌਮੀ ਅਤੇ ਸਮਾਜੀ ਮੁਕਤੀ ਵਾਸਤੇ ਮਿਹਨਤਕਸ਼ ਲੋਕਾਂ ਦੇ ਘੋਲ ਦੇ ਚਾਨਣ-ਮੁਨਾਰੇ ਬਣ ਗਏ ਹਨ।

ਬਹੁਤ ਸਨਮਾਨ ਨਾਲ ਅਸੀਂ ਆਪਣੇ ਪਿਆਰੇ ਸਾਥੀਆਂ, ਕਲੰਬੀਆ ਦੀ ਕਮਿ-ਊਨਿਸਟ ਪਾਰਟੀ (ਮ-ਲ) ਦੀ ਕੇਂਦਰੀ ਕਮੇਟੀ ਦੇ ਪਹਿਲੇ ਸਕੱਤਰ, ਪੈਡਰੋ ਲੀਓਨ ਅਰਬੋਲੇਦਾ; ਬ੍ਰਾਜ਼ੀਲ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਐਗ-ਜ਼ੈਕਟਿਵ ਕਮਿਸ਼ਨ ਦੇ ਮੈਂਬਰ, ਕਾਰਲੋਸ ਡੇਨੀਅਲ; ਬਰਮਾ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਚੇਅਰਮੈਨ, ਥਾਕਿਨ ਜ਼ਿਨ, ਅਤੇ ਸਕੱਤਰ ਥਾਕਿਨ ਚਿਟ; ਹਿੰਦੋਸਤਾਨ ਦੀ ਕਮਿਊਨਿਸਟ ਪਾਰਟੀ (ਮ-ਲ) ਦੇ ਜਨਰਲ ਸਕੱਤਰ, ਚਾਰੂ ਮਾਜ਼ੂਮਦਾਰ; ਅਤੇ ਸਪੇਨ ਦੇ ਬਹਾਦਰ ਫਰੈਪ ਯੋਧਿਆਂ ਅਤੇ ਬਾਸਕ ਦੇਸ਼-ਭਗਤਾਂ; ਦੀ ਯਾਦ ਦਾ ਸਤਿਕਾਰ ਕਰਦੇ ਹਾਂ। ਉਨ੍ਹਾਂ ਦੇ ਪਵਿੱਤਰ ਅਕਸ ਅਤੇ ਇਨਕਲਾਬੀ ਜੀਵਨ ਸਦਾ ਹੀ ਸਭ ਅਸਲੀ ਦੇਸ਼-ਭਗਤਾਂ ਅਤੇ ਕਮਿਊਨਿਸਟਾਂ ਦੇ ਦਿਲਾਂ ਵਿਚ ਪ੍ਰੇਰਣਾ ਦੀ ਇੱਕ ਸ਼ਾਨਦਾਰ ਮਿਸਾਲ, ਖੂਨ-ਪੀਣੀ ਬੁਰਜ਼ੁਆਜ਼ੀ ਤੇ ਪਿਛਾਖੜ ਦੇ ਖਿਲਾਫ ਘੋਲ ਵਿਚ ਹਥਿਆਰਾਂ ਦੇ ਹੋਕੇ ਦੇ ਤੌਰ ਤੇ ਤਾਜ਼ਾ ਰਹਿਣਗੇ।

ਪਾਰਟੀ ਆਫ ਲੇਬਰ ਆਫ ਅਲਬਾਨੀਆਂ, ਮਾਰਕਸਵਾਦੀ-ਲੈਨਿਨਵਾਦੀ ਪਾ-

ਰਟੀਆਂ ਨਾਲ ਆਪਣੀ ਕੌਮਾਂਤਰੀਵਾਦੀ ਸਦਭਾਵਨਾ (ਸੋਲੀਡੈਰੀਟੀ) ਦਾ ਐਲਾਨ ਕਰਦੀ ਹੈ। ਬੁਰਜ਼ੁਆਜ਼ੀ ਅਤੇ ਸੋਧਵਾਦੀਏ ਚਾਹੁੰਦੇ ਹਨ ਕਿ ਅਸੀਂ ਨਵੀਆਂ ਮਾਰ-ਕਸਵਾਦੀ-ਲੈਨਿਨਵਾਦੀ ਪਾਰਟੀਆਂ ਦੀ ਹਮਾਇਤ ਅਤੇ ਮੱਦਦ ਕਰਨੀ ਬੰਦ ਕਰ ਦਈਏ। ਪਰ ਇਹ ਕਦੇ ਨਹੀਂ ਹੋ ਸਕਦਾ। ਹਮੇਸ਼ਾ ਦੀ ਤਰ੍ਹਾਂ ਸਾਡੀ ਪਾਰਟੀ ਦੀ ਇਹ ਰਾਇ ਹੈ ਕਿ ਕੌਮਾਂ ਦੀ ਮੁਕਤੀ ਅਤੇ ਇਨਕਲਾਬ ਵਾਸਤੇ, ਬੁਰਜ਼ੁਆਜ਼ੀ ਸਾਮਰਾਜਵਾਦ ਅਤੇ ਸਮਾਜਿਕ ਸਾਮਰਾਜਵਾਦ ਨੂੰ ਹਰਾਉਣ ਵਾਸਤੇ ਕੌਮਾਂਤਰੀ - ਵਾਦੀ ਮੱਦਦ ਦੇਣਾ ਇੱਕ ਅਹਿਮ ਫਰਜ਼ ਹੈ। ਮਾਰਕਸ ਅਤੇ ਲੈਨਿਨ ਨੇ ਸਾਨੂੰ ਇਹ ਸਿਖਾਇਆ ਹੈ, ਅਤੇ ਇਹ ਸਬਕ ਸਾਡੀ ਪਾਰਟੀ ਦੀ ਰਾਹਨੁਮਾਈ ਕਰਦਾ ਹੈ। ਜਿਵੇਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਅਤੇ ਦੁਨੀਆਂ ਦੇ ਸਭ ਅਗਾਂਹਵਧੂ ਲੋਕਾਂ ਨੇ, ਬੀਤੇ ਵਿਚ, ਕੌਮੀ ਮੁਕਤੀ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਸਥਾਪਨਾ ਵਾਸਤੇ ਸਾਡੇ ਘੋਲ ਵਿਚ ਸਾਡੀ ਮੱਦਦ ਕੀਤੀ ਹੈ, ਸਾਡਾ ਵੀ ਇਹ ਫਰਜ਼ ਹੈ ਕਿ ਅਸੀਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਸਭ ਅਗਾਂਹਵਧੂ ਤਾਕਤਾਂ ਦੇ ਆਪਣੇ ਲੋਕਾਂ ਨੂੰ ਆਜ਼ਾਦ ਕਰਾਉਣ ਅਤੇ ਸਮਾਜਵਾਦ ਉਸਾਰਨ ਦੇ ਘੋਲ ਵਿਚ ਮੱਦਦ ਕਰੀਏ।

ਇਹ ਮੱਦਦ ਦੂਜੀਆਂ ਸਟੇਟਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਜਾਂ ਇਨਕਲਾਬ ਦੀ ਬਰਾਮਦ ਬਿਲਕੁੱਲ ਨਹੀਂ ਹੈ, ਜਿਵੇਂ ਕਿ ਸਾਮਰਾਜੀਏ ਅਤੇ ਸਮਾਜਿਕ ਸਾਮਰਾਜੀਏ ਅਤੇ ਬੁਰਜ਼ੁਆਜ਼ੀ ਦੇ ਸਭ ਪਿਠੂ ਕਹਿਣਾ ਚਾਹੁੰਦੇ ਹਨ। ਸਾਨੂੰ ਪਤਾ ਹੈ ਕਿ ਉਹ ਅਜੇਹਾ ਕਿਉਂ ਕਰਦੇ ਹਨ। ਉਹ ਪ੍ਰੋਲਤਾਰੀ ਅਤੇ ਲੋਕਾਂ ਨੂੰ ਦਬਾਉਣ ਵਾਸਤੇ, ਉਨ੍ਹਾਂ ਨੂੰ ਇਨਕਲਾਬ ਲਿਆਉਣ ਤੋਂ ਰੋਕਣ ਵਾਸਤੇ ਆਪਣੇਆਪ ਨੂੰ ਖੁੱਲ੍ਹੇ ਰੱਖਣਾ ਚਾਹੁੰਦੇ ਹਨ।

ਪਰ ਸਾਡੇ ਕੰਮਾਂ, ਸਾਡੇ ਵਿਚਾਰਾਂ ਅਤੇ ਲੋਕਾਂ ਅਤੇ ਇਨਕਲਾਬੀਆਂ ਵਾਸਤੇ ਸਾਡੀ ਸਹੀ ਮੱਦਦ ਦੇ ਮਤਲਬ ਨੂੰ ਸਾਮਰਾਜਵਾਦ, ਸੋਧਵਾਦ ਅਤੇ ਪਿਛਾਂਹਖਿਚੂ ਬੁਰ-ਜ਼ੁਆਜ਼ੀ ਦੀਆਂ, ਮੁਕਤੀ ਵਾਸਤੇ ਲੜ ਰਹੇ ਲੋਕਾਂ ਦੇ ਖਿਲਾਫ ਕਾਰਵਾਈਆਂ ਦੇ ਬਰਾਬਰ ਨਹੀਂ ਸਮਝਿਆ ਜਾ ਸਕਦਾ। ਸਾਡੇ ਕੰਮ ਇੱਕ ਸਹੀ ਕੌਮਾਂਤਰੀਵਾਦੀ ਸਹਿਯੋਗ ਹਨ, ਜਦਕਿ ਉਨ੍ਹਾਂ ਦੇ ਕੰਮ ਬੁੱਚੜ, ਧਾੜਵੀ ਅਤੇ ਬਸਤੀਵਾਦੀ ਹਮਲੇ ਹਨ।

ਪਾਰਟੀ ਆਫ ਲੇਬਰ ਆਫ ਅਲਬਾਨੀਆਂ ਮਾਰਕਸਵਾਦੀ-ਲੈਨਿਨਵਾਦੀ ਪਾਰ-ਟੀਆਂ ਦੇ ਇਨਕਲਾਬੀ ਘੋਲ ਦੀ ਪੁਰਜ਼ੋਰ ਹਮਾਇਤ ਕਰਦੀ ਹੈ। ਸਾਡੀ ਰਾਇ ਵਿਚ, ਹਰ ਮਾਰਕਸਵਾਦੀ-ਲੈਨਿਨਵਾਦੀ ਪਾਰਟੀ, ਸਭ ਤੋਂ ਪਹਿਲਾਂ ਆਪਣੇ

ਦੇਸ਼ ਦੀ ਪ੍ਰੋਲਤਾਰੀ ਅਤੇ ਮੇਹਨਤਕਸ਼ ਲੋਕਾਂ ਉਤੇ ਟੇਕ ਰੱਖਦੀ ਹੈ, ਪਰ ਇਸ ਨੂੰ ਸਮੁੱਚੀ ਦੁਨੀਆਂ ਦੀ ਪ੍ਰੋਲਤਾਰੀ ਦੀ ਹਮਾਇਤ, ਵੱਖ ਵੱਖ ਦੇਸ਼ਾਂ ਦੀਆਂ ਅਸਲੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਅਤੇ, ਸਭ ਤੋਂ ਵੱਧ, ਸਭ ਅਸਲੀ ਸਮਾਜਵਾਦੀ ਦੇਸ਼ਾਂ ਦੀ ਹਮਾਇਤ ਵੀ ਮਿਲਣੀ ਚਾਹੀਦੀ ਹੈ। ਪਰ ਇਸ ਹਮਾਇਤ ਨੂੰ ਯਕੀਨੀ ਬਣਾਉਣ ਵਾਸਤੇ ਇਹ ਲਾਜ਼ਮੀ ਹੈ ਕਿ ਹਰ ਪਾਰਟੀ ਮਾਰਕਸਵਾਦ-ਲੈਨਿਨਵਾਦ ਤੋਂ ਰਾਹਨੁਮਾਈ ਲੈਂਦੀ ਹੋਵੇ।

ਅੱਜ, ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਬੜੀ ਦ੍ਰਿੜਤਾ ਨਾਲ ਪੂੰਜੀਵਾਦੀ ਅਤੇ ਸੋਧਵਾਦੀ ਬੁਰਜੂਆਜ਼ੀ ਅਤੇ ਉਨ੍ਹਾਂ ਦੀ ਆਮ ਅਤੇ ਖੁਫੀਆ ਪੁਲੀਸ ਦੇ ਧੋਖੇਬਾਜ਼ ਘੋਲ ਦਾ ਡਟਕੇ ਮੁਕਾਬਲਾ ਕਰ ਰਹੀਆਂ ਹਨ। ਸਾਡੇ ਸਾਥੀਆਂ ਨੇ ਇਸ ਘੋਲ ਵਿਚ ਅਮੀਰ ਤਜਰਬਾ ਹਾਸਲ ਕੀਤਾ ਹੈ, ਜੋ ਉਨ੍ਹਾਂ ਨੂੰ ਵੱਖ ਵੱਖ ਸ਼ਕਲਾਂ ਵਿਚ ਹੋਣ ਵਾਲੇ ਹਮਲਿਆਂ ਨੂੰ ਪਛਾਣਨ ਵਾਸਤੇ ਲੋੜੀਦੇ ਕਦਮ ਚੁੱਕਣ ਵਿੱਚ ਮੱਦਦ ਕਰਦਾ ਹੈ। ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਨੂੰ ਪੂੰਜੀਵਾਦੀ ਦੇਸ਼ਾਂ ਦੀ "ਬੁਰਜੂਆ ਜਮਹੂਰੀਅਤ" ਅਤੇ ਥੋਥੀਆਂ "ਟਰੇਡ ਯੂਨੀਅਨ ਅਜ਼ਾਦੀਆਂ" ਬਾਰੇ ਜ਼ਰਾ ਜਿੰਨਾਂ ਵੀ ਭੁਲੇਖਾ ਨਹੀਂ ਹੈ।

ਇਸ ਦੇ ਨਾਲ ਨਾਲ, ਜਿਵੇਂ ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਨੇ ਸਾਨੂੰ ਸਿਖਾਇਆ ਹੈ, ਮਾਰਕਸਵਾਦੀ-ਲੈਨਿਨਵਾਦੀਏ ਕਾਨੂੰਨੀ ਹਾਲਤਾਂ ਤੋਂ ਵੀ ਫਾਇਦਾ ਉਠਾਂਉਂਦੇ ਹਨ, ਪਰ ਸਦਾ ਦਿਮਾਗ ਵਿਚ ਇਹ ਗੱਲ ਰੱਖਦੇ ਹਨ ਕਿ ਸਾਡੇ ਅਸੂਲ ਇਨਕਲਾਬ ਦੇ ਰਾਹ ਉਤੇ ਬੁਰਜੂਆਜ਼ੀ ਵਲੋਂ ਬੀਜੇ ਗਏ ਕੰਢਿਆਂ ਵਿਚ ਨਾ ਫਸ ਜਾਣ। ਕਮਿਉਨਿਸਟ ਕਦੇ ਇੱਕ ਪਲ ਲਈਵੀ ਇਨ੍ਹਾਂ ਸਬਕਾਂ ਨੂੰ ਨਹੀਂ ਭੁੱਲਦੇ, ਬਲਕਿ ਉਨ੍ਹਾਂ ਨਾਲ ਨਹੁੰ-ਮਾਸ ਦਾ ਰਿਸ਼ਤਾ ਬਣਾਉਂਦੇ ਹਨ ਕਿਉਂਕਿ ਸਿਰਫ ਇਸ ਤਰ੍ਹਾਂ ਹੀ ਨਵੀਆਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਪ੍ਰੋਲਤਾਰੀ ਅਤੇ ਜਮਹੂਰੀ ਅਤੇ ਆਜ਼ਾਦੀ-ਪਸੰਦ ਤਾਕਤਾਂ ਦੇ ਘੋਲ ਦੀ ਸਫਲਤਾ-ਪੂਰਬਕ ਅਗਵਾਈ ਕਰ ਸਕਦੀਆਂ ਹਨ, ਜਿਹੜਾ ਘੋਲ ਨਾ ਸੌਖਾ, ਅਤੇ ਨਾ ਹੀ ਕਸ਼ਟਾਂ ਅਤੇ ਕੁਰਬਾਨੀਆਂ ਤੋਂ ਰਹਿਤ ਹੈ।

ਅਸਲੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਦੇ ਮੈਂਬਰਾਂ ਨੂੰ ਮਹਾਨ ਕੁਰਬਾਨੀਆਂ ਦੇਣੀਆਂ ਪੈ ਰਹੀਆਂ ਹਨ, ਅਤੇ ਪੈਂਦੀਆਂ ਰਹਿਣਗੀਆਂ, ਅਤੇ ਉਹ ਜਾਣਦੇ ਹਨ ਕਿ ਉਹ ਇਹ ਕੁਰਬਾਨੀਆਂ ਇਨਕਲਾਬ ਅਤੇ ਸਮਾਜਵਾਦ ਦੇ ਸ਼ਾਨਦਾਰ ਹਿੱਤਾਂ ਵਾਸਤੇ ਕਰ ਰਹੇ ਹਨ। ਇਨ੍ਹਾਂ ਕੁਰਬਾਨੀਆਂ ਤੋਂ ਬਿਨਾਂ, ਸ਼ਾਨ-

ਦਾਰ ਇਨਕਲਾਬੀ ਭਾਵਨਾਂ ਰਾਹੀਂ ਲੜਨ ਤੋਂ ਬਿਨਾਂ, ਜਿੱਤ ਨਹੀਂ ਜਿੱਤੀ ਜਾ ਸਕਦੀ। ਹਰ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦੀਆਂ ਕੁਰਬਾਨੀਆਂ ਦੀ ਮਿਸਾਲ ਹੇਠ, ਹਰ ਦੇਸ਼ ਦੀ ਪ੍ਰੋਲਤਾਰੀ, ਸਾਰੀ ਦੁਨੀਆਂ ਦੀ ਪ੍ਰੋਲਤਾਰੀ ਦੀ ਤਰ੍ਹਾਂ ਹੀ, ਅੱਗੇ ਵਧਦੀ ਹੈ। ਇਹੀ ਚੀਜ਼ ਮਾਰਕਸਵਾਦ-ਲੈਨਿਨਵਾਦ ਵਿਚ ਅਤੇ ਪ੍ਰੋਲਤਾਰੀ ਦੀ ਆਗੂ ਪਾਰਟੀ, ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਵਿਚ ਪ੍ਰੋਲ-ਤਾਰੀ ਦਾ ਭਰੋਸਾ ਪੱਕਾ ਕਰਦੀ ਹੈ। ਪਾਰਟੀ ਅੰਤਿਮ ਜਿੱਤ ਤਕ ਲਗਾਤਾਰ ਜੰਗਾਂ ਅਤੇ ਘੋਲਾਂ ਵਿਚ ਮਜ਼ਬੂਤ ਬਣਦੀ ਹੈ।

ਪ੍ਰੋਲਤਾਰੀ ਦੀਆਂ ਜਥੇਬੰਦੀਆਂ ਅਤੇ ਇਸ ਦੇ ਮੋਹਰੀ ਦਸਤੇ ਤੋਂ ਬੁਰਜੂਆਜ਼ੀ ਭੈ-ਭੀਤ ਹੈ। ਉਪਰੇ ਤੌਰ ਤੇ, ਪੂਜੀਵਾਦੀਏ ਅਤੇ ਸੋਧਵਾਦੀਏ ਇਸ ਤਰ੍ਹਾਂ ਦਾ ਦਿਖਾਵਾ ਕਰਦੇ ਹਨ ਕਿ ਉਨ੍ਹਾਂ ਨੂੰ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਤੋਂ ਕੋਈ ਖਾਸ ਡਰ ਨਹੀਂ, ਪਰ ਇਹ ਰਵੱਈਆ ਬਨਾਉਟੀ ਹੈ।ਉਹ ਇਨਕਲਾ-ਬੀਆਂ ਤੋਂ ਭੈ-ਭੀਤ ਹਨ, ਏਸੇ ਵਾਸਤੇ ਉਹ ਖੁਲ੍ਹੇ ਤੌਰ ਤੇ ਜਾਂ ਲੁਕਵੇਂ ਤੌਰ ਤੇ ਹਮਲੇ ਦੀਆਂ ਤਿਆਰੀਆਂ ਕਰਦੇ ਹਨ। ਇਨਕਲਾਬ ਦੇ ਮਹਾਨ ਆਗੂਆਂ ਨੇ ਸਾਨੂੰ ਸਿਖਾਇਆ ਹੈ ਕਿ, ਕਾਨੂੰਨੀ ਘੋਲ ਦੇ ਨਾਲ ਨਾਲ, ਸਾਨੂੰ ਗੈਰ-ਕਨੂੰਨੀ ਘੋਲ ਵੀ ਜ਼ਰੂਰ ਜਥੇਬੰਦ ਕਰਨਾ ਚਾਹੀਦਾ ਹੈ। ਸਾਡੀ ਪਾਰਟੀ ਦੀ ਇਹ ਸਦਾ ਇਹ ਰਾਇ ਰਹੀ ਹੈ, ਅਤੇ ਅੱਜ ਵੀ ਹੈ, ਕਿ ਗੈਰ-ਕਨੂੰਨੀ ਘੋਲ ਜਿੱਤ ਦੀ ਯਕੀਨੀ ਗਰੰਟੀ ਹੈ। ਅਗਰ ਇਹ ਘੋਲ ਵਕਤ-ਸਿਰ ਜਥੇਬੰਦ ਨਹੀਂ ਕੀਤਾ ਜਾਂਦਾ ਤਾਂ ਬੁਰਜੂਆ ਡਿਕਟੇਟਰਸ਼ਿਪ ਦੀ ਤਾਕਤ ਤਬਾਹੀ ਮਚਾਉਂਦੀ ਹੈ ਅਤੇ ਪ੍ਰੋਲਤਾਰੀ ਅਤੇ ਇਸਦੇ ਮੋਹਰੀ ਦਸਤੇ ਵਲੋਂ ਕਿਸੇ ਵੀ ਵਿਰੋਧਤਾ ਨੂੰ ਖਤਮ ਕਰ ਦਿੰਦੀ ਹੈ।

ਆਪਣੇ ਆਪਨੂੰ ਇਸ ਜਥੇਬੰਦੀ ਤੋਂ ਬਚਾਉਣ ਵਾਸਤੇ ਬੁਰਜੂਆਜ਼ੀ ਨੇ ਕਈ ਕਾਨੂੰਨ ਬਣਾਏ ਹਨ ਅਤੇ ਬਣਾ ਰਹੀ ਹੈ। ਮਾਰਕਸਵਾਦ-ਲੈਨਿਨਵਾਦ ਅਤੇ ਇਨ-ਕਲਾਬ ਉਤੇ ਲਗਾਤਾਰ ਹਮਲਿਆਂ ਦੇ ਨਾਲ ਨਾਲ ਇਹ ਜੁਰਮਾਂ, ਬਦਨਿਜ਼ਾਮੀ ਅਤੇ ਦਹਿਸ਼ਤਵਾਦੀ ਘੋਲਾਂ ਨੂੰ ਉਤਸ਼ਾਹਿਤ ਕਰਦੀ ਹੈ, ਫਾਸ਼ੀ ਗੈਂਗਾਂ ਨੂੰ ਪਲੋਸਦੀ ਅਤੇ ਵਰਤਦੀ ਹੈ, ਜਿਹੜੀਆਂ ਗੈਂਗਾਂ ਸੜਕਾਂ ਉਤੇ ਲੋਕਾਂ ਉਤੇ ਹਮਲੇ ਕਰਦੀਆਂ ਅਤੇ ਉਨ੍ਹਾਂ ਨੂੰ ਲੁੱਟਦੀਆਂ ਹਨ, ਅਤੇ ਇਹ ਸਾਰਾ ਕੁੱਝ ਬੁਰਜੂਆਜ਼ੀ ਵਲੋਂ ਲੋਕਾਂ ਉਤੇ ਦਹਿਸ਼ਤ ਪਾਉਣ ਅਤੇ ਉਨ੍ਹਾਂ ਨੂੰ ਡਰਾਉਣ ਲਈ ਕੀਤਾ ਜਾਂਦਾ ਹੈ। ਅਤੇ ਇਸਤਰ੍ਹਾਂ ਦੀਆਂ ਕਾਰਵਾਈਆਂ ਉਦੋਂ ਤਕ ਜਾਰੀ ਰਹਿੰਦੀਆਂ ਹਨ ਜਦ ਤਕ ਫਾਸ਼ੀ ਡਿਕਟੇ-ਟਰਸ਼ਿਪ ਕਾਇਮ ਰਹਿੰਦੀ ਹੈ।

ਪਰ ਇਨ੍ਹਾਂ ਜਥੇਬੰਦੀਆਂ ਅਤੇ ਕੰਮਾਂ ਰਾਹੀਂ ਬੁਰਜੂਆਜ਼ੀ, ਇੱਕ ਪਾਸੇ, ਲੋਕਾਂ ਵਿਚ ਭੁਲੇਖੇ ਖੜੇ ਕਰਨ, ਅਤੇ ਦੂਜੇ ਪਾਸੇ, ਇਨ੍ਹਾਂ ਕਰਤੂਤਾਂ ਨੂੰ ਕਮਿਉਨਿਸਟਾਂ ਦੇ ਸਿਰ-ਮੜ੍ਹਨ ਦੀ ਕੋਸ਼ਿਸ਼ ਕਰਦੀ ਹੈ, ਤਾਂ ਕਿ ਉਨ੍ਹਾਂ ਨੂੰ ਬਦਨਾਮ ਕੀਤਾ ਜਾ ਸਕੇ। ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਸਦਾ ਹੀ ਜਮਾਤੀ ਦੁਸ਼ਮਣਾਂ ਦੀਆਂ ਇਨ੍ਹਾਂ ਚਾਲਾਂ ਅਤੇ ਸਾਜ਼ਿਸ਼ਾਂ ਨੂੰ ਦਿਮਾਗ ਵਿਚ ਰੱਖਦੀਆਂ ਹਨ ਅਤੇ ਇਨ੍ਹਾਂ ਨੂੰ ਪਛਾਣਨ ਲਈ ਲੜਦੀਆਂ ਹਨ।

ਹਰ ਰੋਜ਼ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਨੂੰ, ਹਰ ਪੂੰਜੀਵਾਦੀ ਦੇਸ਼ ਵਿਚ ਪਿਛਾਂਹਖਿਚੂ ਬੁਰਜੂਆਜ਼ੀ ਵਲੋਂ ਅਤੇ ਦੁਨੀਆਂ ਦੇ ਸਮਾਜਿਕ ਸਾਮਰਾਜ ਅਤੇ ਸੋਧਵਾਦੀਆਂ ਵਲੋਂ ਕੀਤੇ ਜਾਂਦੇ ਫਰੇਬੀ, ਨਕਲੀ-ਜਮਹੂਰੀ, ਜਾਅਲੀ-ਮਾਰਕਸਵਾਦੀ, ਫਾਸ਼ਿਸਟ-ਪੱਖੀ ਪ੍ਰਚਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਦੁਸ਼ਮਣਾਂ ਦਾ ਮੰਕਸਦ ਹੈ ਨਵੇਂ ਅਤੇ ਨਾ ਹੰਢੇ ਹੋਏ ਇਨਕਲਾਬੀਆਂ ਉਤੇ ਅਸਰ ਪਾਉਣਾ ਅਤੇ ਉਨ੍ਹਾਂ ਵਿਚ ਸ਼ੰਕੇ ਪੈਦਾ ਕਰਨਾ। ਉਹ ਸੋਚਦੇ ਹਨ ਕਿ ਇਸ ਤਰ੍ਹਾਂ ਉਹ ਹੌਲੀ-ਹੌਲੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਦੀਆਂ ਸਫਾਂ ਵਿਚ ਖਤਰਨਾਕ ਭੁਲੇਖੇ ਫੈਲਾ ਕੇ ਉਨ੍ਹਾਂ ਨੂੰ ਕਮਜ਼ੋਰ ਅਤੇ ਖਤਮ ਕਰ ਸਕਣਗੇ।

ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਲਗਾਤਾਰ ਪਾਰਟੀ ਨੂੰ ਮਜਬੂਤ ਬਣਾਕੇ, ਅਤੇ ਆਪਣੀਆਂ ਸਫਾਂ ਵਿਚ ਮਿਕਦਾਰ ਦੀ ਬਜਾਏ ਖੂਬੀਆਂ ਵੱਲ ਧਿਆਨ ਦੇਕੇ, ਦੁਸ਼ਮਣਾਂ ਦੇ ਇਨ੍ਹਾਂ ਸਰਬ-ਪੱਖੀ ਹਮਲਿਆਂ ਅਤੇ ਚਾਲਾਂ ਨੂੰ ਪਛਾੜ ਰਹੀਆਂ ਹਨ। ਇਸ ਦੇ ਨਾਲ ਨਾਲ ਉਹ ਆਪਣੇ ਮੈਂਬਰਾਂ ਨੂੰ ਮਾਰਕਸਵਾਦ-ਲੈਨਿਨਵਾਦ ਦੀ ਸਿਧਾਂਤਕ ਸਿੱਖਿਆ ਦੇਕੇ, ਉਨ੍ਹਾਂ ਨੂੰ ਰੋਜ਼ਾਨਾਂ ਇਨਕਲਾਬੀ ਸਰਗਰਮੀ ਵਿਚ ਚੰਡ ਕੇ ਅਜੇਹੇ ਆਗੂ ਯੋਧੇ ਬਣਾਉਂਦੀਆਂ ਹਨ ਜਿਹੜੇ ਕਿਸੇਵੀ ਤਰ੍ਹਾਂ ਦੀਆਂ ਹਾਲਤਾਂ ਵਿਚ ਨਹੀਂ ਡੋਲਦੇ। ਉਹ ਇਸ ਗੱਲ ਨੂੰ ਦਿਮਾਗ ਵਿਚ ਰੱਖਦੀਆਂ ਹਨ ਕਿ, ਅਗਰ ਉਨ੍ਹਾਂ ਦੀਆਂ ਸਫਾਂ ਖਾਸ ਗੁਣਾਂ ਵਾਲੇ ਮੈਂਬਰਾਂ ਨਾਲ ਮਜਬੂਤ ਨਹੀਂ ਹਨ, ਤਾਂ ਦੁਸ਼ਮਣ, ਪਾਰਟੀ ਨੂੰ ਕਮਜ਼ੋਰ ਅਤੇ ਖਤਮ ਕਰਨ ਲਈ ਏਜੰਟਾਂ ਨੂੰ ਪਾਰਟੀ ਵਿਚ ਭੇਜੇਗਾ, ਭੰਨ-ਤੋੜ ਕਰੇਗਾ ਅਤੇ ਪਾਰਟੀ ਵਿਚ ਧੜੇਬਾਜ਼ੀਆਂ ਪੈਦਾ ਕਰੇਗਾ।

ਲੈਨਿਨ ਅਤੇ ਸਟਾਲਿਨ ਨੇ ਸਾਨੂੰ ਸਿਖਾਇਆ ਹੈ ਕਿ ਪਾਰਟੀ ਵਿਚ ਦਾਖਲ ਕੀਤੇ ਜਾਣ ਵਾਲੇ ਲੋਕਾਂ ਦਾ ਜਾਇਜ਼ਾ ਉਨ੍ਹਾਂ ਦੀਆਂ ਗੱਲਾਂ ਦੇ ਅਧਾਰ ਤੇ ਨਹੀਂ ਬਲਕਿ ਉਨ੍ਹਾਂ ਦੇ ਕੰਮਾਂ ਦੇ ਅਧਾਰ ਤੇ ਲਾਇਆ ਜਾਣਾ ਚਾਹੀਦਾ ਹੈ। ਕਮਿਉਨਿਸਟ

ਇਨਕਲਾਬੀ ਕੰਮਾਂ ਵਿਚ ਪਰਖੇ ਜਾਂਦੇ ਹਨ ਅਤੇ ਚੰਡੇ ਜਾਂਦੇ ਹਨ, ਜਿੱਥੇ ਸਿਆਣਪ, ਹੌਸਲੇ ਅਤੈ ਕੁਰਬਾਨੀ ਅਤੇ ਆਪਾ-ਵਾਰਨ ਦੀ ਸ਼ਾਨਦਾਰ ਭਾਵਨਾ ਦੀ ਲੋੜ ਹੁੰਦੀ ਹੈ। ਅਜਿਹੀਆਂ ਖੂਬੀਆਂ, ਸਭ ਤੋਂ ਵੱਧ, ਮਜ਼ਦੂਰ ਜਮਾਤ, ਗ਼ਰੀਬ, ਅਤੇ ਦੱਬੀ-ਕੁੱਚਲੀ ਕਿਸਾਣੀ ਦੇ ਵਧੀਆ ਅੰਸਰਾਂ ਵਿਚ, ਸਹੀ ਤੌਰ ਤੇ ਇਨਕਲਾਬੀ ਨੌਜਵਾਨਾਂ ਦੀਆਂ ਸਫਾਂ ਵਿਚ ਮਿਲਦੀਆਂ ਹਨ।

ਕਈ ਰੂਪਾਂ ਵਾਲਾ ਵਿਰੋਧੀ ਦੁਸ਼ਮਣ, ਜਿਹੜਾ ਸਾਡੀਆਂ ਸਫਾਂ ਵਿਚ ਘੁਸੇਣ ਦੀ ਹਰ ਕੋਸ਼ਿਸ਼ ਕਰਦਾ ਹੈ, ਉਸਦੇ ਸਾਮ੍ਹਣੇ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਹਰ ਦੇਸ਼ ਦੀ ਮਜ਼ਦੂਰ ਜਮਾਤ ਦੀ ਏਕਤਾ, ਇੱਕ ਸਹੀ ਇਨਕਲਾਬੀ ਲੀਡਰਸ਼ਿਪ, ਇਸਦੀ ਮਾਰਕਸਵਾਦੀ ਲੈਨਿਨਵਾਦੀ ਪਾਰਟੀ, ਲਈ ਜ਼ਰੂਰਤ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੀਆਂ ਹਨ। ਅਤੇ ਹਰ ਦੇਸ਼ ਵਿਚ ਸਿਰਫ ਇੱਕੋ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਹੋ ਸਕਦੀ ਹੈ, ਕਿਉਂਕਿ ਮਾਰਕਸਵਾਦ-ਲੈਨਿਨਵਾਦ ਇੱਕ ਹੈ ਅਤੇ ਪ੍ਰੋਲਤਾਰੀ ਵਿਚਕਾਰ ਹਿੱਤਾਂ ਦੇ ਕੋਈ ਆਪਸੀ ਵਖਰੇਵੇਂ ਜਾਂ ਵਿਰੋਧਤਾ ਨਹੀਂ। ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਨੇ ਮਾਰਕਸਵਾਦੀ-ਲੈਨਿਨਵਾਦੀ ਤਾਕਤਾਂ ਦੀ ਏਕਤਾ ਦੇ ਘੋਲ ਵਿਚ ਬਹੁਮੁੱਲਾ ਤਜਰਬਾ ਹਾਸਲ ਕੀਤਾ ਹੈ। ਉਹ ਸੌੜੇ ਸੰਕੀਰਨਵਾਦੀ (ਸੈਕਟੇਰੀਅਨ) ਅਤੇ ਕਾਲਪਨਿਕ ਰਵੱਈਏ ਅਤੇ ਏਕਤਾ ਦੀ ਉਦਾਰਵਾਦੀ ਧਾਰਨਾ ਦੇ ਖਿਲਾਫ ਘੋਲ ਕਰਦੀਆਂ ਹਨ। ਮਾਰਕਸਵਾਦੀਏ-ਲੈਨਿਨਵਾਦੀਏ ਅਸੂਲਾਂ ਅਤੇ ਇਨਕਲਾਬੀ ਕੰਮਾਂ ਤੋਂ ਰਹਿਤ ਏਕਤਾ, ਜਿਹੜੀ ਪਾਰਟੀ ਵਿਚ ਮੌਕਾਪ੍ਰਸਤੀ, ਉਦਾਰਵਾਦ, ਆਦਿ, ਦੇ ਜਜ਼ਬਾਤ ਲਿਆਉਂਦੀ ਹੋਵੇ, ਨੂੰ ਸਵੀਕਾਰ ਨਹੀਂ ਕਰ ਸਕਦੇ।

ਸਾਡੀਆਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਇਨਕਲਾਬ ਦੀਆਂ ਤਿਆਰੀਆਂ ਕਰ ਰਹੀਆਂ ਹਨ ਅਤੇ ਸਾਮਰਾਜਵਾਦ, ਸਮਾਜਿਕ ਸਾਮਰਾਜ-ਵਾਦ ਅਤੇ ਪਿਛਾਂਹ-ਖਿਚੂ ਬੁਰਜੂਆਜ਼ੀ ਦੇ ਖਿਲਾਫ ਘੋਲ ਕਰ ਰਹੀਆਂ ਹਨ। ਇਸ ਘੋਲ ਵਿਚ ਜਿੱਤ ਪ੍ਰਾਪਤ ਕਰਨ ਵਾਸਤੇ, ਉਹ ਇੱਕ ਸਹੀ ਯੁੱਧਨੀਤੀ ਅਤੇ ਦਾਅ-ਪੇਚ ਅਪਣਾਉਂਦੀਆਂ ਹਨ, ਜੋ ਉਨ੍ਹਾਂ ਨੂੰ ਲੋਕਾਂ ਦੇ ਵੱਖ ਵੱਖ ਵਰਗਾਂ, ਅਤੇ ਸੱਭ ਤੋਂ ਵੱਧ, ਗਰੀਬ ਕਿਸਾਣੀ, ਵਿਚੋਂ ਵਫਾਦਾਰ ਮਿੱਤਰ ਲੱਭਣ ਵਿਚ ਮੱਦਦ ਕਰਦੇ ਹਨ। ਇਸ ਸਵਾਲ ਤੇ ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਨੇ ਸਾਨੂੰ ਬਹੁਤ ਬਹੁੱਮੁੱਲੀਆਂ ਸਿੱਖਿਆਵਾਂ ਦਿੱਤੀਆਂ ਹਨ। ਸਾਨੂੰ ਇਸ ਦੌਰ ਦੀਆਂ ਹਾਲਤਾਂ ਵਿਚ ਇਨ੍ਹਾਂ ਸਿੱਖਿਆਵਾਂ ਨੂੰ ਹੋਰ ਡੂੰਘੀਆਂ ਕਰਨਾ ਚਾਹੀਦਾ ਹੈ ਅਤੇ ਸ਼ਾਂਤੀਵਾਦੀ ਨਾਹਰਿਆਂ

ਜਾਂ ਬੁਰਜ਼ੁਆ ਪਾਰਲੀਮਾਨੀਵਾਦ ਜਾਂ ਚੋਣਵਾਦ ਵਿਚ ਨਹੀਂ ਫਸਣਾ ਚਾਹੀਦਾ।

ਪੂੰਜੀਵਾਦੀ ਦੇਸ਼ਾਂ ਵਿਚ, ਨੌਜਵਾਨ ਇਨਕਲਾਬ ਦਾ ਇੱਕ ਮਹਾਨ ਭੰਡਾਰ ਹਨ। ਬੁਰਜ਼ੁਆਜ਼ੀ ਵਲੋਂ ਸਭ ਉਮੀਦਾਂ ਤੋਂ ਵਾਂਝੇ ਕੀਤੇ ਗਏ, ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਕ੍ਰੋੜਾਂ ਵਿਚ ਹੈ। ਉਨ੍ਹਾਂ ਵਿਚ ਸਮਾਜਿਕ ਅਨਿਆਂ ਦੇ ਖਿਲਾਫ ਮਹਾਨ ਬਗਾਵਤ ਦੀ ਲਹਿਰ ਉਭਰ ਰਹੀ ਹੈ। ਮਹਾਨ ਤਾਕਤਾਂ ਇਨਕਲਾਬੀ ਉਭਾਰਾਂ ਵਾਸਤੇ ਇੱਕਠੀਆਂ ਹੋ ਰਹੀਆਂ ਹਨ ਅਤੇ ਤ੍ਰਿਆਰ ਹੋ ਰਹੀਆਂ ਹਨ। ਇਹ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਦਾ ਫਰਜ਼ ਹੈ ਕਿ ਉਹ ਨੌਜਵਾਨਾਂ ਦੇ ਉਤਸ਼ਾਹ ਅਤੇ ਉਨ੍ਹਾਂ ਦੀਆਂ ਇਨਕਲਾਬੀ ਖਾਹਿਸ਼ਾਂ ਨੂੰ ਮਜ਼ਦੂਰ ਜਮਾਤ ਦੀਆਂ ਖਾਹਿਸ਼ਾਂ ਅਤੇ ਲਹਿਰ ਨਾਲ ਇੱਕਮੁੱਠ ਕਰਨ ਅਤੇ ਸਮੁੱਚੇ ਸਮਾਜ ਨੂੰ ਪੂੰਜੀ ਦੇ ਜੂਲੇ ਤੋਂ ਮੁਕਤ ਕਰਾਉਣ ਲਈ ਇਸ ਨੂੰ ਸਹੀ ਰਾਹ ਤੇ ਅਗਵਾਈ ਦੇਣ।

ਵੱਖ ਵੱਖ ਮੁਹਾਜ਼ਾਂ ਅਤੇ ਜਥੇਬੰਦੀਆਂ, ਜਿਨ੍ਹਾਂ ਵਿਚ ਮਾਰਕਸਵਾਦੀ -ਲੈਨਿਨਵਾਦੀ ਪਾਰਟੀਆਂ ਨੂੰ ਆਪਣੀ ਸ਼ਖਸ਼ੀਅਤ ਕਦੇ ਵੀ ਛੁਪਾਉਣੀ ਨਹੀਂ ਚਾਹੀਦੀ, ਵਿਚ ਏਕਤਾ ਅਤੇ ਗਠਜੋੜਾਂ ਦਾ ਸਵਾਲ ਬਹੁਤ ਹੀ ਨਾਜ਼ੁਕ ਅਤੇ ਅਹਿਮ ਹੈ। ਸੇਧ ਵਿਚ ਇੱਕ ਵੀ ਗਲਤੀ, ਗਲਤ ਜਾਂ ਕੱਟੜ ਰਵੱਈਏ, ਘੋਲ ਵਿਚ ਕਾਇਮ ਕੀਤੀ ਗਈ ਇਸ ਦੋਸਤੀ ਅਤੇ ਏਕਤਾ ਮੁਤੱਲਕ ਅਗਾਂਹਵਧੂ ਸੋਚਣੀ ਦੇ ਤਿਆਗ, ਦੇ ਬਹੁਤ ਖਤਰਨਾਕ ਸਿੱਟੇ ਨਿਕਲਣਗੇ।

ਵੱਖ ਵੱਖ ਦੇਸ਼ਾਂ ਦੀਆਂ ਪਾਰਟੀਆਂ ਦਾ ਸਾਂਝਾ ਦੁਸ਼ਮਣ ਹੈ ਅਤੇ ਉਹ ਸਾਂਝੇ ਬੁਨਿਆਦੀ ਅਸੂਲਾਂ, ਮਾਰਕਸਵਾਦ-ਲੈਨਿਨਵਾਦ ਦੀਆਂ ਸਿੱਖਿਆਵਾਂ ਦੇ ਅਧਾਰ ਤੇ ਇੱਕ ਸਾਂਝਾ ਘੋਲ ਚਲਾਉਂਦੀਆਂ ਹਨ। ਪਰ ਉਨ੍ਹਾਂ ਦਾ ਘੋਲ ਇੱਕੋ ਨਹੀਂ ਹੋ ਸਕਦਾ, ਇਹ ਹਰ ਦੇਸ਼ ਦੀਆਂ ਹਾਲਤਾਂ ਨੂੰ ਨਜ਼ਰ-ਅੰਦਾਜ਼ ਕਰਕੇ ਨਹੀਂ ਚਲਾਇਆ ਜਾ ਸਕਦਾ। ਇਸ ਗੱਲ ਬਾਰੇ ਨੁਸਖੇ ਘੜਨੇ ਅਸੰਭਵ ਹਨ ਕਿ ਵੱਖ ਵੱਖ ਹਾਲਤਾਂ ਵਿਚ ਕੀ ਕਰਨਾ ਚਾਹੀਦਾ ਹੈ, ਅਤੇ ਉਹ ਹਮੇਸ਼ਾ ਹੀ ਲਾਹੇਵੰਦ ਨਹੀਂ ਹੋ ਸਕਦੇ। ਇਸ ਦੇ ਉਲਟ, ਇੱਕ ਅਜੇਹੀ ਕਠੋਰ ਲਾਈਨ, ਜਿਹੜੀ ਨਾ ਮਾਰਕਸਵਾਦ-ਲੈਨਿਨਵਾਦ ਨਾਲ ਅਤੇ ਨਾ ਹੀ ਉਸ ਦੇਸ਼ ਦੀਆਂ ਹਾਲਤਾਂ ਨਾਲ ਮੇਲ ਖਾਂਦੀ ਹੋਵੇ ਜਿਸ ਦੇਸ਼ ਵਿਚ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਸਰਗਰਮ ਹੈ, ਨੂੰ ਲਾਗੂ ਕਰਨ ਦੇ ਯਤਨ ਅਕਸਰ ਨੁਕਸਾਨਦੇਹ ਅਤੇ ਖਤਰਨਾਕ ਹੁੰਦੇ ਹਨ।

ਆਪਣੇ ਵਕਤ ਵਿਚ ਕੋਮਿਨਤਰਨ (ਕਮਿਊਨਿਸਟ ਇੰਟਰਨੈਸ਼ਨਲ) ਨੇ, ਕਮਿਊਨਿਸਟ ਪਾਰਟੀਆਂ ਦੀ ਜਥੇਬੰਦੀ ਅਤੇ ਮਜ਼ਬੂਤੀ ਵਾਸਤੇ ਤਕੜਾ ਅਤੇ ਲਾਭਦਾ ਇਕ ਕੰਮ

ਕੀਤਾ। ਇਹ ਇੱਕ ਅਜੇਹੇ ਸਮੇਂ ਕਾਇਮ ਕੀਤੀ ਗਈ ਸੀ ਜਦ, ਇਨਕਲਾਬੀ ਲੋਕਾਂ ਦੇ ਦਿਮਾਗਾਂ ਵਿਚੋਂ ਦੂਜੀ ਇੰਟਰਨੈਸ਼ਨਲ ਦੀ ਸ਼ੋਸ਼ਲ-ਡੈਮੋਕ੍ਰੈਸੀ ਦੇ ਮੌਕਾ ਪ੍ਰਸਤ ਵਿਚਾਰਾਂ ਨੂੰ ਕੱਢਣ ਲਈ, ਅਤੇ ਉਨ੍ਹਾਂ ਨੂੰ ਆਪਣੇ ਘੋਲ ਵਿਚ ਮਾਰਕਸ ਅਤੇ ਏਂਗਲਜ਼ ਦੇ ਵਿਚਾਰਾਂ ਨੂੰ ਲਗਾਤਾਰ ਲਾਗੂ ਕਰਨ ਦੀ ਜਰੂਰਤ ਬਾਰੇ ਚਤੰਨ ਕਰਨ ਲਈ, ਇੱਕ ਵਿਗਿਆਨਕ ਸਿਧਾਂਤ ਦੇ ਤੌਰ ਤੇ, ਮਾਰਕਸਵਾਦ-ਲੈਨਿਨਵਾਦ ਨੂੰ ਵੱਡੇ ਪੈਮਾਨੇ ਤੇ ਦੁਨੀਆਂ ਦੀ ਪ੍ਰੋਲਤਾਰੀ ਵਿਚ ਪ੍ਰਚਾਰਨ ਦੀ ਲੋੜ ਸੀ।ਦੁਨੀਆਂ ਵਿਚ ਮਾਰਕਸਵਾਦੀ-ਲੈਨਿਨਵਾਦੀ ਅਤੇ ਵਰਕਰਜ਼ ਪਾਰਟੀਆਂ ਕਾਇੰਮ ਕਰਕੇ ਕੋਮਿਨਤਰਨ ਨੇ ਉਨ੍ਹਾਂ ਨੂੰ ਬੁਰਜ਼ੁਆ ਪਾਰਟੀਆਂ ਤੋਂ ਆਜ਼ਾਦ ਹੋਣ ਅਤੇ ਇਨ੍ਹਾਂ ਬੁਰ-ਜ਼ੁਆ ਪਾਰਟੀਆਂ ਦੇ ਖਿਲਾਫ ਘੋਲ ਕਰਨ ਵਿਚ ਮੱਦਦ ਕੀਤੀ। ਇਸਤਰ੍ਹਾਂ, ਲੈਨਿਨ ਅਤੇ ਸਟਾਲਿਨ ਦੇ ਸਮੇਂ ਵਿਚ, ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਬਹਾਲ ਅਤੇ ਮਜਬੂਤ ਹੋਈਆਂ, ਅਤੇ ਉਹ, ਅੰਜਾਣੇਪਣ ਦੇ ਪੜਾਅ ਤੋਂ ਲੰਘ ਕੇ ਇਨਕਲਾਬੀ ਸਿਆਣਪ ਅਤੇ ਜਥੇਬੰਦੀ ਦੇ ਇੱਕ ਉਚੇ ਪੜਾਅ ਵਿਚ ਪਹੁੰਚ ਗਈਆਂ।

ਕੋਮਿਨਤਰਨ ਦੇ ਕੰਮ ਉਤੇ ਸੋਧਵਾਦੀਏ ਵਹਿਸ਼ੀ ਹਮਲੇ ਕਰਦੇ ਹਨ, ਸਿਰਫ ਇਸ ਵਜ੍ਹਾ ਕਰਕੇ ਕਿ ਇਸ ਨੇ ਦੁਨੀਆਂ ਵਿਚ ਕਮਿਉਨਿਸਟ ਪਾਰਟੀਆਂ ਕਾ-ਇਮ ਕੀਤੀਆਂ ਅਤੇ ਵਿਕਸਤ ਕੀਤੀਆਂ ਜਿਹੜੀਆਂ ਪਾਰਟੀਆਂ ਨੇ ਆਪਣੇ ਦੇਸ਼ਾਂ ਦੇ ਕ੍ਰੋੜਾਂ ਪ੍ਰੋਲਤਾਰੀਆਂ ਨੂੰ ਇਹ ਸਿਖਾਇਆ ਕਿ ਆਪਣੇ ਦੇਸ਼ ਦੀ ਬੁਰਜ਼ੁਆਜ਼ੀ ਖਿਲਾਫ ਕਿਵੇਂ ਲੜਨਾ ਹੈ ਤਾਂ ਕਿ ਉਹ (ਬੁਰਜ਼ੁਆਜ਼ੀ) ਆਪਣੀ ਸੱਤਾ ਨੂੰ ਕਾਇਮ ਨਾ ਰੱਖ ਸਕੇ। ਨਵ-ਸੋਧਵਾਦੀਏ ਅਤੇ ਬੁਰਜ਼ੁਆਜ਼ੀ ਕੋਮਿਨਤਰਨ ਖਿਲਾਫ ਲਗਾਤਾਰ ਹਮਲੇ ਕਰਦੇ ਹਨ ਅਤੇ ਇਹ ਭੰਡੀ-ਪ੍ਰਚਾਰ ਫੈਲਾਉਂਦੇ ਹਨ ਕਿ ਕੋਮਿਨਤਰਨ ਕਥਿਤ ਤੌਰ ਤੇ ਸੋਵੀਅਤ ਯੂਨੀਅਨ ਅਤੇ ਸਟਾਲਿਨ ਦਾ ਇੱਕ ਹੱਥਠੋਕਾ ਬਣ ਗਈ ਸੀ। ਪਰ, ਉਸ ਵਕਤ, ਕੋਮਿਨਤਰਨ ਇੱਕ ਲਾਜ਼ਮੀ ਤੌਰ ਤੇ ਲੋੜੀਦੀ ਜਥੇਬੰਦੀ ਸੀ ਜਿਸਨੇ ਸਮਾਜਵਾਦ ਦੀ ਜਿੱਤ ਅਤੇ ਇਨਕਲਾਬ ਨੂੰ ਮਜਬੂਤ ਕਰਨ ਵਿਚ ਤਕੜਾ ਹਿੱਸਾ ਪਾਇਆ। ਇਹ ਦੁਨੀਆਂ ਦੀ ਪ੍ਰੋਲਤਾਰੀ ਦੀ ਇੱਕ ਮਹਾਨ ਖੁਸ਼ਕਿਸਮਤੀ ਸੀ ਕਿ ਲੈਨਿਨ ਅਤੇ ਸਟਾਲਿਨ ਦੇ ਜ਼ਮਾਨੇ ਦਾ ਸੋਵੀਅਤ ਯੂਨੀਅਨ ਸਮੁੱਚੀ ਦੁਨੀਆਂ ਦੇ ਪ੍ਰੋਲਤਾਰੀ ਘੋਲਾਂ ਦੀ ਤਾਕਤਵਰ ਹਮਾਇਤ ਬਣ ਗਿਆ।

ਕੁੱਝ ਅਜੇਹੇ ਲੋਕ ਵੀ ਹਨ ਜਿਹੜੇ ਕਹਿੰਦੇ ਹਨ ਕਿ ਕੋਮਿਨਤਰਨ ਨੇ ਕਥਿਤ ਤੌਰ ਤੇ ਗਲਤੀਆਂ ਕੀਤੀਆਂ। ਇਹ ਨਹੀਂ ਕਿਹਾ ਜਾ ਸਕਦਾ ਕਿ ਗਲਤੀਆਂ ਬਿਲ-

ਭੁੱਲ ਨਾ ਹੋਈਆਂ ਹੋਣ, ਪਰ ਅਸੂਲਾਂ ਦੀ ਉਲੰਘਣਾਂ ਵਾਲੀਆਂ ਕੋਈ ਗਲਤੀਆਂ ਨਹੀਂ ਹੋਈਆਂ। ਦੂਜੇ ਪਾਸੇ, ਇਹ ਗੱਲ ਸਮਝਣੀ ਚਾਹੀਦੀ ਹੈ ਕਿ ਜਿਹੜੀਆਂ ਗਲਤੀਆਂ ਹੋਈਆਂ ਵੀ ਸਨ, ਉਹ ਜਾਂ ਤਾਂ ਉਨ੍ਹਾਂ ਗੁਮਰਾਹਕੁਨ ਅੰਸਰਾਂ ਨੇ ਜਾਣ-ਬੁੱਝ ਕੇ ਕਰਾਈਆਂ ਸਨ, ਜਿਹੜੇ ਕਮਿਊਨਿਸਟ ਲਹਿਰ ਵਿਚ ਘੁਸ ਆਏ ਸਨ ਜਾਂ ਇਹ ਅਣਜਾਣ ਇਨਕਲਾਬੀਆਂ ਤੋਂ ਹੋਈਆਂ ਸਨ। ਇਸ ਲਈ, ਕਈ ਵਾਰੀ, ਝੂਠੀ ਜਾਂ ਬਿਲਕੁੱਲ ਗਲਤ ਜਾਣਕਾਰੀ ਕੋਮਿਨਤਰਨ ਨੂੰ ਭੇਜੀ ਗਈ, ਜਿਸ ਦੇ ਸਿੱਟੇ ਵਜੋਂ, ਜਾਣੇ-ਅਣਜਾਣੇ, ਕੋਮਿਨਤਰਨ ਨੇ ਕੁੱਝ ਗਲਤ ਫੈਸਲੇ ਲਏ। ਫੇਰ ਵੀ, ਬੁਰਜੂਆ-ਫਾਸ਼ੀ ਡਿਕਟੇਟਰਸ਼ਿਪ ਦੀਆਂ ਜਿਨ੍ਹਾਂ ਹਾਲਤਾਂ ਵਿਚ ਕਮਿਊਨਿਸਟ ਤੇ ਵਰਕਰਜ਼ ਪਾਰਟੀਆਂ ਅਤੇ ਕੋਮਿਨਤਰਨ ਵਿਚ ਉਨ੍ਹਾਂ ਦੇ ਪ੍ਰਤੀਨਿੱਧਾਂ ਨੂੰ ਕੰਮ ਕਰਨਾ ਪੈ ਰਿਹਾ ਸੀ, ਉਨ੍ਹਾਂ ਹਾਲਤਾਂ ਨੂੰ ਨਹੀਂ ਭੁੱਲਣਾ ਚਾਹੀਦਾ।ਕੋਮਿਨਤਰਨ ਦੇ ਵਰਤਮਾਨ ਟਿੱਪਣੀਕਾਰ ਇਹ ਗੱਲ ਭੁੱਲ ਜਾਂਦੇ ਹਨ ਕਿ ਉਸ ਵਕਤ ਕਮਿਊ-ਨਿਸਟ ਅਤੇ ਵਰਕਰਜ਼ ਪਾਰਟੀਆਂ ਨੂੰ ਕੁੱਝ ਅਗਾਂਹਵਧੂ ਅੰਸਰਾਂ ਅਤੇ ਗਰੁੱਪਾਂ ਨਾਲ ਗਠਜੋੜ ਬਣਾਉਣੇ ਪੈਂਦੇ ਸਨ, ਜਿਹੜੇ (ਅੰਸਰ) ਕਈ ਵਾਰੀ ਬਾਅਦ ਵਿਚ ਆਪਣੇ ਵਿਚਾਰ ਬਦਲ ਲੈਂਦੇ ਸਨ। ਇਸ ਲਈ, ਇੱਕ ਦਿੱਤੇ ਵਕਤ ਤੇ ਸਰਗਰਮੀ ਵਾਸਤੇ ਕੋਮਿਨਤਰਨ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਲਾਹੇਵੰਦ ਸਨ, ਜਦ ਕਿ ਬਾਅਦ ਵਿਚ, ਜਦੋਂ ਨਵੇਂ ਹਾਲਤ ਪੈਦਾ ਹੋਏ, ਉਨ੍ਹਾਂ ਦੀ ਅਹਿਮੀਅਤ ਖਤਮ ਹੋ ਗਈ

ਏਥੇ ਸਾਡਾ ਮਕਸਦ ਕੋਮਿਨਤਰਨ ਦੀ ਸਰਗਰਮੀ ਦਾ ਵਿਸ਼ਲੇਸ਼ਣ ਕਰਨ ਦਾ ਜਾਂ ਦੁਬਾਰਾ ਕੋਈ ਅਜੇਹੀ ਕੌਮਾਂਤਰੀ ਜਥੇਬੰਦੀ ਕਾਇਮ ਕਰਨ ਦਾ ਨਹੀਂ। ਵਕਤੀ ਤੌਰ ਤੇ, ਅਜੇਹਾ ਕਦਮ ਚੁੱਕਣਾ ਗਲਤ ਹੋਵੇਗਾ ਅਤੇ ਸਮੁੱਚੀ ਦੁਨੀਆਂ ਦੀਆਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਵਲੋਂ ਚਲਾਏ ਜਾਂਦੇ ਇਨਕਲਾਬੀ ਘੋਲਾਂ ਨੂੰ ਇਸਦਾ ਫਾਇਦਾ ਨਹੀਂ ਹੋਵੇਗਾ। ਸਾਡੀ ਪਾਰਟੀ ਦੀ ਇਹ ਰਾਇ ਹੈ ਕਿ ਬੀਤੇ ਵਿਚ ਲੈਨਿਨ ਅਤੇ ਸਟਾਲਿਨ ਦੇ ਜ਼ਮਾਨੇ ਵਿਚ ਕੋਮਿਨਤਰਨ ਵਲੋਂ ਅਦਾ ਕੀਤੇ ਗਏ ਤਕੜੇ ਰੋਲ ਦੇ ਸਹੀ ਜ਼ਾਇਜ਼ੇ ਨੂੰ ਦਿਮਾਗ ਵਿਚ ਰੱਖਦਿਆ, ਸਾਡਾ, ਮਾਰਕਸਵਾਦੀ-ਲੈਨਿਨਵਾਦੀ ਅਤੇ ਵਰਕਰਜ਼ ਪਾਰਟੀਆਂ ਦਾ ਫਰਜ਼ ਹੈ ਕਿ ਅਸੀ ਆਪਣੀਆਂ ਪਾਰਟੀਆਂ ਵਿਚਕਾਰ ਗੂੜ੍ਹੇ ਸਹਿਯੋਗ ਨੂੰ ਮਜਬੂਤ ਕਰੀਏ, ਇਹ ਠੀਕ ਹੈ ਕਿ ਕੋਈ ਵੀ ਪਾਰਟੀ ਕਿਸੇ ਦੂਜੀ ਪਾਰਟੀ ਉਤੇ ਨਿਰਭਰ ਨਹੀਂ ਹੋਣੀ ਚਾਹੀਦੀ। ਕੌਮਾਂਤਰੀਵਾਦੀ ਕਮਿਊਨਿਸਟਾਂ ਦੇ ਤੌਰ ਤੇ, ਸਾਨੂੰ ਆਪਣੇ ਤਜਰਬੇ ਸਾਂਝੇ ਕਰਨ ਦੀ ਲੋੜ ਹੈ, ਅਤੇ ਸਾਨੂੰ ਸਾਰਿਆਂ ਨੂੰ ਆਪੋ-ਆਪਣੇ ਦੇਸ਼ ਦੀਆਂ

ਹਾਲਤਾਂ ਵਿਚ, ਮਾਰਕਸਵਾਦ-ਲੈਨਿਨਵਾਦ ਦੇ ਅਧਾਰ ਤੇ ਕੰਮ ਕਰਨਾ ਚਾਹੀਦਾ ਹੈ। ਇਹ ਨਿਹਾਇਤ ਜ਼ਰੂਰੀ ਹੈ ਕਿ ਅਜੇਹਾ ਕੀਤਾ ਜਾਏ, ਕਿਉਂਕਿ ਬੁਰਜ਼ੁਆਜ਼ੀ ਅਤੇ ਸੋਧਵਾਦੀਏ ਆਪਸ ਵਿਚ ਸਹਿਯੋਗ ਕਰ ਰਹੇ ਹਨ, ਅਤੇ ਉਹ ਅਜੇਹਾ ਕਈ ਢੰਗਾਂ ਨਾਲ ਕਰਦੇ ਹਨ, ਜਿਵੇਂ ਕਿ ਉਹ ਅਖ਼ਤੀ ਨਿਯਮਬੱਧ "ਅੰਤਰਰਾਸ਼ਟਰੀ" ਮੀਟਿੰਗਾਂ ਕਰਦੇ ਹਨ। ਅਸੀਂ ਉਨ੍ਹਾਂ ਦੇ ਮੰਤਵਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ। ਸਭ ਤੋਂ ਪਹਿਲੀ ਗੱਲ, ਉਹ ਆਪਣੀ ਲੋਟੂ ਰਾਜਸੱਤਾ ਨੂੰ ਬਰਕਰਾਰ ਰੱਖਣ ਲਈ, ਅਤੇ ਬਹੁਤ ਸਾਰੀਆਂ ਸਾਜ਼ਿਸ਼ਾਂ ਅਤੇ ਚਾਲਾਂ ਰਾਹੀਂ ਪ੍ਰੋਲਤਾਰੀ ਨੂੰ ਮਾਰਕਸਵਾਦ-ਲੈਨਿਨਵਾਦ ਦੀਆਂ ਸਿੱਖਿਆਵਾਂ ਦੇ ਅਧਾਰ ਤੇ ਜਥੇਬੰਦ ਹੋਕੇ ਇਨਕਲਾਬ ਰਾਹੀਂ ਸਮਾਜਵਾਦ ਅਤੇ ਕਮਿਊਨਿਜ਼ਮ ਲਿਆਉਣ ਤੋਂ ਰੋਕਣ ਲਈ ਘੋਲ ਕਰ ਰਹੇ ਹਨ।

ਸਾਡਾ ਵਿਚਾਰ ਹੈ ਕਿ ਸਾਡੀਆਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਵਿਚਕਾਰ ਅਸਲੀ ਇਨਕਲਾਬੀ ਢੰਗ ਦਾ ਸਹਿਯੋਗ, ਬਹੁ-ਪੱਖੀ ਹੋਣਾ ਚਾਹੀਦਾ ਹੈ। ਦੋ-ਧਿਰੀ ਅਤੇ ਬਹੁ-ਧਿਰੀ ਅਧਾਰ ਤੇ ਤਜ਼ਰਬੇ ਸਾਂਝੇ ਕੀਤੇ ਜਾ ਸਕਦੇ ਹਨ। ਅਜੇਹੇ ਹਾਲਤ ਵੀ ਤਿਆਰ ਹੋ ਸਕਦੇ ਹਨ ਕਿ ਸਭ ਮਾਰਕਸਵਾਦੀ-ਲੈਨਿਨਵਾਦੀ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਦੀ ਇੱਕ ਵੱਡੀ ਮੀਟਿੰਗ ਸੱਦੀ ਜਾ ਸਕਦੀ ਹੋਵੇ। ਬਹੁਤ ਦੇਰ ਪਹਿਲਾਂ, ਆਪਣੀ ਪੰਜਵੀਂ ਕਾਂਗਰਸ ਦੇ ਵਕਤ, ਸਾਡੀ ਪਾਰਟੀ ਨੇ ਇਹ ਮਸਲਾ ਉਠਾਇਆ ਸੀ। ਸਾਡੀ ਪਾਰਟੀ ਮਾਰਕਸਵਾਦ-ਲੈਨਿਨਵਾਦੀ ਪਾਰਟੀਆਂ ਵਿਚਕਾਰ ਇਨਕਲਾਬੀ ਸਹਿਯੋਗ ਦੇ ਮਹਾਨ ਅਸੂਲ ਦੀ ਰਾਖੀ ਕਰਨ ਅਤੇ ਇਸ ਨੂੰ ਲਾਗੂ ਕਰਨ ਲਈ ਦ੍ਰਿੜ ਹੈ।

ਅਸੀਂ ਅਲਬਾਨੀਅਨ ਕਮਿਊਨਿਸਟ, ਸਾਂਝੇ ਆਦਰਸ਼ਾਂ ਵਾਲੇ ਸਭ ਭਰਾਵਾਂ ਅਤੇ ਸਾਥੀਆਂ ਨੂੰ ਵਚਨ ਦਿੰਦੇ ਹਾਂ ਕਿ ਅਸੀਂ ਇਨਕਲਾਬ ਅਤੇ ਮਾਰਕਸਵਾਦ-ਲੈਨਿਨਵਾਦ ਦੀ ਜਿੱਤ ਵਾਸਤੇ ਸਾਂਝੇ ਦੁਸ਼ਮਣਾਂ ਦੇ ਖਿਲਾਫ ਦ੍ਰਿੜਤਾ ਨਾਲ ਲੜਦੇ ਰਹਾਂਗੇ, ਜਿਸ ਤਰ੍ਹਾਂ ਅਸੀਂ ਹੁਣ ਤਕ ਲੜਦੇ ਰਹੇ ਹਾਂ। ਅੰਤਰਰਾਸ਼ਟਰੀ ਮਜ਼ਦੂਰ ਜਮਾਤ ਅਤੇ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ, ਦੋ ਮਹਾਂ-ਸ਼ਕਤੀਆਂ ਦੇ ਖਿਲਾਫ ਬੁਰਜ਼ੁਆਜ਼ੀ ਅਤੇ .ਪਿਛਾਖੜ ਦੇ ਖਿਲਾਫ ਲੜ ਰਹੇ ਸਭ ਲੋਕਾਂ ਲਈ ਪਾਰਟੀ ਆਫ ਲੇਬਰ ਆਫ ਅਲਬਾਨੀਆਂ, ਅਲਬਾਨੀਅਨ ਮਜ਼ਦੂਰ ਜਮਾਤ ਅਤੇ ਲੋਕ, ਇੱਕ ਵਫਾਦਾਰ ਦੋਸਤ, ਭਰੋਸੇਯੋਗ ਹਮਾਇਤੀ ਅਤੇ ਮੱਦਦਗਾਰ ਰਹੇ ਹਨ ਅਤੇ ਰਹਿਣਗੇ। ਅਸੀਂ ਇਸ ਨੂੰ ਆਪਣਾ ਬੁਨਿਆਦੀ ਕੌਮਾਂਤਰੀਵਾਦੀ ਫਰਜ਼ ਸਮਝਦੇ ਹਾਂ, ਜਿਸ ਨੂੰ ਅਸੀਂ ਦ੍ਰਿੜਤਾ ਨਾਲ ਅਤੇ ਲਗਾਤਾਰ ਨਿਭਾਉਂਦੇ ਰਹਾਂਗੇ।

ਡੈਲੀਗੇਟ ਸਾਥੀਓ,

ਇਸ ਰਿਪੋਰਟ ਦੇ ਅੰਤ ਵਿਚ, ਕੇਂਦਰੀ ਕਮੇਟੀ ਆਪਣਾ ਇਹ ਦ੍ਰਿੜ ਵਿਸ਼ਵਾਸ ਜ਼ਾਹਿਰ ਕਰਦੀ ਹੈ ਕਿ ਕਮਿਊਨਿਸਟ, ਮਜ਼ਦੂਰ ਜਮਾਤ ਅਤੇ ਸਾਡੇ ਸਭ ਮੇਹਨਤਕਸ਼ ਲੋਕ, ਸੱਤਵੀਂ ਕਾਂਗਰਸ ਵਲੋਂ ਸਾਡੇ ਸਾਹਮਣੇ ਰੱਖੇ ਗਏ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਨਵੇਂ ਇਨਕਲਾਬੀ ਜੋਸ਼ ਨਾਲ ਕੰਮ ਵਿਚ ਜੁੱਟ ਜਾਣਗੇ।

ਸਾਥੀਓ, ਆਓ ਆਪਣੀ ਪਾਰਟੀ ਦੀਆਂ ਸਫਾਂ ਦੀ ਮਾਰਕਸਵਾਦੀ-ਲੈਨਿਨ-ਵਾਦੀ ਏਕਤਾ ਨੂੰ ਅਤੇ ਪਾਰਟੀ ਦੇ ਗਿਰਦ ਲੋਕਾਂ ਦੀ ਫੌਲਾਦੀ ਏਕਤਾ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਲਈ, ਪਾਰਟੀ ਦੇ ਅਗਵਾਈ ਵਾਲੇ ਰੋਲ ਨੂੰ ਹੋਰ ਉਚੀ ਪੱਧਰ ਤਕ ਲਿਜਾਣ ਵਾਸਤੇ, ਇਸਨੂੰ ਦੇਸ਼ ਦੇ ਸਮੁੱਚੇ ਜੀਵਨ ਵਿਚ, ਸਭ ਖੇਤਰਾਂ ਵਿਚ ਹੋਰ ਅਸਰਦਾਇਕ ਬਣਾਉਣ ਵਾਸਤੇ, ਅਣਥੱਕ ਕੰਮ ਕਰੀਏ।

ਆਓ, ਪਾਰਟੀ ਦੀ ਸਹੀ ਮਾਰਕਸਵਾਦੀ-ਲੈਨਿਨਵਾਦੀ ਲਾਈਨ ਨੂੰ ਲਗਾ-ਤਾਰ ਲਾਗੂ ਕਰਨ ਲਈ ਕੰਮ ਕਰੀਏ, ਜੋ ਲਾਈਨ ਸਾਡੀ ਸਮਾਜਵਾਦੀ ਮਾਤ-ਭੂਮੀ ਅਤੇ ਸਾਡੇ ਲੋਕਾਂ ਦੇ ਵਰਤਮਾਨ ਅਤੇ ਭਵਿੱਖ ਦੀ ਗਰੰਟੀ ਹੈ। ਆਓ, ਪਾਰਟੀ ਦੀਆਂ ਸਿੱਖਿਆਵਾਂ ਨੂੰ ਗ੍ਰਹਿਣ ਕਰੀਏ ਅਤੇ ਦ੍ਰਿੜਤਾ ਨਾਲ ਲਾਗੂ ਕਰੀਏ, ਅਤੇ ਅਲਬਾਨੀਆਂ ਵਿਚ ਸਮਾਜਵਾਦ ਦੀ ਉਸਾਰੀ ਨੂੰ ਲਗਾਤਾਰ ਅੱਗੇ ਵਧਾਈਏ

ਆਓ, ਨਵੀਂ ਪੰਜ-ਸਾਲਾ ਯੋਜਨਾਂ ਨੂੰ ਨੇਪਰੇ ਚਾੜ੍ਹਨ ਲਈ ਆਪਣੇ ਆਪ ਨੂੰ ਮੁਕੰਮਲ ਤੌਰ ਤੇ ਮਹਾਨ ਉਤਸ਼ਾਹ ਨਾਲ ਲਾਮਬੰਦ ਕਰੀਏ। ਆਓ, ਮਾਰਕਸਵਾਦੀ-ਲੈਨਿਨਵਾਦੀ ਵਿਗਿਆਨ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰੀਏ, ਆਓ ਵੱਧ ਤੋਂ ਵੱਧ ਸੂਝ ਹਾਸਲ ਕਰੀਏ, ਅਤੇ ਆਪਣੇ ਆਪ ਨੂੰ ਆਪਣੀ ਸਮਾਜਵਾਦੀ ਮਾਤਭੂਮੀ ਦੀ ਉਨੱਤੀ ਅਤੇ ਮਜ਼ਬੂਤੀ ਵਾਸਤੇ ਨਿਪੁੰਨ ਮਜ਼ਦੂਰ ਅਤੇ ਦ੍ਰਿੜ ਯੋਧੇ ਬਣਾਈਏ। ਸਾਨੂੰ ਸਭਨਾਂ ਨੂੰ, ਸਮੁੱਚੇ ਲੋਕਾਂ ਨੂੰ ਕਮਿਊਨਿਸਟਾਂ ਦੀ ਅਗਵਾਈ ਹੇਠ ਸਾਡੀ ਫੌਜੀ ਕਲਾ ਵਿਚ ਮਾਹਰੀਨਤਾ ਹਾਸਲ ਕਰਨੀ ਚਾਹੀਦੀ ਹੈ, ਅਤੇ ਆਪਣੀ ਮਾਤਭੂਮੀ ਨੂੰ ਕਿਸੇ ਵੀ ਖਤਰੇ ਤੋਂ ਬਚਾਉਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ।

ਪਾਰਟੀ ਦੀ ਅਗਵਾਈ ਵਿਚ ਅਤੇ ਮਾਰਕਸਵਾਦ-ਲੈਨਿਨਵਾਦ ਦੇ ਝੰਡੇ ਨੂੰ ਉਚਾ

ਲਹਿਰਾਉਂਦੇ, ਸਾਥੀਓ, ਮਾਤਭੂਮੀ ਦੀ ਖੁਸ਼ਹਾਲੀ ਅਤੇ ਰਾਖੀ ਵਾਸਤੇ, ਮਾਰਕਸ-ਵਾਦ-ਲੈਨਿਨਵਾਦ ਦੀ ਸ਼ੁੱਧਤਾ ਦੀ ਰਾਖੀ ਅਤੇ ਇਨਕਲਾਬ ਦੀ ਰਾਖੀ ਵਾਸਤੇ, ਨਵੀਆਂ ਜਿੱਤਾਂ ਵੱਲ ਅੱਗੇ ਵਧਦੇ ਚਲੋ!

ਸਾਡੇ ਬਹਾਦਰ ਅਤੇ ਮੇਹਨਤੀ ਲੋਕ ਜ਼ਿੰਦਾਬਾਦ!

ਸਾਡੇ ਲੋਕਾਂ ਦੀ ਵਫ਼ਾਦਾਰ, ਸੂਝਵਾਨ ਅਤੇ ਭਰੋਸੇਯੋਗ ਆਗੂ; ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਜ਼ਿੰਦਾਬਾਦ!

ਮਾਰਕਸਵਾਦ-ਲੈਨਿਨਵਾਦ ਦੀ ਸ਼ਾਨ ਉੱਚੀ ਰਹੇ!

THE PUNJABI EDITION OF THE
REPORT SUBMITTED TO THE 7th CONGRESS OF THE
PARTY OF LABOUR OF ALBANIA

Translated and Published by:
NORMAN BETHUNE INSTITUTE
Printed by:
PEOPLE'S CANADA PUBLISHING HOUSE
Distributed by:
NATIONAL PUBLICATIONS CENTRE
*Distributors of Progressive Books & Periodicals*
Box 727, Adelaide Stn., Toronto, Ontario, Canada
ISBN 0 88803 047 9